# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ

(ਭਾਗ ਚੌਥਾ)

## ਰਾਮ ਸਰੂਪ ਅਣਖੀ ਦੀਆਂ ਹੋਰ ਰਚਨਾਵਾਂ

- ਕੋਠੇ ਖੜਕ ਸਿੰਘ
- ਕੱਖਾਂ ਕਾਨਿਆਂ ਦੇ ਪੁਲ
- ਜਮੀਨਾਂ ਵਾਲੇ
- ਬਸ ਹੋਰ ਨਹੀਂ
- ਦੁੱਲੇ ਦੀ ਢਾਬ
- ਆਪਣੀ ਮਿੱਟੀ ਦੇ ਰੁੱਖ
- ਸੁਗੰਧਾਂ ਜਿਹੇ ਲੋਕ
- ਤੂੰ ਵੀ ਮੁੜ ਆ ਸਦੀਕ
- ਪਰਤਾਪੀ
- ਕੈਦਣ
- ਕਿੱਲੇ ਨਾਲ ਬੰਨ੍ਹਿਆ ਆਦਮੀ
- ਗੇਲੋ
- ਭੀਮਾ
- ਮਲ੍ਹੇ ਝਾੜੀਆਂ
- ਜ਼ਖ਼ਮੀ ਅਤੀਤ
- ਸੁਲਗਦੀ ਰਾਤ
- ਜਿਨ ਸਿਰ ਸੋਹਣਿ ਪੱਟੀਆਂ
- ਕਣਕਾਂ ਦਾ ਕਤਲੇਆਮ
- ਪਿੰਡ ਦੀ ਮਿੱਟੀ
- ਮੋਏ ਮਿੱਤਰਾਂ ਦੀ ਸ਼ਨਾਖਤ

# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
(ਭਾਗ ਚੌਥਾ)

ਸੰਗ੍ਰਹਿ ਕਰਤਾ : ਕਰਾਂਤੀ ਪਾਲ

# Ram Sarup Anakhi Dian Sarian Kahanian (Part-4)

## Editing by : Krantipal

•

**ਸਮਰਪਣ**

ਛੋਟੇ ਵੀਰ
ਰਾਜਾ ਦਬੜੀਖਾਨੇ
ਦੇ ਨਾਂ

•



੦ ਅਸਲ ਵਿੱਚ ਲੇਖਕ ਓਸੇ ਮਾਹੌਲ ਨੂੰ ਲੈ ਕੇ ਲਿਖਦਾ ਹੈ, ਜਿਸ ਦਾ ਉਹਨੂੰ ਨਿੱਜੀ ਅਨੁਭਵ ਹੋਵੇ। ਮੈਨੂੰ ਤਾਂ ਪਿੰਡਾਂ ਦੇ ਨੇੜੇ ਦਾ ਅਨੁਭਵ ਹੈ। ਮੇਰਾ ਬਾਪ ਹਲਵਾਹਕ ਸੀ। ਅਸੀਂ ਜ਼ਮੀਨਾਂ ਵਾਲੇ ਹਾਂ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਦੋ-ਤਿੰਨ ਸਾਲ ਮੈਂ ਖ਼ੁਦ ਵੀ ਖੇਤੀ ਦਾ ਕੰਮ ਕੀਤਾ ਸੀ। ਫੇਰ ਜਿਨ੍ਹਾਂ ਕਿਸਾਨ-ਲੋਕਾਂ ਵਿੱਚ ਮੇਰਾ ਬਚਪਨ ਬੀਤਿਆ, ਉਨ੍ਹਾਂ ਵਿੱਚ ਮੈਂ ਖੇਡਿਆ-ਪਲ਼ਿਆ, ਵੱਡਾ ਹੋ ਕੇ ਵੀ ਕੋਈ ਚੁਤਾਲੀ-ਪੰਤਾਲੀ ਸਾਲਾਂ ਦੀ ਉਮਰ ਤੱਕ ਜੱਟ-ਕਿਸਾਨਾਂ ਵਿੱਚ ਹੀ ਵਿਚਰਦਾ ਰਿਹਾ, ਮੈਨੂੰ ਤਾਂ ਉਨ੍ਹਾਂ ਲੋਕਾਂ ਦਾ ਹੀ ਪਤਾ ਹੈ। ਫੇਰ ਸਾਡੇ ਪਿੰਡ ਧੌਲ਼ਾ ਤੋਂ ਮਾਨਸਾ-ਬਠਿੰਡਾ ਵੱਲ ਸਾਡੀਆਂ ਰਿਸ਼ਤੇਦਾਰੀਆਂ ਸਨ, ਆਉਣ-ਜਾਣ ਸੀ, ਇਨ੍ਹਾਂ ਚਾਲ੍ਹੀ-ਪੰਜਾਹ ਪਿੰਡਾਂ ਵਿੱਚ ਮੇਰਾ ਸਾਰੀ ਉਮਰ ਦਾ ਤੋਰਾ-ਫੇਰਾ ਸੀ। ਇਨ੍ਹਾਂ ਚਾਲ੍ਹੀ-ਪੰਜਾਬ ਪਿੰਡਾਂ ਦਾ ਮਿੱਟੀ-ਪਾਣੀ ਮੈਨੂੰ ਜਾਣਦਾ ਹੈ। ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿੱਚ ਇਨ੍ਹਾਂ ਪਿੰਡਾਂ ਦੀ ਆਬੋ-ਹਵਾ ਹੈ, ਮਿੱਟੀ ਦੀ ਸੁਗੰਧ ਹੈ। ਮੇਰੀਆਂ ਰਚਨਾਵਾਂ ਇਨ੍ਹਾਂ ਪਿੰਡਾਂ ਦੇ ਦਾਇਰੇ ਵਿੱਚ ਹੀ ਘੁੰਮਦੀਆਂ ਹਨ। ਰਚਨਾ ਨੂੰ ਕੱਚਾ ਮਸਾਲਾ ਇੱਥੋਂ ਹੀ ਮਿਲਦਾ ਹੈ। ਇਸ ਦਾਇਰੇ ਵਿੱਚੋਂ ਬਾਹਰ ਕਿਧਰੇ ਜਾ ਕੇ ਰਚਨਾ ਦੀ ਭਾਲ ਕਰਾਂਗਾ ਤਾਂ ਮੇਰੀ ਕਲਮ ਭਟਕ ਜਾਵੇਗੀ।

ਇੰਗਲੈਂਡ ਆਪਣੇ ਚਹੇਤੇ ਨਾਵਲਕਾਰ ਥਾਮਸ ਹਾਰਡੀ ਦਾ ਜਨਮ-ਸਥਾਨ ਅਤੇ ਉਹਦੀ ਕਰਮ-ਭੂਮੀ ਦੇਖਣ ਗਿਆ ਤਾਂ ਮੈਨੂੰ ਮੇਰੀ ਸੋਚ ਦੀ ਪ੍ਰੋੜ੍ਹਤਾ ਮਿਲੀ ਕਿ ਹਾਡਰੀ ਵੀ ਮੇਰੇ ਵਾਂਗ ਹੀ ਸੋਚਦਾ-ਕਰਦਾ ਸੀ। ਉਹਦੇ ਸਾਰੇ ਨਾਵਲਾਂ ਦੇ ਘਟਨਾ-ਸਥਲ ਇੱਕ ਖ਼ਾਸ ਖੇਤਰ ਵਿੱਚੋਂ ਹਨ। ਇਸ ਵਿਸ਼ੇਸ਼ ਖੇਤਰ ਦਾ ਨਾਂ ਉਹਨੇ ਵੈਸੈਕਸ ਰੱਖਿਆ ਹੋਇਆ ਸੀ। ਮੇਰਾ ਵੈਸੈਕਸ ਮੇਰੇ ਪਿੰਡ ਧੌਲ਼ਾ ਤੋਂ ਲੈ ਕੇ ਮਾਨਸਾ-ਬਠਿੰਡਾ ਇਲਾਕੇ ਦੇ ਇਹ ਚਾਲ੍ਹੀ-ਪੰਜਾਹ ਪਿੰਡ ਹਨ।

ਇਸ ਤੱਥ ਨਾਲ ਵੀ ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਦੁਨੀਆ ਦਾ ਬਿਹਤਰੀਨ ਸਾਹਿਤ ਖ਼ਾਸ ਕਰਕੇ ਗਲਪ-ਸਾਹਿਤ ਪਿੰਡਾਂ ਬਾਰੇ ਹੀ ਲਿਖਿਆ ਹੋਇਆ ਹੈ।

*ਮਲ੍ਹੇ ਝਾੜੀਆਂ (ਸ੍ਵੈ-ਜੀਵਨੀ) ਵਿੱਚੋਂ*

੦ ਬਾਪੂ ਦੀਆਂ ਰਚੀਆਂ ਸਾਰੀਆਂ ਕਹਾਣੀਆਂ ਨੂੰ ਇੱਕੋ ਜਗ੍ਹਾ ’ਤੇ ਇਕੱਠਾ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਸੰਭਾਲ ਕੇ ਰੱਖਣਾ।

ਇਤਫ਼ਾਕ ਇਹ ਕਹਾਣੀਆਂ ਮੈਂ ਉਦੋਂ ਸਾਰੀਆਂ ਪੜ੍ਹੀਆਂ ਜਦੋਂ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੋਚਦਾ ਹਾਂ ਇਹ ਕਹਾਣੀਆਂ ਜੇ ਮੈਂ ਉਨ੍ਹਾਂ ਦੇ ਜਿਉਂਦੇ ਜੀਅ ਪੜ੍ਹ ਲੈਂਦਾ ਤਾਂ ਕੋਈ ਸੰਵਾਦ ਉਨ੍ਹਾਂ ਨਾਲ ਰਚਾ ਸਕਦਾ ਸੀ ਕਿ ਇਹ ਫਲਾਣੀ ਕਹਾਣੀ ਦੀ ਘਟਨਾ/ਪਾਤਰ ਉਸ ਪਿੰਡ ਦੇ ਨੇ...

ਚਲੋ ਖ਼ੈਰ, ਜੋ ਹੋਣਾ ਸੀ ਹੋ ਗਿਆ। ਬਾਪੂ ਕਥਾਕਾਰ ਵੱਡਾ ਸੀ। ਉਸ ਨੂੰ ਕਹਾਣੀ ਕਹਿਣੀ ਆਉਂਦੀ ਸੀ, ਉਸ ਨੇ ਕਹਾਣੀਆਂ ਲਿਖੀਆਂ/ਨਾਵਲ ਲਿਖੇ, ਪਰ ਕਥਾਰਸ ਉਨ੍ਹਾਂ ਦੇ ਅੰਗ-ਸੰਗ ਰਿਹਾ।

ਕਹਾਣੀ ਦੇ ਖੇਤਰ ’ਚ ਮਕਬੂਲ ਬਾਪੂ, ਨਾਵਲ ਦੇ ਖੇਤਰ ਵਿੱਚ ਵੀ ਮਕਬੂਲ ਹੋਇਆ। ਨਾਵਲਗਿਰੀ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਢਾਹ ਲਾਈ, ਪਰ ਜਦੋਂ ਅਸੀਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤੇ ਫਿਰ ਨਾਵਲ, ਉਦੋਂ ਇਹ ਗੱਲ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਲਿਖਣ ਦਾ ਰਾਹ ਕਿਉਂ ਅਪਣਾਇਆ। ਬਾਪੂ ਦੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਕਹਾਣੀਆਂ ਦੇ ਧੁਰ ਅੰਦਰ ਜਾ ਕੇ ਪਤਾ ਲਗਦਾ ਹੈ ਕਿ ਬਾਪੂ ਕਿੱਡਾ ਵੱਡਾ ਕਥਾਕਾਰ ਸੀ। ਕਈ ਕਹਾਣੀਆਂ ਪੜ੍ਹ ਕੇ ਤਾਂ ਅੰਦਰੋਂ ਆਵਾਜ਼ ਨਿੱਕਲਦੀ ਹੈ, “ਵਾਹ ਬਾਪੂ ਕਮਾਲ ਕਰਤੀ।”

ਇਹ ਕਹਾਣੀਆਂ ਜੀਵਨ ਦੇ ਉਨ੍ਹਾਂ ਰੰਗਾਂ ਨੂੰ ਬਿਖੇਰਦੀਆਂ ਹਨ ਜਿਹੜੇ ਰੰਗ ਸਮੇਂ ਦੀ ਧੂੜ ’ਚ ਫਿੱਕੇ ਪੈ ਗਏ।

ਐਨੀ ਸਾਦਗੀ ਨਾਲ ਸਰਲਤਾ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਸਿਰਜਣ ਦੇ ਸਮਰੱਥ ਬਣੀਆਂ ਹਨ ਜਿਸ ਨੇ ਇਹ ਸਿੱਧ ਕੀਤਾ ਹੈ ਕਿ ਅਣਖੀ ਜਿਉਂਦਾ ਹੈ...

4 ਮਾਰਚ, 2018

***- ਕਰਾਂਤੀ ਪਾਲ***

# ਭਾਗ ਚੌਥਾ

# ਤਤਕਰਾ


| | | |
|---|---|---|
| 1. | ਅੱਧਾ ਆਦਮੀ | 13 |
| 2. | ਔਰਤ ਦੀ ਕੁਠਾਲੀ | 41 |
| 3. | ਔਰਤਾਂ ਦਾ ਵਪਾਰੀ | 44 |
| 4. | ਸਫ਼ੈਦ ਰਾਤ ਦਾ ਜ਼ਖ਼ਮ | 48 |
| 5. | ਉਸ ਦਾ ਬਾਪ | 53 |
| 6. | ਨਣਦ-ਭਰਜਾਈ | 59 |
| 7. | ਚਿੱਟੀ ਕਬੂਤਰੀ | 66 |
| 8. | ਜਮ੍ਹਾਂ ਖਾਤਾ | 73 |
| 9. | ਤੇ ਦੇਵਤਾ ਪ੍ਰਸੰਨ ਸੀ | 82 |
| 10. | ਨਿੰਮੋ | 86 |
| 11. | ਨਾੜੂਆ | 91 |
| 12. | ਉੱਜੜੀ-ਉੱਖੜੀ | 95 |
| 13. | ਇੱਕ ਕੋਸ਼ਿਸ਼ ਹੋਰ | 101 |
| 14. | ਪੈਰ ਦੀ ਜੁੱਤੀ | 105 |
| 15. | ਇੱਕ ਕੁੜੀ ਸੁਸ਼ਮਾ | 109 |
| 16. | ਛਾਤਾਬਾਜ਼ | 114 |
| 17. | ਕਚਹਿਰੀ ਦਾ ਸ਼ਿੰਗਾਰ | 117 |
| 18. | ਦੁਖਦੀਆਂ ਰਗਾਂ | 120 |
| 19. | ਗੱਜਣ ਸਿੰਘ | 123 |
| 20. | ਨਿੱਕਾ ਸੁਨਿਆਰ | 126 |
| 21. | ਧੀ ਦਾ ਵਰਮ | 129 |
| 22. | ਬਾਰੂ ਦੀ ਚਾਹ | 132 |
| 23. | ਦੋ ਕੰਬਲ, ਗਰਮ ਚਾਦਰ ਤੇ ਆਰਾਮ ਕੁਰਸੀ | 136 |
| 24. | ਮਹਾਰਾਣੀ ਦਾ ਆਗਮਨ | 140 |

25. ਜੈਲੇ ਦੀ ਮਾਮੀ 144
26. ਇੱਕ ਕੁੜੀ ਧੋਲ ਮੋਲ 147
27. ਕਾਰਡ 152
28. ਪਿੱਪਲ ਦੀ ਪਰਕਰਮਾ 157
29. ਚਿੱਠੀ ਦਾ ਜਵਾਬ 161
30. ਕੱਚਾ ਧਾਗਾ 165
31. ਜੈਬਾ ਪਾਲੀ 168
32. ਤਾਇਆ ਸੰਤੂ 171
33. ਮਨ ਹੋਰ ਮੁੱਖ ਹੋਰ 174
34. ਇਹ ਲੋਕ 178
35. ਮੇਰੀ ਭਤੀਜੀ ਅਲਕਾ 182
36. ਤੀਜਾ ਪੁੱਤ 186
37. ਇੱਕ ਤਰੀਕ 189
38. ਨਮੋਸ਼ੀ 193
39. ਡਰਿਆ ਹੋਇਆ ਆਦਮੀ 197
40. ਫਰੇਮ 202
41. ਕਮਾਈ 207
42. ਅਜ਼ਾਦ ਹਵਾ 210
43. ਤਿੰਨ ਜਾਨਵਰ 215
44. ਮਿੱਠੀ ਮਿੱਠੀ ਪਹਿਚਾਣ 218
45. ਬੀਤੇ ਸਮੇਂ ਦੇ ਲੋਕ 222

# ਅੱਧਾ ਆਦਮੀ

**ਐਤਵਾਰ ਇੱਕ:**

ਗੁਰਦੁਆਰੇ ਦਾ ਲਾਊਡ ਸਪੀਕਰ ਬੰਦ ਹੋਇਆ ਤਾਂ ਉਹ ਦਾ ਉੱਠਣ ਨੂੰ ਜੀਅ ਕੀਤਾ, ਪਰ ਉਹ ਉੱਠਿਆ ਨਹੀਂ। ਪਿਆ-ਪਿਆ ਹੀ ਅੱਖਾਂ ਝਮਕਣ ਲੱਗਿਆ। ਉਹ ਨੇ ਪਾਸਾ ਪਰਤਿਆ, ਉਹ ਦਾ ਮੁੰਡਾ ਕੁਲਜੀਤ ਅਜੇ ਤੱਕ ਵੀ ਘੂਕ ਸੁੱਤਾ ਪਿਆ ਸੀ। ਉਹ ਮੰਜੇ 'ਤੇ ਬੈਠਾ ਹੋਇਆ ਤੇ ਦੋਵੇਂ ਹੱਥ ਸਿਰ ਤੋਂ ਉਤਾਂਹ ਲਿਜਾ ਕੇ ਅੰਗੜਾਈ ਲਈ। ਉਸ ਨੂੰ ਆਪਣਾ ਸਰੀਰ ਟੁੱਟਿਆ ਜਿਹਾ ਲੱਗਿਆ। ਉਹ ਫਿਰ ਪੈ ਗਿਆ ਤੇ ਮੈਲ ਭਰਿਆ ਖੇਸ ਲੱਕ ਤੱਕ ਖਿੱਚ ਲਿਆ। ਉਹ ਦਾ ਜੀਅ ਕੀਤਾ, ਕੋਈ ਆਵੇ ਤੇ ਚਾਹ ਦੀ ਗੜਵੀ ਮੰਜੇ ਦੇ ਪਾਵੇ ਕੋਲ ਰੱਖ ਕੇ ਉਹ ਨੂੰ ਉੱਠਣ ਲਈ ਕਹੇ। ਦੇਵਾਂ ਹੁੰਦੀ ਸੀ ਤਾਂ....।

ਉਹ ਮੰਜੇ ਉੱਤੋਂ ਉੱਠਿਆ ਤੇ ਹੌਲੀ-ਹੌਲੀ ਚੱਪਲਾਂ ਪਾਉਣ ਲੱਗਿਆ। ਸੱਜੇ ਪੈਰ ਦੀ ਚੱਪਲ ਗਾਇਬ ਸੀ। ਮੰਜੇ ਦੀ ਬਾਹੀ ਹੇਠ ਸਿਰ ਕਰਕੇ ਉਹਨੇ ਦੇਖਿਆ, ਸੱਜੇ ਪੈਰ ਦੀ ਚੱਪਲ ਕੁਲਜੀਤ ਦੇ ਮੰਜੇ ਥੱਲੇ ਪਈ ਹੋਈ ਸੀ। ਇਹ ਔਧਰ ਕਿਵੇਂ ਚਲੀ ਗਈ ਸਾਲੀ? ਉਹ ਨੇ ਮਨ ਵਿੱਚ ਆਖਿਆ ਤੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਉਹ ਖੜ੍ਹਾ ਹੋਇਆ ਤੇ ਕੁਲਜੀਤ ਦੇ ਮੰਜੇ ਥੱਲਿਓਂ ਚੱਪਲ ਪਾ ਕੇ ਸੋਚਿਆ, ਕੁਲਜੀਤ ਨੂੰ ਵੀ ਜਗਾ ਦੇਵੇ, ਪਰ ਨਹੀਂ। ਉਸ ਨੇ ਚਾਹਿਆ, ਚਾਹ ਬਣ ਜਾਣ ਪਿੱਛੋਂ ਹੀ ਉਹ ਕੁਲਜੀਤ ਨੂੰ ਜਗਾਵੇਗਾ। ਉੱਚੇ ਬਨ੍ਹੇਰੇ 'ਤੋਂ ਦੀ ਗੱਲ ਕੱਢ ਕੇ ਵਿਹੜੇ ਵਿੱਚ ਦਾਦੀ ਕੋਲ ਪਏ ਵੱਡੇ ਮੁੰਡੇ ਨੂੰ ਹਾਕ ਮਾਰੀ। ਦੋ ਹਾਕਾਂ ਨਾਲ ਤਾਂ ਉਹ ਬੋਲਿਆ ਹੀ ਨਾ। ਫਿਰ ਉਸ ਨੇ ਇੱਕ ਕੱਚੀ ਡਲੀ ਬਨੇਰੇ ਕੋਲੋਂ ਚੁੱਕੀ ਤੇ ਮਿਹਰ ਵੱਲ ਵਗਾਹ ਮਾਰੀ। ਡਲੀ ਦਾਦੀ ਦੇ ਹੀ ਲੱਗ ਗਈ। ਉਹ ਤ੍ਰਭਕਿਆ ਤੇ ਫਿਰ ਬਹੁਤ ਉੱਚੀ ਮਿਹਰ ਨੂੰ ਬੋਲ ਮਾਰਿਆ। ਮਿਹਰ ਨੇ ਅੱਖਾਂ ਖੋਲ੍ਹੀਆਂ ਤੇ ਮੱਥੇ 'ਤੇ ਹੱਥ ਫੇਰਨ ਲੱਗਿਆ। ਚਾਹ ਧਰ ਓਏ, ਉੱਠ ਕੇ। ਉਹ ਪਹਿਲਾਂ ਜਿੰਨਾ ਹੀ ਉੱਚਾ ਬੋਲ ਗਿਆ। ਦਾਦੀ ਵੀ ਜਾਗ ਪਈ, ਪਰ ਉੱਠ ਨਹੀਂ ਸਕੀ ਹੋਵੇਗੀ। ਉਹ ਦੀ ਉਮਰ ਨੱਬੇ ਸਾਲ ਤੋਂ ਉੱਤੇ ਸੀ। ਚਿਹਰੇ 'ਤੇ ਲਕੀਰਾਂ ਦਾ ਜਾਲ ਬੁਣਿਆ ਹੋਇਆ। ਲੱਤਾਂ ਵਿੱਚ ਪਹੁੰਚ ਨਹੀਂ ਰਹਿ ਗਈ। ਕਮਰ ਦੂਹਰੀ ਹੋ ਚੁੱਕੀ। ਕੋਈ ਵੀ ਕੰਮ ਉਸ ਕੋਲੋਂ ਹੁੰਦਾ ਨਹੀਂ।

ਮਿਹਰ ਨੇ ਚੁੱਲ੍ਹੇ ਵਿੱਚ ਅੱਗ ਬਾਲੀ ਤੇ ਨਲਕੇ ਤੋਂ ਪਤੀਲੇ ਵਿੱਚ ਪਾਣੀ ਪਾਉਣ ਲੱਗਿਆ। ਚੰਦਨ ਵਾਪਸ ਆਪਣੇ ਮੰਜੇ 'ਤੇ ਜਾ ਬੈਠਾ। ਪੂਰਬ ਵੱਲ ਬੱਦਲਾਂ ਦੀ ਇੱਕ ਲੰਬੀ ਪਰਤ ਜਿਹੀ ਖੜ੍ਹੀ ਸੀ। ਜਿਵੇਂ ਕਿਸੇ ਚਿੱਤਰਕਾਰ ਨੇ ਕਾਲਾ-ਸਲੇਟੀ ਰੰਗ ਲੈ ਕੇ

ਬੁਰਸ਼ ਨੂੰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਅੱਖਾਂ ਮੀਚ ਕੇ ਵਾਹ ਦਿੱਤਾ ਹੋਵੇ ਤੇ ਫਿਰ ਉਸ ਅਦਭੁੱਤ ਰਚਨਾ ਨੂੰ ਬਹੁਤ ਐਨਲਾਰਜ ਕਰਕੇ ਅਕਾਸ਼ ਦੇ ਕੈਨਵੱਸ ’ਤੇ ਟੰਗ ਦਿੱਤਾ ਹੋਵੇ। ਅਕਾਸ਼ ਵਿੱਚ ਤਾਰਾ ਕੋਈ ਨਹੀਂ ਰਹਿ ਗਿਆ। ਠੰਡੀ ਸੁਹਾਣੀ ਹਵਾ ਰੁਮਕ ਰਹੀ ਸੀ। ਕੁਦਰਤ ਦਾ ਵੀ ਕਮਾਲ ਸੀ, ਕੱਲ੍ਹ ਤੇ ਪਰਸੋਂ ਬੇਤਹਾਸ਼ਾ ਧੁੱਪ ਪਈ, ਬਹੁਤ ਤੱਤੀ ਲੂਅ ਵਗੀ, ਅੱਗ ਦੀ ਭੱਠੀ ਵਿੱਚੋਂ ਨਿਕਲ ਕੇ ਆਉਣ ਵਰਗੀ ਹਵਾ। ਹੁਣ ਵੀ ਕੁਝ ਦੇਰ ਤੱਕ ਸੂਰਜ ਚੜ੍ਹੇਗਾ, ਚੜ੍ਹਦਾ ਹੀ ਸਾਰੇ ਸੰਸਾਰ ਨੂੰ ਅੱਗ ਲਾ ਦੇਵੇਗਾ। ਧਰਤੀ ’ਤੇ ਬਿਨਾਂ ਅੱਗ ਤੋਂ ਰੋਟ ਪੱਕਣ ਲੱਗਣਗੇ। ਪਰ ਸੂਰਜ ਚੜ੍ਹਨ ਤੋਂ ਪਹਿਲਾਂ ਹਰ ਚੀਜ਼ ਟਿਕੀ-ਟਿਕੀ ਲੱਗਦੀ, ਆਪਣੀ ਹੀ ਸ਼ਾਂਤੀ ਵਿੱਚ। ਚੰਦਨ ਮੰਜੇ ਉੱਤੋਂ ਲੱਤਾਂ ਲਮਕਾ ਕੇ ਬੈਠਾ ਹੋਇਆ ਸੀ। ਉਹ ਅੱਖਾਂ ਮਲਣ ਲੱਗਿਆ। ਦੂਰ ਕੋਠਿਆਂ ’ਤੇ ਪਏ ਲੋਕ ਅਜੇ ਉੱਠਣ ਨਹੀਂ ਲੱਗੇ। ਉਹ ਦੇ ਖੱਬੇ ਹੱਥ ਦਸ ਕੁ ਕੋਠੇ ਛੱਡ ਕੇ ਇੱਕ ਕੋਠੇ ’ਤੇ ਬਾਰਾਂ-ਤੇਰਾਂ ਮੰਜੇ ਸਨ। ਸਭ ਤੋਂ ਪਹਿਲਾਂ ਉਨ੍ਹਾਂ ਦੀ ਨਵੀਂ ਬਹੂ ਉੱਠਿਆ ਕਰਦੀ। ਉੱਠਦੀ ਤਾਂ ਸਾਰੇ ਮੰਜਿਆਂ ਨੂੰ ਛੱਡ ਕੇ ਪਰ੍ਹਾਂ ਪੌੜੀਆਂ ਕੋਲ ਜਾ ਖੜ੍ਹੀ ਹੁੰਦੀ। ਇੱਕ ਟੱਕ ਚੰਦਨ ਵੱਲ ਦੇਖਣ ਲੱਗਦੀ। ਛੋਟਾ ਜਿਹਾ ਘੁੰਡ ਵੀ ਕੱਢ ਲੈਂਦੀ। ਖੜ੍ਹੀ ਰਹਿੰਦੀ ਤੇ ਝਾਕਦੀ ਰਹਿੰਦੀ। ਚੰਦਨ ਉਸ ਦੇ ਮਨ ਦੀ ਗੱਲ ਬੁੱਝਣ ਦੀ ਕੋਸ਼ਿਸ਼ ਕਰਨ ਲੱਗਦਾ। ਕਈ ਵਾਰ ਉਹ ਸੋਚ ਜਾਂਦਾ ਕਿ ਉਹ ਦੇਵਾ ਦੀ ਗੱਲ ਮਨ ਵਿੱਚ ਲਿਆ ਕੇ ਉਸ ਵੱਲ ਤਰਸ ਭਰੀਆਂ ਅੱਖਾਂ ਨਾਲ ਦੇਖ ਰਹੀ ਹੋਵੇਗੀ। ਉਸ ਦਾ ਆਪਣਾ ਗੱਭਰੂ ਕਿੰਨਾ ਸੁਹਣਾ ਹੈ ਤੇ ਤਕੜਾ। ਉਸ ਚਾਲੀਓਂ ਟੱਪੇ ਅੱਧਖੜ ਤੋਂ ਉਸ ਨੇ ਕੀ ਲੈਣਾ ਹੈ। ਦੂਜੇ ਮੰਜਿਆਂ ਵਿੱਚੋਂ ਜਦ ਵੀ ਕੋਈ ਉੱਠਦਾ ਜਾਂ ਖੰਘੂਰ ਹੀ ਮਾਰਦਾ ਤਾਂ ਉਹ ਇੱਕ ਇੱਕ ਕਦਮ ਕਰਕੇ ਪੌੜੀਆਂ ਉਤਰਨ ਲੱਗਦੀ। ਚੰਦਨ ਨੇ ਦੇਖਿਆ ਉਹ ਅੱਜ ਉੱਠੀ ਨਹੀਂ । ਸਾਹਮਣੇ ਚੁਬਾਰੇ ਵਾਲੀ ਛੁੱਟੜ ਕੁੜੀ ਉੱਠੀ ਫਿਰਦੀ ਸੀ। ਉਹ ਦਾ ਬਿਰਧ ਤੇ ਕਮਜ਼ੋਰ ਬਾਪ ਢਿਲਕੀ ਮੰਜੀ ਵਿੱਚ ਪਿਆ ਹੌਲੀ-ਹੌਲੀ ਖੰਘ ਰਿਹਾ ਸੀ। ਛੁੱਟੜ ਕੁੜੀ ਮਿੰਦਰੋ ਸਬ੍ਹਾਤ ਦੀ ਛੱਤ ਤੋਂ ਆਪਣਾ ਦਰੀ-ਖੇਸ ਸਿਰ ’ਤੇ ਰੱਖ ਕੇ ਇੱਕ ਹੱਥ ਵਿੱਚ ਪਾਣੀ ਵਾਲੀ ਖਾਲੀ ਕੋਰੀ ਮੱਘੀ ਤੇ ਦੂਜੇਹੱਥ ਵਿੱਚ ਸਿਲਵਰ ਦਾ ਕੌਲਾ ਫੜੀ, ਪਹਿਲਾਂ ਤਾਂ ਚੁਬਾਰੇ ਵਿੱਚ ਆਈ ਤੇ ਫਿਰ ਉਵੇਂ ਜਿਵੇਂ ਬਾਂਸ ਦੀ ਪੌੜੀ ਰਾਹੀਂ ਵਿਹੜੇ ਵਿੱਚ ਉਤਰੀ । ਹੁਣ ਉਹ ਪਾਣੀ ਦਾ ਡੋਲੂ ਲੈ ਕੇ ਬੱਕਰੀ ਦੀ ਧਾਰ ਕੱਢਣ ਲੱਗੀ। ਚਾਹ ਬਣਾਵੇਗੀ ਤੇ ਫਿਰ ਆਪਣੇ ਬਿਰਧ ਬਾਪ ਨੂੰ ਸਬ੍ਹਾਤ ਦੀ ਛੱਤ ’ਤੇ ਜਾ ਕੇ ਚਾਹ ਪਿਆਵੇਗੀ। ਚਾਹ ਪੀ ਰਿਹਾ ਉਹ ਖੰਘਦਾ ਵੀ ਰਹੇਗਾ ਤੇ ਦੂਰ ਤੱਕ ਥੁੱਕਦਾ ਵੀ। ਤੇ ਫਿਰ ਪੋਚ-ਪੋਚ ਆਪਣੀ ਚਿੱਟੀ ਘਸਮੈਲੀ ਪੱਗ ਸਿਰ ਦੁਆਲੇ ਲਪੇਟੇਗਾ। ਖੰਘਦਾ-ਥੁੱਕਦਾ ਹੱਥ ਵਿੱਚ ਬੇਰੀ ਦੀ ਖੂੰਡੀ ਨਾਲ ਤੁਰਦਾ, ਉਹ ਚੁਬਾਰੇ ਵਿੱਚ ਆਵੇਗਾ ਤੇ ਫਿਰ ਮਿੰਦਰੋ ਨੂੰ ਹਾਕ ਮਾਰੇਗਾ। ਅੱਖਾਂ ਉਤਲੀ ਐਨਕ, ਜਿਸ ਦਾ ਟੁੱਟਿਆ ਫ੍ਰੇਮ ਸੂਤ ਦੇ ਮੋਟੇ ਧਾਗੇ ਨਾਲ ਬੰਨ੍ਹਿਆ-ਸੰਢਿਆ ਹੋਇਆ ਸੀ, ਉਹ ਦੇ ਨੱਕ ’ਤੇ ਢਿਲਕ ਆਵੇਗਾ। ਮਿੰਦਰੋਂ ਬਾਂਸ ਦੀ ਪੌੜੀ ਨੂੰ ਫੜ ਕੇ ਖੜ੍ਹ ਜਾਵੇਗੀ। ਵਿੰਗੀਆਂ ਕਮਜ਼ੋਰ ਲੱਤਾਂ ਨਾਲ ਉਹ ਪੌੜੀ ਉਤਰੇਗਾ।

ਸੱਜੇ ਹੱਥ ਦੂਰ ਕੋਠੇ ’ਤੇ ਦੋ ਮੰਜੇ ਸਨ। ਇੱਕ ਮੰਜੇ ’ਤੋਂ ਇੱਕ ਸੁੰਦਰ, ਪਤਲੀ ਛਮਕ ਜਿਹੀ, ਲੰਬੀ-ਗੋਰੀ ਤੇ ਚੁਸਤ ਅੰਗਾਂ-ਪੈਰਾਂ ਵਾਲੀ ਔਰਤ ਉੱਠੀ। ਨਾਲ ਪਈ ਕੁੜੀ ਨੂੰ

ਹੌਲੀ-ਹੌਲੀ ਥਾਪੜਿਆ ਤੇ ਫਿਰ ਆਪਣੇ ਸਿਰ ਉਤਲੀ ਬੰਬਰ ਦੀ ਚੁੰਨੀ ਕੁੜੀ ’ਤੇ ਦਿੱਤੀ। ਆਪਣੇ ਫ਼ੌਜੀ ਪਤੀ ਦੇ ਸਿਰਹਾਣੇ ਥੱਲਿਓਂ ਤੌਲੀਆ ਕੱਢ ਕੇ ਸਿਰ ’ਤੇ ਲਿਆ। ਸਿਰਹਾਣਾ ਹਿੱਲਣ ਕਰਕੇ ਫ਼ੌਜੀ ਨੇ ਮਾਮੂਲੀ ਜਿਹਾ ਸਿਰ ਉਤਾਂਹ ਚੁੱਕਿਆ ਤੇ ਫਿਰ ਸਹਿਜ ਹੋ ਗਿਆ। ਉਹ ਥੱਲੇ ਉਤਰ ਗਈ।

ਖੱਬੇ ਹੱਥ ਚੰਦਨ ਦੀ ਨਿਗਾਹ ਗਈ। ਬਹੁਤ ਸਾਰੇ ਮੰਜਿਆਂ ਵਿੱਚੋਂ ਉਹੀ ਨਵੀਂ ਬਹੂ ਉੱਠੀ। ਸਿਰਹਾਣੇ ਪਏ ਕੋਰੇ ਤਪਲੇ ਵਿੱਚੋਂ ਪਾਣੀ ਦਾ ਗਲਾਸ ਭਰਿਆ। ਮੂੰਹ ਥੋਤਾ ਤੇ ਪੀਣ ਲੱਗੀ। ਚੁੰਨੀ ਦੇ ਲੜ ਨਾਲ ਚਿਹਰਾ ਪੂੰਝਣ ਲੱਗੀ। ਉੱਠ ਕੇ ਪੌੜੀਆਂ ਕੋਲ ਜਾ ਖੜ੍ਹੀ ਤੇ ਚੰਦਨ ਵੱਲ ਤੱਕਣ ਲੱਗੀ। ਮੰਜਿਆਂ ਵਿੱਚੋਂ ਹੀ ਇੱਕ ਹੋਰ ਔਰਤ ਅਚਾਨਕ ਬੈਠੀ ਹੋ ਗਈ। ਨਵੀਂ ਬਹੂ....

ਮਿੰਦਰੋ ਬੱਕਰੀ ਚੋਅ ਚੁੱਕੀ ਸੀ। ਵੇਂ ਥਣ ਹੁਣ ਉਸ ਨੇ ਮੇਮਣਿਆਂ ਦੇ ਮੂੰਹਾਂ ਵਿੱਚ ਦੇ ਦਿੱਤੇ। ਧੁਰਲੀਆਂ ਮਾਰ-ਮਾਰ ਮੇਮਣਿਆਂ ਨੇ ਬੱਕਰੀ ਦੀ ਜਾਨ ਔਖੀ ਕੀਤੀ ਹੋਈ ਸੀ। ਉਹ ਮੀਂਗਣਾਂ ਕਰਨ ਲੱਗੀ। ਮਿੰਦਰੋ ਖੜ੍ਹੀ ਹੋਈ ਤਾਂ ਚੰਦਨ ਨੇ ਇੱਕ ਉੱਚੀ ਖੰਘੂਰ ਮਾਰ ਦਿੱਤੀ। ਮਿੰਦਰੋ ਲਈ ਇਹ ਕੁਝ ਵੀ ਨਹੀਂ ਹੋਇਆ ਸੀ। ਉਸ ਨੇ ਤਾਂ ਚੰਦਨ ਵੱਲ ਦੇਖ ਕੇ ਅੱਖਾਂ ਵੀ ਨਹੀਂ ਝਮਕੀਆਂ ਸਨ। ਇੱਕ ਵੇਲਾ ਸੀ ਜਦੋਂ..

ਹਨੇਰੇ ਦੀ ਰਹਿੰਦੀ-ਖੂੰਦ, ਫਿੱਕਾ ਧੂੰਆਂ ਵਾਯੂ-ਮੰਡਲ ਵਿੱਚੋਂ ਛੱਡਿਆ ਗਿਆ ਸੀ। ਪੂਰਬ ਵੱਲ ਅਕਾਸ਼ ’ਤੇ ਲਟਕ ਰਹੀ ਬੱਦਲਾਂ ਦੀ ਲੰਬੀ ਲਕੀਰ ਦਾ ਰੰਗ ਤਾਂਬਈ ਹੋਣ ਲੱਗਿਆ। ਕਬੂਤਰ, ਚਿੜੀਆਂ, ਘੁੱਗੀਆਂ, ਕਾਂ ਤੇ ਤੋਤੇ ਏਧਰੋਂ -ਓਧਰ ਉਡੇ ਜਾ ਰਹੇ ਸਨ। ਇੱਕ ਟਟੀਹਰੀ ਉੱਚੀ ਤਿੱਖੀ ਅਵਾਜ਼ ਨਾਲ ਸਾਰੇ ਅਸਮਾਨ ਨੂੰ ਚੀਕ ਕੇ ਲੰਘ ਗਈ। ਚੰਦਨ ਦੀ ਨਜ਼ਰ ਏਧਰੋਂ-ਓਧਰ ਕੋਠਿਆਂ ਉਤਲੇ ਮੰਜਿਆਂ ਵੱਲ ਘੁੰਮਣ ਲੱਗੀ। ਇੱਕ-ਇੱਕ ਕਰਕੇ ਲੋਕ ਉੱਠਦੇ ਜਾ ਰਹੇ ਸਨ। ਚੁੱਪ ਕੀਤੇ ਹੀ । ਜਿਵੇਂ ਕਬਰਾਂ ਵਿੱਚੋਂ ਮੁਰਦੇ ਉੱਠ ਰਹੇ ਹੋਣ। ਚੰਦਨ ਨੂੰ ਇਹ ਖੇਤ ਬਹੁਤ ਅਜੀਬ ਲੱਗ ਰਹੀ ਸੀ। ਮੁੜ-ਮੁੜ ਉਸ ਨੂੰ ਇੱਕ ਭੌਲਾ ਜਿਹਾ ਪੈ ਰਿਹਾ ਸੀ, ਦੇਵਾਂ ਵੀ ਇਸ ਤਰ੍ਹਾਂ ਹੀ ਕਦੇ ਆਪਣੇ ਮੰਜੇ ਵਿੱਚੋਂ ਉੱਠੇਗੀ। ਉਹ ਤਾਂ ਅਜੇ ਸੁੱਤਾ ਹੀ ਪਿਆ ਹੋਵੇਗਾ ਕਿ ਉਹ ਚਾਹ ਦੀ ਗੜਵੀ ਉਹ ਦੇ ਸਿਰਹਾਣੇ ਲਿਆ ਰੱਖੇਗੀ। ਕੱਚ ਦੇ ਗਲਾਸ ਵਿੱਚ ਚਾਹ ਪਾਵੇਗੀ ਤੇ ਉਸ ਦਾ ਹੱਥ ਫੜ ਕੇ ਉਸ ਨੂੰ ਜਗਾਉਣ ਲੱਗੇਗੀ। ਉਹ ਜਾਗਦਾ ਹੋਇਆ ਵੀ ਜਾਗੇਗਾ ਨਹੀਂ। ਤੇ ਫਿਰ ਉਹ ਕਹੇਗੀ, ਰਾਤ ਦੱਸ ਕੀ ਕੋਹਲੂ ਜੋੜਿਆ ਹੋਇਆ ਸੀ ਤੇਰਾ? ਉੱਠਣਾ ਨਹੀਂ ਹੁਣ। ਚਾਹ ਪਾਈ ਪਈ ਐ। ਪੀ ਲੈ ਉੱਠ ਕੇ। ਠੰਡੀ ਹੋ ਗਈ ਤਾਂ ਫਿਰ ਤੱਤੀ ਕਰਵੌਂਦਾ ਫਿਰੇਂਗਾ। ਜਾਂਦੀ ਹੋਈ ਉਹ ਉਹ ਦੀ ਗੱਲ੍ਹ ’ਤੇ ਤਿੱਖੀ ਚੂੰਢੀ ਵੱਢ ਜਾਵੇਗੀ। ਉਹ ਝੱਟ ਬੈਠਾ ਹੋਵੇਗਾ, ਜਿਵੇਂ ਭੂਰੀ ਕੀੜੀ ਲੜ ਗਈ ਹੋਵੇ ਤੇ ਚਾਹ ਪੀਣ ਲੱਗੇਗਾ।

ਫ਼ੌਜੀ ਦੀ ਮਿਰਗ-ਸਰੀਰੀ ਤੀਵੀਂ ਚਾਹ ਦਾ ਡੋਲੂ ਲੈ ਆਈ ਸੀ। ਦੋ ਗਲਾਸ ਵੀ। ਪਹਿਲਾਂ ਉਸ ਨੇ ਪਾਣੀ ਦਾ ਗਲਾਸ ਭਰ ਕੇ ਆਪਣੇ ਪਤੀ ਨੂੰ ਦਿੱਤਾ। ਉਹ ਮੂੰਹ ਧੋਣ ਲੱਗਿਆ। ਉਹ ਓਨਾ ਚਿਰ ਉਸ ਦੇ ਮੂੰਹ ਵੱਲ ਹੀ ਦੇਖਦੀ ਰਹੀ। ਪਤੀ ਨੇ ਖਾਲੀ ਗਲਾਸ ਉਸ ਦੇ ਹੱਥ ਫੜਾਇਆ ਤੇ ਦੋਵਾਂ ਗਲਾਸਾਂ ਵਿੱਚ ਚਾਹ ਪਾ ਕੇ ਉਹ ਬੈਠ ਗਈ ਤੇ ਫਿਰ ਉਹ ਦੇ ਮੂੰਹ ਵੱਲ ਝਾਕਣ ਲੱਗੀ। ਪਤੀ ਨੇ ਹੱਥ ਕੱਢਿਆ ਤਾਂ ਉਸ ਨੇ ਇੱਕ ਗਲਾਸ

ਉਸ ਨੂੰ ਫੜਾ ਦਿੱਤਾ। ਦੋਵੇਂ ਚਾਹ ਪੀ ਰਹੇ ਸਨ। ਫ਼ੌਜੀ ਨੇ ਹੀ ਉਸ ਨੂੰ ਇਕੱਠੇ ਬੈਠ ਕੇ ਚਾਹ ਪੀਣ ਸਿਖਾਇਆ ਹੋਵੇਗਾ। ਨਹੀਂ ਤਾਂ ਪਿੰਡਾਂ ਵਿੱਚ ਕਿਹੜੀ ਤੀਵੀਂ ਪੀਂਦੀ ਸੀ ਪਤੀ ਨਾਲ ਚਾਹ? ਉਹ ਦੋ ਮਹੀਨਿਆਂ ਦੀ ਛੁੱਟੀ ਤੱਕ ਠੰਡੀ ਬਣੀ ਹੋਈ। ਫ਼ੌਜੀ ਤੇ ਉਹ ਦੀ ਤੀਵੀਂ ਵੱਲ ਚੰਦਨ ਤੱਕ ਹੀ ਰਿਹਾ ਸੀ ਕਿ ਮਿਹਰ ਚਾਹ ਦਾ ਡੋਲੂ ਲੈ ਆਇਆ। ਇੱਕ ਗਲਾਸ ਤੇ ਇੱਕ ਬਾਟੀ ਵੀ। ਕੁਲਜੀਤ ਬਾਟੀ ਵਿੱਚ ਚਾਹ ਪੀਂਦਾ ਹੁੰਦਾ। ਗਲਾਸ ਤੇ ਬਾਟੀ ਵਿੱਚ ਚਾਹ ਪਾ ਕੇ ਉਹ ਕੁਲਜੀਤ ਨੂੰ ਜਗਾਉਣ ਲੱਗਿਆ। ਕੁਲਜੀਤ ਹੂੰ ਕਹਿੰਦਾ ਤੇ ਫਿਰ ਸੌਂ ਜਾਂਦਾ। ਸੂਰਜ ਚੜ੍ਹਨ ਲੱਗਿਆ ਸੀ। ਚਾਨਣ ਦੀਆਂ ਲਾਲ ਪਿਚਕਾਰੀਆਂ ਗੁੰਬਦੀ ਅਕਾਸ਼ ਵੱਲ ਲਗਾਤਾਰ ਚੱਲ ਰਹੀਆਂ ਸਨ। ਪੂਰਬੀ ਦਿਸ਼ਾ ਵੱਲ ਤਾਂਬਈ ਬੱਦਲ ਚਿੱਟੇ ਹੋਣ ਲੱਗੇ। ਹਵਾ ਵਿਚਲੀ ਮਿੱਠੀ-ਮਿੱਠੀ ਠੰਡ ਨੂੰ ਥੋੜ੍ਹਾ-ਥੋੜ੍ਹਾ ਸੇਕ ਲੱਗਣ ਲੱਗਿਆ।

ਉਸ ਨੇ ਚਾਹ ਪੀਤੀ ਤੇ ਫਿਰ ਕੁਲਜੀਤ ਨੂੰ ਮੋਢਿਓਂ ਝੰਜੋੜ ਕੇ ਜਗਾ ਲਿਆ। ਉਹ ਚੂੰ-ਚੂੰ ਕਰਨ ਲੱਗਿਆ। ਚੰਦਨ ਕੜਕਿਆ, ਚਾਹ ਪਾਣੀ ਬਣੀ ਜਾਂਦੀ ਹੈ। ਕੁਲਜੀਤ ਉੱਠਿਆ ਤੇ ਰੋਣ ਵਾਂਗ ਕਹਿਣ ਲੱਗਿਆ, ਪਹਿਲਾਂ ਨਾਲ ਪਾਓ ਮੈਨੂੰ ਆਪਣੇ। ਚੰਦਨ ਬੋਲਿਆ ਨਹੀਂ। ਕੁਲਜੀਤ ਉਸ ਦੇ ਨਾਲ ਆ ਪਿਆ। ਚੰਦਨ ਫੇਰ ਕੜਕਿਆ, ਚਾਹ ਪੀ ਪਹਿਲਾਂ। ਕੁਲਜੀਤ ਨੇ ਬਾਟੀ ਚੁੱਕੀ ਤੇ ਇੱਕੋ ਸਾਹ ਸਾਰੀ ਕੋਸੀ-ਕੋਸੀ ਚਾਹ ਪੀ ਗਿਆ। ਹੁਣ ਕੁਲਜੀਤ ਚੰਦਨ ਦੇ ਢਿੱਡ 'ਤੇ ਪਿਆ ਸੀ। ਚੰਦਨ ਉਸ ਨੂੰ ਆਪਣੀ ਹਿੱਕ ਨਾਲ ਘੁੱਟਣ ਲੱਗਿਆ। ਕੁਲਜੀਤ ਦੇ ਪਿੰਡ ਵਿੱਚ ਜਿਵੇਂ ਦੇਵਾਂ ਦੇ ਪਿੰਡੇ ਦਾ ਨਿੱਘ ਹੋਵੇ। ਦੇਵਾਂ ਦੀ ਯਾਦ ਦੇ ਨਾਲ ਹੀ ਉਸ ਨੇ ਕੁਲਜੀਤ ਨੂੰ ਦੱਬ ਕੇ ਘੁੱਟ ਲਿਆ। ਕੁਲਜੀਤ ਚੀਕਿਆ।

'ਕਿਉਂ?'

'ਥੋੜਾ ਕੜਾ ਚੁਭ ਗਿਆ, ਮੇਰੇ ਕੰਨ 'ਤੇ।'

ਤੇ ਫਿਰ ਢਿੱਡ 'ਤੇ ਬੈਠਾ ਹੋ ਕੇ ਕੁਲਜੀਤ ਚੰਦਨ ਦੀ ਛਾਤੀ ਨੂੰ ਚੁੰਮਣ ਦੀ ਕੋਸ਼ਿਸ਼ ਕਰਨ ਲੱਗਿਆ। ਹੁਣ ਚੰਦਨ ਦੀ ਚੀਕ ਨਿਕਲ ਗਈ। ਉਸ ਨੂੰ ਧੁੜਧੁੜੀ ਆਈ। ਨਾਲ ਦੀ ਨਾਲ ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਹ ਆਪ ਦੇਵਾਂ ਹੋਵੇ।

ਦੇਵਾਂ ਉਹ ਦੀ ਪਤਨੀ ਬਹੁਤ ਧਾਰਮਿਕ ਸੀ। ਉਹ ਅਨਪੜ੍ਹ ਸੀ। ਅਨਪੜ੍ਹ ਦੀ ਧਾਰਮਿਕਤਾ ਅੰਨ੍ਹੀ ਹੁੰਦੀ ਹੈ ਤੇ ਖ਼ਤਰਨਾਕ। ਉਹ ਹਰ ਦੁਆਰ ਅੱਧ-ਕੁੰਭੀ ਦਾ ਨ੍ਹਾਉਣ ਕਰਨ ਲਈ ਯਾਤਰੀਆਂ ਦੀ ਭੀੜ ਵਿੱਚ ਮਿੱਧੀ ਗਈ ਤੇ ਮਰ ਗਈ। ਰਾਣੀਸਰ ਉਸ ਦੀ ਲਾਸ਼ ਪਹੁੰਚੀ ਤਾਂ ਲੱਗਭਗ ਸਾਰਾ ਪਿੰਡ ਦੇਵਾਂ ਦੀ ਨੇਕ-ਨਾਮੀ ਦੇ ਗੁਣ ਗਾ ਰਿਹਾ ਸੀ ਤੇ ਉਹ ਨੂੰ ਭਾਗਾਂ ਵਾਲੀ ਸਮਝਣ ਲੱਗਿਆ। ਉਹ ਤੀਰਥ 'ਤੇ ਆਪਣੇ ਸਾਹ ਤਿਆਗ ਆਈ। ਸਿੱਧੀ ਸੁਰਗਾਂ ਨੂੰ ਗਈ। ਬੁੜ੍ਹੀਆਂ ਕਹਿ ਰਹੀਆਂ ਸਨ, ਪਰ ਚੰਦਨ ਦਾ ਘਰ ਉੱਜੜ ਗਿਆ। ਦੇਵਾ ਦੀ ਧਾਰਮਿਕਤਾ ਨੇ ਉਹ ਨੂੰ ਲੈ ਲਿਆ। ਉਹ ਸੁਰਗਾਂ ਨੂੰ ਗਈ ਹੋਵੇਗੀ, ਭਾਵੇਂ ਨਹੀਂ, ਪਰ ਚੰਦਨ ਲਈ ਇੱਥੇ ਹੀ ਨਰਕ ਸ਼ੁਰੂ ਹੋ ਗਿਆ। ਵੱਸਦਾ ਸੰਸਾਰ ਉਹ ਦੇ ਵਾਸਤੇ ਦੂਜਾ ਵਿਆਹ ਔਖਾ ਮਸਲਾ ਸੀ। ਉਹ ਦੇ ਤਿੰਨ ਬੱਚੇ ਸਨ। ਵੱਡੀ ਕੁੜੀ, ਜੋ ਵਿਆਹ-ਵਰ ਦਿੱਤੀ ਗਈ। ਵੱਡਾ ਮੁੰਡਾ ਦਸਵੀਂ ਵਿੱਚ ਪੜ੍ਹਦਾ ਸੀ ਤੇ ਛੋਟਾ

ਤੀਜੀ ਜਮਾਤ ਵਿੱਚ। ਮਾਂ ਤੋਂ ਕੰਮ ਨਹੀਂ ਹੁੰਦਾ ਸੀ। ਮਿਹਰ ਹੀ ਰੋਟੀ ਪਕਾਉਂਦਾ ਤੇ ਹੋਰ ਸਾਰਾ ਕੰਮ। ਤਿੰਨੇ ਪਿਓ-ਪੁੱਤ ਵੰਡ ਕੇ ਕੰਮ ਕਰਦੇ। ਚੰਦਨ ਦੀ ਮਾਂ ਤਾਂ ਆਪ ਮਰਨ ਕਿਨਾਰੇ ਸੀ। ਦੇਵਾਂ ਦੇ ਮਰਨ ਪਿੱਛੋਂ ਚੰਦਨ ਦੀ ਭੈਣ ਚਾਰ ਪੰਜ ਮਹੀਨੇ ਰਾਣੀਸਰ ਰਹੀ ਸੀ। ਪਰ ਕਿੰਨਾ ਕੁ ਚਿਰ ਹੋਰ ਰਹਿੰਦੀ ਉਹ? ਉਹ ਦਾ ਵੀ ਘਰ ਸੀ। ਉਹਦਾ ਵੀ ਪਰਿਵਾਰ ਸੀ। ਚੰਦਨ ਦੀ ਕੁੜੀ ਛੇ ਕੁ ਮਹੀਨਿਆਂ ਬਾਅਦ ਆਉਂਦੀ ਤੇ ਚਲੀ ਜਾਂਦੀ।

ਬਿਗਾਨਾ ਪੁੱਤ ਕਦ ਰਹਿਣ ਦਿੰਦਾ ਸੀ ਉਹ ਨੂੰ ਓਥੇ?

ਦੇਵਾਂ ਮਰੀ ਨੂੰ ਦੋ ਸਾਲ ਹੋ ਚੱਲੇ ਸਨ। ਹੋਰ ਤਾਂ ਸਭ ਕੁਝ ਰਾਹ ਪੈ ਗਿਆ, ਇੱਕ ਗੱਲ ਚੰਦਨ ਨੂੰ ਬਹੁਤ ਤੰਗ ਕਰਦੀ। ਉਸ ਨੂੰ ਕੋਈ ਸਮਝ ਨਾ ਆਉਂਦੀ ਕਿ ਉਹ ਕੀ ਕਰੇ। ਕਦੇ-ਕਦੇ ਤਾਂ ਉਹ ਦਾ ਜੀਅ ਕਰਦਾ ਕਿ ਉਹ ਕੰਧ ਨਾਲ ਟੱਕਰ ਮਾਰੇ ਜਾਂ ਕੁਝ ਖਾ ਲਵੇ ਤਾਂ ਕਿ ਇਹ ਗੱਲ ਉਸ ਵਿੱਚ ਰਹੇ ਹੀ ਨਾ।

ਦੇਵਾਂ ਉਹ ਦੇ ਮੰਜੇ 'ਤੇ ਮਹੀਨੇ ਵਿੱਚ ਇੱਕ ਵਾਰ ਆਉਂਦੀ ਹੁੰਦੀ ਤੇ ਫਿਰ ਨ੍ਹਾਉਂਦੀ ਤੇ ਕੱਪੜੇ ਬਦਲਦੀ। ਕੋਈ ਪਾਠ ਜਿਹਾ ਕਰਨ ਲੱਗਦੀ। ਉਹ ਦੇ ਗਲ ਵਿੱਚ ਮਾਲਾ ਹੁੰਦੀ। ਤੜਕੇ ਉੱਠ ਕੇ ਉਹ ਭਜਨ ਕਰਦੀ ਤੇ ਬਾਹਮਣਾਂ ਦੇ ਘਰ ਸੀਧਾ ਦੇ ਕੇ ਆਉਂਦੀ। ਅਜਿਹੀ ਔਰਤ ਤੋਂ ਚੰਦਨ ਨੂੰ ਕਚਿਆਣ ਆਉਂਦੀ। ਨਾ ਕੋਈ ਨਖ਼ਰਾ, ਨਾ ਅੱਖਾਂ ਵਿੱਚ ਸ਼ਰਾਰਤ, ਸਰੀਰ ਵਿੱਚ ਕੋਈ ਥਿਰਕਣ ਨਹੀਂ, ਨਾ ਕੋਈ ਮੂੰਹ ਦੀ ਅਵਾਜ਼-ਹਾਏ। ਊਏ। ਪਰ ਉਹ ਉਹਦੀ ਵਫ਼ਾਦਾਰ ਬੜੀ ਸੀ। ਉਸ ਨੂੰ ਬੇਥਾਹ ਪਿਆਰ ਕਰਦੀ। ਉਹ ਨੂੰ ਆਪਣਾ ਪਤੀ-ਪਰਮੇਸ਼ਰ ਸਮਝਦੀ। ਚੰਦਨ ਖੁਸ਼ ਸੀ। ਮਹੀਨੇ ਬਾਅਦ ਹੀ ਸਹੀ, ਉਹ ਨੂੰ ਅੰਨ੍ਹਾ ਹੋ ਕੇ ਮਿਲਦਾ। ਉਹ ਤਾਂ ਉਹ ਦਾ ਪੋਰ-ਪੋਰ ਹਿਲਾ ਦਿੰਦਾ। ਹੁਣ ਜਦ ਉਹ ਨਹੀਂ ਤਾਂ ਉਹ ਉਸ ਨੂੰ ਤਰਸ ਗਿਆ। ਉਹ ਨੂੰ ਨਹੀਂ, ਕਿਸੇ ਵੀ ਔਰਤ ਨੂੰ ਤਰਸ ਗਿਆ ਸੀ।

ਸੂਰਜ ਉੱਚਾ ਉੱਠ ਆਇਆ। ਗਵਾਂਢੀਆਂ ਦੇ ਚੁਬਾਰੇ ਦੀ ਓਟ ਕਰਕੇ ਉਹ ਦੇ ਮੰਜੇ ਤੱਕ ਧੁੱਪ ਅਜੇ ਨਹੀਂ ਪਹੁੰਚੀ। ਪਰ ਉਹ ਦੇ ਪਿੰਡੇ 'ਤੇ ਚਿਪਚਪਾਹਟ ਦੀ ਪਤਲੀ ਤਹਿ ਜੰਮਣ ਲੱਗੀ। ਕੁਲਜੀਤ ਕਦੋਂ ਦਾ ਥੱਲੇ ਉਤਰ ਗਿਆ ਤੇ ਹਾਣੀ ਮੁੰਡਿਆਂ ਨਾਲ ਖੇਡਣ ਲਈ ਘਰੋਂ ਬਾਹਰ ਸੀ। ਉਹ ਨੇ ਆਪਣਾ ਤੇ ਕੁਲਜੀਤ ਦਾ ਬਿਸਤਰਾ ਇਕੱਠਾ ਕੀਤਾ, ਹੱਥ ਵਿੱਚ ਡੋਲੂ ਤੇ ਗਿਲਾਸ-ਬਾਟੀ ਲੈ ਕੇ ਥੱਲੇ ਉਤਰ ਆਇਆ। ਦੂਜੀ ਵਾਰ ਉਹ ਮੰਜੇ ਖੜ੍ਹੇ ਕਰਨ ਗਿਆ ਤਾਂ ਪਾਣੀ ਵਾਲੀ ਦੋ ਘੜੇ ਵੀ ਚੁੱਕ ਲਿਆਇਆ।

ਉਸ ਦਿਨ ਐਤਵਾਰ ਸੀ। ਚੰਦਨ ਨੇ ਸਲਾਹ ਕੀਤੀ ਕਿ ਉਹ ਅੱਜ ਬਾਹਰ ਖੇਤਾਂ ਵਿੱਚ ਜੰਗਲ ਪਾਣੀ ਜਾ ਕੇ ਆਵੇ। ਨਹੀਂ ਤਾਂ ਹੋਰ ਦਿਨਾਂ ਵਿੱਚ ਛੇਤੀ-ਛੇਤੀ ਤਿਆਰ ਹੋਣਾ ਹੁੰਦਾ, ਕਿੰਨੇ ਹੀ ਘਰ ਦੇ ਕੰਮ ਹੁੰਦੇ, ਉਹ ਘਰ ਵਿੱਚ ਬਣੀ 'ਬੋਰ-ਟੱਟੀ' ਵਰਤਦਾ।

ਉਹ ਬਾਹਰੋਂ ਮੁੜਿਆ ਤਾਂ ਮਿਹਰ ਕੱਦੂ ਦੀ ਸਬਜ਼ੀ ਚੁੱਲ੍ਹੇ ਧਰੀਂ ਪਰਾਤ ਵਿੱਚ ਆਟਾ ਗੁੰਨ੍ਹ ਰਿਹਾ ਸੀ। ਕੁਲਜੀਤ ਵਿਹੜੇ ਵਿੱਚ ਲੱਕੜ ਦੇ ਟਰੈਕਟਰ ਨਾਲ ਮੂੰਹ ਦੀ ਛੁੱਕ-ਛੁੱਕ ਕਰਕੇ ਖੇਡ ਰਿਹਾ ਸੀ। ਮਾਂ ਅੱਖਾਂ ਨੂੰ ਬਹੁਤ ਨਜ਼ਦੀਕ ਲਿਜਾ ਕੇ ਚਾਕੂ ਨਾਲ ਇੱਕ ਗਠਾ ਕੱਟ ਰਹੀ ਸੀ। ਹੂੰਗਰ ਵੀ ਮਾਰ ਰਹੀ ਸੀ। ਉਹ ਦਾ ਸਾਹ ਚੜ੍ਹਿਆ ਹੋਇਆ ਸੀ।

'ਮਾ, ਤੂੰ ਤਾਂ ਪਈ ਰਿਹਾ ਕਰ ਹੁਣ ਬੱਸ।' ਉਹ ਨੂੰ ਔਖੀ ਜਿਹੀ ਹੁੰਦੀ ਦੇਖ ਕੇ ਚੰਦਨ ਨੇ ਕਿਹਾ।

'ਵੇ ਪੁੱਤ, ਕੀ ਕਰਾਂ...' ਮਾਂ ਦਾ ਲੰਬਾ ਹਉਕਾ ਨਿਕਲ ਗਿਆ।

ਪਾਣੀ ਦੀ ਬਾਲਟੀ ਭਰ ਕੇ ਨਹਾਉਣ ਤੋਂ ਪਹਿਲਾਂ ਉਹ ਆਪਣੀ ਪੈਂਟ-ਬੁਸ਼ਰਟ ਧੋਣ ਲੱਗਿਆ।

'ਪਾਪਾ, ਮੇਰੇ ਵੀ......' ਕੁਲਜੀਤ ਆਪਣੀ ਰੈਡੀਮੇਡ ਲਾਲ ਨਿੱਕਰ ਤੇ ਚਿੱਟੀ ਜ਼ਮੀਨ 'ਤੇ ਨੀਲੀਆਂ ਧਾਰੀਆਂ ਵਾਲੀ ਬੁਸ਼ਰਟ ਸੁੱਟ ਕੇ ਕਿਲਕਾਰੀਆਂ ਮਾਰਦਾ ਬਾਹਰ ਨੂੰ ਭੱਜ ਗਿਆ।

ਸਬ੍ਹਾਤ ਦੇ ਜੰਗਲੇ 'ਤੇ ਉਹ ਧੋਤੇ ਹੋਏ ਕੱਪੜਿਆਂ ਨੂੰ ਸੁੱਕਣੇ ਪਾਉਣ ਗਿਆ ਤਾਂ ਉਸ ਨੇ ਦੇਖਿਆ, ਦੋਵੇਂ ਬੁਸ਼ਰਟਾਂ ਦੇ ਕਾਲਰਾਂ ਦੀ ਅੰਦਰਲੀ ਮੈਲ ਚੰਗੀ ਤਰ੍ਹਾਂ ਲਹੀ ਨਹੀਂ। ਉਸ ਨੂੰ ਆਪਣੇ ਆਪ 'ਤੇ ਖਿਝ ਨਹੀਂ ਆਈ। ਦੇਵਾ ਤੋਂ ਇੰਝ ਹੋ ਜਾਂਦਾ, ਉਹ ਬੁਸ਼ਰਟ ਨੂੰ ਨਾਲੀ ਵਿੱਚ ਵਗਾਹ ਮਾਰਦਾ।

ਉਹ ਨੇ ਦਾੜ੍ਹੀ ਨੂੰ ਫਿਕਸਰ ਲਾ ਕੇ ਨਹੀਂ ਬੰਨ੍ਹਿਆ। ਸਰ੍ਹੋਂ ਦੇ ਤੇਲ ਦੀ ਉਂਗਲ ਲਾ ਕੇ ਥਿੰਦੀ ਕੀਤੀ ਦਾੜ੍ਹੀ ਨੂੰ ਬੁਰਸ਼ ਕੀਤਾ ਤੇ ਢਾਠੀ ਬੰਨ੍ਹ ਲਈ। ਸਬ੍ਹਾਤ ਵਿੱਚ ਪੱਖੇ ਥੱਲੇ ਬੈਠ ਕੇ ਉਸ ਮਹੀਨੇ ਦਾ ਇਕ ਮਾਸਕ ਪੱਤਰ ਪੜ੍ਹਨ ਲੱਗਿਆ। ਮਿਹਰ ਰੋਟੀ ਲੈ ਆਇਆ। ਅੱਧੀ ਪੜ੍ਹੀ ਕਹਾਣੀ ਪਰ੍ਹਾਂ ਰੱਖ ਕੇ ਉਸ ਨੇ ਛੋਟਾ ਮੇਜ਼ ਖਾਲੀ ਕੀਤਾ ਤੇ ਉਸ 'ਤੇ ਰੋਟੀ ਰੱਖ ਕੇ ਖਾਣ ਲੱਗਿਆ। ਕੱਦੂ ਦੀ ਸਬਜ਼ੀ ਵਿੱਚ ਮਿਰਚਾਂ ਬੇਹੱਦ ਸਨ ਤੇ ਲੂਣ ਨਾ-ਮਾਤਰ। ਦੇਵਾਂ ਇਸ ਤਰ੍ਹਾਂ ਕਦੇ ਕਰ ਦਿੰਦੀ ਤਾਂ ਰੋਟੀ ਵਾਲੀ ਥਾਲੀ ਕੰਧ ਨਾਲ ਵੱਜਦੀ। ਮਿਹਰ ਨੂੰ ਹਾਕ ਮਾਰ ਕੇ ਉਸ ਨੇ ਲੂਣ ਮੰਗਵਾਇਆ ਤੇ ਸਬਜ਼ੀ ਵਿੱਚ ਚੂੰਢੀ ਕੁ ਬਰੂਰ ਲਿਆ। ਅੱਜ ਰੋਟੀਆਂ ਵੀ ਮਿਹਰ ਨੇ ਚੰਗੀ ਤਰ੍ਹਾਂ ਨਹੀਂ ਰਾਹੜੀਆਂ ਸਨ। ਉਹ ਨੇ ਐਨਾ ਹੀ ਪੁੱਛਿਆ, 'ਕਦੇ-ਕਦੇ ਕੀ ਹੋ ਜਾਂਦੈ, ਮਿਹਰ ਤੈਨੂੰ?' ਮਿਹਰ ਸਿਰਫ਼ ਮੁਸਕਰਾਇਆ। ਕੁਲਜੀਤ ਨੇ ਸਬਜ਼ੀ ਨਹੀਂ ਖਾਧੀ। ਜੇਠੂ ਬਾਣੀਏ ਦੀ ਹੱਟ ਤੋਂ ਪੱਚੀ ਪੈਸਿਆਂ ਦੀ ਸ਼ੱਕਰ ਲੈ ਆਇਆ ਦੇਸੀ ਘਿਓ ਦੇ ਦੋ ਚਮਚੇ ਪਾ ਕੇ ਮਜ਼ੇ ਨਾਲ ਰੋਟੀ ਖਾਣ ਲੱਗਿਆ। ਜਿੱਦਣ ਦੀ ਦੇਵਾਂ ਮਰੀ ਸੀ, ਚੰਦਨ ਸ਼ਾਹਕੋਟ ਤੋਂ ਸਬਜ਼ੀ ਕਦੇ ਨਹੀਂ ਲੈ ਕੇ ਆਇਆ। ਮਿਹਰ ਹੀ ਪਿੰਡ ਵਿੱਚ ਫਿਰਦੇ ਕਿਸੇ ਸਾਈਕਲ ਵਾਲੇ ਤੋਂ ਸਬਜ਼ੀ ਖਰੀਦਦਾ, ਨਹੀਂ ਤਾਂ ਆਲੂ ਚੱਲਦੇ ਰਹਿੰਦੇ ਤੇ ਜਾਂ ਮੂੰਗੀ ਦੀ ਦਾਲ।

ਰੋਟੀ-ਟੁੱਕ ਦਾ ਸਾਰਾ ਕੰਮ ਨਿਬੇੜ ਕੇ ਮਿਹਰ ਨੇ ਆਪਣੇ ਕੱਪੜੇ ਧੋਤੇ, ਦਾਦੀ ਦੀ ਤੰਬੀ ਵੀ ਧੋ ਦਿੱਤੀ ਤੇ ਫਿਰ ਸਕੂਲ ਦਾ ਕੰਮ ਕਰਨ ਲੱਗਿਆ। ਬੁੜ੍ਹੀ ਨੇ ਦੋ ਰੋਟੀਆਂ ਚਪੋਲ ਕੇ ਖਾ ਲਈਆਂ ਤੇ ਗੱਲਾਂ ਮਾਰਨ ਅਗਵਾੜ ਵਿੱਚ ਕਿਸੇ ਦੇ ਘਰ ਜਾ ਬੈਠੀ। ਚੰਦਨ ਕੁਝ ਦਰ ਤੱਕ ਤਾਂ ਬਾਕੀ ਦੀ ਕਹਾਣੀ ਪੜ੍ਹਦਾ ਰਿਹਾ ਤੇ ਫਿਰ ਸੌਣ ਦੀ ਕੋਸ਼ਿਸ਼ ਕਰਨ ਲੱਗਿਆ। ਉਹ ਦੀ ਅੱਖ ਨਹੀਂ ਲੱਗ ਰਹੀ ਸੀ। ਉਹ ਨੂੰ ਚਿੰਤਾ ਸੀ, ਕੁਲਜੀਤ ਬਾਹਰ ਨੂੰ ਕਿਧਰੇ ਦੌੜ ਗਿਆ ਹੈ, ਧੁੱਪ ਵਿੱਚ ਅਵਾਰਾ ਮੁੰਡਿਆਂ ਨਾਲ ਖੇਡਦਾ ਫਿਰੇਗਾ, ਗਰਮੀ ਲੱਗ ਗਈ ਤਾਂ ਇਲਾਜ ਕਰਵਾਉਣਾ ਮੁਸ਼ਕਲ ਹੋ ਜਾਵੇਗਾ। ਅੱਗੇ ਤਾਂ ਦੇਵਾਂ ਸੀ, ਹੁਣ ਉਸ ਦੀ ਕੌਣ ਸੰਭਾਲ ਕਰੇਗਾ। ਉਸ ਨੇ ਮਿਹਰ ਨੂੰ ਆਖਿਆ ਕਿ ਉਹ

ਅਗਵਾੜ ਵਿੱਚ ਕਿਧਰੋਂ ਕੁਲਜੀਤ ਨੂੰ ਭਾਲ ਕੇ ਲਿਆਵੇ-ਨਾ ਆਵੇ ਤਾਂ ਚਪੇੜ ਮਾਰੀਂ ਸਾਲੇ ਦੇ ਕੰਨ 'ਤੇ। ਉਸ ਨੇ ਤਲਖ਼ ਸ਼ਬਦਾਂ ਵਿੱਚ ਤਾੜਨਾ ਕੀਤੀ।

ਹਿੜ-ਹਿੜ ਦੰਦ ਕੱਢਦਾ ਕੁਝ ਦੇਰ ਬਾਅਦ ਕੁਲਜੀਤ ਸਬ੍ਹਾਤ ਵਿੱਚ ਆਇਆ ਤੇ ਚੰਦਨ ਤੇ ਨਾਲ ਹੀ ਮੰਜੇ 'ਤੇ ਲੇਟ ਗਿਆ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਉਹ ਦੋਵੇਂ ਸੌਣ ਲੱਗੇ।

ਦੋ ਵਜੇ ਹੀ ਚੰਦਨ ਦੀ ਅੱਖ ਭੜੱਕ ਦੇ ਕੇ ਖੁੱਲ੍ਹ ਗਈ। ਉਹ ਬੈਠਾ ਹੋ ਕੇ ਕੁਝ ਸੋਚਣ ਲੱਗਿਆ ਤੇ ਫਿਰ ਪੱਖਾ ਬੰਦ ਕਰਕੇ ਸਟੋਵ 'ਤੇ ਚਾਹ ਬਣਾਈ। ਚਾਹ ਪੀ ਕੇ ਤਿਆਰ ਜਿਹਾ ਹੋਣ ਲੱਗਿਆ। ਚਮੜੇ ਦੇ ਬੈਗ ਵਿੱਚ ਪਜਾਮਾ-ਤੌਲੀਆ ਦੇ ਦਾੜ੍ਹੀ ਬੰਨ੍ਹਣ ਦਾ ਸਮਾਨ ਪਾ ਕੇ ਉਹ ਸਬ੍ਹਾਤ ਵਿੱਚੋਂ ਬਾਹਰ ਹੋਇਆ। ਮਿਹਰ ਸਕੂਲ ਦਾ ਕੰਮ ਕਰੀ ਜਾ ਰਿਹਾ ਸੀ। ਚੰਦਨ ਨੇ ਉਸ ਨੂੰ ਐਨਾ ਹੀ ਕਿਹਾ ਕਿ ਚਾਹ ਬਣਾ ਲਵੀਂ, ਮਿਹਰ। ਕੁਲਜੀਤ ਨੂੰ ਜਗਾ ਕੇ ਪਿਆ ਦਈਂ। ਲੜਿਓ ਨਾ। ਤੇ ਫਿਰ ਕਹਿਣ ਲੱਗਿਆ, ਮੈਂ ਚੱਲਿਆ।

ਮਿਹਰ ਨੇ ਪੁੱਛਿਆ ਨਹੀਂ ਕਿ ਉਹ ਕਿੱਥੇ ਜਾ ਰਿਹਾ ਹੈ? ਕਿਉਂ ਜਾ ਰਿਹਾ ਹੈ? ਕਦ ਮੁੜੇਗਾ?

**ਐਤਵਾਰ ਦੋ:**

ਰਾਣੀਸਰ ਦੇ ਬੱਸ ਅੱਡੇ 'ਤੇ ਉਸ ਦਿਨ ਬਹੁਤੀ ਭੀੜ ਨਹੀਂ ਸੀ। ਟਾਹਲੀਆਂ ਦੀ ਛਾਂ ਥੱਲੇ ਦੋਵੇਂ ਪਾਸੇ ਚੌਕੜੀਆਂ 'ਤੇ ਪੰਜ-ਪੰਜ, ਸੱਤ-ਸੱਤ ਸਵਾਰੀਆਂ ਬੈਠੀਆਂ ਸਨ। ਵੇਲਾ ਪਿਛਲੇ ਪਹਿਰਾ ਦਾ ਸੀ। ਸਵੇਰ ਵੇਲੇ ਤਾਂ ਇੱਥੇ ਬਹੁਤ ਭੀੜ ਰਹਿੰਦੀ। ਪਹਿਲੀ ਬੱਸ ਮਿਲ ਜਾਂਦੀ ਤਾਂ ਮਿਲ ਜਾਂਦੀ, ਫਿਰ ਤਾਂ ਬਾਰਾਂ-ਇੱਕ ਵਜੇ ਤੱਕ ਬੱਸਾਂ ਭਰੀਆਂ ਆਉਂਦੀਆਂ ਤੇ ਭਰੀਆਂ ਹੀ ਲੰਘ ਜਾਂਦੀਆਂ। ਕੋਈ-ਕੋਈ ਬੱਸ ਹੀ ਖੜ੍ਹਦੀ ਤੇ ਬਹੁਤ ਘੱਟ ਸਵਾਰੀਆਂ ਚੁੱਕਦੀ। ਪਰ ਇਹ ਹਾਲ ਸ਼ਾਹਕੋਟ ਨੂੰ ਜਾਣ ਵਾਲੀਆਂ ਬੱਸਾਂ ਦਾ ਸੀ। ਦੂਜੇ ਪਾਸੇ ਤਾਂ ਬੱਸਾਂ ਖ਼ਾਲੀ ਜਾਂਦੀਆਂ।

ਚੰਦਨ ਇੱਕ ਚੌਕੜੀ 'ਤੇ ਜਾ ਬੈਠਾ। ਚਮੜੇ ਦਾ ਬੈਗ ਉਸ ਨੇ ਇਕ ਪਾਸੇ ਰੱਖ ਲਿਆ। ਦੂਜੇ ਪਾਸੇ ਦੀ ਚੌਕੜੀ 'ਤੇ ਬੈਠੀਆਂ ਸਵਾਰੀਆਂ ਵੱਲ ਉਸ ਨੇ ਗਹੁ ਨਾਲ ਨਿਗਾਹ ਮਾਰੀ, ਉਨ੍ਹਾਂ ਵਿੱਚ ਅੱਧੀਆਂ ਤੋਂ ਵੱਧ ਸਵਾਰੀਆਂ ਓਪਰੀਆਂ ਸਨ। ਫਿਰ ਉਸ ਦੀ ਨਿਗਾਹ ਆਪਣੇ ਵਾਲੀ ਚੌਕੜੀ ਦੀਆਂ ਸਵਾਰੀਆਂ 'ਤੇ ਫਿਰਨ ਲੱਗੀ। ਇਹ ਸਵਾਰੀਆਂ ਤਾਂ ਸਾਰੀਆਂ ਹੀ ਰਾਣੀਸਰ ਦੀਆਂ ਸਨ। ਇੱਕ ਪਾਸੇ ਕੰਦੋ ਵੀ ਬੈਠੀ ਸੀ। ਚਿੱਟੀ-ਦੁੱਧ ਸਲਵਾਰ, ਨਿੱਕੀ-ਨਿੱਕੀ ਬੂਟੀ ਵਾਲੀ ਮਲਮਲ ਦੀ ਕਮੀਜ਼, ਥੱਲੇ ਦੀ ਮੈਲੇ ਲੱਠੇ ਦੀ ਸਮੀਜ, ਸਿਰ 'ਤੇ ਨੀਲੀ ਬੰਬਰ ਦਾ ਦੁਪੱਟਾ, ਪੈਰਾਂ ਵਿੱਚ ਨਾਈਲੋਨ ਦੀਆਂ ਚੱਪਲਾਂ। ਉਹਦੇ ਹੱਥ ਵਿੱਚ ਸਦਾ ਵਾਂਗ ਕੱਪੜੇ ਦਾ ਝੋਲਾ ਸੀ। ਅੱਧ-ਭਰਿਆ ਜਿਹਾ। ਉਸ ਵਿੱਚ ਕੋਈ ਇੱਕ ਅੱਧ ਕੱਪੜਾ ਹੋਵੇਗਾ ਜਾਂ ਕੁਝ ਹੋਰ ਨਿੱਕ-ਸੁੱਕ। ਸਾਫ਼ ਸੀ, ਉਹ ਸ਼ਾਹਕੋਟ ਨੂੰ ਜਾ ਰਹੀ ਹੋਵੇਗੀ।

ਕੰਦੋ ਮੁੱਲ ਦੀ ਤੀਵੀਂ ਸੀ। ਬਹੁਤ ਸਾਲ ਪਹਿਲਾਂ ਬੰਤਾ ਦਸ-ਨੰਬਰੀਆ ਉਹ ਨੂੰ ਕਿਤੋਂ ਲਿਆਇਆ ਸੀ। ਪਿੰਡ ਵਿੱਚ ਗੱਲ ਛਿੜੀ, ਉਹ ਸ਼ਰਾਬ ਪੀਂਦੀ ਤੇ ਮੀਟ ਖਾਂਦੀ

ਹੈ। ਸ਼ਰਾਬ ਪੀ ਕੇ ਆਦਮੀਆਂ ਵਾਂਗ ਗਾਲ੍ਹਾਂ ਕੱਢਦੀ ਹੈ। ਪਿੰਡ ਦੇ ਹੋਰ ਬਦਮਾਸ਼ ਵੀ ਬੰਤੇ ਦੇ ਘਰ ਜਾਣ ਲੱਗੇ। ਤੇ ਫਿਰ ਇੱਕ ਵਿਆਹ ਵਿੱਚ ਬਹੁਤੀ ਸ਼ਰਾਬ ਪੀ ਕੇ ਬੰਤਾ ਮਰ ਗਿਆ ਸੀ। ਕਹਿੰਦੇ ਸ਼ਰਾਬ ਵਿੱਚ ਕਿਸੇ ਨੇ ਕੁਝ ਦੇ ਦਿੱਤਾ ਸੀ। ਕੰਦੋ ਦੀ ਉਮਰ ਓਦੋਂ ਚਾਲ੍ਹੀ ਤੋਂ ਥੱਲੇ ਸੀ। ਉਹ ਪਿੰਡ ਛੱਡ ਕੇ ਜਾਣ ਲੱਗੀ, ਪਰ ਬੰਤੇ ਦੇ ਮਿੱਤਰ-ਬੇਲੀਆਂ ਨੇ ਉਹ ਨੂੰ ਜਾਣ ਨਹੀਂ ਦਿੱਤਾ। ਕਹਿੰਦੇ ਤੂੰ ਇੱਥੇ ਹੀ ਬੈਠ। ਤੈਨੂੰ ਕਾਸੇ ਦਾ ਘਾਟਾ ਨਹੀਂ। ਅਸੀਂ ਹੈ 'ਗੇ ਆਂ। ਚਾਰ-ਪੰਜ ਸਾਲ ਤਾਂ ਉਹ ਦੇ ਲੰਘੇ। ਫਿਰ ਤਾਂ ਬੰਤੇ ਦਾ ਕੋਈ ਮਿੱਤਰ-ਬੇਲੀ ਉਹ ਦੇ ਕੋਲ ਨਹੀਂ ਆਉਂਦਾ ਸੀ। ਉਹ ਭੁੱਖੀ ਮਰਨ ਲੱਗੀ ਤਾਂ ਛੜਿਆਂ ਲਈ ਰੇਟ ਬੰਨ੍ਹ ਦਿੱਤਾ। ਉਹ ਦਸ ਰੁਪਏ ਲੈਂਦੀ ਤੇ ਸਾਰੀ ਰਾਤ ਅਗਲੇ ਨੂੰ ਘਰ ਰੱਖਦੀ। ਦਾਰੂ-ਮੀਟ ਅਗਲੇ ਦਾ। ਆਉਣ ਵਾਲਿਆਂ ਲਈ ਉਹ ਮਹਿੰਗੀ ਪੈਂਦੀ, ਫਿਰ ਵੀ ਨਿੱਤ ਕੋਈ ਨਾ ਕੋਈ ਆ ਜਾਂਦਾ। ਉਹ ਪਿਛਲੇ ਪਹਿਰ ਤੱਕ ਗਾਹਕ ਉਡੀਕਦੀ, ਨਹੀਂ ਤਾਂ ਝੋਲਾ ਚੁੱਕੇ ਸ਼ਾਹਕੋਟ ਨੂੰ ਚੱਲ ਪੈਂਦੀ। ਸ਼ਾਹਕੋਟ ਦੇ ਕਿੰਨੇ ਹੀ ਕੰਡਕਟਰ-ਡਰਾਈਵਰ ਉਹ ਦੇ ਪੱਕੇ ਗਾਹਕ ਸਨ। ਉਹ ਬੱਸ ਸਟੈਂਡ 'ਤੇ ਪੈਰ ਧਰਦੀ ਤਾਂ ਕੰਡਕਟਰ-ਡਰਾਈਵਰਾਂ ਵਿੱਚ ਘੁਸਰ-ਮੁਸਰ ਹੋਣ ਲੱਗ ਪੈਂਦੀ-ਬੁੱਢਾ ਪਹਿਲਵਾਨ ਆਇਐ। ਕੰਢਿਆਂ ਤੱਕ ਉਬਲਿਆ ਕੋਈ ਉਹ ਦੀ ਬਾਂਹ ਫੜਦਾ ਤੇ ਹੱਥ ਜੋੜ ਦਿੰਦਾ। ਉਹ ਖ਼ੁਸ਼ ਹੋ ਜਾਂਦੀ ਤੇ ਮੁਸਕਰਾ ਦਿੰਦੀ। ਓਦਣ ਦੀ ਰਾਤ ਓਸੇ ਕੋਲ ਰਹਿੰਦੀ।

ਬੱਸ ਆਈ ਤਾਂ ਸਵਾਰੀਆਂ ਚੜ੍ਹ ਗਈਆਂ। ਕੰਦੋ ਦੇ ਨਾਲ ਵਾਲੀ ਸੀਟ ਖਾਲੀ ਸੀ। ਚੰਦਨ ਨੇ ਸਾਰੀ ਬੱਸ ਵਿੱਚ ਨਿਗਾਹ ਮਾਰੀ, ਕੋਈ ਵੀ ਹੋਰ ਸੀਟ ਖਾਲੀ ਨਹੀਂ ਸੀ। ਉਹ ਕੰਦੋ ਨਾਲ ਨਹੀਂ ਬੈਠਾ। ਡਰਾਈਵਰ ਦੀ ਸੀਟ ਮਗਰ ਤਿੰਨ ਪਤਲੇ-ਪਤਲੇ ਬੰਦੇ ਬੈਠੇ ਸਨ, ਉਨ੍ਹਾਂ ਤੋਂ ਪਾਸਾ ਮਰਵਾ ਕੇ ਉਹ ਕਿਨਾਰੇ 'ਤੇ ਇੱਕ ਚਿੱਤੜ ਰੱਖ ਕੇ ਬੈਠ ਗਿਆ। ਰਾਣਸੀਰ ਤੋਂ ਸ਼ਾਹਕੋਟ ਪੰਜ ਮੀਲ ਸੀ। ਡਰਾਈਵਰ ਨੇ ਸ਼ੀਸ਼ਾ ਕੰਦੋ 'ਤੇ ਫਿੱਟ ਕਰਨਾ ਚਾਹਿਆ, ਪਰਨਹੀਂ। ਪਹਿਲਾਂ ਵਾਲੀ ਥਾਂ 'ਤੇ ਹੀ ਉਸ ਨੂੰ ਇੱਕ ਨਵ-ਵਿਆਹੀ ਮੁਟਿਆਰ ਦਿੱਸ ਰਹੀ ਸੀ। ਦੋ ਵਾਰ ਹੀ ਅੱਖਾਂ ਲੜੀਆਂ ਹੋਣਗੀਆਂ ਕਿ ਸ਼ਾਹਕੋਟ ਆ ਗਿਆ। ਨਵ-ਵਿਆਹੀ ਮੁਟਿਆਰ ਰਾਣੀਸਰ ਤੋਂ ਹੀ ਚੜ੍ਹੀ ਸੀ।

ਸ਼ਾਹਕੋਟ ਤੋਂ ਬੱਸ ਬਦਲ ਕੇ ਚੰਦਨ ਦੂਜੀ ਬੱਸ ਵਿੱਚ ਬੈਠ ਗਿਆ। ਇਹ ਸ਼ਾਇਦ ਆਖ਼ਰੀ ਬੱਸ ਹੋਵੇਗੀ। ਬੇਹੱਦ ਭੀੜ ਸੀ। ਛੱਤ ਦਾ ਡੰਡਾ ਫੜ ਕੇ ਉਸ ਨੂੰ ਖੜ੍ਹਨਾ ਹੀ ਪਿਆ। ਬੱਸ ਤੁਰੀ ਤਾਂ ਮੁੜ੍ਹਕਾ ਸੁੱਕਣ ਲੱਗਿਆ। ਹਵਾ ਦੇ ਤੱਤੇ ਫਰਾਟੇ ਅੰਦਰ ਲੰਘ ਆਏ। ਉਹ ਖ਼ੁਸ਼ ਸੀ। ਪਰ ਕਦੇ-ਕਦੇ ਗਰਮੀ ਦੇ ਮੌਸਮ ਦਾ ਖ਼ਿਆਲ ਉਹ ਦੇ ਮਨ ਨੂੰ ਬਿੰਦ-ਝੱਟ ਲਈ ਉਦਾਸ ਕਰ ਜਾਂਦਾ। ਪਿਛਲੀ ਵਾਰ ਜਦੋਂ ਉਹ ਧਰਮਗੜ੍ਹ ਆਇਆ ਸੀ ਤਾਂ ਸਿਆਲ ਸੀ। ਸਿਆਲ ਵਿੱਚ ਤਾਂ ਵਧੀਆ ਰਿਹਾ ਸੀ। ਗਰਮੀ ਵਿੱਚ ਤਾਂ ਲੋਕ ਕੋਠਿਆਂ 'ਤੇ ਸੌਂਦੇ। ਪਰ ਧਰਮਗੜ੍ਹ ਵਿੱਚ ਬਿਜਲੀ ਸੀ। ਬਿਜਲੀ ਹੀ ਉਹ ਦਾ ਆਖ਼ਰੀ ਸਹਾਰਾ ਸੀ।

ਧਰਮਗੜ੍ਹ ਵਿੱਚ ਉਹ ਦਾ ਇੱਕ ਵਾਕਫ਼ ਸੀ। ਉਹ ਦੇਸੀ ਸ਼ਰਾਬ ਦਾ ਠੇਕੇਦਾਰ ਸੀ। ਸ਼ਾਹਕੋਟ ਦੀ ਬੈਂਕ ਵਿੱਚ, ਜਿੱਥੇ ਚੰਦਨ ਕੰਮ ਕਰਦਾ ਸੀ, ਠੇਕੇਦਾਰ ਕਸ਼ਮੀਰਾ ਸਿੰਘ ਨੂੰ ਕੰਮ ਰਹਿੰਦਾ। ਇੱਕ ਦਿਨ ਚੰਦਨ ਨੇ ਕਸ਼ਮੀਰਾ ਸਿੰਘ ਕੋਲ ਗੱਲ ਤੋਰੀ ਕਿ ਉਨ੍ਹਾਂ ਦੇ

ਪਿੰਡ ਇੱਕ ਤੀਵੀਂ ਹੈ। ਉਹ ਦੇ ਘਰ ਵਾਲਾ ਸ਼ਾਹਕੋਟ ਹੀ ਇੱਕ ਵਕੀਲ ਦਾ ਮੁਣਸ਼ੀ ਹੈ। ਧਰਮਗੜ੍ਹ ਤੋਂ ਨਿੱਤ ਆਉਂਦਾ ਹੈ।

'ਹਾਹੋ, ਉਹ ਤਾਂ ਸਾਡਾ ਨਿੱਤ ਦਾ ਗਾਹਕ ਐ।' ਕਸ਼ਮੀਰਾ ਸਿੰਘ ਬੋਲਿਆ। 'ਸਾਲੇ ਨੂੰ ਪਾਣੀ ਪਿਆਈਂਦੈ ਨਿਰਾ। ਤੂੰ ਗੱਲ ਕਰ, ਅਣਲੱਗ ਦੇ ਦਿਆ ਕਰੀਏ?'

'ਓਏ ਨਹੀਂ, ਇਹ ਗੱਲ ਛੱਡ। ਉਹ ਦੀ ਤੀਵੀਂ ਜਿਹੜੀ ਐ ਨਾ। ਉਹ ਬੇਲਣ ਐ ਮੇਰੀ। ਚੱਲਾਂ ਕਦੇ ਤੇਰੇ ਨਾਲ, ਰਾਤ ਰਹਿਣ ਦਾ ਪ੍ਰਬੰਧ ਹੋ ਸਕਦੈ?'

'ਜਦ ਕਹੇਂ, ਕੋਈ ਕਰ ਲਵਾਂਗੇ ਬੰਦੋਬਸਤ।' ਕਸ਼ਮੀਰਾ ਸਿੰਘ ਨੇ ਕਹਿ ਦਿੱਤਾ। ਤੇ ਫਿਰ ਕਸ਼ਮੀਰਾ ਸਿੰਘ ਨਾਲ ਚੰਦਨ ਧਰਮਗੜ੍ਹ ਨੂੰ ਗਿਆ ਸੀ। ਦੇਵਾਂ ਦੇ ਮਰਨ ਤੋਂ ਸਾਲ ਭਰ ਬਾਅਦ ਦੀ ਇਹ ਗੱਲ ਸੀ। ਮੁਣਸ਼ੀ ਸਮਝਿਆ ਵਕਾਲਤ ਦਾ ਕੋਈ ਕੇਸ ਹੈ। ਚੰਦਨ ਤੇ ਕਸ਼ਮੀਰਾ ਸਿੰਘ ਨੇ ਗੱਲ ਵੀ ਕੋਈ ਅਜਿਹੀ ਹੀ ਘੜ ਲਈ। ਮੁਣਸ਼ੀ ਦੇ ਘਰ ਬੈਠ ਕੇ ਹੀ ਉਹ ਪੀਣ ਲੱਗੇ। ਮੁਣਸ਼ੀ ਦੀ ਔਰਤ ਖੁਸ਼ ਸੀ। ਚੰਦਨ ਉਹ ਨੂੰ ਚੌਦਾਂ ਸਾਲ ਬਾਅਦ ਮਿਲਿਆ ਸੀ। ਮਾਲੇਰਕੋਟਲਾ ਵੱਲ ਭੁਰਥਲਾ ਮੰਡੇਰ ਪਿੰਡ ਚੰਦਨ ਦੀ ਮਾਸੀ ਸੀ। ਬਚਪਨ ਵਿੱਚ ਉਹ ਓਥੇ ਪੜ੍ਹਿਆ ਸੀ। ਮੁਣਸ਼ੀ ਦੀ ਔਰਤ ਰੇਸ਼ਮਾ ਓਥੋਂ ਦੀ ਧੀ ਸੀ। ਅੱਠ ਜਮਾਤਾਂ ਤੱਕ ਉਹ ਇਕੱਠੇ ਪੜ੍ਹੇ ਸਨ। ਰੇਸ਼ਮਾ ਹੱਡਾਂ-ਪੈਰਾਂ ਦੀ ਖੁੱਲ੍ਹੀ ਸੀ ਤੇ ਸਾਰੀਆਂ ਕੁੜੀਆਂ ਨਾਲੋਂ ਵੀ। ਚੰਦਨ ਨੂੰ ਉਹ ਛੇੜਦੀ ਰਹਿੰਦੀ ਤੇ ਫਿਰ ਉਹ ਬਾਹਰ ਖੇਤਾਂ ਵਿੱਚ ਮਿਲਣ ਲੱਗੇ ਸਨ। ਰੇਸ਼ਮਾ ਨੂੰ ਘਰ ਦਿਆਂ ਨੇ ਬਹੁਤ ਕੁੱਟਿਆ ਤੇ ਪੜ੍ਹਨੋਂ ਹਟਾ ਲਿਆ। ਚੰਦਨ ਰਾਣੀਸਰ ਆ ਕੇ ਸ਼ਾਹਕੋਟ ਪੜ੍ਹਨ ਲੱਗਿਆ।

ਹੁਣ ਰੇਸ਼ਮਾ ਦੇ ਦੋ ਮੁੰਡੇ ਤੇ ਤਿੰਨ ਕੁੜੀਆਂ ਸਨ। ਕਬੀਲਦਾਰੀ ਵਿੱਚ ਪੂਰੀ ਫਸੀ ਹੋਈ ਸੀ। ਉਹ ਤਿੰਨੇ ਜਣੇ ਸ਼ਰਾਬ ਪੀ ਰਹੇ ਸਨ। ਆਨੀ-ਬਹਾਨੀ ਉਹ ਉਨ੍ਹਾਂ ਕੋਲ ਆਉਂਦੀ ਤੇ ਆਪਣੇ ਪਤੀ ਨਾਲ ਕੋਈ ਗੱਲ ਕਰਦੀ ਚੰਦਨ ਵੱਲ ਦੇਖ ਜਾਂਦੀ। ਚੰਦਨ ਮੱਲੋ-ਮੱਲੀ ਕੋਈ ਸਾਂਝੀ ਜਿਹੀ ਗੱਲ ਕਰਦਾ, ਜਿਸ ਦਾ ਸਬੰਧ ਉਹ ਦੇ ਆਪਣੇ ਨਾਲ ਹੁੰਦਾ, ਰੇਸ਼ਮਾ ਤਿੰਨ ਵਾਰੀ ਕਹਿ ਕੇ ਗਈ, 'ਇਨ੍ਹਾਂ ਨੂੰ ਬਹੁਤੀ ਨਾ ਪਿਆਇਓ। ਅਜੇ ਤਾਂ ਕੱਲ੍ਹ ਸੂਏ ਲਗਣੋਂ ਹਟੇ ਨੇ।'

'ਸੂਏ ਈ ਲੱਗ ਕੇ ਸਰ ਜਾਂਦੈ ਤਾਂ, ਬੀਬੀ ਹੋਰ ਲਵਾ ਲਵਾਂਗੇ ਕੱਲ੍ਹ ਨੂੰ। ਹੁਣ ਤਾਂ ਪੀਣ ਦਿਓ, ਮੁਣਸ਼ੀ ਸਾਅਬ ਨੂੰ।' ਕਸ਼ਮੀਰਾ ਸਿੰਘ ਬੋਲਿਆ।

ਉਹ ਸਾਰੇ ਹੱਸੇ। ਰੇਸ਼ਮਾ ਵੀ ਹੱਸ ਪਈ। ਪਰ ਦੂਜੇ ਪਲ ਹੀ ਗੰਭੀਰ ਹੋ ਕੇ ਚੰਦਨ ਵੱਲ ਝਾਕਣ ਲੱਗੀ। ਬਹੁਤੀ ਪੀਤੀ ਹੋਣ ਦਾ ਬਹਾਨਾ ਕਰਕੇ ਚੰਦਨ ਮੁਣਸੀ ਦੇ ਘਰ ਹੀ ਸੌਂ ਗਿਆ। ਸਿਆਲਾਂ ਦੇ ਦਿਨ ਸਨ। ਅੱਧੀ ਰਾਤ ਚੰਦਨ ਉੱਠਿਆ। ਰੇਸ਼ਮਾ ਦੇ ਮੰਜੇ ਤੱਕ ਪਹੁੰਚਿਆ। ਉਸ ਨੇ ਹੱਥ ਜੋੜ ਦਿੱਤੇ। ਕਹਿਣ ਲੱਗੀ, 'ਇਹ ਨੂੰ ਤਾਂ ਝੱਟ ਜਾਗ ਆ ਜਾਂਦੀ ਐ। ਮੈਨੂੰ ਵੱਸਦੀ-ਰੱਸਦੀ ਨੂੰ ਕਿਉਂ ਪੱਟਣ ਆ ਗਿਆ।'

'ਮੈਂ ਪੱਟਿਆ ਫਿਰਦਾਂ, ਪਹਿਲਾਂ ਹੀ।' ਚੰਦਨ ਨੇ ਸਾਰੀ ਗੱਲ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਰੇਸ਼ਮਾ ਨੇ ਇੱਕ ਨਾ ਸੁਣੀ ਤੇ ਉਹ ਦੇ ਮੂੰਹ 'ਤੇ ਆਪਣਾ ਹੱਥ ਰੱਖ ਕੇ ਉਹ ਨੂੰ ਆਪਣੇ ਮੰਜੇ 'ਤੇ ਜਾ ਕੇ ਪੈਣ ਲਈ ਆਖਿਆ। ਕੰਬਦਾ-ਟੁੱਟਦਾ ਲੰਬੇ-ਲੰਬੇ ਸਾਹ ਭਰਦਾ ਉਹ ਆਪਣੇ ਮੰਜੇ 'ਤੇ ਰਜ਼ਾਈ ਵਿੱਚ ਆ ਵੜਿਆ। ਜਿਵੇਂ ਕੋਈ ਭੂਤ ਚੁੱਪ

ਕੀਤਾ ਹੀ ਆਪਣੀ ਕਬਰ ਵਿੱਚੋਂ ਨਿਕਲ ਤੁਰਿਆ ਹੋਵੇ ਤੇ ਫਿਰ ਚੁੱਪ ਕੀਤਾ ਹੀ ਵਾਪਸ ਕਬਰ ਵਿੱਚ ਦਾਖ਼ਲ ਹੋ ਰਿਹਾ ਹੋਵੇ।

ਅਗਲੇ ਦਿਨ ਸਵੇਰੇ ਹੀ ਮੁਣਸ਼ੀ ਸਾਈਕਲ ਲੈ ਕੇ ਖੇਤ ਵਿੱਚ ਮੱਝ ਲਈ ਪੱਠੇ ਵੱਢਣ ਗਿਆ ਤਾਂ ਰੇਸ਼ਮਾ ਚੰਦਨ ਕੋਲ ਆਈ। ਬੱਚੇ ਸਾਰੇ ਅਜੇ ਸੁੱਤੇ ਪਏ ਸਨ। ਚੰਦਨ ਵੀ ਸੁੱਤਾ ਹੋਇਆ ਸੀ। ਝਟਕੇ ਨਾਲ ਉਸ ਨੇ ਚੰਦਨ ਦੇ ਮੂੰਹ 'ਤੋਂ ਰਜਾਈ ਉਤਾਰੀ ਤੇ ਉਸ ਨੂੰ ਬੇਤਹਾਸ਼ਾ ਚੁੰਮਣ ਲੱਗੀ। ਰੋ ਵੀ ਰਹੀ ਸੀ।

'ਉਹ ਕਿੱਥੇ ਐ?' ਚੰਦਨ ਨੇ ਘਬਰਾਹਟ ਵਿੱਚ ਪੁੱਛਿਆ।

'ਪੱਠੇ ਲੈਣ ਗਿਐ। ਅੱਧੇ ਘੰਟੇ ਨੂੰ ਮੁੜੂ।' ਰੇਸ਼ਮਾ ਨੇ ਦੱਸਿਆ।

'ਫੇਰ ਤਾਂ....' ਚੰਦਨ ਉੱਠ ਕੇ ਬੈਠਾ ਹੋ ਗਿਆ।

'ਨਹੀਂ ਇਹ ਨਹੀਂ....'

'ਕਿਉਂ?'

'ਮੈਂ ਠੀਕ ਨਹੀਂ।'

'ਝੂਠ ਬੋਲਦੀ ਐਂ।'

'ਨਹੀਂ, ਤੇਰੀ ਸਹੁੰ।'

'ਬਕਵਾਸ ਨਾ ਮਾਰ।' ਚੰਦਨ ਦਾ ਸਾਹ ਚੜ੍ਹਿਆ ਹੋਇਆ ਸੀ।

ਨਾਂਹ, ਔਣ ਵਾਲਿਐ ਹੁਣ ਤਾਂ। ਉਸ ਨੇ ਚੰਦਨ ਦੀ ਗੱਲ੍ਹ 'ਤੇ ਚੂੰਢੀ ਵੱਢੀ ਤੇ ਉਹ ਦੇ ਕੋਲੋਂ ਚਿੜੀ ਪੂੰਝਾ ਛੁਡਾ ਕੇ ਬਿਜਲੀ ਦੀ ਤਰ੍ਹਾਂ ਅੰਦਰ ਨੂੰ ਤੁਰ ਗਈ। ਘਰ ਵਿੱਚ ਪਤਾ ਨਹੀਂ ਕਿੱਥੇ ਗੁਆਚ ਗਈ। ਚੰਦਨ ਨੇ ਹਾਕਾਂ ਮਾਰੀਆਂ। ਉਹ ਆਈ ਨਹੀਂ। ਕੁਝ ਦੇਰ ਬਾਅਦ ਮੁਸ਼ਣੀ ਦਾ ਸਾਈਕਲ ਖੜਕਿਆ। ਬੁੱਸਿਆ ਮੂੰਹ ਲੈ ਕੇ ਚੰਦਨ ਕਸ਼ਮੀਰਾ ਸਿੰਘ ਦੇ ਘਰ ਆਇਆ। ਨਹਾਉਣ ਲਈ ਪਾਣੀ ਮੰਗਣ ਲੱਗਿਆ।

ਤੇ ਫਰ ਮਹੀਨੇ ਕੁ ਬਾਅਦ ਉਹ ਧਰਮਗੜ੍ਹ ਗਿਆ। ਇਸ ਵਾਰ ਉਨ੍ਹਾਂ ਨੇ ਕਸ਼ਮੀਰਾ ਸਿੰਘ ਦੇ ਘਰ ਸ਼ਰਾਬ ਪੀਤੀ। ਮੁਣਸ਼ੀ ਨੂੰ ਡਬਲ ਪੈੱਗ ਦਿੱਤਾ ਜਾਂਦਾ ਰਿਹਾ। ਉਹ ਦੀਆਂ ਲੱਤਾਂ ਲੜ ਖੜਾਉਣ ਲੱਗੀਆਂ ਤਾਂ ਕਸ਼ਮੀਰਾ ਸਿੰਘ ਨੇ ਉਸ ਨੂੰ ਆਪਣੇ ਘਰ ਹੀ ਪਾ ਲਿਆ। ਰੋਟੀ ਖਾਧੇ ਬਗੈਰ ਹੀ ਉਹ ਘੁਰਾੜੇ ਮਾਰਨ ਲੱਗਿਆ।

ਰੇਸ਼ਮਾ ਨਾਲ ਪਹਿਲਾਂ ਮਿੱਥੀ ਗੱਲ ਅਨੁਸਾਰ ਚੰਦਨ ਨੇ ਅੱਧੀ ਰਾਤ ਉਹ ਦਾ ਬਾਰ ਥਪਥਪਾਇਆ। ਸਾਰੇ ਬੱਚਿਆਂ ਨੂੰ ਸੁਲਾ ਕੇ ਉਹ ਪਹਿਲਾਂ ਹੀ ਬੈਠੀ ਚੰਦਨ ਨੂੰ ਉਡੀਕ ਰਹੀ ਸੀ। ਮੱਧਮ ਰੋਸ਼ਨੀ ਦਾ ਬਲ੍ਹਬ ਜਗ ਰਿਹਾ ਸੀ। ਜਾਣ ਸਾਰ ਚੰਦਨ ਨੇ ਬਲ੍ਹਬ ਬੁਝਾ ਦਿੱਤਾ। ਰੇਸ਼ਮਾ ਨੂੰ ਘੁੱਟ ਕੇ ਜੱਫ਼ੀ ਪਾਈ ਤੇ ਫਿਰ ਪਾਣੀ ਮੰਗਿਆ। ਪਾਣੀ ਦਾ ਜੱਗ ਉਹ ਲੈ ਆਈ ਤੇ ਇੱਕੋ ਸਾਹ ਚੰਦਨ ਨੇ ਜੱਗ ਨੂੰ ਅੱਧਾ ਕਰ ਦਿੱਤਾ। ਪਤਾ ਨਹੀਂ ਉਹ ਦੇ ਅੰਦਰ ਕਿਹੜੀ ਪਿਆਸ ਸੀ, ਕਿਹੜੀ ਅੱਗ ਸੀ। ਉਹ ਦੇ ਲਈ ਤਾਂ ਜਿਵੇਂ ਉਹ ਮੁਕਲਾਵੇ ਵਾਲੀ ਰਾਤ ਸੀ।

ਤਿੰਨ ਵਜੇ ਤੱਕ ਚੰਦਨ ਨਿਢਾਲ ਹੋ ਕੇ ਪਿਆ ਸੀ। ਰੇਸ਼ਮਾ ਵੱਲ ਉਹ ਦੀ ਪਿੱਠ ਸੀ।

'ਬੱਸ?' ਰੇਸ਼ਮਾ ਨੇ ਉਹ ਦੇ ਸਿਰ 'ਤੇ ਵਾਲਾਂ ਦੀ ਕੰਘੀ ਕਰਕੇ ਪੁੱਛਿਆ।

'ਬੱਸ, ਹੁਣ ਨਹੀਂ ਹਿੰਮਤ।' ਉਹ ਮਸ੍ਹਾਂ ਹੀ ਬੋਲ ਸਕਿਆ।

'ਮੈਨੂੰ ਤਾਂ ਕੁੱਛ ਨਹੀਂ ਹੋਇਆ।' ਕਹਿ ਕੇ ਰੇਸ਼ਮਾ ਹੱਸ ਪਈ।

'ਤੂੰ ਤਾਂ ਭੁਰਥਲੇ ਵਾਲੀ ਗੱਲ ਭਾਲਦੀ ਐਂ।'

'ਚੰਗਾ, ਮੂੰਹ ਤਾਂ ਕਰ ਐਧਰ।'

ਚੰਦਨ ਨੇ ਪਾਸਾ ਲਿਆ ਤਾਂ ਰੇਸ਼ਮਾ ਉਹ ਨੂੰ ਗੱਲਾਂ ਪੁੱਛਣ ਲੱਗੀ। ਚੰਦਨ ਨੇ ਰੇਸ਼ਮਾ ਨੂੰ ਹਿੱਕ ਨਾਲ ਲਾ ਕੇ ਦੇਵਾ ਬਾਰੇ ਦੱਸਿਆ ਤੇ ਉਸ ਤੋਂ ਬਾਅਦ ਦੀ ਸਾਰੀ ਹਾਲਤ। ਤੇ ਫਿਰ ਚੰਦਨ ਨੇ ਰੋਣਾ ਸ਼ੁਰੂ ਕਰ ਦਿੱਤਾ। ਰੇਸਮਾ ਉਹ ਦੀਆਂ ਅੱਖਾਂ ਪੂੰਝਣ ਲੱਗੀ। ਕਹਿੰਦੀ, 'ਤੂੰ ਜਵਾਕਾਂ ਨੂੰ ਪਾਲ ਹੁਣ।'

'ਜਵਾਕ ਤਾਂ ਪਲ ਜਾਣਗੇ, ਮੇਰਾ.....'

'ਤੂੰ ਸਬਰ ਕਰ।'

'ਸਬਰ ਹੁੰਦਾ ਨਹੀਂ।' ਚੰਦਨ ਨੇ ਬਹੁਤ ਉਦਾਸ ਸ਼ਬਦਾਂ ਵਿੱਚ ਕਿਹਾ। ਤੇ ਫਿਰ ਪੁੱਛਣ ਲੱਗਿਆ, 'ਕੀ ਇਹ ਨਹੀਂ ਹੋ ਸਕਦਾ ਰੇਸ਼ਮਾ, ਮੈਂ ਤੇਰੇ ਕੋਲ ਮਹੀਨੇ-ਦੋ ਮਹੀਨਿਆਂ ਬਾਅਦ ਆ ਜਾਇਆ ਕਰਾਂ? ਪੰਜ-ਸੱਤ ਸਾਲ ਲੰਘ ਜਾਣ, ਫੇਰ ਤਾਂ ਕੋਈ ਲੋੜ ਨਹੀਂ ਰਹਿਣੀ।'

'ਲੋੜ ਤਾਂ ਬੰਦੇ ਨੂੰ ਸੱਠ ਸਾਲ ਤੱਕ ਰਹਿੰਦੀ ਐ। ਇਹ ਦੀ ਗੱਲ ਛੱਡ।'

'ਦੱਸ, ਤੂੰ ਬਣੇਂਗੀ ਮੇਰਾ ਸਹਾਰਾ?'

'ਹੋਇਆ ਕਦੇ ਸਾਲ ਛੇ ਮਹੀਨੀਂ। ਨਿੱਤ ਤਾਂ ਇਹ ਕੰਮ ਠੀਕ ਨ੍ਹੀਂ। ਭੋਰਾ ਵੀ ਕਿਧਰੇ ਕੋਈ ਗੱਲ ਨਿਕਲ ਗਈ, ਮੇਰਾ ਕੱਖ ਨਹੀਂ ਰਹਿਣਾ।'

'ਨਹੀਂ, ਤੈਨੂੰ ਕੁਛ ਨੀ ਹੁੰਦਾ। ਮੈਨੂੰ ਕੀ ਤੇਰੀ ਇੱਜ਼ਤ ਦੀ ਲੋੜ ਨ੍ਹੀਂ?'

ਰੇਸ਼ਮਾ ਚੁੱਪ ਸੀ। ਤੇ ਫਿਰ ਚੰਦਨ ਨੇ ਮਾਚਸ ਦੀ ਤੀਲੀ ਜਲਾਈ।

'ਕੀ ਟਾਈਮ ਹੋ ਗਿਆ' ਰੇਸ਼ਮਾ ਨੇ ਪੁੱਛਿਆ।

'ਚਾਰ ਵੱਜਣ ਵਾਲੇ ਨੇ।'

ਰੇਸ਼ਮਾ ਫੁਰਤੀ ਨਾਲ ਉੱਠੀ। ਕਹਿ ਰਹੀ ਸੀ, 'ਹੁਣ ਜਾਹ, ਬੱਸ।'

'ਫੇਰ ਕਦੋਂ? ਸਿਰ ਦਾ ਜੂੜਾ ਬੰਨ੍ਹ ਰਿਹਾ ਪੁੱਛ ਰਿਹਾ ਸੀ।'

'ਫੇਰ ਦੇਖੀ ਜਾਊਂ, ਏਵੇਂ ਜਿਵੇਂ। ਜਾਹ ਹੁਣ। ਲੋਕ ਬੀਹੀਆਂ ਗਲੀਆਂ ਵਿੱਚ ਤੁਰੇ ਫਿਰਦੇ ਹੋਣਗੇ। ਦੇਖ ਲਿਆ ਕਿਸੇ ਨੇ, ਤਾਂ......।'

ਚੰਦਨ ਰੇਸ਼ਮਾ ਨੂੰ ਬਹੁਤ ਸ਼ਿੱਦਤ ਨਾਲ ਚੁੰਮ ਕੇ ਦਰਵਾਜ਼ੇ ਵੱਲ ਵਧਿਆ। ਅਜੇ ਵੀ ਉਹ ਦਾ ਮਨ ਨਹੀਂ ਭਰਿਆ ਸੀ। ਉਸ ਨੇ ਕਈ ਵਾਰ ਫਿਰ ਦਰਵਾਜ਼ੇ ਤੱਕ ਛੱਡਣ ਆਈ ਰੇਸ਼ਮਾ ਨੂੰ ਹਿੱਕ ਨਾਲ ਪੋਲਾ ਜਿਹਾ ਘੁੱਟਿਆ ਤੇ ਦਰੋਂ ਬਾਹਰ ਹੋ ਗਿਆ।

ਅੱਜ ਉਹ ਧਰਮਗੜ੍ਹ ਬੱਸ ਵਿੱਚੋਂ ਉਤਰਿਆ ਤਾਂ ਕਸ਼ਮੀਰਾ ਸਿੰਘ ਠੇਕੇ 'ਤੇ ਬੈਠੇ ਦੂਜੇ ਬੰਦਿਆਂ ਨੂੰ ਕੋਈ ਮਸ਼ਕਰੀ ਕਰਦਾ ਤਾਂ ਚੰਦਨ ਵੀ ਦੰਦ ਕੱਢ ਲੈਂਦਾ। ਉਸ ਨੂੰ ਆਪਣਾ ਇਸ ਪ੍ਰਕਾਰ ਹੱਸਣਾ ਬਹੁਤ ਭੈੜਾ ਲੱਗ ਰਿਹਾ ਸੀ। ਉਸ ਨੂੰ ਆਪਣੇ 'ਤੇ ਤਰਸ ਆਉਣ ਲੱਗਿਆ। ਇਹ ਦਿਨ ਵੀ ਆਉਣੇ ਸਨ, ਉਹ ਸੋਚਦਾ।

ਦਿਨ ਛਿਪਣ 'ਤੇ ਆਇਆ ਤਾਂ ਕਸ਼ਮੀਰਾ ਸਿੰਘ ਉੱਠਿਆ। ਨੌਕਰ ਨੂੰ ਕੁਝ ਗੱਲਾਂ ਸਮਝਾਈਆਂ ਤੇ ਫਿਰ ਚੰਦਨ ਨੂੰ ਕਹਿਣ ਲੱਗਿਆ, 'ਚੱਲੀਏ, ਬਾਊ ਜੀ? ਕਰੀਏ ਪਤਾ ਮੁਣਸ਼ੀ ਦਾ?'

ਕਸ਼ਮੀਰਾ ਸਿੰਘ ਦੇ ਇਸ ਢੰਗ ਨਾਲ ਪੁੱਛਣ ’ਤੇ ਉਹ ਦੇ ਮੂੰਹ ਵੱਲ ਅਜੀਬ ਜਿਹਾ ਦੇਖਣ ਨੇ ਚੰਦਨ ਨੂੰ ਜਿਵੇਂ ਧਰਤੀ ਵਿੱਚ ਗੱਡ ਦਿੱਤਾ ਹੋਵੇ। ਉਹ ਨੂੰ ਇੱਕ ਧੁੜਧੜੀ ਆਈ। ਉਹ ਦਾ ਦਿਲ ਕੀਤਾ, ਉਹ ਵਾਪਸ ਸ਼ਾਹਕੋਟ ਨੂੰ ਮੁੜ ਜਾਵੇ ਤੇ ਕਿਸੇ ਕੁਲੀਗ ਦੇ ਘਰ ਜਾ ਕੇ ਰਾਤ ਕੱਟ ਲਵੇ, ਪਰ ਨਹੀਂ। ਬੇਸ਼ਰਮੀ ਦੀ ਹਾਲਤ ਵਿੱਚ ਉਹ ਕਸ਼ਮੀਰਾ ਸਿੰਘ ਦੇ ਨਾਲ-ਨਾਲ ਤੁਰਨ ਲੱਗਿਆ।

ਮੁਣਸ਼ੀ ਦੇ ਘਰ ਪਹੁੰਚੇ, ਉਹ ਘਰ ਨਹੀਂ ਸੀ। ਰੇਸ਼ਮਾ ਨੇ ਚਾਹ ਬਣਾਈ। ਛੇਤੀ-ਛੇਤੀ ਚਾਹ ਪੀ ਕੇ ਕਸ਼ਮੀਰਾ ਸਿੰਘ ਉਨ੍ਹਾਂ ਦੇ ਬਾਰ ਅੱਗੇ ਜਾ ਖੜ੍ਹਾ ਤੇ ਗਲੀ ਵਿੱਚ ਲੰਘ ਰਹੇ ਕਿਸੇ ਬੰਦੇ ਨਾਲ ਗੱਲਾਂ ਕਰਨ ਲੱਗਿਆ।

‘ਉਹ ਕਿੱਥੇ ਐ? ਚੰਦਨ ਨੇ ਪੁੱਛਿਆ।’

‘ਐਥੇ ਹੀ ਐ, ਪਿੰਡ ’ਚ ਗਿਆ ਹੋਇਐ ਕਿਸੇ ਕੋਲ।’

‘ਅੱਜ ਅਸੀਂ ਓਸ ਨੂੰ ਫੇਰ ਲੈ ਜਾਵਾਂਗੇ। ਮੈਂ ਆਊਂਗਾ ਰਾਤ ਨੂੰ। ਬਾਰ ਦਾ ਕੁੰਡਾ ਖੁੱਲ੍ਹਾ ਰੱਖੀਂ, ਚੰਗਾ?’

‘ਨਾ-ਨਾ, ਇਹ ਗੱਲ ਝੂਠੀ। ਐਨੀ ਤਾਂ ਗਰਮੀ ਐ। ਮੈਂ ਤਾਂ ਵਿਹੜੇ ਵਿੱਚ ਪਈ ਹੋਵਾਂਗੀ।’

‘ਫੇਰ ਕੀਹ ਐ। ਉੱਠ ਕੇ ਅੰਦਰ ਆ ਜਾਈਂ। ਬਿਜਲੀ ਹੈਗੀ ਐ। ਪੱਖਾ ਛੱਡ ਲਈਂ।’

‘ਮਗਰੋਂ ਕੋਈ ਜਵਾਕ ਜਾਗ ਪਿਆ ਫੇਰ? ਕੋਠਿਆਂ ’ਤੇ ਪਏ ਹੁੰਦੇ ਐ।’

‘ਮੈਂ ਆਊਗਾ।’

‘ਨਹੀਂ।’

‘ਨਹੀਂ, ਮੈਂ ਤਾਂ ਜ਼ਰੂਰ ਆਊਂਗਾ।’

‘ਔਂਦਾ ਫਿਰੀਂ। ਮੈਂ ਕੁੰਡਾ ਨ੍ਹੀਂ ਖੋਲ੍ਹਣਾ।’

‘ਨਾ ਖੋਲ੍ਹੀਂ। ਕੰਧ ਨਾਲ ਟੱਕਰ ਮਾਰ ਕੇ ਇੱਥੇ ਈ ਮਰ ਜੂੰ।’

‘ਸੌ ਵਾਰੀ ਮਾਰੀ ਟੱਕਰ। ਮਰਦਾ ਫਿਰੀਂ। ਤੇ ਫਿਰ ਨਰਮ ਜਿਹੀ ਪੈ ਕੇ ਕਹਿਣ ਲੱਗੀ, ‘ਤੇਰੀ ਇਹ ਗੱਲ ਮਾੜੀ ਐ, ਚੰਦਨ। ਜ਼ਿੱਦ ਕਰਨ ਲੱਗ ਪੈਨੈਂ। ਧੱਕਾ ਕਰੇਂਗਾ ਤਾਂ ਮੈਂ ਨਹੀਂ ਬੋਲਣਾ ਮੁੜਕੇ।’

‘ਨਾ ਬੋਲੀ, ਪਰ ਮੈਂ ਆਊਂਗਾ ਜ਼ਰੂਰ।’ ਉਹ ਹੱਸਣ ਲੱਗਿਆ। ਰੇਸ਼ਮਾ ਅੰਦਰ ਨੂੰ ਚਲੀ ਗਈ। ਕਸ਼ਮੀਰਾ ਸਿੰਘ ਆਇਆ ਤੇ ਪੁੱਛਣ ਲੱਗਿਆ, ‘ਚੱਲੀਏ?’

‘ਚੱਲ।’

‘ਹੋ ਗਈ ਗੱਲ?’

‘ਹਾਂ।’

‘ਚੱਲ ਫੇਰ। ਮੁਣਸ਼ੀ ਨੂੰ ਓਥੇ ਈ ਸੱਦ ਲਵਾਂਗੇ।’

‘ਜੇ ਉਡੀਕ ਚੱਲੀਏ ਉਹ ਨੂੰ?’

‘ਨਹੀਂ, ਸ਼ਰਾਬ ਦੇ ਨਾਉਂ ਨੂੰ ਤਾਂ ਭਾਵੇਂ ਉਹ ਨੂੰ ਸੌ ਕੋਹ ਸੱਦ ਲਓ। ਭੱਜਿਆ ਆਊ।’ ਉਹ ਘਰ ਜਾ ਬੈਠੇ। ਬੋਤਲ ਖੋਲ੍ਹ ਲਈ। ਛੋਟਾ-ਛੋਟਾ ਪੈੱਗ ਲੈ ਕੇ ਗੱਲਾਂ ਕਰਨ

ਲੱਗੇ ਤੇ ਫੇਰ ਮੁੰਡਾ ਭੇਜ ਕੇ ਮੁਣਸ਼ੀ ਨੂੰ ਵੀ ਸੱਦ ਲਿਆ। ਉਹ ਆ ਕੇ ਬੈਠਾ ਹੀ ਸੀ, ਕਸ਼ਮੀਰਾ ਸਿੰਘ ਨੇ ਭਰਵਾਂ ਪੈੱਗ ਪਾ ਕੇ ਉਸ ਨੂੰ ਫੜਾ ਦਿੱਤਾ। ਉਹ ਇੱਕੋ ਸਾਹ ਪੀ ਗਿਆ ਤੇ ਮੂੰਗੀ ਦੀ ਦਾਲ ਮੂੰਹ ਲਾ ਕੇ ਪੀਣ ਲੱਗਿਆ। ਉਹ ਦੋਵੇਂ ਅੱਖਾਂ ਵਿੱਚ ਹੱਸ ਰਹੇ ਸਨ।

ਤਿੰਨ ਪੈੱਗਾਂ ਨਾਲ ਹੀ ਮੁਣਸ਼ੀ ਬਹਿਕੀਆਂ-ਬਹਿਕੀਆਂ ਗੱਲਾਂ ਕਰਨ ਲੱਗਿਆ। ਰੋਟੀ ਖਾਣ ਵੇਲੇ ਇੱਕ ਪੈੱਗ ਹੋਰ ਮੁਣਸ਼ੀ ਨੇ ਚਾੜ੍ਹ ਲਿਆ। ਉਹ ਪੂਰੀ ਰੋਟੀ ਨਹੀਂ ਖਾ ਸਕਿਆ। ਓਸੇ ਮੰਜੇ 'ਤੇ ਟੇਢਾ ਹੋ ਗਿਆ ਤੇ ਘੁਰਾੜੇ ਮਾਰਨ ਲੱਗਿਆ।

ਉਨ੍ਹਾਂ ਦੋਵਾਂ ਨੇ ਸੰਵਾਰ ਕੇ ਰੋਟੀ ਖਾਧੀ ਤੇ ਆਪਣੇ-ਆਪਣੇ ਮੰਜੇ ਵਿਛਾ ਕੇ ਪੈ ਗਏ। ਸੂਤ ਦਾ ਮੰਜਾ ਸੀ। ਮੁਣਸ਼ੀ ਨੂੰ ਇੱਕ ਸਿਰਹਾਣਾ ਦੇ ਦਿੱਤਾ ਗਿਆ। ਪੈਂਦਾ ਉੱਤੇ ਚਹੁਰਾ ਕਰਕੇ ਖੇਸ ਵਿਛਾ ਦਿੱਤਾ।

ਥੋੜ੍ਹੀ ਜਿਹੀ ਰਾਤ ਟਿਕੀ ਤਾਂ ਚੰਦਨ ਉੱਠਿਆ। ਕਸ਼ਮੀਰਾ ਸਿੰਘ ਨੇ ਉਹ ਦਾ ਹੱਥ ਘੁੱਟਿਆ.....'ਅਜੇ ਨਾ ਜਾਹ।' ਪਰ ਉਹ ਬਹੁਤ ਕਾਹਲਾ ਸੀ।

ਅਸਮਾਨ 'ਤੇ ਖੱਖ ਚੜ੍ਹੀ ਹੋਈ ਸੀ। ਕੋਈ ਤਾਰਾ ਨਹੀਂ ਦਿੱਸ ਰਿਹਾ ਸੀ। ਹਵਾ ਵਗ ਰਹੀ ਸੀ, ਪਰ ਇਹ ਹਵਾ ਜਿੱਥਰ ਲੱਗਦੀ ਸੀ, ਲੱਗਦੀ। ਦੂਜੇ ਪਾਸੇ ਮੁੜ੍ਹਕਾ ਆਉਂਦਾ। ਕਸਮੀਰਾ ਸਿੰਘ ਦੇ ਘਰ ਤੋਂ ਮੁਣਸ਼ੀ ਦਾ ਘਰ ਪਿੰਡ ਦੇ ਦੂਜੇ ਪਾਸੇ ਸੀ। ਚੰਦਨ ਗਿਆ ਤੇ ਹੌਲੀ-ਹੌਲੀ ਬਾਰ ਦੇ ਤਖ਼ਤੇ ਧੱਕਣ ਲੱਗਿਆ। ਦੋ ਵਾਰੀ ਉਹ ਨੇ ਬਾਹਰਲਾ ਕੁੰਡਾ ਦੱਬ ਕੇ ਖੜਕਾਇਆ, ਪਰ ਅੰਦਰੋਂ ਕੋਈ ਨਾ ਬੋਲਿਆ। ਉਹ ਉੱਥੇ ਹੀ ਚੁੱਪ ਕੀਤਾ ਖੜ੍ਹਾ ਰਿਹਾ ਤੇ ਵਿਹੁ ਘੋਲਣ ਲੱਗਿਆ। ਉਹ ਦਾ ਸੱਚੀਂ ਜੀਅ ਕਰਦਾ ਸੀ ਕਿ ਕੰਧ ਨਾਲ ਟੱਕਰ ਮਾਰੇ, ਪਰ ਉਹ ਪੱਥਰ ਬਣਿਆ ਖੜ੍ਹਾ ਰਿਹਾ। ਗਵਾਂਢੀਆਂ ਦੇ ਕੋਠੇ 'ਤੋਂ ਕਿਸੇ ਆਦਮੀ ਦੇ ਉੱਚਾ ਖੰਘਣ ਦੀ ਅਵਾਜ਼ ਆਈ। ਉਹ ਇਕਦਮ ਤ੍ਰਭਕਿਆ। ਇੱਕ ਵਾਰੀ ਫਿਰ ਉਸ ਨੇ ਤਖ਼ਤਿਆਂ ਨੂੰ ਥਪਥਪਾਇਆ, ਪਰ ਫ਼ਜ਼ੂਲ। ਉਹ ਉਹਨੀ ਪੈਰੀਂ ਤੇਜ਼-ਤੇਜ਼ ਕਦਮਾਂ ਨਾਲ ਓਥੋਂ ਹਿਲ ਆਇਆ। ਕਸ਼ਮੀਰਾ ਸਿੰਘ ਦੇ ਘਰ ਆਪਣੇ ਖ਼ਾਲੀ ਮੰਜੇ 'ਤੇ ਆ ਪਿਆ। ਪਏ-ਪਏ ਨੇ ਕੱਪੜੇ ਲਾਹੇ ਤੇ ਨਿੱਕੇ-ਨਿੱਕੇ ਹਉਕੇ ਭਰਦਾ ਸੌਣ ਦੀ ਕੋਸ਼ਿਸ਼ ਕਰਨ ਲੱਗਿਆ। ਕਸ਼ਮੀਰਾ ਸਿੰਘ ਸੌਂ ਚੁੱਕਿਆ ਸੀ।

ਚੰਦਨ ਸਵੇਰੇ ਉੱਠਿਆ ਤਾਂ ਕਸ਼ਮੀਰਾ ਸਿੰਘ ਉਹ ਦੇ ਮੂੰਹ ਵੱਲ ਗਹੁ ਨਾਲ ਦੇਖ ਰਿਹਾ ਸੀ। ਉਹ ਦੀਆਂ ਸਵਾਲੀਆਂ ਅੱਖਾਂ ਵੱਲ ਝਾਕ ਕੇ ਚੰਦਨ ਨੇ ਖ਼ਾਲੀ ਹੱਥ ਮਾਰਿਆ। ਕਸ਼ਮੀਰਾ ਸਿੰਘ ਉਦਾਸ ਖੜ੍ਹਾ ਰਹਿ ਗਿਆ।

ਮੁਣਸ਼ੀ ਜਾ ਚੁੱਕਿਆ ਸੀ। ਨਹਾ ਧੋ ਕੇ ਉਹ ਬੈਠੇ ਤਾਂ ਚੰਦਨ ਮਲਵੀਂ ਜਿਹੀ ਜੀਭ ਨਾਲ ਕਹਿਣ ਲੱਗਿਆ, 'ਚੱਲ ਪੁੱਛ ਕੇਤਾਂ ਆਈਏ ਸਾਲੀ ਨੂੰ, ਕਿਉਂ ਨਾ ਖੋਲ੍ਹਿਆ ਕੁੰਡਾ?'

'ਓਏ, ਛੱਡ ਯਾਰ ਇਹੋ ਜੀ ਤੇਰੀ ਯਾਰੀ?'

'ਨਹੀਂ, ਚੱਲ। ਗੱਲ ਤਾਂ ਕਰੀਏ।'

'ਉਹ ਗਏ। ਮੁਣਸ਼ੀ ਪੱਠਿਆਂ ਨੂੰ ਗਿਆ ਹੋਇਆ ਸੀ। ਰੇਸ਼ਮਾ ਉਨ੍ਹਾਂ ਦੇ ਕੋਲ ਨਹੀਂ ਆਈ। ਚੰਦਨ ਨੇ ਹਾਕ ਮਾਰੀ ਤਾਂ ਉਹ ਧੀਮੇ ਕਦਮਾਂ ਨਾਲ ਆਈ।

'ਰੇਸ਼ਮਾ, ਕੁੰਡਾ ਨਾ ਖੋਲ੍ਹਿਆ, ਰਾਤ?' ਚੰਦਨ ਨੇ ਰੋਬ੍ਹ ਦੇ ਕੇ ਪੁੱਛਿਆ। ਉਹ ਹੱਸਣ ਲੱਗੀ, 'ਤੂੰ ਆਇਆ ਸੀ?'

'ਹੋਰ, ਕਿੰਨਾ ਚਿਰ ਤਾਂ ਖੜ੍ਹਾ ਰਿਹਾ। ਤੈਨੂੰ ਨਹੀਂ ਪਤਾ?'

'ਪਤਾ ਕਿਵੇਂ ਨਾ ਹੋਵੇ ਯਾਰ।' ਕਹਿ ਕੇ ਕਸ਼ਮੀਰਾ ਸਿੰਘ ਮੱਥੇ ਦਾ ਮੁੜ੍ਹਕਾ ਪੂੰਝਣ ਲੱਗਿਆ। ਰੇਸ਼ਮਾ ਨੂੰ ਸ਼ਰਮ ਆਈ।

'ਤੂੰ ਬਹੁਤ ਬੁਰਾ ਕੀਤਾ, ਰੇਸ਼ਮਾ। ਮੇਰਾ ਤਾਂ ਖ਼ੂਹ 'ਚ ਛਾਲ ਮਾਰਨ ਨੂੰ ਜੀਅ ਕਰਦਾ ਸੀ, ਰਾਤ।'

'ਫੇਰ ਮਾਰਦਾ।'

ਉਹ ਦੋਵੇਂ ਨਿੱਕਾ-ਨਿੱਕਾ ਹੱਸਣ ਲੱਗੇ। ਕਸ਼ਮੀਰਾ ਸਿੰਘ ਗੰਭੀਰ ਹੋਇਆ ਬੈਠਾ ਸੀ। ਜਿਵੇਂ ਉਨ੍ਹਾਂ 'ਤੇ ਉਸ ਨੂੰ ਖਿਝ ਚੜ੍ਹ ਹੀ ਹੋਵੇ। ਉਹ ਬੋਲਿਆ, 'ਗੋਲੀ ਮਾਰੇ, ਯਾਰ, ਇਹੋ ਜ੍ਹੀ ਤੀਵੀਂ ਦੇ। ਐਡੀ ਦੂਰ ਧੱਕੇ ਖਾਂਦਾ ਆਇਐਂ, ਕੀ ਯਾਰੀ ਐ ਤੇਰੀ? ਐਨੀ ਹੋਈ ਐ, ਹੁਣ ਫੇਰ ਦੰਦ ਕੱਢੀਂ ਜਾਨੈ।'

'ਨਹੀਂ ਯਾਰ।' ਕੱਚਾ ਹੋਇਆ ਚੰਦਨ ਏਨਾ ਹੀ ਕਹਿ ਸਕਿਆ। ਰੇਸ਼ਮਾ ਜਿਵੇਂ ਧਰਤੀ ਵਿੱਚ ਗੱਡੀ ਖੜ੍ਹੀ ਹੋਵੇ।

'ਹੁਣ ਕਦੋਂ ਆਵਾਂ?' ਚੰਦਨ ਨੇ ਪੁੱਛਿਆ।

'ਓਏ ਜਾਹ।' ਕਹਿ ਕੇ ਕਸ਼ਮੀਰਾ ਸਿੰਘ ਉੱਠ ਖੜ੍ਹਾ ਹੋਇਆ।

ਰੇਸ਼ਮਾ ਆਕੜ ਜਿਹੀ ਦਿਖਾ ਕੇ ਅੰਦਰ ਨੂੰ ਚਲੀ ਗਈ।

ਰੇਸ਼ਮਾ ਦੇ ਘਰੋਂ ਉੱਠ ਕੇ ਚੰਦਨ ਢਿੱਲਾ ਜਿਹਾ ਕਸ਼ਮੀਰਾ ਸਿੰਘ ਦੇ ਮਗਰ-ਮਗਰ ਤੁਰਿਆ ਜਾ ਰਿਹਾ ਸੀ।

**ਸੋਮਵਾਰ ਇੱਕ:**

ਧਰਮਗੜ੍ਹ ਤੋਂ ਬੱਸ ਫੜ ਕੇ ਚੰਦਨ ਵੇਲੇ ਸਿਰ ਹੀ ਸ਼ਾਹਕੋਟ ਪਹੁੰਚ ਗਿਆ। ਬੈਂਕ ਦੇ ਮੁਲਾਜ਼ਮ ਇੱਕ-ਇੱਕ ਕਰਕੇ ਆ ਰਹੇ ਸਨ। ਮੈਨੇਜਰ ਸਾਢੇ ਦਸ ਵਜੇ ਆਇਆ ਕਰਦਾ। ਆਪਦੀ ਕੁਰਸੀ 'ਤੇ ਬੈਠਣ ਤੋਂ ਪਹਿਲਾਂ ਉਹ ਇਕੱਲੇ-ਇਕੱਲੇ ਮੁਲਾਜ਼ਮ ਕੋਲ ਜਾਂਦਾ ਤੇ ਹੱਥ ਮਿਲਾਉਂਦਾ। ਚੰਦਨ ਉਹ ਦੇ ਨਾਲ ਕੰਮ ਕਰਦੀ ਕੁੜੀ ਸ਼ੀਲ ਤੇ ਮਿਸਟਰ ਹਾਂਡਾ ਦੂਜੀ ਮੰਜ਼ਲ 'ਤੇ ਇੱਕ ਛੋਟੇ ਜਿਹੇ ਕਮਰੇ ਵਿੱਚ ਬੈਠਦੇ। ਮੈਨੇਜਰ ਨਾਲ ਹੱਥ ਮਿਲਾਉਣ ਤੋਂ ਬਾਅਦ ਹੀ ਉਹ ਉੱਤੇ ਜਾਂਦੇ, ਨਹੀਂ ਤਾਂ ਮੈਨੇਜਰ ਆਪ ਉੱਤੇ ਆਉਂਦਾ।

ਚੰਦਨ ਕੁਰਸੀ 'ਤੇ ਉਹ ਦਾ ਜੀਅ ਕੀਤਾ ਕਿ ਉਹ ਰੱਜ ਕੇ ਠੰਡਾ ਪਾਣੀ ਪੀਵੇ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਸ ਨੇ ਚਪੜਾਸੀ ਦਾ ਨਾਉਂ ਲਿਆ, ਉਹ ਓਥੇ ਨਹੀਂ ਸੀ। ਸ਼ੀਲ ਨੇ ਹੀ ਪੁੱਛਿਆ, 'ਦੱਸ ਕੀ ਚਾਹੀਦੈ?'

'ਪਾਣੀ।' ਬਹੁਤ ਭੈੜਾ ਮੂੰਹ ਬਣਾ ਕੇ ਚੰਦਨ ਨੇ ਕਿਹਾ।

'ਪਾਣੀ ਮੈਂ ਲਿਆ ਦਿੰਨੀ ਆਂ। ਹੋਰ ਦੱਸ।' ਸ਼ੀਲ ਦੂਜੇ ਕਮਰੇ ਵਿੱਚ ਗਈ ਤੇ ਕੋਰੇ ਘੜੇ ਵਿੱਚੋਂ ਪਾਣੀ ਦਾ ਗਲਾਸ ਭਰ ਲਿਆਈ। ਇੱਕ ਗਲਾਸ ਪੀ ਵੀ ਆਈ। ਹਾਂਡਾ ਕਮਰੇ ਵਿੱਚ ਨਹੀਂ ਸੀ। ਪਾਣੀ ਦਾ ਗਲਾਸ ਫੜਨ ਲੱਗਿਆ ਚੰਦਨ ਨੇ ਸ਼ੀਲ ਦੀਆਂ

ਉਂਗਲਾਂ ਘੁੱਟ ਦਿੱਤੀਆਂ। ਸ਼ੀਲ ਨੇ ਬੁਰਾ ਮੂੰਹ ਬਣਾ ਲਿਆ ਤੇ ਕਹਿੰਦੀ, 'ਇਹ ਫ਼ਜ਼ੂਲ ਗੱਲਾਂ ਕਰਕੇ ਮਿਲਦੈ ਭਲਾਂ ਕੁੱਛ?'

'ਬਹੁਤ ਕੁੱਛ ਮਿਲਦੈ, ਤੈਨੂੰ ਨਹੀਂ ਪਤਾ?'

'ਮੇਰੇ ਨਾਲ ਕੁਲੀਗ ਵਾਲੀਆਂ ਟਰਮਜ਼ 'ਤੇ ਰਹਿ ਬੱਸ....'

'ਨਹੀਂ ਤਾਂ, ਕੀ ਕਰੇਂਗੀ ਤੂੰ?'

ਸ਼ੀਲ ਨੇ ਅੱਖਾਂ ਭਰ ਲਈਆਂ।

'ਇੱਕ ਗੱਲ ਦੱਸਾਂ ਤੈਨੂੰ'... ਪਾਣੀ ਪੀ ਕੇ ਚੰਦਨ ਦੇ ਚਿਹਰੇ 'ਤੇ ਤਾਜ਼ਗੀ ਆ ਗਈ ਲੱਗਦੀ ਸੀ। ਗਿੱਲੀਆਂ ਅੱਖਾਂ ਨਾਲ ਸ਼ੀਲ ਉਹ ਦੇ ਵੱਲ ਝਾਕਣ ਲੱਗੀ। ਚੰਦਨ ਨੇ ਕਹਿਣਾ ਸ਼ੁਰੂ ਕੀਤਾ, 'ਬਹੁਤ ਸਦੀਆਂ ਪਹਿਲਾਂ ਦੇਵਤਿਆਂ ਤੇ ਰਾਖ਼ਸ਼ਾਂ ਨੇ ਸਮੁੰਦਰ ਰਿੜਕਿਆ ਸੀ। ਸਮੁੰਦਰ ਵਿੱਚੋਂ ਵਿਸ਼ ਤੇ ਅੰਮ੍ਰਿਤ ਨਿਕਲੇ ਸਨ। ਵਿਸ਼ ਤਾਂ ਰਾਖ਼ਸ਼ ਲੈ ਗਏ ਤੇ ਅੰਮ੍ਰਿਤ ਦੇਵਤੇ। ਉਹ ਅੰਮ੍ਰਿਤ ਹੁਣ ਪਤੈ, ਕਿੱਥੇ ਐਂ?'

ਸ਼ੀਲ ਉਤਸੁਕ ਨਿਗਾਹਾਂ ਨਾਲ ਉਹ ਦੇ ਵੱਲ ਤੱਕ ਰਹੀ ਸੀ। ਬੋਲਦੀ ਕੁਝ ਨਹੀਂ ਸੀ।

'ਉਹ ਅੰਮ੍ਰਿਤ ਹੁਣ ਕੁੜੀਆਂ ਦੇ ਹੇਠਲੇ ਬੁੱਲ੍ਹਾ ਵਿੱਚ ਐ।'

'ਕੀ?' ਸ਼ੀਲ ਕੁਝ ਨਹੀਂ ਸਮਝੀ।

'ਤੇਰੇ ਹੇਠਲੇ ਬੁੱਲ੍ਹ ਵਿੱਚ ਅੰਮ੍ਰਿਤ ਐ। ਮੈਂ ਇਹ ਅੰਮ੍ਰਿਤ ਪੀਣੈ।'

'ਮਤਲਬ?'

'ਜਿਵੇਂ ਸਪੇਰੇ ਸੱਪ ਦੇ ਡੰਗ ਦੀ ਜ਼ਹਿਰ ਮੂੰਹ ਨਾਲ ਜੂਸ ਲੈਂਦੇ ਨੇ, ਏਸੇ ਤਰੀਕੇ ਨਾਲ ਇਹ ਅੰਮ੍ਰਿਤ......'

ਹਾਂਡਾ ਅਜੇ ਵੀ ਨਹੀਂ ਆਇਆ।

ਚੰਦਨ ਉੱਠਿਆ ਤੇ ਸ਼ੀਲ ਵੱਲ ਵਧਿਆ। ਉਸ ਨੇ ਦੋਵਾਂ ਹੱਥਾਂ ਨਾਲ ਆਪਣਾ ਚਿਹਰਾ ਢਕ ਲਿਆ। ਚੰਦਨ ਨੇ ਉਹ ਦੇ ਹੱਥਾਂ ਨੂੰ ਪਰ੍ਹਾਂ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ ਹੱਥ ਜਿਵੇਂ ਸਰੇਸ ਲਾ ਕੇ ਚਿਹਰੇ ਦੇ ਨਾਲ ਹੀ ਚਿਪਕਾ ਦਿੱਤੇ ਗਏ ਹੋਣ।

ਹਾਂਡਾ ਆ ਗਿਆ। ਸ਼ੀਲ ਦੀਆਂ ਅੱਖਾਂ ਵਿੱਚ ਪਾਣੀ ਨਹੀਂ, ਪਰ ਉਹ ਬੁਝੀਆਂ-ਬੁਝੀਆਂ ਜ਼ਰੂਰ ਸਨ।

ਪਿਛਲੇ ਡੇਢ ਸਾਲ ਤੋਂ ਸ਼ੀਲ ਬੈਂਕ ਵਿੱਚ ਕੰਮ ਕਰਦੀ ਸੀ। ਉਹ ਪਿਓ ਮਾਰਿਆ ਹੋਇਆ ਸੀ। ਮਿਉਂਸਪਲ ਕਮੇਟੀ ਵਿੱਚ ਕਲਰਕ ਸੀ। ਕਿਵੇਂ ਨਾ ਕਿਵੇਂ ਉਸ ਨੇ ਸ਼ੀਲ ਨੂੰ ਬੀ.ਏ. ਕਰਵਾ ਦਿੱਤੀ ਤੇ ਫਿਰ ਬੈਂਕ ਵਿੱਚ ਮੁਲਾਜ਼ਮ ਵੀ। ਦਮੇ ਦਾ ਮਰੀਜ਼ ਸੀ। ਚੰਗਾ ਭਲਾ ਕੁਰਸੀ 'ਤੇ ਬੈਠਾ ਪ੍ਰਾਣ ਤਿਆਗ ਗਿਆ। ਮਿਉਂਸਪੈਲਿਟੀ ਵੱਲੋਂ ਬਹੁਤ ਘੱਟ ਪੈਸਾ ਸ਼ੀਲ ਦੀ ਮਾਂ ਨੂੰ ਮਿਲਿਆ। ਸ਼ੀਲ ਦਾ ਇੱਕ ਭਰਾ ਵੀ ਸੀ, ਜੋ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ।

ਚੰਦਨ ਨੂੰ ਉਹ ਪਹਿਲੇ ਦਿਨੋਂ ਹੀ ਚੰਗੀ ਲੱਗਣ ਲੱਗੀ ਸੀ। ਉਹ ਸਵੇਰੇ-ਸਵੇਰੇ ਬੈਂਕ ਆਉਂਦੀ ਤਾਂ ਸਿਰ ਝੁਕਾ ਕੇ ਚੰਦਨ ਨੂੰ ਨਮਸਕਾਰ ਕਰਦੀ। ਨਿੱਕੇ-ਨਿੱਕੇ ਕੰਮਾਂ ਵਿੱਚ ਉਹ ਦੀ ਮਦਦ ਕਰਦੀ ਰਹਿੰਦੀ। ਵਿਹਲੇ ਸਮੇਂ ਵਿੱਚ ਚੰਦਨ ਨਾਲ ਗੱਲਾਂ ਕਰਨ

ਲੱਗਦੀ। ਲਿਟਰੇਚਰ, ਪਾਲਿਟਿਕਸ, ਦੋਸਤੀ ਤੇ ਘਰੇਲੂ ਕਿਸਮ ਦੀਆਂ ਗੱਲਾਂ ਉਹ ਕਰਦੇ। ਸ਼ੀਲ ਉਸ ਨੂੰ ਮਾਸੂਮ ਜਿਹੀ ਲੱਗਦੀ। ਉਹ ਨੂੰ ਲੱਗਦਾ ਜਿਵੇਂ ਉਹ ਦੀਆਂ ਅੱਖਾਂ ਵਿੱਚ ਮੁਕੰਮਲ ਔਰਤ ਤਾਂ ਅਜੇ ਉਤਰੀ ਹੀ ਨਾ ਹੋਵੇ। ਉਹ ਦਾ ਚਿਹਰਾ ਬਹੁਤ ਭੋਲਾ ਸੀ। ਇੱਕ ਦਿਨ ਚੰਦਨ ਉਸ ਨੂੰ ਪੁੱਛਣ ਲੱਗਿਆ, 'ਅੱਛਾ ਸ਼ੀਲ, ਤੂੰ ਇਹ ਦੱਸ, ਤੂੰ ਐਨੀ ਚੰਗੀ ਕਿਉਂ ਐ?'

ਸ਼ੀਲ ਦੀ ਜਿਵੇਂ ਦੇਹ ਖਿੰਡ ਗਈ ਹੋਵੇ। ਉਸ ਦੇ ਪੈਰ ਜਿਵੇਂ ਧਰਤੀ ਉੱਤੋਂ ਉਤਾਂਹ ਚੁੱਕੇ ਗਏ ਹੋਣ। ਜਿਵੇਂ ਕਿਸੇ ਨੇ ਬਹੁਤ ਪਿਆਰੀ, ਬਹੁਤ ਡੂੰਘੀ ਗੱਲ ਉਸ ਨੂੰ ਪੁੱਛ ਲਈ ਹੋਵੇ। ਉਹ ਕੁਝ ਸੰਭਲੀ ਤੇ ਫਿਰ ਸਹਿਜ ਹੋਣ ਲੱਗੀ। ਕਿਹਾ, 'ਹਾਏ, ਹਾਏ।' ਤੇ ਫਿਰ ਉਲਟਾ ਕੇ ਕਹਿਣ ਲੱਗੀ, 'ਇਹ ਗੱਲ ਜੇ ਮੈਂ ਤੈਨੂੰ ਪੁੱਛਾਂ?'

ਚੰਦਨ ਲਾਜਵਾਬ ਹੋ ਗਿਆ।

ਤੇ ਫਿਰ ਇੱਕ ਦਿਨ ਕੁਝ ਸਮੇਂ ਲਈ ਹਾਂਡਾ ਜਦ ਥੱਲੇ ਗਿਆ ਤੇ ਚਪੜਾਸੀ ਵੀ ਓਥੇ ਨਹੀਂ ਸੀ ਤਾਂ ਚੰਦਨ ਨੇ ਰੋਣ ਵਰਗਾ ਮੂੰਹ ਬਣਾ ਕੇ ਸ਼ੀਲ ਨੂੰ ਕਿਹਾ, 'ਮੈਨੂੰ ਪਤਾ ਨ੍ਹੀਂ ਕੀ ਹੋ ਗਿਐ?'

'ਕੀ ਹੋ ਗਿਐ?'

'ਬੱਸ, ਕਾਲਜਾ ਢੇਰੀ ਜਾ ਹੁੰਦਾ ਰਹਿੰਦੈ। ਖੋਹ ਜਿਹੀ ਪੈਂਦੀ ਐ। ਪਤਾ ਨੀ ਕੀਹ ਐ ਇਹ?'

'ਡਾਕਟਰ ਨੂੰ ਦਿਖਾਈਏ?'

ਨਹੀਂ, ਡਾਕਟਰ ਨੂੰ ਦਿਖੌਣ ਵਾਲੀ ਗੱਲ ਨੀ।'

'ਹੋਰ?'

'ਤੂੰ ਕਰ ਦਿੱਤਾ ਕੁੱਛ ਮੈਨੂੰ ਤਾਂ।'

'ਮੈਂ ਕੀ ਕਰ ਦਿੱਤਾ?'

'ਤੂੰ ਹਰ ਵੇਲੇ ਮੇਰੇ ਦਿਮਾਗ਼ 'ਚ ਘੁੰਮਦੀ ਰਹਿਨੀ ਐਂ। ਨਾ ਤਾਂ ਮੈਨੂੰ ਭੁੱਖ ਲੱਗਦੀ ਐ, ਨਾ ਨੀਂਦ ਔਂਦੀ ਐ। ਦਿਨ ਨੂੰ ਵੀ ਤੇਰੇ ਸੁਪਨੇ ਔਂਦੇ ਰਹਿੰਦੇ ਨੇ। ਤੂੰ ਜ਼ਰੂਰ ਕੋਈ ਜਾਦੂ ਸਿੱਟਿਆ ਮੇਰੇ 'ਤੇ।'

ਸ਼ੀਲ ਸਮਝ ਗਈ। ਕਹਿਣ ਲੱਗੀ, 'ਦੇਖ ਆਪਾਂ ਤਾਂ ਭੈਣ-ਭਰਾ ਬਣ ਕੇ ਰਹਿਣੈ, ਚੰਦਨ। ਮਨ ਨੂੰ ਸਮਝਾਓ ਮਹਾਰਾਜ।'

'ਹਉਂਕਾ ਲੈ ਕੇ ਚੰਦਨ ਚੁੱਪ ਹੋ ਗਿਆ। ਆਪਣਾ ਕੰਮ ਕਰਨ ਲੱਗਿਆ। ਅੱਧੇ ਮਿੰਟ ਬਾਅਦ ਹੀ ਉਹ ਇੱਕ ਲੰਬਾ ਸਾਹ ਛੱਡ ਦਿੰਦਾ।

ਸ਼ੀਲ ਕਹਿਣ ਲੱਗੀ, 'ਚੁੱਪ ਕਿਉਂ ਹੋ ਗਿਐ?'

'ਬੱਸ ਠੀਕ ਐ....' ਉਹ ਬਹੁਤ ਦੁਖੀ ਸੀ।

'ਕਮਲਾ ਨ੍ਹੀਂ ਬਣੀਂਦਾ। ਮੈਂ ਕਦੇ ਕਹੀ ਐ ਕੋਈ ਗੱਲ ਤੈਨੂੰ?'

'ਤੂੰ ਨਾ ਕਹਿ। ਮੈਂ ਤਾਂ....ਮੇਰੇ ਦਿਮਾਗ਼ ਵਿੱਚ ਤਾਂ ਹੁਣ ਤੂੰ..'

ਹਾਂਡਾ ਆ ਗਿਆ। ਹਾਂਡਾ ਚੰਦਨ ਨੂੰ ਬਹੁਤ ਬੁਰਾ ਲੱਗਦਾ। ਉਹ ਦੇ ਨਾਲ ਚੰਦਨ ਬਹੁਤ ਘੱਟ ਗੱਲ ਕਰਦਾ ਸ਼ੀਲ ਹੀ ਹਾਂਡੇ ਨੂੰ ਬੁਲਾਉਂਦੀ, ਕੋਈ ਗੱਲ ਕਰਦੀ। ਹਾਂਡਾ

ਸਧਾਰਨ ਕਿਸਮ ਦਾ ਆਦਮੀ ਸੀ। ਉਸ ਨੂੰ ਕੋਈ ਅਨੁਭਵ ਨਹੀਂ ਸੀ ਕਿ ਉਸ ਨਿੱਕੇ ਜਿਹੇ ਕਮਰੇ ਵਿੱਚ ਕੀ ਨਾਟਕ ਹੋ ਰਿਹਾ ਹੈ।

ਇੱਕ ਦਿਨ ਚੰਦਨ ਨੇ ਸ਼ੀਲ ਨੂੰ ਇਕੱਲ ਦੇਖ ਕੇ ਬਹੁਤ ਪਿਆਰ ਨਾਲ ਪੁੱਛਿਆ, 'ਤੇਰੀ ਢੂਹੀ 'ਤੇ ਇੱਕ ਮੁੱਕੀ ਮਾਰ ਲਵਾਂ?'

ਸ਼ੀਲ ਨੇ ਨਾਂਹ ਵਿੱਚ ਸਿਰ ਹਿਲਾਇਆ। ਚੰਦਨ ਉਦਾਸ ਹੋ ਕੇ ਆਪਣੀ ਕੁਰਸੀ 'ਤੇ ਡਿੱਗ ਪਿਆ।

'ਨਰਾਜ਼ ਹੋ ਗਿਐ?'

'ਨਹੀਂ।'

'ਹੋਰ? ਮੂੰਹ ਕਿਵੇਂ ਕਰ ਲਿਐ?'

'ਮੈਂ ਨਰਾਜ਼ ਹੋ ਕੇ ਤੇਰਾ ਕੀ ਖੋਹ ਲੂੰ? ਤੇਰੇ 'ਤੇ ਜ਼ੋਰ ਤਾਂ ਨ੍ਹੀਂ ਮੇਰਾ ਕੋਈ।'

ਇਹ ਗੱਲ ਸ਼ੀਲ ਨੂੰ ਜੀਵੇਂ ਧੁਰ ਤੱਕ ਸੱਲ ਗਈ ਹੋਵੇ, ਕਹਿਣ ਲੱਗੀ, 'ਖਾਹ ਮਖਾਹ ਕਾਹਤੋਂ ਮੇਰਾ ਮੂਡ ਖਰਾਬ ਕਰ ਦਿੰਨੈ?'

ਹਾਂਡਾ ਆ ਗਿਆ।

ਇੱਕ ਦਿਨ ਚੰਦਨ ਸ਼ੀਲ ਦੇ ਮੂੰਹ ਵੱਲ ਦੇਖਦਾ ਰਿਹਾ ਤੇ ਫਿਰ ਕਹਿਣ ਲੱਗਾ, 'ਤੂੰ ਇੱਕ ਚਿੜੀ ਐਂ।'

ਇੱਕ ਦਿਨ ਫੇਰ ਥੋੜ੍ਹੀ ਜਿਹੀ ਇਕੱਲੀ ਲੱਭ ਦੇ ਚੰਦਨ ਨੇ ਸ਼ੀਲ ਦੀ ਗੱਲ ਨੂੰ ਸਹਿਲਾ ਦਿੱਤਾ। ਉਹ ਅਹਿੱਲ ਬੈਠੀ ਰਹੀ। ਐਨਾ ਹੀ ਮੂੰਹੋਂ ਬੋਲੀ, 'ਹਟਦਾ ਤਾਂ ਨਹੀਂ ਸ਼ਰਾਰਤ ਤੋਂ?'

'ਤੂੰ ਇੱਕ ਘੁੱਗੀ ਐਂ।' ਉਹ ਕਹਿ ਗਿਆ, 'ਮੈਂ ਚਾਹੁੰਨਾ ਤੂੰ ਇੱਕ ਕਬੂਤਰੀ ਬਣ ਜਾਏਂ। ਅਕਾਸ਼ਾਂ ਵਿੱਚ ਪੁੱਠੀਆਂ ਛਾਲਾਂ ਮਾਰਨ ਵਾਲੀ। ਕਿਸੇ ਤੋਂ ਨਾ ਡਰਨ ਵਾਲੀ। ਉਤਰੇਂ ਤਾਂ ਮੇਰੇ ਹੱਥ 'ਤੇ ਉਤਰੇਂ। ਆਪਣੇ ਹੱਥ 'ਤੇ ਮੈਂ ਤੈਨੂੰ ਚੋਗ ਚੁਗਾਵਾਂ......?

'ਬੱਸ, ਜਨੌਰ-ਪੰਛੀ ਈ ਬਣਾਈ ਜਾਇਆ ਕਰ ਮੈਨੂੰ ਤਾਂ।' ਉਹ ਪੋਲਾ ਜਿਹਾ ਮੂੰਹ ਬਣਾ ਕੇ ਬੋਲੀ। ਚੰਦਨ ਨੇ ਉਹ ਦਾ ਹੱਥ ਆਪਣੇ ਹੱਥਾਂ ਵਿੱਚ ਲਿਆ ਤੇ ਬਹੁਤ ਪਿਆਰ ਨਾਲ ਪੋਲਾ ਜਿਹਾ ਘੁੱਟਿਆ। ਸ਼ੀਲ ਨੇ ਮੁਸਕਰਾ ਦਿੱਤਾ। ਉਸ ਦੀ ਇਸ ਮੁਸਕਰਾਹਟ ਵਿੱਚ ਗੰਭੀਰਤਾ ਦੀ ਛੋਹ ਵੀ ਸੀ।

ਉਸ ਦਿਨ ਧਰਮਗੜ੍ਹ ਤੋਂ ਆ ਕੇ ਚੰਦਨ ਬਹੁਤ ਉਦਾਸ ਬੈਠਾ ਸੀ। ਇੱਕ ਵਾਰੀ ਦਹੀਂ ਦੀ ਲੱਸੀ ਦੇ ਦੋ ਗਲਾਸ ਮੰਗਵਾਏ, ਉਹ ਨੇ ਤੇ ਸ਼ੀਲ ਨੇ ਲੱਸੀ ਪੀਤੀ। ਹਾਂਡਾ ਲੱਸੀ ਨਹੀਂ ਪੀਂਦਾ ਸੀ। ਇੱਕ ਵਾਰੀ ਚੰਦਨ ਨੇ ਚਾਹ ਮੰਗਵਾਈ। ਉਹ ਨੇ ਤੇ ਹਾਂਡਾ ਨੇ ਪੀਤੀ ਸੀ। ਸ਼ੀਲ ਚਾਹ ਨਹੀਂ ਪੀਂਦੀ ਸੀ। ਇੱਕ ਵਾਰੀ ਹਾਂਡੇ ਨੇ ਵੀ ਚਾਹ ਮੰਗਵਾ ਲਈ। ਉਹ ਤਿੰਨੇ ਕੰਮ ਨਿਬੇੜਨ ਲੱਗੇ। ਚੰਦਨ ਤੋਂ ਕੰਮ ਨਹੀਂ ਹੋ ਰਿਹਾ ਸੀ ਤੇ ਫਿਰ ਹਾਂਡੇ ਦਾ ਮੁੰਡਾ ਘਰੋਂ ਆਇਆ। ਹਾਂਡੇ ਦੀ ਬੀਵੀ ਅਚਾਨਕ ਬਿਮਾਰ ਹੋ ਗਈ ਸੀ। ਇੱਕ ਵੱਜ ਰਿਹਾ ਸੀ। ਹਾਂਡਾ ਅੱਧੀ ਛੁੱਟੀ ਲੈ ਕੇ ਘਰ ਚਲਿਆ ਗਿਆ।

ਡੇਢ ਵੱਜਿਆ ਤਾਂ ਸ਼ੀਲ ਨੇ ਆਪਣਾ ਟਿਫ਼ਨ ਖੋਲ੍ਹਿਆ।

'ਤੇਰਾ ਟਿਫ਼ਨ? ਸ਼ੀਲ ਨੇ ਪੁੱਛਿਆ।'

'ਅੱਜ ਤਾਂ ਤੇਰੀ ਰੋਟੀ ਖਾਣੀ ਐ।'

ਉਤਲੇ ਢੱਕਣ ਵਿੱਚ ਆਲੂ-ਵੜੀਆਂ ਦੀ ਸਬਜ਼ੀ ਪਾ ਕੇ ਉਹ ਚੰਦਨ ਨੂੰ ਦੇਣ ਲੱਗੀ ਤਾਂ ਉਹ ਕਹਿੰਦਾ, 'ਤੇਰੇ ਨਾਲ ਈ ਲਾ ਲੈਨਾਂ ਦੋ ਬੁਰਕੀਆਂ। ਭੁੱਖ ਤਾਂ ਕੋਈ ਖ਼ਾਸ ਨ੍ਹੀਂ।'

'ਰਹਿਣ ਦੇ ਬਾਬਾ, ਉੱਤੇ ਆ ਗਿਆ ਕੋਈ, ਗੱਲਾਂ ਬਣਦੀਆਂ ਫਿਰਨਗੀਆਂ।'

ਦੋ ਫੁਲਕੇ ਸ਼ੀਲ ਨੇ ਚੰਦਨ ਦੇ ਹੱਥਾਂ 'ਤੇ ਰੱਖ ਦਿੱਤੇ। ਵੱਖਰੇ ਗਲਾਸ ਵਿੱਚ ਪਾਣੀ ਲਿਆ ਕੇ ਉਹ ਦੇ ਮੇਜ਼ 'ਤੇ ਰੱਖ ਦਿੱਤਾ। ਦੋਵੇਂ ਰੋਟੀ ਖਾਣ ਲੱਗੇ। ਸ਼ੀਲ ਉਸ ਨੂੰ ਬਹੁਤ ਪਿਆਰੀ ਲੱਗ ਰਹੀ ਸੀ।

ਉਹ ਰੋਟੀ ਖਾ ਕੇ ਹਟੇ ਤਾਂ ਸ਼ੀਲ ਦੂਜੇ ਕਮਰੇ ਵਿੱਚ ਪਾਣੀ ਲੈਣ ਗਈ। ਚੰਦਨ ਉਹ ਦੇ ਮਗਰ ਹੀ ਚਲਿਆ ਗਿਆ। ਉਹ ਦੀਆਂ ਅੱਖਾਂ ਨੂੰ ਦੇਖ ਕੇ ਸ਼ੀਲ ਕਹਿਣ ਲੱਗੀ, 'ਦੇਖ, ਮੈਂ ਰੌਲਾ ਪਾ ਦਿਊਂਗੀ।' ਪਰ ਚੰਦਨ ਨੂੰ ਜਿਵੇਂ ਕੁਝ ਵੀ ਸੁਣਿਆ ਨਾ ਹੋਵੇ। ਉਹ ਉਸ ਨੂੰ ਆਪਣੀਆਂ ਬਾਹਾਂ ਵਿੱਚ ਲੈਣ ਦੀ ਕੋਸ਼ਿਸ਼ ਕਰਨ ਲੱਗਿਆ। ਕੱਚ ਦਾ ਗਲਾਸ ਫ਼ਰਸ਼ 'ਤੇ ਡਿੱਗ ਕੇ ਟੁੱਟਣ ਦੀ ਅਵਾਜ਼ ਦੋਵੇਂ ਕਮਰਿਆਂ ਦੇ ਨਿੱਕੇ ਜਿਹੇ ਵਾਯੂ ਮੰਡਲ ਵਿੱਚ ਫੈਲ ਗਈ। ਸ਼ੀਲ ਭੱਜ ਦੇ ਆਪਣੀ ਸੀਟ 'ਤੇ ਆ ਬੈਠੀ ਤੇ ਫਿਰ ਉੱਠ ਕੇ ਬਜ਼ਾਰ ਵੱਲ ਖੁੱਲ੍ਹਦੀ ਖਿੜਕੀ ਵਿੱਚ ਦੀ ਮੂੰਹ ਕੱਢ ਕੇ ਬਾਹਰ ਦੇਖਣ ਲੱਗੀ। ਬਜ਼ਾਰ ਵਿੱਚ ਕਣਕਾਂ ਦੇ ਢੇਰਾਂ ਨੂੰ ਝਾਰ ਲੱਗ ਰਹੇ ਸਨ। ਟਰੈਕਟਰ-ਟਰਾਲੀਆਂ ਤੇ ਉਠ ਗੱਡੀਆਂ ਥਾਂ-ਥਾਂ ਖੜ੍ਹੀਆਂ ਸਨ। ਸਾਹਾਂ ਨੂੰ ਹਉਂਕ ਚਾੜ੍ਹਦੀ ਧੂੜ ਉੱਠ ਰਹੀ ਸੀ। ਲੋਕ ਕਾਹਲੀ-ਕਾਹਲੀ ਏਧਰੋਂ ਓਧਰੋਂ ਆ ਜਾ ਰਹੇ ਸਨ। ਚੰਦਨ ਅੰਦਰੇ ਖੜ੍ਹਾ ਬੋਲੀਂ ਜਾ ਰਿਹਾ ਸੀ, 'ਸ਼ੀਲ! ਸ਼ੀਲ!'

ਤੇ ਫਿਰ ਡਿੱਗਦੇ-ਥਿੜਕਦੇ ਕਦਮਾਂ ਨਾਲ ਉਹ ਆਪਣੀ ਸੀਟ ਤੱਕ ਪਹੁੰਚਿਆ। ਸ਼ੀਲ ਨੇ ਧੀਮੀ, ਪਰ ਕੜਕਵੀਂ ਰੁੱਖੀ ਅਵਾਜ਼ ਵਿੱਚ ਉਸ ਨੂੰ ਆਖਿਆ, 'ਦੇਖ ਚੰਦਨ, ਬੰਦਾ ਬਣ ਕੇ ਬੈਠ। ਇਹੀ ਹਰਕਤਾਂ ਕਰਨੀਆਂ ਨੇ ਤਾਂ ਮੈਂ ਥੱਲੇ ਚਲੀ ਜਾਨੀ ਆਂ।'

'ਨਹੀਂ, ਠੀਕ ਐ। ਹੁਣ ਮੈਂ ਤੈਨੂੰ ਕੁੱਛ ਨਹੀਂ ਕਹਿਣਾ। ਕਦੇ ਵੀ ਕੁੱਛ ਨਹੀਂ ਕਹਿਣਾ। ਮੈਂ ਬੇਵਕੂਫ਼ ਆਂ, ਸ਼ੀਲ।' ਚੰਦਨ ਦੇ ਸੰਘ ਵਿੱਚ ਅੱਥਰੂ ਉਤਰ ਆਏ।

ਪੰਜ ਵੱਜੇ ਸਨ। ਸ਼ੀਲ ਚੰਦਨ ਨੂੰ ਪੁੱਛ ਰਹੀ ਸੀ, 'ਤੂੰ ਅੱਜ ਘਰੋਂ ਕੀ ਖਾ ਕੇ ਆਇਆ'

'ਧੱਕੇ।' ਬਹੁਤ ਰੁੱਖੀ ਅਵਾਜ਼ ਵਿੱਚ ਉਸ ਨੇ ਜਵਾਬ ਦਿੱਤਾ।

'ਸ਼ੀਲ ਹੱਸਣ ਲੱਗੀ ਤੇ ਫਿਰ ਮੁਸਕਰਾਹਟ ਤੇ ਗੰਭੀਰਤਾ ਦੇ ਰਲਵੇਂ-ਮਿਲਵੇਂ ਲਹਿਜੇ ਵਿੱਚ ਉਹ ਚੰਦਰ ਨੂੰ ਪੁੱਛਣ ਲੱਗੀ, 'ਨਰਾਜ਼ ਹੋ ਕੇ ਤਾਂ ਨ੍ਹੀਂ ਜਾ ਰਿਹਾ?'

'ਚੰਦਨ ਚੁੱਪ ਸੀ।'

'ਬੋਲਣਾ ਨਹੀਂ?'

'ਐਨਾ ਕਹਿ ਕੇ ਉਹ ਪੌੜੀਆਂ ਉਤਰਨ ਲੱਗਿਆ, 'ਗੱਲਾਂ ਦਾ ਫੋਕਾ ਪਾਣੀ ਦੇ-ਦੇ ਨਾ ਮਾਰ।'

**ਸੋਮਵਾਰ-ਦੋ :**

ਮਿੰਦਰੋ ਚੰਦਨ ਦੀ ਹਾਨਣ ਸੀ। ਉਹ ਬਚਪਨ ਵਿੱਚ ਇਕੱਠੇ ਖੇਡੇ ਸਨ। ਦਾਈ–ਦੁੱਕੜੇ ਦੀ ਖੇਡ ਉਨ੍ਹਾਂ ਨੂੰ ਬਹੁਤ ਪੰਸਦ ਸੀ। ਉਹ ਤਾਂ ਦਿਨ ਹੀ ਬੜੇ ਚੰਗੇ ਸਨ। ਵੱਡੇ–ਵੱਡੇ ਮੁੰਡੇ ਕੁੜੀਆਂ ਰਲਕੇ ਖੇਡਦੇ। ਮਿੰਦਰੋਂ ਦਾ ਹਰਖੀ ਸੁਭਾਅ ਸੀ। ਉਹ ਗੱਲ–ਗੱਲ ’ਤੇ ਚੰਦਨ ਨਾਲ ਲੜਦੀ। ਕਈ ਵਾਰ ਤਾਂ ਉਹ ਚੰਦਨ ਨੂੰ ਕੁੱਟ ਵੀ ਦਿੰਦੀ। ਚੰਦਨ ਦਾ ਕੂਨਾ ਸੁਭਾਅ ਸੀ, ਪਰ ਉਹ ਚੰਦਨ ਨੂੰ ਗੁੱਝਾ ਪਿਆਰ ਵੀ ਬਹੁਤ ਕਰਦੀ। ਉਹ ਦੇ ਬਗੈਰ ਹਥਾਈ ਵਿੱਚ ਖੇਡਣ ਨਾ ਜਾਂਦੀ। ਇੱਕ ਦਿਨ ਬੱਕਰੀਆਂ ਵਾਲੇ ਘੱਦੇ ਦੇ ਮੁੰਡੇ ਦਿਆਲੇ ਨੇ ਜਿਹੜਾ ਸਾਰਿਆਂ ਵਿੱਚੋਂ ਵੱਡੀ ਉਮਰ ਦਾ ਸੀ, ਮਿੰਦਰੋਂ ਦੀ ਛਾਤੀ ਨੂੰ ਹੱਥ ਪਾ ਲਿਆ। ਉਸ ਨੇ ਆਪਣੀ ਮਾਂ ਨੂੰ ਜਾ ਦੱਸਿਆ। ਮਾਂ ਘੁੱਦੇ ਦੇ ਘਰ ਉਲਾਂਭਾ ਲੈ ਕੇ ਨਹੀਂ ਗਈ, ਪਰ ਮਿੰਦਰੋ ਦਾ ਹਥਾਈ ਵਿੱਚ ਜਾ ਕੇ ਖੇਡਣਾ ਓਦਣ ਤੋਂ ਹੀ ਬੰਦ ਹੋ ਗਿਆ।

ਹੁਣ ਮਿੰਦਰੋਂ ਘਰ ਵਿੱਚ ਹੀ ਰਹਿੰਦੀ, ਕਿਸੇ ਨਾ ਕਿਸੇ ਕੰਮ ਵਿੱਚ ਰੁੱਝੀ ਰਹਿੰਦੀ। ਵੀਹੀ–ਗਲੀ ਲੰਘਦੀ–ਵੜਦੀ ਉਹ ਚੰਦਨ ਨਾਲ ਗੱਲ ਕਰਦੀ। ਉਹ ਦੀਆਂ ਗੱਲਾਂ ਵਿੱਚ ਸੰਕੋਚ ਹੁੰਦਾ। ਉਹਦੀਆਂ ਅੱਖਾਂ ਵਿੱਚ ਕੋਈ ਭੇਤ ਜਿਹਾ ਝਕਲਦਾ।

ਗਰਮੀਆਂ ਦਾ ਤਿੱਖੜ ਦੁਪਹਿਰਾ ਸੀ। ਵਿਸਾਖ–ਜੇਠ ਦਾ ਮੌਸਮ। ਕੰਮ ਦੀ ਰੁੱਤ। ਮਿੰਦਰੋ ਦਾ ਕੋਈ ਵੀ ਘਰ ਨਹੀਂ ਸੀ। ਚੰਦਨ ਨੇ ਦੇਖਿਆ, ਉਨ੍ਹਾਂ ਦੇ ਵਿਹੜੇ ਵਿੱਚ ਪੱਕੀਆਂ ਡਲੀਆਂ ਡਿੱਗ ਰਹੀਆਂ ਸਨ। ਉਹ ਦਰਵਾਜ਼ੇ ਵਿੱਚ ਪਿਆ ਸੀ, ਜਾਗਦਾ ਸੀ। ਚਿੜੀਆਂ ਦੀ ਚਿਰ–ਚਿਰ ਉਹ ਨੂੰ ਸੌਣ ਨਹੀਂ ਦੇ ਰਹੀ ਸੀ। ਉਨ੍ਹਾਂ ਦਿਨਾਂ ਵਿੱਚ ਉਹ ਅਜੇ ਭੁਰਥਲਾ ਮੰਡੇਰ ਨਹੀਂ ਗਿਆ। ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਦੀ ਚੌਥੀ ਜਮਾਤ ਵਿੱਚ ਪੜ੍ਹਦਾ ਸੀ।

ਡਲੀਆਂ ਡਿੱਗਦੀਆਂ ਦੇਖ ਕੇ ਉਹ ਦਰਵਾਜ਼ੇ ਵਿੱਚੋਂ ਉੱਠਿਆ ਤੇ ਵਿਹੜੇ ਦੀ ਨੀਵੀਂ ਕੰਧ ਨਾਲ ਲੱਗਦੀ ਖੁਰਲੀ ’ਤੇ ਚੜ੍ਹ ਕੇ ਕੰਧ ਉੱਤੋਂ ਦੀ ਗਲ ਕੱਢ ਕੇ ਦੇਖਿਆ, ‘ਮਿੰਦਰੋ ਆਪਣੇ ਦਰਵਾਜ਼ੇ ਅੱਗੇ ਖੜ੍ਹੀ ਸੀ। ਹੋਰ ਡਲੀ ਵਗਾਹੁਣ ਲਈ ਉਹ ਦਾ ਹੱਥ ਉੱਠਿਆ ਹੋਇਆ ਸੀ। ਚੰਦਨ ਨੇ ਪੁੱਛਿਆ, ‘ਇਹ ਡਲੀਆਂ ਕੌਣ ਮਾਰਦੈ, ਸਾਡੇ ਵਿਹੜੇ ’ਚ?’

‘ਮੈਂ।’ ਮਿੰਦਰੋ ਨੇ ਨੀਵੀਂ ਪਾ ਕੇ ਧੀਮੀ ਅਵਾਜ਼ ਵਿੱਚ ਜਵਾਬ ਦਿੱਤਾ।

‘ਕਿਉਂ?’

‘ਆ ਤਾਂ ਸਹੀ। ਸਾਡਾ ਕੋਈ ਘਰੇ ਨ੍ਹੀਂ। ਤੂੰ ਆ ਜਾ।’

‘ਗੱਲ ਤਾਂ ਦੱਸ।’

‘ਤੂੰ ਆ ਜਾ ਬੱਸ। ਆਏ ਨੂੰ ਦੱਸੂੰਗੀ।’

‘ਨਾ।’

‘ਵਾਹ ਵੇ ਤੇਰੇ। ਮਿੰਦਰੋ ਢਿੱਲੀ ਹੋਣ ਲੱਗੀ।’

‘ਤੂੰ ਡਲੀਆਂ ਕਾਹਤੋਂ ਮਾਰਦੀ ਐਂ?’

‘ਮੈਂ ਤਾਂ ਚਿੜੀ ਦੇ ਮਾਰਦੀ ਸੀ। ਕੋਈ ਥੋਡੇ ਘਰ ਜਾ ਡਿੱਗੀ ਹੋਣੀ ਐ। ਵੱਡਾ ਆਇਐ ਇਹ... ਚੱਲ ਪਰ੍ਹੇ।’

'ਜਾਹ, ਕਰਦੀ ਕੀਹ ਐ।' ਉਹ ਖੁਰਲੀ ਤੋਂ ਥੱਲੇ ਉਤਰ ਆਇਆ ਤੇ ਆਪਣੇ ਦਰਵਾਜ਼ੇ ਦੀਆਂ ਚਿੜੀਆਂ ਉਡਾਉਣ ਲੱਗਿਆ।

ਕਈ ਸਾਲਾਂ ਤੱਕ ਤਾਂ ਮਿੰਦਰੋ ਲਈ ਕੋਈ ਮੁੰਡਾ ਨਹੀਂ ਲੱਭਿਆ ਜਾ ਸਕਿਆ ਸੀ। ਉਹਦੀ ਉਮਰ ਬਾਈ-ਤੇਈ ਸਾਲ ਹੋ ਚੁੱਕੀ ਸੀ। ਉਹਦੀ ਮਾਂ ਬੜੀ ਨਿਘੋਚਣ ਸੀ। ਕੋਈ ਮੁੰਡਾ ਉਹ ਦੇ ਪਸੰਦ ਨਹੀਂ ਆਉਂਦਾ ਸੀ। ਉਹ ਬਹੁਤ ਸੁਹਣਾ ਮੁੰਡਾ ਭਾਲਦੀ ਸੀ। ਮਿੰਦਰੋ ਐਨੀ ਸੁਹਣੀ ਨਹੀਂ ਸੀ। ਉਹਦਾ ਰੰਗ ਗੰਦਮੀ ਸੀ। ਮੂੰਹ 'ਤੇ ਮਾਤਾ ਦੇ ਦਾਗ਼ ਸਨ। ਨੱਕ ਮੋਟਾ ਸੀ। ਕੱਦ ਲੰਬਾ ਤੇ ਸਰੀਰ ਅਕਹਿਰਾ। ਢਾਂਗਾ ਜਹੀ ਲੱਗਦੀ। ਇੱਕ ਗੱਲ ਜ਼ਰੂਰ ਸੀ, ਉਹ ਦੀਆਂ ਅੱਖਾਂ ਬਹੁਤ ਸੁਹਣੀਆਂ ਸਨ, ਮੋਟੀਆਂ-ਮੋਟੀਆਂ। ਅਖੀਰ ਉਹਦੇ ਲਈ ਮੁੰਡਾ ਲੱਭਿਆ ਗਿਆ ਤਾਂ ਬਹੁਤ ਸੁਹਣਾ ਹੀ। ਬਰਾਤ ਆਈ ਤਾਂ ਬੁੜ੍ਹੀਆਂ ਗੱਲਾਂ ਕਰਦੀਆਂ ਸਨ, 'ਚੰਦ ਨੂੰ ਗ੍ਰਹਿਣ ਲੱਗ ਗਿਆ, ਭੈਣੇ।'

ਕਿੰਨੇ ਹੀ ਸਾਲ ਮਿੰਦਰੋ ਦੇ ਕੋਈ ਜਵਾਕ ਨਾ ਹੋਇਆ। ਮਾਂ ਕੋਲ ਆ ਕੇ ਉਹ ਗੁੱਝਾ-ਗੁੱਝਾ ਇਲਾਜ ਕਰਵਾਉਂਦੀ। ਉਹ ਦੇ ਘਰ ਵਾਲੇ ਕੋਲ ਚੰਗੀ ਜ਼ਮੀਨ ਸੀ। ਮਿੰਦਰੋ ਦਾ ਸਾਕ ਤਾਂ ਉਹ ਨੇ ਇਸ ਕਰਕੇ ਲੈ ਲਿਆ ਸੀ, ਕਿਉਂਕਿ ਮਿੰਦਰੋ ਨੂੰ ਦਾਜ ਬਹੁਤ ਸਾਰਾ ਦਿੱਤਾ ਗਿਆ ਸੀ। ਪ੍ਰਾਹੁਣੇ ਨੂੰ ਘੋੜੀ 'ਤੇ ਸੋਨੇ ਦਾ ਕੰਠਾ। ਮਿੰਦਰੋ ਨੂੰ ਕਈ ਤੋਲੇ ਸੋਨਾ। ਇੱਕ ਸੱਜਰੀ ਸੂਈ ਮੱਝ। ਲੀੜੇ-ਕੱਪੜੇ ਦਾ ਕੋਈ ਅੰਤ-ਹਿਸਾਬ ਨਹੀਂ ਸੀ। ਉਹ ਇਕੱਲਾ ਪੁੱਤ ਸੀ। ਪੈਂਤੀ ਸਾਲ ਤੋਂ ਉੱਤੇ ਉਹ ਦੀ ਉਮਰ ਹੋ ਚੱਲੀ ਸੀ, ਪਰ ਜਵਾਕ ਕੋਈ ਨਹੀਂ ਸੀ। ਘਰ ਐਵੇਂ ਜਾਂਦਾ ਸੀ। ਬੱਤੀ ਨਾਲ ਬੱਤੀ ਲੱਗਣੀ ਬਹੁਤ ਜ਼ਰੂਰੀ ਸੀ। ਉਹ ਨੇ ਦੂਜਾ ਵਿਆਹ ਕਰਵਾਉਣ ਦੀ ਗੱਲ ਛੇੜੀ। ਮਿੰਦਰੋ ਝੱਟ ਰਾਣੀਸਰ ਪਹੁੰਚੀ, ਮਾਂ ਨੂੰ ਸਾਰੀ ਗੱਲ ਦੱਸੀ।

ਮਾਂ ਨੇ ਸਾਰੀ ਉਮਰ ਮਿੰਦਰੋ ਦੇ ਪਿਓ ਨੂੰ ਜੁੱਤੀ ਥੱਲੇ ਰੱਖਿਆ ਸੀ। ਟੂਣੇ-ਟਾਮਣ ਕਰਦੀ ਰਹਿੰਦੀ। ਪਿੰਡ ਦੇ ਹੀ ਗੁਰਬਚਨ ਦਾਸ ਸਾਧ ਤੋਂ ਉਹ ਨੇ ਤਬੀਤ ਦੁੱਧ ਵਿੱਚ ਘੋਲ ਕੇ ਪਿਆਉਣ ਨਾਲ ਹੀ ਪ੍ਰਾਹੁਣੇ ਨੇ ਮਿੰਦਰੋ ਦੇ ਪੈਰਾਂ ਵਿੱਚ ਪੱਗ ਰੱਖ ਦੇਣੀ ਸੀ।

ਰਾਤ ਦੀ ਰੋਟੀ ਤੋਂ ਬਾਅਦ ਉਹ ਤੌੜੀ ਵਿੱਚੋਂ ਦੁੱਧ ਦਾ ਛੰਨਾ ਭਰ ਕੇ ਆਪਣੇ ਘਰ ਵਾਲੇ ਨੂੰ ਫੜਾਉਣ ਦੀ ਥਾਂ ਅੰਦਰ ਸਬ੍ਹਾਤ ਵਿੱਚ ਲੈ ਗਈ। ਉਹ ਵਿਹੜੇ ਵਿੱਚ ਮੰਜੇ 'ਤੇ ਪਿਆ ਸੀ ਤੇ ਆਪਣੀ ਮਾਂ ਨਾਲ ਖੇਤਾਂ ਦੀ ਕੋਈ ਗੱਲ ਕਰ ਰਿਹਾ ਸੀ। ਸੱਸ ਨੇ ਨਾਈਆਂ ਦੀ ਬਹੂ ਨੂੰ ਦਿਨ ਛਿਪੇ ਜਿਹੇ ਘਿਓ ਜੋਖ ਕੇ ਦਿੱਤਾ ਸੀ। ਸਬ੍ਹਾਤ ਵਿੱਚ ਟਾਂਡ 'ਤੇ ਘਿਓ ਦੀ ਲਿੱਬੜੀ ਬਾਟੀ ਰੱਖ ਕੇ ਉਹ ਭੁੱਲ ਗਈ ਸੀ। ਇਕਦਮ ਉਸ ਨੂੰ ਯਾਦ ਆਇਆ ਤਾਂ ਸਬ੍ਹਾਤ ਵਿੱਚ ਆਈ। ਦੀਵੇ ਦੇ ਚਾਨਣ ਵਿੱਚ ਮਿੰਦਰੋ ਦੁੱਧ ਦੇ ਛੰਨੇ ਵਿੱਚ ਕੋਈ ਕਾਗਤੀ ਜਿਹੀ ਥੋ ਰਹੀ ਸੀ। ਸੱਸ ਦੇਖ ਕੇ ਖੜ੍ਹੀ ਦੀ ਖੜ੍ਹੀ ਰਹਿ ਗਈ ਤੇ ਫਿਰ ਪੁੱਠੇ ਪੈਰੀਂ ਜਾ ਕੇ ਉਹ ਪੁੱਤ ਨੂੰ ਬੁਲਾ ਲਿਆਈ। ਮਾਂ-ਪੁੱਤ ਨੇ ਦੱਬੇ ਪੈਰੀਂ ਆ ਕੇ ਇਹ ਨਾਟਕ ਦੇਖਿਆ ਤੇ ਫਿਰ ਮਿੰਦਰੋ ਨੂੰ ਸਲੰਘ ਨਾਲ ਕੁੱਟਿਆ ਗਿਆ। ਸਾਰੇ ਅਗਵਾੜ ਵਿੱਚ ਰੌਲਾ ਪੈ ਗਿਆ। ਦੂਜੇ ਦਿਨ ਹੀ ਉਹ ਉਸ ਨੂੰ ਰਾਣੀਸਰ ਦੀ ਜੂਹ ਵਿੱਚ ਛੱਡ ਕੇ ਮੁੜ ਗਿਆ। ਦੂਜਾ ਵਿਆਹ ਕਰਵਾ ਲਿਆ। ਮੁਕੱਦਮਾ ਲੜ ਕੇ ਮਿੰਦਰੋ ਨੇ ਖ਼ਰਚ ਬੰਨ੍ਹਵਾਇਆ ਸੀ। ਦਸ ਸਾਲਾਂ ਤੋਂ ਉਹ ਆਪਣੇ ਬਿਰਧ ਤੇ ਕਮਜ਼ੋਰ ਬਾਪ ਕੋਲ ਬੈਠੀ ਹੋਈ ਸੀ। ਮਾਂ ਉਹਦੀ ਪੰਜ ਸਾਲ ਪਹਿਲਾਂ ਮਰ ਚੁੱਕੀ ਸੀ। ਭਰਾ ਵੀ ਕੋਈ ਨਹੀਂ ਸੀ।

ਚੰਦਨ ਉਸ ਦਿਨ ਸ਼ਾਹਕੋਟ ਤੋਂ ਸ਼ਾਮੀ ਘਰ ਪਹੁੰਚਿਆ ਤਾਂ ਉਹ ਦੀ ਮਾਂ ਵਿਹੜੇ ਵਿੱਚ ਪਲੂੰਘੜੀ 'ਤੇ ਬੈਠੀ ਗਲੋਟੇ ਅਟੇਰ ਰਹੀ ਸੀ। ਮਿਹਰ ਆਟਾ ਗੁੰਨ੍ਹ ਰਿਹਾ ਸੀ। ਕੁਲਜੀਤ ਰੋ ਰਿਹਾ ਸੀ। ਮਿਹਰ ਨੇ ਦੱਸਿਆ, ਉਹ ਚਿੜੀ ਬਣਾਉਣ ਲਈ ਆਟਾ ਮੰਗਦਾ ਹੈ। ਨਿੱਤ ਆਟਾ ਖਰਾਬ ਕਰ ਦਿੰਦਾ ਹੈ। ਚੰਦਨ ਵਿਹੜੇ ਵਿੱਚ ਆਇਆ ਤਾਂ ਕੁਲਜੀਤ ਫਿਰ ਜ਼ਿੱਦ ਕਰਨ ਲੱਗਿਆ। ਚੰਦਨ ਨੇ ਇੱਕ ਚਪੇੜ ਉਹ ਦੇ ਕੰਨ 'ਤੇ ਜੜ ਦਿੱਤੀ। ਰੋਂਦਾ ਚਿਚਲਾਉਂਦਾ ਉਹ ਗਲੀ ਵਿੱਚ ਦੌੜ ਗਿਆ। ਕਾਫ਼ੀ ਦੇਰ ਮੁੜਿਆ ਹੀ ਨਾ ਤੇ ਫਿਰ ਚੰਦਨ ਨੂੰ ਉਹ ਦੇ ਲਈ ਮੋਹ ਜਾਗਣ ਲੱਗਿਆ। ਕੱਛੇ-ਬੁਨੈਣ ਵਿੱਚ ਹੀ ਉਹ ਕੁਲਜੀਤ ਨੂੰ ਲੱਭਣ ਲਈ ਹਥਾਈ ਵੱਲ ਚੱਲ ਪਿਆ। ਮਿੰਦਰੋ ਪਾਥੀਆਂ ਦਾ ਟੋਕਰਾ ਲਈ ਆ ਰਹੀ ਸੀ। ਹਸਰਤ ਭਰੀਆਂ ਨਿਗਾਹਾਂ ਨਾਲ ਉਹ ਉਹ ਦੇ ਵੱਲ ਝਾਕਣ ਲੱਗਿਆ। ਉਹ ਨੇੜੇ ਆਈ ਤਾਂ ਚੰਦਨ ਵੱਲ ਅੱਖਾਂ ਪੁੱਟੀਆਂ। ਮਿੰਦਰੋ ਦੀਆਂ ਅੱਖਾਂ ਵਿੱਚ ਉਦਾਸੀ, ਗ਼ਮ ਤੇ ਪਛਤਾਵੇ ਦੇ ਰਲੇ-ਮਿਲੇ ਭਾਵ ਸਨ। ਪੁੱਛਣ ਲੱਗੀ, 'ਅੱਜ ਕਿੰਨੀ ਤਰੀਕ ਹੋ 'ਗੀ, ਚੰਦਨ?'

'ਉਣੱਤੀ ਜੂਨ ਐ।'

ਉਹ ਚੁੱਪ ਖੜ੍ਹੀ ਰਹੀ।

'ਛੇਵੇਂ ਮਹੀਨੇ ਦੀ ਉਣੱਤੀ। ਇੱਕ ਘੱਟ ਤੀਹ।' ਚੰਦਨ ਨੇ ਸਪਸ਼ਟ ਕੀਤਾ।

'ਨਵਾਂ ਮਹੀਨਾ ਚੜ੍ਹਨ 'ਚ ਫੇਰ ਤਾਂ...'

'ਅੱਛਾ।' ਕਹਿ ਕੇ ਉਹ ਘਰ ਨੂੰ ਤੁਰ ਗਈ। ਜਾਂਦੀ ਹੋਈ ਉਹ ਉਹ ਦੇ ਵੱਲ ਫਿਰ ਝਾਕੀ ਸੀ।

ਰੋਟੀ-ਟੁੱਕ ਖਾਣ ਪਿੱਛੋਂ ਉਹ ਤੇ ਕੁਲਜੀਤ ਦਰਵਾਜ਼ੇ ਦੀ ਛੱਤ 'ਤੇ ਮੰਜੇ ਵਿਛਾ ਕੇ ਪੈ ਗਏ। ਕੁਲਜੀਤ ਨਿੱਕੀਆਂ-ਨਿੱਕੀਆਂ ਗੱਲਾਂ ਮਾਰਨ ਲੱਗਿਆ। ਅਸਮਾਨ 'ਤੇ ਗਰਦ ਚੜ੍ਹੀ ਹੋਈ ਸੀ। ਤਾਰਾ ਕੋਈ ਨਹੀਂ ਦਿੱਸਦਾ ਸੀ। ਹਵਾ ਚੱਲ ਰਹੀ ਸੀ। ਗਲੀ ਵਿੱਚ ਛੋਟੇ-ਛੋਟੇ ਮੁੰਡੇ-ਕੁੜੀਆਂ ਖੇਡ ਰਹੇ ਸਨ। ਇਕਦਮ ਕੁਲਜੀਤ ਕਹਿਣ ਲੱਗਿਆ, 'ਪਾਪਾ, ਮੈਂ ਵਗ ਜਾਂ?'

'ਜਾਹ।' ਚੰਦਨ ਨੇ ਬੇਧਿਆਨਾ ਹੋ ਕੇ ਆਖ ਦਿੱਤਾ।

ਚੰਦਨ ਮਿੰਦਰੋ ਬਾਰੇ ਸੋਚ ਰਿਹਾ ਸੀ। ਪਤਾ ਖੁੱਸ ਗਿਆ, ਬੱਚਾ ਕੋਈ ਨਹੀਂ, ਗੁਜ਼ਾਰਾ ਵੀ ਮੁਸ਼ਕਲ ਨਾਲ ਹੀ ਹੋ ਰਿਹਾ ਹੈ। ਕਿਵੇਂ ਇਹ ਦਿਨ ਜਿਹੇ ਕੱਟੀ ਜਾ ਰਹੀ ਹੈ। ਉਮਰ ਚਾਲ੍ਹੀ ਤੋਂ ਉੱਤੇ ਹੈ। ਬੁੱਢੀ ਤਾਂ ਨਹੀਂ ਹੋ ਗਈ। ਮਰਦ ਭੋਗ ਲਈ ਇਹ ਦੇ ਮਨ ਵਿੱਚ ਕਦੇ ਕੋਈ ਗੱਲ ਆਉਂਦੀ ਤਾਂ ਹੋਵੇਗੀ। ਕਦੇ-ਕਦੇ ਸ਼ਿੱਦਤ ਨਾਲ ਸੋਚਦੀ ਹੋਵੇਗੀ ਤਾਂ ਸਿਰ ਪਟਕ ਕੇ ਰਹਿ ਜਾਂਦੀ ਹੋਵੇਗੀ। ਕੋਈ ਹੋਰ ਰਾਹ ਹੀ ਲੱਭ ਲੈਂਦੀ, ਚੰਦਰੀ। ਜਦ ਤੋਂ ਉਹ ਬਾਪ ਕੋਲ ਆ ਕੇ ਬੈਠੀ ਹੈ, ਕਦੇ ਵੀ ਕੋਈ ਮਾੜੀ ਗੱਲ ਇਹ ਦੀ ਨਹੀਂ ਸੁਣੀ। ਕਿੰਨਾ ਜ਼ਬਤ ਹੈ ਇਹ ਦੇ ਵਿੱਚ। ਜ਼ਬਤ ਤਾਂ ਕੀ ਹੈ ਸਬਰ ਹੈ। ਪਰ ਇਹ ਮਰਦ ਨੂੰ ਚਾਹੁੰਦੀ ਤਾਂ ਜ਼ਰੂਰ ਹੋਵੇਗੀ। ਵਿੱਚੇ ਵਿੱਚ। ਕੁੜ੍ਹੀਂ-ਮੱਚੀਂ ਜਾਂਦੀ ਹੋਵੇਗੀ। ਸ਼ਕਲ ਤਾਂ ਦੇਖੋ ਕੋਈ, ਸੁੱਕ ਕੇ ਟਾਂਡਾ ਬਣੀ ਪਈ ਹੈ।

ਫਿਰ ਉਹ ਆਪਣੇ ਬਾਰੇ ਸੋਚਣ ਲੱਗਿਆ। ਉਹ ਦੀ ਜ਼ਿੰਦਗੀ ਵੀ ਤਾਂ ਮਿੰਦਰੋ ਵਰਗੀ ਹੀ ਹੈ। ਰੇਸ਼ਮਾ ਕੋਲ ਕਿਹੜਾ ਜਾਵੇ, ਐਂਡੀ ਦੂਰ। ਤੇ ਨਾਲੇ ਓਥੇ ਕੀ ਸੁਖਾਲਾ ਹੀ ਹੈ, ਇਹ ਕੰਮ। ਸੌ ਪਾਪੜ ਵੇਲਣੇ ਪੈਂਦੇ ਨੇ।

ਤੇ ਸ਼ੀਲ.....

ਉਹ ਤਾਂ ਕਿਸੇ ਰਾਹ 'ਤੇ ਆ ਹੀ ਨਹੀਂ ਰਹੀ। ਚੰਗੀ ਬਥੇਰੀ ਹੈ। ਕਿੰਨਾ ਮੋਹ ਕਰਦੀ ਹੈ। ਇੱਕ ਦਿਨ ਕਹਿੰਦੀ ਸੀ, 'ਮੈਂ ਤੈਨੂੰ ਕਿਵੇਂ ਵਿਸ਼ਵਾਸ ਦਿਵਾਵਾਂ, ਚੰਦਨ ਕਿ ਮੈਂ ਤੈਨੂੰ ਬੇਹੱਦ ਪਿਆਰ ਕਰਦੀ ਹਾਂ। ਰਾਤ ਨੂੰ ਤੇਰੇ ਹੱਥ ਆਪਣੀ ਹਿੱਕ ਨਾਲ ਘੁੱਟ ਕੇ ਸੌਂਦੀ ਹਾਂ। ਪਰ ਮੇਰੇ ਵੀ ਕੁਝ ਬੰਧਨ ਹਨ। ਮੈਂ ਉਨ੍ਹਾਂ ਬੰਧਨਾਂ ਵਿੱਚੋਂ ਨਿਕਲਣਾ ਵੀ ਨਹੀਂ ਚਾਹੁੰਦੀ। ਮੇਰੇ ਕੈਰੀਅਰ ਦਾ ਸਵਾਲ ਹੈ। ਅਜੀਬ ਲੜਕੀ ਹੈ, ਪਿਅਰ ਤਾਂ ਕਰਦੀ ਹੈ, ਪਰ ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦੀ। ਗੱਲਾਂ ਹੀ ਕਰਦੀ ਹੈ। ਗੱਲਾਂ ਵਿੱਚ ਕੀ ਹੈ। ਗੱਲਾਂ ਤਾਂ ਮਗ਼ਜ਼ ਖਪਾਈ ਹਨ। ਉਹ ਦੇ ਸਰੀਰ ਵਿੱਚ ਲੱਗੀ ਅੱਗ ਨੂੰ ਕੌਣ ਜਾਣਦਾ ਹੈ। ਕੰਵਾਰੀ ਕੁੜੀ ਹੈ, ਸੌ ਗੱਲਾਂ ਸੋਚਦੀ ਹੋਵੇਗੀ। ਉਮਰ ਵਿੱਚ ਤਾਂ ਉਸ ਨਾਲੋਂ ਕਿੰਨੀ ਛੋਟੀ ਹੈ। ਮਸ੍ਹਾਂ ਪੱਚੀ-ਛੱਬੀ ਸਾਲ ਦੀ ਹੋਵੇਗੀ, ਪਰ ਐਡੀ ਹੋ ਕੇ ਅਜੇ ਤੱਕ ਵਿਆਹ ਕਿਉਂ ਨਹੀਂ ਕਰਵਾਇਆ, ਜੇ ਸ਼ੀਲ ਨਾਲ ਹੋ ਜਾਵੇ ਉਹ ਦਾ ਵਿਆਹ? ਨਹੀਂ, ਉਹ ਕਦ ਮੰਨੇਗੀ। ਇੱਕ ਤਰ੍ਹਾਂ ਨਾਲ ਤਾਂ ਉਹ ਦਾ ਇਹ ਅਹਿਸਾਨ ਹੀ ਹੋਵੇਗਾ,ਇੱਕ ਵੱਡੀ ਕੁਰਬਾਨੀ ਹੋਵੇਗੀ, ਜੇ.....। ਪਰ ਉਹ ਨੂੰ ਆਪਣੀ ਜ਼ਿੰਦਗੀ ਵੀ ਤਾਂ ਚਾਹੀਦੀ ਹੈ। ਕਾਸ਼! ਜੇ ਉਹ ਪੰਜ-ਸੱਤ ਸਾਲ ਹੋਰ ਵੱਡੀ ਹੁੰਦੀ। ਹੁਣ ਤਾਂ ਉਹ ਗੱਲਾਂ ਮਾਰ ਕੇ ਆਪਣਾ ਠਰਕ ਹੀ ਪੂਰਾ ਕਰਦੀ ਲੱਗਦੀ ਹੈ। ਇੱਕ ਖਿਲਾਅ ਨੂੰ ਭਰਨ ਦੀ ਕੋਸ਼ਿਸ਼, ਨਹੀਂ ਤਾਂ ਕੀ ਹਮਦਰਦੀ ਹੈ, ਉਸ ਨੂੰ।

ਕੁਲਜੀਤ ਅਜੇ ਆਇਆ ਨਹੀਂ ਸੀ। ਮਾਂ ਵਿਹੜੇ ਵਿੱਚ ਪੈ ਚੁੱਕੀ ਸੀ। ਮਿਹਰ ਆਪਣਾ ਬਿਸਤਰਾ ਵਿਛਾ ਰਿਹਾ ਸੀ। ਉਹ ਫਿਰ ਮਿੰਦਰੋ ਬਾਰੇ ਸੋਚਣ ਲੱਗਿਆ।

ਅੱਧੀ ਰਾਤ ਹੋਣ ਵਾਲੀ ਹੋਵੇਗੀ। ਕੁਲਜੀਤ ਘੂਕ ਸੁੱਤਾ ਪਿਆ ਸੀ। ਸਿਰਹਾਣੇ ਪਏ ਘੜੇ ਵਿੱਚੋਂ ਉਸ ਨੇ ਪਾਣੀ ਪੀਤਾ। ਪੌੜੀਆਂ ਉਤਰ ਕੇ ਵਿਹੜੇ ਵਿੱਚ ਆਇਆ। ਮਾਂ ਤੇ ਮਿਹਰ ਵੀ ਸੁੱਤੇ ਪਏ ਸਨ। ਦਰਵਾਜ਼ੇ ਦਾ ਬਾਰ ਖੁੱਲ੍ਹਾ ਛੱਡ ਰੱਖਿਆ ਸੀ। ਉਹ ਘਰੋਂ ਬਾਹਰ ਹੋਇਆ। ਮਿੰਦਰੋ ਕਾ ਬਾਰ ਖੁੱਲ੍ਹਾ ਸੀ। ਉਹ ਅੰਦਰ ਹੋਇਆ ਤਾਂ ਬੱਕਰੀ ਦੇ ਮੇਮਣੇ ਉੱਠ ਖੜ੍ਹੇ। ਬੱਕਰੀ ਮਾਮੂਲੀ ਜਿਹੀ ਮਿਆਂਕੀ। ਉਹ ਦੱਬੇ ਪੈਰੀਂ ਬਾਂਸ ਦੀ ਪੌੜੀ ਚੜ੍ਹਨ ਲੱਗਿਆ। ਚੁਬਾਰੇ ਵਿੱਚ ਜਾ ਕੇ ਕਾਫ਼ੀ ਦੇਰ ਤੱਕ ਮਿੰਦਰੋ ਦੇ ਮੰਜੇ ਵੱਲ ਝਾਕਦਾ ਰਿਹਾ। ਮਿੰਦਰੋ ਦਾ ਬਾਪ ਲੋਥ ਵਾਂਗ ਮੂੰਹ ਟੱਡੀ ਸੁੱਤਾ ਪਿਆ ਸੀ। '

ਅਸਮਾਨ 'ਤੇ ਤਾਰੇ ਨਹੀਂ ਸਨ। ਚੰਦ ਹੋਵੇਗਾ। ਏਸੇ ਕਰਕੇ ਧਰਤੀ 'ਤੇ ਭੂਰਾ-ਭੂਰਾ ਚਾਨਣ ਡਿੱਗ ਰਿਹਾ ਸੀ। ਹਵਾ ਧੀਮੀ-ਧੀਮੀ ਰੁਮਕ ਰਹੀ ਸੀ। ਪੋਲੇ ਪੈਰੀਂ ਉਹ ਮਿੰਦਰੋ ਦੇ ਮੰਜੇ ਤੱਕ ਪਹੁੰਚਿਆ। ਉਸ ਦਾ ਨੰਗਾ ਮੂੰਹ ਉਸ ਨੂੰ ਬੇਹੱਦ ਪਿਆਰਾ ਲੱਗਿਆ। ਮਾਸੂਮ ਜਿਹਾ, ਭੋਲਾ-ਭਾਲਾ। ਕਦੇ ਉਸ ਨੂੰ ਲੱਗਦਾ, ਉਹ ਦਾ ਚਿਹਰਾ ਬਹੁਤ ਉਦਾਸ ਹੈ। ਉਹ ਦੇ ਚਿਹਰੇ 'ਤੇ ਗ਼ਮ ਦੀਆਂ ਪਰਤਾਂ ਚੜ੍ਹੀਆਂ ਹੋਈਆਂ ਦਿੱਸਦੀਆਂ। ਪਰ ਕਿਸੇ ਬਿੰਦ ਉਹ ਦੇ ਚਿਹਰੇ ਤੋਂ ਉਸ ਨੂੰ ਡਰ ਵੀ ਲੱਗਦਾ। ਉਹ ਭਿਆਨਕ ਹੋ ਉੱਠਦਾ ਤਾਂ ਚੰਦਨ ਦਾ ਵਾਪਸ ਹੋ ਜਾਣ ਨੂੰ ਦਿਲ ਕਰਦਾ। ਕਰੜਾ ਜਿਹਾ ਦਿਲ ਕਰਕੇ ਉਹ ਉਹਦੇ ਮੰਜੇ ਦੀ ਬਾਹੀ ਫੜ ਕੇ ਬੈਠ ਗਿਆ। ਉਹ ਦੇ ਹੱਥ 'ਤੇ ਹੱਥ ਧਰ ਕੇ ਉਹ ਨੇ ਮਾਮੂਲੀ ਜਿਹਾ ਘੁੱਟਿਆ। ਉਹ ਪਾਸਾ ਪਰਤ ਗਈ ਤੇ ਫਿਰ ਉਸ ਨੇ ਉਹ ਦੀ ਵੱਖੀ 'ਤੇ ਹੱਥ ਧਰ

ਦਿੱਤਾ। ਉਹ ਤ੍ਰਭਕ ਕੇ ਉੱਠ ਬੈਠੀ। ਬਾਹੀ ਕੋਲ ਬੈਠਾ ਬੰਦਾ ਦੇਖਿਆ ਤਾਂ ਚਾਂਗ ਮਾਰ ਦਿੱਤੀ। ਬੁੜ੍ਹਕ ਕੇ ਪਿਓ ਦੇ ਮੰਜੇ 'ਤੇ ਡਿੱਗ ਪਈ। ਚੰਦਨ ਦੌੜ ਕੇ ਚੁਬਾਰੇ ਵਿੱਚ ਗਿਆ ਤੇ ਦਬਾਸੱਟ ਬਾਂਸ ਦੀ ਪੌੜੀ ਉਤਰ ਕੇ ਬਿੰਦ ਵਿੱਚ ਹੀ ਆਪਣੇ ਦਰਵਾਜ਼ੇ ਵਿੱਚ ਜਾ ਖੜ੍ਹਾ ਤੇ ਫਿਰ ਪੋਲੇ ਪੈਰੀਂ ਆਪਣੀਆਂ ਪੌੜੀਆਂ ਚੜ੍ਹਨ ਲੱਗਿਆ।

ਗਵਾਂਢ ਵਿੱਚ ਰੌਲਾ ਪਿਆ ਹੋਇਆ ਸੀ।

ਚੰਦਨ ਜਿਵੇਂ ਘੂਕ ਸੁੱਤਾ ਪਿਆ ਹੋਵੇ।

ਦੂਜੇ ਦਿਨ ਵਿਹੜਕੀ ਵਿੱਚ ਬੁੜ੍ਹੀਆਂ ਹੱਸ-ਹੱਸ ਗੱਲਾਂ ਕਰਦੀਆਂ ਸਨ ਤੇ ਮਿੰਦਰੋ ਨੂੰ ਪੁੱਛ ਰਹੀਆਂ, 'ਕੁੜੇ, ਐਡਾ ਦਬਾਅ ਵੀ ਕੀ ਆਖੇ....'

**ਮੰਗਲਵਾਰ ਇੱਕ:**

ਦੇਵਾਂ ਮਰੀ ਤਾਂ ਚੰਦਨ ਦੀ ਉਮਰ ਛੱਤੀ ਸਾਲ ਦੀ ਸੀ। ਅਜੇ ਉਹ ਜਵਾਨ ਸੀ। ਲੋਕ ਕਹਿੰਦੇ ਸਨ, ਦੂਜਾ ਵਿਆਹ ਕਰਵਾ ਲੈ। ਪਰ ਉਹ ਦਾ ਜੀ ਸੀ, ਉਹ ਆਪਣੇ ਜਵਾਕਾਂ ਨੂੰ ਪਾਲੇ 'ਗਾ। ਦੂਜਾ ਵਿਆਹ ਕਰਵਾਇਆ ਤਾਂ ਜਵਾਕ ਰੁਲ ਜਾਣਗੇ। ਉਸ ਨੂੰ ਓਦੋਂ ਪਤਾ ਨਹੀਂ ਸੀ ਕਿ ਦੋ ਸਾਲਾਂ ਬਾਅਦ ਹੀ ਜੁਆਕ ਭੁੱਲਣ ਲੱਗਣਗੇ। ਸਰੀਰ ਦੀ ਅੱਗ ਸਾਰੇ ਰਿਸ਼ਤਿਆਂ ਨੂੰ ਤੋੜ ਕੇ ਰੱਖ ਦੇਵੇਗੀ।

ਗੁੱਝਾ-ਗੁੱਝਾ ਉਸ ਨੇ ਪਤਾ ਵੀ ਕੀਤਾ, ਜੇ ਭਲਾ ਉਸ ਦਾ ਵਿਆਹ ਹੋ ਜਾਵੇ। ਕੋਈ ਸੁਣਦਾ ਤਾਂ ਮੁਸਕਰਾ ਕੇ ਪਰ੍ਹਾਂ ਮੂੰਹ ਫੇਰ ਲੈਂਦਾ। ਅਠੱਤੀ ਸਾਲ ਦੇ ਬੰਦੇ ਨੂੰ ਸਾਕ ਦੇ ਕੇ ਕੁੜੀ ਖੂਹ ਵਿੱਚ ਸੁੱਟਣੀ ਸੀ ਕਿਸੇ ਨੇ। ਲਾਲਚ ਉਹ ਕੋਈ ਦੇ ਨਹੀਂ ਸਕਦਾ ਸੀ। ਵਿਧਾ ਮਿਲਦੀ ਤਾਂ ਨਾਲ ਇੱਕ-ਦੋ ਬੱਚੇ ਆਉਣੇ ਜ਼ਰੂਰੀ ਸਨ ਕਿਸੇ ਤਲਾਕਸ਼ੁਦਾ ਤੋਂ ਉਹ ਨੂੰ ਡਰ ਲੱਗਦਾ। ਉਹ ਨੂੰ ਆਪਣਾ ਛੋਟਾ ਮੁੰਡਾ ਕੁਲਜੀਤ ਬਹੁਤ ਪਿਆਰਾ ਸੀ। ਹੋਰ ਔਰਤ ਇਸ ਘਰ ਵਿੱਚ ਆਈ ਤਾਂ ਕੁਲਜੀਤ ਦੀ ਜ਼ਿੰਦਗੀ ਖ਼ਰਾਬ ਹੋ ਜਾਵੇਗੀ। ਕੁਲਜੀਤ ਵੱਲ ਝਾਕ ਕੇ ਉਹ ਦਾ ਹਉਕਾ ਨਿਕਲ ਜਾਂਦਾ। ਅਖੀਰ ਉਸ ਨੇ ਇਹ ਫ਼ੈਸਲਾ ਕੀਤਾ ਕਿ ਕਿਸੇ ਪਰਾਈ ਔਰਤ ਨਾਲ ਸਬੰਧ ਜੋੜੇ। ਪੰਜ-ਸੱਤ ਸਾਲ ਨਿਕਲ ਜਾਣਗੇ ਤਾਂ ਫਿਰ ਐਡੀ ਜ਼ਰੂਰਤ ਨਹੀਂ ਰਹੇਗੀ। ਦਸਵੀਂ ਪਾਸ ਕਰਨ ਬਾਅਦ ਮਿਹਰ ਨੂੰ ਵਿਆਹ ਲਵੇਗਾ। ਰੋਟੀ ਪੱਕਦੀ ਹੋ ਜਾਵੇਗੀ। ਕੁਲਜੀਤ ਨੂੰ ਤਾਂ ਕਾਲਜ ਵਿੱਚ ਪੜ੍ਹਾਵੇਗਾ।

ਪਰ ਉਸ ਦੀ ਖਾਹਸ਼ ਪੂਰੀ ਨਹੀਂ ਹੋ ਰਹੀ ਲੱਗਦੀ ਸੀ। ਰੇਸ਼ਮਾ ਤੋਂ ਉਸ ਨੂੰ ਨਫ਼ਰਤ ਹੋਣ ਲੱਗੀ। ਬੈਂਕ ਵਾਲੀ ਕੁੜੀ ਸ਼ੀਲ ਕਿਸੇ ਵੀ ਰਾਹ 'ਤੇ ਨਹੀਂ ਆ ਰਹੀ ਸੀ। ਮਿੰਦਰੋ ਤਾਂ...

ਅੱਜ ਸਵੇਰੇ ਮਿਹਰ ਤੇ ਕੁਲਜੀਤ ਸਕੂਲ ਨੂੰ ਗਏ ਤਾਂ ਉਹ ਸਬ੍ਹਾਤ ਵਿੱਚ ਪੱਖੇ ਥੱਲੇ ਬੈਠ ਕੇ ਰਸਾਲਾ ਪੜ੍ਹਨ ਲੱਗਿਆ। ਉਸ ਦੀ ਸੋਚ ਟੁੱਟ-ਟੁੱਟ ਜਾਂਦੀ। ਉਸ ਨੂੰ ਸੁੱਝ ਨਹੀਂ ਰਿਹਾ ਸੀ ਕਿ ਉਹ ਜ਼ਿੰਦਗੀ ਨੂੰ ਕਿਹੜੇ ਪਾਸੇ ਤੋਰੇ। ਰਸਾਲੇ ਦੀ ਕੋਈ ਵੀ ਰਚਨਾ ਉਸ ਨੂੰ ਸਮਝ ਨਹੀਂ ਆ ਰਹੀ ਸੀ। ਰਸਾਲਾ ਪਰ੍ਹਾਂ ਰੱਖ ਕੇ ਉਹ ਅਰਾਮ ਕੁਰਸੀ 'ਤੇ ਬੈਠਾ ਪੱਖੇ ਵੱਲ ਝਾਕਣ ਲੱਗਿਆ। ਉਸ ਦੇ ਦਿਮਾਗ਼ ਵਿੱਚ ਆਈ ਕਿ ਉਹ ਅੱਜ ਬੈਂਕ ਜਾ ਕੇ ਸ਼ੀਲ ਨੂੰ ਆਪਣੀ ਸਾਰੀ ਹਾਲਤ ਦੱਸ ਦੇਵੇਗਾ। ਉਹ ਅੱਗੇ ਝੋਲੀ ਅੱਡੇਗਾ। ਕੀ ਪਤਾ ਉਹ ਮੰਨ ਹੀ ਜਾਵੇ। ਸਾਫ਼-ਸਾਫ਼ ਕਹਿ ਦੇਵੇਗਾ। ਐਡੀ ਪੱਥਰ ਦਿਲ ਤਾਂ ਨਹੀਂ ਉਹ।

ਬੈਂਕ ਸਮੇਂ ਤੋਂ ਇੱਕ ਘੰਟਾ ਪਹਿਲਾਂ ਹੀ ਉਹ ਸ਼ਾਹਕੋਟ ਪਹੁੰਚ ਗਿਆ। ਅਵਾਰਾ ਆਦਮੀ ਵਾਂਗ ਬਜ਼ਾਰ ਵਿੱਚ ਘੁੰਮਣ-ਫਿਰਨ ਲੱਗਿਆ। ਕਈ ਵਾਕਫ਼ ਆਦਮੀ ਮਿਲੇ ਤੇ ਮੁੰਡਿਆਂ ਦੀ ਸੁੱਖ-ਸਾਂਦ ਪੁੱਛਦੇ ਰਹੇ। ਉਨ੍ਹਾਂ ਬਾਰੇ ਕੁਝ ਦੱਸਣ ਵਿੱਚ ਉਸ ਨੂੰ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਚਾਹੁੰਦਾ ਸੀ, ਕੋਈ ਉਹ ਦਾ ਹਾਲ ਪੁੱਛੇ।

ਉਹ ਬੈਂਕ ਵਿੱਚ ਆਇਆ ਤੇ ਸ਼ੀਲ ਨੂੰ ਉਡੀਕਣ ਲੱਗਿਆ। ਉਹ ਪੂਰੇ ਵਕਤ ’ਤੇ ਆਈ। ਹਾਂਡਾ ਅੱਜ ਫਿਰ ਛੁੱਟੀ ’ਤੇ ਸੀ। ਮਿਸਟਰ ਹਾਂਡਾ ਦਾ ਕੰਮ ਹੀ ਅਜਿਹਾ ਸੀ, ਉਹ ਛੁੱਟੀ ’ਤੇ ਹੁੰਦਾ ਤਾਂ ਉਹ ਦੀ ਸੀਟ ’ਤੇ ਕੋਈ ਹੋਰ ਨਹੀਂ ਭੇਜਿਆ ਜਾਂਦਾ ਸੀ। ਸੋ, ਅੱਜ ਚੰਦਨ ਲਈ ਸ਼ੀਲ ਨਾਲ ਗੱਲਾਂ ਕਰਨ ਦੀ ਪੂਰੀ ਖੁੱਲ੍ਹ ਸੀ।

ਅੱਜ ਮੈਨੇਜਰ ਆਪ ਉਨ੍ਹਾਂ ਦੇ ਕਮਰੇ ਵਿੱਚ ਉਨ੍ਹਾਂ ਤੋਂ ਗਰੀਟ ਹੋਣ ਉੱਤੇ ਆਇਆ। ਫਿਰ ਚਪੜਾਸੀ ਆਇਆ ਤੇ ਠੰਡਾ ਪਾਣੀ ਪਿਆ ਗਿਆ। ਉਹ ਕੰਮ ਕਰਨ ਲੱਗੇ। ਅੱਜ ਫਿਰ ਚੰਦਨ ਤੋਂ ਕੰਮ ਨਹੀਂ ਹੋ ਰਿਹਾ ਸੀ। ਉਹ ਬਿੰਦੇ-ਬਿੰਦੇ ਉਬਾਸੀ ਲੈ ਰਿਹਾ ਸੀ। ਹੱਥਾਂ ਨੂੰ ਸਿਰ ਤੋਂ ਉਤਾਂਹ ਲਿਜਾ ਕੇ ਅਗਵਾੜੀਆਂ ਭੰਨ੍ਹਦਾ। ਹੱਥਾਂ ਦੀਆਂ ਉਂਗਲੀਆਂ ਦੇ ਕੜਾਕੇ ਕੱਢਦਾ। ਮੱਥੇ ਦੀਆਂ ਨਾੜਾਂ ਨੂੰ ਸਹਿਲਾ ਰਿਹਾ ਸੀ। ਸ਼ੀਲ ਪੁੱਛਣ ਲੱਗੀ, ‘ਕੀ ਗੱਲ ਅੱਜ?’

‘ਕੁੱਛ ਨੀ, ਬੱਸ।’ ਚੰਦਨ ਨੇ ਰੋਣ ਵਰਗਾ ਜਵਾਬ ਦਿੱਤਾ।

ਸ਼ੀਲ ਨੇ ਹੋਰ ਕੁਝ ਨਹੀਂ ਪੁੱਛਿਆ। ਆਪਣੇ ਕੰਮ ਵਿੱਚ ਲੱਗੀ ਰਹੀ। ਚੰਦਨ ਉੱਠਿਆ ਤੇ ਉਹ ਦੇ ਹੱਥ ਵਿੱਚੋਂ ਪੈੱਨ ਲੈ ਕੇ ਉਹ ਦੇ ਮੇਜ਼ ’ਤੇ ਰੱਖ ਦਿੱਤਾ। ਸ਼ੀਲ ਮੁਸਕਰਾਈ ਤੇ ਕਹਿੰਦੀ, ‘ਇੱਕ ਸ਼ਰਾਰਤ ਹੋਰ ਵਧ ਗਈ।’

ਢਿੱਲਾ ਜਿਹਾ ਪੈ ਕੇ ਚੰਦਨ ਆਪਣੀ ਸੀਟ ’ਤੇ ਆ ਬੈਠਾ ਤੇ ਫਿਰ ਉੱਠ ਕੇ ਖਿੜਕੀ ਵਿੱਚ ਦੀ ਮੂੰਹ ਬਾਹਰ ਕੱਢਿਆ, ਚਪੜਾਸੀ ਨੂੰ ਹਾਕ ਮਾਰੀ। ਇੱਕ ਕੱਪ ਚਾਹ ਮੰਗਵਾਈ ਉਸ ਨੂੰ ਪਤਾ ਸੀ, ਸ਼ੀਲ ਚਾਹ ਨਹੀਂ ਪੀਂਦੀ, ਫਿਰ ਵੀ ਪੁੱਛਿਆ, ‘ਸ਼ੀਲ,ਚਾਹ?’

‘ਕੋਈ ਪੀਣ ਵਾਲੀ ਚੀਜ਼ ਮੰਗਵਾ, ਚਾਹ?’

ਉਸ ਨੇ ਚਪੜਾਸੀ ਨੂੰ ਮਗਰੋਂ ਹਾਕ ਮਾਰੀ ਤੇ ਇੱਕ ਕੋਲਡ ਡਰਿੰਕ ਲਈ ਵੀ ਕਹਿ ਦਿੱਤਾ। ਚਾਹ ਆਉਣ ਤੱਕ ਉਹ ਸਿਰ ਫੜ ਕੇ ਬੈਠਾ ਰਿਹਾ। ਸ਼ੀਲ ਆਪਣਾ ਕੰਮ ਕਰਦੀ ਰਹੀ।

ਉਹ ਸੋਚ ਰਿਹਾ ਸੀ, ਇਹ ਦਿਨ ਵੀ ਦੇਖਣੇ ਸਨ। ਜਦ ਉਹ ਉੱਠਦੀ ਜਵਾਨੀ ਵਿੱਚ ਸੀ, ਰਾਣੀਸਰ ਤੇ ਭੁਰਥਲੇ ਦੀਆਂ ਕਿੰਨੀਆਂ ਕੁੜੀਆਂ ਉਸ ਨੂੰ ਛੇੜਿਆ ਕਰਦੀਆਂ ਸਨ। ਉਹ ਸਦਾ ਹੀ ਚੁੱਪ-ਚੁੱਪ ਰਿਹਾ ਸੀ। ਨੀਵੀਂ ਪਾ ਕੇ ਤੁਰਦਾ। ਪਲਕ ਤੱਕ ਵੀ ਨਹੀਂ ਚੁੱਕਦਾ ਸੀ। ਰੇਸ਼ਮਾ ਨਾਲ ਉਹ ਪਤਾ ਨਹੀਂ ਕਿਵੇਂ ਫਸ ਗਿਆ ਸੀ। ਮਿੰਦਰੋ ਹੀ ਨਹੀਂ, ਰਾਣੀਸਰ ਦੀਆਂ ਹੋਰ ਕੁੜੀਆਂ ਨੇ ਵੀ ਉਸ ਨੂੰ ਬੁਲਾਉਣ ਦੀ ਕੋਸ਼ਿਸ ਕੀਤੀ। ਪਰ ਉਹ ਤਾਂ ਹਰ ਵੇਲੇ ਸਾਊ ਬੀਬਾ ਬਣਿਆ ਰਹਿੰਦਾ....ਤੇ ਰਾਣੀਸਰ ਦੀ ਹੀ ਬਾਹਮਣਾਂ ਦੀ ਉਹ ਕੁੜੀ ਸ਼ਕੁੰਤਲਾ। ਜਿਸ ਦਾ ਪਿੰਡ ਤਾਂ ਕੋਈ ਹੋਰ ਸੀ, ਪਰ ਓਥੇ ਆਪਦੀ ਵੱਡੀ ਭੈਣ ਕੋਲ ਰਹਿੰਦੀ ਸੀ। ਭਣੋਈਆਂ ਫ਼ੌਜ ਵਿੱਚ ਸੀ। ਚੰਦਨ ਸੱਤਵੀਂ ਵਿੱਚ ਪੜ੍ਹਦਾ ਗਰਮੀ ਦੀਆਂ ਛੁੱਟੀਆਂ ਕੱਟਣ ਓਥੇ ਆਇਆ ਹੋਇਆ ਸੀ, ਸ਼ਕੁੰਤਲਾ ਦੋ ਸਾਲ ਪੁਰਾਣਾ ਇੱਕ ਕਾਰਡ ਉਸ ਕੋਲੋਂ ਪੜ੍ਹਾਉਣ ਉਨ੍ਹਾਂ ਦੇ ਘਰ ਆਈ ਸੀ। ਉਹ ਬੇਵਕੂਫ਼ ਜਿਹਾ ਬਣਿਆ

ਕਾਰਡ ਪੜ੍ਹਦਾ ਰਿਹਾ। ਉਹ ਮੁਸਕਰਾਉਂਦੀ ਰਹੀ ਤੇ ਫਿਰ ਕਾਰਡ ਨੂੰ ਵਾਪਸ ਫੜਨ ਲੱਗਿਆਂ ਸ਼ਕੁੰਤਲਾ ਨੇ ਉਸ ਦੀਆਂ ਉਂਗਲਾਂ ਘੁੱਟੀਆਂ ਸਨ। ਉਹ ਤਾਂ ਫਿਰ ਵੀ ਕੁਝ ਨਹੀਂ ਸਮਝਿਆ ਸੀ।

...ਤੇ ਉਹ ਬੁੱਢੇ ਹੌਲਦਾਰ ਕਿਸ਼ਨ ਸਿੰਘ ਦੀ ਨੌਜਵਾਨ, ਪਰ ਬਾਂਝ ਔਰਤ, ਜਿਸ ਨੇ ਹੋਰ ਕਿਸੇ ਬਹਾਨੇ ਸੱਦ ਕੇ ਉਹ ਨੂੰ ਬੈਠਕ ਵਿੱਚ ਬਿਠਾ ਲਿਆ ਸੀ। ਉਨ੍ਹਾਂ ਦਿਨਾਂ ਵਿੱਚ ਉਹ ਅਜੇ ਭੁਰਥਲਾ ਛੱਡ ਕੇ ਆਇਆ ਹੀ ਸੀ। ਹੌਲਦਾਰ ਦੀ ਔਰਤ ਨੇ ਉਹ ਦਾ ਮੂੰਹ ਚੁੰਮ-ਚੁੰਮ ਉਸ ਨੂੰ ਬੇਹਾਲ ਕਰ ਦਿੱਤਾ ਸੀ। ਉਹ ਦੇ ਪੱਟਾਂ 'ਤੇ ਚੂੰਢੀਆਂ ਵੱਢੀਆਂ ਸਨ ਤੇ ਹੱਸਦੀ-ਹੱਸਦੀ ਨੇ ਉਹ ਨੂੰ ਬੈਠਕ ਤੋਂ ਬਾਹਰ ਕੱਢ ਦਿੱਤਾ ਸੀ। ਮੁੜਕੇ ਉਹ ਕਦੇ ਹੌਲਦਾਰ ਦੇ ਘਰ ਮੂਹਰਦੀ ਨਹੀਂ ਲੰਘਿਆ।

ਹੁਣ ਹਾਲ ਇਹ ਸੀ ਕਿ ਰਾਣੀਸਰ ਦੀ ਹਰ ਮੁਟਿਆਰ ਕੁੜੀ ਤੇ ਹਰ ਨਵੀਂ ਬਹੂ ਉਸ ਕੋਲੋਂ ਪਾਸਾ ਵੱਟ ਕੇ ਲੰਘਦੀ। ਪਿੰਡ ਵਿੱਚ ਉਹ ਬੇਹੱਦ ਸ਼ਰੀਫ਼ ਗਿਣਿਆ ਜਾਂਦਾ। ਉਹ ਗਲੀ ਵਿੱਚੋਂ ਲੰਘ ਰਿਹਾ ਹੁੰਦਾ, ਅੱਗੇ ਤੋਂ ਕੋਈ ਕੁੜੀ ਜਾਂ ਬਹੂ ਆ ਹੀ ਹੁੰਦੀ ਤਾਂ ਕੰਧ ਨਾਲ ਲੱਗ ਕੇ ਖੜ੍ਹ ਜਾਂਦੀ। ਉਹ ਲੰਘ ਜਾਂਦਾ, ਤਦ ਹੀ ਪੈਰ ਪੁੱਟਦੀ। ਉਹ ਦੀ ਸ਼ਰਾਫ਼ਤ ਉਸ ਨੂੰ ਮਾਰ ਰਹੀ ਸੀ। ਤੀਵੀਆਂ ਜਿਹੜੀਆਂ ਨਿੱਤ ਨਵੇਂ ਕਾਰੇ ਕਰਦੀਆਂ, ਉਹ ਦੇ ਵਾਰੀਂ ਉਨ੍ਹਾਂ ਨੂੰ ਪਤਾ ਨਹੀਂ ਕੀ ਸੱਪ ਲੜ ਜਾਂਦਾ। ਉਸ ਨੂੰ ਯਾਦ ਆ ਰਿਹਾ ਸੀ, ਕਿਸੇ ਨੇ ਠੀਕ ਹੀ ਕਿਹਾ ਹੈ, ਬੰਦੇ ਨੂੰ ਆਪਣੇ ਖ਼ਜ਼ਾਨੇ ਵਿੱਚ ਕਈ ਔਰਤਾਂ ਦੀ ਦੌਲਤ ਰੱਖਣੀ ਚਾਹੀਦੀ ਹੈ। ਕੀ ਪਤਾ, ਕਦੋਂ ਕਿਸ ਸਿੱਕੇ ਦੀ ਲੋੜ ਪੈ ਜਾਵੇ। ਕਈ ਵਾਰ ਤਾਂ ਖੋਟਾ ਪੈਸਾ ਵੀ ਚੱਲ ਜਾਂਦਾ ਹੈ।...ਤੇ ਉਸ ਬਜ਼ੁਰਗ ਚਿੱਤਰਕਾਰ ਦੇ ਸ਼ਬਦ, 'ਜ਼ਿੰਦਗੀ ਵਿੱਚ ਆਦਮੀ ਨੂੰ ਬੱਸ ਦੋ ਚੀਜ਼ਾਂ ਦੀ ਲੋੜ ਐ, ਵੇਲੇ ਸਿਰ ਰੋਟੀ ਤੇ ਵੇਲੇ ਸਿਰ ਔਰਤ।'

ਪਹਿਲੀ ਉਮਰ ਵਿੱਚ ਉਸ ਨੇ ਜੋ ਆਪਣੀਆਂ ਅੱਖਾਂ ਨੀਵੀਆਂ ਰੱਖੀਆਂ, ਹੁਣ ਉਨ੍ਹਾਂ ਨੀਵੀਂਆਂ ਅੱਖਾਂ ਦਾ ਹੀ ਇਹ ਸਰਾਪ ਸੀ ਸਰਾਪ ਸੀ ਕਿ ਉਹ ਦਰ -ਦਰ ਠੋਕਰਾਂ ਖਾਂਦਾ ਫਿਰਦਾ ਸੀ। ਉਹ ਦੇ ਪਿੰਡ ਤੋਂ ਵੀਹ ਮੀਲ ਦੂਰ ਕਿੱਥੇ ਧਰਮਗੜ੍ਹ ਪਿਆ ਸੀ ਤੇ ਉਸ ਰਾਤ ਮਿੰਦਰੋਂ ਵਾਲੀ ਗੱਲ ਦਾ ਜੇ ਕਿਸੇ ਨੂੰ ਪਤਾ ਲੱਗ ਜਾਂਦਾ। ਸ਼ੀਲ ਕਿੰਨੇ ਹਾੜ੍ਹੇ ਕਢਵਾ ਰਹੀ ਹੈ।

ਚਾਹ ਆ ਚੁੱਕੀ ਸੀ। ਕੋਲਡ ਡਰਿੰਕ ਵੀ । ਉਹ ਪੀਣ ਲੱਗੇ। ਚੰਦਨ ਨੇ ਗੱਲ ਤੋਰੀ, 'ਸ਼ੀਲ , ਤੂੰ ਮੇਰੀ ਹਾਲ ਨੂੰ ਸਮਝਦੀ ਕਿਉਂ ਨਹੀਂ?'

'ਕੀ, ਦੱਸ ਵੀ ਕੋਈ ਗੱਲ?'

'ਮੈਂ ਦੁਖੀ ਬਹੁਤ ਆਂ।'

'ਕੀ ਦੁੱਖ ਐ ਤੈਨੂੰ?'

'ਦੱਸਾਂ ਤਾਂ ਦੱਸਿਆ ਵੀ ਨਹੀਂ ਜਾਂਦਾ। ਨਾ ਹੀ ਤੂੰ ਸੁਣਦੀ ਐਂ।'

'ਦੱਸ ਤਾਂ ਸਹੀ।'

'ਜੋ ਕੁਝ ਮੈਂ ਚਹੁੰਨਾ, ਕਹਿ ਨਹੀਂ ਸਕਦਾ ਤੇ ਨਾ ਹੀ ਸ਼ਾਇਦ ਤੂੰ ਮੰਨੇਗੀ।'

'ਗੱਲ ਵੀ ਕਰ ਕੋਈ।'

'ਮੇਰੀ ਪਿਆਸ ਕੋਲ ਤੇਰੇ ਪਾਣੀ ਤੱਕ ਪਹੁੰਚਣ ਦੀ ਹਿੰਮਤ ਨਹੀਂ।'

'ਮਤਲਬ?'

'ਦੇਖ, ਸਿੱਧੀ ਗੱਲ ਐ। ਦੇਵਾਂ, ਮੇਰੀ ਪਤਨੀ ਦੇ ਮਰਨ ਦਾ ਤਾਂ ਤੈਨੂੰ ਪਤਾ ਈ ਐ। ਪਹਾੜ ਜਿੱਡੀ ਮੇਰੀ ਜ਼ਿੰਦਗੀ ਮੇਰੇ ਸਾਹਮਣੇ ਖੜ੍ਹੀ ਅੱਖਾਂ ਫਾੜ-ਫਾੜ ਝਾਕ ਰਹੀ ਹੈ। ਹਰ ਔਰਤ ਵਿੱਚ ਇੱਕ ਘਰ ਹੁੰਦਾ ਹੈ। ਮੇਰੇ ਕੋਲ ਇਹ ਘਰ ਨਹੀਂ ਰਹਿ ਗਿਆ ਹੈ। ਮੇਰਾ ਕੋਈ ਨਹੀਂ ਤੂੰ ਮੇਰਾ....'

'ਤੇਰੇ ਬੱਚੇ ਨੇ। ਹੋਰ ਤੂੰ ਕੀ ਲੈਣੈ?'

'ਨਹੀਂ, ਬੱਚੇ ਆਪਣੀ ਥਾਂ ਨੇ।'

'ਹੋਰ, ਤੈਨੂੰ ਕੀ ਚਾਹੀਦੈ।'

'ਮੈਨੂੰ ਔਰਤ ਦੀ ਲੋੜ ਐ।'

ਐਡੀ ਉਮਰ ਦਾ ਹੋ ਕੇ ਵੀ ਤੇਰੀ ਪਿਆਸ ਨਹੀਂ ਬੁਝੀ?

'ਇਹ ਪਿਆਸ ਸਦੀਵੀ ਹੈ, ਸ਼ੀਲ।'

'ਜ਼ਿੰਦਗੀ ਵਿੱਚ ਹੋਰ ਕਿਸੇ ਕੁੜੀ ਨਾਲ ਕੋਈ ਸਬੰਧ ਨਹੀਂ ਰਹੇ ਤੇਰੇ?'

'ਸਬੰਧ ਸਨ, ਪਰ ਉਹ ...ਹੁਣ ਕਿਸੇ ਨਾਲ ਸਬੰਧ ਨਹੀਂ।'

'ਝੂਠ'

'ਕੀ ਝੂਠ?'

'ਤੇਰੇ ਵਰਗਾ ਬੰਦਾ ਔਰਤ ਬਗ਼ੈਰ ਨਹੀਂ ਰਹਿ ਸਕਦਾ।'

'ਹਾਂ, ਨਹੀਂ ਰਹਿ ਸਕਦਾ।'

'ਫੇਰ?'

'ਆਖਿਆ ਤਾਂ ਹੈ, ਨਹੀਂ ਰਹਿ ਸਕਦਾ। ਮੈਨੂੰ ਕਿਸੇ ਵੀ ਔਰਤ ਦੀ ਲੋੜ ਐ। ਤੂੰ...'

ਤੇ ਫੇਰ ਉਹ ਦੋਵੇਂ ਚੁੱਪ ਬੈਠੇ ਰਹੇ।

'ਤੂੰ ਮੈਨੂੰ ਸਹਾਰਾ ਦੇਹ।' ਚੰਦਨ ਨੇ ਚੁੱਪ ਤੋੜੀ।

'ਮੈਂ ਕੀ ਸਹਾਰਾ ਦੇ ਸਕਦੀ ਆਂ?'

'ਤੂੰ.......'

'ਦੇਖ ਚੰਦਨ....' ਸ਼ੀਲ ਨੇ ਅੱਖਾਂ ਭਰ ਲਈਆਂ।

'ਤੂੰ ਮੈਨੂੰ ਮੋਹ ਦੇਹ। ਮੇਰਾ ਸਹਾਰਾ ਬਣ। ਮੇਰੇ ਦੁੱਖਾਂ ਦੀ ਭਾਈਵਾਲ ਬਣ ਜਾ। ਮੈਨੂੰ ਅਹਿਸਾਸ ਰਹੇ, ਕੋਈ ਕੁੜੀ ਐ ਜੋ ਮੇਰੀ ਸਾਰੀ ਤਕਲੀਫ਼ ਨੂੰ ਜਾਣਦੀ ਐ।'

'ਤੈਨੂੰ ਪਿਆਰ ਕਰਦੀ ਤਾਂ ਹਾਂ।'

'ਕਿੰਨਾ ਕੁ ਪਿਆਰ ਕਰਦੀ ਹੈਂ?

'ਬਹੁਤ।'

'ਕਿੰਨਾ ਕੁ?'

'ਸਾਰਾ ਕਿੰਨਾ ਹੁੰਦੈ?'

'ਸਾਰਾ?....ਸਾਰਾ ਬਾਰਾਂ ਇੰਚ ਸਮਝ ਲੈ। ਬਾਰਾਂ ਇੰਚਾਂ ਵਿੱਚੋਂ ਕਿੰਨਾ ਪਿਆਰ ਕਰਦੀ ਐਂ ਤੂੰ ਮੈਨੂੰ?'

'ਸਾਢੇ ਗਿਆਰਾਂ ਇੰਚ।'

'ਅੱਧਾ ਇੰਚ ਕਿਹੜੇ ਦੁਸ਼ਮਣ ਖਾਤਰ ਰੱਖ ਲਿਆ?'

'ਕਿਸੇ ਲਈ ਵੀ ਨਹੀਂ।'

'ਮੈਨੂੰ ਓਸ ਅੱਧੇ ਇੰਚ ਦੀ ਲੋੜ ਐ।'

'ਓਸ ਅੱਧੇ ਇੰਚ ਦੀ ਖੁਸ਼ੀ ਉਡੀਕ ਰੱਖ।'

'ਸਾਢੇ ਗਿਆਰਾਂ ਇੰਚ ਦੇ ਦਿੱਤੇ, ਅੱਧਾ ਇੰਚ ਵੀ ਦੇ ਦੇ।'

'ਅੱਧੇ ਇੰਚ ਦੀ ਤਾਂ ਗੱਲ ਐ ਸਾਰੀ।'

'ਤੂੰ ਮੈਨੂੰ ਕਿਤੇ ਇਕੱਲੀ ਮਿਲ।'

'ਮੇਰੇ ਲਈ ਇਹ ਬਹੁਤ ਔਖੈ।'

'ਕਿਉਂ?'

'ਬੱਸ।'

'ਕੀ ਹੋ ਜੂ?'

'ਜੇ ਕੁਛ ਹੋ ਗਿਆ ਤਾਂ ਮੈਂ ਕਾਸੇ ਜੋਗੀ ਨ੍ਹੀਂ ਰਹਿਣਾ।'

'ਨਹੀਂ।'

'ਨਾਂਹ।'

'ਤੈਨੂੰ ਪਤੈ, ਮੈਂ ਕਿੰਨਾ ਦੁਖੀ ਆਂ?'

'ਪਤੈ।'

'ਫੇਰ?'

'ਨਹੀਂ ਰਹਿਣ ਦੇ।'

'ਚੰਗਾ, ਤੇਰੀ ਮਰਜ਼ੀ। ਮੈਂ ਆਪ ਦੁਖੀ ਹੋ ਲਊਂ, ਤੈਨੂੰ ਦੁਖੀ ਨਹੀਂ ਕਰਨਾ।'

'ਮੇਰੇ ਦੁਖੀ ਹੋਣ ਦਾ ਕੁਛ ਨਹੀਂ, ਕੋਈ ਤੀਜਾ ਦੁਖੀ ਨਾ ਹੋਵੇ।'

'ਮਤਲਬ?'

'ਤੂੰ ਸਮਝਦਾ ਕਿਉਂ ਨਹੀਂ ਚੰਦਨ। ਤੇਰੇ ਦੁੱਖਾਂ ਨਾਲ ਮੈਨੂੰ ਪੂਰੀ ਹਮਦਰਦੀ ਐ। ਤੇਰੇ ਨਾਲ ਮੈਨੂੰ ਪਿਆਰ ਐ, ਓਨਾ ਜਿੰਨਾ ਕਿ ਮੈਂ ਅੱਜ ਤੱਕ ਕਿਸੇ ਨੂੰ ਨਹੀਂ ਕੀਤਾ ਤੇ ਸ਼ਾਇਦ ਇਸ ਤੋਂ ਵੱਧ ਕਰ ਵੀ ਨਾ ਸਕਾਂ। ਮੈਂ ਸਾਰੀ ਉਮਰ ਤੇਰੇ ਨਾਲ ਇਹ ਮਾਨਸਿਕ ਸਾਂਝ ਕਾਇਮ ਰੱਖਾਂਗੀ। ਪਰ ਮੇਰੇ ਹੋਂਠ ਤੇ ਮੇਰਾ ਇਹ ਸਰੀਰ ਕਿਸੇ ਹੋਰ ਦੀ ਇਮਾਨਤ ਐ। ਮੇਰਾ ਫ਼ਰਜ਼ ਐ, ਇਸ ਸਾਰੇ ਕੁਛ ਨੂੰ ਮੈਂ ਉਹ ਦੇ ਵਾਸਤੇ ਸੰਭਾਲ ਕੇ ਰੱਖਾਂ।

ਚੰਦਨ ਨੂੰ ਆਪਣਾ-ਆਪ ਬਹੁਤ ਕਮਜ਼ੋਰ ਜਾਪਿਆ। ਉਸ ਨੂੰ ਲੱਗਿਆ ਕਿ ਜਿਹੜੀ ਗੱਲ ਉਹ ਕਹਿਣੀ ਚਾਹੁੰਦਾ ਸੀ, ਸ਼ਾਇਦ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕਿਆ। ਸ਼ੀਲ ਵੱਲੋਂ ਉਸ ਨੂੰ ਠੋਕਵਾਂ ਜਵਾਬ ਮਿਲਿਆ ਸੀ। ਪਤਾ ਨਹੀਂ ਕਿਉਂ, ਉਹ ਫਿਰ ਵੀ ਉਸ ਨੂੰ ਪਿਆਰੀ-ਪਿਆਰੀ ਲੱਗ ਰਹੀ ਸੀ। ਤੇ ਫਿਰ ਉਹ ਖ਼ੁਦ ਹੀ ਕਹਿਣ ਲੱਗਿਆ, ਦੇਖ ਸ਼ੀਲ, ਮਰਦ ਤੇ ਔਰਤ ਵਿਚਕਾਰ ਜੋ ਇੱਕ ਹੱਦ ਹੁੰਦੀ ਐ, ਆਪਾਂ ਉਸ ਹੱਦ ਨੂੰ ਨਹੀਂ ਤੋੜਾਂਗੇ। ਇਹ ਵਾਅਦਾ ਰਿਹਾ।'

'ਠੀਕ ਐ।' ਸ਼ੀਲ ਨੇ ਝੱਟ ਕਹਿ ਦਿੱਤਾ। ਜਿਵੇਂ ਉਹ ਦੇ ਮਨ ਤੋਂ ਬਹੁਤ ਵੱਡਾ ਬੋਝ ਉਤਰ ਗਿਆ ਹੋਵੇ।

'ਹਾਂ.....।' ਚੰਦਨ ਦੀਆਂ ਅੱਖਾਂ ਗਿੱਲੀਆਂ ਸਨ।

**ਮੰਗਲਵਾਰ ਦੋ:**

ਚੰਦਰ ਨੇ ਅੱਧੀ ਛੁੱਟੀ ਲਈ ਤੇ ਰਾਣੀਸਰ ਨੂੰ ਚੱਲ ਪਿਆ। ਸ਼ਰਾਬ ਦੀ ਬੋਤਲ ਉਸ ਨੇ ਸ਼ਾਹਕੋਟ ਦੇ ਬੱਸ ਸਟੈਂਡ ਤੋਂ ਹੀ ਲੈ ਲਈ ਸੀ। ਰਾਣੀਸਰ ਪਹੁੰਚ ਕੇ ਉਹ ਸਿੱਧਾ ਕੰਦੋ ਦੇ ਘਰ ਗਿਆ।

ਤੇ ਫਿਰ ਦਿਨ ਛਿਪੇ ਜਿਹੇ ਜਦ ਉਹ ਤਿਆਰ ਜਿਹਾ ਹੋ ਕੇ ਆਪਣੇ ਘਰੋਂ ਕੰਦੋ ਦੇ ਘਰ ਵੱਲ ਜਾ ਰਿਹਾ ਸੀ ਤਾਂ ਸੋਚ ਰਿਹਾ ਸੀ ਕਿ ਉਹ ਅੱਧਾ ਆਦਮੀ ਰਹਿ ਗਿਆ ਹੈ। ਪਰ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਦਾ ਜ਼ਰੂਰੀ ਅੱਧ ਸ਼ੀਲ ਕੋਲ ਰਹਿ ਗਿਆ ਜਾਂ ਹੁਣ ਕੰਦੋ ਕੋਲ ਜਾ ਰਿਹਾ ਹੈ? ♦

# ਔਰਤ ਦੀ ਕੁਠਾਲੀ

ਚਾਨਣ ਮੱਲੋਂ-ਮੱਲੀ ਘੇਰ ਕੇ ਮੈਨੂੰ ਚੁਬਾਰੇ ਵਿੱਚ ਲੈ ਗਿਆ। ਚੁਬਾਰਾ -ਪੱਕੀਆਂ ਇੱਟਾਂ ਦਾ। ਫ਼ਰਸ਼ ਵੀ ਪੱਕਾ। ਸਾਹਮਣੇ ਦੋ ਪਲੰਘ ਵਿਛੇ ਹੋਏ ਚਾਦਰਾਂ ਸਰ੍ਹਾਣੇ ਟੁੱਟ ਨਾਲ ਕੱਢੇ। ਚਿੜੀਆਂ, ਮੋਰ, ਤੋਤੇ ਜਿਵੇਂ ਫੜ ਕੇ ਬਹਾਏ ਹੋਣ। ਇੱਕ ਪਾਸੇ ਟਾਂਡ ਤੇ ਲਿਸ਼ਕਦੇ ਥਾਲ, ਗਿਲਾਸ ਤੇ ਕੌਲੀਆਂ। ਲੱਕੜ ਦੀ ਨਿੱਕੀ ਜਿਹੀ ਟੰਗਣੀ 'ਤੇ ਚਮਚਿਆਂ ਦੀ ਪਾਲ। ਚਹੁੰ ਮੰਜਿਆਂ ਦੇ ਡੱਬੇ ਵਰਗੇ ਚੁਬਾਰੇ ਵਿੱਚ ਖ਼ਾਸਾ ਚਿਰ ਬੈਠਣ ਨੂੰ ਜੀਅ ਕਰਦਾ ਸੀ।

'ਪਲੰਘ 'ਤੇ ਮੈਨੂੰ ਬਿਠਾ ਕੇ ਆਪ ਚਾਨਣ ਥੱਲੇ ਉਤਰ ਗਿਆ। ਥੋੜ੍ਹੇ ਚਿਰ ਪਿੱਛੋਂ ਉਹ ਫੇਰ ਮੇਰੇ ਕੋਲ ਆ ਕੇ ਬੈਠ ਗਿਆ।

'ਐਤੀਕੀਂ ਤਾਂ ਪੰਜ-ਛੀ ਮਹੀਨਿਆਂ ਪਿੱਛੋਂ ਗੇੜਾ ਮਾਰਿਐ? ਚਾਨਣ ਨੇ ਗੱਲ ਸ਼ੁਰੂ ਕੀਤੀ। '

'ਕੰਮ ਛੱਡ ਕੇ ਆਉਣਾ ਬੜਾ ਔਖੈ। ਫੇਰ ਵੀ ਤੇਰੇ ਅਰਗੇ ਮਿੱਤਰ-ਬੇਲੀਆਂ ਨੂੰ ਮਿਲੇ ਬਿਨਾਂ ਰਹਿਆ ਨ੍ਹੀਂ ਜਾਂਦਾ। ਜੰਮਣ-ਭੌਂ ਤਿਆਗੀ ਨੀਂ ਜਾਂਦੀ।' ਮੈਂ ਉੱਤਰ ਦਿੱਤਾ।

'ਪਰ ਇੱਕ ਗੱਲ ਚਾਨਣਾ ਤੈਨੂੰ ਪੁੱਛਾਂ?' ਮੈਂ ਉਸ ਵੱਲ ਅੱਖਾਂ ਗੱਡ ਦਿੱਤੀਆਂ।

'ਪੁੱਛ', ਉਸ ਨੇ ਮੇਰੇ ਵੱਲ ਪੂਰਾ ਧਿਆਨ ਦੇ ਦਿੱਤਾ ਸੀ।

'ਅੱਗੇ ਤਾਂ ਤੇਰੇ ਇਸੇ ਘਰ 'ਚੋਂ ਡਾਡ ਮਾਰਦੀ ਸੀ, ਭੇਡਾਂ ਦੇ ਵਾੜੇ ਅਰਗੀ , ਹੁਣ ਤਾਂ ਯਾਰ ਇਹ ਕਿਸੇ ਓਪਰੇ ਹੱਥਾਂ ਦੀ ਕਰਾਮਾਤ ਦਿੱਸਦੀ ਐ?' ਚੁਬਾਰੇ ਦੀ ਲਿਸ਼ਕਣੀ ਦੇਖ ਕੇ ਮੈਂ ਹੈਰਾਨੀ ਜ਼ਾਹਰ ਕੀਤੀ।

'ਆਹ ਹੁਣੇ ਪਟੋ੍ਲਾ ਚਾਹ ਲੈ ਕੇ ਆਊ, ਦੇਖ ਲੀਂ।' ਚਾਨਣ ਨੇ ਜਿਵੇਂ ਸਾਰੀ ਹਿੱਕ ਚੌੜੀ ਕਰਕੇ ਆਖਿਆ ਹੋਵੇ।

ਰੰਗ ਧੋਤੀ ਹੋਈ ਗਾਜਰ। ਕੱਦ ਸੂਤ ਸਿਰ, ਕੰਨਾਂ ਵਿੱਚ ਨਵੀਂ ਘੜਤ ਦੀਆਂ ਵਾਲੀਆਂ। ਟੈਰਾਲਿਨ ਦਾ ਸੂਟ ਤੇ ਸਿਰ 'ਤੇ ਜਾਲੀਦਾਰ ਕਾਲਾ ਦੁਪੱਟਾ। ਪੈਰਾਂ ਵਿੱਚ ਕੱਢਵੀਂ ਮੋਡੀ ਦੁਖੱਲੀ ਜੁੱਤੀ। ਖੁੱਦੋ ਵਾਂਗ ਮੜ੍ਹਿਆ ਗੁੰਦਵਾਂ ਸਰੀਰ ਚਾਹ ਦੀ ਗੜਵੀਂ ਲੈ ਕੇ ਉਹ ਚੁਬਾਰੇ ਵਿੱਚ ਆ ਖੜ੍ਹੀ।

'ਸਾਸਰੀਕਾਲ ਆਖ, ਦਿਓਰ ਐ ਤੇਰਾ।' ਚਾਨਣ ਨੇ ਮੇਰੇ ਵੱਲ ਹੱਥ ਕੀਤਾ।

ਉਸ ਨੇ ਸੰਗਦੀ-ਸੰਗਦੀ ਨੇ ਸਬੱਲ੍ਹ ਹਿਲਾਏ।

'ਜਮਈਂ, ਚੰਦ ਐ ਅਸਮਾਨ ਦਾ।' ਮੈਂ ਹੌਲੀਂ ਦੇ ਕੇ ਚਾਨਣ ਦੇ ਕੰਨ ਵਿੱਚ ਆਖਿਆ।

'ਨਾਂ ਵੀ ਇਹ ਦਾ ਚੰਦ ਕੁਰ ਈ ਐ।' ਚਾਨਣ ਨੇ ਹੱਸ ਕੇ ਉਹ ਦੇ ਵੱਲ ਦੇਖ ਪੂਰੇ ਦਿਲ ਨਾਲ ਕਿਹਾ।

ਸ਼ਰਮ-ਹਜ਼ੂਰ ਹੋ ਕੇ ਉਸ ਨੇ ਅੱਖਾਂ ਮੂਹਰੇ ਬਾਂਹ ਕਰ ਲਈ। ਲੱਕੜ ਦੀ ਤਿੰਨ-ਟੰਗੀ ਉੱਤੇ ਦੋ ਗਲਾਸ ਤੇ ਚਾਹ ਦੀ ਗੜਵੀ ਰੱਖ ਕੇ ਥੱਲੇ ਉਤਰ ਗਈ।

'ਤੀਮੀ ਤਾਂ ਯਾਰ ਇਹ ਘਰੇ ਰੱਖਣ ਆਲੀ ਹੈ।' ਚਾਹ ਦੀ ਘੁੱਟ ਭਰ ਕੇ ਸਾਰੇ ਚਾਅ ਨਾਲ ਮੈਂ ਕਹਿ ਦਿੱਤਾ।

'ਤੀਮੀ ਜੇ ਇਹ ਆਊ ਚਲਾਊ ਹੁੰਦੀ ਤਾਂ ਤੈਨੂੰ ਇਹ ਦਾ ਦਿਓਰ ਨੀ ਸੀ ਮੈਂ ਆਖਣਾ।' ਚਾਨਣ ਦੀਆਂ ਅੱਖਾਂ ਵਿੱਚ ਸਾਰੀ ਜ਼ਿੰਦਗੀ ਸਿੰਮ ਆਈ ਸੀ। ਐਨੀ ਗੱਲ ਕਹਿ ਕੇ ਉਹ ਚੁੱਪ ਕਰ ਗਿਆ। ਤੱਤੀ-ਤੱਤੀ ਚਾਹ ਅਸੀਂ ਘੁਟੀਂ-ਘੁਟੀਂ ਪੀਂਦੇ ਰਹੇ।

ਚਾਨਣ ਦੀ ਉਮਰ ਉਸ ਵੇਲੇ ਸੈਂਤੀ-ਅਠੱਤੀ ਸਾਲ ਤੋਂ ਘੱਟ ਨਹੀਂ ਹੋਣੀ। ਵੀਹ-ਬਾਈ ਵਰ੍ਹਿਆਂ ਦੀ ਉਮਰ ਵਿੱਚ ਹੀ ਉਸ ਦਸ ਨੰਬਰੀਆਂ ਦੀ ਢਾਣੀ ਵਿੱਚ ਰਲ ਗਿਆ ਸੀ। ਜਦੋਂ ਦੀ ਮੈਂ ਸੁਰਤ ਸੰਭਾਲੀ ਸੀ, ਉਸ ਨੇ ਚਾਰ-ਪੰਜ ਤੀਵੀਆਂ ਨਫ਼ਾ ਲੈ ਕੇ ਅੱਗੇ ਵੇਚੀਆਂ ਸਨ। ਚੋਰ ਵੀ ਉਹ ਪੱਕਾ ਸੀ। ਪੰਜਾਹ-ਪੰਜਾਹ ਕੋਹ ਤੋਂ ਪਸ਼ੂਆਂ ਦੇ ਰੱਸੇ ਖੋਲ੍ਹ ਕੇ ਕਿਧਰੇ ਖੁਰਦ-ਬੁਰਦ ਕਰ ਦਿੰਦਾ। ਪਿੰਡ ਵਿੱਚ ਕੋਈ ਚੋਰੀ ਹੋ ਜਾਂਦੀ ਜਾਂ ਪਿੰਡ ਦੀ ਜੂਹ ਵਿੱਚ ਕੋਈ ਖੋਹ ਹੋ ਜਾਂਦੀ ਤਾਂ ਦਸ-ਨੰਬਰੀਆਂ ਸਮੇਤ ਪੁਲਿਸ ਚਾਨਣ ਨੂੰ ਵੀ ਸੱਦ ਕੇ ਬਿਠਾ ਲੈਂਦੀ।

ਤੁਰ੍ਹਲੇ ਵਾਲੀ ਟੇਢੀ ਪੱਗ। ਗੋਡਿਆਂ ਤੋਂ ਥੱਲੇ ਡਿੱਗਦਾ ਲੰਮੀਆਂ ਬਾਹਾਂ ਵਾਲਾ ਮਲਗਰਦਨੀ ਕੁੜਤਾ। ਧਰਤੀ ਸੰਭਰਦਾ ਸਿੱਟਵਾਂ ਚਾਦਰਾ। ਨੋਕਾਂ ਵਾਲੀ ਲਿਸ਼ਕਾਂ ਮਾਰਦੀ ਕੁੰਢੀਆਂ। ਅੱਖਾਂ ਮੋਟੀਆਂ-ਮੋਟੀਆਂ ਤੇ ਸੁਰਮਾ ਪਾ ਕੇ ਡੋਰੇ ਹੋਰ ਵੀ ਉਘਾੜੇ ਹੋਏ ਰੰਗ ਮੁਸ਼ਕੀ, ਪੂਰਾ ਦਰਸ਼ਨੀ ਜੁਆਨ ਸੀ ਚਾਨਣ। ਪਹਿਰਾਵੇ ਤੋਂ ਹੀ ਲੱਗਦਾ ਸੀ ਕਿ ਉਸ ਨੇ ਕਦੇ ਡੱਕਾ ਦੂਹ੍ਰਾ ਨਹੀਂ ਕੀਤਾ ਹੋਣਾ। ਅੱਖਾਂ ਵਿੱਚ ਹਰ ਵੇਲੇ ਬਦਮਾਸ਼ੀ ਦੀ ਝਲਕ। ਮੈਂ ਹੈਰਾਨ ਸਾਂ ਤੇ ਸੋਚਦਾ ਸਾਂ ਕਿ ਅੱਜ ਚਾਨਣ ਨੂੰ ਇਹ ਤੀਵੀਂ ਘਰ ਰੱਖਣ ਦੀ ਗੱਲ ਕਿਵੇਂ ਸੁੱਝ ਗਈ। ਚਾਹ ਅਸੀਂ ਪੀ ਲਈ ਸੀ। ਚਾਨਣ ਨੇ ਤਿੰਨ-ਟੰਗੀ ਚੁੱਕ ਕੇ ਇੱਕ ਖੂੰਜੇ ਰੱਖ ਦਿੱਤੀ।

'ਤੂੰ ਮੋਰਚਾ ਦੱਸ ਇਹ ਕਿਵੇਂ ਮਾਰਿਆ?' ਮੈਂ ਚੁੱਪ ਤੋੜੀ।

'ਇਹ ਤਾਂ ਮੇਰੇ ਮਨ ਗੁਡ 'ਗੀ ਕੰਜਰ ਦੀ। ਜਿੱਦਣ ਦੀ ਆਈ ਐ ਦੋ ਮਹੀਨੇ ਹੋਗੇ-ਮੇਰੀ ਤਾਂ ਜਿਵੇਂ ਦਿਹ ਪਲਟ ਗੀਐ। ਓਦਣ ਦੀ ਦਾਰੂ ਵੀ ਗਊ ਦੀ ਰੱਤ ਬਰੋਬਰ ਐ। ਅੱਗੇ, ਅੱਖਾਂ ਵਿੱਚ ਸ਼ਤਾਨੀ ਹੁੰਦੀ ਤੇ ਕਾਲਜਾ ਮੇਰਾ ਮੁੱਠੀ 'ਚ ਹੁੰਦਾ। ਰਹਿੰਦੇ ਦਿਨ ਹੁਣ ਤਾਂ ਮੈਂ ਚੰਦ ਕੁਰ ਨਾਲ ਈ ਕੱਟਣੇ ਨੇ।' ਚਾਨਣ ਦਾ ਦਿਲ ਸਿੱਕੇ ਵਾਂਗ ਪਿਘਲਿਆ ਹੋਇਆ ਸੀ।

'ਗੱਲ ਹੋਈ ਕਿਵੇਂ?' ਮੈਂ ਕਾਹਲ ਕੀਤੀ।

'ਜੋਧਪੁਰ, ਮਾਸੀ ਐ ਨਾ ਮੇਰੀ? ਉੱਥੇ ਗਿਆ ਸੀ ਮੈਂ। ਨੇੜੇ ਈ ਚੀਮਾ ਐ।' ਚਾਨਣ ਨੇ ਦੱਸਿਆ।

'ਚੀਮੇ ਕਿਹੜੇ?' ਮੈਂ ਪੁੱਛਿਆ।

'ਚੀਮੇ ਜਿਹਡੇ ਬਰਨਾਲੇ ਕੋਲੇ ਨੇ। ਉੱਥੇ ਇੱਕ ਬੁੜ੍ਹਾ ਸੀ ਖੁੰਢ-ਸੱਠ ਸਾਲ ਦਾ। ਇਹ ਵਿਆਹੀ ਤਾਂ ਪਹਿਲਾਂ ਕਿਤੇ ਹੋਰ ਸੀ। ਓਥੋਂ ਇਹ ਦੇ ਮਾਪਿਆਂ ਨੇ ਲਿਆ ਕੇ ਉਸ ਬੁੜ੍ਹੇ ਦੇ ਘਰ ਬਿਠਾ ਦਿੱਤੀ। ਨਾਮਾ ਚੰਗਾ ਸੀ ਬੁੜ੍ਹੇ ਕੋਲੇ। ਆਪ ਤਾਂ ਸਾਲੇ ਤੋਂ ਕੁਸ਼ ਹੁੰਦਾ ਨੀ ਸੀ, ਮੁੰਡੇ-ਖੁੰਡੇ ਰਹਿੰਦੇ ਉਹ ਦੇ ਕੋਲ। ਮੇਰੀ ਮਾਸੀ ਦਾ ਮੁੰਡਾ ਵੀ ਜਾਂਦਾ ਹੁੰਦਾ। ਇੱਕ ਦਿਨ ਉਹ ਮੈਨੂੰ ਵੀ ਲੈ ਗਿਆ। ਬੁੜ੍ਹੇ ਨੂੰ ਦਾਰੂ ਪੀਣ ਦਾ ਝੱਸ ਸੀ। ਮਾਰਦਾ-ਕੁੱਟਦਾ ਉਹ ਬਹੁਤ ਸੀ ਚੰਦ ਕੁਰ ਨੂੰ। ਵੀਹ ਦਿਨ ਰਹਿਆ ਮੈਂ ਓਥੇ ਈ। ਵੀਹੇ ਦਿਨ ਰੋਜ਼ ਬੁੜ੍ਹੇ ਨੂੰ ਅਧੀਆ ਲੈ ਕੇ ਦੇ ਦਿਆ ਕਰਾਂ।' ਚਾਨਣ ਸਾਰੀ ਗੱਲ ਟਿਕਿਆ ਨਾਲ ਦੱਸ ਰਿਹਾ ਸੀ।

'ਮੌਜ ਰਹੀ ਫੇਰ ਤਾਂ?' ਮੈਂ ਚੂੰਢੀ ਵੱਢੀ।

'ਪਰ ਇੱਕ ਦਿਨ ਇਹ ਕਹਿੰਦੀ, ਨਿੱਤ ਖੇਹ ਖਾਣ ਦਾ ਕੀ ਰੇਜ? ਕਿਸੇ ਦਿਨ ਜੇ ਕੱਢ ਕੇ ਲੈ ਜੇਂ ਏਸ ਕਸਾਈ ਦੇ ਘਰੋਂ। ਮੈਂ ਤੇਰੀ ਕਪਲਾ ਗਊ ਆਂ।' ਚਾਨਣ ਛੇਤੀ ਹੀ ਨਤੀਜੇ 'ਤੇ ਪਹੁੰਚ ਰਿਹਾ ਸੀ।

'ਬੁੜੇ ਨੇ ਫੇਰ ਕੋਈ ਚਾਰਾ-ਜੋਈ ਨੀ ਕੀਤੀ?' ਮੈਂ ਪੁੱਛਿਆ।

'ਆਇਆ ਸੀ ਏਥੇ, ਪੰਚੈਤ ਬੰਨ੍ਹ ਕੇ। ਪੰਜਾਹ ਮਾਰੀਆਂ ਜੁੱਤੀਆਂ ਇਹਨੇ ਭਿਓਂ ਕੇ। ਕਹਿੰਦੀ, 'ਜਿੱਥੇ ਮੈਂ ਔਣਾ ਸੀ, ਆ 'ਗੀ। ਜਾਹ ਚੈਨ ਕਰਕੇ ਬੈਠ ਆਪਣੇ ਖੁੱਡੇ 'ਚ।' ਚਾਨਣ ਦੇ ਮੂੰਹ 'ਤੇ ਗੰਭੀਰ ਜਿੱਤ ਸੀ।

ਚੁਬਾਰੇ ਵਿੱਚੋਂ ਉੱਠ ਕੇ ਗੱਲਾਂ ਕਰਦੇ ਅਸੀਂ ਸੱਥ ਵਿੱਚ ਆ ਖੜ੍ਹੇ। ਮੈਂ ਦੇਖਿਆ, ਚਾਨਣ ਦੀ ਬਾਂਹ ਵਿੱਚ ਸੋਨੇ ਦਾ ਕੜਾ ਪਾਇਆ ਹੋਇਆ ਸੀ।

'ਕੜਾ ਇਹ ਕਦੋਂ ਬਣਵਾਇਐ?' ਮੈਂ ਸੁੱਤੇ ਹੀ ਉਸ ਤੋਂ ਪੁੱਛ ਲਿਆ।

'ਜਿੱਦਣ ਮੈਂ ਇਹ ਨੂੰ ਲਿਆਇਆਂ। ਚੀਮਿਆਂ ਦੀ ਜੂਹ ਟੱਪਣ ਤੋਂ ਪਹਿਲਾਂ ਆਪਣੀ ਛਾਪ ਇਹ ਦੀ ਉਂਗਲ ਵਿੱਚ ਤੇ ਕੜਾ ਚੰਦ ਕੁਰ ਦਾ ਆਪਣੀ ਬਾਂਹ ਵਿੱਚ ਪਾ ਕੇ ਅਸੀਂ ਸਹੁੰ ਘੱਤੀ ਸੀ। ਹੁਣ ਜਦੋਂ ਮੈਂ ਏਸ ਕੁੜੇ ਕੰਨੀਂ ਦੇਖਦਾ ਤਾਂ ਮੈਨੂੰ ਸਾਰੀ ਗੱਲ ਯਾਦ ਆ ਜਾਂਦੀ ਐ।' ਚਾਨਣ ਦੀ ਬੁੱਕਲ ਵਿੱਚ ਜ਼ਿੰਦਗੀ ਦਾ ਪੂਰਾ ਨਿੱਘ ਸੀ।

ਡੌਲਿਆਂ ਕੋਲੋਂ ਚਾਨਣ ਦੀਆਂ ਦੋਵੇਂ ਬਾਹਾਂ ਘੁੱਟ ਕੇ ਮੈਂ ਉਸ ਦੀਆਂ ਅੱਖਾਂ ਵਿੱਚ ਆਪਣੀਆਂ ਅੱਖਾਂ ਦੀ ਪੂਰੀ ਤੱਕਣੀ ਪਾ ਦਿੱਤੀ।

'ਬੰਦੇ ਦੇ ਨਾਲ ਬੰਦੇ ਦੀ ਨੇਕੀ ਜਾਂਦੀ ਐ ਬੱਸ।' ਚਾਨਣ ਦੇ ਸਾਰੇ ਤਜਰਬੇ ਨੇ ਗਵਾਹੀ ਦਿੱਤੀ।

ਦੂਜੇ ਦਿਨ ਮੈਂ ਵਾਪਸ ਆਉਣਾ ਸੀ। ਚਾਨਣ ਨੇ ਮੇਰੇ ਵੱਲ ਹੱਥ ਵਧਾਇਆ। ਮੈਂ ਉਸ ਨੂੰ ਘੁੱਟ ਕੇ ਜੱਫ਼ੀ ਪਾ ਲਈ।

'ਚੰਦ ਕੁਰ ਨੇ ਰੜਕ ਕੱਢ 'ਤੀ ਬਾਈ ਤੇਰੀ?' ਮੈਂ ਕਿਹਾ।

'ਦੂਜੀ ਵਾਰ ਜਨਮ ਹੋਇਆ ਮੇਰੇ ਭਾਅ ਦਾ ਤਾਂ।' ਚਾਨਣ ਦੀ ਜੀਭ 'ਤੇ ਪੂਰੀ ਨਰਮੀ ਸੀ।

ਤੀਵੀਂ ਦੀ ਕੁਠਾਲੀ ਵਿੱਚ ਪੈ ਕੇ ਚਾਨਣ ਦੀ ਕਾਇਆ ਜਿਵੇਂ ਕੁੰਦਨ ਹੋ ਗਈ ਹੋਵੇ।♦

# ਔਰਤਾਂ ਦਾ ਵਪਾਰੀ

ਲਾਲਾ ਜਦ ਪੂਰਾ ਘੂਕਰ ਗਿਆ, ਉਹ ਘਰ ਆ ਕੇ ਮਸ੍ਹਾਂ ਹੀ ਰਾਤ ਕੱਟਦਾ। ਹੁਣ ਉਹ ਉਨ੍ਹਾਂ ਮੁੰਡਿਆਂ ਦੀ ਢਾਣੀ ਵਿੱਚ ਰਹਿੰਦਾ, ਜਿਹੜੇ ਘਰ ਦੇ ਕੰਮ ਦਾ ਡੱਕਾ ਨਹੀਂ ਸੀ ਤੋੜਦੇ। ਸਾਰਾ ਦਿਨ ਸੱਥ ਵਿੱਚ ਖੁੰਢਾਂ 'ਤੇ ਬੈਠੇ ਰਹਿੰਦੇ। ਜਾਂ ਤਾਂ ਤਾਸ਼ ਖੇਡਦੇ ਤੇ ਜਾਂ ਆਉਂਦੀ ਜਾਂਦੀ ਤੀਵੀਂ ਵੱਲ ਝਾਕ ਕੇ ਮੁੱਛਾਂ ਨੂੰ ਵੱਟ ਦਿੰਦੇ ਰਹਿੰਦੇ। ਆਥਣ ਨੂੰ ਘਰ ਦੀ ਕੱਢੀ ਸ਼ਰਾਬ ਪੀਂਦੇ। ਕੁੜਤਾ, ਚਾਦਰਾ ਤੇ ਸਾਫ਼ਾ ਚਿੱਟੇ ਸਫ਼ੈਦ, ਲਾਜਵਰ ਦੇ ਕੇ ਰੱਖਦੇ ਤੇ ਕਿਤੇ ਮੈਲ ਦਾ ਚਹੁ ਨਾ ਲੱਗਣ ਦਿੰਦੇ।

ਨਾਲ ਦੇ ਪਿੰਡ ਵਾਲਾ ਘੀਚਰ ਬਦਮਾਸ਼ ਇੱਕ ਦਿਨ ਉਨ੍ਹਾਂ ਕੋਲ ਇੱਕ ਤੀਵੀਂ ਲੈ ਆਇਆ। ਘੀਚਰ ਨੇ ਉਸ ਤੀਵੀਂ ਸਮੇਤ ਲਾਲੇ ਹੋਰਾਂ ਕੋਲ ਤਿੰਨ ਰਾਤਾਂ ਕੱਟੀਆਂ। ਤਿੰਨ ਦਿਨ ਬੱਕਰਾ ਸ਼ਰਾਬ ਉਡਦੀ ਰਹੀ। ਤੀਵੀਂ ਉਹ ਘੀਚਰ ਨੇ ਸੌ ਮੀਲ ਦੂਰ ਤੋਂ ਕਿਤੋਂ ਉਧਾਲ ਕੇ ਲਿਆਂਦੀ ਸੀ। ਚੌਥੇ ਦਿਨ ਉਹ ਤੀਵੀਂ ਘੀਚਰ ਨੇ ਲਾਲੇ ਵਿੱਚ ਦੀ ਪੈ ਕੇ ਉੱਥੇ ਹੀ ਇੱਕ ਫ਼ੌਜੀ ਪੈਨਸ਼ਨੀਏ ਨੂੰ ਦੋ ਸੌ ਰੁਪਈਏ ਦੀ ਵੇਚ ਦਿੱਤੀ।

ਲੰਡੇ ਨੂੰ ਖੁੰਡਾ ਕਹਿੰਦੇ ਸੌ ਕੋਹ ਦਾ ਵਿੰਗ ਪਾ ਕੇ ਵੀ ਮਿਲ ਜਾਂਦਾ ਹੈ। ਲਾਲਾ ਵੀ ਘੀਚਰ ਦਾ ਪੂਰਾ ਜੁੰਡੀਦਾਰ ਹੋ ਗਿਆ। ਘੀਚਰ ਤਾਂ ਅਧਖੜ ਸੀ, ਪਰ ਲਾਲਾ ਛਟੀ ਵਰਗਾ ਗੱਭਰੂ ਸੀ। ਹੁਣ ਉਹ ਦੋਵੇਂ ਜਿੱਥੇ ਜਾਂਦੇ ਇਕੱਠੇ ਜਾਂਦੇ।

ਇੱਕ ਵਾਰੀ ਉਹ ਛਪਾਰ ਦੇ ਮੇਲੇ ਗਏ। ਮੁੜਦੇ ਹੋਏ ਉਨ੍ਹਾਂ ਨੇ ਰਾਹ ਵਿੱਚ ਇੱਕ ਪਿੰਡ ਰਾਤ ਕੱਟੀ। ਉੱਥੇ ਉਨ੍ਹਾ ਦੀ ਕੋਈ ਮਾੜੀ ਮੋਟੀ ਸਿਆਣ ਗਿਆਣ ਸੀ। ਜਿਨ੍ਹਾਂ ਦੇ ਘਰ ਰਾਤ ਕੱਟੀ, ਉਨ੍ਹਾ ਦੇ ਗਵਾਂਢ ਵਿੱਚ ਹੀ ਇੱਕ ਜੁਲਾਹੇ ਦਾ ਘਰ ਸੀ। ਜੁਲਾਹਾ ਤਾਂ ਖਾਂਘੂ ਜਿਹਾ ਸੀ, ਪਰ ਜੁਲਾਹੀ ਪੂਰੀ ਤੇਜ਼ ਤਰਾਰ। ਅੱਖਾਂ ਵਿੱਚ ਹੀ ਹੱਸਦੀ ਦੇਖ ਕੇ ਘੀਚਰ ਨੇ ਲਾਲੇ ਨੂੰ ਸ਼ੰਗਾਰ ਦਿੱਤਾ, 'ਮੇਰੇ 'ਚ ਤਾਂ ਹੁਣ ਦਮ ਨੀ, ਤੂੰ ਛੇੜ ਕੇ ਦੇਖ।' ਲਾਲੇ ਵਰਗੇ ਜਵਾਨ ਨੂੰ ਦੇਖ ਕੇ ਜੁਲਾਹੀ ਦੀ ਚਾਂਗ ਨਿਕਲ ਗਈ। ਦੂਜੇ ਦਿਨ ਵੀ ਉਹ ਉੱਥੇ ਹੀ ਰਹੇ। ਅੱਧੀ ਰਾਤ ਟੱਪੀ ਤੋਂ ਦਿਨ ਚੜ੍ਹਦੇ ਨੂੰ ਉਨ੍ਹਾਂ ਨੇ ਜੁਲਾਹੀ ਪਿੰਡ ਲਿਆ ਮਾਰੀ। ਇੱਕ-ਦੋ ਦਿਨ ਰੱਖ ਕੇ ਫੇਰ ਪਤਾ ਨਹੀਂ ਕਿੱਧਰ ਚਲਾ ਦਿੱਤੀ।

ਘੀਚਰ ਨੇ ਲਾਲੇ ਨੂੰ ਪੂਰਾ ਹੱਥ ਦੇ ਦਿੱਤਾ। ਉਸ ਨੂੰ ਭੁੱਸ ਪੈ ਗਿਆ। ਹੁਣ ਉਹ ਸੌ-ਸੌ ਕੋਹ ਦੂਰ ਨਿਕਲ ਜਾਂਦੇ। ਇਕੱਲਾ-ਦੁਕੱਲਾ ਆਦਮੀ ਦੇਖਦੇ, ਨਾਲ ਤੀਵੀਂ ਹੁੰਦੀ ਤਾਂ ਖੋਹ ਲੈਂਦੇ। ਆਦਮੀ ਨੂੰ ਕੁੱਟ ਕੇ ਸੁੱਟ ਜਾਂਦੇ। ਕਿਸੇ ਨੂੰ ਦਰਖ਼ਤ ਨਾਲ ਨੂੜ ਆਉਂਦੇ। ਤੀਵੀਂ ਨੂੰ ਆਪਣੇ ਪਿੰਡਾਂ ਵੱਲ ਲੈ ਆਉਂਦੇ। ਪੰਜ-ਦਸ ਦਿਨ ਰੱਖਦੇ ਤੇ ਫੇਰ ਵੇਚ ਦਿੰਦੇ।

ਹੁਣ ਉਨ੍ਹਾਂ ਨੇ ਇਹ ਵਪਾਰ ਹੀ ਬਣਾ ਲਿਆ। ਲਾਲੇ ਨਾਲ ਕੋਈ ਤੀਵੀਂ ਫਸ ਜਾਂਦੀ ਤਾਂ ਉਸ ਨੂੰ ਕੱਢ ਲਿਆਉਂਦੇ। ਹੁਣ ਉਹ ਯੂ.ਪੀ., ਬੀਕਾਨੇਰ ਤੇ ਅੰਬਾਲੇ ਵੱਲੋਂ ਵੀ ਤੀਵੀਂਆਂ ਹੋਰ ਬਦਮਾਸ਼ਾਂ ਤੋਂ ਸਸਤੇ ਮੁੱਲ ਲੈ ਕੇ ਏਧਰ ਲੈ ਆਉਂਦੇ ਤੇ ਨਫ਼ਾ ਕੱਢ ਕੇ ਵੇਚ ਦਿੰਦੇ। ਪੰਜ-ਛੀ ਸਾਲ ਉਹ ਦੋਵੇਂ ਇਸੇ ਤਰ੍ਹਾਂ ਕਰਦੇ ਰਹੇ। ਘੀਚਰ ਨੂੰ ਇੱਕ ਵਾਰੀ ਐਸਾ ਪਾਣੀਝਾਰਾ ਨਿਕਲਿਆ ਕਿ ਉਹ ਮੰਜੇ ਵਿੱਚੋਂ ਹੀ ਮੁੜ ਕੇ ਨਾ ਉੱਠ ਸਕਿਆ।

ਲਾਲਾ ਘੀਚਰ ਨਾਲੋਂ ਚੜ੍ਹਿਆ ਹੋਇਆ ਸੀ। ਇਲਾਕੇ ਵਿੱਚ ਤੇ ਹੋਰ ਦੂਰ-ਦੂਰ ਤਾਈਂ ਵੀ ਉਸ ਨੂੰ ਔਡਿਆਂ ਦਾ ਪਤਾ ਸੀ। ਹੁਣ ਉਸ ਨੇ ਆਪਣੇ ਨਾਲ ਨੇੜੇ ਦੇ ਪਿੰਡੋਂ ਇੱਕ ਹੋਰ ਜੁਆਨ ਨੂੰ ਸ਼ਿੰਗਾਰ ਲਿਆ। ਉਨ੍ਹਾਂ ਨੇ ਕਿੰਨੀਆਂ ਹੀ ਤੀਵੀਆਂ ਏਧਰ-ਉੱਧਰ ਕੀਤੀਆਂ। ਕਈਆਂ ਦੇ ਘਰ ਉਜਾੜ, ਕਈਆਂ ਦੇ ਵਸਾਏ। ਰਿਟਾਇਰਡ ਫ਼ੌਜੀ, ਆਸ ਮੁਕਾ ਬੈਠੇ ਆਦੀ ਛੜੇ ਤੇ ਕਈ ਅੰਗਹੀਣ, ਪਰ ਨਾਮੇ ਵਾਲੇ ਬੰਦੇ ਲਾਲੇ ਨੂੰ ਸਵਾਲ ਪਾਈਂ ਰੱਖਦੇ। ਪੁਲਿਸ ਨਾਲ ਉਹ ਮਿਲ ਕੇ ਰਹਿੰਦਾ। ਪੁਲਿਸ ਵਾਲਿਆਂ ਨੂੰ ਖ਼ੁਸ਼ ਕਰਨ ਦੇ ਤੇ ਉਨ੍ਹਾਂ ਨੂੰ ਧੋਖਾ ਦੇਣ ਦੇ ਸਾਰੇ ਢੰਗ ਉਸ ਨੂੰ ਆਉਂਦੇ ਸਨ। ਪਿੰਡ ਦੇ ਲੋਕ ਕਹਿੰਦੇ ਹੁੰਦੇ, 'ਲਾਲਾ ਤਾਂ ਥਾਣੇਦਾਰ ਦਾ ਵੀ ਪਿਓ ਐ, ਉਹ ਨੂੰ ਕੌਣ ਹੱਥ ਪਾਵੇ।'

ਲਾਲੇ ਹੋਰੀਂ ਇੱਕ ਵਾਰੀ ਕਾਲੇਕਿਆਂ ਦਾ ਮੇਲਾ ਦੇਖਣ ਗਏ। ਉੱਥੇ ਇੱਕ ਪੰਜਾਹ-ਪਚਵੰਜਾ ਸਾਲਾ ਦਾ ਬੰਦਾ ਸੀ। ਉਹ ਬਰ੍ਹਮਾ ਵਿੱਚੋਂ ਚੰਗੇ ਪੈਸੇ ਕਮਾ ਕੇ ਲਿਆਇਆ ਸੀ। ਪਿੰਡ ਆ ਕੇ ਉਸ ਨੇ ਜ਼ਮੀਨ ਖਰੀਦ ਲਈ ਤੇ ਪੱਕਾ ਵਧੀਆ ਮਕਾਨ ਵੀ ਪਾ ਲਿਆ। ਪੈਸੇ ਵਾਲਾ ਬੰਦਾ ਹੋਣ ਕਰਕੇ ਉਸ ਦਾ ਵਿਆਹ ਵੀ ਹੋ ਗਿਆ। ਉਸ ਦੀ ਘਰਵਾਲੀ ਮਸ੍ਹਾਂ ਬਾਈ-ਤੇਈ ਸਾਲ ਦੀ ਸੀ। ਮਾਪਿਆਂ ਨੇ ਕੁੜੀ ਦਾ ਮੋਟਾ ਪੈਸਾ ਲਿਆ ਸੀ। ਲਾਲਾ ਉਨ੍ਹਾਂ ਦੇ ਘਰ ਪਹਿਲਾਂ ਵੀ ਦੋ-ਚਾਰ ਵਾਰੀਂ ਆ ਚੁੱਕਿਆ ਸੀ। ਬਰ੍ਹਮਾ ਵਾਲਾ ਉਹ ਆਦਮੀ ਆਏ ਗਏ ਦੀ ਸ਼ਰਾਬ ਆਦਿ ਨਾਲ ਚੰਗੀ ਸੇਵਾ ਕਰਦਾ। ਲਾਲਾ ਆਪਣੀ ਤਾੜ ਵਿੱਚ ਰਹਿੰਦਾ। ਉਸ ਨੂੰ ਪਤਾ ਲੱਗ ਗਿਆ ਕਿ ਇਸ ਤੀਵੀਂ ਨੂੰ ਝੋਰਾ ਜ਼ਰੂਰ ਹੈ। 'ਕੀ ਕਰਾਂ ਪਰਾਂਦੇ ਨੂੰ,' ਜੋਬਨ ਰੁੜ੍ਹਦੇ ਜਾਂਦੇ ਨੂੰ।

ਲਾਲਾ ਗੋਲੀ ਵਰਗਾ ਜਵਾਨ ਤਾਂ ਉਸ ਨੂੰ ਮਸ੍ਹਾਂ ਥਿਆਇਆ ਸੀ।

'ਤੂੰ ਮੈਨੂੰ ਇਸ ਗਾਰ 'ਚੋਂ ਕੱਢ ਲੈ।' ਉਸ ਤੀਵੀਂ ਨੇ ਉਸ ਦਿਨ ਲਾਲੇ ਨੂੰ ਸਵਾਲ ਕੀਤਾ।

'ਮੈਂ ਕਦ ਤੈਨੂੰ ਨਾਂਹ ਕੀਤੀ ਐ।' ਲਾਲੇ ਦੇ ਦਿਲ ਦੀ ਗੱਲ ਸੀ।

'ਚੱਲ, ਪਹਿਰ ਦੇ ਤੜਕੇ ਨਿਕਲ ਚੱਲੀਏ' ਤੀਵੀਂ ਪੱਕੀ ਤਿਆਰ ਹੋ ਗਈ।

'ਘੋੜੀ ਵੀ ਨਾਲ ਈ ਲੈ ਚੱਲੀਏ, ਹਵਾ ਬਣਾ ਦੂੰ।' ਲਾਲਾ ਉਸ ਦੇ ਘਰ ਦਾ ਜਿਵੇਂ ਸਭ ਕੁਝ ਹੂੰਝਣਾ ਚਾਹੁੰਦਾ ਸੀ।

'ਇੱਕ ਕੌਲ ਮੇਰੇ ਨਾਲ ਕਰ ਬਈ ਤੂੰ ਆਪ ਮੈਨੂੰ ਵਸਾਵੇਂਗਾ। ਦੇਖੀਂ ਮੈਨੂੰ ਦਗ਼ਾ ਨਾ ਦੇਈਂ।' ਭੂਰੇ ਨੇ ਆਪਣੇ ਹੱਥੋਂ ਸੋਨੇ ਦੀ ਛਾਪ ਕੱਢ ਕੇ ਲਾਲੇ ਦੀ ਚੀਚੀ ਵਿੱਚ ਸ਼ਿੰਗਾਰ ਦਿੱਤੀ। ਲਾਲੇ ਨੇ ਆਪਣਾ ਕੜਾ ਲਾਹ ਕੇ ਭੂਰੋ ਦੀ ਬਾਂਹ ਵਿੱਚ ਤਿਲ੍ਹਕਾ ਦਿੱਤਾ। ਦਿਨ ਚੜ੍ਹਿਆ ਤਾਂ ਸਾਰੇ ਪਿੰਡ ਵਿੱਚ ਹਾਹਾਕਾਰ ਮਚ ਗਈ।

ਦੋ ਮਹੀਨੇ ਲਾਲਾ ਉਸ ਨੂੰ ਪਤਾ ਨਹੀਂ ਕਿੱਥੇ-ਕਿੱਥੇ ਲਈ ਫਿਰਿਆ। ਇੱਕ ਦਿਨ ਬਠਿੰਡੇ ਤੋਂ ਪਰ੍ਹੇ ਇੱਕ ਪਿੰਡ ਵਿੱਚ ਉਹ ਠਹਿਰੇ। ਚਾਰ ਦਿਨ ਉਹ ਉੱਥੇ ਹੀ ਰਹੇ। ਜਿਸ

ਘਰ ਉਹ ਰਹਿੰਦੇ ਸਨ, ਉਹ ਆਦਮੀ ਮਲਾਇਆ ਵਿੱਚੋਂ ਆਇਆ ਸੀ ਤੇ ਲਾਲੇ ਦੇ ਛੋਟੇ ਦੋਵਾਂ ਭਰਾਵਾਂ ਨੂੰ ਜਾਣਦਾ ਸੀ, ਜਿਹੜੇ ਮਲਾਇਆ ਵਿੱਚ ਹੁਣ ਰਹਿੰਦੇ ਸਨ। ਭੂਰੋ ਨੇ ਪੰਜਵੇਂ ਦਿਨ ਤੜਕੇ ਉੱਠ ਕੇ ਦੇਖਿਆ ਕਿ ਉ ਦੇ ਕੋਲ ਡਹੀ ਮੰਜੀ ਖ਼ਾਲੀ ਪਈ ਹੈ। ਦੁਪਹਿਰ ਤਾਈਂ ਉਹ ਉਸ ਨੂੰ ਉਡੀਕਦੀ ਰਹੀ। ਆਥਣ ਤੇ ਫਿਰ ਰਾਤ। ਦੂਜਾ ਦਿਨ ਚੜ੍ਹਿਆ ਤੇ ਇਸ ਤਰ੍ਹਾਂ ਦੋ ਦਿਨ ਹੋਰ ਲੰਘ ਗਏ। ਘਰ ਦੇ ਮਾਲਕ ਨੇ ਭੂਰੋ ਨੂੰ ਦੱਸਿਆ ਕਿ ਲਾਲਾ ਦਸ ਕੁ ਦਿਨ ਲਾ ਕੇ ਫੇਰ ਆਏਗਾ। ਪੰਦਰਾਂ-ਵੀਹ ਦਿਨ ਲੰਘ ਗਏ। ਘਰ ਵਾਲੇ ਨੇ ਨਿੰਮੋਝੂਣਾ ਜਿਹਾ ਹੋ ਕੇ ਇੱਕ ਦਿਨ ਭੂਰੋ ਨੂੰ ਆਖ ਦਿੱਤਾ, 'ਤੂੰ ਤਾਂ ਹੁਣ ਏਸੇ ਘਰ ਦੀ ਰਾਣੀ ਐ।'

ਜਦੋਂ ਪਾਕਿਸਤਾਨ ਬਣਿਆ, ਲਾਲੇ ਦੀ ਉਮਰ ਸੱਠ ਸਾਲ ਦੇ ਨੇੜੇ ਢੁੱਕੀ ਹੋਈ ਸੀ ਹੁਣ ਉਸ ਤੋਂ ਇਹ ਕੰਮ ਨਹੀਂ ਸੀ ਹੁੰਦਾ। ਗੋਡੇ ਦੁਖਦੇ ਸਨ। ਨਿਗਾਹ ਘਟ ਗਈ ਤੇ ਢਿੱਡ ਵਿੱਚ ਮਿੰਨ੍ਹਾਂ-ਮਿੰਨ੍ਹਾਂ ਦਰਦ ਰਹਿੰਦਾ। ਹੁਣ ਉਹ ਪਿੰਡੋਂ ਬਾਹਰ ਨਹੀਂ ਸੀ ਜਾਂਦਾ। ਉਸ ਦੇ ਵੱਡੇ ਭਾਈ ਨੇ ਉਸ ਨੂੰ ਘਰ ਵਿੱਚ ਹੀ ਇੱਕ ਵੱਖਰੀ ਕੋਠੜੀ ਦੇ ਦਿੱਤੀ। ਘਰ ਰੋਟੀ ਪਾਣੀ ਖਾ ਪੀ ਕੇ ਉਹ ਸੱਥ ਵਿੱਚ ਬੈਠਾ ਰਹਿੰਦਾ। ਨਵੇਂ ਗੱਭਰੂਆਂ ਨੂੰ ਤੀਵੀਆਂ ਦੀਆਂ ਗੱਲਾਂ ਸੁਣਾਉਂਦਾ। ਇੱਕ ਇੱਕ ਤੀਵੀਂ ਬਾਰੇ ਉਸ ਨੂੰ ਯਾਦ ਸੀ ਕਿ ਕਿੱਥੋਂ ਲਿਆਂਦੀ, ਕਿੱਥੇ-ਕਿੱਥੇ ਰੱਖੀ ਤੇ ਫੇਰ ਕੀਹਨੂੰ ਕਿੰਨੇ ਵਿੱਚ ਵੇਚੀ। ਉਸ ਨੂੰ ਇਹ ਵੀ ਪਤਾ ਸੀ ਕਿ ਕਿਹੜੀ ਤੀਵੀਂ ਉਸ ਤੋਂ ਵੀ ਅੱਗੇ ਹੋਰ ਕਿੱਥੇ ਚਲੀ ਗਈ।

'ਬਾਬਾ, ਕਿੰਨੀਆਂ ਤੀਮੀਆਂ ਪੱਟੀਆਂ ਫੇਰ?' ਮੁੰਡੇ ਪੁੱਛਦੇ।

'ਸਾਰੀਆਂ ਤਾਂ ਜਾਦ ਨੀ, ਗਿਣ ਲੌਂ ਜੇ ਗਿਣਨੀਆਂ ਨੇ।' ਲਾਲੇ ਨੇ ਉਂਗਲੀਆਂ ਦੇ ਪੋਟੇ ਫੜਨੇ ਸ਼ੁਰੂ ਕਰ ਕੀਤੇ। ਵੀਹ ਕੁ ਤੀਵੀਆਂ ਗਿਣਾ ਕੇ ਲਾਲੇ ਨੇ ਕਿਹਾ, 'ਇੱਕ ਕਾਲੇਕਿਆਂ ਆਲੀ।' ਤੇ ਫੇਰ ਚੁੱਪ ਹੋ ਗਿਆ।

'ਹੋਰ?' ਇੱਕ ਨੌਜਵਾਨ ਨੇ ਪੁੱਛਿਆ।

'ਬੱਸ, ਐਨੀਆਂ ਕੁ ਹੋਰ ਹੋਣੀਆਂ ਨੇ।' ਲਾਲੇ ਦਾ ਖਿਆਲ ਜਿਵੇਂ ਉੱਖੜ ਗਿਆ ਸੀ।

ਕਈ ਦਿਨਾਂ ਤੋਂ ਲਾਲਾ ਹੁਣ ਸੱਥ ਵਿੱਚ ਨਹੀਂ ਸੀ ਦੇਖਿਆ। ਮੁੰਡੇ ਹੱਸਦੇ, 'ਲਾਲਾ ਬੁੜ੍ਹਾ ਪਤਾ ਨਹੀਂ ਕਿਹੜੇ ਖੂਹ 'ਚ ਰਹਿੰਦੈ।'

ਇੱਕ ਦਿਨ ਸਵੇਰੇ ਹੀ ਲਾਲੇ ਦੀ ਭਤੀਜ-ਨੂੰਹ ਚਾਹ ਫੜਾਉਣ ਆਈ। ਦੇਖਿਆ ਤਾਂ ਬੁੜ੍ਹਾ ਮੰਜੀ ਤੋਂ ਥੱਲੇ ਡਿੱਗਿਆ ਪਿਆ ਹੈ। ਕੁੱਜੇ, ਤੌੜਾ ਤੇ ਕੂੰਡਾ ਆਦਿ ਨਿੱਕ-ਸੁੱਕ ਜਿਹੜਾ ਮੰਜੀ ਦੇ ਕੋਲ ਪਿਆ ਸੀ, ਉਸ 'ਤੇ ਡਿੱਗ ਕੇ ਉਸ ਦਾ ਮੂੰਹ ਸਾਰਾ ਉੱਚੜ ਗਿਆ ਹੈ।

'ਬਾਬਾ।' ਬਹੂ ਨੇ ਅਵਾਜ਼ ਦਿੱਤੀ।

ਬਾਬਾ ਬੋਲਿਆ ਨਾ। ਚਾਹ ਦੀ ਗੜਵੀ ਬਹੂ ਨੇ ਦੇਹਲੀ 'ਤੇ ਰੱਖ ਦਿੱਤੀ। ਗਰਦਨ ਥੱਲੇ ਸਹਾਰਾ ਦੇ ਕੇ ਬੁੜ੍ਹੇ ਨੂੰ ਬੈਠਾ ਕੀਤਾ ਤੇ ਮੰਜੀ 'ਤੇ ਪਾ ਦਿੱਤਾ। ਬਾਬੇ ਦੇ ਬੁੱਲ੍ਹ ਫਰਕਦੇ ਸੁਣੇ ....,ਭੂਅ...ਅ...ਰ...ਓ'

'ਚਾਹ ਦੀ ਗੜਵੀ ਉਹ ਮੋੜ ਕੇ ਲੈ ਗਈ।

ਦੂਜੇ ਦਿਨ ਹੀ ਲਾਲਾ ਮਰ ਗਿਆ। ਅਰਥੀ ’ਤੇ ਪਾਉਣ ਤੋਂ ਪਹਿਲਾਂ ਜਦ ਉਸ ਨੂੰ ਨਵ੍ਹਾਉਣ ਲੱਗੇ ਤਾਂ ਦੇਖਿਆ ਕਿ ਉਸ ਨੇ ਆਪਣੇ ਖੱਬੇ ਹੱਥ ਦੀ ਮੁੱਠੀ ਘੁੱਟ ਕੇ ਮੀਚੀ ਹੋਈ ਹੈ।’

‘ਮਲ ਕੇ ਨਮ੍ਹਾ ਓਏ ਚਾਚੇ ਨੂੰ।’ ਇੱਕ ਆਦਮੀ ਨੇ ਲਾਲੇ ਦੇ ਭਤੀਜੇ ਨੂੰ ਕਿਹਾ। ਭਤੀਜਾ ਚੰਗੀ ਤਰ੍ਹਾਂ ਹੱਥ ਫੇਰਨ ਲੱਗ ਪਿਆ। ਖੱਬੇ ਹੱਥ ਦੀ ਮੁੱਠੀ ਉਹ ਖੋਲ੍ਹੇ ਨਾ। ਜ਼ੋਰ ਲਾ ਕੇ ਉਸ ਨੇ ਮੁੱਠੀ ਖੋਲ੍ਹੀ ਤਾਂ ਭਰਿੰਡ ਵਾਂਗ ਦਗਦੀ ਉਸ ਵਿੱਚ ਸੋਨੇ ਦੀ ਛਾਪ ਸੀ। ♦

# ਸਫ਼ੈਦ ਰਾਤ ਦਾ ਜ਼ਖ਼ਮ

ਧੂਣੇ ਦੀ ਲੱਕੜ ਨੂੰ ਚਿਮਟੇ ਦੀ ਹੁੱਜ ਨਾਲ ਉਸ ਨੇ ਠੋਹਕਰਿਆ, ਦੋ-ਤਿੰਨ ਨਿੱਕੀਆਂ ਅੰਗਿਆਰੀਆਂ ਲਾਲ ਬਿੰਬ ਚਮਕਾਰਾ ਦੇ ਕੇ ਸੁਆਹ 'ਤੇ ਡਿੱਗ ਪਈਆਂ। ਉਸ ਨੂੰ ਸੇਕ ਮੂਹਰੇ ਬੈਠਿਆਂ ਵੀ ਪਾਲੀ ਦੀ ਧੁੜਧੁੜੀ ਆਈ। ਇੱਕ ਮੌਤ ਵਰਗੀ ਨਮੋਸ਼ੀ ਨੇ ਉਸ ਦਾ ਲੂੰ-ਲੂੰ ਡੰਗਿਆ ਹੋਇਆ ਸੀ। ਵੱਡੇ ਤੜਕੇ ਨੰਬਰਦਾਰ ਦੀ ਵੱਡੀ ਨੂੰਹ ਆਵੇਗੀ ਤਾਂ ਉਹ ਉਸ ਨੂੰ ਕੀ ਜਵਾਬ ਦੇਵੇਗਾ?

ਮੰਗਲ ਦਾਸ ਦੀ ਦਾੜ੍ਹੀ ਵਿੱਚ ਇੱਕ ਵੀ ਧੌਲ਼ਾ ਅਜੇ ਨਹੀਂ ਉੱਗਿਆ ਸੀ। ਉਸ ਦੇ ਚਿਹਰੇ 'ਤੇ ਇੱਕ ਵੀ ਲਕੀਰ ਨਹੀਂ ਉੱਭਰੀ ਸੀ। ਉਸ ਦੀਆਂ ਅੱਖਾਂ ਵਿੱਚ ਪੂਰੀ ਚਮਕ ਸੀ। ਉਸ ਦੇ ਪਿੰਡੇ ਦੀਆਂ ਗੁਲਾਈਆਂ ਤਕੜੀਆਂ ਤੇ ਕਾਠੀਆਂ ਸਨ। ਨੰਬਰਦਾਰ ਦੀ ਵੱਡੀ ਨੂੰਹ ਉਸ 'ਤੇ ਬਹੁਤਾ ਹੀ ਡੁੱਲ੍ਹ ਗਈ। ਉਂਝ ਤਾਂ ਨੰਬਰਦਾਰ ਦਾ ਵੱਡਾ ਮੁੰਡਾ ਪੂਰਾ ਰਿਸ਼ਟ-ਪੁਸ਼ਟ ਸੀ, ਪਰ ਕੁਦਰਤ ਦੀ ਖੇਡ, ਉਹ ਆਪਣੀ ਪਤਨੀ ਨੂੰ ਕੋਈ ਬੱਚਾ ਨਹੀਂ ਦੇ ਸਕਿਆ। ਉਸ ਪਿੰਡ ਦੀਆਂ ਕੁੜੀਆਂ, ਬੁੜ੍ਹੀਆਂ ਤੇ ਬਹੂਆਂ ਆਥਣ ਵੇਲੇ ਮੱਥਾ ਟੇਕਣ ਮੰਗਲ ਦਾਸ ਦੇ ਟਿੱਲੇ 'ਤੇ ਆਉਂਦੀਆਂ। ਉਨ੍ਹਾਂ ਨਾਲ ਨੰਬਰਦਾਰ ਦੀ ਵੱਡੀ ਨੂੰਹ ਵੀ ਕਈ ਦਿਨ ਆਈ ਤੇ ਅੱਜ ਦੀ ਆਥਣ ਦੂਜੀਆਂ ਤੋਂ ਅੱਖ ਬਚਾ ਕੇ ਉਹ ਕੋਈ ਗੁੱਝਾ ਇਸ਼ਾਰਾ ਮੰਗਲ ਦਾਸ ਨੂੰ ਕਰ ਗਈ। ਤੇ ਫੇਰ ਸਾਰਿਆਂ ਦੇ ਨਾਲ ਤੁਰ ਜਾਣ ਬਾਅਦ ਬਿੰਦ ਦੀ ਬਿੰਦ ਵਾਪਸ ਮੁੜੀ ਤੇ ਵੱਡੇ ਤੜਕੇ ਆਉਣ ਬਾਰੇ ਦੱਸ ਗਈ। ਪੈਰੀਂ ਹੱਥ ਲਾਉਣ ਲੱਗੀ ਮੰਗਲ ਦਾਸ ਦੇ ਪੈਰ ਦਾ ਗੂਠਾ ਵੀ ਦੱਬ ਗਈ। ਉਹ ਤਾਂ ਸੁੰਨ ਬਣਿਆ ਹੀ ਬੈਠਾ ਰਹਿ ਗਿਆ। ਉਸ ਦੇ ਮੂੰਹੋਂ ਤਾਂ ਕੁਝ ਸਰਿਆ ਹੀ ਨਹੀਂ ਤੇ ਹੁਣ ਅੱਧੀ ਰਾਤ ਤੱਕ ਜਾਗਦਾ ਧੂਣੇ ਮੂਹਰੇ ਬੈਠਾ ਉਹ ਝੂਰ ਰਿਹਾ ਸੀ ਕਿ ਉਹ ਜੇ ਆ ਗਈ ਤਾਂ ਧਰਤੀ ਦੇ ਕਿਸ ਬਿਆੜ ਵਿੱਚ ਉਹ ਗਰਕ ਹੋ ਸਕੇਗਾ?

ਜੱਗਾ ਸੁਲਫ਼ਈ ਆਖ਼ਰੀ ਚਿਲਮ ਪੀ ਕੇ ਕਦੋਂ ਦਾ ਘਰ ਨੂੰ ਜਾ ਚੁੱਕਿਆ ਸੀ। ਗੋਧੂ ਨਾਈ ਟਿੱਲੇ ਦੇ ਸਾਰੇ ਨਿੱਕੇ-ਮੋਟੇ ਕੰਮ ਨਿਪਟਾ ਕੇ ਧੂਣੇ ਤੋਂ ਦੂਰ ਕੱਚੀ ਇੱਟ ਦੇ ਓਟਿਆਂ ਵਾਲੀ ਕਪਾਹ ਦੀ ਛਿਟੀਆਂ ਦੀ ਛਪਰੀ ਵਿੱਚ ਤੱਪੜੀ 'ਤੇ ਲਾਲ ਗੁੱਦੜ ਵਲ੍ਹੇਟੀ ਸੁੱਤਾ ਪਿਆ ਸੀ। ਟੋਭੇ ਦੇ ਸ਼ਾਂਤ ਡੂੰਘੇ ਪਾਣੀ ਵਿੱਚੋਂ ਇੱਕ ਮੁਰਗਾਬੀ ਨਿਕਲੀ ਤੇ ਟਿੱਲੇ ਦੇ ਉੱਤੋਂ ਦੀ ਫੜਫੜਾਉਂਦੀ ਗੇੜਾ ਦੇ ਕੇ ਪਾਣੀ ਵਿੱਚ ਹੀ ਫੇਰ ਜਾ ਡੁੱਬੀ । ਅਸਮਾਨ 'ਤੇ ਪੂਰਾ ਚੰਦ ਬਰਫ਼ ਦੀ ਤਸ਼ਤਰੀ ਵਾਂਗ ਤੈਰ ਰਿਹਾ ਸੀ। ਜਿਵੇਂ ਇੱਕ ਸੂਰਜ ਛਿਪਿਆ ਹੋਵੇ, ਦੂਜਾ ਚੜ੍ਹ ਪਿਆ ਹੋਵੇ। ਸਫ਼ੈਦ ਰਾਤ ਦੀ ਖ਼ਾਮੋਸ਼ੀ ਨੇ ਮੰਗਲ ਦਾਸ ਨੂੰ ਸਗੋਂ ਹੋਰ

ਤੰਗ ਕਰ ਦਿੱਤਾ। ਚੰਨ-ਚਾਨਣੀ ਦੀਆਂ ਤਿੱਖੀਆਂ ਸੂਈਆਂ ਉਸ ਦੇ ਅੰਗ-ਅੰਗ ਵਿੱਚ ਚੁਭ ਰਹੀਆਂ ਸਨ।

ਮੰਗਲ ਦਾਸ ਦਾ ਜੱਟਾਂ ਦੇ ਘਰ ਦਾ ਜਨਮ ਸੀ। ਛੋਟਾ ਮੰਗਲ ਢਾਂਡੇ ਚਾਰਦਾ ਹੁੰਦਾ ਤਾਂ ਉਨ੍ਹਾਂ ਦੇ ਗਵਾਂਢ ਵਿੱਚ ਮਾਸੀ ਕੋਲ ਆਈ ਉਸ ਦੀ ਹਾਨਣ ਕੁੜੀ ਵੀ ਇੱਕ ਦਿਨ ਖੇਤ ਆਈ ਸੀ। ਹਲਟ ਦਾ ਪਾਣੀ ਪੀਂਦੀ ਉਹ ਮੰਗਲ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਸੁੱਟ ਗਈ ਤੇ ਪਾਗਲਾਂ ਵਾਂਗ ਹੱਸੀ। ਫਿਰ ਤਾਂ ਵੀਹੀ ਗਲੀ ਆਥਣ ਉਂਗਣ ਉਹ ਮਿਲਦੇ ਤੇ ਚੋਰ ਹਾਸੀ ਹੱਸਦੇ ਤੇ ਕਦੇ-ਕਦੇ ਕੋਈ ਗੱਲ ਵੀ ਕਰ ਲੈਂਦੇ। ਇੱਕ ਮਹੀਨਾ ਰਹਿ ਕੇ ਉਹ ਆਪਣੇ ਪਿੰਡ ਨੂੰ ਚਲੀ ਗਈ। ਦੋ ਸਾਲਾਂ ਬਾਅਦ ਆਈ ਤਾਂ ਜਿਵੇਂ ਸਾਹਨ ਬਣੀ ਹੋਈ ਹੋਵੇ। ਐਡਾ ਵੱਡਾ ਕੱਦ, ਭਰੇ ਅੰਗ ਪੈਰ, ਤੁਰਦੀ ਤਾਂ ਧਰਤੀ ਨੂੰ ਧਮਕਾਂ ਪੈਂਦੀਆਂ। ਹਨੇਰਾ ਜਿਹਾ ਹੋਏ ਤੋਂ ਕਿਸੇ ਕੰਮ ਉਹ ਉਨ੍ਹਾਂ ਦੇ ਘਰ ਆਈ ਤਾਂ ਜਾਂਦੀ ਨੂੰ ਦਰਵਾਜ਼ੇ ਵਿੱਚ ਖੜ੍ਹਾ ਕੇ ਮੰਗਲ ਨੇ ਅੱਗਾ ਪਿੱਛਾ ਦੇਖਿਆ ਤੇ ਉਸ ਨੂੰ ਜੱਫ਼ੀ ਵਿੱਚ ਘੁੱਟ ਲਿਆ। ਉਸ ਦੇ ਪਿੰਡੇ ਵਿੱਚ ਕੋਈ ਮਿੱਠਾ-ਮਿੱਠਾ ਸੇਕ ਸੀ। ਬੇਸੁਰਤੀ ਦੇ ਆਲਮ ਵਿੱਚ ਮੰਗਲ ਨੇ ਉਸ ਨੇ ਉਸ ਨੂੰ ਚੁੰਮਿਆ ਤਾਂ ਉਸ ਨੂੰ ਲੱਗਿਆ ਜਿਵੇਂ ਉਸ ਦੇ ਆਪਣੇ ਬੁੱਲ੍ਹਾਂ ਨੇ ਕੋਸਾ ਕੋਸਾ ਕੁ ਚੂਪਲ ਕੇ ਪਹਿਲੇ ਤੋੜ ਦੀ ਸ਼ਰਾਬ ਦਾ ਨਸ਼ਾ ਚਖ਼ ਲਿਆ ਹੋਵੇ। ਇਸ ਵਾਰ ਤਾਂ ਚਾਰ-ਪੰਜ ਦਿਨਾਂ ਵਿੱਚ ਹੀ ਮੰਗਲ ਨੇ ਕੋਈ ਅਜੀਬ ਸੰਸਾਰ ਦੇਖਿਆ ਸੀ। ਉਨ੍ਹਾਂ ਨੇ ਪਾਣੀ ਦੀਆਂ ਚੂਲੀਆਂ ਭਰ ਕੇ ਸਹੁੰਆਂ ਖਾਧੀਆਂ ਕਿ ਉਹ ਵਿਆਹ ਕਰਵਾਉਣਗੇ, ਨਹੀਂ ਤਾਂ ਕਰਵਾਉਣਗੇ ਹੀ ਨਹੀਂ। ਤੇ ਫਿਰ ਚਾਰ-ਪੰਜ ਮਹੀਨਿਆਂ ਬਾਅਦ ਹੀ ਮੰਗਲ ਦੇ ਕੰਨਾਂ ਵਿੱਚ ਸੀਤੋ ਦੇ ਸਾਕ ਦੀਆਂ ਗੱਲਾਂ ਪੈਣ ਲੱਗੀਆਂ। ਇੱਕ ਦਿਨ ਦੁਪਹਿਰ ਦਾ ਜੋਤਾ ਛੱਡ ਕੇ ਉਹ ਘਰ ਆਇਆ ਤਾਂ ਅੱਕੀ ਬੁੜ੍ਹੀ ਨਾਲ ਉਸ ਦੀ ਮਾਂ ਇਹੀ ਗੱਲ ਕਰ ਰਹੀ ਸੀ।

ਸੀਤੋ ਨੇ ਆਪਣੀ ਮਾਂ ਨੂੰ ਆਖਿਆ ਸੀ ਤੇ ਮਾਂ ਆਪਣੀ ਸੀ ਤੇ ਮਾਂ ਆਪਣੀ ਭੈਣ ਕੋਲ ਆਈ ਸੀ।

ਮਾਸੀ ਨੇ ਸ਼ਰੀਕੇਬਾਜ਼ੀ ਪੁਗਾਈ ਤੇ ਭੈਣ ਨੂੰ ਸੌ ਤੱਤੀ-ਠੰਡੀ ਆਖੀ।

ਤੇ ਫਿਰ ਚਾਰ ਕੁ ਮਹੀਨੇ ਹੋਰ ਲੰਘੇ ਤਾਂ ਸੀਤੋ ਦਾ ਸਾਕ ਕਿਸੇ ਹੋਰ ਥਾਂ ਕਰ ਦਿੱਤਾ ਗਿਆ। ਮੰਗਲ ਨੇ ਸੁਣਿਆ ਤਾਂ ਮਸੋਸ ਕੇ ਰਹਿ ਗਿਆ। ਵਿਆਹ ਵੀ ਹੋ ਗਿਆ। ਉਹ ਤਾਂ ਮੁਕਲਾਵੇ ਵੀ ਚਲੀ ਗਈ। ਉਸ ਪਿੰਡ, ਪਰ ਉਹ ਉਹ ਮੁੜ ਕੇ ਨਾ ਆਈ।

ਇੱਕ ਦਿਨ ਸਾਰੇ ਪਿੰਡ ਨੂੰ ਪਤਾ ਲੱਗਿਆ, ਮੰਗਲ ਵਾਹੀ ਦਾ ਕੰਮ ਛੱਡ ਕੇ ਘਰੋਂ ਨਿਕਲ ਗਿਆ ਹੈ। ਦੋ ਮਹੀਨੇ ਤਾਂ ਉਸ ਦਾ ਥਹੁ ਪਤਾ ਹੀ ਨਾ ਲੱਗਿਆ। ਤੇ ਫਿਰ ਖ਼ਬਰ ਆਈ ਕਿ ਉਹ ਤਾਂ ਸਾਧ ਹੋ ਗਿਆ ਹੈ। ਪਿੰਡ ਤੋਂ ਪੰਜਾਹ ਮੀਲ ਦੂਰ। ਉਥੋਂ ਦਾ ਡੇਰਾ ਪੁੱਛ ਕੇ ਉਸ ਦਾ ਪਿਓ ਉਸ ਨੂੰ ਲੈਣ ਗਿਆ। ਦੋ ਬੰਦੇ ਨਾਲ ਹੋਰ ਵੀ ਗਏ। ਪਰ ਉਹ ਤਾਂ ਬੋਲਿਆ ਹੀ ਨਹੀਂ। ਸੁੰਨ ਮਿੱਟੀ ਹੀ ਬਣਿਆ ਰਿਹਾ। ਨਾ ਹੱਸਦਾ, ਨਾ ਰੋਂਦਾ। ਉਨ੍ਹਾਂ ਨੂੰ ਲੱਗਿਆ, ਜਿਵੇਂ ਉਹ ਤਾਂ ਜਮਾਂਦੂਰ ਹੀ ਸਾਧ ਹੋਵੇ। ਡੇਰੇ ਦੇ ਮਹੰਤ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਭਾਈ ਵੈਰਾਗੀ ਹੋ ਗਿਆ ਹੈ। ਇਸ ਸੰਸਾਰ ਨਾਲ ਇਸ ਦਾ ਕੋਈ ਸਬੰਧ ਨਹੀਂ। ਪਿਓ ਰੋ-ਧੋ-ਰੋ ਵਾਪਸ ਮੁੜ ਆਇਆ।

ਉਸ ਡੇਰੇ ਦੇ ਮਹੰਤ ਨੇ ਇੱਕ ਹੋਰ ਗੱਦੀ ਸਥਾਪਤ ਕੀਤੀ ਹੋਈ ਸੀ। ਯੋਗਤਾ ਦੇਖ ਕੇ ਉਸ ਸਥਾਨ 'ਤੇ ਮੰਗਲ ਦਾਸ ਨੂੰ ਭੇਜ ਦਿੱਤਾ ਗਿਆ। ਉਸ ਪਿੰਡ ਵਿੱਚ ਜਾਣ ਸਾਰ ਮੰਗਲ ਦਾਸ ਦੀ ਮਹਿਮਾ ਬਣ ਗਈ। ਉਸ ਵਰਗਾ ਤਿਆਗੀ ਸਾਧ ਤਾਂ ਉਸ ਪਿੰਡ ਵਿੱਚ ਕਦੇ ਆਇਆ ਹੀ ਨਹੀਂ ਸੀ। ਉਹ ਤਾਂ ਕਰਨੀ ਵਾਲਾ ਸੀ। ਉਸ ਦੇ ਤਾਂ ਬੋਲ ਪੂਰੇ ਹੁੰਦੇ। ਔਰਤ ਵੱਲ ਝਾਕਦਾ ਨਹੀਂ ਸੀ। ਮਾਇਆ ਦਾ ਉਸ ਨੂੰ ਮੋਹ ਨਹੀਂ ਸੀ। ਉਹ ਤਾਂ ਅੱਠੇ ਪਹਿਰ ਭਜਨ ਬੰਦਗੀ ਵਿੱਚ ਮਗ਼ਨ ਰਹਿੰਦਾ। ਉਸ ਦੇ ਟਿੱਲੇ 'ਤੇ ਬੁੱਢੇ ਆਉਂਦੇ, ਜਵਾਨ ਤੇ ਅੱਧਖੜ ਵਿਆਹੇ-ਵਰੇ ਆਉਂਦੇ। ਕੁੜੀਆਂ, ਬੁੜ੍ਹੀਆਂ ਤੇ ਬਹੂਆਂ ਵੀ ਆਉਣ ਲੱਗੀਆਂ।

ਚਾਰ ਸਾਲ ਤੋਂ ਉਹ ਉਸ ਪਿੰਡ ਵਿੱਚ ਰਹਿ ਰਿਹਾ ਸੀ। ਟਿੱਲਾ ਪਿੰਡ ਤੋਂ ਬਾਹਰਵਾਰ ਸੀ। ਮੰਗਲ ਦਾਸ  ਨੂੰ ਲੱਗਦਾ ਜਿਵੇਂ ਇਹ ਸੰਸਾਰ ਤਾਂ ਨਾਸ਼ਵਾਨ ਹੈ। ਇੱਥੋਂ ਦੀ ਤਾਂ ਕੋਈ ਵੀ ਚੀਜ਼ ਸਥਿਰ ਨਹੀਂ। ਇੱਕ ਦੂਜੇ ਨਾਲ ਰਿਸ਼ਤੇ-ਨਾਤੇ ਤਾਂ ਸਭ ਝੂਠੇ ਹਨ। ਪ੍ਰਮਾਤਮਾ ਦਾ ਨਾ ਹੀ ਇੱਕ ਸੱਚਾ ਹੈ। ਪਰ ਕਦੇ-ਕਦੇ ਉਸ ਨੂੰ ਮਹਿਸੂਸ ਹੁੰਦਾ ਕਿ ਇਹ ਸੰਸਾਰ ਤਾਂ ਭੋਗਣ ਵਾਲੀ ਵਸਤੂ ਹੈ, ਮਾਨਣ ਵਾਲਾ ਪਦਾਰਥ ਹੈ। ਸਾਧ ਹੋ ਕੇ ਤਾਂ ਮਨੁੱਖ ਬਹੁਤ ਵੱਡਾ ਪਾਪ ਕਰਦਾ ਹੈ। ਜ਼ਿੰਦਗੀ ਨਾਲ ਧੋਖਾ। ਅਜਿਹੇ ਪਲਾਂ ਵਿੱਚ ਉਸ ਨੂੰ ਔਰਤ ਦੀ ਜ਼ਰੂਰਤ ਮਹਿਸੂਸ ਹੁੰਦੀ । ਕਦੇ-ਕਦੇ ਤਾਂ ਬਹੁਤ ਹੀ ਸ਼ਿੱਦਤ ਨਾਲ ਉਹ ਸੋਚਦਾ, ਇੱਕ ਸੀਤੋ ਜੇ ਨਹੀਂ ਮਿਲੀ ਤਾਂ ਜ਼ਿੰਦਗੀ ਨੂੰ ਧੱਕਾ ਤਾਂ ਨਹੀਂ ਦੇਣਾ ਚਾਹੀਦਾ। ਕਿਸੇ ਇੱਕ ਪਿੱਛੇ ਮਰਨ ਦੀ ਕੀ ਲੋੜ ਹੈ। ਉਹ ਨਹੀਂ ਤਾਂ ਹੋਰ ਸਹੀ। ਉਸ ਦਾ ਜੀਅ ਕਰਦਾ ਕਿ ਸਾਧਗਿਰੀ ਛੱਡ ਕੇ ਵਿਆਹ ਕਰਵਾ ਲਵੇ ਤੇ ਮਨੁੱਖਾਂ ਵਾਲੀ ਸਾਦੀ ਪੱਧਰੀ ਜ਼ਿੰਦਗੀ ਬੀਤ ਕਰੇ। ਇੱਕ ਵਾਰ ਤਾਂ ਉਸ ਦੀ ਇਹ ਮਨੋਦਸ਼ਾ ਕਈ ਦਿਨ ਉਸ ਦਾ ਪਿੱਛਾ ਕਰਦੀ ਰਹੀ। ਤੇ ਫਿਰ ਉਹ ਇਸ ਫ਼ੈਸਲੇ 'ਤੇ ਪਹੁੰਚ ਗਿਆ ਕਿ ਔਰਤ ਭੋਗ ਇੱਕ ਸਾਰਥਕ ਕਰਮ ਹੈ। ਇਨ੍ਹਾਂ ਦਿਨਾਂ ਵਿੱਚ ਹੀ ਉਸ ਪਿੰਡ ਦੀ ਇੱਕ ਭਰ ਜਵਾਨ, ਪਰ ਛੁਟੜ ਲੜਕੀ ਨਾਲ ਉਸ ਦਾ ਸਰੀਰਕ ਸਬੰਧ ਹੋ ਗਿਆ। ਕੁੜੀ ਉਹ ਆਪਣੇ-ਆਪ ਹੀ ਹਨੇਰੀ ਦੇ ਝਾਫ਼ੇ ਵਾਂਗ ਮੰਗਲ ਦਾਸ ਵਿੱਚ ਆ ਵੱਜੀ। ਪਤਾ ਨਹੀਂ ਕਿਹੜੀ ਗੱਲ ਤੋਂ ਉਸ ਦੇ ਪਤੀ ਨੇ ਉਸ ਨੂੰ ਪੇਕੀਂ ਛੱਡ ਰੱਖਿਆ ਸੀ। ਕਾਮ ਅਗਨੀ ਵਿੱਚ ਅੰਨ੍ਹੀ ਉਹ ਕੋਈ ਮਰਦ ਭਾਲਦੀ। ਸੋ, ਮੰਗਲ ਦਾਸ ਨਾਲ ਉਸ ਦਾ ਮੇਲ ਹੋ  ਗਿਆ। ਤੇ ਫਿਰ ਮੰਗਲ ਦਾਸ ਦੀ ਅਧਿਆਤਮਿਕਤਾ ਦੁਨਿਆਵੀਂ ਵਿਚਾਰਾਂ ਵਿੱਚ ਤਬਦੀਲ ਹੋ ਕੇ ਰਹਿ ਗਈ। ਦਿੱਸਦਾ ਸੰਸਾਰ ਇੱਕ ਹਕੀਕਤ ਬਣ ਗਿਆ। ਉਦੋਂ ਹੀ ਕੰਨ ਉਘੜੇ, ਜਦੋਂ ਉਸ ਲੜਕੀ ਨੂੰ ਗਰਭ ਠਹਿਰ ਗਿਆ। ਮੰਗਲ ਦਾਸ ਨੂੰ ਘਬਰਾਹਟ ਹੋਈ। ਪਿੰਡ ਵਿੱਚ ਉਸ ਦਾ ਕਿੰਨਾ ਮਾਣ ਤਾਨ ਹੈ। ਉਹ ਤਾਂ ਦੇਵਤਾ ਸਰੂਪ ਸਾਧ ਸਮਝਿਆ ਜਾਂਦਾ ਹੈ। ਚੌਥੇ ਮਹੀਨੇ ਹੀ ਕੱਖਾਂ ਵਿਚਲੀ ਅੱਗ ਭੜਕ ਉੱਠੀ। ਪਤਾ ਨਹੀਂ ਕਿਉਂ ਉਹ ਤਾਂ ਆਪਣਾ ਹਮਲ ਗਿਰਾ ਕੇ ਵੀ ਰਾਜ਼ੀ ਨਹੀਂਸੀ। ਸਾਫ਼ ਕਹਿ ਰਹੀ ਸੀ ਕਿਉਹ ਮੰਗਲ ਦਾਸ ਕੋਲ ਜਾਂਦੀ ਹੁੰਦੀ। ਜਿਹੜਾ ਸੁਣ, ਦੰਦਾਂ ਹੇਠ ਜੀਭ ਲਵੇ। ਇਸ ਗੱਲ ਦਾ ਕੋਈ ਵਿਸ਼ਵਾਸ ਹੀ ਨਾ ਕਰੇ। ਸਭ ਆਖਣ, ਕੁੜੀ ਝੂਠ ਬੋਲਦੀ ਐ। ਪਤਾ ਨਹੀਂ ਕੀਹਦਾ ਪਾਪ ਖਰੀਦ ਬੈਠੀ। ਸਾਧ ਦਾ ਤਾਂ ਨਾਉਂ ਬਦਨਾਮ ਕਰਦੀ ਐ ਐਵੇਂ।

ਉਨ੍ਹਾਂ ਦਿਨਾਂ ਵਿੱਚ ਹੀ ਮੰਗਲ ਦਾਸ ਨੇ ਬੇਹੱਦ ਘਬਰਾਹਟ, ਨਮੋਸ਼ੀ ਤੇ ਡਰ ਮੰਨ ਕੇ ਇੱਕ ਰਾਤ ਆਪਣੇ ਗੁਪਤ ਅੰਗ ਨੂੰ ਉਸਤਰੇ ਨਾਲ ਕੱਟ ਕੇ ਔਹ ਮਾਰਿਆ। ਫਟਕੜੀ ਵਾਲੇ ਪਾਣੀ ਵਿੱਚ ਪੱਟੀਆਂ ਭਿਉਂ-ਭਿਉਂ ਕੇ ਬੰਨ੍ਹਦਾ ਰਿਹਾ। ਪਿਸ਼ਾਬ ਆਉਂਦਾ ਤਾਂ ਉਹ ਪੱਟੀ ਖੋਲ੍ਹ ਦਿੰਦਾ, ਨਹੀਂ ਤਾਂ ਸਾਰਾ ਦਿਨ ਸਾਰੀ ਰਾਤ ਪੱਟੀਆਂ ਬਦਲਦਾ ਰਹਿੰਦਾ। ਤੇ ਫਿਰ ਧੂਣੇ ਦੀ ਨਿੱਘੀ-ਨਿੱਘੀ ਰਾਖ਼ ਨੇ ਦਿਨਾਂ ਵਿੱਚ ਹੀ ਜ਼ਖ਼ਮ ਰਾਜ਼ੀ ਕਰ ਦਿੱਤਾ।

ਪੰਦਰਾਂ-ਵੀਹ ਦਿਨ ਹੋਰ ਪਿੰਡ ਵਿੱਚ ਚਬਾ-ਚਬੀ ਹੋਈ ਤੇ ਫਿਰ ਇੱਕ ਦਿਨ ਦਸ ਬੰਦੇ ਉਸ ਲੜਕੀ ਨੂੰ ਨਾਲ ਲੈ ਕੇ ਟਿੱਲੇ 'ਤੇ ਆਏ।'ਦਸ ਬੂਬਨਿਆ, ਇਹ ਤੇਰੀ ਕਰਤੂਤ ਨ੍ਹੀ?'

ਮੰਗਲ ਦਾਸ ਲੰਗੋਟੀ ਖੋਲ੍ਹ ਕੇ ਨੰਗਾ ਹੋ ਗਿਆ।

ਕੀ ਪਤਾ, ਉਹ ਕੀ ਮੱਥ ਕੇ ਆਏ ਸਨ, ਸਾਰੇ ਹੀ ਚੁੱਪ ਕੀਤੇ ਘਰਾਂ ਨੂੰ ਤੁਰ ਗਏ।

ਮੰਗਲ ਦਾਸ ਪਿੰਡ ਵਿੱਚ ਤਾਂ ਪਹਿਲਾਂ ਵੀ ਨਹੀਂ ਜਾਂਦਾ ਹੁੰਦਾ ਸੀ, ਹੁਣ ਤਾਂ ਜਾਣਾ ਹੀ ਕੀ ਸੀ। ਟਿੱਲੇ 'ਤੇ ਉਸ ਦੇ ਸ਼ਰਧਾਲੂ ਉਵੇਂ ਜਿਵੇਂ ਆਉਂਦੇ, ਮੱਥਾ ਟੇਕਦੇ, ਮੁੱਠੀ ਚਾਪੀ ਕਰਦੇ ਤੇ ਚੜ੍ਹਾਵਾ ਚੜ੍ਹਾ ਕੇ ਜਾਂਦੇ ਸਨ। ਪਰ ਜੋ ਵੀ ਕੋਈ ਆਉਂਦਾ, ਉਸ ਦੇ ਚਿਹਰੇ ਵੱਲ ਵੇਖਦਾ ਰਹਿ ਜਾਂਦਾ। ਟਿੱਲੇ ਕੋਲ ਦੀ ਲੰਘ ਰਹੇ ਸਾਧੂ ਨਾਲ ਵਾਪਰੀ ਇਸ ਅਨੋਖੀ ਘਟਨਾ ਦੀ ਚਰਚਾ ਕਰਦੇ। ਕੋਈ-ਕੋਈ ਗੱਲ ਮੰਗਲ ਦਾਸ ਦੇ ਕੰਨਾਂ ਵਿੱਚ ਪੈ ਜਾਂਦੀ। ਹੁਣ ਉਸ ਨੂੰ ਇਹ ਚਰਚਾ ਮਾਰ ਰਹੀ ਸੀ।

ਉਸ ਲੜਕੀ ਨੂੰ ਮਾਪਿਆਂ ਨੇ ਕਿਸੇ ਹੋਰ ਥਾਂ ਬਿਠਾ ਦਿੱਤਾ। ਤਿੰਨ ਮਹੀਨਿਆਂ ਬਾਅਦ ਉਸ ਨੇ ਗੋਹੜੇ ਵਰਗਾ ਚਿੱਟਾ ਮੁੰਡਾ ਜੰਮਿਆ। ਜਿੱਥੇ ਬਿਠਾਈ ਗਈ। ਉਤਾਰੂ ਉਮਰ ਸੀ ਤੇ ਆਦੀ ਛੜਾ। ਉਹ ਤਾਂ ਇ ਗੱਲ 'ਤੇ ਖ਼ੁਸ਼ ਸੀ ਕਿ ਉਸ ਦੇ ਘਰ ਤੀਵੀਂ ਆ ਗਈ। ਮੁੰਡਾ ਭਾਵੇਂ ਕਿਸੇ ਦਾ ਬੀਜ ਹੋਵੇ, ਵੱਜੇਗਾ ਤਾਂ ਉਸੇ ਦਾ ਹੀ।

ਹੁਣ ਮੰਗਲ ਦਾਸ ਝੂਰਦਾ ਕਿਉਂ ਕੀਤੀ ਉਸ ਨੇ ਇਹ ਅਣਹੋਣੀ? ਹਾਂ ਕਹਿ ਦਿੰਦਾ ਤੇ ਜੱਟਾਂ ਸਿਰ ਉੱਤੋਂ ਲਾਹ ਕੇ ਪਰੇ ਮਾਰਦਾ, ਉਸ ਨੂੰ ਵਿਆਹ ਕੇ ਪਿੰਡ ਲੈ ਜਾਂਦਾ। ਪਿਓ ਵੀ ਖ਼ੁਸ਼, ਮਾਂ ਵੀ ਖ਼ੁਸ਼। ਗੁਪਤ ਅੰਗ ਵੱਢ ਕੇ ਤਾਂ ਉਸ ਨੇ ਜ਼ਿੰਦਗੀ ਹੀ ਬਰਬਾਦ ਕਰ ਲਈ। ਇਉਂ ਕਰਨ ਨਾਲੋਂ ਤਾਂ ਮੌਤ ਚੰਗੀ ਸੀ। ਉਹ ਝੂਰਦਾ, ਬੇਹੱਦ ਝੂਰਦਾ। ਆਪਣੀ ਅਕਲ 'ਤੇ ਲਾਹਣਤਾਂ ਪਾਉਂਦਾ। ਕਿਸੇ ਸ਼ਰਧਾਲੂ ਨਾਲ ਅੱਖ ਨਾ ਮਿਲਾਉਂਦਾ। ਜਦ ਕਦੇ ਭੁੱਲ ਭੁਲੇਖੇ ਉਹ ਕਿਸੇ ਵੱਲ ਝਾਕਦਾ ਵੀ, ਉਸ ਨੂੰ ਲੱਗਦਾ ਜਿਵੇਂ ਝਾਕਣ ਵਾਲਾ ਉਸ 'ਤੇ ਤਰਸ ਭਰੀਆਂ ਤੇਜ਼ਾਬੀ ਪਿਚਕਾਰੀਆਂ ਸੁੱਟ ਰਿਹਾ ਹੋਵੇ। ਬਹੁਤ ਨਿਰਾਸ਼, ਉਦਾਸ ਤੇ ਬੇਦਿਲ ਜਿਹਾ ਹੋ ਕੇ ਉਸ ਨੇ ਉਹ ਪਿੰਡ ਛੱਡ ਦਿੱਤਾ।

ਹੁਣ ਉਸ ਨੇ ਇਸ ਪਿੰਡ ਦੇ ਲਹਿੰਦੇ ਪਾਸੇ ਵੱਲ ਟੋਭੇ ਦੀ ਦੱਖਣੀ ਗੁੱਠ ਵਿੱਚ ਪੁਰਾਣੇ ਵਕਤਾਂ ਦੇ ਇੱਕ ਆਵੇ ਨੂੰ ਪੱਧਰਾ ਕਰਵਾ ਕੇ ਆਪਣੀ ਕੁਟੀਆ ਬਣਵਾਈ ਹੋਈ ਸੀ। ਆਵਾ ਤਾਂ ਇਸ ਨੂੰ ਹੁਣ ਕੋਈ ਕਹਿੰਦਾ ਹੀ ਨਹੀਂ ਸੀ, ਸਭ ਮੰਗਲ ਦਾ ਦਾ ਟਿੱਲਾ ਕਹਿੰਦੇ।

ਇਸ ਪਿੰਡ ਵਿੱਚ ਉਹ ਪਿਛਲੇ ਸੱਤ ਸਾਲਾਂ ਤੋਂ ਰਹਿ ਰਿਹਾ ਸੀ। ਉਸ ਨੇ ਆਪਣੇ ਆਪ ਨੂੰ ਸਮਝਾ ਲਿਆ ਹੋਇਆ ਸੀ। ਆਪਣੇ ਕੋਲ ਆਏ ਲੋਕਾਂ ਨੂੰ ਉਹ ਗ੍ਰਹਿਸਥ

ਵਿੱਚ ਰਹਿ ਕੇ ਪ੍ਰਮਾਤਮਾ ਦੇ ਨੇੜੇ ਹੋਣ ਦੀਆਂ ਸਿਖਿਆਵਾਂ ਦਿੰਦਾ। ਮਾੜੇ ਕੰਮਾਂ ਤੋਂ ਰੋਕਦਾ, ਸ਼ਰਾਬ, ਫ਼ੀਮ ਦੇ ਔਗੁਣ ਦੱਸਦਾ। ਦਵਾਈ ਬੂਟੀ ਵੀ ਕਰਦਾ।

ਉਹ ਕਿਸੇ ਔਰਤ ਵੱਲ ਕਦੇ ਅੱਖ ਭਰ ਕੇ ਨਹੀਂ ਝਾਕਿਆ ਸੀ। ਉਸ ਦੀਆਂ ਅੱਖਾਂ ਵਿੱਚ ਸ਼ਰਾਰਤ ਕਦੇ ਆਈ ਹੀ ਨਹੀਂ ਸੀ। ਉਸ ਦੀ ਜ਼ਿੰਦਗੀ ਤਾਂ ਹਿੱਕ ਹੀਜੜੇ ਦੀ ਜ਼ਿੰਦਗੀ ਸੀ। ਪਰ ਇਸ ਗੱਲ ਦਾ ਪਤਾ ਪਿੰਡ ਵਿੱਚ ਕਿਸੇ ਨੂੰ ਵੀ ਨਹੀਂ ਸੀ। ਇਹ ਪਿੰਡ ਤਾਂ ਉਸ ਪਿੰਡ ਤੋਂ ਸੌ ਮੀਲ ਦੂਰ ਸੀ। ਮੰਗਲ ਦਾਸ ਦੀ ਜਨਮ ਭੂਮੀ ਤੋਂ ਵੀ ਸੱਠ-ਸੱਤਰ ਮੀਲ ਦੂਰ। ਉੱਧਰ ਦਾ ਬੰਦਾ ਤਾਂ ਕੋਈ ਏਧਰ ਕਦੇ ਆਇਆ ਹੀ ਨਹੀਂ ਸੀ। ਪਤਾ ਨਹੀਂ ਨੰਬਰਦਾਰ ਦੀ ਵੱਡੀ ਨੂੰਹ ਦਾ ਦਿਲ ਮੰਗਲ ਦਾਸ 'ਤੇ ਕਿਉਂ ਆ ਗਿਆ ਸੀ?

ਉਹ ਉਸ ਨੂੰ ਮੂੰਹੋਂ ਬੋਲ ਕੇ ਕੀ ਦੱਸਦਾ?

ਅੱਧੀ ਤੋਂ ਬਹੁਤੀ ਰਾਤ ਟੱਪ ਚੁੱਕੀ ਸੀ। ਚੰਦ ਟਿੱਲੇ ਤੋਂ ਥੋੜ੍ਹੀ ਦੂਰ ਖੜ੍ਹੀ ਉੱਚੀ ਨਿੰਮ੍ਹ ਦੀ ਪਿੱਠ ਪਿੱਛੇ ਜਾ ਖੜ੍ਹਾ। ਗੋਧੂ ਨਾਈ ਛੱਪਰੀ ਵਿੱਚ ਪਿਆ ਹੌਲੀ-ਹੌਲੀ ਖੰਘ ਰਿਹਾ ਸੀ। ਤੇ ਫਿਰ ਮੰਗਲ ਦਾਸ ਨੇ ਧੂਣੇ ਦੀ ਲੱਕੜ ਵਿੱਚ ਇੱਕ ਹੁੱਜ ਹੋਰ ਮਾਰ। ਇਸ ਵਾਰ ਕੋਈ ਅੰਗਿਆਰੀ ਨਹੀਂ ਡਿੱਗੀ। ਅੱਗ ਸੌਂ ਗਈ ਲੱਗਦੀ। ਮੰਗਲ ਦਾਸ ਖੜ੍ਹਾ ਹੋ ਗਿਆ। ਉਸ ਦੇ ਮੂੰਹੋਂ ਆਲੱਖ ਨਿਰੰਜਣ ਨਹੀਂ ਨਿਕਲਿਆ। ਨਹੀਂ ਤਾਂ ਜਦ ਕਦੇ ਵੀ ਉਹ ਧਰਤੀ ਤੋਂ ਖੜ੍ਹਾ ਹੁੰਦਾ ਤਾਂ ਅਗਵਾੜੀ ਲੈਂਦਾ ਤੇ 'ਆਲੱਖ ਨਿਰੰਜਣ' ਕਹਿੰਦਾ। ਹੁਣ ਤਾਂ ਉਸ ਨੇ ਅਗਵਾੜੀ ਵੀ ਕੋਈ ਨਹੀਂ ਲਈ। ਉਸ ਨੇਦੇਖਿਆ, ਟੋਭੇ ਦੀ ਪੱਤਣ ਦੇ ਨਾਲ-ਨਾਲ ਕੋਈ ਪਰਛਾਵਾਂ ਟਿੱਲੇ ਵੱਲ ਵਧਿਆ ਆ ਰਿਹਾ ਹੈ। ਨੇੜਿਓਂ ਪਤਾ ਲੱਗਾ, ਉਹ ਤਾਂ ਨੰਬਰਦਾਰ ਦੀ ਵੱਡੀ ਨੂੰਹ ਹੈ। ਹੱਥ ਵਿੱਚ ਗੜਵੀ ਦੁੱਧ ਦੀ ਭਰੀ ਹੋਵੇਗੀ। ਚਾਦਰ ਦੀ ਬੁੱਕਲ। ਮੰਗਲ ਦਾਸ ਦੇ ਸਰੀਰ ਨੂੰ ਇੱਕ ਕੰਬਣੀ ਚੜ੍ਹੀ। ਇੱਕ ਬਿੰਦ ਉਹ ਨੇ ਪਤਾ ਨਹੀਂ ਕੀ ਸੋਚਿਆ, ਸਿਰਮਦਾਨ ਭੱਜ ਕੇ ਟੋਭੇ ਵਿੱਚ ਛਾਲ ਮਾਰ ਦਿੱਤੀ। ਪਿਛਲੇ ਸਾਲ ਹੀ ਟੋਭੇ ਦੀ ਮਿੱਟੀ ਪੁੱਟ ਕੇ ਨਵਾਂ ਪਾਣੀ ਪਾਇਆ ਗਿਆ ਸੀ। ਛਾਲ ਮਾਰਨ ਵਾਲੀ ਥਾਂ ਤਾਂ ਹਾਥੀ ਦਾ ਡੋਬ ਸੀ। ਨੰਬਰਦਾਰ ਦੀ ਵੱਡੀ ਨੂੰਹ ਦੇ ਮੂੰਹੋਂ ਇੱਕ ਦੱਬਵੀਂ ਜਿਹੀ ਚੀਕ ਨਿਕਲੀ। ਆਪਣੇ ਕਲਪਿਤ ਭਵਿੱਖ 'ਤੇ ਇੱਕ ਡੂੰਘਾ ਪੱਛ ਲਵਾ ਕੇ ਉਹ ਉਹਨੀਂ ਪੈਰੀਂ ਵਾਪਸ ਘਰ ਨੂੰ ਮੁੜ ਗਈ। ਗੋਧੂ ਨਾਈ ਨੂੰ ਪਤਾ ਕੋਈ ਨਹੀਂ ਲੱਗਿਆ। ਛੱਪਰੀ ਵਿੱਚ ਪਿਆ ਉਹ ਹਲਕਾ-ਹਲਕਾ ਲਗਾਤਾਰ ਖੰਘੀ ਜਾ ਰਿਹਾ ਸੀ। ♦

# ਉਸ ਦਾ ਬਾਪ

ਦੀਦਾਰ ਸਿੰਘ ਜਦ ਜੰਮਿਆ, ਉਹ ਦੀ ਮਾਂ ਪੇਕੀਂ ਸੀ। ਉਹ ਦੀ ਦਾਈ ਨੂੰ ਉਹ ਦੀ ਨਾਨੀ ਨੇ ਦੁੱਗਣੇ-ਤਿੱਗਣੇ ਪੈਸੇ ਦਿੱਤੇ। ਦੁੱਗਣਾ ਖਵਾਇਆ ਪਹਿਨਾਇਆ। ਦਾਈ ਨੇ ਉਹ ਦੀ ਨਾਨੀ ਦੇ ਵਰਜ ਦੇਣ ਅਨੁਸਾਰ ਕਿਸੇ ਬੁੜ੍ਹੀ ਜਾਂ ਬੰਦੇ ਕੋਲ ਕਿਸੇ ਗੱਲ ਦੀ ਕੋਈ ਭਾਫ਼ ਨਹੀਂ ਕੱਢੀ। ਉਸ ਦੀ ਮਾਂ ਕਦੇ ਵੀ ਉਸ ਨੂੰ ਲੈ ਕੇ ਬਾਹਰ ਨਹੀਂ ਨਿਕਲਦੀ ਸੀ। ਨਾ ਹੀ ਕਿਸੇ ਬੁੜ੍ਹੀ ਨੂੰ ਮੁੰਡਾ ਦੇਖਣ ਕਦੇ ਉਨ੍ਹਾਂ ਨੇ ਅੰਦਰ ਸਬ੍ਹਾਤ ਵਿੱਚ ਵੜਨ ਦਿੱਤਾ। ਉਹ ਤਾਂ ਸੁਹਣਾ ਹੀ ਬੜਾ ਸੀ। ਉਸ ਨੂੰ ਤਾਂ ਨਜ਼ਰ ਲੱਗ ਜਾਣ ਦਾ ਡਰ ਸੀ। ਦੋ ਮਹੀਨਿਆਂ ਦਾ ਜਦ ਹੋਇਆ, ਉਸ ਦੀ ਮਾਂ ਸਹੁਰੇ ਘਰ ਆ ਗਈ। ਉਸ ਦਾ ਪਿਓ ਪਹਿਲਾਂ ਤਾਂ ਕਈ ਦਿਨ ਉਦਾਸ ਰਿਹਾ, ਪਰ ਫਿਰ ਖ਼ੁਸ਼-ਖ਼ੁਸ਼ ਦਿੱਸਣ ਲੱਗਿਆ। ਉਸ ਦੇ ਘਰ ਕਿੰਨੇ ਹੀ ਸਾਲਾਂ ਬਾਅਦ ਲਾਲ ਆਇਆ ਸੀ। ਵਿਆਹ ਹੋਏ ਨੂੰ ਤਾਂ ਨੌਂ ਸਾਲ ਹੋ ਚੁੱਕੇ ਸਨ। ਐਨੇ ਚਿਰ ਬਾਅਦ ਪਤਾ ਨਹੀਂ ਕਿਵੇਂ ਰੱਬ ਦੀ ਮਿਹਰ ਹੋ ਗਈ।

ਹਮੇਸ਼ਾ ਹੀ ਉਸ ਦੇ ਗਲ ਝੱਗਾ ਪਾ ਕੇ ਰੱਖਦੇ ਤੇ ਤੇੜ ਨਿੱਕਰ। ਨਿੱਕਰ ਤਾਂ ਤਾਂ ਹਮੇਸ਼ਾ ਹੀ ਰਹਿੰਦੀ। ਉਸ ਦੀ ਮਾਂ ਉਸ ਨੂੰ ਟੱਟੀ-ਪਿਸ਼ਾਬ ਪਤਾ ਨਹੀਂ ਕਿਹੜੇ ਵੇਲੇ ਕਰਵਾਉਂਦੀ। ਗਵਾਂਢਣਾਂ ਨੇ ਕਦੇ ਵੀ ਉਸ ਦੇ ਮੁੰਡੇ ਦਾ ਨੰਗ ਨਹੀਂ ਸੀ ਦੇਖਿਆ, ਹਮੇਸ਼ਾ ਹੀ ਨਿੱਕਰ।

ਮੁੰਡੇ ਦੀ ਖ਼ਬਰ ਸੁਣ ਕੇ ਖੁਸਰੇ ਵਧਾਈ ਲੈਣ ਆਏ। ਮੁੰਡੇ ਦੀ ਮਾਂ ਕਹਿੰਦੀ ਕਿ ਉਸ ਦੀ ਵਧਾਈ ਤਾਂ ਉਸ ਦੇ ਨਾਨਕਿਆਂ ਵਾਲੇ ਖੁਸਰੇ ਲੈ ਗਏ। ਖੁਸਰਿਆਂ ਨੇ ਜ਼ਿੱਦ ਕੀਤੀ ਕਿ ਉਹ ਵਧਾਈ ਜ਼ਰੂਰ ਹੀ ਲੈ ਕੇ ਜਾਣਗੇ। ਹੱਕ ਤਾਂ ਸਾਡਾ ਹੈ। ਨਾਨਕਿਆਂ ਦੇ ਖੁਸਰਿਆਂ ਨੂੰ ਕਿਉਂ ਦਿੱਤੀ ਵਧਾਈ? ਉਹ ਪੂਰੀ ਵਾਹ ਲਾ ਹਟੇ, ਪਰ ਉਸ ਮਾਂ ਦੀ ਧੀ ਦਾ ਇੱਕੋ ਜਵਾਬ ਸੀ। ਨਾ ਮੁੰਡਾ ਦਿਖਾਇਆ ਤੇ ਨਾ ਹੀ ਵਧਾਈ ਦਿੱਤੀ। ਕੁੜੀਆਂ-ਬੁੜ੍ਹੀਆਂ ਦਾ ਇਕਠ ਚੁੱਪ-ਚਾਪ ਖੁਸ਼ਰਿਆਂ ਦੇ ਮੂੰਹਾਂ ਵੱਲ ਦੇਖਦਾ ਰਿਹਾ। ਉਹ ਤਾੜੀਆਂ ਮਾਰਦੇ ਤੇ ਅੱਡੀਆਂ ਵਜਾਉਂਦੇ, ਨਾ ਸੁਣੀਆਂ ਜਾਣ ਵਾਲੀਆਂ ਗੱਲਾਂ ਕਹਿੰਦੇ, ਉਨ੍ਹਾਂ ਦੇ ਵਿਹੜੇ ਵਿੱਚੋਂ ਬਾਹਰ ਹੋ ਗਏ।

ਦੀਦਾਰ ਸਿੰਘ ਤੋਂ ਬਾਅਦ ਹੋਰ ਕੋਈ ਜਵਾਕ ਨਹੀਂ ਹੋਇਆ। ਬੱਸ ਇਕੱਲਾ ਦੀਦਾਰ ਸਿੰਘ।

ਦੀਦਾਰ ਸਿੰਘ ਦਾ ਪਿਓ ਖੱਬੀ ਖਾਨ ਜੱਟ ਸੀ। ਕਿੱਡਾ ਵੱਡਾ ਆਲੀਸ਼ਾਨ ਮਕਾਨ। ਡੰਗਰ-ਪਸ਼ੂਆਂ ਨਾਲ ਵਿਹੜਾ ਭਰਿਆ ਹੋਇਆ, ਦੋ-ਦੋ ਮੱਝਾਂ ਹਮੇਸ਼ਾ ਹੀ ਸੂਈਆਂ ਰਹਿੰਦੀਆਂ। ਦੋ ਹਲਾਂ ਦੀ ਜ਼ਮੀਨ ਬਹੁਤ ਵਧੀਆ, ਝੋਟੇ ਦੇ ਸਿਰ ਵਰਗੀ।

ਦੀਦਾਰ ਸਿੰਘ ਸੋਲਾਂ-ਸਤਾਰਾਂ ਸਾਲਾਂ ਦਾ ਹੋ ਚੱਲਿਆ ਸੀ ਤੇ ਫਿਰ ਵੀਹ ਸਾਲ ਦਾ, ਬਾਈ ਸਾਲ ਦਾ, ਪੱਚੀ ਸਾਲ ਦਾ। ਉਹ ਦਾ ਪਿਓ ਸੋਚਦਾ ਰਹਿੰਦਾ ਕਿ ਉਹ ਦੀਦਾਰ ਸਿੰਘ ਨੂੰ ਵਿਆਹ ਲਵੇ। ਨੂੰਹ ਉਹ ਦੇ ਘਰ ਆ ਜਾਵੇ। ਕਿਵੇਂ ਨਾ ਕਿਵੇਂ, ਉਸ ਦੇ ਜਿਉਂਦੇ-ਜਿਉਂਦੇ ਜਵਾਕ ਹੋ ਜਾਣ ਤੇ ਉਸ ਦਾ ਧੂਣਾ ਧੁਖ਼ਦਾ ਰਹਿ ਜਾਵੇ।

ਪਰ ਕਦੇ-ਕਦੇ ਉਹ ਸੋਚਦਾ, 'ਚੱਲ ਆਪਣੀ ਉਮਰ ਸੋਹਣੀ ਲੰਘ ਗਈ, ਅੱਗੇ ਦੀਦਾਰ ਦੇ ਕਰਮ।'

ਸੋਚਾਂ-ਸੋਚਾਂ ਵਿੱਚ ਹੀ ਉਸ ਦੀ ਮੌਤ ਹੋ ਗਈ। ਹੁਣ ਦੀਦਾਰ ਸਿੰਘ ਸੀ ਤੇ ਉਸ ਦੀ ਮਾਂ। ਦੂਰੋਂ ਨੇੜਿਓਂ ਰਿਸ਼ਤੇਦਾਰ, ਭਾਈ ਬੰਧੂ, ਜਾਣੂ-ਪਛਾਣੂ ਬੁੜ੍ਹੀ ਨੂੰ ਟੋਕਦੇ ਰਹਿੰਦੇ, ਤੂੰ ਸਾਕ ਕਿਉਂ ਨੀ ਲੈਂਦੀ ਦੀਦਾਰ ਨੂੰ?'

ਉਹ ਕਦੇ-ਕਦੇ ਤਾਂ ਪੱਕਾ ਇਰਾਦਾ ਬਣਾ ਲੈਂਦੀ ਕਿ ਸਾਕ ਲੈ ਲਵੇ। ਪਰ ਦੂਜੇ ਦਿਨ ਹੀ ਉਹ ਸੋਚਦੀ, ਕੀ ਕਰੇਗੀ ਉਹ ਸਾਕ ਲੈ ਕੇ? ਉਸ ਦਾ ਦਿਮਾਗ਼ ਚਕਰਾ ਜਾਂਦਾ, ਉਸ ਦੇ ਮੱਥੇ 'ਤੇ ਤੌਣੀ ਆ ਜਾਂਦੀ। ਸਾਕ ਵਾਲੇ ਆਉਂਦੇ। ਉਹ ਨਾਂਹ ਨਹੀਂ ਸੀ ਕਹਿੰਦੀ। ਪਰ ਉਸ ਦੀਆਂ ਰੁੱਖੀਆਂ ਗੱਲਾਂ ਸੁਣ ਕੇ ਕੋਈ ਬੰਦਾ ਦਿਲ ਨਹੀਂ ਸੀ ਧਰਦਾ। ਉਸ ਦੀਆਂ ਗੱਲਾਂ ਦਾ ਰੁੱਖ ਵੀ ਨਾਂਹ ਵਰਗਾ ਹੁੰਦਾ।

ਐਡਾ ਵੱਡਾ ਘਰ ਬਾਰ, ਐਡੀ ਜਾਇਦਾਦ ਤੇ ਉਸ ਦੇ ਘਰ ਵਾਲੇ ਦਾ ਨਾਉਂ ਅਜਾਈਂ ਜਾ ਰਿਹਾ ਸੀ। ਆਖ਼ਰ ਉਸ ਨੂੰ ਇੱਕ ਸੋਚ ਫੁਰੀ। ਉਸ ਨੇ ਦੀਦਾਰ ਸਿੰਘ ਨੂੰ ਸਾਕ ਲੈ ਲਿਆ।

ਦੀਦਾਰ ਸਿੰਘ ਦੀ ਬਹੂ ਪ੍ਰਸਿੰਨ ਕੌਰ ਪੁੱਜ ਕੇ ਸੁਹਣੀ ਸੀ। ਮੱਕੀ ਦੇ ਆਟੇ ਵਰਗਾ ਰੰਗ। ਲੰਬੀ। ਚੁਬਾਰੇ ਵਿੱਚ ਪਲੰਘ 'ਤੇ ਬੈਠੀ ਕਦੇ ਉਹ ਘੁੰਢ ਕੱਢ ਲੈਂਦੀ, ਕਦੇ ਮੂੰਹ ਨੰਗਾ ਕਰਕੇ ਚੁਬਾਰੇ ਦੀਆਂ ਪੌੜੀਆਂ ਵੱਲ ਪਲਕਾਂ ਚੁੱਕਦੀ। ਰੋਟੀ ਤੋਂ ਬਾਅਦ ਦੁੱਧ ਦਾ ਗਲਾਸ ਵੀ ਉਸ ਨੂੰ ਪਿਆ ਦਿੱਤਾ ਗਿਆ। ਉਨ੍ਹਾਂ ਦੇ ਗਵਾਂਢ ਵਿੱਚੋਂ ਅਧਖੜ ਜਿਹੀ ਇੱਕ ਤੀਵੀਂ ਜੋ ਦਿਨ ਛਿਪਦੇ ਨਾਲ ਹੀ ਆ ਗਈ ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਰਹੀ, ਕਦੋਂ ਦੀ ਉਸ ਨੂੰ ਇਕੱਲੀ ਛੱਡ ਕੇ ਆਪਣੇ ਘਰ ਨੂੰ ਚਲੀ ਗਈ। ਉਸ ਦੀ ਸੱਸ ਦੋ ਤਿੰਨ ਗੇੜੇ ਚੁਬਾਰੇ ਵਿੱਚ ਮਾਰ ਗਈ ਤੇ ਉਸ ਨੂੰ ਰਾਜ਼ੀ ਬਾਜ਼ੀ ਪੁੱਛ ਗਈ। ਨਾਲ ਆਇਆ ਉਸ ਦਾ ਛੋਟਾ ਭਰਾ ਸ਼ਰਾਬ ਦਾ ਅੰਨ੍ਹਾ ਹੋਇਆ ਬਿਨਾਂ ਰੋਟੀ ਖਾਧੇ ਥੱਲੇ ਬੈਠਕ ਵਿੱਚ ਮੰਜੇ 'ਤੇ ਘਰੋੜੇ ਹੀ ਪਿਆ ਅਬਾ-ਤਬਾ ਬੋਲ ਰਿਹਾ ਸੀ। ਕਦੇ ਪੈਂਦਾਂ ਉੱਤੇ ਮੂੰਹ ਪਰਨੇ ਹੋ ਕੇ ਡਾਕਦਾ।

ਥੱਲੇ ਵਾਲੇ ਲੋਕਾਂ ਦਾ ਬੋਲਣਾ ਬੰਦਾ ਹੋ ਗਿਆ। ਭਾਂਡੇ-ਟੀਂਡੇ ਖੜਕਦੇ ਵੀ ਨਹੀਂ ਸੁਣ ਰਹੇ ਸਨ। ਪ੍ਰਸਿੰਨ ਕੌਰ ਦੀਆਂ ਅੱਖਾਂ 'ਚ ਦੀਦਾਰ ਸਿੰਘ ਦੀ ਮੂਰਤ ਵੱਸੀ ਹੋਈ ਸੀ। ਅੱਜ ਟੈਕਸੀ ਵਿੱਚ ਜਦ ਉਹ ਕੋਲੋ-ਕੋਲ ਬਹਿ ਕੇ ਆਏ ਤਾਂ ਬੰਬਰ ਦੇ ਦੁਪੱਟੇ ਵਿੱਚ ਦੀ ਉਸ ਨੇ ਉਸ ਦੀ ਸਾਰੀ ਨੁਹਾਰ ਤੱਕ ਲਈ ਸੀ। ਘਣ ਵਰਗਾ ਸਰੀਰ। ਮੋਟੀਆਂ ਮੋਟੀਆਂ ਗੁਟਰ-ਗੁਟਰ ਝਾਕਦੀਆਂ ਅੱਖਾਂ, ਚੱਪਾ-ਚੱਪਾ ਛੱਡਵੀਂ ਦਾੜ੍ਹੀ। ਉੱਪਰ ਨੂੰ ਥੋੜ੍ਹਾ ਜਿਹਾ ਖ਼ਮ ਦੇ ਕੇ ਰੱਖੀਆਂ ਬਿੱਖਰਵੀਆਂ ਮੁੱਛਾਂ। ਡਰਾਈਵਰ ਕੋਲ ਉਸ ਦਾ ਛੋਟਾ ਭਾਈ ਬੈਠਾ ਹੋਣ ਕਰਕੇ ਗੱਲ ਉਨ੍ਹਾਂ ਨੇ ਆਪਸ ਵਿੱਚ ਭਾਵੇਂ ਕੋਈ ਨਹੀਂ ਕੀਤੀ, ਪਰ ਨੇੜੇ ਬੈਠ ਲੈਣ

ਦਾ ਅਹਿਸਾਸ ਵੀ ਪੂਰਾ ਸੁਆਦ ਦਿੰਦਾ। ਦੋ ਕੁ ਵਾਰ ਉਸ ਦਾ ਪੱਟ ਉਸ ਦੇ ਪੱਟ ਨਾਲ ਖਹਿਆ, ਪਰ ਉਹ ਤਾਂ ਚੁੱਪ ਜਿਹਾ ਹੀ ਬੈਠਾ ਰਿਹਾ। ਸਾਰੇ ਰਾਹ ਹੀ ਮਜਾਜ਼ੀ ਬਣਿਆ ਹੋਇਆ। ਉਹ ਸੋਚਦੀ, 'ਹੁਣ ਭਾਵੇਂ ਕਿੰਨਾ ਘੁੱਟਿਆ-ਵੱਟਿਆ ਬੈਠਾ ਰਹਿ। ਰਾਤ ਤਾਂ ਮੂਹਰੇ ਐ। ਜੱਟਾ, ਤੇਰਾ ਸਾਰਾ ਅਕੜੇਵਾਂ ਨਾ ਲਾਹਿਆ ਤਾਂ ਮੈਨੂੰ ਮਾਂ ਦੀ ਧੀ ਕੌਣ ਆਖੂ।'

ਉਸ ਦੀ ਸੱਸ ਚੁਬਾਰੇ ਵਿੱਚ ਆਈ। ਉਸ ਦੀਆਂ ਅੱਖਾਂ ਵਿੱਚ ਹੰਝੂ ਸਨ। ਪ੍ਰਸਿੰਨ ਕੌਰ ਹੈਰਾਨ। 'ਧੀਏ, ਸਿਆਣੀ ਬਣੀਂ। ਤੂੰ ਮੇਰੀ ਕੁਲਵੰਤ ਐਂ। ਮੇਰੀ ਲਾਜ ਐਂ।' ਤੇ ਸੱਸ ਨੇ ਉਸ ਦਾ ਚੰਦ ਮੱਥਾ ਚੁੰਮ ਲਿਆ। ਪ੍ਰਸਿੰਨ ਕੌਰ ਦੀ ਸਮਝ ਵਿੱਚ ਕੁਝ ਦੀ ਸਮਝ ਵਿੱਚ ਕੁਝ ਨਾ ਆਇਆ। ਇਹ ਲਾਡ-ਪਿਆਰ ਕਾਹਦਾ? ਚੁਬਾਰੇ ਦਾ ਬਲ੍ਹਬ ਬੁਝਾ ਕੇ ਸੱਸ ਥੱਲੇ ਉਤਰ ਗਈ। ਦੂਜੇ ਬਿੰਦ ਹੀ ਚੁਬਾਰੇ ਵਿੱਚ ਮਰਦਾਵੇਂ ਕਦਮਾਂ ਦੀ ਪੈੜ ਚਾਲ ਸੀ। ਪ੍ਰਸਿੰਨ ਕੌਰ ਦਾ ਕਾਲਜਾ ਧੱਕ-ਧੱਕ ਕਰਨ ਲੱਗਿਆ। ਮਰਦ ਆ ਕੇ ਉਸ ਦੇ ਪਲੰਘ 'ਤੇ ਬੈਠ ਗਿਆ। ਪ੍ਰਸਿੰਨ ਕੌਰ ਸੁੰਗੜਦੀ ਜਾ ਰਹੀ ਸੀ। ਮਰਦ ਨੇ ਉਸ ਦੀ ਬਾਂਹ ਨੂੰ ਹੱਥ ਪਾਇਆ ਤੇ ਮੂੰਹੋਂ ਸ਼ਰਾਬੀ ਹਵਾੜ ਕੱਢੀ। ਬਾਂਹ ਛੁਡਾ ਕੇ ਉਹ ਪਲੰਘ 'ਤੇ ਢੇਰੀ ਹੋ ਗਈ। ਉਹ ਭੁੱਖੇ ਬਘਿਆੜ ਵਾਂਗ ਉਸ 'ਤੇ ਝਪਟ ਪਿਆ। ਉਸ ਵਿੱਚੋਂ ਸ਼ਰਾਬ ਦੀ ਬੂ ਆ ਰਹੀ ਸੀ। ਸਾਹ ਘੁੱਟ ਦੇਣ ਵਾਲੀ ਗੰਦੀ ਤੇਜ਼ ਬੂ। ਉਸ ਨੇ ਤਾਂ ਜਿਵੇਂ ਪੀਤੀ ਵੀ ਬਹੁਤ ਹੋਵੇ। ਏਸੇ ਕਰਕੇ ਤਾਂ ਉਹ ਬੋਲਦਾ ਨਹੀਂ ਸੀ। ਅੱਧੀ ਰਾਤ ਤੋਂ ਬਾਅਦ ਇੱਕ ਵਾਰੀ ਫਿਰ ਉਹ ਉਸ 'ਤੇ ਝਪਟਿਆ। ਤੇ ਫਿਰ ਵੱਡੇ ਤੜਕੇ ਹੀ ਉਹ ਉਸ ਦੇ ਪਲੰਘ ਤੋਂ ਉੱਠ ਕੇ ਪਤਾ ਨਹੀਂ ਕਦੋਂ ਪੌੜੀਆਂ ਉਤਰ ਗਿਆ।

ਦਿਨ ਵੇਲੇ ਬੈਠਕ ਵਿੱਚ ਮੰਜੇ 'ਤੇ ਬੈਠੀ ਨੇ ਉਸ ਨੂੰ ਵਿਹੜੇ ਵਿੱਚ ਏਧਰ-ਓਧਰ ਤੁਰਦੇ-ਫਿਰਦੇ ਨੂੰ ਦੇਖਿਆ। ਦੇਖਣ ਵਿੱਚ ਤਾਂ ਉਹ ਸੱਫ਼ਰ ਜਿਹਾ ਸੀ। ਮੋਟਾ, ਤਾਜ਼ਾ, ਖੁੱਲ੍ਹੇ-ਖੁੱਲ੍ਹੇ ਅੰਗਾਂ ਵਾਲਾ। ਚੌੜਾ ਚਕਲਾ ਸਰੀਰ, ਪਰ ਰਾਤ ਨੂੰ ਉਸ ਦੇ ਅੰਗ ਪਿਚਕੇ-ਪਿਚਕੇ ਜਿਹੇ ਕਿਉਂ ਲੱਗਦੇ ਸਨ? ਰਾਤ ਤਾਂ ਉਸ ਦਾ ਹੱਡ ਜਿਹੇ ਰੜਕਦੇ ਸਨ। ਇਉਂ ਲੱਗਦਾ ਸੀ, ਜਿਵੇਂ ਉਸ ਦੀ ਦਾੜ੍ਹੀ ਮੁੰਨੀ ਹੋਈ ਹੋਵੇ। ਰਾਤ ਤਾਂ ਉਹ ਸੁੱਕੜ ਜਿਹਾ ਲੱਗਦਾ ਸੀ, ਹੁਣ ਤਾਂ ਇਹ ਬਾਘੜ ਬਿੱਲੇ ਵਰਗਾ ਪਿਆ ਹੈ। ਉਸ ਦੀ ਸਮਝ ਵਿੱਚ ਕੋਈ ਗੱਲ ਨਾ ਆਈ।

ਦੂਜੀ ਰਾਤ ਫਿਰ ਉਹੀ ਹਾਲ।

ਪ੍ਰਸਿੰਨ ਕੌਰ ਦੀਆਂ ਗੱਲ੍ਹਾਂ 'ਤੇ ਉਸ ਦੀ ਦਾੜ੍ਹੀ ਦੇ ਕਰਚੇ ਸੂਲਾਂ ਵਾਂਗਰ ਚੁਭਣ ਲੱਗੇ। ਉਸ ਨੇ ਸੋਚਿਆ ਕਿ ਦਿਨ ਵੇਲੇ ਤਾਂ ਜਦ ਉਹ ਉਹ ਦੇ ਮੂੰਹ ਵੱਲ ਸੰਵਾਰ ਕੇ ਝਾਕੀ ਸੀ ਤਾਂ ਉਸ ਦੀ ਚੱਪਾ-ਚੱਪਾ ਦਾੜ੍ਹੀ ਦੇਖਣ ਨੂੰ ਰੇਸ਼ਮ ਵਰਗੀ ਮੁਲਾਇਮ ਲੱਗਦੀ ਸੀ।

'ਬੰਦਿਆ ਰੱਬ ਦਿਆ, ਤੂੰ ਮੂੰਹੋਂ ਤਾਂ ਕੁਛ ਬੋਲ।'

ਉਹ ਚੁੱਪ ਰਿਹਾ। ਸਿਰਫ਼ ਖੰਘੂਰਾਂ ਮਾਰੀ ਜਾਵੇ। ਸ਼ਰਾਬ ਵਿੱਚ ਜਿਵੇਂ ਬੌਂਦਲਿਆ ਜਿਹਾ ਹੋਵੇ। ਪ੍ਰਸਿੰਨ ਕੌਰ ਨੇ ਪਲੰਘ ਤੋਂ ਉੱਠ ਕੇ ਬਲ੍ਹਬ ਜਗਾ ਦਿੱਤਾ। ਚਿੱਟੇ ਦੁੱਧ ਚਾਨਣ ਵਿੱਚ ਕਾਲੇ ਜਿਹੇ ਰੰਗ ਦਾ ਮੁੰਨੀ ਦਾੜ੍ਹੀ ਵਾਲਾ ਬੰਦਾ ਪਲੰਘ 'ਤੇ ਅੱਖਾਂ ਮੀਚੀਂ

ਚੌਫ਼ਾਲ ਪਿਆ ਸੀ। ਪ੍ਰਸਿੰਨ ਕੌਰ ਨੇ ਜ਼ੋਰ ਦੀ ਚੀਕ ਮਾਰੀ। ਚੀਕ ਜਿਸ ਨੇ ਸਾਰਾ ਘਰ ਜਗਾ ਦਿੱਤਾ। ਸੱਸ ਭੱਜ ਕੇ ਚੁਬਾਰੇ ਵਿੱਚ ਆਈ। ਦੀਦਾਰ ਸਿੰਘ ਵੀ। ਉਹ ਬੇਥਾਹ ਰੋ ਰਹੀ ਸੀ। ਘਿੱਗੀ ਬੱਝੀ ਹੋਈ ਸੀ। ਜ਼ੋਰ ਲਾਉਣ ਨਾਲ ਵੀ ਉਸ ਦੀ ਲੇਰ ਨਹੀਂ ਸੀ ਨਿਕਲ ਰਹੀ ਥੋੜ੍ਹੀ ਦੇਰ ਬਾਅਦ ਉਸ ਨੂੰ ਗਸ਼ ਪੈ ਗਈ। ਦੀਦਾਰ ਸਿੰਘ ਤੇ ਉਸ ਦੀ ਮਾਂ ਉਸ ਵੱਲ ਡੌਰ-ਭੌਰ ਹੋਏ ਦੇਖਦੇ ਖੜ੍ਹੇ ਸਨ। ਜਿਵੇਂ ਉਹ ਉਸ ਤੋਂ ਡਰ ਰਹੇ ਹੋਣ। ਜਿਵੇਂ ਉਨ੍ਹਾਂ ਨੂੰ ਵੀ ਗਸ਼ ਪੈਣ ਵਾਲੀ ਹੋਵੇ। ਮੁੰਨੀ ਦਾੜ੍ਹੀ ਵਾਲਾ ਬੰਦਾ ਹੌਲੀ-ਹੌਲੀ ਪਲੰਘ ਉੱਤੋਂ ਉੱਠਿਆ। ਉਸ ਦੀਆਂ ਅੱਖਾਂ ਵਿੱਚ ਸ਼ਰਾਬ ਦੀ ਲਾਲੀ ਸੀ। ਅੰਗਾਂ ਵਿੱਚ ਤੋੜ। ਉਸ ਦੇ ਪੈਰ ਥਿੜਕ ਰਹੇ ਸਨ। 'ਕਿਹਰੂ, ਤੂੰ ਪੌੜੀਆਂ ਉਤਰ ਜਾ।' ਦੀਦਾਰ ਸਿੰਘ ਨੇ ਹੌਲੀ ਦੇ ਕੇ ਉਸ ਨੂੰ ਆਖਿਆ।

ਸੱਸ ਨੇ ਨੂੰਹ ਦੀ ਦੰਦਲ ਭੰਨ੍ਹੀ। ਦੀਦਾਰ ਸਿੰਘ ਨੇ ਉਸ ਨੂੰ ਭੁੰਜਿਉਂ ਚੁੱਕ ਕੇ ਪਲੰਘ 'ਤੇ ਪਾ ਦਿੱਤਾ। ਉਸ ਦੇ ਮੂੰਹ ਨੂੰ ਪਾਣੀ ਦਾ ਗਲਾਸ ਲਾਇਆ। ਪ੍ਰਸਿੰਨ ਕੌਰ ਦੀਦਾਰ ਸਿੰਘ ਦੇ ਮੂੰਹ ਵੱਲ ਡੂੰਘੀਆਂ ਨਜ਼ਰਾਂ ਨਾਲ ਦੇਖਣ ਲੱਗੀ।

ਦੀਦਾਰ ਸਿੰਘ ਦੀ ਮਾਂ ਮਰ ਚੁੱਕੀ ਸੀ। ਪ੍ਰਸਿੰਨ ਕੌਰ ਦਾ ਮੁੰਡਾ ਕਾਫ਼ੀ ਉਡਾਰ ਹੋ ਚੁੱਕਿਆ ਸੀ। ਪੰਜ ਸਾਲ ਦਾ ਉਹ ਹੋਇਆ ਤਾਂ ਦੀਦਾਰ ਸਿੰਘ ਉਸ ਨੂੰ ਸਕੂਲ ਵਿੱਚ ਪੜ੍ਹਨ ਲਾ ਆਇਆ। ਪ੍ਰਸਿੰਨ ਕੌਰ ਉਸ ਨੂੰ ਚਾਵਾਂ-ਲਾਡਾਂ ਨਾਲ ਪਾਲਦੀ। ਖੁਸ਼ੀ-ਖੁਸ਼ੀ ਉਸ ਦੀ ਪੜ੍ਹਾਈ ਕਰਵਾਉਂਦੀ। ਦਿਨੋ-ਦਿਨ ਉਹ ਜਵਾਨ ਹੋ ਰਿਹਾ ਸੀ। ਦਿਨੋ-ਦਿਨ ਉਹ ਪੜ੍ਹਾਈ 'ਚ ਨਿੱਖਰ ਰਿਹਾ ਸੀ। ਹਰ ਸਾਲ ਹੀ ਜਮਾਤ ਵਿੱਚੋਂ ਵਧੀਆ ਨੰਬਰ ਲੈ ਕੇ ਪਾਸ ਹੁੰਦਾ। ਦਸਵੀਂ ਪਾਸ ਕੀਤੀ। ਤੇ ਫਿਰ ਉਹ ਨੇੜੇ ਦੇ ਕਾਲਜ ਵਿੱਚ ਜਾਣ ਲੱਗ ਪਿਆ।

ਦੀਦਾਰ ਸਿੰਘ ਨੇ ਖੇਤੀ ਦਾ ਕੰਮ ਮੁੱਢ ਤੋਂ ਹੀ ਨਹੀਂ ਤੋਰਿਆ। ਜਦ ਤੋਂ ਉਸਦੀ ਸੁਰਤ ਸੰਭਲੀ ਸੀ, ਨਾ ਉਹ ਕਦੇ ਖੇਤ ਗਿਆ ਤੇ ਨਾ ਹੀ ਉਸ ਨੇ ਘਰੇ ਕਦੇ ਡੰਗਰ-ਵੱਛੇ ਨੂੰ ਕੱਖ- ਪੱਠਾ ਪਾਇਆ। ਜਵਾਨੀ ਵਿੱਚ ਅਜੇ ਉਸ ਨੇ ਪੈਰ ਧਰਿਆ ਹੀ ਸੀ ਕਿ ਉਸ ਦੇ ਪਿਓ ਨੇ ਖੇਤੀ ਦਾ ਕੰਮ ਆਪ ਕਰਨਾ-ਕਰਵਾਉਣਾ ਛੱਡ ਦਿੱਤਾ ਸੀ। ਊਠ ਬਲ੍ਹਦ ਸਭ ਵੇਚ ਦਿੱਤੇ। ਹਿੱਸੇ 'ਤੇ ਜਾਂ ਠੇਕੇ 'ਤੇ ਜ਼ਮੀਨ ਦੇਣੀ ਸ਼ੁਰੂ ਕਰ ਦਿੱਤੀ। ਉਸ ਦਾ ਪਿਓ ਮਰਿਆ ਤਾਂ ਉਸ ਨੇ ਹੋਰ ਵੀ ਕਈ ਪਸ਼ੂ ਵੇਚ ਦਿੱਤੇ। ਸਿਰਫ਼ ਇੱਕ ਮੱਝ ਹੁੰਦੀ, ਘਰ ਦੁੱਧ ਪੀਣ ਨੂੰ। ਜ਼ਮੀਨ ਨੂੰ ਉਹ ਵੀ ਅਕਸਰ ਠੇਕੇ 'ਤ ਦਿੰਦਾ। ਮੱਝ ਵਾਸਤੇ ਚਰ੍ਹੀ, ਬਰਸੀਨ ਜਾਂ ਕੋਈ ਹੋਰ ਹਰਾ ਉਹ ਮੁੱਲ ਲੈ ਲਿਆ ਕਰਦਾ। ਹੁਣ ਤਾਂ ਬੱਸ ਉਹ ਦੀ ਇੱਕੋ ਚਾਹ ਸੀ ਕਿ ਉਹ ਆਪਣੇ ਮੁੰਡੇ ਰਛਪਾਲ ਨੂੰ ਖਾਸਾ ਪੜ੍ਹਾ ਲਵੇ। ਪੜ੍ਹ ਕੇ ਉਹ ਕੋਈ ਅਫ਼ਸਰ ਬਣ ਜਾਵੇ। ਕਿੰਨੀ ਜ਼ਮੀਨ ਸੀ ਉਸ ਕੋਲ। ਰਛਪਾਲ ਨੂੰ ਤਾਂ ਉਹ ਭਾਵੇਂ ਕਿੰਨਾ ਪੜ੍ਹਾ ਲੈਂਦਾ।

ਉਹ ਬੁਢਾਪੇ ਵਿੱਚ ਪੈਰ ਰੱਖ ਰਿਹਾ ਸੀ। ਪ੍ਰਸਿੰਨ ਕੌਰ ਦੀ ਜਵਾਨੀ ਤਾਂ ਉਵੇਂ ਕਾਇਮ ਸੀ।

ਦਿਨੋ-ਦਿਨ ਦੀਦਾਰ ਸਿੰਘ ਦਾ ਸਰੀਰ ਢਲਦਾ ਗਿਆ।

ਦਿਨੋ-ਦਿਨ ਪ੍ਰਸਿੰਨ ਕੌਰ ਦੀ ਜਵਾਨੀ ਮਾਂਦ ਪੈਂਦੀ ਗਈ।

ਰਛਪਾਲ ਬੀ.ਏ. ਕਰ ਕੇ ਇੱਕ ਸਰਕਾਰੀ ਨੌਕਰੀ 'ਤੇ ਲੱਗ ਚੁੱਕਿਆ ਸੀ। ਉਸ ਦਾ ਵਿਆਹ ਵੀ ਹੋ ਗਿਆ। ਉਸ ਦੀ ਬਹੂ ਦੇ ਤਾਂ ਜਵਾਕ ਵੀ ਹੋਣ ਵਾਲਾ ਸੀ।

ਉਨ੍ਹਾਂ ਦੇ ਘਰ ਧਾਲੀਵਾਲਾਂ ਦੇ ਕਿਹਰੂ ਦਾ ਅਜੇ ਵੀ ਆਉਣ ਜਾਣ ਸੀ। ਕਿਹਰੂ ਦਾ ਤਾਂ ਉਸ ਘਰ ਵਿੱਚ ਮੋਹ ਹੀ ਬੜਾ ਸੀ। ਰਛਪਾਲ ਉਸ ਨੂੰ ਤਾਇਆ ਕਹਿੰਦਾ। ਪਰ ਪ੍ਰਸਿੰਨ ਕੌਰ ਉਸ ਤੋਂ ਘੁੰਡ ਨਹੀਂ ਸੀ ਕੱਢਦੀ। ਦੀਦਾਰ ਸਿੰਘ ਉਸ ਨੂੰ 'ਬਾਈ' 'ਬਾਈ' ਕਰਦਾ ਰਹਿੰਦਾ। ਕਿਹਰੂ ਦੇ ਪਿਓ ਦੀ ਤੇ ਦੀਦਾਰ ਸਿੰਘ ਦੇ ਪਿਓ ਦੀ ਪੂਰੀ ਲਿਹਾਜ ਸੀ। ਕਿਹਰੂ ਦੇ ਮਾਂ-ਪਿਓ ਨਿੱਕੇ ਹੁੰਦੇ ਦੇ ਹੀ ਮਰ ਗਏ ਸਨ। ਉਸ ਨੂੰ ਤਾਂ ਚਾਚੇ ਨੇ ਪਾਲਿਆ ਸੀ ਜਾਂ ਫਿਰ ਉਹ ਦੀਦਾਰ ਸਿੰਘ ਨਾਲ ਉਨ੍ਹਾਂ ਦੇ ਘਰ ਖੇਡਦਾ-ਰਹਿੰਦਾ। ਦੀਦਾਰ ਸਿੰਘ ਦੀ ਮਾਂ ਉਸ ਨੂੰ ਇੱਕੋ ਜਿਹਾ ਹੀ ਖਾਣ-ਪੀਣ ਨੂੰ ਦਿੰਦੀ। ਜਦ ਉਹ ਜਵਾਨ ਹੋਇਆ ਤਾਂ ਸ਼ਰਾਬ ਪੀਣ ਲੱਗ ਪਿਆ। ਬਹੁਤ ਜ਼ਿਆਦਾ ਆਦੀ ਹੋ ਗਿਆ। ਏਸੇ ਕਰਕੇ ਉਸ ਦਾ ਵਿਆਹ ਨਹੀਂ ਹੋਇਆ। ਪੰਜ-ਚਾਰ ਘੁਮਾਂ ਜ਼ਮੀਨ ਜਿਹੜੀ ਉਸ ਦੇ ਹਿੱਸੇ ਦੀ ਆਈ, ਸਾਰੀ ਵੇਚ ਕੇ ਉਹ ਉਸ ਦੀ ਸ਼ਰਾਬ ਪੀ ਗਿਆ। ਉਸ ਦੇ ਵੱਡੇ ਭਰਾ ਵਿਆਹੇ ਵਰੇ ਸਨ ਤੇ ਉਨ੍ਹਾਂ ਦੀ ਘਰੇਲੂ ਹਾਲਤ ਚੰਗੀ ਸੀ। ਕਹਿਰੂ ਨੂੰ ਉਹ ਘਰ ਨਹੀਂ ਸਨ ਵੜਨ ਦਿੰਦੇ। ਨੰਗ ਮਲੰਗ। ਦੀਦਾਰ ਸਿੰਘ ਦੇ ਘਰ ਜੋਗਾ ਹੀ ਉਹ ਰਹਿ ਗਿਆ ਸੀ।

ਗਰਮੀ ਜ਼ੋਰਾਂ ਦੀ ਸੀ। ਸਿਖ਼ਰ ਦੁਪਿਹਰ। ਦੀਦਾਰ ਸਿੰਘ ਉਸ ਵੇਲੇ ਸ਼ਹਿਰੋਂ ਮੁੜਿਆ ਸੀ। ਤੇਹ ਬਹੁਤ ਲੱਗੀ ਹੋਈ ਸੀ। ਰੱਜ ਕੇ ਉਸ ਨੇ ਸ਼ਕੰਜਵੀ ਪੀਤੀ। ਉਸ ਦੇ ਸਿਰ ਨੂੰ ਪਤਾ ਨਹੀਂ ਕੀ ਘੁਮੇਰ ਜਿਹੀ ਚੜ੍ਹੀ, ਸਾਰੀ ਦੀ ਸਾਰੀ ਸ਼ਕੰਜਵੀ ਪੁੱਠੀ ਲਿਕਲ ਗਈ। ਉਛਾਲੀਆਂ ਤੇ ਫਿਰ ਸੁੱਕੇ ਵੱਤ। ਉਸ ਦਾ ਤਾਂ ਕਾਲਜਾ ਇਕੱਠਾ ਹੋ ਜਾਂਦਾ। ਅੱਖਾਂ ਦੇ ਆਂਡੇ ਬਾਹਰ ਨੂੰ ਨਿਕਲ-ਨਿਕਲ ਆਉਂਦੇ ਤੇ ਫਿਰ ਗਰਨਾ ਕੇ ਬੁਖ਼ਾਰ ਚੜ੍ਹ ਗਿਆ। ਆਉਂਦੇ ਨੂੰ ਦੀਦਾਰ ਸਿੰਘ ਦੇ ਹੱਥਾਂ-ਪੈਰਾਂ ਦੇ ਘੁੰਡ ਮੁੜ ਚੁੱਕੇ ਸਨ। ਡਾਕਟਰ ਦੇ ਨਬਜ਼ ਦੇਖਦਿਆਂ-ਦੇਖਦਿਆਂ ਹੀ ਉਸ ਦੇ ਪ੍ਰਾਣ ਨਿਕਲ ਗਏ। ਇਹੋ ਜਿਹੀ ਚਾਣਚੱਕ ਦੀ ਕਹਿਰੀ ਮੌਤ ਤਾਂ ਕਿਸੇ ਨੂੰ ਆਈ ਨਹੀਂ ਸੀ।

ਅਰਥੀ 'ਤੇ ਪਾਉਣ ਤੋਂ ਪਹਿਲਾਂ ਦੀਦਾਰ ਸਿੰਘ ਨੂੰ ਨਵ੍ਹਾਉਣ ਲੱਗੇ।

'ਸਾਰੇ ਪਿੰਡੇ 'ਤੇ ਹੱਥ ਫੇਰ, ਭਾਈ ਰਛਪਾਲ।' ਇੱਕ ਸਿਆਣੇ ਬੰਦੇ ਨੇ ਕਿਹਾ।

ਸਾਬਣ ਲਾ-ਲਾ ਰਛਪਾਲ ਆਪਣੇ ਬਾਪ ਦੇ ਸਾਰੇ ਸਰੀਰ ਨੂੰ ਮਲਣ-ਧੋਣ ਲੱਗਿਆ।

'ਨੰਗ ਦੀ ਸੂਗ ਨਾ ਕਰੀਂ। ਮੁੰਡਿਆ। ਟੱਟੀ-ਪਿਸ਼ਾਬ ਵਾਲੀ ਥਾਂ ਵੀ ਧੋਅ ਬਾਪ ਐ। ਬੱਸ, ਐਹੀ ਵੇਲੈ ਆਖ਼ਰੀ ਸੇਵਾ ਦਾ।' ਦੀਦਾਰ ਸਿੰਘ ਦੇ ਮ੍ਰਿਤਕ ਸਰੀਰ 'ਤੇ ਪਾਣੀ ਦੀ ਬਾਲਟੀ ਡੋਲ੍ਹ ਰਹੇ ਇੱਕ ਹੋਰ ਬੰਦੇ ਨੇ ਪਿਆਰ ਨਾਲ ਰਛਪਾਲ ਨੂੰ ਆਖਿਆ।

ਰਛਪਾਲ ਸਭ ਦੀਆਂ ਮੰਨ ਰਿਹਾ ਸੀ।

ਉਸ ਦੇ ਦਿਮਾਗ਼ ਵਿੱਚ ਕਾਲਜ ਦਾ ਸਮਾਂ ਘੁੰਮ ਗਿਆ। ਇੱਕ ਦਿਨ ਕਾਲਜ ਵਿੱਚ ਹੜਤਾਲ ਸੀ। ਸ਼ਹਿਰ ਵਿੱਚ ਜਲੂਸ ਕੱਢਣ ਤੋਂ ਬਾਅਦ ਉਹ ਚਾਰ-ਪੰਜ ਗੂਹੜੇ ਯਾਰ ਪਹਿਲਾਂ ਤਾਂ ਚਾਹੁੰਦੇ ਸਨ ਕਿ ਫ਼ਿਲਮ ਦਾ ਤਿੰਨ ਵਜੇ ਵਾਲਾ ਸ਼ੋਅ ਦੇਖਿਆ ਜਾਵੇ। ਪਰ ਫਿਰ ਉਨ੍ਹਾਂ ਦੇ ਮਨਾਂ ਵਿੱਚ ਪਤਾ ਨਹੀਂ ਕੀ ਆਈ, ਉਹ ਸ਼ੁਗਲ-ਸ਼ੁਗਲ

ਵਿੱਚ ਹੀ ਬਜ਼ਾਰ ਵਿੱਚ ਲੰਘੇ ਜਾ ਰਹੇ ਇੱਕ ਖੁਸਰੇ ਦੇ ਮਗਰ ਲੱਗ ਤੁਰੇ। ਇੱਕ ਨਿਵੇਕਲੀ ਜਿਹੀ ਥਾਂ ਜਾ ਕੇ ਉਨ੍ਹਾਂ ਨੇ ਖੁਸਰੇ ਨੂੰ ਆਖਿਆ, 'ਲੈ ਬਈ ਭਰਾਵਾ, ਆਹ ਫੜ ਦਸ ਰੁਪਈਏ, ਤੂੰ ਸਾਡੇ ਨਾਲ ਮਾਲ-ਗੁਦਾਮ ਤਾਈਂ ਚੱਲ।'

ਮਾਲ-ਗੁਦਾਮ ਦੇ ਪਲੇਟ ਫਾਰਮ 'ਤੇ ਕਣਕ ਦੀਆਂ ਬੋਰੀਆਂ ਦੇ ਓਹਲੇ ਵਿੱਚ ਉਨ੍ਹਾਂ ਨੇ ਖੁਸਰੇ ਦਾ ਸਭ ਕੁਝ ਦੇਖਿਆ। ਦੇਖ-ਦੇਖ ਹੈਰਾਨ ਹੋਏ। ਦੇਖ-ਦੇਖ ਉਨ੍ਹਾਂ ਦਾ ਚਿੱਤ ਘਿਰਿਆ ਸੀ।

ਤੇ ਹੁਣ ਜਦ ਉਹ ਆਪਣੇ ਬਾਪ ਦੀ ਅਰਥੀ ਦੇ ਕਾਨ੍ਹੀਂ ਲੱਗਿਆ ਹੋਇਆ ਸੀ, ਉਹ ਸੋਚ ਰਿਹਾ ਸੀ...।

ਉਸ ਦੇ ਮਨ ਵਿੱਚ ਇੱਕ ਗੱਲ ਹੋਰ ਵੀ ਆਈ। ਉਸ ਦੀ ਮਾਂ ਦਾ ਰੰਗ ਗੋਰਾ ਹੈ। ਉਸ ਦੇ ਬਾਪ ਦਾ ਵੀ। ਉਸ ਦਾ ਆਪਣਾ ਰੰਗ ਪੱਕਾ ਕਿਉਂ?

ਕਿਹਰੂ ਕਾਫ਼ੀ ਬੁੱਢਾ ਹੋ ਚੁੱਕਿਆ ਸੀ। ਹੁਣ ਉਹ ਸ਼ਰਾਬ ਨਹੀਂ ਪੀਂਦਾ ਸੀ । ਰਛਪਾਲ ਦੇ ਘਰ ਹੀ ਉਹ ਪੱਕੇ ਤੌਰ 'ਤੇ ਰਹਿਣ ਲੱਗ ਪਿਆ। ਰਛਪਾਲ ਦੀ ਬਹੂ ਨਿੱਤ ਤੜਕੇ ਉੱਠ ਕੇ ਕਿਹਰੂ ਦੇ ਪੈਰੀਂ ਹੱਥ ਲਾਉਂਦੀ। ਕਈ ਵਾਰ ਗਵਾਂਢਣ ਬੁੜ੍ਹੀਆਂ ਨੇ ਦੇਖਿਆ, 'ਕਿਹਰੂ ਤੇ ਪ੍ਰਸਿੰਨ ਕੌਰ ਵਿਹੜੇ ਵਿੱਚ ਕੋਲ-ਕੋਲ ਬੈਠੇ ਗੱਲਾਂ ਕਰ ਰਹੇ ਹੁੰਦੇ।♦

# ਨਣਦ-ਭਰਜਾਈ

ਨਣਦ-ਭਰਜਾਈ ਦੋਵੇਂ ਦੁਖੀ ਸਨ। ਸੀਤੋ ਤੀਹ ਸਾਲਾਂ ਦੀ ਹੋ ਚੁੱਕੀ ਸੀ, ਹਾਲੇ ਤੱਕ ਉਹ ਦਾ ਕਿਧਰੇ ਮੰਗਣਾ-ਵਿਆਹ ਨਹੀਂ ਹੋਇਆ ਸੀ। ਉਹ ਪਿੰਡ ਦੇ ਮੁੰਡਿਆਂ ਤੋਂ ਖ਼ਰਾਬ ਵੀ ਹੋ ਚੁੱਕੀ ਸੀ। ਮਾਂ -ਬਾਪ ਨਹੀਂ ਸੀ। ਭਰਾ ਉਹ ਦੀ ਸਾਰ ਨਾ ਲੈਂਦਾ। ਨਾ ਕੋਈ ਰਿਸ਼ਤੇਦਾਰ ਉਹ ਦੇ ਬਾਰੇ ਸੋਚਦਾ। ਮਾਮਿਆਂ ਨੂੰ ਵੀ ਕੋਈ ਫ਼ਿਕਰ ਨਹੀਂ ਸੀ। ਭਰਾ ਨੂੰ ਭੁੱਕੀ ਖਾਣ ਦਾ ਅਮਲ ਸੀ। ਜ਼ਮੀਨ ਥੋੜ੍ਹੀ ਸੀ। ਉਹ ਆਪ ਵਾਹੀ ਨਹੀਂ ਕਰਦਾ ਸੀ। ਹਿੱਸੇ ’ਤੇ ਦੇ ਕੇ ਰੱਖਦਾ। ਘਰ ਦਾ ਮਸ੍ਹਾਂ ਹੀ ਗੁਜ਼ਾਰਾ ਹੁੰਦਾ। ਸੀਤੋ ਨੂੰ ਘਰ ਚਾਹੀਦਾ ਸੀ, ਉਹ ਦਾ ਆਪਣਾ ਘਰ। ਪਿੰਡ ਦੇ ਮੰਡੇ ਤਾਂ ਆਪਣੀ ਹਵਸ ਪੂਰੀ ਕਰਦੇ ਤੇ ਉਹ ਦੇ ਹੱਥ ਕੁਝ ਰੁਪਏ ਫੜਾ ਜਾਂਦੇ। ਇਹ ਸਭ ਉਹ ਨੂੰ ਪਸੰਦ ਨਹੀਂ ਸੀ, ਪਰ ਉਹ ਮਜਬੂਰ ਸੀ, ਸਭ ਕਰਦੀ, ਸਭ ਝੱਲਦੀ। ਉਹ ਦੀਆਂ ਆਪਣੀਆਂ ਜ਼ਰੂਰਤਾਂ ਵੀ ਸਨ ਕਿੱਥੋਂ ਪੂਰੀਆਂ ਕਰਦੀ ਉਹ ਇਹ ਜ਼ਰੂਰਤਾਂ। ਤਨ ਢਕਣ ਨੂੰ ਕੱਪੜੇ ਚਾਹੀਦੇ ਸਨ। ਪੈਰਾਂ ਨੂੰ ਜੁੱਤੀ ਦਾ ਲੋੜ ਸੀ ਤੇ ਫੇਰ ਹਾਰ ਸ਼ਿੰਗਾਰ ਦਾ ਸਮਾਨ ਵੀ ਮੁੱਲ ਮਿਲਦਾ। ਭਰਾ ਸਭ ਦੇਖਦਾ, ਪਰ ਅੱਖਾਂ ਮੀਚ ਛੱਡਦਾ। ਉਹ ਨੂੰ ਚੜ੍ਹੀ ਲੱਥੀ ਦੀ ਕੋਈ ਸਮਝ ਨਹੀਂ ਸੀ। ਸੁਖਦੇਵ ਤਾਂ ਐਡਾ ਬੇਸ਼ਰਮ ਸੀ, ਕਦੇ-ਕਦੇ ਭੁੱਕੀ ਲਿਆਉਣ ਲਈ ਸੀਤੋ ਤੋਂ ਹੀ ਪੈਸੇ ਲੈ ਕੇ ਜਾਂਦਾ।

ਗੇਲੋ ਨੂੰ ਉਹ ਮਾਰਦਾ ਕੁੱਟਦਾ। ਉਹ ਦੇ ’ਤੇ ਐਵੇਂ ਹੀ ਖਿਝਿਆ ਰਹਿੰਦਾ। ਚੱਜ ਨਾਲ ਉਹ ਨੂੰ ਬੁਲਾਉਂਦਾ ਚਲਾਉਂਦਾ ਵੀ ਨਹੀਂ ਸੀ। ਮਾੜੀ ਜਿਹੀ ਗੱਲ ’ਤੇ ਉਹ ਨੂੰ ਧੇਹ-ਧੇਹ ਕੁੱਟ ਸੁੱਟਦਾ। ਉਹ ਰੁੱਸ ਕੇ ਪੇਕੀਂ ਉੱਠ ਜਾਂਦੀ। ਪੇਕਿਆਂ ਵਾਲੇ ਐਡੇ ਤਕੜੇ ਨਹੀਂ ਸਨ ਕਿ ਉਹ ਜਵਾਈ ਨੂੰ ਸਮਝਾ ਸਕਦੇ। ਦੋਵੇਂ ਸਾਲੇ ਆਏ ਵੀ ਦੋ-ਤਿੰਨ ਵਾਰੀ। ਉਨ੍ਹਾਂ ਸਾਹਮਣੇ ਤਾਂ ਸੁਖਦੇਵ ਸਾਊ ਬਣ ਜਾਂਦਾ। ਉਨ੍ਹਾਂ ਦੀ ਪੂਰੀ ਸੇਵਾ ਕਰਦਾ। ਠੰਡੇ-ਸੀਲੇ ਕਰਕੇ ਤੋਰ ਦਿੰਦਾ। ਆਖਦਾ, ‘ਹੁਣ ਗਾਹਾਂ ਤੋਂ ਭੁੱਕੀ ਵੀ ਛੱਡੀ। ਗਾਂ ਆਲੀ ਆਣ ਐ। ਗੇਲੋ ਨੂੰ ਪੰਜ-ਤਿੰਨ ਆਖਣਾ ਸਭ ਬੰਦ। ਇਹ ਮੈਨੂੰ ਕੁਛ ਆਖੀ ਜਾਵੇ, ਮੈਂ ਨ੍ਹੀਂ ਬੋਲਣਾ। ਜੇ ਥੋਨੂੰ ਲਾਂਭਾ ਆ ਗਿਆ ਜੋ ਮਰਜ਼ੀ ਕਰਿਓ।’

ਪਰ ਮਹੀਨੇ-ਵੀਹ ਦਿਨ ਬਾਅਦ ਹੀ ਉਹ ਦਾ ਫੇਰ ਉਹੀ ਹਾਲ । ਉਹ ਦਾ ਤਾਂ ਨਿੱਤ ਦਾ ਕਾਟੋ ਕਲੇਸ਼ ਸੀ। ਕੀ ਕਰਦੇ ਭਰਾ। ਗੇਲੋ ਨੂੰ ਸਮਝਾਉਣ ਲੱਗਦੇ, ‘ਤੂੰ ਭਾਈ ਹਾਰ ਨਵਾਰ ਕਰ, ਕੱਟੀ ਜਾਹ। ਆਪੇ ਸਮਝੂ ਕਦੇ। ਇੱਕੋ ਜੇ ਦਿਨ ਸਦਾ ਨ੍ਹੀਂ ਰਹਿੰਦੇ ਹੁੰਦੇ।’

ਗੇਲੋ ਕਦੇ ਸੋਚਦੀ, ਉਹ ਇਸ ਘਰ ਨੂੰ ਛੱਡ ਦੇਵੇ। ਕੋਈ ਹੋਰ ਉਹ ਨੂੰ ਆਪਣੇ ਘਰ ਵਸਾ ਲਵੇ। ਪਰ ਅਜਿਹਾ ਸੰਭਵ ਨਹੀਂ ਸੀ। ਵਿਆਹੇ-ਵਰ੍ਹੇ ਬੰਦੇ ਉਹ ਦੇ ਨਾਲ ਖੇਹ

ਖਾਂਦੇ। ਕੁਆਰੇ ਮੁੰਡੇ ਉਹ ਦੇ ਚੰਮ ਦੇ ਗਾਹਕ ਸਨ। ਉਹ ਨੂੰ ਘਰ ਵਸਾ ਕੇ ਕਿਸੇ ਨੇ ਕੀ ਕਿਸੇ ਨੇ ਕੀ ਕਰਨਾ ਸੀ। ਪੁਰਾਣਾ ਵਕਤ ਹੁੰਦਾ ਤਾਂ ਉਹ ਕਿਸੇ ਛੜੇ ਬੰਦੇ ਦੇ ਘਰ ਜਾ ਬੈਠਦੀ। ਛੜਾ ਬੰਦਾ ਪਿੰਡ ਵਿੱਚ ਹੁਣ ਕੋਈ ਰਿਹਾ ਨਹੀਂ ਸੀ। ਜ਼ਮੀਨ ਚਾਹੇ ਕਿੰਨੀ ਥੋੜ੍ਹੀ ਹੁੰਦੀ, ਨਾ ਵੀ ਹੁੰਦੀ ਤਾਂ ਵੀ ਸਾਕ ਸਭ ਨੂੰ ਹੋ ਜਾਂਦਾ ਸੀ। ਉਹ ਚਿੱਤ ਵਿੱਚ ਹੱਸਦੀ ਵੀ। ਜਦੋਂ ਸੁਖਦੇਵ ਵਰਗਾ ਨਿਕੰਮਾ ਬੰਦਾ ਵਿਆਹਿਆ ਗਿਆ ਤਾਂ ਪਿੰਡ ਵਿੱਚ ਹੋਰ ਕੌਣ ਹੈ, ਜਿਸ ਨੂੰ ਸਾਕ ਨਾ ਹੋਇਆ ਹੋਵੇ। ਕੁੜੀ ਵਾਲੇ ਮੁੰਡੇ ਦੇ ਕੰਮ ਨੂੰ ਦੇਖਦੇ। ਕੀ ਉਹ ਉਨ੍ਹਾਂ ਦੀ ਧੀ ਨੂੰ ਰੋਟੀ ਦੇ ਸਕਦੈ, ਬੱਸ ਐਨਾ ਹੀ ਕਾਫ਼ੀ ਹੁੰਦਾ। ਗੇਲੋ ਕਿਸੇ ਪਾਸੇ ਦੀ ਵੀ ਨਹੀਂ ਸੀ। ਸੁਖਦੇਵ ਦੇ ਡੰਡੇ ਉਹ ਦੀ ਕਿਸਮਤ ਬਣ ਕੇ ਰਹਿ ਗਏ।

ਸੁਖਦੇਵ ਭੁੱਕੀ ਖਾਂਦਾ ਤੇ ਨਸ਼ੇ ਵਿੱਚ ਗੜੂੰਦ ਹੋਇਆ ਪਿਆ ਰਹਿੰਦਾ। ਪਿਸ਼ਾਬ ਕਰਨ ਮੰਜੇ ਤੋਂ ਉੱਠਦਾ, ਬੌਂਦਲਿਆ ਜਿਹਾ। ਜਿਵੇਂ ਕਬਰ ਵਿੱਚੋਂ ਮੁਰਦਾ ਉੱਠ ਕੇ ਤੁਰ ਪਿਆ ਹੋਵੇ।

ਨਣਦ-ਭਰਜਾਈ ਦਾ ਭੇਤ ਸਾਂਝਾ ਸੀ। ਉਹ ਰਲ-ਮਿਲ ਕੇ ਘਰ ਦਾ ਤੋਰਾ ਤੋਰਦੀਆਂ। ਸੀਤੋ ਕੋਲ ਪਿੰਡ ਦਾ ਕੋਈ ਮੁੰਡਾ ਆਉਂਦਾ ਤਾਂ ਗੇਲੋ ਉਨ੍ਹਾਂ ਦੀ ਰਾਖੀ ਕਰਦੀ। ਨਵੇਂ ਮੁੰਡੇ ਦੀ ਗੱਲਬਾਤ ਗੇਲੋ ਰਾਹੀਂ ਤੈਅ ਹੁੰਦੀ। ਗੇਲੋ ਕੋਲ ਆਇਆ ਬੰਦਾ ਸੀਤੋ ਲਈ ਮਹਿਮਾਨ ਹੁੰਦਾ। ਸੁਖਦੇਵ ਲਈ ਨਸ਼ੇ ਦੀ ਘੂਕੀ ਇੱਕ ਸੰਘਣਾ ਹਨ੍ਹੇਰਾ ਸੀ। ਇਹ ਹਨ੍ਹੇਰੇ ਵਿੱਚ ਨਣਦ-ਭਰਜਾਈ ਦਾ ਕਾਰੋਬਾਰ ਚੱਲਦਾ ਰਹਿੰਦਾ ਰਹਿੰਦਾ।

ਪਰ ਇਹ ਹਨ੍ਹੇਰਾ ਦੋਵਾਂ ਨੂੰ ਪਸੰਦ ਨਹੀਂ ਸੀ। ਸੀਤੋ ਦਾ ਸੁਪਨਾ ਜਾਗਦਾ, ਕੋਈ ਉਹਨੂੰ ਲੈ ਲਵੇ ਤੇ ਆਪਣੇ ਘਰ ਵਸਾਏ। ਉਹ ਦੇ ਨਾਲ ਵਿਆਹ ਕਰਵਾ ਲਏ ਕੋਈ। ਆਪਣੀ ਸੋਚ ਉਡਾਰੀ ਨਾਲ ਉਹ ਇਕੱਲੀ ਬਹਿ ਕੇ ਗੱਲਾਂ ਕਰਦੀ। ਉਹ ਦੀ ਬਰਾਤ ਕਦੋਂ ਆਵੇਗੀ? ਉਹ ਦੇ ਵਿਆਹ ਦਾ ਲਾਊਡ ਸਪੀਕਰ ਕਦੋਂ ਵੱਜੇਗਾ? ਲਾਊਡ ਸਪੀਕਰ ਵੱਜੇਗਾ ਤਾਂ ਪਿੰਡ ਵਿੱਚ ਪਤਾ ਲੱਗੇਗਾ ਕਿ ਸੁਖਦੇਵ ਦੀ ਭੈਣ ਸੀਤੋ ਦਾ ਵਿਆਹ ਐ ਬਈ। ਗੱਲਾਂ ਹੋਣਗੀਆਂ, 'ਮੁੰਡਾ ਕਿੱਥੋਂ ਢੁਕਿਐ ਬਈ?' ਪਰ ਉਹ ਦਾ ਸੁਪਨਾ ਲੰਮੀ ਉਡਾਰੀ ਮਾਰ ਕੇ ਕੱਚੀ ਡੋਰ ਦੇ ਟੁੱਟ ਜਾਣ ਵਾਂਗ ਧਰਤੀ 'ਤੇ ਛਾਪਲ ਕੇ ਬੈਠ ਜਾਂਦਾ ਅਤੇ ਉਹ ਦੇ ਧੁਰ ਅੰਦਰੋਂ ਲੰਮੇ-ਲੰਮੇ ਹਉਕੇ ਨਿਕਲਣ ਲੱਗਦੇ। ਕੀ ਬਣਾਵੇ ਉਹ ਆਪਣੇ ਇਸ ਸਰੀਰ ਦਾ? ਸੋਨੇ ਜਿਹੀ ਦੇਹ ਕਿਹੜੇ ਲੇਖੇ ਲਾਵੇ?

ਗੇਲੋ ਲਈ ਸੁਖਦੇਵ ਉਹ ਦੇ ਘਰਵਾਲਾ ਤਾਂ ਸੀ, ਪਰ ਇਹ ਘਰ ਕਦੋਂ ਘਰ ਜਿਹਾ ਸੀ? ਇਸ ਮਕਾਨ ਵਿੱਚ ਤਾਂ ਮਾਸ ਮੁੱਲ ਵਿਕਦਾ। ਹਵਸ ਦੀ ਪੂਰਤੀ ਤੱਕੜੀ ਨਾਲ ਤੋਲ ਕੇ ਕੀਤੀ ਜਾਂਦੀ। ਵਪਾਰੀ ਸੌਦਾ ਲੈਣ ਆਉਂਦੇ ਸਨ। ਉਹ ਸੋਚਦੀ, ਕਾਸ਼। ਉਹ ਦਾ ਕੋਈ ਘਰ ਹੁੰਦਾ। ਘਰ ਜਿਹਾ ਘਰ ਜਿਸ ਵਿੱਚ ਉਹ ਦਾ ਪਤੀ ਸਵੇਰ ਤੋਂ ਸ਼ਾਮ ਤੱਕ ਕਮਾਉਂਦਾ। ਮਿੱਟੀ ਨਾਲ ਮਿੱਟੀ ਬਣਿਆ ਰਹਿੰਦਾ। ਉਨ੍ਹਾਂ ਦੇ ਆਪਣੇ ਬੱਚੇ ਹੁੰਦੇ। ਉਹ ਗਲ-ਗਲ ਤੱਕ ਕਬੀਲਦਾਰੀ ਵਿੱਚ ਧਸੀ ਰਹਿੰਦੀ। ਘਰੇਲੂ ਚਿੰਤਾਵਾਂ ਵਿੱਚ ਜਿਉਂਦੀ ਜਾਗਦੀ। ਹੁਣ ਤਾਂ ਇਸ ਘਰ ਵਿੱਚ ਘਰ ਵਰਗੀ ਕੋਈ ਗੱਲ ਨਹੀਂ ਹੈ।

ਉਹ ਆਂਢਣਾ-ਗੁਆਂਢਣਾਂ ਨੂੰ ਦੇਖਦੀ। ਗੁਆਂਢੀ ਔਰਤਾਂ, ਆਪਣੇ ਬੱਚਿਆਂ ਨੂੰ ਗਾਲ੍ਹਾਂ ਕੱਢਦੀਆਂ, ਉੱਚਾ-ਉੱਚਾ ਬੋਲਦੀਆਂ, ਸਿਰ ਖਪਾਉਂਦੀਆਂ। ਘਰ ਵਾਲੇ ਨਾਲ

ਕਿਸੇ ਘਰੇਲੂ ਮਸਲੇ ਵਿੱਚ ਦੂਰੋ-ਦੂਰੀ ਹੁੰਦੀਆਂ ਉਨ੍ਹਾਂ ਨੂੰ ਚੰਗੀਆਂ ਲੱਗਦੀਆਂ। ਗੇਲੋ ਲਈ ਤਾਂ ਲੜਾਈ-ਝਗੜੇ ਲਈ ਵੀ ਕੋਈ ਮੈਦਾਨ ਨਹੀਂ ਸੀ। ਕੀਹਦੀ ਨਾਲ ਲੜਦੀ ਉਹ ਕਾਹਦੇ ਪਿੱਛੇ ਲੜਦੀ।

ਨਣਦ-ਭਰਜਾਈ ਇੱਕ ਦਿਨ ਅਚਾਨਕ ਨੇੜੇ ਦੇ ਸ਼ਹਿਰ ਆਈਆਂ। ਨ੍ਹਾ-ਧੋ ਕੇ ਨਵੇਂ ਕੱਪੜੇ ਪਾ ਕੇ ਆਈਆਂ ਸਨ। ਜਿਵੇਂ ਵਿਆਹ ਜਾਣਾ ਹੋਵੇ। ਦਿਨ ਵੇਲੇ ਤਾਂ ਬਜ਼ਾਰ ਦੀਆਂ ਦੁਕਾਨਾਂ 'ਤੇ ਫਿਰਦੀਆਂ-ਤੁਰਦੀਆਂ ਰਹੀਆਂ। ਸੂਰਜ ਛਿਪਦੇ ਨੂੰ ਉਹ ਸਟੇਸ਼ਨ 'ਤੇ ਆ ਬੈਠੀਆਂ। ਗੱਡੀ ਮੂੰਹ-ਹਨ੍ਹੇਰੇ ਆਉਂਦੀ ਹੁੰਦੀ। ਉਨ੍ਹਾਂ ਨੇ ਅੰਬਾਲੇ ਦੀਆਂ ਟਿਕਟਾਂ ਲਈਆਂ। ਉਹ ਘਰੋਂ ਮਿੱਥ ਕੇ ਤੁਰੀਆਂ ਸਨ ਕਿ ਅੰਬਾਲੇ ਜਾ ਕੇ ਉਹ ਕੰਜਰੀਆਂ ਵਾਲਾ ਧੰਦਾ ਕਰਨਗੀਆਂ। ਉਨ੍ਹਾਂ ਨੇ ਗੱਲਾਂ ਸੁਣੀਆਂ ਹੋਈਆਂ ਸਨ, ਉੱਥੇ ਅਜਿਹੇ ਅੱਡੇ ਹਨ। ਉਹ ਭਾਲ ਲੈਣਗੀਆਂ ਉਨ੍ਹਾਂ ਅੱਡਿਆਂ ਨੂੰ, ਦਲਾਲ ਬੰਦੇ ਖ਼ੁਦ ਵੀ ਅਜਿਹੀਆਂ ਔਰਤਾਂ ਦੀ ਇੰਤਜ਼ਾਰ ਵਿੱਚ ਰਹਿੰਦੇ ਹਨ। ਪਿੰਡ ਵਿਚ ਵੀ ਤਾਂ ਉਹ ਇਹੀ ਧੰਦਾ ਕਰਦੀਆਂ ਸਨ। ਸਾਰਾ ਪਿੰਡ ਉਨ੍ਹਾਂ ਨੂੰ ਦੇਖਦਾ ਹੈ। ਸਾਰੇ ਪਿੰਡ ਸਾਹਮਣੇ ਉਨ੍ਹਾਂ ਨੂੰ ਸਿਰ ਨੀਵਾਂ ਰੱਖ ਕੇ ਜਿਉਣਾ ਪੈਂਦਾ ਹੈ। ਜੇ ਇਹੀ ਕੰਮ ਉਨ੍ਹਾਂ ਦੀ ਕਿਸਮਤ ਵਿੱਚ ਲਿਖਿਆ ਹੋਇਆ ਹੈ, ਉਹ ਸ਼ਹਿਰ ਜਾ ਕੇ ਕਰਨਗੀਆਂ। ਉੱਥੇ ਉਨ੍ਹਾਂ ਨੂੰ ਹੋਰ ਕੋਈ ਨਹੀਂ ਜਾਣਦਾ। ਉਹ ਜਾਣਦੇ ਹੋਇਆ ਕਰਨਗੇ, ਉਨ੍ਹਾਂ ਕੋਲ ਆਇਆ ਕਰਨਗੇ। ਕਮਾਉਣਗੀਆਂ ਤੇ ਖਾਣ ਗੀਆਂ। ਮੌਜਾਂ ਕਰਨਗੀਆਂ। ਘਰ ਨਹੀਂ ਸਹੀ ਚੁਬਾਰਾ ਤਾਂ ਹੋਵੇਗਾ।

ਗੱਡੀ ਦੇ ਡੱਬੇ ਵਿੱਚ ਉਨ੍ਹਾਂ ਦੀ ਸੀਟ ਦੇ ਸਾਹਮਣੇ ਦੋ ਬੰਦੇ ਬੈਠੇ ਸਨ। ਉਹ ਅਗਾਂਹ ਕਿਤੋਂ ਆ ਰਹੇ ਸਨ। ਦੇਖਣ ਨੂੰ ਭਲੇਮਾਣਸ ਜਿਹੇ ਲੱਗਦੇ ਸਨ, ਪਰ ਉਨ੍ਹਾਂ ਵੱਲ ਲਗਾਤਾਰ ਝਾਕੀ ਜਾ ਰਹੇ ਸਨ। ਦੋ ਕੁ ਸਟੇਸ਼ਨ ਅਗਾਂਹ ਜਾ ਕੇ ਉਨ੍ਹਾਂ ਵਿੱਚ ਗੱਲਾਂ ਹੋਣ ਲੱਗੀਆਂ। ਕਿੱਥੋਂ ਚੱਲੇ ਹੋ, ਕਿੱਥੇ ਜਾ ਰਹੇ ਹੋ, ਗੱਲਾਂ ਇੱਕ-ਦੂਜੇ ਨੇ ਸੁਣੀਆਂ। ਦੋਵੇਂ ਬੰਦੇ ਪੰਜਾਬ ਦੇ ਨਹੀਂ ਸਨ, ਪਰ ਪੰਜਾਬ ਵਿੱਚ ਆਉਂਦੇ ਜਾਂਦੇ ਸਨ। ਉਨ੍ਹਾਂ ਦਾ ਕੰਮ ਅਜਿਹਾ ਹੀ ਕੋਈ ਸੀ। ਸਟੇਸ਼ਨ ਲੰਘਦੇ ਗਏ। ਗੱਲਾਂ ਹੋਰ ਹੁੰਦੀਆਂ ਰਹੀਆਂ। ਬੰਦਿਆਂ ਨੇ ਭਾਂਪਿਆ, ਉਹ ਦੋਵੇਂ ਜਣੀਆਂ ਅੰਦਰੋਂ ਉਖੜੀਆਂ ਹੋਈਆਂ ਹਨ। ਦੋਵਾਂ ਦਾ ਥਾਂ ਟਿਕਾਣਾ ਕੋਈ ਨਹੀਂ। ਦੋਵੇਂ ਹੀ ਕਿਸੇ ਥਾਂ ਟਿਕਾਣੇ ਪਹੁੰਚਣਾ ਚਾਹੁੰਦੀਆਂ ਹਨ। ਦੋਵਾਂ ਦਾ ਕੋਈ ਥਾਂ ਟਿਕਾਣਾ ਉਨ੍ਹਾਂ ਨੂੰ ਉਡੀਕ ਰਿਹਾ ਸੀ। ਦੋਵਾਂ ਦੀ ਭਾਵਨਾ ਸੀ, ਕੋਈ ਉਨ੍ਹਾਂ ਨੂੰ ਰੋਟੀ ਕੱਪੜਾ ਦੇ ਸਕਦਾ ਹੋਵੇ। ਉਨ੍ਹਾਂ ਨੂੰ ਘਰ ਵਸਾਵੇ। ਕੋਈ ਵੀ ਹੋਵੇ, ਲਖਮੀ ਰਾਮ ਤੇ ਨਗਾਹੀ ਲਾਲ ਨੇ ਦਿੱਲੀ ਜਾਣਾ ਸੀ, ਪਰ ਉਹ ਅੰਬਾਲੇ ਹੀ ਉਤਰ ਗਏ। ਚਾਰਾਂ ਵਿੱਚ ਇੱਕ ਪਰਸਪਰ ਜਿਹੀ ਸਾਂਝ ਪੈਦਾ ਹੋ ਚੁੱਕੀ ਸੀ। ਕਿਸੇ ਨੂੰ ਕਿਸੇ ਦਾ ਕੋਈ ਡਰ ਨਹੀਂ ਸੀ, ਕੋਈ ਓਹਲਾ ਨਹੀਂ ਸੀ, ਕੋਈ ਸ਼ੱਕ ਨਹੀਂ ਸੀ। ਬੰਦਿਆਂ ਕੋਲ ਕਾਫ਼ੀ ਪੈਸੇ ਸਨ। ਕਮੀਜ਼ਾਂ ਥੱਲੇ ਪਹਿਨੀਆਂ ਜਾਕਟਾਂ ਦੀਆਂ ਜੇਬ੍ਹਾਂ ਦੇਖੀਆਂ ਸਨ। ਇਸੇ ਕਰਕੇ ਜਾਂ ਕਿਸੇ ਹੋਰ ਖਿੱਚ ਨਾਲ ਉਹ ਦੋਵੇਂ ਉਨ੍ਹਾਂ ਦੇ ਮਗਰ ਲੱਗ ਤੁਰੀਆਂ। ਸਟੇਸ਼ਨ ਤੋਂ ਬਾਹਰ ਉਨ੍ਹਾਂ ਨੇ ਇੱਕ ਹੋਟਲ ਵਿੱਚ ਰੋਟੀ ਖਾਧੀ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਫੇਰ ਉਸੇ ਹੋਟਲ ਵਿੱਚ ਇੱਕ ਕਮਰਾ ਲੈ ਕੇ ਚਾਰਾਂ ਨੇ ਰਾਤ ਕੱਟੀ। ਲਖਮੀ ਰਾਮ ਤੇ ਨਗਾਹੀ ਲਾਲ ਆਪਸ ਵਿੱਚ ਹਿੰਦੀ ਵਰਗੀ ਕੋਈ ਭਾਸ਼ਾ ਬੋਲਦੇ, ਉਨ੍ਹਾਂ ਨਾਲ ਪੰਜਾਬੀ ਜਿਹੀ ਬੋਲਦੇ। ਲਖਮੀ ਰਾਮ

ਵੱਡਾ ਸੀ ਤੇ ਉਹਨੇ ਗੇਲੋ ਦੇ ਮੋਢੇ 'ਤੇ ਹੱਥ ਰੱਖ ਦਿੱਤਾ ਤੇ ਆਖ ਦਿੱਤਾ ਕਿ ਤੂੰ ਮੇਰੀ ਹੋ ਚੁੱਕੀ। ਸਾਫ਼ ਸੀ ਫਿਰ ਨਗਾਹੀ ਲਾਲ ਦੀ ਵੰਡ ਵਿੱਚ ਸੀਤੋ ਆ ਗਈ।

ਗੇਲੋ ਦਾ ਰੰਗ ਪਿੱਲੀਆਂ ਇੱਟਾਂ ਜਿਹਾ ਸੀ। ਸਰੀਰ ਢਿਲਕਿਆ-ਢਿਲਕਿਆ। ਲਖਮੀ ਰਾਮ ਦਾ ਰੰਗ ਗੋਰਾ ਸੀ। ਪਰ ਉਹਦਾ ਜੁੱਸਾ ਤਕੜਾ ਸੀ। ਗੇਲੋ ਉਹਦੇ ਨਾਲ ਰਹਿ ਕੇ ਖ਼ੁਸ਼ ਸੀ। ਉਹਦੇ ਅੰਗਾਂ ਵਿੱਚੋਂ ਗੇਲੋ ਨੂੰ ਅਲੋਕਾਰ ਜਿਹਾ ਸੁੱਖ ਮਿਲਿਆ। ਸੀਤੋ ਰੰਗ ਦੀ ਪੱਕੀ ਸੀ। ਸਰੀਰ ਗਠਿਆ ਹੋਇਆ। ਨਗਾਹੀ ਲਾਲ ਜਮਾ ਕਾਲ਼ਾ ਧੂਸ ਸੀ। ਦੋਵੇਂ ਇੱਕ-ਦੂਜੇ ਨੂੰ ਚੰਗੇ ਲੱਗੇ।

ਦੋਵਾਂ ਦੇ ਟਿਕਾਣੇ ਦਿੱਲੀ ਵਿੱਚ ਸਨ। ਲਖਮੀ ਹੋਰ ਪਾਸੇ ਰਹਿੰਦਾ ਸੀ ਤੇ ਨਗਾਹੀ ਹੋਰ ਪਾਸੇ। ਦਿੱਲੀਓਂ ਬਾਹਰ ਜਾਂਦੇ ਤਾਂ ਕਿਵੇਂ ਨਾ ਕਿਵੇਂ ਇਕੱਠੇ ਹੋ ਜਾਂਦੇ। ਲਖਮੀ ਹੰਢਿਆ ਹੋਇਆ ਬੰਦਾ ਸੀ। ਕੰਮ-ਧੰਦੇ ਵਿੱਚ ਨਗਾਹੀ ਉਹਦਾ ਸ਼ਾਗਿਰਦ ਸੀ। ਹੁਣ ਉਹ ਪਤਨੀਆਂ ਨੂੰ ਘਰੀਂ ਛੱਡ ਕੇ ਪੰਜਾਬ ਚਲੇ ਜਾਂਦੇ, ਹਰਿਆਣੇ ਚਲੇ ਜਾਂਦੇ, ਰਾਜਸਥਾਨ ਤੇ ਯੂ.ਪੀ. ਵਿੱਚ ਚਲੇ ਜਾਂਦੇ। ਸੀਤੋ ਤੇ ਗੇਲੋ ਘਰਾਂ ਵਿੱਚ ਰਹਿੰਦੀਆਂ ਤੇ ਮੌਜਾਂ ਕਰਦੀਆਂ। ਉਨ੍ਹਾਂ ਲਈ ਖਾਣ-ਪੀਣ ਨੂੰ ਖੁੱਲ੍ਹਾ ਸੀ। ਚੰਗੇ ਵਾਹਵਾ ਮਕਾਨ ਸਨ। ਜਦੋਂ ਉਹ ਦਿੱਲੀ ਵਿੱਚ ਹੁੰਦੇ ਤਾਂ ਇੱਕ-ਦੂਜੇ ਦੇ ਘਰੀਂ ਵੀ ਜਾਂਦੇ। ਸੀਤੋ ਤੇ ਗੇਲੋ ਸਹੇਲੀਆਂ ਵਾਂਗ ਮਿਲਦੀਆਂ। ਇਕੱਠੀਆਂ ਬੈਠ ਕੇ ਕਦੇ ਗੱਲਾਂ ਕਰਦੀਆਂ ਤੇ ਸੁੱਖ ਦਾ ਸਾਹ ਲੈਂਦੀਆਂ। ਗੇਲੋ ਆਖਦੀ, 'ਹੁਣ ਠੀਕ ਆਂ ਆਪਾਂ। ਨੀ ਬਥੇਰਾ ਮੋਹ ਕਰਦੇ ਨੇ ਇਹ ਤਾਂ ਆਪਾਂ ਨੂੰ। ਲਖਮੀ ਤਾਂ ਮੇਰੇ ਪੈਰਾਂ ਥੱਲੇ ਹੱਥ ਦਿੰਦੈ।'

ਸੀਤੋ ਹੱਸਦੀ, 'ਪਿਆਰ ਤਾਂ ਨਗਾਹੀ ਵੀ ਅੰਤਾਂ ਦਾ ਕਰਦੈ। ਪਰ ਦੇਖਣ 'ਚ ਚੂਹੜਾ ਜ੍ਹਾ ਲੱਗਦੈ-ਜੈਖਾਣਾ। ਉਂ ਜਦੋਂ ਐਥੇ ਹੁੰਦੈ, ਸਾਰੀ ਰਾਤ ਖਹਿੜਾ ਨ੍ਹੀਂ ਛੱਡਦਾ। ਜਿਵੇਂ ਨਵੀਂ ਮੁਕਲਾਵੇ ਆਈ ਹੋਵਾਂ। ਬਾਹਲਾ ਹੀ ਚਾਹੁੰਦੈ, ਭਾਈ ਮੈਨੂੰ ਤਾਂ। ਫੇਰ ਜਦੋਂ ਜਾਊ ਦੱਸ ਕੇ ਜਾਊ ਬਈ ਮੈਂ ਐਨੇ ਦਿਨ ਨ੍ਹੀਂ ਆਉਂਦਾ ਹੁਣ। ਨੋਟਾਂ ਦੀ ਮੁੱਠੀ ਭਰ ਕੇ ਫ਼ੜਾ ਦਿੰਦੈ। ਆਖਦੈ, ਆਹ ਲੈ, ਤੰਗੀ ਨਾ ਕੱਟੀਂ।'

ਦੋਵੇਂ ਚਾਂਭੜਾਂ ਪਾਉਂਦੀਆਂ, 'ਨੀ ਆਪਾਂ ਤਾਂ ਸੁਰਗ 'ਚ ਆ ਗੀਆਂ।' ਏਦਾਂ ਹੀ ਦੋ ਸਾਲ ਲੰਘ ਗਏ। ਫੇਰ ਪੈਸਿਆਂ ਪਿੱਛੇ ਉਨ੍ਹਾਂ ਦੀ ਲੜਾਈ ਹੋ ਗਈ। ਨਗਾਹੀ ਕਹਿੰਦਾ ਸੀ, 'ਮੈਨੂੰ ਪੂਰਾ ਹਿੱਸਾ ਨਹੀਂ ਮਿਲਿਆ।' ਲਖਮੀ ਦਾ ਜਵਾਬ ਸੀ, 'ਤੇਰਾ ਐਨਾ ਹੀ ਬਣਦਾ ਸੀ।'

ਫੇਰ ਉਹ ਆਪਣਾ-ਆਪਣਾ ਧੰਦਾ ਕਰਨ ਲੱਗੇ। ਇੱਕ-ਦੂਜੇ ਨੂੰ ਮਿਲਦੇ ਵੀ ਨਹੀਂ ਸਨ। ਉਨ੍ਹਾਂ ਦਾ ਮਿਲਣਾ ਬੰਦ ਹੋਇਆ ਤਾਂ ਨਾਲ ਹੀ ਸੀਤੋ ਤੇ ਗੇਲੋ ਵੀ ਮਿਲਣੋ ਰਹਿ ਗਈਆਂ। ਉਨ੍ਹਾਂ ਦੇ ਘਰ ਦਸ-ਦਸ ਮੀਲਾਂ 'ਤੇ ਸਨ। ਪੇਂਡੂ ਜ਼ਨਾਨੀਆਂ। ਉਨ੍ਹਾਂ ਨੂੰ ਤਾਂ ਬੱਸ ਦਾ ਪਤਾ ਨਹੀਂ ਸੀ, ਕਿਹੜੀ ਕਿੱਧਰ ਨੂੰ ਜਾਂਦੀ ਹੈ।

ਦੋਵੇਂ ਡਰਦੀਆਂ ਸਨ, ਕਿਧਰੇ ਗਵਾਚ ਹੀ ਨਾ ਜਾਣ। ਛੇ ਮਹੀਨੇ ਲੰਘ ਗਏ। ਉਹ ਇਕੱਲੀਆਂ ਰਹਿ ਗਈਆਂ। ਗੇਲੋ ਲਖਮੀ ਨੂੰ ਆਖਦੀ, 'ਤੁਸੀਂ ਭਾਵੇਂ ਕਿੰਨਾ ਗੁੱਸੇ-ਗਿਲ੍ਹੇ ਰਹੋ, ਮੇਰਾ ਤਾਂ ਬਾਹਲਾ ਚਿੱਤ ਕਰਦੈ, ਜਾਣੀ ਕੋਈ ਚਿੜੀ-ਜਨੌਰ ਬਣ ਕੇ ਸੀਤੋ ਨੂੰ ਜਾ ਮਿਲਾਂ। ਮੈਨੂੰ ਇੱਕ ਵਾਰੀ ਤਾਂ ਮਿਲਾ ਦੇ ਉਹਨੂੰ। ਪਤਾ ਨ੍ਹੀਂ ਵਿਚਾਰੀ ਦਾ ਕੀ

ਹਾਲ ਹੋਊਗਾ?' ਤੇ ਫੇਰ ਲਖਮੀ ਉਹਨੂੰ ਲੈ ਕੇ ਗਿਆ। ਮਕਾਨ ਨੂੰ ਜਿੰਦਰਾ ਲੱਗਿਆ ਹੋਇਆ ਸੀ। ਇੱਧਰ-ਉੱਧਰ ਗਵਾਂਢੀਆਂ ਤੋਂ ਪੁੱਛਿਆ। ਐਡੇ ਵੱਡੇ ਸ਼ਹਿਰ ਵਿੱਚ ਗੁਆਂਢ ਨਾਉਂ ਦੀ ਕੋਈ ਚੀਜ਼ ਨਹੀਂ ਸੀ। ਇੱਕ ਜ਼ਨਾਨੀ ਨੇ ਐਨਾ ਦੱਸਿਆ, 'ਭਾਈ ਅਸੀਂ ਤਾਂ ਕਦੇ ਦਰਵਾਜ਼ਾ ਖੁੱਲ੍ਹਾ ਨ੍ਹੀਂ ਦੇਖਿਆ, ਇੱਕ ਮ੍ਹੀਨੇ ਤੋਂ। ਨਾ ਉਹ ਤੀਮੀਂ ਦੇਖੀ ਹੈ। ਅੱਗੇ ਤਾਂ ਬਾਰ ਵਿੱਚ ਖੜ੍ਹੀ ਕਦੇ ਦਿਸ ਜਾਂਦੀ ਸੀ। ਲੱਗਦੈ, ਮਕਾਨ ਛੱਡ 'ਗੇ ਉਹ।'

ਉੱਧਰ ਪਿੰਡ ਵਿੱਚ ਸੁਖਦੇਵ ਦਾ ਬੁਰਾ ਹਾਲ ਸੀ। ਉਹਨੂੰ ਭੈਣ ਤੇ ਬਹੂ ਦਾ ਵੱਡਾ ਮਿਹਣਾ ਸੀ।

ਉਹਨੂੰ ਕੋਈ ਕੁਝ ਆਖਦਾ ਤਾਂ ਉਹ ਕੰਨ ਬੰਦ ਕਰ ਲੈਂਦਾ। ਅਗਲੇ ਦੀ ਗੱਲ ਸੁਣਦਾ ਹੀ ਨਹੀਂ ਸੀ। ਉਹਨੂੰ ਵੱਡਾ ਫ਼ਿਕਰ ਸੀ ਤਾਂ ਰੋਟੀ ਦਾ ਸੀ। ਭੁੱਖਾ ਰਹਿ-ਰਹਿ ਜਦੋਂ ਉਹਦੀ ਕੋਈ ਪੇਸ਼ ਨਾ ਗਈ ਤਾਂ ਉਹ ਗੁਰਦੁਆਰੇ ਜਾ ਬੈਠਾ। ਘਰ ਨੂੰ ਜਿੰਦਰਾ ਲਾ ਰੱਖਦਾ। ਘਰ ਵਿੱਚ ਜਿੰਦਰਾ ਲਾਉਣ ਨੂੰ ਸੀ ਵੀ ਕੀ। ਘਰ ਵਿੱਚ ਤਾਂ ਉਹ ਸਿਰਫ਼ ਰਾਤ ਕੱਟਣ ਆਉਂਦਾ। ਭੁੱਕੀ ਦੇ ਨਸ਼ੇ ਵਿੱਚ ਉਹਨੂੰ ਕੋਈ ਅਹਿਸਾਸ ਨਹੀਂ ਰਹਿ ਜਾਂਦਾ ਸੀ ਕਿ ਘਰ ਬਹੂ ਬਗੈਰ ਖਾਲੀ ਹੈ। ਇੱਥੇ ਹੀ ਕਿਤੇ ਉਹਦੀ ਮਾਂ ਜਾਈ ਭੈਣ ਬੈਠੀ ਹੁੰਦੀ। ਗੁਰਦੁਆਰੇ ਉਹਨੂੰ ਤੜਕੇ-ਤੜਕੇ ਵੇਸਣੀ ਰੋਟੀ ਖਾਣ ਨੂੰ ਮਿਲਦੀ, ਚਾਹ ਦੀ ਬਾਟੀ ਹੁੰਦੀ। ਦੁਪਹਿਰ ਵੇਲੇ ਭਾਂਤ-ਭਾਂਤ ਦੀਆਂ ਰੋਟੀਆਂ। ਪਿੰਡ ਵਿੱਚੋਂ ਪਰਸ਼ਾਦੇ ਆਉਂਦੇ ਸਨ। ਦਾਲਾਂ-ਸਬਜ਼ੀਆਂ ਆਉਂਦੀਆਂ ਸਨ। ਦੁਪਹਿਰ ਤੋਂ ਪਿਛਲੇ ਪਹਿਰ ਤੱਕ ਲੰਗਰ ਵਰਤਦਾ ਰਹਿੰਦਾ। ਰਾਹੀ-ਪਾਂਧੀ, ਬੁੜ੍ਹੇ-ਠੇਰੇ, ਜਿਨ੍ਹਾਂ ਦੀ ਘਰ ਵਿੱਚ ਕੋਈ ਪੁੱਛ-ਦੱਸ ਨਾ ਹੁੰਦੀ, ਪ੍ਰਸ਼ਾਦਾ ਛਕਦੇ। ਸੁਖਦੇਵ ਇਨ੍ਹਾਂ ਸਭ ਵਿੱਚ ਸ਼ਾਮਿਲ ਸੀ। ਆਥਣ ਵੇਲੇ ਗੁਰਦੁਆਰੇ ਵਿੱਚ ਲੰਗਰ ਪੱਕਦਾ, ਆਥਣੇ ਵੀ ਉਹਨੂੰ ਪ੍ਰਸ਼ਾਦਾ ਮਿਲ ਜਾਂਦਾ। ਗੁਰੂ ਦਾ ਘਰ ਸੀ, ਉੱਥੇ ਤਾਂ ਕਿਸੇ ਨੂੰ ਇਨਕਾਰ ਹੀ ਨਹੀਂ ਸੀ। ਸੁਖਦੇਵ ਭੁੱਕੀ ਖਾ ਕੇ ਮਸਤ ਹੋਇਆ ਇੱਕ ਟੁੱਟੀ ਜਿਹੀ ਮੰਜੀ ਵਿੱਚ ਲਮਕਿਆ ਪਿਆ ਰਹਿੰਦਾ। ਉੱਠ ਕੇ ਤੁਰਦਾ ਜਿਵੇਂ ਕਈ ਵਰ੍ਹਿਆਂ ਤੋਂ ਬਿਮਾਰ ਸੀ। ਗੁਰਦੁਆਰੇ ਵਿੱਚ ਬੈਠੇ ਬਜ਼ੁਰਗ ਬੰਦੇ ਉਹਨੂੰ ਸੁਣਾ ਕੇ ਆਖਦੇ 'ਰੰਨ ਨ੍ਹੀਂ, ਕੰਨ ਨ੍ਹੀਂ, ਮੌਜਾਂ ਮਾਣਦੈਂ ਬਈ ਸਰਦਾਰ ਸੁਖਦੇਵ ਸਿੰਘ।'

ਹੋਰ ਕੋਈ ਆਖਦਾ, 'ਇਹਨੂੰ ਸ਼ਰਮ ਤਾਂ ਭੋਰਾ ਨੀ ਕਿਸੇ ਗੱਲ ਦੀ। ਭੈਣ ਕਿਧਰੇ ਤੁਰ 'ਗੀ, ਬਹੂ ਕਿਧਰੇ ਤੁਰ 'ਗੀ। ਭੈਣ ਚੋਦ ਨੇ ਪਿੰਡ ਨੂੰ ਦਾਗ਼ ਲਵਾ 'ਤਾ। ਹੁਣ ਆਹ ਫਿਰਦੈ ਢੇਕੇ ਭੰਨ੍ਹਦਾ।'

'ਚੰਗਾ ਭਲਾ ਜੁਆਨ ਐ। ਜ਼ਮੀਨ ਦੇ ਦੋ ਓਰੇ ਵੀ ਹੈਗੇ ਕੋਲ। ਹਮੂਤ ਤੋਂ ਤੀਮੀਂ ਨ੍ਹੀਂ ਸਾਂਭੀ ਗਈ।'

'ਤੀਮੀਂ ਤਾਂ ਚੱਲ ਬਗਾਨੀ ਧੀ ਸੀ, ਹੋਰ ਕੀ ਕਰਦੀ ਉਹ। ਇਹ ਤਾਂ ਨਿਕੰਮਾ ਸੀ। ਭੈਣ ਦਾ ਨ੍ਹੀਂ ਸੋਚਿਆ ਕੁਛ, ਪੱਟੇ ਵਏ ਨੇ।'

'ਉਏ ਭਾਈ, ਕੁੜੀ ਤੇ ਬਹੂ ਦੇ ਚਾਲੇ ਮਾੜੇ ਸੀ। ਇਹਦੇ ਕੀ ਵੱਸ ਸੀ।'

'ਇਹਦੇ ਕਰਕੇ ਈ ਉਨ੍ਹਾਂ ਦਾ ਪੈਰ ਘਰੋਂ ਬਾਹਰ ਹੋਇਆ। ਇਹ ਚੱਜ ਦਾ ਹੁੰਦਾ ਤਾਂ ਭੈਣ ਨੂੰ ਵੀ ਚਾਰ ਭਮਾਲੀਆਂ ਦਿੱਤੀਆਂ ਜਾਂਦੀਆਂ, ਤੀਵੀਂ ਵੀ ਵੱਸੀ ਰਹਿੰਦੀ। ਇਹ ਤਾਂ ਆਹ ਫਿਰਦੈ ਹੁਣ। ਪਾਂ ਆਲੇ ਕੁੱਤੇ ਆਂਗੂ ਜਾਨ ਜ੍ਹੀ ਬਚਾਉਂਦਾ।'

ਸੁਖਦੇਵ ਬੋਲ਼ਾ ਨਹੀਂ ਸੀ। ਉਹਦੇ ਕੰਨਾਂ ਵਿੱਚ ਸਭ ਦੀਆਂ ਗੱਲਾਂ ਪੈਂਦੀਆਂ, ਪਰ ਉਹ ਅਣ-ਸੁਣੀਆਂ ਕਰ ਛੱਡਦਾ। ਉਹ ਸਮਝਦਾ, ਲੋਕ ਤਾਂ ਕੁੱਤੇ ਹਨ, ਭੌਂਕੀ ਜਾਂਦੇ ਨੇ।

ਇੱਕ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਪੁਲਿਸ ਦੇ ਚਾਰ ਸਿਪਾਹੀ ਤੇ ਥਾਣੇਦਾਰ ਲਖਮੀ ਦੇ ਘਰ ਅੱਗੇ ਆ ਖੜ੍ਹੇ। ਦਰਵਾਜ਼ਾ ਖੜਕਾਇਆ, ਲਖਮੀ ਘਰ ਹੀ ਸੀ ਤੇ ਗੇਲੋ ਉਹ ਦੀ ਪਤਨੀ ਵੀ। ਉਹ ਪੁਲਿਸ ਦੇਖ ਕੇ ਘਬਰਾ ਗਏ। ਕਿਉਂ ਆਈ ਹੈ ਪੁਲਿਸ? ਫੇਰ ਤਾਂ ਹੋਰ ਘਬਰਾਹਟ ਹੋਈ, ਜਦੋਂ ਉਨ੍ਹਾਂ ਨੇ ਦੇਖਿਆ ਕਿ ਪੁਲਿਸ ਵਾਲੇ ਸੀਤੋ ਨੂੰ ਲੈ ਕੇ ਆਏ ਹਨ। ਸਿਪਾਹੀਆਂ ਨੇ ਮਕਾਨ ਅੰਦਰ ਵੜਦਿਆਂ ਹੀ ਲਖਮੀ ਨੂੰ ਕਾਬੂ ਕਰ ਲਿਆ। ਪਹਿਲਾਂ ਤਾਂ ਉਹਨੇ ਸ਼ੱਕ ਕੀਤਾ ਕਿ ਇਹ ਭਾਣਾ ਨਗਾਹੀ ਦੇ ਪੈਰੋਂ ਬੀਤਿਆ ਹੈ। ਪਰ ਫੇਰ ਉਹ ਉਹ ਸੋਚਣ ਲੱਗਿਆ, ਸੀਤੋ ਕਿਉਂ ਨਾਲ ਆਈਹੈ? ਸੀਤੋ ਅਜਿਹਾ ਭੈੜਾ ਕੰਮ ਨਹੀਂ ਕਰਵਾ ਸਕਦੀ। ਸੀਤੋ ਤਾਂ ਉਨ੍ਹਾਂ ਦੀ ਆਪਣੀ ਹੈ। ਫੇਰ ਉਹ ਨੇ ਫ਼ਿਕਰ ਕੀਤਾ ਕਿ ਜੇ ਸੀਤੋ ਹੈ ਤਾਂ ਨਗਾਹੀ ਕਿੱਥੇ ਹੈ? ਉਹ ਦੀ ਸਮਝ ਵਿੱਚ ਕੁਝ ਵੀ ਨਹੀਂ ਆ ਰਿਹਾ ਸੀ। ਪੁਲਿਸ ਵਾਲੇ ਉਹਨੂੰ ਹੁਣ ਉਨ੍ਹਾਂ ਦੇ ਨਾਲ ਥਾਣੇ ਜਾਣ ਲਈ ਆਖ ਰਹੇ ਸਨ। ਉਹ ਗੇਲੋ ਨੂੰ ਵੀ ਨਾਲ ਲੈ ਕੇ ਜਾਣਾ ਚਾਹੁੰਦੇ ਸਨ। ਸੀਤੋ ਚੁੱਪ ਖੜ੍ਹੀ ਸੀ। ਕੁਝ ਨਹੀਂ ਬੋਲ ਰਹੀ ਸੀ। ਉਹ ਮੂੰਹ ਖੋਲ੍ਹਣ ਲੱਗਦੀ ਤਾਂ ਸਿਪਾਹੀ ਉਹ ਨੂੰ ਝਿੜਕ ਦਿੰਦਾ।

ਗੱਲ ਇਹ ਸੀ ਕਿ ਨਗਾਹੀ ਆਪਣੇ ਘਰ ਓਪਰਿਆਂ ਬੰਦਿਆਂ ਨੂੰ ਲਿਆਉਣ ਲੱਗਿਆ ਸੀ। ਸੀਤੋ ਉਹਨੂੰ ਮਨ੍ਹਾਂ ਕਰਦੀ। ਪਰ ਉਹ ਹਟਦਾ ਨਹੀਂ ਸੀ। ਉਹ ਸ਼ਰਾਬ ਪੀਂਦੇ ਤੇ ਸੀਤੋ ਨੂੰ ਵੀ ਖਰਾਬ ਕਰਦੇ। ਅਖ਼ੀਰ ਇੱਕ ਦਿਨ ਨਗਾਹੀ ਘਰ ਨਹੀਂ ਆਇਆ। ਦੋ ਦਿਨ, ਚਾਰ ਦਿਨ, ਉਹ ਤਾਂ ਹਫ਼ਤਾ ਨਹੀਂ ਮੁੜਿਆ ਕਿਧਰੋਂ । ਘਰ ਵਿੱਚ ਨਗਾਹੀ ਦਾ ਮਿੱਤਰ ਸੀ। ਜਦੋਂ ਸੀਤੋ ਨਗਾਹੀ ਨੂੰ ਉਡੀਕ-ਉਡੀਕ ਥੱਕ ਗਈ ਤਾਂ ਮਿੱਤਰ ਨੇ ਭਾਂਡਾ ਭੰਨ੍ਹ ਦਿੱਤਾ। ਦੱਸਿਆ ਕਿ ਉਹ ਹੁਣ ਕਦੇ ਵੀ ਨਹੀਂ ਆਵੇਗਾ। ਉਹ ਹੁਣ ਉਸੇ ਦੀ ਹੈ। ਪਰ ਦੋ ਮਹੀਨੇ ਵੀ ਨਹੀਂ ਲੰਘੇ ਸਨ ਕਿ ਇੱਕ ਬੰਦਾ ਉੱਥੇ ਹੋਰ ਆਉਣ ਲੱਗਿਆ। ਫੇਰ ਉਹ ਉਹ ਦਾ ਪਤੀ ਬਣ ਬੈਠਾ। ਪਤਾ ਉਹਨੂੰ ਉਦੋਂ ਲੱਗਿਆ, ਜਦੋਂ ਉਹ ਦੂਜਾ ਬੰਦਾ ਉਹਨੂੰ ਕਿਧਰੋਂ ਘਰੋਂ ਬਾਹਰ ਲੈ ਕੇ ਜਾਣ ਦੀ ਜ਼ਿੱਦ ਕਰ ਰਿਹਾ ਸੀ। ਉਹ ਸ਼ਰਾਬੀ ਹੋ ਕੇ ਇੱਕ ਰਾਤ ਮੂੰਹੋਂ ਫੁੱਟਿਆ ਕਿ ਨਗਾਹੀ ਨੇ ਉਹਨੂੰ ਆਪਣੇ ਮਿੱਤਰ ਕੋਲ ਵੇਚ ਦਿੱਤਾ ਸੀ ਤੇ ਉਹ ਮਿੱਤਰ ਨੇ ਫੇਰ ਉਹ ਉਹਨੂੰ ਵੇਚ ਦਿੱਤੀ ਹੈ। ਹੁਣ ਉਹ ਦੀ ਮੁੱਲ ਦੀ ਤੀਵੀਂ ਹੈ। ਉਹ ਉਹਨੂੰ ਵਿਸ਼ਵਾਸ ਦਿਵਾ ਰਿਹਾ ਸੀ ਕਿ ਉਹ ਉਸ ਨੂੰ ਕਿਸੇ ਸ਼ਰੀਫ਼ ਆਦਮੀ ਦੇ ਘਰ ਬਿਠਾਏਗਾ। ਆਪ ਤਾਂ ਉਹ ਤੀਮੀਆਂ ਵੇਚਣ ਦਾ ਧੰਦਾ ਕਰਦਾ ਹੈ। ਸੀਤੋ ਉਹਦੀ ਗੱਲ ਮੰਨ ਗਈ ਸੀ। ਰੋਂਦੀ ਵੀ ਜਾਂਦੀ, ਉਹਦੀਆਂ ਗੱਲਾਂ ਮੰਨੀ ਵੀ ਜਾਂਦੀ। ਬੰਦੇ ਨੂੰ ਜਦੋਂ ਵਿਸ਼ਵਾਸ ਹੋ ਗਿਆ ਤਾਂ ਉਹ ਉਹਨੂੰ ਇਕੱਲੀ ਛੱਡ ਕੇ ਗਾਹਕ ਲੈਣ ਤੁਰ ਗਿਆ। ਕਹਿ ਗਿਆ ਕਿ ਉਹ ਤਿੰਨ ਦਿਨਾਂ ਨੂੰ ਮੁੜੇਗਾ। ਉਹ ਆਪਣਾ ਖਿਆਲ ਰੱਖੇ, ਜ਼ਮਾਨਾ ਮਾੜਾ ਹੈ।

ਉਹ ਬੰਦਾ ਘਰੋਂ ਬਾਹਰ ਹੋਇਆ ਤਾਂ ਉਹ ਉਸੇ ਵੇਲੇ ਮਕਾਨ ਤੋਂ ਥੋੜ੍ਹੀ ਦੂਰ ਪੈਂਦੇ ਰਿਕਸ਼ਾ ਸਟੈਂਡ 'ਤੇ ਗਈ। ਇੱਕ ਰਿਕਸ਼ੇ ਵਾਲੇ ਨੂੰ ਕਿਹਾ ਕਿ ਉਹ ਉਹ ਨੂੰ ਥਾਣੇ ਲੈ ਚੱਲੇ। ਰਿਕਸ਼ਾ ਵਾਲੇ ਨੇ ਦਸ ਰੁਪਏ ਮੰਗੇ। ਉਹ ਮੰਨ ਗਈ। ਸੀਤੋ ਨੂੰ ਥਾਣੇ ਦਾ ਕੋਈ

ਪਤਾ ਨਹੀਂ ਸੀ ਕਿ ਕਿੱਥੇ ਹੈ? ਰਿਕਸ਼ਾ ਚਾਲਕ ਸਮਝਦਾ ਸੀ ਕਿ ਉਹ ਥਾਣੇ ਪਹਿਲਾਂ ਵੀ ਜਾਂਦੀ ਹੋਵੇਗੀ। ਇਸੇ ਕਰਕੇ ਉਹ ਨੇ ਦਸ ਰੁਪਏ ਦੇਣੇ ਮੰਨੇ ਹਨ। ਸੀਤੋ ਨੂੰ ਤਸੱਲੀ ਸੀ ਕਿ ਉਹ ਆਪ ਹੀ ਉਹ ਨੂੰ ਥਾਣੇ ਲੈ ਜਾਵੇਗਾ। ਦਸ ਰੁਪਏ ਹੋਏ ਕਿ ਘੱਟ-ਵੱਧ ਹੋਏ।

ਥਾਣੇ ਵਿੱਚ ਜਾ ਕੇ ਉਹ ਰੋਣ ਪਿੱਟਣ ਲੱਗੀ। ਆਖ ਰਹੀ ਸੀ, 'ਮੈਨੂੰ ਬਚਾ ਲਓ। ਮੈਨੂੰ ਮੇਰੇ ਪਿੰਡ ਭੇਜ ਦਿਓ। ਮੇਰੇ ਨਾਲ ਧੋਖਾ ਹੋਇਐ।'

ਪੁਲਿਸ ਕੋਲ ਅਜਿਹੇ ਮਾਮਲੇ ਆਉਂਦੇ ਰਹਿੰਦੇ ਹਨ। ਉਹ ਹੈਰਾਨ ਨਹੀਂ ਹੋਏ। ਕੋਲ ਬਿਠਾ ਕੇ ਉਹ ਨੂੰ ਪਹਿਲਾਂ ਤਾਂ ਦਿਲਾਸਾ ਦਿੱਤਾ ਅਤੇ ਕਿਹਾ, 'ਤੂੰ ਹੁਣ ਸਾਡੇ ਕੋਲ ਐਂ। ਸਾਡੀ ਹਿਫ਼ਾਜ਼ਤ ਵਿੱਚ ਤੈਨੂੰ ਹੁਣ ਕੁਛ ਨਹੀਂ ਹੋਏਗਾ। ਕੋਈ ਤੈਨੂੰ ਕੁਛ ਨਹੀਂ ਕਰ ਸਕਦਾ। ਤੂੰ ਆਪਣੇ ਮਾਂ-ਬਾਪ ਕੋਲ ਜਾਏਂਗੀ।' ਫੇਰ ਉਨ੍ਹਾਂ ਨੇ ਉਸ ਤੋਂ ਸਾਰੀ ਵਾਰਤਾ ਸੁਣੀ। ਉਹ ਉਹਨੂੰ ਅਜੀਬ-ਅਜੀਬ ਸਵਾਲ ਕਰਦੇ ਸਨ। ਉਹ ਸਭ ਕੁਝ ਨਿੱਡਰ ਦੱਸਦੀ ਜਾ ਰਹੀ ਸੀ। ਕਈ ਵਾਰ ਰੋਈ। ਇੱਕ ਦੋ ਵਾਰ ਹੱਸੀ ਵੀ। ਕਦੇ ਉਹ ਦਾ ਚਿਹਰਾ ਗੁਲਾਬ ਵਾਂਗ ਖਿੜ ਉੱਠਦਾ, ਕਦੇ ਅੱਖਾਂ ਵਿੱਚ ਘੋਰ ਉਦਾਸੀ ਹੁੰਦੀ । ਉਹ ਨੇ ਦੱਸਿਆ ਸੀ ਕਿ ਦਿੱਲੀ ਵਿੱਚ ਹੀ ਨਗਾਹੀ ਲਾਲ ਦਾ ਸਾਥੀ ਲਖਮੀ ਰਾਮ ਰਹਿੰਦਾ ਹੈ। ਉਹ ਦੇ ਕੋਲ ਉਹ ਦੀ ਭਰਜਾਈ ਗੇਲੋ ਹੈ। ਉਹ ਦੋਵੇਂ ਉਨ੍ਹਾਂ ਨੂੰ ਲਾਰਾ ਲਾ ਕੇ ਦਿੱਲੀ ਲੈ ਆਏ। ਮੇਰੇ ਨਾਲ ਤਾਂ ਆਹ ਹਾਲ ਹੋ ਰਿਹਾ ਹੈ। ਮੇਰੀ ਭਰਜਾਈ ਗੇਲੋ ਦੀ ਪਤਾ ਨਹੀਂ ਕੀ ਹਾਲਤ ਹੈ।

ਗੇਲੋ, ਸੀਤੋ ਤੇ ਪੁਲਿਸ ਵੱਲ ਕੌੜ-ਕੌੜ ਝਾਕਦੀ। ਪੁਲਿਸ ਵਾਲੇ ਉਹ ਨੂੰ ਜੋ ਵੀ ਪੁੱਛਦੇ, ਉਹ ਦੱਸਦੀ ਨਹੀਂ ਸੀ। ਫਟੀਆਂ-ਫਟੀਆਂ ਨਿਗਾਹਾਂ ਨਾਲ ਬੱਸ ਝਾਕਦੀ ਹੀ। ਆਪਣੇ ਪੇਟ ਵੱਲ ਝਾਕਦੀ ਤਾਂ ਅੱਖਾਂ ਭਰ ਲੈਂਦੀ। ਲਖਮੀ ਨੇ ਦੱਸਿਆ ਕਿ ਉਹ ਦੋਵੇਂ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਪੰਜਾਬ ਤੋਂ ਲੈ ਕੇ ਆਏ ਸਨ। ਨਗਾਹੀ ਨਾਲ ਉਸ ਦਾ ਕੋਈ ਸਬੰਧ ਨਹੀਂ ਅਤੇ ਨਾ ਹੀ ਹੁਣ ਉਹ ਉਹਦੇ ਬਾਰੇ ਬਹੁਤਾ ਕੁਝ ਜਾਣਦਾ ਹੈ। ਗੇਲੋ ਆਪਣੀ ਮਰਜ਼ੀ ਨਾਲ ਉਹਦੇ ਘਰ ਰਹਿ ਰਹੀ ਹੈ। ਇਹ ਵੀ ਦੱਸਿਆ ਕਿ ਉਹ ਦੂਰ ਪਿੰਡਾਂ-ਸ਼ਹਿਰਾਂ ਵਿੱਚ ਜਾ ਕੇ ਦੇਸੀ ਦਵਾਈਆਂ ਵੇਚਦਾ ਹੈ। ਉਹ ਸ਼ਰੀਫ਼ ਆਦਮੀ ਹੈ। ਉਹ ਦੇ ਬਾਰੇ ਉਹਦੇ ਆਂਢ-ਗੁਆਂਢ ਤੋਂ ਪੁੱਛਿਆ ਜਾਵੇ।

ਪਰ ਪੁਲਿਸ ਮੰਨੀ ਨਹੀਂ। ਉਹ ਜਾਣਦੇ ਸਨ ਕਿ ਬਦਮਾਸ਼ ਲੋਕ ਸੌ ਤਾਣੇ ਤਣਦੇ ਹਨ। ਗੱਲਾਂ ਤੇ ਬਹਾਨਿਆਂ ਦੇ ਧਨੀ ਹੁੰਦੇ ਹਨ। ਇਨ੍ਹਾਂ ਨੂੰ ਡਰਾਮੇ ਕਰਨੇ ਆਉਂਦੇ ਹਨ। ਰੋ ਵੀ ਪੈਂਦੇ ਹਨ। ਪਾਗਲ ਬਣ ਕੇ ਹੱਸਣ ਲੱਗਦੇ ਹਨ। ਦਿੱਲੀ ਦੀ ਪੁਲਿਸ ਨੇ ਪੰਜਾਬ ਪੁਲਿਸ ਨੂੰ ਵਾਇਰਲੈਸ ਕੀਤੀ। ਨਣਦ-ਭਰਜਾਈ ਦੇ ਪਿੰਡ ਨੂੰ ਲੱਗਦੇ ਥਾਣੇ ਦੀ ਪੁਲਿਸ ਦੂਜੇ ਦਿਨ ਹੀ ਆ ਧਮਕੀ। ਉਹ ਤਿੰਨਾਂ ਨੂੰ ਫੜ ਕੇ ਪੰਜਾਬ ਲੈ ਗਏ।

ਲਖਮੀ ਰਾਮ 'ਤੇ ਉਧਾਲੇ ਦਾ ਕੇਸ ਪੈ ਗਿਆ। ਉਹ ਨੂੰ ਸਜ਼ਾ ਹੋਈ। ਨਣਦ-ਭਰਜਾਈ ਜਦੋਂ ਪਿੰਡ ਛੱਡੀਆਂ ਗਈਆਂ, ਉਨ੍ਹਾਂ ਦਾ ਉੱਥੇ ਕੋਈ ਨਹੀਂ ਸੀ। ਸੁਖਦੇਵ ਛੇ ਮਹੀਨੇ ਪਹਿਲਾਂ ਸਲਫਾਸ ਖਾ ਕੇ ਮਰ ਗਿਆ ਸੀ। ਪਿੰਡ ਵਾਲਿਆਂ ਨੇ ਸੀਤੋ 'ਤੇ ਤਰਸ ਕੀਤਾ ਤੇ ਉਹ ਨੂੰ ਸੁਖਦੇਵ ਵਾਲੇ ਘਰ ਵਿੱਚ ਬਿਠਾ ਦਿੱਤਾ। ਗੇਲੋ ਉਸ ਪਿੰਡ ਨਹੀਂ ਟਿਕੀ। ਆਪਣੇ ਪੇਕਿਆਂ ਦੇ ਘਰ ਚਲੀ ਗਈ। ਕਹਿੰਦੀ ਸੀ ਕਿ ਉਹ ਲਖਮੀ ਦਾ ਬੱਚਾ ਜੰਮੇਗੀ। ਜਦੋਂ ਉਹ ਜੇਲ੍ਹ ਵਿੱਚੋਂ ਬਾਹਰ ਆਇਆ, ਉਹਦੇ ਘਰ ਜਾ ਕੇ ਹੀ ਵੱਸੇਗੀ। ♦

# ਚਿੱਟੀ ਕਬੂਤਰੀ

ਅਗਵਾੜ ਦੀ ਸੱਥ ਵਿੱਚ ਪਿੱਪਲ ਥੱਲੇ ਤਖ਼ਤਪੋਸ਼ ’ਤੇ ਉਹ ਚੁੱਪ-ਚਾਪ ਬੈਠਾ ਸੀ-ਇਕੱਲਾ। ਸਿਰ ਗੋਡਿਆਂ ਵਿਚਕਾਰ ਦਿੱਤਾ ਅਤੇ ਸੋਟੀ ਦਾ ਸਿਰਾ ਮੱਥੇ ਨਾਲ ਲਾਇਆ ਹੋਇਆ ਸੀ। ਸੋਟੀ ਦੋਵੇਂ ਹੱਥਾਂ ਨਾਲ ਇੱਕੋ ਥਾਂ ਤੋਂ ਫੜੀ ਹੋਈ ਸੀ। ਉਹ ਸੱਜੇ ਹੱਥ ਦੀ ਇੱਕ ਉਂਗਲ ਕਦੇ-ਕਦੇ ਹਿਲਦੀ ਜਿਵੇਂ ਕੋਈ ਤੂੰਬੇ ਦੀ ਢਿੱਲੀ ਤਾਰ ਨੂੰ ਟੁਣਕਾ ਕੇ ਵੇਖਦਾ ਹੋਵੇ। ਲੱਗਦਾ ਸੀ, ਉਹ ਖ਼ੂਹ ਵਿੱਚ ਬਹੁਤ ਗਹਿਰਾ ਉਤਰ ਗਿਆ ਹੈ। ਕਦੋਂ ਬਾਹਰ ਆ ਸਕੇਗਾ, ਕੋਈ ਪਤਾ ਨਹੀਂ ਸੀ। ਜੀਅ ਕੀਤਾ, ਉਹ ਨੂੰ ਛੇੜਾਂ ਨਾ। ਇਹ ਵੀ ਕਿਵੇਂ ਹੋ ਸਕਦਾ ਸੀ ਕਿ ਮੈਂ ਉਨ੍ਹਾਂ ਦੇ ਪਿੰਡ ਆਇਆ ਹੋਵਾਂ ਅਤੇ ਉਹ ਸਾਹਮਣੇ ਬੈਠਾ ਹੋਵੇ, ਮੈਂ ਉਹ ਨੂੰ ਬੁਲਾਵਾਂ ਤੱਕ ਵੀ ਨਾ। ਧੀਮੀ ਅਵਾਜ਼ ਵਿੱਚ ਮੈਂ ਉਹ ਦਾ ਨਾ ਲਿਆ, ‘ਛੋਟੂ!’

ਉਹ ਨੇ ਹੌਲੀ-ਹੌਲੀ ਆਪਣਾ ਸਿਰ ਗੋਡਿਆਂ ਵਿੱਚੋਂ ਬਾਹਰ ਕੱਢਿਆ, ਜਿਵੇਂ ਕੱਛੂ ਦਾਤੀ ਕੱਢਦਾ ਹੋਵੇ। ਬੋਲਿਆ, ‘ਕਿਹੜਾ ਸਰੀਰ ਐ?’

‘ਸਿਆਣਿਆ ਨ੍ਹੀਂ? ਮੈਂ ਬਿੱਕਰ ਆਂ। ਨੰਬਰਦਾਰ.....’

‘ਅੱਛਾ-ਅੱਛਾ, ਦੋਹਤ ਸੂੰ। ਕੀ ਹਾਲ ਐ ਭਾਣਜਿਆ?’ ਉਹ ਸਮਝ ਗਿਆ।

‘ਕਿਵੇਂ ਪਾਥੀ ਜ੍ਹੀ ਬਣਿਆ ਬੈਠੈਂ?’ ਮੈਂ ਪੁੱਛਿਆ।

ਉਮੀਦ ਸੀ, ਉਹ ਬੜ੍ਹਕ ਕੇ ਕੋਈ ਤਿੱਖਾ ਜਵਾਬ ਦੇਵੇਗਾ, ਪਰ ਉਹ ਬਿਮਾਰਾਂ ਵਾਂਗ ਬੋਲਿਆ, ‘ਚਿੱਤ ਕੁਛ ਰਾਜੀ ਨ੍ਹੀਂ ਰਹਿੰਦਾ, ਬਿੱਕਰ ਸਿਆਂ।’ ਫੇਰ ਉਹ ਹੌਲੀ-ਹੌਲੀ ਉੱਠਿਆ, ਕਰਦੇ ਆਂ ਗੱਲਾਂ। ਨਾਲੇ ਚਾਹ ਪੀਵਾਂਗੇ। ਕਿੰਨੇ ਚਿਰ ਪਿੱਛੋਂ ਆਇਐਂ।’ ਉਹ ਮੇਰੇ ਮੂਹਰੇ ਹੋ ਤੁਰਿਆ। ਉਹ ਦੀ ਚਾਲ ਵਿੱਚ ਉਹ ਮੜਕ ਨਹੀਂ ਸੀ। ਪਹਿਲਾਂ ਤਾਂ ਉਹ ਤੁਰਦਾ ਹੁੰਦਾ, ਜਿਵੇਂ ਅੰਨ੍ਹਾ ਹੋਵੇ ਹੀ ਨਾ। ਹਿੱਕ ਕੱਢ ਕੇ ਤੁਰਦਾ। ਉਹ ਦੇ ਪੈਰਾਂ ਥੱਲੇ ਅੱਗ ਮਚਦੀ ਹੁੰਦੀ। ਸੋਟੀ ਪੈਰਾਂ ਵਿੱਚ ਅੜ੍ਹਕ-ਅੜ੍ਹਕ ਜਾਂਦੀ। ਸੋਟੀ ਨਾਲੋਂ ਆ ਕਾਹਲਾ। ਪਰ ਅੱਜ ਉਹ ਗੱਲ ਨਹੀਂ ਸੀ। ਸੋਟੀ ਜਿਵੇਂ ਰਾਹ ਲੱਭਦੀ ਹੋਵੇ। ਮੈਂ ਉਹ ਨੂੰ ਆਪਣਾ ਹੱਥ ਫੜਾ ਕੇ ਤੁਰਨਾ ਚਾਹਿਆ, ਪਰ ਰੁਕ ਗਿਆ। ਸੋਚਿਆ, ਇਹ ਉਹ ਦੀ ਹੱਤਕ ਹੈ। ਉਹ ਨੇ ਕਿਸੇ ਦਾ ਸਹਾਰਾ ਕਦੇ ਨਹੀਂ ਤੱਕਿਆ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਅਸੀਂ ਉਨ੍ਹਾਂ ਦੇ ਬਾਹਰਲੇ ਘਰ ਦਰਵਾਜ਼ੇ ਵਿੱਚ ਆ ਬੈਠੇ। ਖੁੱਲ੍ਹਾ ਦਰਵਾਜ਼ਾ, ਜਿਵੇਂ ਸਾਰਾ ਵਿਹੜਾ ਛੱਤਿਆ ਪਿਆ ਹੋਵੇ।

ਉਹ ਦਾ ਤਖ਼ਤਪੋਸ਼ ਉੱਥੇ ਹੀ ਸੀ। ਬਿਸਤਰਾ ਇਕੱਠਾ ਕਰਕੇ ਸਿਰਹਾਣੇ ਰੱਖਿਆ ਹੋਇਆ ਸੀ। ਪਹਿਲਾਂ ਬਿਸਤਰਾ ਹਮੇਸ਼ਾ ਵਿਛਿਆ ਰਹਿੰਦਾ। ਅਸੀਂ ਨੰਗੇ ਤਖ਼ਤਪੋਸ਼ ’ਤੇ

ਬੈਠੇ ਸਾਂ। ਤਖ਼ਤਪੋਸ਼ ਦੇ ਹੇਠਾਂ ਅਤੇ ਆਲੇ-ਦੁਆਲੇ ਚੱਪਣਾਂ ਨਾਲ ਢਕੇ ਤੌੜੇ ਅਤੇ ਤਪਲੇ-ਕੁੱਜੇ ਓਵੇਂ ਸਨ। ਕੁਝ ਕੱਪੜਿਆਂ ਨਾਲ ਬੰਨ੍ਹੇ ਹੋਏ ਸਨ। ਇੱਕ ਖੂੰਜੇ ਸੁੱਕੀਆਂ ਲੱਕੜਾਂ ਦਾ ਢੇਰ ਸੀ ਤੇ ਪਾਥੀਆਂ ਅਤੇ ਇੱਕ ਪਾਸੇ ਤੂੜੀ ਦੀ ਢਿੱਗ ਉਸਰੀ ਖੜ੍ਹੀ ਸੀ। ਇੱਕ ਥਮਲੇ ਨਾਲ ਦੋ ਮੰਜੇ ਖੜ੍ਹੇ ਕੀਤੇ ਹੋਏ।

'ਹੁਣ ਕਿੰਨੇ ਕਬੂਤਰ ਨੇ ਕੋਠੇ 'ਚ?' ਮੈਂ ਉਹ ਨੂੰ ਸੁਭਾਇਕੀ ਪੁੱਛਿਆ।

ਉਹ ਬੋਲਿਆ ਨਹੀਂ। ਜਿਵੇਂ ਉਹ ਨੂੰ ਸੁਣਿਆ ਨਾ ਹੋਵੇ। ਸੁੱਕੇ ਥੁੱਕ ਦੀ ਘੁੱਟ ਅੰਦਰ ਲੰਘਦੀ ਦਾ ਉਦੋਂ ਹੀ ਪਤਾ ਲੱਗਿਆ, ਜਦੋਂ ਮੈਂ ਉਸ ਦਾ ਜਵਾਬ ਸੁਣਨ ਲਈ ਉਹ ਦੇ ਵੱਲ ਮੂੰਹ ਕੀਤਾ ਤੇ ਉਹ ਦੀ ਸੰਘੀ ਦਾ ਘੰਡ ਥੋੜ੍ਹਾ ਜਿਹਾ ਉਤਾਂਹ ਉੱਠ ਕੇ ਫੇਰ ਆਪਣੀ ਥਾਂ 'ਤੇ ਥੱਲੇ ਆ ਗਿਆ। ਉਹ ਦੀਆਂ ਬੇਜਾਨ ਅੱਖਾਂ ਵਿੱਚ ਸਿੱਲ੍ਹ ਉਤਰ ਆਈ ਸੀ। ਉਹ ਨੂੰ ਉੱਥੇ ਹੀ ਬੈਠਾ ਛੱਡ ਕੇ ਮੈਂ ਅਗਾਂਹ ਵਿਹੜੇ ਵਿੱਚ ਗਿਆ। ਕਬੂਤਰਾਂ ਵਾਲਾ ਕੋਠਾ ਵਿਹੜੇ ਵਿੱਚ ਹੀ ਸੀ। ਇਹ ਕੋਠਾ ਉਨ੍ਹਾਂ ਨੇ ਕਦੇ ਤੂੜੀ ਰੱਖਣ ਵਾਸਤੇ ਬਣਾਇਆ ਹੋਵੇਗਾ।

ਕੋਠੇ ਦਾ ਬਾਰ ਖੁੱਲ੍ਹਾ ਪਿਆ ਸੀ। ਅੰਦਰੋਂ ਕੋਠਾ ਭਾਂ-ਭਾਂ ਕਰਦਾ ਹੋਵੇ, ਜਿਵੇਂ ਕਿਧਰੇ ਇੱਕ ਵੀ ਕਬੂਤਰ ਨਹੀਂ ਸੀ। ਕਬੂਤਰਾਂ ਦੇ ਘਰਾਂ ਵਿੱਚ ਵਿੱਠਾਂ ਸਨ ਬੱਸ। ਪਾਣੀ ਵਾਲੇ ਕੂੰਡੇ ਸੁੱਕੇ ਪਏ ਸਨ। ਛੱਤ ਤੇ ਸ਼ਤੀਰਾਂ ਨਾਲ ਲਮਕਦੀਆਂ ਰੱਸੀਆਂ ਟੁੱਟੀਆਂ ਹੋਈਆਂ ਸਨ। ਇਨ੍ਹਾਂ ਰੱਸੀਆਂ ਨਾਲ ਡੰਡੇ ਬੰਨ੍ਹੇ ਹੁੰਦੇ। ਡੰਡਿਆਂ 'ਤੇ ਕਬੂਤਰ ਉਡਾਰੀ ਮਾਰ ਕੇ ਬੈਠਦੇ।

ਪਹਿਲੀ ਵਾਰ ਜਦੋਂ ਮੈਂ ਛੋਟੂ ਕੋਲ ਆਇਆ, ਮੇਰੇ ਨਾਲ ਇੱਕ ਹੋਰ ਮੁੰਡਾ ਸੀ। ਮੇਰਾ ਕਾਲਜ ਸਾਥੀ, ਗੁਰਜੰਟ। ਉਨ੍ਹਾਂ ਦਿਨਾਂ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਨ।

ਸਾਡੇ ਪਿੰਡ ਦਾ ਇੱਕ ਅਜ਼ਾਦੀ ਘੁਲਾਟੀਆ ਉਮੀਦਵਾਰ ਸੀ। ਉਹ ਨੇ ਮੈਨੂੰ ਇਸ ਪਿੰਡ ਮਾਮੇ ਕੋਲ ਭੇਜਿਆ ਸੀ। ਮਾਮਾ ਨੰਬਰਦਾਰ ਸੀ ਤੇ ਸਰਪੰਚ ਵੀ। ਉਹ ਮੰਨੀ ਦੰਨੀ ਦਾ ਬੰਦਾ ਸੀ। ਪਿੰਡ ਵਿੱਚ ਉਹ ਦਾ ਪੂਰਾ ਰਸੂਖ਼ ਸੀ। ਲੱਗਭਗ ਸਾਰਾ ਪਿੰਡ ਉਹ ਨੂੰ ਪੁੱਛ ਕੇ ਗੱਲ ਕਰਦਾ। ਵੋਟਾਂ ਪੈਂਦੀਆਂ ਤਾਂ ਪਿੰਡ ਉਹ ਦੇ ਮਗਰ ਹੁੰਦਾ।

ਮਾਮੇ ਨਾਲ ਗੱਲ ਮੁਕਾ ਕੇ ਅਸੀਂ ਹੋਰ ਗੱਲਾਂ ਕਰਨ ਲੱਗੇ। ਪਤਾ ਨਹੀਂ ਕਿਵੇਂ ਗੁਰਜੰਟ ਨੇ ਕਬੂਤਰਾਂ ਦੀ ਗੱਲ ਛੇੜ ਲਈ। ਅਸਲ ਵਿੱਚ ਉਹ ਦਾ ਤਾਇਆ ਕਬੂਤਰਬਾਜ਼ ਸੀ। ਉਹ ਦੀ ਉਮਰ ਸੱਠਾਂ ਤੋਂ ਉੱਤੇ ਹੋ ਚੁੱਕੀ ਸੀ। ਪਰ ਘਰ ਵਿੱਚ ਅਜੇ ਵੀ ਕਬੂਤਰਾਂ ਦਾ ਖੁੱਡਾ ਜਿਉਂ ਦਾ ਤਿਉਂ ਕਾਇਮ ਸੀ। ਉਨ੍ਹਾਂ ਦੇ ਚੁੱਲ੍ਹੇ 'ਤੇ ਹੀ ਸੀ। ਜੁਆਕ ਚਾਹੇ ਪੈਰੋਂ ਨੰਗੇ ਫਿਰਦੇ ਰਹਿਣ, ਤਾਇਆ ਕਬੂਤਰਾਂ ਨੂੰ ਬਦਾਮਾਂ ਦੀਆਂ ਗਿਰੀਆਂ ਜ਼ਰੂਰ ਚਾਰਦਾ। ਬੀਜਣ ਨੂੰ ਰੱਖੀ ਕਣਕ ਦੀ ਬੋਰੀ ਵਿੱਚੋਂ ਕਬੂਤਰਾਂ ਦੇ ਚੋਗੇ ਲਈ ਝੋਲੀ ਭਰ ਲਿਜਾਂਦਾ। ਬੇਬੇ ਨੇ ਉਹ ਦਾ ਖੁੱਡਾ ਕਈ ਵਾਰ ਢਾਹਿਆ ਸੀ, ਪਰ ਤਾਇਆ ਓਸੇ ਥਾਂ ਫੇਰ ਨਵਾਂ ਖੁੱਡਾ ਉਸਾਰ ਲੈਂਦਾ।

'ਓਏ ਭਾਈ, ਛੜਿਆਂ ਦੇ ਇਹ ਸਾਰੇ ਚੋਜ ਜ਼ਮੀਨਾਂ ਕਰਕੇ ਨੇ। ਐਥੇ ਵੀ ਹੈਗਾ ਇੱਕ ਸਾਡੇ ਪਿੰਡ ਛੋਟੂ ਅੰਨ੍ਹਾਂ।' ਮਾਮੇ ਨੇ ਹਾਸੇ ਵਿੱਚ ਹਾਸਾ ਰਲਾ ਦਿੱਤਾ। ਦੱਸਿਆ ਕਿ

ਉਨ੍ਹਾਂ ਦੇ ਘਰ ਖੁੱਡਾ ਨਹੀਂ, ਕੋਠਾ ਐ ਕਬੂਤਰਾਂ ਦਾ। ਤੇਰੇ ਤਾਏ ਕੋਲ ਤਾਂ ਅੱਠ-ਦਸ ਹੋਣਗੇ, ਇਹ ਦੇ ਕੋਲ ਪੂਰਾ ਸੌ ਹੋਣੈ ਕਬੂਤਰ।' ਅਤੇ ਫਿਰ ਤੋੜਾ ਝਾੜਿਆ, 'ਚਾਰ ਭਾਈ ਨੇ, ਪੰਜਾਹ ਕਿੱਲੇ ਜ਼ਮੀਨ ਐ, ਸਾਢੇ ਬਾਰਾਂ ਆਉਂਦੀ ਐ ਅੰਨ੍ਹੇ ਨੂੰ। ਵੱਡੇ ਤਿੰਨ ਵਿਆਹੇ ਵਰੇ ਨੇ, ਕਬੀਲਦਾਰ ਨੇ ਅੰਨ੍ਹਾ ਜ਼ਮੀਨ ਦੀ ਧੌਂਸ 'ਤੇ ਚਾਹੇ ਕਬੂਤਰ ਰੱਖੇ, ਮੋਰ ਰੱਖੇ, ਕੁੱਕੜ ਰੱਖੇ, ਚੂਹੇ ਰੱਖੇ। ਉਹ ਨੂੰ ਕੋਈ ਹਟਾ ਨ੍ਹੀਂ ਸਕਦਾ।'

'ਅੰਨ੍ਹਾ ਤੇ ਕਬੂਤਰਾਂ ਦਾ ਸ਼ੌਕ?' ਸਾਡੇ ਵਿੱਚ ਹੈਰਾਨੀ ਜਾਗੀ। ਫੇਰ ਅਸੀਂ ਉਨ੍ਹਾਂ ਦਾ ਘਰ ਪੁੱਛ ਕੇ ਛੋਟੂ ਕੋਲ ਗਏ ਸਾਂ।

ਦਰਵਾਜ਼ੇ ਵਿੱਚ ਇਕੱਲਾ ਬੈਠਾ ਉਹ ਹੀਰ ਗਾਈ ਜਾਵੇ। ਸਾਡੀ ਪੈੜ ਚਾਲ ਸੁਣ ਕੇ ਉਹ ਚੁੱਪ ਹੋ ਗਿਆ। ਸਾਡੇ ਵੱਲ ਕੰਨ ਚੁੱਕੇ। ਉਹ ਦੇ ਕੰਨ ਹੀ ਉਹ ਦੀਆਂ ਅੱਖਾਂ ਸਨ। ਬੋਲਿਆ, 'ਆ ਜੋ ਭਾਈ, ਆਓ ਬੈਠੋ।'

ਆਥਣ ਵੇਲਾ ਸੀ। ਸਿਆਲਾਂ ਦੇ ਦਿਨ। ਅਸੀਂ ਮੁੜਨਾ ਵੀ ਸੀ। ਗੁਰਜੰਟ ਉਹ ਦਾ ਕੋਠਾ ਦੇਖਣਾ ਚਾਹੁੰਦਾ ਸੀ। ਮੈਂ ਛੋਟੂ ਨੂੰ ਦੱਸਿਆ ਕਿ ਇਹ ਮੁੰਡਾ ਮੇਰਾ ਦੋਸਤ ਹੈ। ਇਨ੍ਹਾਂ ਦੇ ਘਰ ਵੀ ਕਬੂਤਰ ਨੇ, ਇਹ ਦੇ ਤਾਏ ਦੇ ਰੱਖੇ ਹੋਏ। ਛੋਟੂ ਕਿਸੇ ਕਾਹਲ ਵਿੱਚ ਲੱਗਦਾ ਸੀ। ਕਾਹਲ ਨੂੰ ਮੁਕਾਉਣ ਲਈ ਸ਼ਾਇਦ ਉਹ ਹੀਰ ਗਾ ਰਿਹਾ ਹੋਵੇ। ਉਹ ਤਖ਼ਤਪੋਸ਼ ਤੋਂ ਉੱਠਿਆ ਨਹੀਂ।

ਆਖਿਆ, 'ਗਾਹਾਂ ਲੰਘ ਜੋ, ਬਾਰ ਦਾ ਕੁੰਡਾ ਖੋਲ੍ਹ ਕੇ ਦੇਖ ਲੋ ਕਬੂਤਰ। ਬਾਹਰੋਂ ਈ ਦੇਖਿਓ ਅੰਦਰ ਨਾ ਜਾਇਓ। ਅੰਦਰ ਗਏ ਤਾਂ ਕਿਸੇ ਕਬੂਤਰ ਨੇ ਬਾਹਰ ਉਡਾਰੀ ਮਾਰ ਜਾਣੀ ਐ।'

ਤਖ਼ਤਪੋਸ਼ 'ਤੇ ਪਸਰ ਬੈਠਾ ਉਹ ਕੋਈ ਪਹਿਲਵਾਨ ਦਿੱਸਦਾ ਸੀ। ਭਰਵਾਂ ਸਰੀਰ ਸੀ। ਮਲਗਰਦਨੀ ਖੁੱਲ੍ਹਾ ਕੁੜਤਾ ਤੇ ਤੇੜ ਚਾਦਰਾ। ਪੈਰੀਂ ਮੋਡੀ ਜੁੱਤੀ। ਕੁੜਤੇ ਉੱਤੋਂ ਦੀ ਘਰ ਦੇ ਬੁਣੇ ਹੋਏ ਮੋਟੇ ਖੱਦਰ ਦੀ ਜਾਕਟ। ਮੂੰਹ-ਸਿਰ ਬੰਨ੍ਹਿਆ ਹੋਇਆ ਸੀ। ਸਿਰ ਨੂੰ ਚਾਰਖ਼ਾਨੇ ਦਾ ਦੁਪੱਟਾ ਵਲ੍ਹੇਟਿਆ ਹੋਇਆ ਸੀ। ਅਵਾਜ਼ ਵਿੱਚ ਪੂਰਾ ਗੜ੍ਹਕਾ ਸੀ।

'ਜਾਓ, ਉੱਠੋ ਫੇਰ। ਮੈਂ ਜਾਣੈ ਕਿਧਰੇ।' ਉਹ ਰੁੱਖਾ ਬੋਲਿਆ।

ਅਸੀਂ ਖੜ੍ਹੇ ਹੋਣ ਹੀ ਲੱਗੇ ਸੀ ਕਿ ਦਰਵਾਜ਼ੇ ਦੇ ਬਾਹਰ ਵਿੱਚ ਹਨੇਰੀ ਵਾਂਗ ਕੋਈ ਆਇਆ ਤੇ ਹਾਕ ਮਾਰੀ, 'ਵੇ ਛੋਟੂ!' ਜ਼ਨਾਨੀ ਦੀ ਅਵਾਜ਼ ਸੀ। ਅਸੀਂ ਉਹ ਦੇ ਵੱਲ ਮੂੰਹ ਚੁੱਕੇ ਤਾਂ ਉਹ ਠਠੰਬਰ ਗਈ। ਘਬਰਾਹਟ ਜਿਹੀ ਵਿੱਚ ਚੁੰਨੀ ਦਾ ਪੱਲਾ ਸਾਡੇ ਅੱਗੇ ਖੋਲ੍ਹ ਕੇ ਬੋਲੀ, 'ਵੀਰਾ,ਦਾਣੇ!' ਮੱਕੀ ਦੇ ਮੁਰਮੁਰੇ ਸਨ, ਅਸੀਂ ਦੋਵਾਂ ਨੇ ਅੱਧੀ-ਅੱਧੀ ਮੁੱਠੀ ਭਰ ਲਈ। ਕੁੜੀ ਦੇ ਮੂੰਹ ਵੱਲ ਝਾਕ ਰਹੀ ਸੀ। ਬਾਕੀ ਸਾਰੇ ਮੁਰਮੁਰੇ ਉਹ ਨੇ ਤਖ਼ਤਪੋਸ਼ 'ਤੇ ਢੇਰੀ ਕਰ ਦਿੱਤੇ ਸਨ। ਕੁੜੀ ਦੀਆਂ ਮੋਟੀਆਂ-ਮੋਟੀਆਂ ਕਾਲੀਆਂ ਅੱਖਾਂ ਮਿਸ਼ਾਲਾਂ ਵਾਂਗ ਬਲਦੀਆਂ ਸਨ। ਰੰਗ ਮੁਸ਼ਕੀ ਤੇ ਚਿਹਰਾ ਲੰਬੂਤਰਾ ਸੀ। ਤਿੰਨੇ ਕੱਪੜੇ ਚਿੱਟੇ-ਧੋਤੇ ਤੇ ਨੀਲਵੜੀ ਦੀ ਬੇਮਲੂਮੀ ਝਲਕ। ਕੰਨਾਂ ਵਿੱਚ ਚਾਂਦੀ ਦੀਆਂ ਬਾਲੀਆਂ ਸਨ। ਉਮਰ ਦੀ ਪਕਰੋੜ ਦਿੱਸਦੀ ਸੀ।

ਜਾਣ ਲੱਗੀ ਤਾਂ ਛੋਟੂ ਘਬਰਾ ਕੇ ਬੋਲਿਆ, 'ਸੀਬੋ, ਇਹ ਮੁੰਡੇ ਤਾਂ...' ਉਹ ਦਰਵਾਜ਼ਾ ਛੱਡ ਚੁੱਕੀ ਸੀ। ਉਹ ਦੀਆਂ ਬੇਜਾਨ ਖੁੱਲ੍ਹੀਆਂ ਅੱਖਾਂ ਮੱਚ-ਬੁਝ ਰਹੀਆਂ

ਸਨ। ਤਖ਼ਤਪੋਸ਼ ’ਤੇ ਪਏ ਮੁਰਮੁਰੇ ਠੰਡੇ ਹੋ ਗਏ ਸਨ ਤੇ ਫੇਰ ਉਹ ਨੇ ਹੌਲੀ–ਹੌਲੀ ਦਾਣੇ ਜਾਕਟ ਦੀ ਜੇਬ੍ਹ ਵਿੱਚ ਪਾਏ ਅਤੇ ਖੜ੍ਹਾ ਹੋ ਗਿਆ। ਟੋਹ ਕੇ ਸੋਟੀ ਚੁੱਕੀ । ਕਹਿੰਦਾ, ‘ਆਓ ਫੇਰ, ਦਿਖਾਵਾਂ ਕਬੂਤਰ ਥੋਨੂੰ।’ ਉਹ ਸੁਜਾਖਿਆਂ ਵਾਂਗ ਛੇਤੀ–ਛੇਤੀ ਤੁਰ ਕੇ ਬਿਨਾਂ ਕਿਸੇ ਰੁਕਾਵਟ ਕੋਠੇ ਅੱਗੇ ਜਾ ਖੜ੍ਹਾ। ਕੁੰਡਾ ਖੋਲ੍ਹ ਕੇ ਅੰਦਰ ਹੋਇਆ ਤਾਂ ਅਸੀਂ ਦੇਖਿਆ, ਕਬੂਤਰਾਂ ਦੀ ਪੂਰੀ ਦੁਨੀਆ ਵਸੀ ਹੋਈ ਸੀ। ਛੋਟੂ ਨੂੰ ਆਇਆ ਦੇਖ ਕੇ ਉਹ ਗੁਟਕਣ ਲੱਗੇ। ਇੱਕ ਚਿੱਟੀ ਕਬੂਤਰੀ ਆਪਣੇ ਖਾਨੇ ਵਿੱਚੋਂ ਨਿਕਲ ਕੇ ਪਹਿਲਾਂ ਛਾਂ ਛੱਤ ਨਾਲ ਲਟਕਦੇ ਡੰਡੇ ਉੱਤੇ ਗਈ, ਫੇਰ ਛੋਟੂ ਦੇ ਸਿਰ ’ਤੇ ਆ ਬੈਠੀ। ਉਹ ਨੇ ਹੌਲੀ–ਹੌਲੀ ਇੱਕ ਹੱਥ ਕੰਨ ਤੱਕ ਲਿਜਾ ਕੇ ਕਬੂਤਰੀ ਨੂੰ ਗੜੱਪ ਦੇ ਕੇ ਫੜ ਲਿਆ ਤੇ ਫਿਰ ਦੋਵਾਂ ਹੱਥਾਂ ਵਿੱਚ ਲੈ ਕੇ ਉਹ ਨੂੰ ਚੁੰਮਣ ਲੱਗਿਆ, ਉਹ ਦੀਆਂ ਵਾਗੀਆਂ ਲਈਆਂ ਆਖ ਰਿਹਾ ਸੀ, ‘ਇਹ ਤਾਂ ਰਾਣੀ ਐ ਮੇਰੀ। ਜਦੋਂ ਵੀ ਮੈਂ ਕੋਠੇ ਅੰਦਰ ਵੜਾਂ, ਉਹ ਉਡ ਕੇ ਆ ਕੇ ਮੇਰੇ ਸਿਰ ’ਤੇ ਬੈਠੂ। ਬਾਹਲਾ ਮੋਹ ਕਰਦੀ ਐ ਚੰਦਰੀ। ਸਾਰਦੀ ਨ੍ਹੀਂ।’

ਕੋਠੇ ਵਿੱਚ ਤਿੰਨਾਂ ਕੰਧਾਂ ਨਾਲ ਧਰਤੀ ਤੋਂ ਆਦਮੀ ਦੇ ਸਿਰ ਜਿੰਨੀਆਂ ਉੱਚੀਆਂ ਚਾਹ ਵਾਲੀਆਂ ਪੇਟੀਆਂ ਜੜੀਆਂ ਹੋਈਆਂ ਸਨ, ਵਿੱਚ ਕਿੱਲੀਆਂ ਠੋਕ ਕੇ। ਛੋਟੂ ਦਾ ਇੱਕ ਭਤੀਜਾ ਆਥਣ ਉੱਗਣ ਉਹ ਦੀ ਮਦਦ ਕਰਦਾ।

ਕੂੰਡਿਆਂ ਵਿੱਚ ਨਿੱਤ ਨਵਾਂ ਪਾਣੀ ਭਰ ਦਿੰਦਾ। ਧਰਤੀ ’ਤੇ ਦਾਣਿਆਂ ਦੀਆਂ ਲੱਪਾਂ ਸੁੱਟ ਦਿੰਦਾ। ਜਾਨਵਰ ਆਪਣੇ ਘਰਾਂ ਵਿੱਚੋਂ ਥੱਲੇ ਉਤਰ ਕੇ ਦਾਣੇ ਚੁਗਦੇ। ਛੋਟੂ ਕਬੂਤਰਾਂ ਦੀਆਂ ‘ਸ਼ਰਤਾਂ’ ’ਤੇ ਵੀ ਜਾਂਦਾ। ਸਗੋਂ ਸ਼ਰਤ ਵਿੱਚ ਆਪਣਾ ਕਬੂਤਰ ਵੀ ਛੱਡਦਾ। ਜਿਸ ਕਬੂਤਰ ਨੂੰ ਛੱਡਣਾ ਹੁੰਦਾ, ਉਹ ਨੂੰ ਦੋ–ਦੋ ਮਹੀਨੇ ਪਹਿਲਾਂ ਬਦਾਮ ਖਵਾਉਂਦਾ। ਹੋਰ ਤਾਕਤਵਰ ਚੀਜ਼ਾਂ ਵੀ ਦਿੰਦਾ। ਉਹ ਨੂੰ ਆਪਣੇ ਸਾਰੇ ਕਬੂਤਰ–ਕਬੂਤਰੀਆਂ ਦੀ ਪਛਾਣ ਸੀ। ਹੱਥਾਂ ਵਿੱਚ ਲੈ ਕੇ ਦੱਸ ਦਿੰਦਾ, ਇਹ ਕਬੂਤਰ ਹੈ ਕਿ ਕਬੂਤਰੀ। ਕਿਹੜਾ ਜਾਨਵਰ ਕਾਲੇ ਰੰਗ ਦਾ ਹੈ ਤੇ ਕਿਹੜਾ ਚਿੱਟਾ। ਉਹ ਨੂੰ ਇਹ ਵੀ ਪਤਾ ਹੰਦਾ ਕਿ ਕਿਹੜਾ ਕਬੂਤਰ ਕਿੱਥੋਂ ਲਿਆਂਦਾ ਸੀ। ਕਬੂਤਰੀਆਂ ਆਂਡਿਆਂ ਤੇ ’ਤੇ ਬੈਠੀਆਂ ਹੁੰਦੀਆਂ ਤਾਂ ਭਤੀਜੇ ਨੂੰ ਕਹਿ ਕੇ ਉਨ੍ਹਾਂ ਦੀ ਖ਼ਾਸ ਸੇਵਾ ਕਰਵਾਉਂਦਾ, ਜਿਵੇਂ ਘਰ ਵਿੱਚ ਜੱਚਾ ਮਾਂ ਦੀ ਸੇਵਾ ਸੰਭਾਲ ਕੀਤੀ ਜਾਂਦੀ ਹੈ। ਮਾਮੇ ਦੀ ਗੱਲ ਸੱਚ ਸੀ, ਕੋਠੇ ਵਿੱਚ ਸੌ ਨਹੀਂ ਤਾਂ ਅੱਸੀ–ਨੱਬੇ ਕਬੂਤਰ–ਕਬੂਤਰੀਆਂ ਜ਼ਰੂਰ ਸਨ। ਚਿੱਟੀ ਕਬੂਤਰੀ ਨੂੰ ਕੁੜਤੇ ਦੀ ਝੋਲੀ ਵਿੱਚ ਪਾ ਕੇ ਉਹ ਦੇਹਲੀ ’ਤੇ ਬੈਠ ਗਿਆ ਅਤੇ ਸਾਨੂੰ ਗੱਲਾਂ ਦੱਸਦਾ ਰਿਹਾ। ਉਹ ਦਾ ਭਤੀਜਾ ਵੀ ਕਿਧਰੋਂ ਕੋਲ ਆ ਖੜ੍ਹਾ। ਉਹ ਨੂੰ ਕਹਿ ਕੇ ਛੋਟੂ ਨੇ ਸਾਡੀ ਖ਼ਾਤਰ ਚਾਹ ਦਾ ਡੋਲੂ ਵੀ ਮੰਗਵਾਇਆ। ਬਾਰ ਦੇ ਤਖ਼ਤੇ ਬੰਦ ਕਰਨ ਤੋਂ ਪਹਿਲਾਂ ਉਹ ਨੇ ਝੋਲੀ ਵਿੱਚੋਂ ਚਿੱਟੀ ਕਬੂਤਰੀ ਅੰਦਰ ਉਡਾ ਦਿੱਤੀ। ਕਹਿੰਦਾ, ‘ਜਾਹ ਬਈ, ਮੌਜ ਕਰ।’

ਫੇਰ ਜਦੋਂ ਵੀ ਕਦੇ ਮੈਂ ਨਾਨਕੀਂ ਜਾਂਦਾ, ਮਾਮੇ ਤੋਂ ਛੋਟੂ ਦਾ ਹਾਲ–ਚਾਲ ਪੁੱਛਦਾ। ਮੁੜਨ ਦੀ ਬਹੁਤੀ ਤੱਦੀ ਨਾ ਹੁੰਦੀ ਤਾਂ ਆਪ ਉਹ ਦੇ ਕੋਲ ਚਲਿਆ ਜਾਂਦਾ। ਛੋਟੂ ਅੰਦਰਲੇ ਘਰੋਂ ਚਾਹ ਮੰਗਵਾਉਂਦਾ। ਉਹ ਕਬੂਤਰਾਂ ਦੀਆਂ ਗੱਲਾਂ ਕਰਦਾ। ਮੈਥੋਂ ਪੁੱਛਦਾ, ‘ਕੀ ਲਿਖਦੈ ਤੇਰਾ ਖ਼ਬਾਰ?’ ਜਾਂ ਪੁੱਛਦਾ, ‘ਰੇਡੀਆ ਕੀ ਬੋਲਦੈ ਹੁਣ,’ ਉਹ ਨੂੰ ਬੜਾ

ਅਚੰਭਾ ਸੀ, ਅਖੇ ਹੁਣ ਤਾਂ ਨਵਾਂ ਈ ਰੇੜੀਆ ਆ ਗਿਆ ਕੋਈ। ਵਿੱਚ ਬੋਲਣ ਵਾਲੇ ਦੀ ਮੂਰਤ ਵੀ ਦਿੱਸਦੀ ਐਂ। ਉਹ ਚਿੱਟੀ ਕਬੂਤਰੀ ਦੀ ਗੱਲ ਹਮੇਸ਼ਾ ਛੇੜਦਾ। ਇੱਕ ਵਾਰੀ ਮੈਂ ਉਹ ਨੂੰ ਪੁੱਛ ਬੈਠਾ, 'ਤੇਰੀ ਓਸ ਚਿੱਟੀ ਕਬੂਤਰੀ ਦਾ ਕੀ ਹਾਲ ਐ?'

'ਕਿਹੜੀ?' ਉਹ ਦੇ ਬੁੱਲ੍ਹ ਫਰਕਣ ਲੱਗੇ। ਚਿਹਰੇ 'ਤੇ ਮੁਸਕਾਣ ਦਾ ਜਲੌ ਸੀ।

ਮੈਂ ਕਿਹਾ, 'ਜਿਹੜੀ ਉਸ ਦਿਨ ਮੁਰਮੁਰੇ ਦੇ ਕੇ ਗਈ ਸੀ। ਮਾਮਾ, ਝੂਠ ਨਾ ਬੋਲੀਂ, ਮੈਨੂੰ ਲੱਗਦਾ ਸੀ ਕੁਝ ਦਾਲ ਵਿੱਚ ਕਾਲਾ-ਕਾਲਾ।' ਉਹ ਦਾ ਮੋਢਾ ਫੜ ਕੇ ਮੈਂ ਉਹ ਨੂੰ ਪੱਕਾ ਕਰਨਾ ਚਾਹਿਆ।

ਉਹ ਫੁੱਟ ਪਿਆ, 'ਹਾਂ ਤੂੰ ਠੀਕ ਨਿਰਖ਼ ਕੀਤੀ। ਤੈਥੋਂ ਕੀ ਲਕੋਅ ਐ ਭਾਣਜਿਆ? ਤੂੰ ਕਿਹੜਾ ਪਿੰਡ ਦਾ ਐਂ, ਸਰੀਕ ਐਂ, ਬਈ ਹਵਾ ਗਾਹਾਂ ਖਿੰਡ ਜੂਗੀ?'

ਤੇ ਫੇਰ ਮੈਂ ਉਹ ਨੂੰ ਗੁੱਝਾ-ਗੁੱਝਾ ਬਹੁਤ ਛੇੜਿਆ। ਉਹ ਸਭ ਮੰਨੀ ਜਾ ਰਿਹਾ ਸੀ। ਉਹ ਨੇਦੱਸਿਆ, 'ਦਾਣੇ ਦੇਣ ਆਉਣ ਦਾ ਉਹ ਤਾਂ ਬਹਾਨਾ ਸੀ। ਤੁਸੀਂ ਓਸ ਦਿਨ ਕੋਕੜੂ ਬਣਗੇ। ਉਹ ਤਾਂ ਧਾਰ ਕੇ ਆਈ ਸੀ। ਸੱਚ ਜਾਣ ਗੁੱਸਾ ਨਾ ਮੰਨੀਂ, ਪਿੱਛੋਂ ਮੈਂ ਥੋਨੂੰ ਬਹੁਤ ਗਾਲ੍ਹਾਂ ਕੱਢੀਆਂ।'

'ਫੇਰ ਤਾਂ ਮਾਮਾ....?' ਮੈਂ ਕੁਝ ਪੁੱਛਣ ਲੱਗਿਆ ਸੀ, ਉਹ ਹਿੱਕ ਕੱਢ ਕੇ ਵਿਚ ਦੀ ਬੋਲ ਪਿਆ। ਉਹ ਦੀ ਅਵਾਜ਼ ਵਿੱਚ ਜ਼ਾਇਕਾ ਸੀ, 'ਇੱਕ ਖੋਟ ਐ ਸੀਬੋ 'ਚ, ਨਿੱਤ ਨ੍ਹੀਂ ਆਉਂਦੀ। ਕਦੇ ਕਦੇ ਗੇੜਾ ਮਾਰੂ। ਪਰ ਭਾਈ ਜਿੱਦਣ ਆਵੇ, ਰੂਹ ਤੱਕ ਉਤਰ ਜਾਂਦੀ ਐ ਸਾਲੇ ਮੇਰੇ ਦੀ। ਸਮਝ, ਧਰਤੀ-ਅਸਮਾਨ ਇੱਕ ਹੋ ਜਾਂਦੈ ਉਦੋਂ, ਭਾਣਜਿਆ ਬਹੁਤਾ ਕੀ ਅਖਵਾਉਨੈਂ।'

'ਇੱਕ ਗੱਲ ਦੱਸ ਛੋਟੂ ਮਾਮਾ, ਭਰਜਾਈਆਂ ਭਖਦੀਆਂ ਹੋਣਗੀਆਂ, ਬਈ ਜਦੋਂ ਅਸੀਂ ਹੈਗੀਆਂ?'

'ਦੋ ਕੁ ਵਾਰੀ ਕੀਤੀ ਸੀ ਤਿੜ-ਫਿੜ, ਆਹੀ ਤੇਰੇ ਆਲੀ ਗੱਲ ਬਈ ਜਦੋਂ ਅਸੀਂ ਹੈਗੀਆਂ..।' ਮੈਂ ਨ੍ਹੀਂ ਬੋਲਿਆ। ਭਕਾਈ ਮਾਰ ਕੇ ਹਟਗੀਆਂ।

'ਭਾਈ ਵਰਜਦੇ ਹੋਣਗੇ? ਪਤਾ ਤਾਂ ਹੋਣੈ ਉਨ੍ਹਾਂ ਨੂੰ ਵੀ?'

'ਨਾ, ਕੋਈ ਨ੍ਹੀਂ ਬੋਲਿਆ ਕਦੇ। ਕਿਵੇਂ ਬੋਲ ਜੂ ਸਾਲਾ ਕੋਈ, ਬਾਰ੍ਹਾਂ ਘੁਮਾਂ ਦਾ ਮਾਲਕ ਆਂ। ਬੋਲਣਗੇ, ਫੂਕ ਦੂੰ ਸਾਰੀ। ਮੰਦਰ ਗੁਰਦੁਆਰੇ ਬਥੇਰੇ ਨੇ।'

'ਇਹ ਸੀਬੋ ਗਾਹਾਂ ਵੀ ਕੁਛ ਆਖਦੀ ਐ ਕਿ ਧਰਤੀ-ਅਸਮਾਨ ਇੱਕ ਕਰਨ ਆਉਂਦੀ ਐ?'

'ਨਾ ਨਾ, ਇਹ ਵਿਚਾਰੀ ਕੁਛ ਨ੍ਹੀਂ ਭਾਲਦੀ। ਰੱਜੀ ਰੂਹ ਐ। ਇੱਕ ਦਿਨ ਵੀ ਨ੍ਹੀਂ ਆਖਿਆ, ਬਈ ਜਿਵੇਂ ਕਹਿੰਦੀਆਂ ਹੁੰਦੀਆਂ ਨੇ ਸੂਟ ਸਮਾਂ ਦੇ, ਕੰਨਾਂ ਨੂੰ ਕਰਾ ਦੇਹ, ਜਾਂ ਕੋਈ ਹੋਰ ਚੀਜ਼।'

'ਨਹੀਂ ਆਉਂਦੀ ਕਈ-ਕਈ ਦਿਨ ਤਾਂ ਫੇਰ... ਬੈਠਾ ਝੁਰੀ ਜਾਂਦਾ ਹੋਵੇਂਗਾ?'

'ਨਾ, ਮੈਨੂੰ ਉਹ ਦੀ ਉਡੀਕ ਵੀ ਕੋਈ ਨ੍ਹੀਂ ਹੁੰਦੀ। ਹੌਲ ਜ੍ਹਾ ਕਦੇ ਉੱਠਦੈ ਤਾਂ ਚਿੱਟੀ ਕਬੂਤਰੀ ਹੱਥਾਂ 'ਤੇ ਉਤਾਰ ਲੈਨਾਂ। ਕਬੂਤਰੀ 'ਚੋਂ ਮੈਨੂੰ ਸੀਬੋ ਦਿੱਸਦੀ ਐ। ਹਿੱਕ ਟੋਹ ਕੇ ਦੇਖਾਂ, ਜਮ੍ਹਾਂ ਸੀਬੋ ਸਾਹ ਲੈਂਦੀ ਹੁੰਦੀ ਐ।'

'ਤੂੰ ਤਾਂ ਕਵੀਸ਼ਰਾਂ ਆਲੀਆਂ ਗੱਲਾਂ ਕਰਨ ਲੱਗ ਪਿਆ, ਮਾਮਾ।' ਮੈਂ ਕਿਹਾ।

'ਇੱਕ ਗੱਲ ਹੋਰ ਸੁਣ, ਮਖੌਲ ਨਾ ਮੰਨੀ, ਹੱਸੀਂ ਵੀ ਨਾ, ਜਦੋਂ ਸੀਬੋ ਐਥੇ ਹੁੰਦੀ ਐ ਮੇਰੇ ਕੋਲ, ਮੈਨੂੰ ਦਿੱਸਣ ਲੱਗ ਪੈਂਦੈ। ਸਭ ਚੀਜ਼ਾਂ ਦਿੱਸਦੀਆਂ ਨੇ। ਜਦੋਂ ਉਹ ਵਗ ਜੇ, ਫੇਰ ਓਹੀ ਨ੍ਹੇਰ-ਗੁਬਾਰ। ਇਹ ਚਰਜ ਨ੍ਹੀਂ, ਬਿੱਕਰ ਸਿਆਂ?'

ਸੀਬੋ ਛੁੱਟੜ ਸੀ। ਚੜ੍ਹਦੀ ਜਵਾਨੀ ਵਿੱਚ ਹੀ ਉਹ ਨੂੰ ਵਿਆਹ ਦਿੱਤਾ ਸੀ। ਮੁੰਡਾ ਫ਼ੌਜ ਵਿੱਚ ਸੀ। ਪਿੱਛੋਂ ਉਹ ਸੱਸ ਨਾਲ ਕੱਟਦੀ ਨਹੀਂ ਸੀ। ਸੱਸ ਉਹ ਨੂੰ ਲੀਕਾਂ ਲਾਉਣ ਲੱਗੀ। ਮੁੰਡਾ ਛੁੱਟੀ ਆਉਂਦਾ ਤਾਂ ਕਲੇਸ਼ ਹੋਰ ਵਧ ਜਾਂਦਾ। ਉਹ ਮਾਂ ਦੀ ਮੰਨਦਾ ਸੀ। ਅਖ਼ੀਰ ਸੀਬੋ ਪੇਕਿਆਂ ਦੇ ਆ ਬੈਠੀ। ਨਾ ਫ਼ੌਜੀ ਦੇ ਜਾਂਦੀ, ਨਾ ਹੋਰ ਵਿਆਹ ਕਰਾਉਂਦੀ। ਕਈ ਵਰ੍ਹੇ ਉਡੀਕ-ਉਡੀਕ ਬੁੜ੍ਹੀ ਨੇ ਮੁੰਡਾ ਹੋਰ ਥਾਂ ਵਿਆਹ ਲਿਆ। ਸੀਬੋ ਆਖਦੀ ਸੀ, 'ਐ ਈ ਕੱਟ ਕੇ ਦਖਾਊਂ ਮੈਂ।'

ਕਬੂਤਰਾਂ ਵਾਲੇ ਕੋਠੇ ਵਿੱਚੋਂ ਨਿਕਲ ਕੇ ਮੈਂ ਉਹ ਦੇ ਕੋਲ ਦਰਵਾਜ਼ੇ ਵਿੱਚ ਆਇਆ ਤਾਂ ਚਾਹ ਆ ਚੁੱਕੀ ਸੀ। ਉਹ ਏਧਰ ਆਉਂਦਾ ਹੋਇਆ ਇੱਕ ਜੁਆਕ ਨੂੰ ਕਹਿ ਆਇਆ ਸੀ ਕਿ ਚਾਹ ਦਾ ਡੋਲੂ ਬਾਹਰਲੇ ਘਰ ਭੇਜ ਦਿਓ। ਡੋਲੂ ਤੇ ਗਲਾਸ ਰੱਖ ਕੇ ਉਹ ਦਾ ਕੋਈ ਭਤੀਜਾ ਜਾਂ ਭਤੀਜੀ ਵਾਪਸ ਚਲਿਆ ਗਿਆ ਹੋਵੇਗਾ। ਗਲਾਸਾਂ ਵਿੱਚ ਚਾਹ ਮੈਂ ਹੀ ਪਾਈ। ਅਸੀਂ ਘੁੱਟੀਂ-ਘੁੱਟੀਂ ਚਾਹ ਪੀਣ ਲੱਗੇ।

ਇਸ ਵਾਰ ਮੈਂ ਏਥੇ ਕਈ ਵਰ੍ਹਿਆਂ ਪਿੱਛੋਂ ਆਇਆ ਸੀ। ਵਿੱਚ ਦੀ ਇੱਕ ਦੋ ਵਾਰ ਬਿੰਦ-ਝੱਟ ਆਇਆ ਹੋਵਾਂਗਾ ਤਾਂ ਛੋਟੂ ਨੂੰ ਮਿਲਿਆ ਨਹੀਂ ਗਿਆ। ਉੱਜੜਿਆ ਕੋਠਾ ਦੇਖ ਕੇ ਮੈਂ ਉਦਾਸ ਹੋ ਗਿਆ। ਚਿੱਟੀ ਕਬੂਤਰੀ ਦਿਮਾਗ਼ ਵਿੱਚ ਘੁੰਮਣ ਲੱਗੀ। ਕਬੂਤਰ ਛੱਡ ਕਿਉਂ ਦਿੱਤੇ? ਮੈਂ ਗੱਲ ਚਲਾਈ।

ਉਹ ਨਹੀਂ ਬੋਲਿਆ। ਹੌਲੀ-ਹੌਲੀ ਘੁੱਟ ਭਰੀ, ਅਗਲੀ ਘੁੱਟ ਭਰਨ ਤੋਂ ਪਹਿਲਾਂ ਆਪ ਹੀ ਦੱਸਣ ਲੱਗਿਆ, 'ਚਿੱਟੀ ਕਬੂਤਰੀ ਮਰਗੀ ਸੀ, ਫੇਰ ਮੈਂ ਸਾਰਾ ਟੱਬਰ ਈ ਚਕਾ 'ਤਾ ਲੋਕਾਂ ਨੂੰ। ਦੋ ਕਿਸੇ ਨੂੰ, ਚਾਰ ਕਿਸੇ ਨੂੰ। ਕੋਠਾ ਖਾਲ੍ਹੀ ਕਰ 'ਤਾ।'

'ਇਹ ਕੀ ਕੀਤਾ ਤੂੰ?'

'ਸੀਬੋ ਵੀ ਗਈ।'

'ਕਿੱਥੇ ਗਈ?'

ਛੋਟੂ ਨੇ ਚਾਹ ਦਾ ਗਲਾਸ ਪਰ੍ਹੇ ਰੱਖ ਦਿੱਤਾ। ਸੱਜੇ ਹੱਥ ਦੀ ਪਹਿਲੀ ਉਂਗਲ ਉਤਾਂਹ ਖੜ੍ਹੀ ਕੀਤੀ। ਆਖਿਆ, 'ਉੱਥ ਜਿੱਥੇ ਇੱਕ ਦਿਨ ਆਪਾਂ ਸਭ ਨੇ ਜਾਣੈ।'

ਮੈਨੂੰ ਹੈਰਾਨੀ ਹੋਈ, ਦੁੱਖ ਵੀ।

'ਪਰ ਇੱਕ ਗੱਲ ਮਾੜੀ ਕੀਤੀ ਉਹ ਨੇ, ਪਹਿਲਾਂ ਉਠਗੀ। ਮੈਨੂੰ ਨਾਲ ਲੈ ਕੇ ਜਾਣਾ ਸੀ।'

'ਮੇਰੀ ਵੀ ਬੱਸ ਤਿਆਰੀ ਐ। ਮੈਂ ਉਹ ਦੇ ਕੋਲ ਈ ਪਹੁੰਚਣੈ ਇੱਕ ਦਿਨ।'

'ਮਾਮਾ, ਕਿਵੇਂ ਬਣੀ ਕਹਾਣੀ ਇਹ? ਕੀ ਹੋ ਗਿਆ ਸੀ ਸਹੁਰੀ ਨੂੰ?' ਮੈਂ ਪੁੱਛਿਆ।

'ਪਹਿਲਾਂ ਤਾਂ ਕਈ ਸਾਲ ਠੀਕ ਚੱਲੀ ਗਿਆ ਸੀ। ਮਾਂ ਰੱਖਦੀ ਸੀ ਉਹ ਨੂੰ। ਸੀਬੋ ਦੇ ਵੱਡੇ ਭਾਈ ਦੋ ਨੇ। ਭਰਜਾਈਆਂ ਜਦੋਂ ਸੱਸ ਉੱਤੋਂ ਦੀ ਪੈਗੀਆਂ, ਸੀਬੋ ਨੂੰ ਕੋਸਣ

ਲੱਗੀਆਂ। ਭਾਈ ਤਾਂ ਰੱਖ ਕੇ ਰਾਜ਼ੀ ਸੀ। ਸੀਬੋ ਦੇ ਨਾਂ ਜ਼ਮੀਨ ਸੀ, ਪਰ ਭਰਜਾਈਆਂ ਚੰਡਾਲ ਬਣਗੀਆਂ। ਕਹਿੰਦੀਆਂ, ਸਾਨੂੰ ਇਹ ਦੀ ਜ਼ਮੀਨ ਦੀ ਲੋੜ ਨ੍ਹੀਂ, ਸਾਡੇ ਧੀਆਂ-ਪੁੱਤਾਂ 'ਤੇ ਇਹ ਦਾ ਬੁਰਾ ਅਸਰ ਪੈਂਦਾ।'

'ਫੇਰ?'

'ਭਾਈ ਵੀ ਅੱਕੇ ਪਏ ਸੀ। ਤੀਵੀਆਂ ਨਿੱਤ ਕਲੇਸ਼ ਕਰਦੀਆਂ। ਅਖ਼ੀਰ ਉਨ੍ਹਾਂ ਨੇ ਇੱਕ ਦਹਾਜੂ ਟੋਲ ਲਿਆ, ਜੀਹਦੇ ਪਹਿਲਾਂ ਚਾਰ ਜੁਆਕ ਸੀ। ਸੀਬੋ ਨੇ ਸੁਣਿਆ ਤਾਂ ਰਾਤ ਨੂੰ ਮੰਜੇ 'ਤੇ ਈ ਪਈ ਰਹਿ 'ਗੀ। ਖਾ 'ਗੀ ਕੁਛ।' ਛੋਟੂ ਨੇ ਮੱਥਾ ਫੜ ਲਿਆ। ਉਹ ਦੀ ਸਾਰੀ ਦੇਹ ਕੰਬ ਰਹੀ ਸੀ। ਅੱਖਾਂ ਦਾ ਸਾਰਾ ਪਾਣੀ ਜਿਵੇਂ ਉਹ ਨੇ ਮੇਰੇ ਹੁੰਦਿਆਂ ਹੀ ਮੁਕਾ ਦੇਣਾ ਹੋਵੇ। ♦

# ਜਮ੍ਹਾਂ ਖਾਤਾ

ਇੱਕ ਦਿਨ ਦਰਸ਼ਕਾਂ ਦੀਆਂ ਕੁਰਸੀਆਂ 'ਤੇ ਇੱਕ ਇਕੱਲੀ ਔਰਤ ਬੈਠੀ ਸੀ। ਪਤਾ ਨਹੀਂ ਕਦੋਂ ਆ ਕੇ ਬੈਠ ਗਈ। ਦੁਪਹਿਰ ਦਾ ਵਕਤ ਸੀ, ਗਰਮੀ ਦੀ ਰੁੱਤ। ਜਿਹੜੇ ਹੋਰ ਦਰਸ਼ਕ ਸਵੇਰੇ ਆਏ, ਉੱਠ ਕੇ ਚਲੇ ਗਏ। ਅਫ਼ਜ਼ਲ ਨੇ ਨਵੀਂ ਸਿਗਰਟ ਸੁਲਗਾਈ ਤੇ ਦਰਸ਼ਕਾਂ ਵੱਲ ਝਾਕਿਆ, ਨਜ਼ਰ ਦੀ ਨਜ਼ਰ। ਉਹ ਔਰਤ ਮੁਸਕਰਾ ਰਹੀ ਸੀ। ਝੁਕ ਕੇ ਸਲਾਮ ਕੀਤਾ, ਸੱਜਾ ਹੱਥ ਮੱਥੇ ਨੂੰ ਲਾ ਕੇ। ਅਫ਼ਜ਼ਲ ਨੇ ਉਹ ਨੂੰ ਦੇਖਿਆ ਤੇ ਦੇਖਦਾ ਹੀ ਰਿਹਾ। ਔਰਤ ਨੇ ਕਾਲਾ ਸੂਟ ਪਹਿਨਿਆ ਹੋਇਆ ਸੀ। ਸਿਰ ਦੇ ਵਾਲ ਬੁਆਏ ਕੱਟ, ਗਲ ਵਿੱਚ ਚੁੰਨੀ ਕੋਈ ਨਹੀਂ। ਖੱਬੇ ਹੱਥ ਵਿੱਚ ਕਾਲੇ ਰੰਗ ਦਾ ਹੀ ਛੋਟਾ ਪਰਸ, ਇੱਕ ਕੋਈ ਕਿਤਾਬ ਤੇ ਇੱਕ ਡਾਇਰੀ–ਕਿਤਾਬੀ ਸ਼ਕਲ ਦੀ ਹੀ, ਉਹ ਦਾ ਚਿਹਰਾ ਲੰਬੂਤਰਾ ਸੀ। ਤਿੱਖਾ ਨੱਕ ਤੇ ਮੋਟੀਆਂ–ਮੋਟੀਆਂ ਅੱਖਾਂ ਬਲਦੀਆਂ ਹੋਈਆਂ। ਉਹ ਮੁਸਕਰਾਈ ਤਾਂ ਉਹ ਦੇ ਬਹੁਤ ਸਫ਼ੈਦ ਦੰਦ ਕਲੀਆਂ ਵਾਂਗ ਦਿੱਸੇ ਸਨ। ਉਹ ਦਾ ਰੰਗ ਗੋਰਾ ਸੀ, ਤਾਂਬਈ ਭਾਅ ਮਾਰਦਾ।

ਸਿਗਰਟ ਬੁੱਲ੍ਹਾਂ ਵਿੱਚ ਲੈ ਕੇ ਉਹ ਨੇ ਬੁਰਸ਼ ਚਲਾਉਣਾ ਸ਼ੁਰੂ ਕੀਤੀ। ਉਹ ਨੂੰ ਲੱਗਿਆ ਜਿਵੇਂ ਕਦੇ–ਕਦੇ ਬੁਰਸ਼ ਗਲਤ ਥਾਂ 'ਤੇ ਲੱਗ ਜਾਂਦਾ ਹੋਵੇ। ਉਹ ਦੇ ਜ਼ਿਹਨ ਵਿੱਚ ਹੁਣ ਜ਼ਖ਼ਮੀ ਨੌਜਵਾਨ ਨਹੀਂ, ਉਸ ਔਰਤ ਦਾ ਚਿਹਰਾ ਘੁੰਮ ਰਿਹਾ ਸੀ, ਜਿਹੜੀ ਉਹ ਦੇ ਕਮਰੇ ਵਿੱਚ ਦਰਸ਼ਕ ਬਣੀ ਬੈਠੀ ਹੋਈ ਸੀ। ਪਰ ਹੁਣ ਜਿਵੇਂ ਉਹ ਆਪ ਕਮਰੇ ਵਿੱਚ ਨਹੀਂ, ਉਹ ਦਾ ਇੱਕ ਪੇਤਲਾ ਜਿਹਾ ਅਹਿਸਾਸ ਉੱਥੇ ਆ ਕੇ ਬੈਠ ਗਿਆ ਸੀ। ਉਹ ਨੇ ਬੁਰਸ ਪਰ੍ਹਾਂ ਰੱਖ ਦਿੱਤਾ। ਰੰਗਾਂ ਵਾਲੀ ਪੱਥਰ ਦੀ ਟੁਕੜੀ ਵੱਲ ਵੇਖਣ ਲੱਗਿਆ। ਬੇਮਤਲਬ ਹੀ। ਫੇਰ ਉਹ ਵੀ ਪਰ੍ਹੇ ਰੱਖ ਦਿੱਤੀ। ਸਿਗਰਟ ਦਾ ਇਕ ਲੰਬਾ ਕਸ਼ ਲਿਆ। ਧੂੰਆ ਉਸ ਔਰਤ ਵੱਲ ਛੱਡ ਦਿੱਤਾ। ਧੂੰਏਂ ਦੇ ਗੁਬਾਰ ਵਿੱਚੋਂ ਉਸ ਦਾ ਚਿਹਰਾ ਮੁਸਕਰਾ ਰਿਹਾ ਸੀ। ਸਾਫ਼ ਦਿੱਸ ਰਿਹਾ ਸੀ। ਅਫ਼ਜ਼ਲ ਦਾ ਇੰਜ ਮੁਖ਼ਾਤਿਬ ਹੋਣਾ ਔਰਤ ਲਈ ਹੈਰਾਨੀ ਭਰਿਆ ਨਿਮੰਤਰਣ ਸੀ। ਉਹ ਉੱਠੀ ਤੇ ਆਪਣੀ ਡਾਇਰੀ ਖੋਲ੍ਹ ਕੇ ਉਹ ਦੇ ਵੱਲ ਆਉਣ ਲੱਗੀ। ਅਫ਼ਜ਼ਲ ਦਾ ਸਮੁੱਚਾ ਵਜੂਦ ਉਹ ਨੂੰ ਖੁਸ਼ਆਮਦੀਦ ਆਖ ਰਿਹਾ ਸੀ। ਪੁੱਛਿਆ, 'ਕਯਾ ਨਾਮ ਹੈ ਤੁਮ੍ਹਾਰਾ?'

'ਸਾਵਿੱਤਰੀ' ਉਹ ਨੇ ਬੁੱਲ੍ਹ ਹਿਲਾਏ।

'ਬਹੁਤ ਅੱਛਾ ਨਾਮ ਹੈ। ਕਹਾਂ ਕਾਮ ਕਰਤੀ ਹੋ?'

'ਯਹੀਂ ਪਰ, ਇਸੀ ਸ਼ਹਿਰ ਮੇਂ ਸਰਕਾਰੀ ਨੌਕਰੀ ਹੈ ਮੇਰੀ। ਸਹਾਇਕ ਲੋਕ ਸਪੰਰਕ ਅਧਿਕਾਰੀ ਹੂੰ।'

'ਪੇਂਟਿੰਗ ਦੇਖਨੇ ਕਾ ਸ਼ੌਂਕ ਹੈ ਕਯਾ?'

'ਸ਼ਾਇਰੀ ਸੇ ਵੀ ਕੁਛ ਲਗਾਓ ਹੈ। ਖ਼ਾਸ ਕਰਕੇ ਆਪਕੀ ਗ਼ਜ਼ਲੋਂ ਪਰ ਤੋਂ ਮਰਤੀ ਹੂੰ ਮੈਂ। ਮੈਂ ਨੇ ਆਪ ਕੋ ਸੁਨਾ ਹੈ। ਏਕ ਕੋਈ ਸ਼ੇਅਰ ਲਿਖ ਦੀ ਜੀਏ ਮੇਰੇ ਲੀਏ ਤਾਕਿ ਸਨਦ ਰਹੇ।' ਸਵਿੱਤਰੀ ਨੇ ਡਾਇਰੀ ਉਹ ਦੇ ਗੋਡਿਆਂ 'ਤੇ ਰੱਖ ਦਿੱਤੀ।

ਉਹ ਨੇ ਸਵਿੱਤਰੀ ਤੋਂ ਹੀ ਪੈੱਨ ਲਿਆ ਤੇ ਲਿਖ ਦਿੱਤਾ:-

ਜਿਸ ਕੋ ਆਪਨੀ ਭੀ ਕੋਈ ਖ਼ਬਰ ਨਹੀਂ ਹੋਤੀ।

ਨਹੀਂ ਮੁਮਕਿਨ ਕਿ ਔਰੋਂ ਪੇ ਨਜ਼ਰ ਨਹੀਂ ਹੋਤੀ।

ਥੱਲੇ ਲਿਖ ਦਿੱਤਾ: 'ਸਾਵਿੱਤਰੀ ਕੇ ਨਾਮ, ਅਫ਼ਜ਼ਲ।'

ਉਹ ਨੇ ਡਾਇਰੀ ਆਪਣੀਆਂ ਅੱਖਾਂ ਅੱਗੇ ਲਿਆ ਕੇ ਸ਼ੇਅਰ ਪੜ੍ਹਿਆ ਤੇ ਖ਼ੁਸ਼ ਹੋ ਗਈ। 'ਸ਼ੁਕਰੀਆ, ਅਫ਼ਜ਼ਲ ਸਾਹਿਬ।' ਉਹ ਦੇ ਮੂੰਹੋਂ ਨਿਕਲਿਆ। ਡਾਇਰੀ ਬੰਦ ਕੀਤੀ ਤੇ ਜਾਣ ਲਈ ਇਜਾਜ਼ਤ ਮੰਗੀ।

ਅਫ਼ਜ਼ਲ ਬੋਲਿਆ, 'ਬੈਠੀਏ ਕੁਛ ਦੇਰ ਔਰ ਬੈਠੀਏ।'

'ਨਹੀਂ, ਫਿਰ ਕਭੀ ਆਊਂਗੀ।'

'ਆਨਾ ਜ਼ਰੂਰ। ਬੈਠੇਂਗੇ।' ਅਫ਼ਜ਼ਲ ਉਹ ਦੇ ਵੱਲ ਪੂਰੀ ਨਜ਼ਰ ਭਰ ਕੇ ਝਾਕਿਆ। ਤੇ ਡਾਇਰੀ ਖੱਬੇ ਹੱਥ ਵਿੱਚ ਫੜ ਕੇ ਤੇ ਹੱਥ ਵੱਖੀ ਤੱਕ ਉਠਾ ਕੇ ਵਾਪਸ ਤੁਰੀ ਜਾ ਰਹੀ ਸੀ। ਜਿਵੇਂ ਉਸ ਸ਼ੇਅਰ ਨੂੰ ਬਹੁਤ ਸੰਭਾਲ ਕੇ ਲਿਜਾ ਰਹੀ ਹੋਵੇ। ਅਫ਼ਜ਼ਲ ਉਹ ਦੇ ਮੋਢਿਆਂ ਵੱਲ ਝਾਕਿਆ, ਫੇਰ ਉਹ ਦੇ ਡਿੱਗਦੇ-ਉੱਠਦੇ ਨਿਤੰਭਾਂ ਵੱਲ ਤੇ ਫੇਰ ਉਹ ਦੀਆਂ ਨੰਗੀਆਂ ਅੱਡੀਆਂ 'ਤੇ ਉਹ ਦੀ ਨਜ਼ਰ ਜਾ ਟਿਕੀ। ਉਹ ਨੇ ਸੈਂਡਲ ਪਹਿਨੇ ਹੋਏ ਸਨ। ਗਾਜਰ ਦੇ ਰੰਗ ਦੀਆਂ ਅੱਡੀਆਂ ਬਾਹਰ ਦਿੱਸ ਰਹੀਆਂ ਸਨ। ਅੱਡੀਆਂ ਅਫ਼ਜ਼ਲ ਨੂੰ ਬਹੁਤ ਸੁਹਣੀਆਂ ਲੱਗੀਆਂ। ਉਹ ਕਿਵੇਂ ਵੀ ਉਹ ਦੇ ਚਿਹਰੇ ਨਾਲੋਂ ਘੱਟ ਨਹੀਂ ਸਨ। ਕਿੰਨੀਆਂ ਸੁੰਦਰ ਸਨ ਅੱਡੀਆਂ, ਗੱਲਾਂ ਕਰਦੀਆਂ। ਗਾਜਰ-ਪਾਕ ਦੀਆਂ ਤਾਜ਼ਾ ਟੁਕੜੀਆਂ ਜਿਹੀਆਂ। ਉਹ ਜੀਅ ਕੀਤਾ, ਉਹ ਭੱਜ ਕੇ ਜਾ ਕੇ ਉਨ੍ਹਾਂ ਅੱਡੀਆਂ ਨੂੰ ਚੁੰਮ ਲਵੇ।

ਉਸ ਤੋਂ ਬਾਅਦ ਉਹ ਕੈਨਵਸ ਸਾਹਮਣੇ ਨਹੀਂ ਬੈਠਾ। ਆਪਣੇ ਡਰਾਇੰਗ ਰੂਮ ਵਿੱਚ ਜਾ ਕੇ ਦੀਵਾਨ 'ਤੇ ਲੇਟ ਗਿਆ। ਅੱਖਾਂ ਬੰਦ ਕਰ ਲਈਆਂ। ਉਹ ਕੁਝ ਵੀ ਨਹੀਂ ਸੋਚ ਰਿਹਾ ਸੀ। ਸੌਣ ਦੀ ਕੋਸ਼ਿਸ਼ ਕਰਨ ਲੱਗਿਆ।

ਗੋਬਿੰਦਗੜ੍ਹ ਸ਼ਹਿਰ ਵਿੱਚ ਅਫ਼ਜ਼ਲ ਨੂੰ ਕੌਣ ਨਹੀਂ ਜਾਣਦਾ ਸੀ? ਉਹ ਹਿੰਦੀ ਦਾ ਸ਼ਾਇਰ ਸੀ, ਗ਼ਜ਼ਲਾਂ ਲਿਖਦਾ। ਉਹ ਸ਼ਹਿਰ ਦੀਆਂ ਰੰਗੀਨ ਮਹਿਫ਼ਲਾਂ ਦਾ ਸ਼ਿੰਗਾਰ ਤਾਂ ਸੀ ਹੀ, ਦੂਜੇ ਸ਼ਹਿਰਾਂ ਦੇ ਕਵੀ ਸੰਮੇਲਨਾਂ ਵਿੱਚ ਵੀ ਸ਼ਿਰਕਤ ਕਰਦਾ। ਉਹ ਦੇ ਸ਼ੇਅਰਾਂ ਵਿੱਚ ਇੱਕ ਖ਼ਾਸ ਚਮਕ ਸੀ, ਅਦਾਇਗੀ ਵਿੱਚ ਗਜ਼ਬ ਦਾ ਅੰਦਾਜ਼ ਗਾ ਕੇ ਪੜ੍ਹਦਾ। ਜਿੱਥੇ ਵੀ ਜਾਂਦਾ ਮੁਸ਼ਇਰਾ ਲੁੱਟ ਕੇ ਲੈ ਜਾਂਦਾ। ਸ਼ਾਇਰੀ ਉਹ ਦਾ ਸ਼ੌਂਕ ਸੀ।

ਉਹ ਚਿੱਤਰਕਾਰ ਵੀ ਸੀ। ਸਾਲ ਵਿੱਚ ਇੱਕੋ ਚਿੱਤਰ ਬਣਾਉਂਦਾ। ਕਦੇ-ਕਦੇ ਦੋ ਸਾਲਾਂ ਵਿੱਚ ਇੱਕ ਚਿੱਤਰ। ਵੱਡੀ ਕੈਨਵਸ ਵਾਲੇ ਤੇਲ-ਚਿੱਤਰ ਬਣਾਉਂਦਾ ਸੀ। ਲੱਕੜ ਦਾ ਚੌਖ਼ਟਾ ਆਪ ਬਣਵਾ ਕੇ ਲਿਆਉਂਦਾ ਤੇ ਉਹ ਦੇ 'ਤੇ ਖ਼ੁਦ ਹੀ ਕੈਨਵਸ ਫਿੱਟ

ਕਰਦਾ। ਪਾਨ ਖਾਂਦਾ ਰਹਿੰਦਾ। ਪਾਨ ਵੀ ਆਪ ਤਿਆਰ ਕਰਦਾ। ਸਿਗਰਟ ਪੀਂਦਾ। ਸਿਗਰਟ ਦਾ ਉਹ ਦਾ ਆਪਣਾ ਇੱਕ ਖ਼ਾਸ ਬਰਾਂਡ ਸੀ।

ਕੋਠੀ ਇੱਕ ਏਕੜ ਦੇ ਪਲਾਟ ਵਿੱਚ ਫੈਲੀ ਹੋਈ ਸੀ। ਅਨੇਕਾਂ ਕਮਰੇ ਸਨ। ਕਈ ਫਲੱਸ਼ ਤੇ ਬਾਥ੍ਰਰੂਮ। ਕਿਚਨ ਸਮਝੋ ਪੂਰਾ ਇੱਕ ਕਮਰਾ। ਦੋ ਕਮਰੇ ਉਤਲੀ ਮੰਜ਼ਲ 'ਤੇ ਵੀ ਸਨ। ਐਡੀ ਵੱਡੀ ਕੋਠੀ ਵਿੱਚ ਇਕੱਲਾ ਬੰਦਾ ਰਹਿੰਦਾ ਹੋਵੇ, ਕਿਵੇਂ ਲੱਗਦਾ ਹੈ। ਭੂਤ ਬੰਗਲਾ ਹੀ ਤਾਂ ਕਹਾਂਗੇ, ਇਸ ਕੋਠੀ ਨੂੰ। ਕੋਠੀ ਅੰਦਰ ਕਿਧਰੇ ਵੀ ਬੈਠੋ, ਹਨੇਰ ਗੁਬਾਰ ਛਾਇਆ ਰਹਿੰਦਾ। ਕੋਠੀ ਤੋਂ ਬਾਹਰ ਨਿਕਲ ਕੇ ਆਓ ਤਾਂ ਸੰਸਾਰ ਗਤੀਸ਼ੀਲ ਹੋ ਉੱਠਦਾ। ਸੜਕਾਂ 'ਤੇ ਕਾਰਾਂ ਦੌੜਦੀਆਂ ਤੇ ਮੋਟਰ ਸਾਈਕਲ ਸਕੂਟਰ ਤੀਰ ਵਾਂਗ ਨਿਕਲਦੇ ਦਿੱਸਦੇ। ਕੋਠੀ ਦੇ ਵਗਲ ਅੰਦਰ ਫੁੱਲਾਂ ਦੀਆਂ ਕਿਆਰੀਆਂ ਸਨ। ਖੂੰਜਿਆਂ ਵਿੱਚ ਉੱਚੇ ਸਜਾਵਟੀ ਰੁੱਖ ਤੇ ਕਿਧਰੇ-ਕਿਧਰੇ ਸਬਜ਼ੀਆਂਬੀਜੀਆਂ ਹੋਈਆਂ। ਅਮਰੀਨ ਘਾਹ ਦੇ ਪਲਾਟ ਵੀ ਸਨ। ਕੋਠੀ ਦੇ ਚਾਰੇ ਪਾਸੇ ਗੁਲਮੋਹਰ ਤੇ ਸ਼ਰੀਂਹ ਦੇ ਦਰਖ਼ਤ। ਤੇਜ਼ ਹਵਾ ਚੱਲਦੀ ਤਾਂ ਸ਼ਰੀਂਹ ਦੇ ਰੁੱਖ ਸੋਗੀ ਤੇ ਉਦਾਸ ਧੁਨੀ ਪੈਦਾ ਕਰਦੇ। ਕੋਠੀ ਤੋਂ ਬਾਹਰ ਜ਼ਿੰਦਗੀ ਸੀ, ਦਰ ਜ਼ਿੰਦਗੀ ਦਾ ਪਰਛਾਵਾਂ। ਅਫ਼ਜ਼ਲ ਦਾ ਕਮਰਾ ਪੂਰਬ ਦਿਸ਼ਾ ਵਿੱਚ ਸੀ। ਚੜ੍ਹਦੇ ਸੂਰਜ ਦੀ ਰੋਸ਼ਨੀ ਆਉਂਦੀ। ਦੁਪਹਿਰ ਤੱਕ ਕਮਰੇ ਨੂੰ ਬਿਜਲੀ ਬੱਤੀ ਦੀ ਲੋੜ ਨਹੀਂ ਸੀ। ਚੜ੍ਹਦੇ ਸੂਰਜ ਦੀ ਰੋਸ਼ਨੀ ਆਉਂਦੀ। ਦੁਪਹਿਰ ਤੱਕ ਕਮਰੇ ਨੂੰ ਬਿਜਲੀ ਬੱਤੀ ਦੀ ਲੋੜ ਨਹੀਂ ਸੀ। ਸੂਰਜ ਪੱਛੋਂ ਵੱਲ ਢਲ ਜਾਂਦਾ ਤਾਂ ਓਹੀ ਹਨੇਰ ਗੁਬਾਰ। ਅਫ਼ਜ਼ਲ ਦਾ ਕਮਰਾ ਪੂਰਬ ਦਿਸ਼ਾ ਵਿੱਚ ਸੀ। ਚੜ੍ਹਦੇ ਸੂਰਜ ਦੀ ਰੋਸਨੀ ਆਉਂਦੀ। ਦੁਪਹਿਰ ਤੱਕ ਕਮਰੇ ਨੂੰ ਬਿਜਲੀ ਬੱਤੀ ਦੀ ਲੋੜ ਨਹੀਂ ਸੀ। ਸੂਰਜ ਪੱਛੋਂ ਵੱਲ ਢਲ ਜਾਂਦਾ ਤਾਂ ਓਹੀ ਹਨੇਰ ਗੁਬਾਰ। ਅਫ਼ਜ਼ਲ ਦਾ ਕਮਰਾ ਜ਼ਿੰਦਗੀ ਸੀ ਤੇ ਜ਼ਿੰਦਗੀ ਦਾ ਪਰਛਾਵਾਂ। ਇਹ ਕੋਠੀ ਉਹ ਦੇ ਅੱਬਾ ਉਹ ਦੇ ਲਈ ਛੱਡ ਗਏ ਸਨ। ਅਫ਼ਜ਼ਲ ਅੰਗਰੇਜ਼ੀ ਦੀ ਐੱਮ.ਏ. ਕਰਕੇ ਕਿਸੇ ਕੰਮ ਵਿੱਚ ਤਾਂ ਪਿਆ ਨਹੀਂ ਸੀ, ਸ਼ਾਇਰੀ ਕਰਦਾ ਤੇ ਤੇਲ-ਚਿੱਤਰ ਬਣਾਉਂਦਾ। ਸ਼ਾਇਰੀ ਉਹ ਦਾ ਸ਼ੌਕ ਸੀ ਤੇ ਤੇਲ-ਚਿੱਤਰ ਉਹ ਦਾ ਕਿੱਤਾ। ਇ ਕੰਮ ਵਿੱਚੋਂ ਉਹ ਨੂੰ ਪੈਸੇ ਮਿਲਦੇ ਇੱਕ ਚਿੱਤਰ ਪੰਜਾਹ-ਪੰਜਾਹ ਹਜ਼ਾਰ ਦਾ ਵਿਕਦਾ। ਲੱਖ-ਲੱਖ ਤੇ ਡੇਢ-ਡੇਢ ਲੱਖ ਦਾ ਵਿਕਦਾ। ਬਹੁਤੇ ਵਾਰੀਂ ਚਿੱਤਰ ਬਣਦਾ-ਬਣਦਾ ਹੀ ਵਿਕ ਜਾਂਦਾ।

ਅਫ਼ਜ਼ਲ ਦੇ ਅੱਬਾ ਲੋਕ ਨਿਰਮਾਣ ਵਿਭਾਗ ਵਿੱਚ ਬੀ. ਐਂਡ.ਆਰ ਦੇ ਚੀਫ਼ ਇੰਜਨੀਅਰ ਸਨ। ਉਨ੍ਹਾਂ ਦੀ ਇੱਕ ਲੜਕੀ ਸੀ ਤੇ ਇੱਕ ਇਹ ਅਫ਼ਜ਼ਲ। ਲੜਕੀ ਵੱਡੀ ਸੀ ਤੇ ਸਹਾਰਨਪੁਰ ਵਿਆਹੀ ਹੋਈ ਸੀ। ਬੱਚੇ ਸਨ। ਦਾਮਾਦ ਬਦੇਸ਼ੀ ਤਜਾਰਤ ਦਾ ਕੰਮ ਕਰਦਾ। ਕਦੇ ਕਿਸੇ ਮੁਲਕ ਵਿੱਚ ਗਿਆ ਹੁੰਦਾ, ਕਦੇ ਕਿਸੇ ਮੁਲਕ ਵਿੱਚ। ਬਹੁਤਾ ਕਰਕੇ ਦਿੱਲੀ ਜਾਂ ਬੰਬਈ ਰਹਿੰਦਾ। ਦੋਵੇਂ ਥਾਵਾਂ 'ਤੇ ਉਹ ਦੇ ਆਪਣੇ ਫਲੈਟ ਸਨ। ਬੱਚਿਆਂ ਕੋਲ ਤਾਂ ਦੋ-ਚਾਰ ਮਹੀਨਿਆਂ ਬਾਅਦ ਹੀ ਕਦੇ ਗੇੜਾ ਮਾਰਦਾ, ਉਹ ਵੀ ਇੱਕ ਜਾਂ ਦੋ ਦਿਨ। ਅੱਬਾ ਰਿਟਾਇਰ ਹੋ ਕੇ ਬੀਵੀ ਸਮੇਤ ਸਹਾਰਨਪੁਰ ਬੇਟੀ ਕੋਲ ਜਾ ਟਿਕੇ ਸਨ। ਬੇਟੀ ਦਾ ਉਹ ਸਹਾਰਾ ਸਨ। ਉਨ੍ਹਾਂ ਤੋਂ ਅਫ਼ਜ਼ਲ ਦਾ ਦੁਖ ਝੱਲਿਆ ਨਹੀਂ ਜਾਂਦਾ ਸੀ। ਉਹ ਕੋਈ ਕੰਮ ਨਹੀਂ ਕਰਦਾ ਸੀ, ਨਾ ਸਹੀ, ਸ਼ਾਦੀ ਤਾਂ ਕਰਵਾਉਂਦਾ। ਕੱਪੜਿਆਂ 'ਤੇ ਮੂਰਤਾਂ ਬਣਾਈ ਜਾਣਾ ਕਿੱਧਰਲਾ ਕੰਮ ਹੋਇਆ।

ਅੱਬਾ ਦੇ ਵਕਤ ਤੋਂ ਹੀ ਕੋਠੀ ਵਿੱਚ ਤਿੰਨ ਨੌਕਰ ਸਨ-ਉੱਤਰ ਪ੍ਰਦੇਸ ਦਾ ਮਾਲੀ ਰਾਮ ਧਨ, ਰਾਜਸਥਾਨੀ ਸਫ਼ਾਈ ਸੇਵਕਾਂ ਚੰਮੇਲੀ ਤੇ ਨਿਪਾਲੀ ਬਾਵਰਚੀ ਬਹਾਦਰ।

ਪਿਛਲੇ ਦੋ ਮਹੀਨਿਆਂ ਤੋਂ ਅਫ਼ਜ਼ਲ ਆਪਣਾ ਨਵਾਂ ਚਿੱਤਰ ਬਣਾ ਰਿਹਾ ਸੀ। ਉਹ ਸਵੇਰੇ ਚਾਰ ਵਜੇ ਉੱਠਦਾ। ਚਾਹ ਆਪ ਬਣਾਉਂਦਾ। ਫਲੱਸ਼ ਜਾਂਦਾ, ਬੁਰਸ਼ ਕਰਦਾ ਤੇ ਬਿਨਾਂ ਨ੍ਹਾਤੇ-ਧੋਤੇ ਕੈਨਵਸ ਅੱਗੇ ਆ ਬੈਠਦਾ। ਸੰਗਮਰਮਰ ਦੀ ਤਿਕੋਣੀ ਟੁਕੜੀ ’ਤੇ ਟਿਊਬਾਂ ਦੇ ਰੰਗ ਕੱਢਦਾ। ਉਹ ਦਾ ਬੁਰਸ਼ ਕੈਨਵਸ ’ਤੇ ਲਗਾਤਾਰ ਚੱਲਦਾ। ਕਦੇ ਉਹ ਖੜ੍ਹਾ ਹੁੰਦਾ, ਕਦੇ ਸਟੂਲ ਲੈ ਕੇ ਬੈਠ ਜਾਂਦਾ। ਕਦੇ ਦੂਰ ਖੜ੍ਹ ਕੇ ਬਣ ਰਹੇ ਚਿੱਤਰ ਨੂੰ ਦੇਖਣ ਲੱਗਦਾ। ਕੁਝ ਨਵਾਂ ਸੋਚਦਾ ਤੇ ਕਿੰਨਾ-ਕਿੰਨਾ ਚਿਰ ਸੋਚਦਾ ਹੀ ਰਹਿੰਦਾ। ਉਹ ਦੇ ਜ਼ਿਹਨ ਵਿੱਚ ਚਿੱਤਰ ਦੀ ਜੋ ਆਕ੍ਰਿਤੀ ਹੁੰਦੀ, ਉਹ ਕੈਨਵਸ ’ਤੇ ਉੱਘੜਦੀ ਨਾ ਦਿਖਦੀ। ਉਹ ਦੁਬਾਰਾ ਉਨ੍ਹਾਂ ਹੀ ਥਾਵਾਂ ’ਤੇ ਬੁਰਸ਼ ਦੀਆਂ ਛੋਹਾਂ ਲਾਉਣ ਲੱਗਦਾ।

ਕਮਰੇ ਦੀ ਸਫ਼ਾਈ ਕਰਨ ਆਈ ਚੰਮੇਲੀ ਆਪਣੀ ਹਾਜ਼ਰੀ ਲਵਾ ਜਾਂਦੀ। ਉਹ ਥਕੇਵਾਂ ਲਾਹੁਣ ਲਈ ਕਮਰੇ ਤੋਂ ਬਾਹਰ ਨਿਕਲਦਾ, ਸੜਕਾਂ ’ਤੇ ਦੌੜ ਰਹੀ ਜ਼ਿੰਦਗੀ ਉਹ ਨੂੰ ਤਰੋਤਾਜ਼ਾ ਕਰ ਜਾਂਦੀ ਤੇ ਦੂਰ ਕਿਤੇ ਰਾਮਧਨ ਕਿਆਰੀਆਂ ਵਿੱਚ ਝੁਕਿਆ ਦਿੱਸਦਾ। ਅਫ਼ਜ਼ਲ ਕਮਰੇ ਵਿੱਚ ਪੂਰਾ ਰੁੱਝਿਆ ਹੁੰਦਾ ਤਾਂ ਬਹਾਦਰ ਬਹੁਤ ਧੀਮਾ ਬੋਲ ਕੇ ਨਾਸ਼ਤੇ ਲਈ ਆਖ ਜਾਂਦਾ।

ਇਹ ਇੱਕ ਨੌਜਵਾਨ ਦਾ ਚਿੱਤਰ ਸੀ, ਜਿਸ ਦੇ ਕਾਲੇ ਕੇਸ ਖੁੱਲ੍ਹੇ ਸਨ ਤੇ ਮਿੱਟੀ-ਘੱਟੇ ਨਾਲ ਲਿੱਬੜੇ ਆਪਸ ਵਿੱਚ ਬੁਰੀ ਤਰ੍ਹਾਂ ਉਲਝੇ ਹੋਏ। ਨੌਜਵਾਨ ਦਾ ਅੱਧਾ ਚਿਹਰਾ ਦਿੱਸਦਾ। ਕੰਨ, ਅੱਧੀ ਕੁ ਅੱਖ ਤੇ ਛੋਟੀਆਂ-ਛੋਟੀਆਂ ਦਾੜ੍ਹੀ-ਮੁੱਛਾਂ ਚਿਹਰੇ ਦੇ ਇੱਕ ਪਾਸੇ ਦੀਆਂ। ਅੱਧੇ ਕੁ ਮੱਥੇ ’ਤੇ ਗੁੱਸੇ ਦੀਆਂ ਤਿਊੜੀਆਂ। ਇੱਕ ਅੱਖ ਦਾ ਅਕਾਰ ਪੂਰਾ ਨਾ ਦਿੱਸਦੇ ਹੋਏ ਵੀ ਉਸ ਵਿੱਚ ਸ਼ਿੱਦਤ ਦਾ ਰੋਹ ਸੀ। ਨੌਜਵਾਨ ਦੀ ਨੰਗੀ ਪਿੱਠ ’ਤੇ ਜ਼ਖ਼ਮਾਂ ਦੇ ਨਿਸ਼ਾਨ ਸਨ, ਜਿਵੇਂ ਤਰਬੂਜ਼ ਦੀਆਂ ਫਾੜੀਆਂ।

ਅਫ਼ਜ਼ਲ ਚਿੱਤਰਕਾਰ ਦੀ ਸ਼ਹਿਰ ਵਿੱਚ ਮਸ਼ਹੂਰੀ ਤਾਂ ਸੀ ਹੀ, ਬਾਹਰ ਉਹ ਉਸ ਤੋਂ ਵੀ ਵੱਧ ਉੱਘਾ ਸੀ। ਉਸ ਦਾ ਚਿੱਤਰ ਦੇਖਣ ਲੱਗੋ ਤਾਂ ਦੇਖਦੇ ਹੀ ਚਲੇ ਜਾਓ। ਉਹ ਦਾ ਚਿੱਤਰ ਗੱਲਾਂ ਕਰਨ ਲੱਗਦਾ, ਜਦੋਂ ਕਿ ਦਰਸ਼ਕ ਬੁੱਤ ਬਣਿਆ ਖੜ੍ਹਾ ਹੁੰਦਾ। ਉਹ ਦਾ ਬਣ ਰਿਹਾ ਚਿੱਤਰ ਦੇਖਣ ਲਈ ਸ਼ਹਿਰ ਦੇ ਲੋਕ ਉਹ ਦੀ ਕੋਠੀ ਤੁਰੇ ਆਉਂਦੇ। ਬਾਹਰੋਂ ਬਹੁਤ ਆਉਂਦੇ। ਉਹ ਕਿਸੇ ਨੂੰ ਰੋਕਦਾ-ਟੋਕਦਾ ਨਹੀਂ ਸੀ। ਜਿਵੇਂ ਦੁਨੀਆ ਦੀ ਸੁੰਦਰ ਬਨਸਪਤੀ ਸ਼ਰ੍ਹੇਆਮ ਧਰਤੀ ਵਿੱਚੋਂ ਉੱਗਦੀ ਹੈ। ਕਲਾ ਦਾ ਨਿਰਮਾਣ ਚੋਰੀ-ਚੋਰੀ ਨਹੀਂ ਹੁੰਦਾ। ਕਮਰੇ ਵਿੱਚ ਗੱਦੇਦਾਰ ਕੁਰਸੀਆਂ ਲੱਗੀਆਂ ਰਹਿੰਦੀਆਂ। ਉਹ ਕੈਨਵਸ ’ਤੇ ਆਪਣਾ ਕੰਮ ਕਰ ਰਿਹਾ ਹੁੰਦਾ, ਦਰਸ਼ਕ ਚੁੱਪ-ਚਾਪ ਕੁਰਸੀਆਂ ’ਤੇ ਆ ਕੇ ਬੈਠਦੇ। ਅੱਖਾਂ ਦੀ ਭੁੱਖ ਮਿਟਾ ਕੇ ਤੁਰ ਜਾਂਦੇ। ਅਫ਼ਜ਼ਲ ਕਦੇ-ਕਦੇ ਦਰਸ਼ਕਾਂ ਵੱਲ ਨਜ਼ਰ ਮਾਰਦਾ। ਦੁਆ-ਸਲਾਮ ਵੀ ਹੋ ਜਾਂਦੀ। ਪਰ ਉਹ ਦਾ ਖ਼ਾਸ ਧਿਆਨ ਕੈਨਵਸ ’ਤੇ ਹੀ ਕੇਂਦਰਤ ਰਹਿੰਦਾ। ਦਰਸ਼ਕਾਂ ਵੱਲ ਤਾਂ ਉਹ ਓਦੋਂ ਹੀ ਦੇਖਦਾ, ਜਦੋਂ ਉਹ ਨੇ ਨਵੀਂ ਸਿਗਰਟ ਸੁਲਗਾਉਣੀ ਹੁੰਦੀ ਜਾਂ ਪਾਨ ਦਾ ਬੀੜਾ ਮੂੰਹ ਵਿੱਚ ਪਾਉਣਾ ਹੁੰਦਾ।

ਬਹਾਦਰ ਸ਼ਾਮ ਦੀ ਚਾਹ ਲੈ ਕੇ ਆਇਆ। ਉਹ ਨੇ ਚਾਹ ਦਾ ਕੱਪ ਪੀਤਾ, ਬਾਥਰੂਮ ਗਿਆ ਤੇ ਕਮਰੇ ਵਿੱਚ ਆ ਕੇ ਕੈਨਵਸ ਸਾਹਮਣੇ ਬੈਠ ਗਿਆ। ਬੁਰਸ਼ ਚੁੱਕਿਆ, ਇੱਕ-ਦੋ ਛੋਹਾਂ ਲਾਈਆਂ, ਸਵਿੱਤਰੀ ਜਿਵੇਂ ਉਹ ਦੇ ਸਾਹਮਣੇ ਖੜ੍ਹੀ ਹੋਵੇ-ਮੁਸਕਰਾਉਂਦੀ

ਤੇ ਸ਼ੇਅਰ ਲਿਖ ਕੇ ਦੇਣ ਲਈ ਇਸਰਾਰ ਕਰਦੀ। ਉਹ ਬਹੁਤੀ ਦੇਰ ਕੈਨਵਸ ’ਤੇ ਕੰਮ ਨਹੀਂ ਕਰ ਸਕਿਆ। ਉੱਠਿਆ ਤੇ ਡਰਾਇੰਗ ਰੂਮ ਵਿੱਚ ਜਾ ਕੇ ਫੇਰ ਸੌਂ ਗਿਆ।

ਦੂਜੇ ਦਿਨ ਵੀ ਲੱਗਪਗ ਸਾਰਾ ਦਿਨ ਉਹ ਤੋਂ ਸੰਵਾਰ ਕੇ ਕੰਮ ਨਹੀਂ ਹੋਇਆ। ਉਹ ਉਹ ਦੇ ਜ਼ਿਹਨ ਵਿੱਚ ਹਲਕਾ-ਹਲਕਾ ਖਲਲ ਮਚਾਉਂਦੀ ਰਹੀ। ਤੀਜੇ ਦਿਨ ਉਹ ਸਦੇਹਾਂ ਉੱਠਿਆ। ਚਾਹ ਪੀਤੀ, ਫਲੱਸ਼ ਗਿਆ, ਬੁਰਸ਼ ਕਰਕੇ ਸਟੂਡੀਓ ਵਿੱਚ ਆਇਆ ਤੇ ਮਨ ਮਾਰ ਕੇ ਕੈਨਵਸ ’ਤੇ ਬੁਰਸ਼ ਚਲਾਉਣ ਲੱਗਿਆ। ਉਹ ਦਾ ਬੁਰਸ਼ ਤੇਜ਼-ਤੇਜ਼ ਚੱਲ ਰਿਹਾ ਸੀ, ਜਿਵੇਂ ਇੰਝ ਕਰਨ ਨਾਲ ਉਹ ਦੇ ਦਿਮਾਗ਼ ਵਿੱਚੋਂ ਸਵਿੱਤਰੀ ਦਾ ਖਿਆਲ ਖਾਰਜ ਹੋ ਰਿਹਾ ਹੈ। ਕਾਫ਼ੀ ਸਮਾਂ ਬੀਤ ਗਿਆ। ਪਤਾ ਹੀ ਨਹੀਂ ਲੱਗਿਆ, ਉਹ ਕਦੋਂ ਦਰਸ਼ਕਾਂ ਵਾਲੀਆਂ ਕੁਰਸੀਆਂ ਵਿੱਚ ਆ ਕੇ ਬੈਠ ਗਈ ਸੀ। ਉਹ ਚੁੱਪ ਸੀ। ਸ਼ਾਇਦ ਚਿੱਤਰਕਾਰ ਦਾ ਧਿਆਨ ਭੰਗ ਕਰਨਾ ਨਹੀਂ ਚਾਹੁੰਦੀ ਸੀ। ਅਫ਼ਜ਼ਲ ਨੂੰ ਸਿਗਰਟ ਦੀ ਤਲਬ ਲੱਗੀ। ਨਾਸ਼ਤਾ ਉਹ ਕਦੋਂ ਦਾ ਕਰ ਚੁੱਕਿਆ ਸੀ। ਉਹ ਨੇ ਬੁੱਲ੍ਹਾਂ ਵਿੱਚ ਸਿਗਰਟ ਨੱਪੀ, ਲਾਈਟਰ ਜਗਾਇਆ ਤੇ ਕਸ਼ ਲੈ ਕੇ ਧੂੰਆਂ ਛੱਡਣ ਵੇਲੇ ਉਹ ਦਰਸ਼ਕਾਂ ਦੀਆਂ ਕੁਰਸੀਆਂ ਵੱਲ ਝਾਕਿਆ। ਉਹ ਮੁਸਕਰਾ ਉੱਠੀ। ਉਹ ਕੋਈ ਤਿੱਖੀ ਚੀਜ਼ ਚੁਭਣ ਵਾਂਗ ਖੜ੍ਹਾ ਹੀ ਗਿਆ। ਕੈਨਵਸ ਤੋਂ ਪਰ੍ਹਾਂ ਹਟ ਕੇ ਬੋਲਿਆ, ‘ਆਈਏ, ਆਈਏ। ਤੁਮ ਕਬ ਸੇ ਬੈਠੀ ਹੋ ਯਹਾਂ?’

‘ਜਬ ਸੇ ਆਪ ਨੇ ਦੇਖਾ ਨਹੀਂ।’

ਉਹ ਆਪ ਚੱਲ ਕੇ ਦਰਸ਼ਕਾਂ ਵਾਲੀਆਂ ਕੁਰਸੀਆਂ ਕੋਲ ਆ ਖੜ੍ਹਾ ਤੇ ਫੇਰ ਇੱਕ ਕੁਰਸੀ ’ਤੇ ਬੈਠ ਗਿਆ। ਚਿੱਤਰ ਵੱਲ ਝਾਕਿਆ। ਪੁੱਛਿਆ, ‘ਬਨ ਰਹੀ ਹੈ ਬਾਤ ਕੋਈ?’

‘ਬਾਤ ਬਨ ਤੋਂ ਰਹੀ ਹੈ। ਬਨ ਜਾਏਗੀ ਏਕ ਦਿਨ।’ ਉਹ ਫੇਰ ਮੁਸਕਰਾਈ।

‘ਆਈਏ, ਡਰਾਇੰਗ ਰੂਮ ਮੈਂ ਬੈਠਤੇ ਹੈਂ।’ ਉਹ ਬੋਲਿਆ।

ਸਵਿੱਤਰੀ ਉਹ ਦੇ ਮਗਰ-ਮਗਰ ਤੁਰਨ ਲੱਗੀ, ਉਹ ਦੀ ਛਾਂ ਵਾਂਗ। ਡਰਾਇੰਗ ਰੂਮ ਵਿੱਚ ਜਾ ਕੇ ਅਫ਼ਜ਼ਲ ਨੇ ਪੁੱਛਿਆ, ‘ਚਾਏ ਪੀਓਗੀ ਕਯਾ?’

ਉਹ ਚੁੱਪ ਖੜ੍ਹੀ ਸੀ।

‘ਖੁਦ ਹੀ ਬਨਾਨੀ ਪੜੇਗੀ, ਕਿਚਨ ਮੈਂ ਜਾਕਰ। ਬਹਾਦਰ ਸ਼ਾਇਦ ਬਾਜ਼ਾਰ ਗਿਆ ਹੈ। ਦਿਖ ਨਹੀਂ ਰਹਾ।’

ਸਵਿੱਤਰੀ ਨੂੰ ਚਾਹ ਤਿਆਰ ਕਰਨ ਵਿੱਚ ਕੁਝ ਦੇਰ ਲੱਗੀ। ਚੀਨੀ, ਚਾਹ-ਪੱਤੀ ਤੇ ਦੁੱਧ ਲੱਭਦੀ ਰਹੀ ਹੋਵੇਗੀ। ਗੈਸ ਤਾਂ ਸਾਹਮਣੇ ਸੀ ਤੇ ਬਰਤਨ ਵੀ। ਦੋ ਫੁੱਲਦਾਰ ਕੱਪ ਇੱਕ ਤਸ਼ਤਰੀ ਵਿੱਚ ਰੱਖ ਕੇ ਉਹ ਕਮਰੇ ਵਿੱਚ ਆਈ। ਤਸ਼ਤਰੀ ਤਿਪਾਈ ’ਤੇ ਰੱਖ ਦਿੱਤੀ। ਅਫ਼ਜ਼ਲ ਸੋਫ਼ੇ ’ਤੇ ਗੁੰਮ-ਸੁੰਮ ਬੈਠਾ ਸੀ। ਉਹ ਉਹ ਦੇ ਕੋਲ ਹੋ ਕੇ ਬੈਠ ਗਈ। ਅਫ਼ਜ਼ਲ ਨੇ ਚਾਹ ਦੀ ਚੁਸਕੀ ਭਰੀ ਤੇ ਖਿੜ ਉੱਠਿਆ, ‘ਵਾਹ ਕਯਾ ਚਾਏ ਬਨਾਈ ਹੈ, ਲੁਤਫ਼ ਆ ਗਿਆ।’ ਨਾਲ ਦੀ ਨਾਲ ਸਵਿੱਤਰੀ ਦਾ ਹੱਥ ਫੜਿਆ ਤੇ ਹਲਕਾ ਜਿਹਾ ਚੁੰਮ ਲਿਆ। ਸਵਿੱਤਰੀ ਦਾ ਹੱਥ ਲੁਗਲੁਗਾ ਸੀ। ਉਹ ਦੀਆਂ ਅੱਖਾਂ ਵਿੱਚ ਸ਼ਰਮ ਉਤਰਨ ਲੱਗੀ, ਪਰ ਉਹ ਹੱਸ ਪਈ। ਅੱਖਾਂ ਗਿੱਲੀਆਂ ਹੋ ਗਈਆਂ। ਅਫ਼ਜ਼ਲ ਨੂੰ ਉਹ ਦੇ ਚਿਹਰੇ ਦਾ ਇਹ ਰੂਪ ਬਹੁਤ ਪਸੰਦ ਆਇਆ ਤੇ ਫੇਰ ਉਹ ਨੇ ਇੱਕ ਸ਼ੇਅਰ ਪੜ੍ਹ ਦਿੱਤਾ। ਸਵਿੱਤਰੀ ਵਾਹ-ਵਾਹ ਕਹਿਣ ਲੱਗੀ।

ਤੇ ਫੇਰ ਅਫ਼ਜ਼ਲ ਆਪਣੇ ਬਣ ਰਹੇ ਚਿੱਤਰ ਦੀ ਗੱਲ ਕਰਦਾ ਰਿਹਾ। ਉਹ ਸੁਣਦੀ ਜਾ ਰਹੀ ਸੀ। ਫੇਰ ਉਹ ਆਪਣੀ ਸ਼ਾਇਰੀ ਦੀਆਂ ਗੱਲਾਂ ਕਰਨ ਲੱਗ ਪਿਆ। ਉਹ ਸੁਣੀ ਗਈ। ਹਰ ਗੱਲ ਉਹ ਗ਼ੌਰ ਨਾਲ ਸੁਣਦੀ ਤੇ ਇੱਕ ਦੋ ਰਸਮੀ ਸ਼ਬਦਾਂ ਵਿੱਚ ਤਾਰੀਫ਼ ਕਰਦੀ। ਫੇਰ ਉਹ ਕਹਿਣ ਲੱਗੀ, 'ਚਲਤੀ ਹੂੰ। ਮੈਂ ਨੇ ਤੋਂ ਖਾਹਮਖਾਹ ਆਪ ਕਾ ਸਮਯ ਬਰਬਾਦ ਕੀਆ।'

'ਨਹੀਂ-ਨਹੀਂ, ਬੈਠੋ। ਤੁਮ੍ਹਾਰੇ ਆਨੇ ਸੇ ਸਮਯ ਤੋਂ ਔਰ ਕੀਮਤੀ ਸਾ ਹੋ ਗਿਆ। ਐਸੀ ਕੋਈ ਬਾਤ ਨਹੀਂ। ਯਹ ਤੋਂ ਚਲਤਾ ਹੀ ਰਹਿਤਾ ਹੈ।'

ਉਹ ਉੱਠੀ ਤੇ ਆਪਣਾ ਸਮਾਨ ਸੰਭਾਲ ਕੇ ਸਲਾਮ ਕੀਤਾ। ਅਫ਼ਜ਼ਲ ਉਹ ਨੂੰ ਕੋਠੀ ਦੇ ਬਾਹਰਲੇ ਗੇਟ ਤੱਕ ਛੱਡਣ ਗਿਆ।

ਤੇ ਫੇਰ ਉਹ ਦੂਜੇ-ਚੌਥੇ ਦਿਨ ਹੀ ਆਉਂਦੀ। ਅਫ਼ਜ਼ਲ ਆਪਣੇ ਚਿੱਤਰ 'ਤੇ ਕੰਮ ਕਰ ਰਿਹਾ ਹੁੰਦਾ। ਉਹ ਸਲਾਮ ਕਰਦੀ। ਖ਼ੁਦ ਹੀ ਕਿਚਨ ਵਿੱਚ ਚਲੀ ਜਾਂਦੀ। ਚਾਹ ਦੇ ਦੋ ਕੱਪ ਬਣਾ ਲਿਆਉਂਦੀ। ਉਹ ਕੰਮ ਕਰਦਾ, ਚਾਹ ਵੀ ਪੀਂਦਾ। ਗੱਲਾਂ ਚੱਲਦੀਆਂ ਰਹਿੰਦੀਆਂ। ਸਵਿੱਤਰੀ ਦੀਆਂ ਗੱਲਾਂ ਵਿੱਚ ਕਦੇ ਕੰਮ ਛੱਡ ਕੇ ਬੈਠ ਜਾਂਦਾ। ਹਮੇਸ਼ਾ ਜ਼ਬਤ ਵਿੱਚ ਰਹਿੰਦਾ। ਉਹ ਨੂੰ ਮਹਿਸੂਸ ਹੁੰਦਾ, ਉਹ ਉਹਦਾ ਸਮਾਂ ਨਸ਼ਟ ਕਰਨ ਆ ਜਾਂਦੀ ਹੈ। ਪਰ ਉਹ ਨੂੰ ਆਪਣੇ ਖਲੂਸ ਦਾ ਚੇਤਾ ਵੀ ਸੀ। ਘਰ ਆਏ ਮਹਿਮਾਨ ਨੂੰ ਸਮਾਂ ਦੇਣਾ ਜ਼ਰੂਰੀ ਹੈ। ਉਹ ਨੂੰ ਇਹ ਵੀ ਲੱਗਦਾ ਕਿ ਉਹ ਦਿਨੋ-ਦਿਨ ਉਹ ਦੇ ਬਹੁਤ ਨਜ਼ਦੀਕ ਆਉਂਦੀ ਜਾ ਰਹੀ ਹੈ। ਉਹ ਚਾਹੁੰਦਾ ਕਿ ਉਹ ਦਾ ਦਿਲ ਨਾ ਤੋੜਿਆ ਜਾਵੇ ਤੇ ਇੱਕ ਫਾਸਲੇ 'ਤੇ ਰਿਹਾ ਜਾਵੇ। ਜੇ ਉਹ ਉਹਦੇ ਨਾਲ ਜ਼ਰਾ ਵੀ ਖੁੱਲ੍ਹ ਗਿਆ ਤਾਂ ਉਹ ਦਾ ਚਿੱਤਰ ਅੱਧ-ਵਿਚਕਾਰ ਹੀ ਰਹਿ ਜਾਵੇਗਾ। ਇਹ ਮੁਕੰਮਲ ਕਰਕੇ ਦੇਣਾ ਵੀ ਤਾਂ ਹੈ।

ਇੱਕ ਦਿਨ ਉਹ ਆਈ ਤੇ ਫਟਾਫਟ ਬੋਲਣਾ ਸ਼ੁਰੂ ਕਰ ਦਿੱਤਾ, 'ਏਕ ਲੜਕਾ ਹੈ, ਨੌਜਵਾਨ ਲੜਕਾ। ਉਸ ਕੇ ਸਾਥ ਉਸੀ ਕਮਰੇ ਮੈਂ ਏਕ ਲੜਕੀ ਰਹਿਤੀ ਹੈ, ਲੜਕੀ ਭੀ ਨੌਜਵਾਨ ਹੈ। ਵੇ ਰਾਤ ਕੋ ਏਕ ਬੈੱਡ ਪਰ ਸੋਤੇ ਹੈਂ। ਸਭੀ ਬਾਤੇਂ ਕਰ ਲੇਤੇ ਹੈਂ। ਲੇਕਿਨ ਵੇ ਏਕ-ਦੂਸਰੇ ਸੇ ਸ਼ਰਮਾਤੇ ਰਹਿਤੇ ਹੈਂ। ਟੱਚ ਭੀ ਨਹੀਂ ਕਰਤੇ। ਲੜਕਾ ਸੋਚਤਾ ਹੈ, ਲੜਕੀ ਕਯਾ ਕਹੇਗੀ। ਲੜਕੀ ਸੋਚਤੀ ਹੈ, ਲੜਕਾ ਕਯਾ ਕਹੇਗਾ।'

'ਅੱਛਾ, ਯਹ ਬਾਤ ਹੈ, ਤੋ ਫਿਰ?' ਅਫ਼ਜ਼ਲ ਦਾ ਧਿਆਨ ਚਿੱਤਰ ਵੱਲ ਸੀ।

'ਮੈਂ ਆਪ ਕੋ ਯਹ ਕਹਾਨੀ ਸੁਨਾ ਚਲੀ। ਅਬ ਪਾਅ ਸੋਚੀਏਗਾ ਜ਼ਰਾ ਇਸ ਕੇ ਬਾਰੇ ਮੈਂ।'

ਉਹ ਸਭ ਸਮਝਦਾ ਸੀ, ਉਹ ਕੀ ਚਾਹੁੰਦੀ ਹੈ। ਪਰ ਉਹ ਨੂੰ ਓਹੀ ਇੱਕੋ ਡਰ ਕਿ ਉਹ ਦਾ ਚਿੱਤਰ ਅੱਧ-ਵਿਚਕਾਰ ਰਹਿ ਜਾਵੇਗਾ। ਪਹਿਲਾਂ ਉਹ ਚਿੱਤਰ ਮੁਕੰਮਲ ਕਰ ਲਵੇ।

ਫੇਰ ਉਹ ਕਈ ਦਿਨ ਨਾ ਆਈ। ਹਫ਼ਤਾ ਬੀਤ ਗਿਆ। ਫੇਰ ਦੂਜਾ ਹਫ਼ਤਾ ਵੀ। ਦੂਜੇ ਦਰਸ਼ਕ ਆਉਂਦੇ ਸਨ। ਆ ਕੇ ਕੁਰਸੀਆਂ 'ਤੇ ਬੈਠ ਜਾਂਦੇ। ਚੁੱਪ-ਚਾਪ ਦੇਖਦੇ ਰਹਿੰਦੇ, ਉੱਠ ਕੇ ਤੁਰ ਜਾਂਦੇ। ਉਨ੍ਹਾਂ ਵਿੱਚ ਔਰਤਾਂ ਵੀ ਹੁੰਦੀਆਂ, ਨੌਜਵਾਨ ਕੁੜੀਆਂ।

ਪਾਨ ਦਾ ਬੀੜਾ ਮੂੰਹ  ਵਿੱਚ ਪਾਉਣ ਵੇਲੇ ਜਾਂ ਨਵੀਂ ਸਿਗਰਟ ਸੁਲਗਾਉਂਦਿਆਂ ਉਹ ਦਰਸ਼ਕਾਂ ਵੱਲ ਗਹੁ ਨਾਲ ਝਾਕਦਾ, ਉਨ੍ਹਾਂ ਵਿੱਚ ਸਵਿੱਤਰੀ ਨਹੀਂ ਹੁੰਦੀ ਸੀ। ਉਹ ਉਹਨੂੰ ਉਡੀਕਦਾ ਰਹਿੰਦਾ। ਕਦੇ ਉਹਨੂੰ ਚੰਗਾ-ਚੰਗਾ ਲੱਗਦਾ ਕਿ ਉਹ ਨਹੀਂ ਆਈ, ਉਹ ਆਪਣਾ ਕੰਮ ਤੇਜ਼ੀ ਨਾਲ ਨਿਬੇੜਦਾ ਜਾ ਰਿਹਾ ਸੀ, ਪਰ ਉਹ ਬਹੁਤਾ ਉਹਨੂੰ ਉਡੀਕਦਾ ਹੀ। ਉਹ ਦਾ ਦਰਸ਼ਕਾਂ ਵੱਲ ਝਾਕਣਾ ਫ਼ਜ਼ੂਲ ਸੀ। ਫੇਰ ਤਾਂ ਉਹ ਦਰਸ਼ਕਾਂ ਵਿੱਚ ਆ ਕੇ ਬੈਠਦੀ ਹੀ ਨਹੀਂ ਸੀ। ਸਿੱਧਾ ਉਹ ਦੇ ਕੋਲ ਆਉਂਦੀ।ਸਲਾਮ ਕਰਦੀ ਤੇ ਕਿਚਨ ਵਿੱਚ ਚਲੀ ਜਾਂਦੀ। ਚਾਹ ਦੇ ਦੋ ਕੱਪ ਬਣਾ ਕੇ ਡਰਾਇੰਗ ਰੂਮ ਵਿੱਚ ਰੱਖਦੀ ਤੇ ਅਫ਼ਜ਼ਲ ਨੂੰ ਉਡੀਕਣ ਲੱਗਦੀ। ਬਹਾਦਰ ਘਰ ਹੁੰਦਾ ਤਾਂ ਵੀ ਸਵਿੱਤਰੀ ਚਾਹ ਬਣਾਉਂਦੀ।

ਜਿਵੇਂ ਚਿੱਤਰਕਾਰੀ ਉਹ ਦਾ ਕੰਮ ਸੀ ਤੇ ਸ਼ਾਇਰੀ ਉਹ ਦਾ ਸ਼ੌਂਕ, ਏਵੇਂ ਹੀ ਉਹ ਦੇ ਹੋਰ ਸ਼ੌਂਕ ਵੀ ਸਨ। ਮਸਲਨ; ਸ਼ਾਮ ਨੂੰ ਚਿੱਤਰ ਦੇ ਕੰਮ ਤੋਂ ਵਿਹਲਾ ਹੋ ਕੇ ਥਕਾਵਟ ਲਾਹੁਣ ਲਈ ਸ਼ਰਾਬ ਦੇ ਦੋ ਪੈੱਗ ਪੀਣਾ, ਕਦੇ-ਕਦੇ ਚਿੱਤਰ ਨੂੰ ਵਿੱਚੇ ਛੱਡ ਕੇ ਪਹਾੜ ’ਤੇ ਚਲੇ ਜਾਣਾ, ਆਪਣੀ ਮਨਪਸੰਦ ਔਰਤ ਨੂੰ ਭੋਗਣਾ। ਸਿਗਰਟ, ਪਾਨ, ਚਾਹ ਤੇ ਸ਼ਰਾਬ ਵਾਂਗ ਹੀ ਔਰਤ ਉਹ ਦੀ ਤਲਬ ਸੀ। ਸਗੋਂ ਇਹ ਤਲਬ ਦੂਜੀਆਂ ਨਾਲੋਂ ਤਿੱਖੀ ਤੇ ਵੇਗਮਈ ਸੀ। ਜਦੋਂ ਉਹ ਦੀ ਜ਼ਿੰਦਗੀ ਵਿੱਚ ਕੋਈ ਨਵੀਂ ਔਰਤ ਆਉਂਦੀ, ਉਹ ਬਾਕੀ ਸਭ ਕੁਝ ਭੁੱਲ ਜਾਂਦਾ। ਬੱਸ ਉਹ ਔਰਤ ਹੀ ਉਹ ਦਾ ਸੰਸਾਰ ਹੁੰਦੀ । ਤੇ ਫਿਰ ਕੁਝ ਮਹੀਨਿਆਂ ਬਾਅਦ ਜਾਂ ਸਾਲ ਬਾਅਦ ਉਹ ਇਹ ਸੰਸਾਰ ਉਹ ਦੀਆਂ ਅੱਖਾਂ ਤੋਂ ਓਝਲ ਹੋ ਜਾਂਦਾ। ਉਹ ਉਸਦੇ ਵਿਯੋਗ ਵਿੱਚ ਤੜਫਦਾ, ਸ਼ਾਇਰੀ ਕਰਦਾ, ਦਿਨ ਵਿੱਚ ਕਿਸੇ ਵੇਲੇ ਵੀ ਸ਼ਰਾਬ ਲੈ ਕੇ ਬੈਠ ਜਾਂਦਾ। ਪੌਦਿਆਂ ਦੇ ਨਵੇਂ ਪੱਤੇ ਕੱਢਣ ਵਾਂਗ ਫੇਰ ਉਹ ਦੀ ਚੇਤਨਾ ਜਾਗਦੀ। ਉਹ ਆਪਣੇ ਹਥਿਆਰ ਚੁੱਕ ਲੈਂਦਾ ਤੇ ਨਵਾਂ ਚਿੱਤਰ ਬਣਾਉਣ ਲੱਗਦਾ। ਉਹ ਦੀ ਜ਼ਿੰਦਗੀ ਵਿੱਚ ਐਨੀਆਂ ਔਰਤਾਂ ਆ ਚੁਕੀਆਂ ਸਨ ਕਿ ਸ਼ਾਦੀ ਨਾਂ ਦਾ ਸੰਕਲਪ ਕਿਧਰੇ ਗਾਇਬ ਹੀ ਹੋ ਗਿਆ। ਉਹ ਨੂੰ ਸਮਝ ਨਹੀਂ ਸੀ ਕਿ ਸ਼ਾਦੀ ਵਾਲੀ ਉਹ ਦੀ ਔਰਤ ਕਿਹੋ ਜਿਹੀ ਹੋਵੇਗੀ।

ਤੇ ਫੇਰ ਇੱਕ ਮਹੀਨੇ ਬਾਅਦ ਸਵਿੱਤਰੀ ਆਈ। ਗਰਮੀ ਦਾ ਮੌਸਮ ਆਖਰੀ ਸਾਹਾਂ ’ਤੇ ਸੀ। ਸਵੇਰੇ-ਸ਼ਾਮ ਮੱਠੀ-ਮੱਠੀ ਠੰਡ ਹੁੰਦੀ। ਰਾਤ ਨੂੰ ਚੱਦਰ ਲੈ ਕੇ ਸੌਣਾ ਪੈਂਦਾ। ਉਹ ਸ਼ਾਮ ਦੇ ਵਕਤ ਆਈ ਸੀ। ਉਹ ਸਮੇਂ ਹੋਰ ਦਰਸ਼ਕ ਕੋਈ ਨਹੀਂ ਸੀ। ਸਲਾਮ ਕੀਤਾ ਤੇ ਕੁਰਸੀ ਖਿਸਕਾ ਕੇ ਅਫ਼ਜ਼ਲ ਦੇ ਕੋਲ ਬੈਠ ਗਈ। ਉਹ ਆਪਣੇ ਕੰਮ ਵਿੱਚ ਮਗਨ ਸੀ। ਬਿਨਾਂ ਝਾਕੇ ਬੋਲਿਆ, ‘ਇਤਨੇ ਦਿਨੋਂ ਤੱਕ ਕਹਾਂ ਰਹੀ ਹੋ?’

‘ਆਪ ਤੋਂ ਬਾਤ ਭੀ ਨਹੀਂ ਕਰਤੇ ਢੰਗ ਸੇ। ਆ ਕੇ ਕਯਾ ਕਰਤੀ?’ ਉਹ ਖਿਝੀ ਹੋਈ ਸੀ।

‘ਢੰਗ ਸੇ ਕੈਸੇ ਹੋਤੀ ਹੈ ਬਾਤੇਂ, ਬਤਾਈਏ ਜ਼ਰਾ।’ ਅਫ਼ਜ਼ਲ ਦੀ ਨਜ਼ਰ ਕੈਨਵਸ ’ਤੇ ਸੀ। ਉਹ ਨੇ ਪੈਂਟ ਦੀ ਜੇਬ੍ਹ ਵਿੱਚੋਂ ਰੁਮਾਲ ਕੱਢ ਕੇ ਆਪਣਾ ਨੱਕ ਘੁੱਟਿਆ।

‘ਜੈਸੇ ਅਬ, ਆਪ ਢੰਗ ਸੇ ਬਾਤ ਨਹੀਂ ਕਰ ਰਹੇ। ਆਪ ਕੇ ਪਾਸ ਕਯਾ ਇਤਨੀ ਫੁਰਸਤ ਭੀ ਨਹੀਂ ਕਿ...’ ਉਹ ਦਾ ਬੋਲ ਰੋਣ-ਹਾਕਾ ਸੀ।

‘ਚਾਏ ਨਹੀਂ ਪਿਲਾਓਗੀ ਕਯਾ ਆਜ?’ ਅਫ਼ਜ਼ਲ ਨੇ ਗੱਲ ਟਾਲ ਦਿੱਤੀ।

ਉਹ ਉੱਠੀ, ਕਿਚਨ ਵਿੱਚ ਗਈ ਤੇ ਚਾਹ ਦੇ ਦੋ ਪਿਆਲੇ ਬਣਾ ਕੇ ਡਰਾਇੰਗ ਰੂਮ ਵਿੱਚ ਜਾ ਬੈਠੀ। ਅਫ਼ਜ਼ਲ ਦਾ ਇੰਤਜ਼ਾਰ ਕਰਨ ਲੱਗੀ।

'ਹਾਂ, ਅੱਬ ਬਤਾਓ, ਕਯਾ ਕਹਿ ਰਹੀ ਹੋ ਤੁਮ?' ਉਹ ਛੇਤੀ-ਛੇਤੀ ਚਾਹ ਪੀਣ ਲੱਗਿਆ। ਫੂਕਾਂ ਮਾਰ-ਮਾਰ।

'ਦੇਖੀਏ, ਮੈਂ ਉਸ ਖਾਨਦਾਨ ਸੇ ਤੁਅੱਲਕ ਰੱਖਤੀ ਹੂੰ, ਜਹਾਂ ਸ਼ਰਾਬ, ਮੀਟ, ਪਾਨ, ਸਿਗਰਟ ਕੁਛ ਭੀ ਨਹੀਂ ਚਲਤਾ। ਲੇਕਿਨ ਮੈਂ ਨਾ ਤੋਂ ਆਪ ਕੀ ਸਿਗਰਟ ਕੋ ਬੁਰਾ ਮਾਨਤੀ ਹੂੰ ਔਰ ਨਾ ਪਾਨ ਖਾਨੇ ਕੋ। ਮੁਝੇ ਪਤਾ ਹੈ, ਆਪ ਸ਼ਰਾਬ ਪੀਤੇ ਹੈਂ। ਇਧਰ-ਉਧਰ ਪੜੀ ਖਾਲੀ ਬੋਤਲੇਂ ਬਤਾ ਰਹੀ ਹੈਂ। ਮੁਝੇ ਆਪ ਕੀ ਸ਼ਰਾਬ ਭੀ ਮਨਜ਼ੂਰ ਹੈ। ਸੈਕਸ ਕੇ ਮਾਮਲੇ ਮੈਂ ਮੈਂ ਫਰੀ-ਮਾਈਂਡ ਹੂੰ। ਮੈਂ ਨੇ ਅਚਾਰੀਯ ਰਜਨੀਸ਼ ਕੀ ਕਿਤਾਬ 'ਸੰਭੋਗ ਸੇ ਸਮਾਧੀ ਤੱਕ' ਕੋ ਪੜ੍ਹਾ ਹੈ।' ਐਨਾ ਕੁਛ ਕਹਿ ਕੇ ਉਹ ਚੁੱਪ ਹੋ ਗਈ ਤੇ ਦੂਜੇ ਪਾਸੇ ਮੂੰਹ ਕਰਕੇ ਕੰਧ ਵੱਲ ਝਾਕਣ ਲੱਗੀ।

'ਠੀਕ ਹੈ, ਮਾਨਤਾ ਹੂੰ।' ਅਫ਼ਜ਼ਲ ਦਾ ਹੁੰਗਾਰਾ ਸਧਾਰਨ ਸੀ।

'ਕਯਾ ਮਾਨਤੇ ਹੋ?' ਸਵਿੱਤਰੀ ਤਿਲਮਲਾਈ।

'ਯਹ ਕਿ ਤੁਮ ਕੁਛ ਭੀ ਬੁਰਾ ਨਹੀਂ ਮਾਨਤੀ।'

'ਫਿਰ?'

'ਓ.ਕੇ. ਚਲਤਾ ਹੂੰ।' ਉਹ ਉੱਠਿਆ ਤੇ ਸਟੂਡੀਓ ਵਿੱਚ ਕੈਨਵਸ ਅੱਗੇ ਜਾ ਬੈਠਾ। ਇਸ ਤਰ੍ਹਾਂ ਕੰਮ ਕਰਨ ਲੱਗਿਆ, ਜਿਵੇਂ ਪਹਿਲਾਂ ਤੋਂ ਹੀ ਲਗਾਤਾਰ ਕਰਦਾ ਆ ਰਿਹਾ ਹੋਵੇ। ਉੱਠ ਕੇ ਕਿਧਰੇ ਗਿਆ ਹੀ ਨਾ ਹੋਵੇ।

ਉਹ ਪਤਾ ਨਹੀਂ ਕਦੋਂ ਚਲੀ ਗਈ ਸੀ। ਸਲਾਮ ਕਰਕੇ ਵੀ ਨਹੀਂ ਗਈ।

ਅਫ਼ਜ਼ਲ ਸੋਚਦਾ, ਸਵਿੱਤਰੀ ਤਾਂ ਉਹ ਦੇ ਬੋਝੇ ਵਿੱਚ ਹੈ। ਜਮ੍ਹਾਂ-ਖਾਤੇ ਦੀ ਰਾਸ਼ੀ ਵਾਂਗ ਜਦੋਂ ਮਰਜ਼ੀ ਕੈਸ਼ ਕਰਵਾ ਲਵੇਗਾ। ਉਹ ਕਿਧਰੇ ਨਹੀਂ ਜਾਣ ਲੱਗੀ। ਏਥੇ ਹੀ ਹੈ, ਏਸੇ ਸ਼ਹਿਰ ਵਿੱਚ। ਉਹ ਨੇ ਉਹ ਦੀ ਕੋਠੀ ਆਉਂਦੇ ਹੀ ਰਹਿਣਾ ਹੈ। ਪਰ ਉਹਨੂੰ ਸਵਿੱਤਰੀ ਦੀ ਹਲਕੀ-ਹਲਕੀ ਯਾਦ ਸਤਾਉਂਦੀ ਰਹਿੰਦੀ। ਦੋ ਮਹੀਨੇ ਹੋਰ ਲਾ ਕੇ ਉਹ ਨੇ ਆਪਣਾ ਚਿੱਤਰ ਮੁਕੰਮਲ ਕਰ ਲਿਆ। ਇਸ ਚਿੱਤਰ ਦਾ ਇੱਕ ਲੱਖ ਰੁਪਿਆ ਪੇਸ਼ਗੀ ਸੌਦਾ ਹੋ ਚੁੱਕਿਆ ਸੀ। ਬਾਹਰਲੇ ਦੇਸ਼ ਦਾ ਕੋਈ ਧਨਾਢ ਪੰਜਾਬੀ ਸੀ। ਵੀਹ ਹਜ਼ਾਰ ਰੁਪਿਆ ਬਿਆਨਾ ਫੜਾ ਗਿਆ ਸੀ। ਸਵਿੱਤਰੀ ਇਨ੍ਹਾਂ ਦੋ ਮਹੀਨਿਆਂ ਦੌਰਾਨ ਇੱਕ ਵਾਰ ਵੀ ਨਹੀਂ ਆਈ। ਚੰਗਾ ਕੀਤਾ,ਉਹ ਨੇ ਆਪਣਾ ਕੰਮ ਖ਼ਤਮ ਕਰ ਲਿਆ। ਉਹ ਨੇ ਬਾਹਰਲੇ ਦੇਸ਼ ਨੂੰ ਫੋਨ ਕੀਤਾ। ਉਨ੍ਹਾਂ ਦਾ ਬੰਦਾ ਆਇਆ ਤੇ ਅੱਸੀ ਹਜ਼ਾਰ ਦੇ ਕੇ ਚਿੱਤਰ ਲੈ ਗਿਆ।

ਅਫ਼ਜ਼ਲ ਹੁਣ ਸਵੇਰ ਤੋਂ ਲੈ ਕੇ ਡੂੰਘੀ ਸ਼ਾਮ ਤੱਕ ਸਵਿੱਤਰੀ ਨੂੰ ਉਡੀਕਦਾ ਰਹਿੰਦਾ। ਉਹ ਨੂੰ ਪੱਕਾ ਯਕੀਨ ਸੀ ਕਿ ਉਹ ਆਵੇਗੀ ਇੱਕ ਦਿਨ। ਉਹ ਨੂੰ ਸਵਿੱਤਰੀ ਦੀ ਇੱਕ-ਇੱਕ ਗੱਲ ਯਾਦ ਆਉਂਦੀ। ਹੁਣ ਉਹ ਦਾ ਖ਼ਾਸ ਕੰਮ ਹੋ ਗਿਆ। ਜਿਵੇਂ ਪਹਿਲਾਂ ਚਿੱਤਰ ਮੁਕੰਮਲ ਕਰਨਾ ਉਹ ਖ਼ਾਸ ਕੰਮ ਸੀ। ਇੱਕ ਮਹੀਨਾ ਹੋਰ ਉਹ ਨਹੀਂ ਆਈ।

ਉਹ ਗੋਬਿੰਦਗੜ੍ਹ ਸ਼ਹਿਰ ਦੀਆਂ ਕਚਹਿਰੀਆ ਵਿੱਚ ਗਿਆ। ਲੋਕ ਸੰਪਰਕ ਵਿਭਾਗ ਦਾ ਦਫ਼ਤਰ ਲੱਭਿਆ। ਪਤਾ ਲੱਗਿਆ, ਸਵਿੱਤਰੀ ਦੇ ਮਹੀਨੇ ਪਹਿਲਾਂ ਓਥੋਂ ਬਦਲੀ ਕਰਵਾ ਕੇ ਕਿਸੇ ਹੋਰ ਸ਼ਹਿਰ ਚਲੀ ਗਈ ਹੈ। ਫੇਰ ਉਹ ਉਸ ਸ਼ਹਿਰ ਵੀ ਗਿਆ ਸੀ। ਉਹ ਓਥੇ ਵੀ ਨਹੀਂ ਸੀ। ਬਾਬੂ ਨੇ ਦੱਸਿਆ ਕਿ ਉਹ ਲੰਮੀ ਛੁੱਟੀ 'ਤੇ ਹੈ। ਪਤਾ ਨਹੀਂ ਕਿੱਥੇ ਹੈ। ਅਫ਼ਜ਼ਲ ਨੂੰ ਉਹ ਦੀਆਂ ਕੁਝ ਰਿਸ਼ਤੇਦਾਰੀਆਂ ਦਾ ਵੀ ਪਤਾ ਸੀ। ਪਰ ਸਵਿੱਤਰੀ ਕਿਧਰੇ ਵੀ ਨਹੀਂ ਲੱਭੀ। ਨਾ ਕਿਸੇ ਨੇ ਉਸ ਦਾ ਥਹੁ ਪਤਾ ਦੱਸਿਆ। ਅਫ਼ਜ਼ਲ ਨੂੰ ਸਵਿੱਤਰੀ ਦੀ ਫੇਰ ਵੀ ਉਡੀਕ ਸੀ। ♦

# ਤੇ ਦੇਵਤਾ ਪ੍ਰਸੰਨ ਸੀ

ਸੂਰਜਮੁੱਖ ਦੇ ਉੱਤਰ ਵੱਲ ਇੱਕ ਸ਼ੂਕਦੀ ਨਦੀ ਵਗਦੀ ਸੀ। ਬਰਸਾਤ ਦੇ ਦਿਨਾਂ ਵਿੱਚ ਤਾਂ ਇਹ ਹੋਰ ਵੀ ਤੇਜ਼ ਚੱਲਦੀ, ਭਰੀ-ਭਰੀ, ਫੈਲੀ-ਫੈਲੀ। ਕਿਨਾਰਿਆਂ ’ਤੇ ਕਿੰਨੇ ਹੀ ਪਿੰਡ ਵਸੇ ਹੋਏ ਸਨ। ਬਰਸਾਤ ਦੇ ਦਿਨਾਂ ਵਿੱਚ ਕੋਈ ਪਿੰਡ ਰੁੜ੍ਹ ਜਾਂਦਾ ਤਾਂ ਬਰਸਾਤ ਦਾ ਮੌਸਮ ਲੰਘ ਜਾਣ ਤੋਂ ਬਾਅਦ ਕੁਝ ਹੀ ਸਮੇਂ ਵਿੱਚ ਓਸੇ ਥਾਂ ਨਵਾਂ ਪਿੰਡ ਖੜ੍ਹਾ ਹੋ ਜਾਂਦਾ। ਲੋਕਾਂ ਨੇ ਕਿਤੇ ਤਾਂ ਰਹਿਣਾ ਸੀ। ਕਿਤੇ ਵੀ ਰਹਿ ਸਕਦੇ। ਨਦੀ ਦੀ ਕਰੋਪੀ ਤੋਂ ਬਚਣ ਲਈ ਕਿੰਨੀਆਂ ਹੀ ਮੰਨਤਾਂ ਮੰਗਦੇ। ਯੱਗ ਤੇ ਹਵਨ ਕੀਤੇ ਜਾਂਦੇ। ਅਜੀਬ-ਅਜੀਬ ਰਿਵਾਜ ਸਨ। ਸੂਰਜਮੁੱਖ ਵਿੱਚ ਤਾਂ ਹਰ ਸਾਲ ਇੱਕ ਨੌਜਵਾਨ ਦੀ ਬਲੀ ਦਿੱਤੀ ਜਾਂਦੀ।

ਨੇੜੇ-ਤੇੜੇ ਦੇ ਸਾਰੇ ਪਿੰਡਾਂ ਵਿੱਚੋਂ ਇਹ ਵੱਡਾ ਪਿੰਡ ਸੀ। ਇੱਕ ਸਾਲ ਅਜਿਹਾ ਨੌਜਵਾਨ ਬਲੀ ਚੜ੍ਹਦਾ, ਉਹ ਅਗਲੇ ਸਾਲ ਦੀ ਨਰ-ਬਲੀ ਲਈ ਪਿੰਡ ਦੇ ਸਭ ਤੋਂ ਸੁਹਣੇ ਲੜਕੇ ਨੂੰ ਆਪਣੀ ਜੁੱਤੀ ਦੇ ਜਾਂਦਾ। ਤੇ ਫੇਰ ਅਗਲਾ ਸਾਰਾ ਸਾਲ ਉਸ ਨੂੰ ਖ਼ੂਬ ਪਾਲ਼ਿਆ ਜਾਂਦਾ। ਬਲੀ ਚੜ੍ਹਨ ਤੋਂ ਸਵਾ ਮਹੀਨਾ ਪਹਿਲਾਂ ਉਹ ਨੌਜਵਾਨ ਪਿੰਡ ਦੀ ਕਿਸੇ ਵੀ ਖ਼ੂਬਸੂਰਤ ਕੁੜੀ ਕੋਲ ਜਾ ਸਕਦਾ। ਜਿਸ ਕੁੜੀ ’ਤੇ ਉਸ ਦਾ ਮਨ ਆਉਂਦਾ, ਉਸ ਦੇ ਮਗਰ ਲੱਗ ਤੁਰਦਾ। ਕੁੜੀ ਆਪਣੇ ਘਰ ਆਉਂਦੀ ਤੇ ਬਾਕੀ ਦਾ ਸਾਰਾ ਟੱਬਰ ਬਾਹਰ ਹੋ ਜਾਂਦਾ। ਨੌਜਵਾਨ ਜੁੱਤੀ ਉਸ ਘਰ ਦੇ ਬਾਰ ਮੂਹਰੇ ਲਾਹ ਦਿੰਦਾ। ਜਿਸ ਦਾ ਮਤਲਬ ਹੁੰਦਾ ਕਿ ਉਹ ਅੰਦਰ ਹੈ। ਬਾਰ ਮੂਹਰੇ ਪਈ ਜੁੱਤੀ ਦੇਖ ਕੇ ਕਿਸੇ ਦੀ ਹਿੰਮਤ ਨਾ ਹੁੰਦੀ ਕਿ ਅੰਦਰ ਜਾ ਸਕੇ। ਕਮਾਲ ਦੀ ਗੱਲ ਇਹ, ਜਿਸ ਬਾਰ ਮੂਹਰੇ ਇਹ ਜੁੱਤੀ ਲਹਿੰਦੀ, ਉਹ ਘਰ ਭਾਗਾਂ ਵਾਲਾ ਸਮਝਿਆ ਜਾਂਦਾ। ਉਹ ਕੁੜੀ ਸੁਲੱਖਣੀ ਗਿਣੀ ਜਾਂਦੀ।

ਹਰ ਸਾਲ ਦਿੱਤੀ ਜਾਂਦੀ ਇਸ ਨਰ-ਬਲੀ ਕਰਕੇ ਸੂਰਜਮੁੱਖ ਪਿੰਡ ਨੂੰ ਸਾਰੀਆਂ ਬਰਕਤਾਂ ਹਾਸਲ ਸਨ। ਫ਼ਸਲ ਵਧੀਆ ਹੁੰਦੀ। ਨਦੀ ਨੇ ਕਦੇ ਏਧਰ ਮੂੰਹ ਨਹੀਂ ਕੀਤਾ। ਸਾਰੇ ਲੋਕ ਸੁਖੀ ਸਨ।

ਗੋਪਾਲ ਬਚਪਨ ਤੋਂ ਬਹੁਤ ਨਰੋਆ ਮੁੰਡਾ ਸੀ। ਸੁਹਣਾ ਵੀ ਬੜਾ। ਉਸ ਦੀ ਮਾਂ ਸੋਚਦੀ ਹੁੰਦੀ, ਉਹ ਤਾਂ ਜ਼ਰੂਰ ਨਰ-ਬਲੀ ਲਈ ਚੁਣਿਆ ਜਾਵੇਗਾ। ਉਸ ਦਾ ਬਾਪ ਸੋਚਦਾ, ਉਹ ਤਾਂ ਜ਼ਰੂਰ ਹੀ ਬਲੀ ਚੜ੍ਹੇਗਾ। ਗੋਪਾਲ ਦੀ ਸਿਹਤ ਤੇ ਸੁਹੱਪਣ ਨੂੰ ਦੇਖ-ਦੇਖ ਮਾਪਿਆਂ ਨੂੰ ਚਾਅ ਚੜ੍ਹਿਆ ਰਹਿੰਦਾ। ਦੇਵਤਾ ਜਿਵੇਂ ਉਨ੍ਹਾਂ ਦੇ ਘਰ ’ਤੇ ਮੁੱਢ ਤੋਂ ਹੀ ਪ੍ਰਸੰਨ ਸੀ। ਸੱਤੇ ਖ਼ੈਰਾਂ ਸਨ, ਇਸ ਘਰ ਲਈ।

ਉਹੀ ਗੱਲ ਹੋਈ, ਗੋਪਾਲ ਜਦ ਬਾਈ ਸਾਲ ਦਾ ਹੋਇਆ, ਉਸ ਨੂੰ ਨਰ-ਬਲੀ ਦੀ ਜੁੱਤੀ ਮਿਲ ਗਈ। ਐਡਾ ਵੱਡਾ ਕੱਦ, ਖੁੱਲ੍ਹੇ-ਖੁੱਲ੍ਹੇ ਹੱਡ-ਪੈਰ, ਮੋਟੀ ਅੱਖ, ਚਿਹਰੇ 'ਤੇ ਕੋਈ ਗੈਬੀ ਨੂਰ।

ਸਾਰੇ ਪਿੰਡ ਨੇ ਉਸ ਵਾਸਤੇ ਘਿਓ ਇਕੱਠਾ ਕੀਤਾ। ਸਵੇਰ ਦੇ ਖਾਣੇ ਵਿੱਚ ਤਾਜ਼ਾ ਮੱਖਣ, ਜੰਗਲੀ ਸ਼ਹਿਦ ਤੇ ਹੋਰ ਪਦਾਰਥਾਂ ਨਾਲ ਕੱਚਾ ਦੁੱਧ ਹੁੰਦਾ। ਸ਼ਾਮ ਦੇ ਖਾਣੇ ਵਿੱਚ ਪਹਾੜੀ ਮੁਰਗੇ ਦਾ ਭੁੰਨ੍ਹਿਆ ਹੋਇਆ ਮਾਸ, ਅੰਗੂਰਾਂ ਦੀ ਸ਼ਰਾਬ ਤੇ ਕੜ੍ਹੇ ਦੁੱਧ ਦੀ ਦਹੀਂ ਹੁੰਦੀ। ਸਵੇਰੇ-ਸ਼ਾਮ ਸਰੋਂ ਦੇ ਤੇਲ ਨਾਲ ਉਸ ਦੀ ਮਾਲਸ਼ ਕੀਤੀ ਜਾਂਦੀ ਤੇ ਫਿਰ ਖੱਟੀ ਲੱਸੀ ਨਾਲ ਪਿੰਡਾ ਮਲ ਗਰਮ ਪਾਣੀ ਨਾਲ ਨੁਹਾਇਆ ਜਾਂਦਾ। ਪਿੰਡ ਵੱਲੋਂ ਨਿਯੁਕਤ ਕੀਤੇ ਦੋ ਬੰਦੇ ਉਸ ਦੀ ਸੇਵਾ ਲਈ ਹਰ ਸਮੇਂ ਉਸ ਦੇ ਅੰਗ-ਸੰਗ ਰਹਿੰਦੇ। ਹਰ ਸਮੇਂ ਹੀ ਉਸ ਨੂੰ ਖੁਸ਼ ਰੱਖਣ ਦੇ ਸਾਧਨਾਂ ਵਿੱਚ ਜੁਟੇ ਰਹਿੰਦੇ। ਉਸ ਨੂੰ ਦੇਵਤਾ ਦੀਆਂ ਕਹਾਣੀਆਂ ਸੁਣਾਉਂਦੇ। ਦੇਵਤਾ ਦੀ ਉਪਮਾ ਕਰਦੇ। ਦੇਵਤਾ ਨੂੰ ਖੁਸ਼ ਕਰਨ ਲਈ ਨਰ-ਬਲੀ ਚੜ੍ਹ ਚੁੱਕੇ ਨੌਜਵਾਨਾਂ ਦੀ ਮਹਿਮਾ ਗਾਉਂਦੇ।

ਗੋਪਾਲ ਦਾ ਜਦ ਜੀਅ ਕਰਦਾ, ਉੱਠ ਕੇ ਪਿੰਡ ਦੀਆਂ ਗਲੀਆਂ ਵਿੱਚ ਘੁੰਮਣ ਲੱਗ ਪੈਂਦਾ। ਇਸ ਮੌਕੇ ਵੀ ਬੰਦੇ ਉਸ ਦੇ ਮਗਰ-ਮਗਰ ਤੁਰੇ ਜਾਂਦੇ। ਗੋਪਾਲ ਉਦਾਸ ਹੁੰਦਾ ਤਾਂ ਬਹੁਤ ਕਰਕੇ ਘਰ ਹੀ ਪਿਆ ਰਹਿੰਦਾ। ਬਹੁਤੀ ਉਦਾਸੀ ਦੇ ਵਾਤਾਵਰਣ ਵਿੱਚ ਉਸ ਦੇ ਸੇਵਾਦਾਰ ਉਸ ਨਾਲ ਬਹੁਤ ਘੱਟ ਗੱਲ ਕਰਦੇ। ਬੱਸ ਬੈਠੇ ਰਹਿੰਦੇ ਉਸ ਕੋਲ ਜਾਂ ਉਸ ਦੀਆਂ ਟੰਗਾਂ-ਬਾਹਾਂ ਘੁੱਟਦੇ। ਕਦੇ-ਕਦੇ ਉਹ ਬਹੁਤ ਖੁਸ਼ ਹੁੰਦਾ ਤਾਂ ਗਾਉਣ ਤੇ ਨੱਚਣ ਲੱਗ ਪੈਂਦਾ। ਇਸ ਹਾਲਤ ਵਿੱਚ ਸੇਵਾਦਾਰ ਖੁਸ਼ ਹੁੰਦੇ। ਬਾਪ ਖੁਸ਼ ਹੁੰਦਾ। ਸਾਰਾ ਪਿੰਡ ਪ੍ਰਸੰਨ ਚਿੱਤ ਹੋ ਜਾਂਦਾ।

ਤੇ ਫਿਰ ਦੇਵਤਾ ਦਾ ਉਤਸਵ ਨੇੜੇ ਆਉਣ ਲੱਗਿਆ। ਤਿੰਨ ਮਹੀਨੇ, ਦੋ ਮਹੀਨੇ, ਡੇਢ ਮਹੀਨਾ, ਸਵ ਮਹੀਨਾ...ਗੋਪਾਲ ਦੀਆਂ ਅੱਖਾਂ ਵਿੱਚ ਪਿੰਡ ਦੀਆਂ ਸਾਰੀਆਂ ਸੁਹਣੀਆਂ ਕੁੜੀਆਂ ਦੀ ਤਸਵੀਰ ਬੈਠ ਗਈ। ਪਹਿਲੇ ਦਿਨ ਉਸ ਨੇ ਮੇਨਕਾ ਦੇ ਘਰ ਮੂਹਰੇ ਜੁੱਤੀ ਲਾਹੀ। ਦੂਜੇ ਦਿਨ ਕਮਲਾ ਦੇ, ਤੀਜੇ, ਚੌਥੇ ਤੇ ਫਿਰ ਨਵੀਂ ਤੋਂ ਨਵੀਂ ਨਰਬਦਾ, ਕੁੰਤੀ, ਤ੍ਰਿਪਤਾ, ਸ਼ਕੁੰਤਲਾ, ਗੋਮਤੀ, ਗੋਮਤੀ ਕੋਲ ਤਾਂ ਉਹ ਦੂਜੇ ਦਿਨ ਵੀ ਚਲਿਆ ਗਿਆ। ਗੋਮਤੀ ਵਿੱਚ ਪਤਾ ਨਹੀਂ ਕੀ ਸੀ ਤੇ ਫਿਰ ਤੀਜੇ ਦਿਨ ਵੀ ਗੋਮਤੀ ਕੋਲ ਹੀ ਜਾਂਦਾ ਸੀ।

ਗੋਮਤੀ ਪਤਲੀ, ਲੰਮੀ, ਗੋਰੀ, ਮ੍ਰਿਗਨੈਣੀ, ਨਿਰੀ ਅੱਗ...ਲੂੱਸ-ਲੂੱਸ ਕਰਦੇ ਅੰਗ। ਗੋਮਤੀ ਦੇ ਮਾਂ-ਬਾਪ ਹੈਰਾਨ ਹੋਣ ਲੱਗੇ। ਗੋਪਾਲ ਦੇ ਸੇਵਾਦਾਰ ਹੈਰਾਨ। ਸਾਰਾ ਪਿੰਡ ਹੈਰਾਨ। ਕਿਉਂ ਜਾਂਦਾ ਸੀ। ਉਹ ਨਿੱਤ ਹੀ ਗੋਮਤੀ ਕੋਲ? ਦੇਵਤਾ ਦਾ ਦਿਨ ਵੀ ਆ ਗਿਆ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਿੰਡ ਦੇ ਸਭ ਤੀਵੀਂ-ਪੁਰਸ਼ ਨਦੀ ਵਿੱਚ ਇਸ਼ਨਾਨ ਕਰਕੇ ਆਏ। ਘਰ-ਘਰ ਪਕਵਾਨ ਪੱਕਣ ਲੱਗੇ। ਦੇਵਤਾ ਦੀ ਵੇਦੀ 'ਤੇ ਚੜ੍ਹਾਉਣ ਲਈ ਘਰ-ਘਰ ਸੀਧਾ ਮਿਣਸਿਆ ਗਿਆ। ਸਾਰਾ ਦਿਨ ਪਿੰਡ ਵਿੱਚ ਜਸ਼ਨ ਹੁੰਦੇ ਰਹੇ। ਦੇਵਤਾ ਦੀ ਵੇਦੀ ਅੱਗੇ ਸਾਰਾ ਦਿਨ ਹਵਨ ਹੁੰਦਾ ਰਿਹਾ। ਮੰਤਰ ਪੜ੍ਹੇ ਜਾਂਦੇ ਰਹੇ। ਨਰ-ਬਲੀ ਦਾ ਸਮਾਗਮ ਸੂਰਜ ਦੀ ਟਿੱਕੀ ਛਿਪਦੀ ਨਾਲ ਸ਼ੁਰੂ ਹੋਣਾ ਸੀ।

ਗੋਪਾਲ ਦੇ ਪੈਰਾਂ ਵਿੱਚ ਨਰ-ਬਲੀ ਵਾਲੀ ਜੁੱਤੀ ਪਾਈ ਹੋਈ ਸੀ। ਗਲ ਜਨਿਊ, ਤੇੜ ਚਿੱਟੀ ਧੋਤੀ। ਸਿਰ 'ਤੇ ਚਿੱਟਾ ਪਟਕਾ ਬੰਨ੍ਹਿਆ ਹੋਇਆ। ਉਸ ਦੇ ਮੱਥੇ 'ਤੇ ਲਾਲ ਤਿਲਕ ਲੱਗਿਆ ਹੋਇਆ ਸੀ। ਦੋਵਾਂ ਡੌਲਿਆਂ 'ਤੇ ਹਲਦੀ ਨਾਲ ਤਿੰਨ-ਤਿੰਨ ਲਕੀਰਾਂ ਕੱਢੀਆਂ ਹੋਈਆਂ ਸਨ। ਛਾਤੀ 'ਤੇ ਚੰਦਨ ਦਾ ਲੇਪ ਕੀਤਾ ਹੋਇਆ ਸੀ। ਉਸ ਦੀਆਂ ਅੱਖਾਂ ਲਾਲ ਝਰੰਗ ਸਨ।

ਪਿੰਡ ਦੇ ਸਾਰੇ ਲੋਕਾਂ ਦਾ ਇਕੱਠ ਬੱਝਿਆ ਹੋਇਆ ਸੀ। ਦੇਵਤਾ ਦੀ ਵੇਦੀ ਅੱਗੇ ਅੱਗ ਬਲ ਰਹੀ ਸੀ। ਅਹੂਤੀਆਂ ਪਾਈਆਂ ਜਾ ਰਹੀਆਂ ਸਨ। ਇੱਕ ਪਾਸੇ ਬੁੱਢੇ ਤੇ ਅਧਖੜ ਆਦਮੀ ਖੜ੍ਹੇ ਸਨ। ਉਨ੍ਹਾਂ ਦੇ ਨਾਲ ਹੀ ਨੌਜਵਾਨ ਸਨ। ਇੱਕ ਪਾਸੇ ਬੁੱਢੀਆਂ ਤੇ ਪਕਰੋੜ ਤੀਵੀਆਂ ਖੜ੍ਹੀਆਂ ਸਨ। ਸਾਹਮਣੇ ਨੌਜਵਾਨ ਕੁੜੀਆਂ, ਬਹੂਆਂ ਤੇ ਛੋਟੇ ਬੱਚੇ ਖੜ੍ਹੇ ਸਨ।

ਦੇਵਤਾ ਦੀ ਉੱਚੀ ਵੇਦੀ 'ਤੇ ਗੋਪਾਲ ਖੜ੍ਹਾ ਸੀ। ਵੇਦੀ ਦੇ ਦੋਵੇਂ ਪਾਸੇ ਦੋ ਲੱਕੜਾਂ ਗੱਡ ਕੇ ਉਨ੍ਹਾਂ 'ਤੇ ਇੱਕ ਪੈਵੀਂ ਲੱਕੜ ਰੱਖੀ ਹੋਈ ਸੀ। ਇਸ ਪੈਵੀਂ ਲੱਕੜ 'ਤੇ ਜੋ ਚਪਟੀ ਜਿਹੀ ਸੀ, ਗੋਪਾਲ ਨੇ ਆਪਣੀ ਗਰਦਨ ਧਰੀ ਹੋਈ ਸੀ। ਦੋਵੇਂ ਬਾਹਾਂ ਪਿੱਠ ਪਿੱਛੇ ਕੀਤੀਆਂ ਹੋਈਆਂ ਸਨ। ਉਸ ਦਾ ਸਿਰ ਕੰਨ ਪਰਨੇ ਸੀ। ਅੱਖਾਂ ਮੀਚੀਆਂ ਹੋਈਆਂ ਸਨ। ਕਦੇ-ਕਦੇ ਅੱਖਾਂ ਖੋਲ੍ਹਦਾ ਤਾਂ ਲੱਗਦਾ ਜਿਵੇਂ ਉਨ੍ਹਾਂ ਵਿੱਚੋਂ ਲਹੂ ਚਿਉਂਦਾ ਹੋਵੇ। ਉਸ ਦੀ ਝਾਕਣੀ ਵਿੱਚੋਂ ਕੋਈ ਭਿਆਨਕਤਾ ਛਲਕਦੀ। ਅੱਗ ਮੂਹਰੇ ਵੇਦੀ ਦੇ ਸਾਹਮਣੇ ਕਿੰਨੇ ਹੀ ਪੰਡਤ ਆਪਣੀ-ਆਪਣੀ ਥਾਂ 'ਤੇ ਬੈਠੇ ਉੱਚੀ-ਉੱਚੀ ਇੱਕੋ ਮੰਤਰ ਦੇ ਸ਼ਬਦ ਬੋਲੀ ਜਾ ਰਹੇ ਸਨ। ਇੱਕੋ ਸਵਰ ਵਿੱਚ ਇਸ ਸਵਰ ਲਹਿਰੀ ਵਿੱਚੋਂ ਵੀ ਇੱਕ ਡਰ ਪੈਦਾ ਹੋ ਉੱਠਿਆ ਸੀ। ਇਸ ਮੰਤਰ ਦੇ ਸਮਾਪਤ ਹੋਣ ਤੋਂ ਝੱਟ ਬਾਅਦ ਗੋਪਾਲ ਨੇ ਲੱਕੜ ਤੋਂ ਆਪਣਾ ਸਿਰ ਉਠਾ ਕੇ ਨੌਜਾਨਾਂ ਵੱਲ ਗਹੁ ਨਾਲ ਝਾਕਣਾ ਸੀ ਤੇ ਫਿਰ ਕਿਸੇ ਇੱਕ ਨੌਜਵਾਨ ਦਾ ਨਾਉਂ ਲੈਣਾ ਸੀ।

ਉਸ ਨੌਜਵਾਨ ਨੇ ਹਵਾ ਦੀ ਤੇਜ਼ੀ ਨਾਲ ਵੇਦੀ ਅੱਗੇ ਆ ਖੜ੍ਹਨਾ ਸੀ। ਗੋਪਾਲ ਨੇ ਉਸ ਵੱਲ ਆਪਣੀ ਜੁੱਤੀ ਵਗਾਹ ਮਾਰਨੀ ਸੀ। ਨੌਜਵਾਨ ਨੇ ਜੁੱਤੀ ਪੈਰਾਂ ਵਿੱਚ ਪਾ ਕੇ ਨਹੀਂ, ਹੱਥਾਂ ਵਿੱਚ ਫੜ ਕੇ ਵੇਦੀ ਦੇ ਇੱਕ ਪਾਸੇ ਬੈਠਣਾ ਸੀ ਤੇ ਫਿਰ ਗੋਪਾਲ ਨੇ ਆਪਣੀ ਗਰਦਨ ਪਹਿਲਾਂ ਵਾਂਗ ਹੀ ਲੱਕੜ 'ਤੇ ਧਰ ਲੈਣੀ ਸੀ। ਪੰਡਤਾਂ ਦਾ ਸੰਕੇਤ ਪ੍ਰਾਪਤ ਕਰਕੇ ਗੋਪਾਲ ਦੇ ਸਿਰ 'ਤੇ ਖੜ੍ਹੇ ਦੇਵ ਕੱਦ ਕਾਲੇ ਮੂੰਹ ਵਾਲੇ ਆਦਮੀ ਨੇ ਆਪਣੀ ਤਲਵਾਰ ਨੂੰ ਹਵਾ ਵਿੱਚ ਲਹਿਰਾਉਣਾ ਸੀ ਤੇ ਇੱਕ ਟੱਕ ਨਾਲ ਉਸ ਦੀ ਗਰਦਨ ਕੱਟ ਦੇਣੀ ਸੀ। ਜਿਉਂ ਹੀ ਗੋਪਾਲ ਦਾ ਧੜ ਵੇਦੀ 'ਤੇ ਡਿੱਗਣਾ ਸੀ, ਪੰਡਤਾਂ ਨੇ ਉੱਚੇ ਸਵਰ ਵਿੱਚ ਉਚਾਰਨ ਕਰਨਾ ਸੀ...ਦੇਵਤਾ ਪ੍ਰਸੰਨ ਹੈ....ਦੇਵਤਾ ਪ੍ਰਸੰਨ ਹੈ....

ਮੰਤਰ ਸਮਾਪਤ ਹੋਇਆ। ਗੋਪਾਲ ਨੇ ਲੱਕੜ 'ਤੋਂ ਆਪਣਾ ਸਿਰ ਉਠਾਇਆ। ਨੌਜਵਾਨ ਪੱਬਾਂ ਭਾਰ ਹੋ ਕੇ ਉਸ ਵੱਲ ਦੇਖਣ ਲੱਗੇ। ਇੱਕ-ਦੂਜੇ ਤੋਂ ਅੱਗੇ ਹੋਣ ਦੀ ਕੋਸ਼ਿਸ਼ ਵਿੱਚ। ਹਰ ਕੋਈ ਜੁੱਤੀ ਲੈਣ ਦਾ ਚਾਹਵਾਨ ਸੀ। ਉਹ ਨੌਜਵਾਨਾਂ ਵੱਲ ਨਹੀਂ ਝਾਕਿਆ। ਸਾਹਮਣੇ ਖੜ੍ਹੀਆਂ ਨੌਜਵਾਨ ਕੁੜੀਆਂ, ਬਹੂਆਂ ਤੇ ਬੱਚਿਆਂ ਵਿੱਚ ਉਸ

ਦੀਆਂ ਅੱਖਾਂ ਘੁੰਮ ਰਹੀਆਂ ਸਨ ਤੇ ਫਿਰ ਇੱਕ ਕੁੜੀ ’ਤੇ ਹੀ ਉਸ ਦੀ ਨਿਗਾਹ ਟਿਕ ਗਈ। ਆਦਮੀਆਂ ਨੇ ਦੇਖਿਆ, ਤੀਵੀਆਂ ਨੇ ਦੇਖਿਆ, ਕੁੜੀਆਂ ਨੇ ਦੇਖਿਆ, ਬੱਚਿਆਂ ਨੇ ਦੇਖਿਆ–ਸਾਰੇ ਪਿੰਡ ਨੇ ਦੇਖਿਆ, ਗੋਮਤੀ ਖੜ੍ਹੀ ਰੋ ਰਹੀ ਸੀ। ਇਹ ਤਾਂ ਬਹੁਤ ਮਾੜਾ ਸ਼ਗਨ ਸੀ...

ਨਰ–ਬਲੀ ਵਾਲੇ ਦਿਨ ਜੇ ਕੋਈ ਰੋ ਪੈਂਦਾ, ਇਸ ਨਾਲ ਤਾਂ ਸਾਰੇ ਪਿੰਡ ’ਤੇ ਆਫ਼ਤ ਆਉਣੀ ਸੰਭਵ ਸੀ। ਸਾਰਾ ਪਿੰਡ ਗੋਮਤੀ ’ਤੇ ਲਾਹਣਤਾਂ ਪਾਉਣ ਲੱਗਿਆ। ਦੁਸ਼ਟਣੀ–ਦੁਸ਼ਟਣੀ....ਪੰਡਤ ਉਚਾਰ ਰਹੇ ਸਨ। ਦੇਵਤਾ ਪ੍ਰਸੰਨ ਹੈ...ਦੇਵਤਾ ਪ੍ਰਸੰਨ ਹੈ। ਵੇਦੀ ਤੋਂ ਇੱਕ ਉੱਚੀ ਕੁੜਕਵੀਂ ਅਵਾਜ਼ ਅਸਮਾਨ ਤੱਕ ਗੂੰਜ ਗਈ। ਇਹ ਅਵਾਜ਼ ਗੋਪਾਲ ਦੀ ਸੀ।

ਤੇ ਫਿਰ...ਤੇ ਫਿਰ ਉਹ ਵੇਦੀ ਤੋਂ ਥੱਲੇ ਉਤਰਿਆ। ਪੰਡਤਾਂ ਕੋਲ ਦੀ ਲੰਘਦਾ ਤੇ ਕੁੜੀਆਂ–ਬਹੂਆਂ ਦੀ ਭੀੜ ਨੂੰ ਚੀਰਦਾ ਹੋਇਆ ਗੋਮਤੀ ਕੋਲ ਜਾ ਖੜ੍ਹਾ। ਗੋਮਤੀ ਉਸ ਵੱਲ ਅੱਖਾਂ ਫਾੜ–ਫਾੜ ਦੇਖਣ ਲੱਗੀ। ਗੋਪਾਲ ਨੇ ਉਸ ਦਾ ਹੱਥ ਫੜ ਲਿਆ।

ਤੇ ਫਿਰ ਇਕੱਠ ਵਿੱਚੋਂ ਨਿਕਲ ਕੇ ਹੱਥ ਵਿੱਚ ਹੱਥ ਪਾਈ ਉਹ ਜਾ ਰਹੇ ਸਨ। ਗੋਪਾਲ ਪਾਗਲਾਂ ਵਾਂਗ ਬੋਲਦਾ ਜਾ ਰਿਹਾ ਸੀ–ਦੇਵਤਾ ਪ੍ਰਸੰਨ ਹੈ....ਦੇਵਤਾ ਪ੍ਰਸੰਨ ਹੈ....

ਸਾਰੇ ਪਿੰਡ ਨੂੰ ਜਿਵੇਂ ਗਸ਼ ਪੈ ਗਈ ਹੋਵੇ। ਇਹ ਅਨਰਥ ਤਾਂ ਬਹੁਤ ਵੱਡਾ ਸੀ। ਕੋਈ ਵੀ ਨਾ ਬੋਲਿਆ। ਕਿਸੇ ਨੇ ਵੀ ਉਨ੍ਹਾਂ ਨਹੀਂ ਰੋਕਿਆ। ♦

# ਨਿੰਮੋ

ਉਹ ਦੇ ਘਰਵਾਲਾ ਫ਼ੌਜੀ ਸੀ। ਸਾਲ ਵਿੱਚ ਦੋ ਵਾਰ ਛੁੱਟੀ ਆਉਂਦਾ। ਜਦੋਂ ਆਉਂਦਾ, ਨਿੰਮੋ ਉਹ ਦੇ ਲਈ ਜਿਵੇਂ ਕੋਈ ਖਿਡੌਣਾ ਹੋਵੇ। ਮਸ੍ਹਾਂ ਲੱਭੀ ਕੋਈ ਕੀਮਤੀ ਚੀਜ਼। ਛੁੱਟੀ ਮੁੱਕੇ ਤੋਂ ਉਹ ਉਦਾਸ ਚਿਹਰਾ ਲੈ ਕੇ ਮੁੜਦਾ। ਦੋਵਾਂ ਦੇ ਚਾਅ ਪੂਰੇ ਨਾ ਹੋਏ ਹੁੰਦੇ। ਬਾਕੀ ਸਮੇਂ ਵਿੱਚ ਉਹ ਸੱਸ ਕੋਲ ਰਹਿੰਦੀ। ਨਾ ਉਹ ਦਾ ਪਿਓ ਸੀ, ਨਾ ਸਹੁਰਾ। ਨਿੰਮੋ ਦਾ ਹੋਰ ਭੈਣ-ਭਾਈ ਵੀ ਕੋਈ ਹੀ ਸੀ।

ਉਹ ਸਾਂਵਲੇ ਰੰਗ ਦੀ ਤਕੜੇ ਜੁੱਸੇ ਵਾਲੀ ਕੁੜੀ ਸੀ। ਨੈਣ-ਨਕਸ਼ ਤਿੱਖੇ। ਉਹ ਦੀਆਂ ਸੋਹਣੀਆਂ ਮੋਟੀਆਂ ਅੱਖਾਂ ਸਾਹਮਣੇ ਜਿਸਮ ਦੇ ਸਾਂਵਲੇ ਰੰਗ ਦੀ ਕੋਈ ਪਹਿਚਾਣ ਨਾ ਰਹਿੰਦੀ।

ਤੋਖਾ ਗੋਰੇ ਰੰਗ ਦਾ ਭਰ ਜਵਾਨ ਗੱਭਰੂ ਸੀ। ਜੁੱਸੇ ਦਾ ਉਹ ਵੀ ਪੂਰਾ। ਤੋਖੇ ਦੀਆਂ ਅੱਖਾਂ ਥੋੜ੍ਹੀਆਂ ਭੂਰੀਆਂ ਸਨ। ਛੁੱਟੀ ਆਇਆ ਉਹ ਨਿੰਮੋ ਦੇ ਇਉਂ ਅੱਗੇ-ਪਿੱਛੇ ਰਹਿੰਦਾ, ਜਿਵੇਂ ਕਦੇ ਕੁਝ ਦੇਖਿਆ ਹੀ ਨਾ ਹੋਵੇ। ਜਾਂ ਕੀ ਪਤਾ ਮੁੜ ਕੇ ਛੁੱਟੀ ਆਉਣਾ ਕਦੇ ਨਸੀਬ ਹੋਵੇਗਾ ਕਿ ਨਹੀਂ? ਨਿੰਮੋ ਲਈ ਦੁਨੀਆ ਜਹਾਨ ਵਿੱਚ ਉਹ ਸਭ ਤੋਂ ਵੱਧ ਸੋਹਣਾ ਸੀ। ਪਰ ਫ਼ੌਜੀ ਦੀ ਤੀਵੀਂ ਨੂੰ ਕਾਹਦਾ ਮਾਣ, ਨਾ ਸੁਹਾਗਣ, ਨਾ ਰੰਡੀ।

ਉਹ ਛੁੱਟੀ ਆਉਂਦਾ ਤਾਂ ਘਰ ਦਾ ਕੁਝ ਨਾ ਕੁਝ ਸੰਵਾਰ ਕੇ ਜਾਂਦਾ। ਇੱਕ ਵਾਰ ਉਹ ਨੇ ਨਵੀਂ ਬਸਤੀ ਵਿੱਚ ਛੋਟਾ ਜਿਹਾ ਪਲਾਟ ਖਰੀਦ ਲਿਆ। ਚਾਰ ਦੀਵਾਰੀ ਵੀ ਕਰ ਦਿੱਤੀ। ਫੇਰ ਇੱਕ ਵਾਰ ਆਇਆ, ਇੱਕ ਕਮਰਾ ਛੱਤ ਲਿਆ। ਅਗਲੀ ਵਾਰ ਦੂਜਾ ਕਮਰਾ ਛੱਤ ਕੇ ਤੇ ਰਸੋਈ-ਗੁਸਲਖ਼ਾਨਾ ਬਣਾ ਕੇ ਨਵੀਂ ਬਸਤੀ ਵਿੱਚ ਜਾ ਰਿਹਾਇਸ਼ ਕੀਤੀ। ਨੂੰਹ-ਸੱਸ ਸਰਦਾਰਨੀਆਂ ਬਣ ਕੇ ਰਹਿੰਦੀਆਂ। ਵਿਹੜੇ ਵਿੱਚ ਤਾਂ ਉਨ੍ਹਾਂ ਦਾ ਪੁਰਾਣਾ ਮਕਾਨ ਨਰਕ ਸੀ। ਲਟੈਣ ਘੁਣੇ ਦੀ ਖਾਧੀ ਤੇ ਕੜੀਆਂ ਸ਼ਤੀਰ ਬੋਦੇ ਹੋ ਚੁੱਕੇ ਸਨ। ਕੋਈ ਪਤਾ ਨਹੀਂ ਸੀ, ਮੀਂਹ-ਕਣੀ ਵਿੱਚ ਕਦੋਂ ਕੋਈ ਖਣ ਡਿੱਗ ਪਵੇਂ ਤੇ ਉਹ ਨੂੰਹ-ਸੱਸ ਛੱਤ ਦੀ ਮਿੱਟੀ ਥੱਲੇ ਦਬੀਆਂ ਪਈਆਂ ਭਾਲੀਆਂ ਵੀ ਕਿਧਰੇ ਨਾ ਥਿਆਉਣ।

ਨਵੀਂ ਬਸਤੀ ਵਿੱਚ ਹੋਰਾਂ ਪਿੰਡਾਂ ਤੋਂ ਆ ਕੇ ਵਸੇ ਵੱਖ-ਵੱਖ ਜਾਤ-ਬਰਾਦਰੀਆਂ ਦੇ ਲੋਕ ਸਨ। ਵੱਖ-ਵੱਖ ਕੰਮ-ਧੰਦੇ, ਨੌਕਰੀਆਂ, ਦੁਕਾਨਦਾਰੀਆਂ ਤੇ ਪਤਾ ਨਹੀਂ ਕੀ-ਕੀ ਕਾਰੋਬਾਰ ਸਨ, ਉਨ੍ਹਾਂ ਦੇ। ਹਰ ਘਰ ਦਾ ਆਪਣਾ ਇੱਕ ਅਲੱਗ ਸੰਸਾਰ ਸੀ। ਘਰ ਨੂੰ ਘਰ ਦੀ ਪਹਿਚਾਣ ਨਹੀਂ ਸੀ। ਪਹਿਚਾਣ ਸੀ ਵੀ ਤਾਂ ਸਿਰਫ਼ ਬੁੱਢੇ ਬੁੱਢਿਆਂ ਤੇ ਛੋਟੇ

ਜੁਆਕਾਂ ਦੀ। ਛੋਟੇ ਜੁਆਕ ਗਲੀਆਂ ਵਿੱਚ ਇਕੱਠੇ ਖੇਡਦੇ ਤੇ ਬੁੱਢੇ ਬੰਦੇ ਜਿੱਥੇ ਵੀ ਗੱਲਾਂ ਮਿਲਦੀਆਂ, ਖੜ੍ਹ ਜਾਂਦੇ।

ਤੋਖਾ ਮਹੀਨੇ ਦੇ ਮਹੀਨੇ ਮਨੀਆਰਡਰ ਭੇਜਦਾ। ਛੁੱਟੀ ਆਇਆ, ਇਕੱਠਾ ਸਮਾਨ ਵੀ ਰੱਖ ਜਾਂਦਾ। ਨੂੰਹ-ਸੱਸ ਸੋਹਣਾ ਗੁਜ਼ਾਰਾ ਕਰਦੀਆਂ। ਨਿੰਮੋ ਕਦੇ ਪੇਕੀਂ ਹੁੰਦੀ ਤਾਂ ਸੱਸ ਦੀਆਂ ਬੱਸ ਦੋ ਗੁੱਲੀਆਂ ਸਨ।

ਤੋਖਾ ਨਾਮ-ਕੱਟਿਆਂ ਦੀ ਸੂਚੀ ਵਿੱਚ ਆ ਗਿਆ। ਘਰ ਆ ਕੇ ਵਿਹਲਾ ਰਹਿੰਦਾ। ਪੱਲੇ ਦੀ ਪੂੰਜੀ ਖਾ ਪੀ ਲਈ ਤਾਂ ਤੰਗ ਰਹਿਣ ਲੱਗਿਆ। ਨੌਕਰੀ ਦੀ ਤਲਾਸ਼ ਕੀਤੀ। ਨਹੁੰ ਅੜ੍ਹਕਦਾ-ਅੜ੍ਹਕਦਾ ਰਹਿ ਜਾਂਦਾ। ਇਸ ਦੌਰਾਨ ਉਸ ਦੀ ਮਾਂ ਚਲਾਣਾ ਕਰ ਗਈ। ਤੋਖੇ ਨੂੰ ਆਖ਼ਰ ਇੱਕ ਕਤਾਈ ਮਿੱਲ ਵਿੱਚ ਚੌਕੀਦਾਰੇ ਦੀ ਨੌਕਰੀ ਮਿਲ ਗਈ। ਉਨ੍ਹਾਂ ਦਾ ਚੁੱਲ੍ਹਾ ਤੁਰਨ ਲੱਗ ਪਿਆ ਕੁਝ। ਇੱਕ ਦਿਨ ਬੰਬ ਧਮਾਕਾ ਹੋਇਆ। ਮਿੱਲ ਦੇ ਚਾਰ ਬੰਦੇ ਮਾਰੇ ਗਏ, ਉਨ੍ਹਾਂ ਵਿੱਚ ਤੋਖਾ ਵੀ ਸੀ। ਨਿੰਮੋ ਇਕੱਲੀ ਰਹਿ ਗਈ।

ਨਿੰਮੋ ਲਈ ਦੁਨੀਆ ਹਨੇਰ ਹੋ ਗਈ। ਦਿਨ ਚੜ੍ਹਦਾ ਸੀ, ਛਿਪਣ ਵਿੱਚ ਨਾ ਆਉਂਦਾ। ਰਾਤ ਪੈਂਦਾ, ਮੁੱਕਦੀ ਹੀ ਨਾ। ਢਿੱਡ ਵਿੱਚ ਗੋਡੇ ਦੇ ਕੇ ਉਹ ਮੰਜੇ ਦਾ ਦਮ ਦੇਖਦੀ। ਦਿਮਾਗ਼ ਤਾਂ ਸੁੰਨ ਸੀ। ਮਾਸ ਵਿੱਚ ਲਹੂ ਕਿਧਰੇ ਨਹੀਂ ਰਹਿ ਗਿਆ ਸੀ। ਮੱਥੇ ਦਾ ਇਲਾਜ ਤਾਂ ਕੀ ਹੋਵੇਗਾ, ਢਿੱਡ ਨੂੰ ਕੌਣ ਸਮਝਾਵੇ? ਬੰਦੇ ਬਗ਼ੈਰ ਉਹ ਕੱਟ ਲਵੇਗੀ, ਢਿੱਡ ਦਾ ਕੀ ਹੀਲਾ ਕਰੇ? ਜਵਾਨੀ ਨੂੰ ਮੰਗਣਾ ਵੀ ਕੀ ਆਖੇ, ਸੌ ਊਜਾਂ। ਉਹ ਦੇ ਗੁਆਂਢੀ ਰੁੱਘੇ ਨੇ ਤਰਸ ਕੀਤਾ ਤੇ ਉਹ ਨੂੰ ਦੋਹੇਂ ਵੇਲਿਆਂ ਦੀ ਰੋਟੀ ਦੇਣ ਲੱਗਿਆ।

ਰੁੱਘਾ ਵੀ ਨੇੜੇ ਦੇ ਪਿੰਡੋਂ ਪੁੱਟਿਆ-ਠੱਡਿਆ ਏਥੇ ਇਸ ਨਵੀਂ ਬਸਤੀ ਵਿੱਚ ਨਵਾਂ-ਨਵਾਂ ਆ ਕੇ ਵੱਸਿਆ ਸੀ। ਸਾਈਕਲ ’ਤੇ ਪਿੰਡਾਂ ਤੋਂ ਦੁੱਧ ਲੈ ਕੇ ਆਉਂਦਾ ਤੇ ਹਲਵਾਈਆਂ ਦੇ ਪਾ ਦਿੰਦਾ। ਉਹ ਨੂੰ ਚੰਗੀ ਆਮਦਨ ਸੀ। ਤੋਖੇ ਨਾਲ ਉਹ ਦੀ ਕੰਧ ਸਾਂਝੀ ਸੀ। ਦਿਨੋ-ਦਿਨ ਉਹ ਆਪਣਾ ਕੰਮ ਵਧਾਉਂਦਾ ਜਾ ਰਿਹਾ ਸੀ। ਇੱਕ ਕਮਰੇ ਵਾਲਾ ਮਕਾਨ ਸੀ ਉਹਦਾ। ਕੁਝ ਸਾਲਾਂ ਵਿੱਚ ਹੀ ਉਹ ਨੇ ਮੋਟਰ ਸਾਈਕਲ ਲੈ ਲਿਆ। ਦੁੱਧ ਵਾਲੇ ਢੋਲ ਵੱਡੇ ਹੋ ਗਏ। ਆਪਣੀ ਰੋਟੀ ਆਪ ਪਕਾਉਂਦਾ।

ਦਿਨਾਂ ਵਿੱਚ ਹੀ ਚਰਚਾ ਹੋਣ ਲੱਗੀ-‘ਰੁੱਘਾ ਉੱਚੀ ਕੁੱਲ ਦਾ ਹੋ ਕੇ ਨਿੰਮੋ ਦੇ ਹੱਥ ਦੀਆਂ ਪੱਕੀਆਂ ਖਾਂਦੈ। ਦੁਨੀਆਂ ਗਰਕਣ ’ਤੇ ਆ ’ਗੀ ਭਾਈ। ਧਰਮ ਤਾਂ ਕੋਈ ਰਹਿ ਈ ਨ੍ਹੀਂ ਗਿਆ। ਜਾਤ-ਕੁਜਾਤ ਇੱਕ ਹੋ ’ਗੀ।’

ਦੁਰ-ਚਰਚਾ ਦੀ ਪਰਵਾਹ ਨਾ ਕਰਦਿਆਂ ਰੁੱਘੇ ਨੇ ਸਗੋਂ ਕੰਧ ਦੀਆਂ ਪੰਦਰਾਂ ਇੱਟਾਂ ਕੱਢੀਆਂ ਤੇ ਆਉਣ-ਜਾਣ ਦਾ ਰਾਹ ਬਣਾ ਲਿਆ। ਗਲੀ ਦੇ ਲੋਕ ਉਹ ਦੇ ਵੱਲ ਗਹੁ ਨਾਲ ਝਾਕਦੇ ਤੇ ਮੁਸਕੜੀਏਂ ਹੱਸਣ ਲੱਗਦੇ। ਦੋਵਾਂ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਨਿੰਮੋ ਨੂੰ ਰੋਟੀ ਮਿਲਦੀ ਸੀ, ਰੁੱਘੇ ਨੂੰ ਤੀਵੀਂ। ਨਿੰਮੋ ਆਖਦੀ, ‘ਮੈਨੂੰ ਤੂੰ ਕੋਈ ਹੋਰ ਲੱਗਦਾ ਈ ਨ੍ਹੀਂ। ਓਸ ਵੇਲੇ ਜਮ੍ਹਾਂ ਈ ਤੋਖੇ ਦਾ ਰੂਪ ਹੁੰਨੈ ਤੂੰ। ਸੱਚ ਜਾਣ ਤੇਰਾ ਚਿਹਰਾ ਬਦਲ ਜਾਂਦੈ-ਓਹੀ ਨੱਕ, ਓਹੀ ਅੱਖਾਂ, ਓਹੀ ਮੱਥਾ, ਹੱਥ-ਪੈਰ ਵੀ ਓਹੀ, ਸਾਰਾ ਕੁਸ਼ ਓਸੇ ਦਾ।’

ਰੁੱਘਾ ਗੱਲ ਕਰਦਾ ਤੇ ਨੀਵੀਂ ਪਾ ਲੈਂਦਾ। ਖਿਆਲਾਂ ਵਿੱਚ ਗੜੂੰਦ ਉਹ ਨੂੰ ਆਪਣੀ ਔਰਤ ਯਾਦ ਆਉਣ ਲੱਗਦੀ। ਉਹ ਵੀ ਇਸੇ ਤਰ੍ਹਾਂ ਦੀਆਂ ਨਿੱਕੀਆਂ-

ਨਿੱਕੀਆਂ ਅਜੀਬ ਗੱਲਾਂ ਕਰਿਆ ਕਰਦੀ। ਆਖਦੀ ਹੁੰਦੀ-'ਸਹੁੰ ਭਾਈ ਦੀ, ਰੁੱਘਿਆ, ਮੈਨੂੰ ਤੇਰੇ ਵਿੱਚ ਦੀ ਸਾਹ ਆਉਂਦੈ, ਤੈਨੂੰ ਸਾਰੇ ਦੇ ਸਾਰੇ ਨੂੰ ਨਿਗ਼ਲ ਲਵਾਂ।'

ਬਸਤੀ ਦੇ ਲੰਡਰ ਮੁੰਡੇ ਵੀ ਨਿੰਮੋ ਦੇ ਘਰ ਗੇੜਾ ਮਾਰਦੇ। ਕਦੇ ਕੋਈ ਆਉਂਦਾ, ਕਦੇ ਕੋਈ। ਜਿਹੜਾ ਵੀ ਆਉਂਦਾ, ਖਾਸਾ-ਖਾਸਾ ਚਿਰ ਨਿੰਮੋ ਦੇ ਵਿਹੜੇ ਵਿੱਚ ਬੈਠਾ ਰਹਿੰਦਾ। ਗੱਲਾਂ ਮਾਰਦਾ। ਪਰ ਉਹ ਅਸਲੀ ਗੱਲ 'ਤੇ ਆਉਂਦੀ-ਆਉਂਦੀ ਤਿਲ੍ਹਕ ਜਾਂਦੀ। ਉਹ ਦਾ ਸੁਭਾਓ ਕੂਲਾ ਸੀ। ਭੁਲੇਖਾ ਪੈਂਦਾ, ਜਿਵੇਂ ਹਰ ਕੋਈ ਉਹ ਨੂੰ ਆਪਣੇ ਵੱਸ ਵਿੱਚ ਕਰ ਸਕਦਾ ਹੈ। ਕੋਈ ਅੰਦਰ ਬੈਠਾ ਹੁੰਦਾ ਤਾਂ ਉਹ ਦਰਵਾਜ਼ੇ ਦਾ ਬਾਰ ਖੁੱਲ੍ਹਾ ਰੱਖਦੀ। ਸਾਹਮਣੇ ਵਿਹੜੇ ਵਿੱਚ ਬੈਠਦੀ। ਕੋਈ ਉੱਠਣ ਵਿੱਚ ਹੀ ਨਾ ਆਉਂਦਾ ਤਾਂ ਉਹ ਭਾਂਡਾ-ਟੀਂਡਾ ਖੜਕਾਉਣ ਲੱਗਦੀ, ਬਹੁਕਰ ਲੈ ਕੇ ਵਿਹੜਾ ਸੁੰਭਰਦੀ ਫਿਰਦੀ। ਮੁੰਡੇ ਆਉਣੋਂ ਹਟਦੇ ਨਹੀਂ ਸੀ। ਉਹ ਵੀ ਕਿਸੇ ਨੂੰ ਰੁੱਖਾ ਬੋਲ ਕੇ ਵਰਜਦੀ ਟੋਕਦੀ ਨਹੀਂ ਸੀ। ਉਹ ਦੇ ਅੰਦਰ ਡਰ ਬੈਠ ਗਿਆ ਸੀ, ਇਹ ਮੁੰਡੇ ਕਿਤੇ ਉਹ ਨੂੰ ਉਂ ਖਰਾਬ ਨਾ ਕਰਨ ਲੱਗ ਪੈਣ। ਉਹ ਸੋਚਦੀ, ਆਉਂਦੇ ਨੇ, ਮੂੰਹ ਦੀ ਮਗਜਾਲੀ ਮਾਰ ਕੇ ਵਗ ਜਾਂਦੇ ਨੇ। ਉਹ ਦਾ ਕੀ ਲੈ ਜਾਂਦੇ ਨੇ? ਇਹ ਹਿੰਮਤ ਕਿਸੇ ਦੀ ਨਹੀਂ ਸੀ ਕਿ ਕੋਈ ਉਹ ਦੀ ਬਾਂਹ ਮੱਲੋਜ਼ੋਰੀ ਫੜ ਲਵੇ।

ਤੇ ਫਿਰ ਮੁਹੱਲੇ ਵਿੱਚ ਇਹ ਚਰਚਾ ਆਮ ਹੋ ਗਈ ਕਿ ਉਹ ਬਦਕਾਰ ਔਰਤ ਹੈ। ਮੁੰਡਿਆਂ ਨੂੰ ਖਰਾਬ ਕਰਦੀ ਹੈ। ਘਰ ਦਾ ਕੰਮ ਛੱਡ ਕੇ ਮੁੰਡੇ ਉਹ ਦੇ ਅੰਦਰ ਵੜੇ ਰਹਿੰਦੇ ਹਨ। ਕੋਈ ਕਹਿੰਦਾ ਸੀ, ਕੱਢੋ ਇਹ ਨੂੰ ਐਥੋਂ। ਧੀਆਂ-ਭੈਣਾਂ ਆਲੇ ਆਂ, ਕੀ ਅਸਰ ਪੈਂਦਾ ਹੋਊ।'

ਹੋਰ ਕੋਈ ਆਖਦਾ, 'ਇਹ ਕੀ ਕਿਸੇ ਨੂੰ ਆਪ ਸੱਦ ਕੇ ਲਿਆਉਂਦੀ ਐ? ਜੀਹਨੂੰ ਬੁਰਾ ਲੱਗਦੈ ਨਾ ਜਾਣ ਦੇਵੇ ਭਾਈ ਆਵਦੇ ਮੁੰਡੇ ਨੂੰ ਇਹ ਦੇ ਕੋਲ।'

ਖੁੱਲ੍ਹੀ ਬੁੱਕਲ ਵਾਲਾ ਕੋਈ ਰੁੱਘੇ ਨੂੰ ਮੱਤਾਂ ਦੇਣ ਲੱਗਦਾ, 'ਕੰਜਰ ਦਿਆ ਬਾਮ੍ਹਣਾ ਉਹ ਤੇਰੇ ਹੱਥਾਂ 'ਚੋਂ ਗਈ ਖੜ੍ਹੀ ਐ। ਉਹ ਨੂੰ ਆਖਦਾ ਕਿਉਂ ਨ੍ਹੀਂ, ਅੰਦਰਲਾ ਕੁੰਡਾ ਲਾ ਕੇ ਰੱਖਿਆ ਕਰੇ। ਕੁਤੀੜ ਅੰਦਰ ਵਾੜੀ ਰੱਖਦੀ ਐ। ਇੱਕ ਨਿਕਲਦੈ, ਦੂਜਾ ਜਾ ਵੜਦੈ।'

ਰੁੱਘਾ ਹੱਸ ਪੈਂਦਾ, 'ਆਪਾਂ ਕੀ ਉਹ ਦੇ ਨਾਲ ਫੇਰੇ ਲਏ ਹੋਏ ਐ?' ਆਵਦੇ ਬਰ੍ਹਮ 'ਚ ਜੋ ਮਰਜ਼ੀ ਕਰੇ, ਆਪਾਂ ਨੂੰ ਕੀ। ਵਿਚੇ ਆਪਣੀ ਗੁੱਲੀ ਰੜ੍ਹੀ ਜਾਂਦੀ ਐ।'

'ਓਏ ਸਾਲਿਆ ਮੇਰਿਆ,ਕਾਠੀ ਪਾਉਣੀ ਐ, ਸੰਵਾਰ ਕੇ ਪਾ, ਜਾਂ ਛੱਡ ਖਹਿੜਾ।'

'ਸੰਵਾਰ ਕੇ ਕਿਮੇਂ?' ਰੁੱਘਾ ਹੱਸ ਰਿਹਾ ਹੁੰਦਾ।

'ਉਹ ਨੂੰ ਆਖ, ਵੱਢ ਦੂੰ ਲੱਤਾਂ, ਜੇ ਮੇਰੇ ਬਗ਼ੈਰ ਕਿਸੇ ਨਾਲ ਕਲਾਮ ਕੀਤੀ ਐ। ਐਨਾ ਵੀ ਨ੍ਹੀਂ ਕਰ ਸਕਦਾ?'

'ਓ, ਇਹ ਨਰ ਤੀਮੀਂ ਐ। ਕਿੰਨਾ ਕੋਈ ਆਈਂ ਜਾਵੇਂ, ਮੂੰਹ ਦੀ ਭੁਕਾਈ ਮਾਰੀ ਜਾਵੇਂ, ਇਹ ਐਹੀ ਜ੍ਹੀ ਨ੍ਹੀਂ।' ਰੁੱਘਾ ਅੱਖਾਂ ਵਿੱਚ ਗਹਿਰ ਭਰ ਕੇ ਜਵਾਬ ਦਿੰਦਾ।

'ਸਾਰਾ ਮੁਹੱਲਾ ਤਰਾਹ-ਤਰਾਹ ਕਰਦੈ।'

'ਕੀ ਤਰਾਹ-ਤਰਾਹ ਕਰਦੈ?'

'ਜੋ ਇਹ ਕਰਦੀ ਐ।'

'ਕੀ ਕਰਦੀ ਐ?'

'ਤੈਨੂੰ ਨ੍ਹੀਂ ਪਤਾ?'

'ਸਭ ਪਤੈ। ਮੈਨੂੰ ਸਭ ਦੱਸਦੀ ਐ ਏਹੇ। ਕੌਣ ਆਇਆ, ਕੀ ਗੱਲਾਂ ਕਰਕੇ ਗਿਐ। ਕਿਹੜੇ ਦੀ ਅੱਖ ਕਿੰਨੀ ਮੈਲੀ ਐ।'

'ਫੇਰ, ਇਹ ਰੋਕੇ ਉਨ੍ਹਾਂ ਨੂੰ।'

'ਇੱਕ ਦਿਨ ਇਹ ਵੀ ਹੋਜੂ।'

'ਕੀ ਹੋਜੂ?'

'ਇਹ ਵੀ ਦੇਖ ਲੀਂ, ਤੇਰੇ ਸਾਹਮਣੇ ਹੋਊ।' ਰੁੱਘੇ ਦਾ ਰਹੱਸ ਅਗਲੇ ਦੀ ਸਮਝ ਤੋਂ ਪਰ੍ਹੇ ਹੁੰਦਾ।

ਤਿੰਨ ਦਿਨਾਂ ਤੋ ਰੁੱਘਾ ਤੇ ਨਿੰਮੋ ਬਸਤੀ ਵਿੱਚ ਨਹੀਂ ਸਨ। ਤਿੰਨ ਦਿਨ, ਤਿੰਨ ਰਾਤਾਂ ਉਨ੍ਹਾਂ ਦੇ ਘਰਾਂ ਨੂੰ ਬਾਹਰੋਂ ਜਿੰਦਰੇ ਲੱਗੇ ਰਹੇ। ਉਹ ਆਏ ਤਾਂ ਬਸਤੀ ਵਿੱਚ ਸਭ ਦੇ ਦੰਦ ਜੁੜੇ ਦੇ ਜੁੜੇ ਰਹਿ ਗਏ। ਉਹ ਪਤੀ-ਪਤਨੀ ਬਣ ਕੇ ਆਏ ਸਨ। ਦੂਰ ਕਿਧਰੇ ਜਾ ਕੇ ਕਿਸੇ ਮੰਦਰ ਵਿੱਚ ਰੁੱਘੇ ਨੇ ਨਿੰਮੋ ਨਾਲ ਫੇਰੇ ਪੜ੍ਹਵਾ ਲਏ ਸਨ।

ਉਹ ਅੱਜ ਆਏ ਤੇ ਕੱਲ੍ਹ ਨੂੰ ਦੋਵੇਂ ਘਰਾਂ ਵਿਚਕਾਰਲੀ ਕੰਧ ਨਹੀਂ ਸੀ। ਦੋਵੇਂ ਘਰਾਂ ਦਾ ਇੱਕ ਬਣਿਆ ਪਿਆ ਸੀ। ਗਲੀ ਦੀਆਂ ਤੀਵੀਆਂ ਨਿੰਮੋ ਕੋਲ ਗਈਆਂ ਤਾਂ ਉਹਨਾਂ ਨੇ ਹੱਸ-ਹੱਸ ਸਾਰੀ ਗੱਲ ਦੱਸੀ। ਰੁੱਘਾ ਵੀ ਚਾਂਭਲ-ਚਾਂਭਲ ਸਭ ਦੱਸ ਰਿਹਾ ਸੀ।

ਤੇ ਫਿਰ ਇੱਕ ਦਿਨ, ਦੋ ਦਿਨ, ਤੀਜੇ ਦਿਨ ਨੂੰ ਬੇਥਵੀਆਂ ਗੱਲਾਂ ਦਾ ਧੂੰਆ ਉੱਠਣ ਲੱਗਿਆ। ਵੱਡੀ ਉਮਰ ਦੇ ਬੰਦੇ ਲਾਹਣਤਾਂ ਪਾ ਰਹੇ ਸਨ। ਅਖੇ, 'ਉੱਚੀ ਜਾਤ ਦੇ ਘਰ ਜਨਮ ਲੈ ਕੇ ਇਹ ਕੀ ਕੀਤਾ ਸਹੁਰੇ ਨੇ?'

ਕੋਈ ਆਖਦਾ ਸੀ, 'ਇਹ ਤਾਂ ਕਲੰਕ ਖੱਟ ਲਿਆ ਰੁੱਘੇ ਨੇ।'

'ਕੱਲ੍ਹ ਨੂੰ ਆਪਣੇ 'ਚੋਂ ਹੋਰ ਕੋਈ ਕਰੂ ਇਉਂ ਈ।'

'ਇਹੀ ਤਾਂ ਹੈ, ਧਰਮ ਕਿੱਥੇ ਰਹਿ ਗਿਆ ਬੰਦੇ ਦਾ?'

'ਪੱਟੀ ਮੇਸ ਆਲਾ ਜਾਤ-ਕੁਜਾਤ ਤਾਂ ਦੇਖ ਲੈਂਦਾ। ਗੰਦਾ ਖਾਣਾ ਸੀ, ਹੋਰ ਕਿਧਰੇ ਖਾ ਲੈਂਦਾ। ਆਵਦੀ ਬਰਾਦਰੀ ਦੀਆਂ ਕਿਹੜਾ ਮੁੱਕ 'ਗੀਆਂ ਸੀ।'

'ਇਹ ਨੂੰ ਕੱਢੋ ਯਾਰ ਮੁਹੱਲੇ 'ਚੋਂ। ਜਾਹ ਬਈ, ਲੈ ਜਾ ਆਵਦੀ ਨੂੰ।' ਕਿਸੇ ਨੇ ਤੱਤਾ ਬੋਲ ਕੱਢ ਦਿੱਤਾ।

'ਠੀਕ ਐ, ਇਹ ਨੇ ਤਾਂ ਲਾਜ ਲਾ 'ਤੀ ਆਵਦੀ ਕੁਲ ਨੂੰ। ਮੁਹੱਲੇ 'ਚ ਰਹਿਣ ਦਾ ਹੁਣ ਇਹ ਦਾ ਕੋਈ ਹੱਜ ਨ੍ਹੀਂ।'

'ਦੇਖੇ ਕੋਈ, ਕਿਮੇਂ ਕੰਨ 'ਤੇ ਜਨੇਊ ਜ੍ਹਾ ਟੰਗੀਂ ਫਿਰੂ ਸਾਲਾ ਮੇਰਾ।'

'ਰਹਿਤ-ਮਰਯਾਦਾ ਤਾਂ ਪੂਰੀ ਰਖਦੈ, ਆਵਦੀ ਜਾਣ 'ਚ।'

'ਤੇ ਕਰਤੂਤ?'

'ਕਰਤੂਤ ਸਾਹਮਣੇ ਐ।' ਗੱਲਾਂ ਕਰਨ ਵਾਲੇ ਉੱਚਾ ਹੱਸਣ ਲੱਗੇ।

ਦੌਲੀ ਬੁੜ੍ਹਾ ਖਾਸੇ ਚਿਰ ਦਾ ਸਭ ਦੀਆਂ ਸੁਣੀ ਜਾਂਦਾ ਸੀ। ਬੋਲਿਆ, 'ਰੁੱਘੇ ਦੇ ਤਾਂ ਪੈਰ ਧੋ-ਧੋ ਪੀਓ ਭਾਈ।'

'ਦੌਲਤ ਰਾਮਾ, ਇਹ ਕਿਮੇਂ?' ਉਹ ਦੀ ਗੱਲ 'ਤੇ ਸਾਰੇ ਹੈਰਾਨ ਸਨ।

'ਪਰੋਪਕਾਰੀ ਕੰਮ ਕੀਤੈ ਰੁੱਘੇ ਨੇ।' ਦੌਲੀ ਗੰਭੀਰ ਹੋ ਕੇ ਬੋਲ ਰਿਹਾ ਸੀ।

'ਪਰਉਪਕਾਰ? ਸੁਣ ਲਓ ਬਈ।' ਹਾਸੇ ਦੇ ਫ਼ਵਾਰੇ ਅਸਮਾਨੀਂ ਚੜ੍ਹ ਗਏ।

'ਲਾਲਾ ਜੀ, ਹੋਸ਼ 'ਚੋਂ?' ਕਿਸੇ ਨੇ ਦੌਲੀ ਬੁੜ੍ਹੇ ਦੀ ਬਾਂਹ ਫੜੀ।

'ਉਹ ਨੇ ਮੁੰਡੇ ਬਚਾ 'ਲੇ।'

'ਮੁੰਡੇ ਬਚਾ 'ਲੇ?'

'ਹਾਂ, ਹੁਣ ਉਹ ਰੁੱਘੇ ਦੀ ਘਰਵਾਲੀ ਐ। ਆਪੇ ਨਿਗਾਹ ਰੱਖੂ ਉਹ ਦੀ। ਮੁੰਡੇ ਬਚ 'ਗੇ। ਮੁਹੱਲੇ 'ਤ ਪਰੋਪਕਾਰ ਕੀਤੈ ਇੱਕ ਤਰ੍ਹਾਂ ਦਾ ਰੁੱਘੇ ਨੇ। ਸੋਚ ਦੇ ਦੇਖੋ।'

ਦੌਲੀ ਦੀ ਗੱਲ ਵਾਕਿਆ ਹੀ ਸੋਚਣ ਵਾਲੀ ਸੀ। ♦

# ਨਾੜੂਆ

ਦੁਰਗੀ ਦੇ ਇੱਕ ਹੱਥ ਫੱਟੀ ਤੇ ਦੂਜੇ ਹੱਥ ਕਿਤਾਬ ਪੈਨਸਿਲ ਤੇ ਸਿਆਹੀ ਦੀ ਦਵਾਤ ਦੇਖ ਕੇ ਪਿੱਪਲ ਥੱਲੇ ਬੈਠੇ ਬੰਦੇ ਗੁੱਝਾ-ਗੁੱਝਾ ਹੱਸਣ ਲੱਗੇ। ਹੈਰਾਨੀ ਭਰਿਆ ਹਾਸਾ।

'ਓਏ, ਦੁਰਗੀ ਸਕੂਲ ਪੜ੍ਹਨ ਜਾਂਦੀ ਐ?' ਇੱਕ ਨੇ ਜਿਵੇਂ ਮਸ਼ਕਰੀ ਕੀਤੀ ਹੋਵੇ।

'ਓਏ ਨਹੀਂ, ਮਾਸਟਰਨੀ ਐ, ਪੜ੍ਹਾਉਣ ਜਾਂਦੀ ਹੋਊ।' ਇੱਕ ਹੋਰ ਨੇ ਕਿਹਾ।

ਹਾਸੇ ਦਾ ਭਾਂਬੜ ਉੱਚਾ ਮੱਚ ਉੱਠਿਆ। ਪਾਲੇ ਮਾਰੇ ਲੋਕਾਂ ਦੀਆਂ ਬੁੱਕਲਾਂ ਖੁੱਲ੍ਹ ਗਈਆਂ। ਦੁਰਗੀ ਬੀਹੀ ਦਾ ਮੋੜ ਟੱਪ ਚੁੱਕੀ ਸੀ। ਪਰ ਹਾਸੇ ਦੀ ਲਾਟ ਦਾ ਇੱਕ ਟੋਟਾ ਉਹ ਦੀ ਪਿੱਠ ਪਿੱਛੇ ਜ਼ਰੂਰ ਜਾ ਚਿੰਬੜਿਆ ਹੋਵੇਗਾ। ਉਹ ਕਾਹਲ ਨਾਲ ਤੁਰਨ ਲੱਗੀ। ਸਕੂਲ ਜਾਣ ਦਾ ਵੇਲਾ ਹੁੰਦਾ ਜਾ ਰਿਹਾ ਸੀ। ਉਹ ਪਹਿਲਾਂ-ਪਹਿਲਾਂ ਸੱਜਣ ਸਿੰਘ ਦੇ ਘਰ ਪਹੁੰਚ ਜਾਣਾ ਚਾਹੁੰਦੀ ਸੀ।

ਉਦੋਂ ਤਾਂ ਦੁਰਗੀ ਨੇ ਲੋਹੜਾ ਹੀ ਮਾਰਿਆ ਸੀ। ਉਹ ਆਪਣੇ ਇੱਕੋ-ਇੱਕ ਪੁੱਤਰ ਛਿੰਦੇ ਨੂੰ ਛੱਡ ਕੇ ਘਣੀਏ ਨਾਲ ਨਿਕਲ ਤੁਰੀ ਸੀ। ਛਿੰਦਾ ਤਿੰਨ ਵਰ੍ਹਿਆਂ ਦਾ ਬਲੂਰ ਸੀ ਮਸ੍ਹਾਂ। ਰੋਂਦਾ ਕੀ ਡਾਡਾਂ ਮਾਰਦਾ। ਦਾਦੀ ਉਹ ਨੂੰ ਹਿੱਕ ਨਾਲ ਘੁੱਟ-ਘੁੱਟ ਵਰਿਆਉਂਦੀ, ਪਰ ਉਹ ਘਰ ਦੀਆਂ ਖਾਲੀ ਸਬ੍ਹਾਤਾਂ ਵੱਲ ਝਾਕਦਾ, ਸੁੰਨ-ਸਰਾਂ ਗਲੀ ਵਿੱਚ ਭੱਜਦਾ। ਮਾਂ ਤਾਂ ਕਿਧਰੇ ਵੀ ਨਹੀਂ ਸੀ।

ਐਨਾ ਹੀ ਸੀ ਨਾ ਕਿ ਬਾਬੂ ਉਹ 'ਤੇ ਸ਼ੱਕ ਕਰਦਾ ਤੇ ਆਨੀ ਬਹਾਨੀ ਉਹ ਨੂੰ ਕੁੱਟਦਾ-ਮਾਰਦਾ ਰਹਿੰਦਾ ਸੀ। ਘਣੀਏ ਨੂੰ ਤਾਂ ਉਹ ਕੁਝ ਆਖ-ਵੇਖ ਨਾ ਸਕਦਾ, ਤੀਵੀਂ ਉੱਤੇ ਜ਼ੋਰ। ਉਹ ਅਜਿਹਾ ਵਰਤਾਓ ਨਾ ਕਰਦਾ ਤਾਂ ਉਹ ਨੇ ਕਾਹਨੂੰ ਜਾਣਾ ਸੀ ਕਿਧਰੇ। ਗੁਆਂਢੀ ਤੀਵੀਆਂ ਨੂੰ ਉਹ ਰੋ-ਰੋ ਆਪਣੇ ਪਿੰਡ ਦੇ ਚਟਾਕ ਦਿਖਾਉਂਦੀ ਤੇ ਫਿਰ ਅੱਖਾਂ ਪੂੰਝ ਕੇ ਆਖਦੀ, ਜਿਵੇਂ ਖਿਲਾਅ ਵਿੱਚ ਐਲਾਨ ਕਰ ਰਹੀ ਹੋਵੇ-'ਦੂਸ਼ਣ ਲਾਉਨੈ, ਪਾਪੀਆ, ਮੇਰੇ 'ਤੇ। ਇੱਕ ਦਿਨ ਕਰਕੇ ਵੀ ਦਿਖਾ ਦੂੰਗੀ।'

ਘਣੀਆ ਸੱਥ ਵਿੱਚ ਖੜ੍ਹਾ ਰਹਿੰਦਾ, ਜਿੰਨਾ ਚਿਰ ਉਹ ਗੋਹੇ-ਕੂੜੇ ਦੇ ਬੱਠਲ ਸੁੱਟਦੀ, ਉਹ ਖੜ੍ਹੇ ਦਾ ਖੜ੍ਹਾ। ਵਿਹਲਾ ਬੰਦਾ, ਕਿਹੜਾ ਕੰਮ ਸੀ ਉਹ ਨੂੰ ਕੋਈ। ਰੰਡੀ ਮਾਂ ਦਾ ਇਕੱਲਾ ਪੁੱਤ। ਜ਼ਮੀਨ ਹਿੱਸੇ ਉੱਤੇ। ਖਾਣ -ਪੀਣ ਨੂੰ ਖੁੱਲ੍ਹਾ। ਉਹ ਦੀ ਮਾਂ ਨੂੰਹ ਨੂੰ ਵਸਾਉਂਦੀ ਨਹੀਂ ਸੀ। ਨੂੰਹ ਪੇਕਿਆਂ ਬਾਰ ਬੈਠੀ ਮਨਜ਼ੂਰ, ਸੱਸ ਦੀ ਜੁੱਤੀ ਥੱਲੇ ਨਹੀਂ ਰਹਿਣਾ।

ਘਣੀਆ ਤੜਕੇ ਹੀ ਸੱਥ ਵਿੱਚ ਆ ਖੜ੍ਹਦਾ। ਮੁੱਛਾਂ ਮਰੋੜਦਾ ਤੇ ਨਿੱਕੀਆਂ-ਨਿੱਕੀਆਂ ਖੰਘੂਰਾਂ ਮਾਰਦਾ। ਉਹ ਨੇ ਕਦੇ ਕੋਈ ਚੰਗੀ ਮਾੜੀ ਗੱਲ ਦੁਰਗੀ ਨੂੰ ਨਹੀਂ ਆਖੀ ਸੀ। ਕੀ ਪਤਾ, ਉਹ ਉਂਝ ਹੀ ਖੜ੍ਹਾ ਰਹਿੰਦਾ ਹੋਵੇ। ਜਾਂ ਕੀ ਪਤਾ, ਕੀਹਦੇ 'ਤੇ ਅੱਖ ਸੀ ਉਹਦੀ। ਕੀਹਦੀ ਖ਼ਾਤਰ ਖੜ੍ਹਦਾ ਸੀ। ਪਰ ਬਾਬੂ ਨੂੰ ਸ਼ੱਕ ਸੀ ਕਿ ਘਣੀਆ ਉਹ ਦੀ ਤੀਵੀਂ 'ਤੇ ਨਿਗਾਹ ਰੱਖਦਾ ਹੈ।

ਹੌਲੀ-ਹੌਲੀ ਦੁਰਗੀ ਦੀ ਕੁੱਟ ਘਣੀਏ ਦੇ ਕੰਨਾਂ ਤੱਕ ਜਾ ਪਹੁੰਚੀ। ਉਹ ਦੇ ਹੀ ਇੱਕ ਮਿੱਤਰ ਬੇਲੀ ਨੇ ਇੱਕ ਦਿਨ ਉਹ ਨੂੰ ਹੱਸ ਕੇ ਆਖਿਆ ਸੀ, 'ਕਿਉਂ ਗ਼ਰੀਬਣੀ ਦੇ ਹੱਡ ਤੁੜਵਾਉਨੈਂ ਯਾਰ,ਅੱਗੋਂ-ਪਿੱਛੋਂ ਆ ਜਿਹਾ ਕਰ ਹਥਾਈ ਮੂਹਰੇ। ਓਸ ਕੰਜਰ ਦੇ ਝੁੱਗੇ ਜੇ ਨੂੰ ਤਾਂ ਤੇਰੇ 'ਤੇ ਪੂਰਾ ਸ਼ੱਕ ਐ।'

ਘਣੀਏ ਨੂੰ ਦੁਰਗੀ ਦੀ ਹਾਲਤ 'ਤੇ ਤਰਸ ਆਇਆ। ਉਹ ਦੇ ਨਾਲ ਹਮਦਰਦੀ ਵੀ ਹੋਈ ਤੇ ਇੱਕ ਗੁੱਝਾ-ਗੁੱਝਾ ਲਗਾਓ ਵੀ ਕਿ ਉਹ ਉਹਦੀ ਖਾਤਰ ਹੀ ਕੁੱਟ ਖਾਂਦੀ ਹੈ। ਦੁਰਗੀ ਨਾਲ ਉਹਨੂੰ ਇੱਕ ਅਜੀਬ ਕਿਸਮ ਦੀ ਮੂਕ ਜਿਹੀ ਮੁਹੱਬਤ ਹੋਣ ਲੱਗੀ। ਦੂਜੇ ਪਾਸੇ ਉਹਨੂੰ ਬਾਬੂ 'ਤੇ ਹਰਖ ਚੜ੍ਹਦਾ, 'ਸਾਲਾ, ਕਿੱਡਾ ਮੂਰਖ਼ ਆਦਮੀ ਐ, ਬਿਨਾਂ ਕਿਸੇ ਗੱਲ ਤੋਂ ਈ ਤੀਮੀਂ ਨੂੰ ਭੰਨ੍ਹੀਂ ਜਾਂਦੈ।'

ਘਣੀਏ ਦਾ ਜੀਅ ਕਰਦਾ, ਉਹ ਬਾਬੂ ਨੂੰ ਸਮਝਾਵੇ, ਪਰ ਉਹ ਸੋਚਦਾ,ਇਸ ਤਰ੍ਹਾਂ ਕਰਨ ਨਾਲ ਤਾਂ ਬਾਬੂ ਦਾ ਸ਼ੱਕ ਪੱਕਾ ਹੋ ਜਾਵੇਗਾ।

ਕਿਵੇਂ ਵੀ, ਉਹ ਸੱਥ ਵਿੱਚ ਆਉਣ ਤੋਂ ਹਟਿਆ ਨਾ। ਸੋਚਦਾ ਸੀ, ਆਪਣਾ ਇਹ ਕੀ ਮਸਲਾ ਹੈ? ਕੁੱਟੀ ਜਾਂਦਾ ਹੈ ਆਪਣੀ ਤੀਵੀਂ ਨੂੰ ਕੁੱਟੀਂ ਜਾਵੇ। ਕਿਸੇ ਦਾ ਕੀ ਲੈਂਦਾ ਹੈ। ਆਪਣਾ ਘਰ ਹੀ ਵਿਗਾੜਦਾ ਹੈ, ਵਿਗਾੜੀ ਜਾਵੇ।

ਘਣੀਆ ਆਪਣੇ ਬਾਹਰਲੇ ਘਰ ਡੰਗਰਾਂ ਕੋਲ ਰਾਤ ਨੂੰ ਸੌਂਦਾ ਹੁੰਦਾ। ਇੱਕ ਦਿਨ ਵੱਡੇ ਤੜਕੇ ਉਹ ਦੀ ਬੈਠਕ ਦਾ ਬਾਰ ਖੜਕਿਆ। ਉਹ ਨੇ ਅੰਦਰਲਾ ਕੁੰਡਾ ਖੋਲ੍ਹਿਆ, ਦੁਰਗੀ ਭੂਤ ਵਾਂਗ ਅੰਦਰ ਆ ਵੜੀ।ਘਣੀਏ ਦਾ ਸਰੀਰ ਕੰਬ ਗਿਆ।ਦੁਰਗੀ ਨੰਗੇ ਮੂੰਹ ਸੀ।ਰੋਸ਼ਨਦਾਨ ਦੀ ਜਾਲੀ ਵਿੱਚ ਦੀ ਗਲੀ ਦੀ ਟਿਊਬ ਦਾ ਚਾਨਣ ਬੈਠਕ ਅੰਦਰ ਆ ਰਿਹਾ ਸੀ। ਘਣੀਏ ਨੇ ਉਹ ਨੂੰ ਸਿਆਣ ਤਾਂ ਲਿਆ, ਪਰ ਬੜਾ ਹੈਰਾਨ ਕਿ ਉਹ ਇਸ ਤਰ੍ਹਾਂ ਉਹ ਦੇ ਕੋਲ ਕਿਉਂ ਆ ਗਈ ਹੈ। ਗਲੀਆਂ ਵਿੱਚ ਲੋਕ ਅਜੇ ਤੁਰਨ-ਫਿਰਨ ਨਹੀਂ ਲੱਗੇ ਸਨ।

ਦੁਰਗੀ ਨੇ ਖ਼ੁਦ ਹੀ ਬਾਰ ਦਾ ਅੰਦਰਲਾ ਕੁੰਡਾ ਲਾ ਦਿੱਤਾ। ਉਹ ਮੰਜੇ 'ਤੇ ਬੈਠਾ ਤਾਂ ਦੁਰਗੀ ਮੰਜੇ ਦੀਆਂ ਪੈਂਦਾ 'ਤੇ ਟੇਢੀ ਜਿਹੀ ਹੋ ਕੇ ਬੈਠ ਗਈ। ਪੂਰਾ ਦਿਲ ਕੱਢ ਕੇ ਕਹਿਣ ਲੱਗੀ, 'ਦੇਖ ਮਰੀ ਤਾਂ ਮੈਂ ਪਹਿਲਾਂ ਈ ਪਈ ਆਂ, ਨਿੱਤ ਹੱਡ ਭੰਨ੍ਹਦੈ ਮੇਰੇ, ਤੇਰਾ ਨਾਉਂ ਲੈ-ਲੈ। ਜਾਂ ਤਾਂ ਐਸੇ ਵਖ਼ਤ ਲੈ ਚੱਲ ਮੈਨੂੰ ਕਿਧਰੇ, ਨਹੀਂ ਮੈਂ ਹੁਣੇ ਕੋਈ ਖੂਹ-ਖਾਤਾ ਗੰਦਾ ਕਰਦੀ ਆਂ।'

'ਮੈਂ ਸਭ ਸੁਣਿਆ ਹੋਇਆ, ਪਰ ਮੈਂ ਤਾਂ ਤੈਨੂੰ ਕਦੇ ਕੋਈ ਚੰਗੀ-ਮਾੜੀ ਆਖੀ ਨ੍ਹੀਂ। ਤੂੰ ਆਵਦੇ ਦਿਲ ਨੂੰ ਪੁੱਛ ਕੇ ਦੇਖ।'

'ਤੂੰ ਨਹੀਂ ਆਖੀ, ਮੈਂ ਆਖਦੀ ਆਂ ਅੱਜ ਤੈਨੂੰ। ਮੈਂ ਬਾਬੂ ਨੂੰ ਚੰਡੀ ਦਾ ਭੌਣ ਦਿਖਾਉਣੈ। ਤੀਹੋ ਕਾਲ ਮੈਂ ਨ੍ਹੀਂ ਰਹਿਣਾ ਓਸ ਚੰਡਾਲ ਦੇ ਘਰ। ਉਹ ਤੇਰਾ ਨਾਉਂ ਧਰਦੈ

ਨਾ, ਮੈਂ ਉਹ ਦਾ ਚੂਲੀਏਂ ਲਹੂ ਪੀਣੈ ਬੱਸ, ਪਾਪੀ ਦਾ।' ਫੇਰ ਕਹਿਣ ਲੱਗੀ, 'ਦੇਖ, ਮੈਂ ਤੇਰੀ ਕਪਲਾ ਗਊ ਆਂ, ਮੈਨੂੰ ਗਾਰ 'ਚੋਂ ਕੱਢ ਲੈ।' ਉਹ ਨੇ ਸਿਰ ਦੀ ਚੁੰਨੀ ਲਾਹ ਕੇ ਘਣੀਏ ਦੇ ਪੈਰਾਂ 'ਤੇ ਰੱਖ ਦਿੱਤੀ।

ਦੋ ਮਹੀਨੇ ਉਹ ਪਤਾ ਨਹੀਂ ਕਿੱਥੇ-ਕਿੱਥੇ ਫਿਰਦੇ ਰਹੇ। ਕਿਹੜੇ ਦੇਸ਼-ਪ੍ਰਦੇਸ਼ ਗਾਹੇ ਉਨ੍ਹਾਂ ਨੇ। ਅਖ਼ੀਰ ਅਦਾਲਤ ਵਿੱਚ ਪੇਸ ਹੋ ਕੇ ਘਣੀਏ ਨੇ ਦੁਰਗੀ ਨਾਲ ਕਰੇਵਾ ਕਰਵਾ ਲਿਆ ਤੇ ਉਹ ਪਿੰਡ ਆ ਵੜੇ।

ਘਣੀਏ ਦੀ ਸਿਹਰੇ ਬੰਨ੍ਹ ਕੇ ਲਿਆਂਦੀ ਬਹੂ ਪੇਕਿਆਂ ਨੇ ਹੋਰ ਕਿਸੇ ਥਾਂ ਬਿਠਾ ਦਿੱਤੀ। ਬਾਬੂ ਨੇ ਦੂਜਾ ਵਿਆਹ ਕਰਵਾ ਲਿਆ। ਦੁਰਗੀ ਦਾ ਮੁੰਡਾ ਛਿੰਦਾ ਬਾਬੂ ਕੋਲ ਸੀ।

ਦੁਰਗੀ ਦੇ ਮੁੜ ਕੇ ਕੋਈ ਜੁਆਕ ਨਾ ਹੋਇਆ। ਓਧਰ ਬਾਬੂ ਦੀ ਦੂਜੀ ਬਹੂ ਨੇ ਇਸ ਦੌਰਾਨ ਤਿੰਨ ਜੁਆਕ ਜੰਮ ਲਏ। ਜੱਭਲ ਜਿਹੀ ਔਰਤ ਸੀ, ਪਤਾ ਨਹੀਂ ਹੋਰ ਕਿੰਨੇ ਜੁਆਕ ਜੰਮਣੇ ਸੀ ਉਹ ਨੇ। ਬਾਬੂ ਏਸ ਤੀਵੀਂ ਤੇ ਪੂਰਾ ਖ਼ੁਸ਼ ਰਹਿੰਦਾ। ਉਹ ਸੰਤੁਸ਼ਟ ਸੀ ਕਿ ਉਹ ਬੜੀ ਕੂਨੀ ਹੈ। ਡੱਕਾ ਵੀ ਘਰ ਦਾ ਡੋਲ੍ਹਦੀ-ਵਿਗਾੜਦੀ ਨਹੀਂ। ਆਣ-ਇੱਜ਼ਤ ਸੰਭਾਲ ਕੇ ਰੱਖਣ ਵਾਲੀ ਤੀਵੀਂ ਹੈ। ਹਮੇਸ਼ਾ ਧਰਤੀ 'ਤੇ ਨਿਗਾਹ ਰੱਖਦੀ ਹੈ। ਦੁਰਗੀ ਵਰਗੀ ਹੰਕਾਰੀ ਹੋਈ ਨਹੀਂ ਹੈ।

ਬਾਬੂ ਦੀ ਤੀਵੀਂ ਤੋਂ ਆਪਣੇ ਜੁਆਕ ਹੀ ਮਸ੍ਹਾਂ ਸੰਭਲਦੇ, ਛਿੰਦੇ ਨੂੰ ਉਹ ਵਾਧੂ ਜਿਹਾ ਸਮਝਦੀ। ਉਹ ਨੂੰ ਕੁੱਤਿਆਂ-ਬਿੱਲਿਆ ਵਾਂਗ ਰੋਟੀ ਦਿੰਦੀ। ਉਹ ਨੂੰ ਯਾਦ ਹੀ ਨਹੀਂ ਰਹਿੰਦਾ ਸੀ, ਛਿੰਦੇ ਨੇ ਰੋਟੀ ਖਾ ਲਈ ਹੈ ਜਾਂ ਨਹੀਂ। ਦੂਜੇ ਜੁਆਕ ਰੋਟੀ ਖਾਣ ਲੱਗਦੇ ਤਾਂ ਉਹ ਵੀ ਉਨ੍ਹਾਂ ਵਿੱਚ ਬੈਠ ਜਾਂਦਾ। ਚਾਹ ਵੇਲੇ ਉਹ ਵੀ ਆਪਣਾ ਗਲਾਸ ਚੁੱਕ ਲੈਂਦਾ। ਸਿਰ ਤੇੜ ਦੇ ਕੱਪੜੇ ਉਹ ਆਪ ਹੀ ਕੁੱਟ-ਧੋ ਲੈਂਦਾ ਸੀ।

ਵੱਡਾ ਮੁੰਡਾ ਸਕੂਲ ਪੜ੍ਹਨ ਲਾਇਆ ਤਾਂ ਛਿੰਦਾ ਵੀ ਸਕੂਲ ਜਾਣ ਲੱਗ ਪਿਆ॥ ਚਾਹੇ ਛਿੰਦਾ ਉਹ ਤੋਂ ਚਾਰ ਵਰ੍ਹੇ ਵੱਡਾ ਸੀ, ਉਹ ਦੋਵੇਂ ਪਹਿਲੀ ਜਮਾਤ ਵਿੱਚ ਪੜ੍ਹਨ ਲੱਗੇ।

ਜਿਵੇਂ ਕਿ ਹੁੰਦਾ ਸੀ, ਪਹਿਲੀਆਂ ਜਮਾਤਾਂ ਵਿੱਚ ਜੁਆਕ ਦੂਜੇ ਮਹੀਨੇ ਕੈਦਾ-ਕਿਤਾਬ ਪਾੜ ਦਿੰਦੇ ਹਨ। ਉਨ੍ਹਾਂ ਦੀਆਂ ਦੁਆਤਾਂ-ਪੈਨਸਿਲਾਂ ਤਾਂ ਨਿੱਤ ਗੁਆਚੀਆਂ ਰਹਿੰਦੀਆਂ ਹਨ। ਪੈਨਸਿਲਾਂ-ਕਲਮਾਂ ਨੂੰ ਉਹ ਘੜ-ਘੜ ਹੀ ਮੁਕਾ ਦਿੰਦੇ ਹਨ। ਟੀਨ ਦੀਆਂ ਸਲੇਟਾਂ ਨੂੰ ਕਾਤਰੀਆਂ ਬਣਾ ਲੈਂਦੇ ਹਨ।

ਬਾਬੂ ਦੀ ਤੀਵੀ ਆਪਣੇ ਮੁੰਡੇ ਨੂੰ ਤਾਂ ਨਵੀਆਂ ਚੀਜ਼ਾਂ ਲੈ ਦਿੰਦੀ, ਛਿੰਦੇ ਨਾਲ ਲੜਦੀ। ਉਹ ਨੂੰ ਕੁੱਟਦੀ-ਮਾਰਦੀ ਵੀ। ਆਖਦੀ-'ਨਿੱਤ ਮੈਂ ਤੈਨੂੰ ਕੀ -ਕੀ ਲੈ ਕੇ ਦੇਈ ਜਾਵਾਂ ਵੇ? ਰੱਜੀ-ਧਾਈ ਮੈਂ ਤੇਰੀਆਂ ਪੜ੍ਹਾਈਆਂ ਤੋਂ। ਸਿਰ ਚੜ੍ਹਾਅ ਰੱਖਿਐ, ਪਿਓ ਨੇ ਤੈਨੂੰ ਚੀਚਲੇ ਨੂੰ। ਅਖੇ-ਪੜ੍ਹਾਉਂਗਾ ਇਹ ਨੂੰ। ਫੇਰ ਕਿਧਰੋਂ ਬਣਜੇਂਗਾ ਤੂੰ ਤਹਿਸੀਲਦਾਰ, ਇਹੀ ਰਹੇਂਗਾ ਡੰਗਰ ਦਾ ਡੰਗਰ। ਮ੍ਹੈਸ ਲੈ ਕੇ ਜਾਇਆ ਕਰ ਖੇਤ ਨੂੰ। ਹੋ ਗੀਆਂ ਤੇਰੀਆਂ ਪੜ੍ਹਾਈਆਂ।

ਉਹ ਦੇ ਕੋਲ ਕਿਤਾਬ ਨਾ ਹੁੰਦੀ, ਫੱਟੀ ਨਾ ਹੁੰਦੀ ਜਾਂ ਕਲਮ-ਦਵਾਤ ਤਾਂ ਸਕੂਲ ਵਿੱਚ ਮਾਸਟਰਾਣੀ ਉਹ ਦੇ ਨਾਲ ਵੈਰ ਬੰਨ੍ਹ ਲੈਂਦੀ। ਉਹ ਨੂੰ ਡੰਡੇ ਨਾਲ ਕੁੱਟਦੀ। ਪੁੱਠੇ ਕੰਨ ਫੜਾ ਕੇ ਮੁਰਗਾ ਬਣਾਈ ਰੱਖਦੀ। ਛਿੰਦਾ ਆਪਣੀ ਕਿਸਮਤ ਨੂੰ ਰੋਂਦਾ।

ਉਹ ਦੀ ਮਤੇਰ ਉਹ ਨੂੰ ਉਧਲ ਗਈ ਮਾਂ ਦੇ ਮਿਹਣੇ ਮਾਰਦੀ। ਅਲੇਲ ਮਨ 'ਤੇ ਪ੍ਰਭਾਵ ਤਾਂ ਦਿਨੋ-ਦਿਨ ਡੂੰਘੇ ਹੁੰਦੇ ਜਾ ਰਹੇ ਸਨ, ਪਰ ਉਹ ਬੋਲਦਾ ਕੁਝ ਨਹੀਂ ਸੀ। ਸਭ ਚੁੱਪ-ਚਾਪ ਸਹਿੰਦਾ

ਰਹਿੰਦਾ। ਕਦੇ ਵੀਹੀ ਗਲੀ ਵਿੱਚ ਦੁਰਗੀ ਉਹ ਦੇ ਮੱਥੇ ਲੱਗਦੀ ਤਾਂ ਉਹ ਪਾਸਾ ਵੱਟ ਕੇ ਹੋਰ ਕਿਧਰੇ ਤੁਰ ਪੈਂਦਾ। ਬਾਬੂ ਨੇ ਉਹ ਨੂੰ ਡਰਾਇਆ ਹੋਇਆ ਸੀ, 'ਜੇ ਓਸ ਡੈਣ ਕੰਨੀ ਕਦੇ ਝਾਕਦਾ ਵੀ ਦੇਖ ਲਿਆ ਤਾਂ ਗਰਦਨ ਮਰੋੜ ਕੇ ਖ਼ੂਹ 'ਚ ਸੁਟ ਦੂੰਗਾ ਤੈਨੂੰ।'

ਬਾਬੂ ਦੇ ਘਰ ਦੀ ਕੰਧ ਸੱਜਣ ਸਿੰਘ ਦੇ ਘਰ ਦੇ ਨਾਲ ਸਾਂਝੀ ਸੀ, ਪਰ ਦੋਵੇਂ ਘਰਾਂ ਦੇ ਬਾਰ ਵੱਖ-ਵੱਖ ਪੱਤੀਆਂ ਵਿੱਚ ਸਨ। ਬੁੜ੍ਹੀਆਂ-ਕੁੜੀਆਂ ਆਪਣੇ ਕੋਠੇ ਦੀ ਛੱਤ 'ਤੇ ਜਾਂਦੀਆਂ ਤਾਂ ਗੁਆਂਢੀ-ਘਰ ਦੇ ਜੰਗਲੇ 'ਤੋਂ ਦੀ ਗਰਦਨ ਕੱਢ ਕੇ ਦੋ ਗੱਲਾਂ ਵੀ ਮਾਰ ਆਉਂਦੀਆਂ। ਸੱਜਣ ਸਿੰਘ ਦੀ ਘਰਵਾਲੀ ਨਾਲ ਦੁਰਗੀ ਦਾ ਸਹੇਲਪੁਣਾ ਹਾਲੇ ਤੱਕ ਕਾਇਮ ਸੀ। ਦੁਰਗੀ ਕਦੇ-ਕਦੇ ਉਨ੍ਹਾਂ ਦੇ ਘਰ ਆਉਂਦੀ ਤੇ ਸੱਜਣ ਦੀ ਘਰਵਾਲੀ ਨਾਲ ਦੁੱਖ-ਸੁੱਖ ਕਰ ਜਾਂਦੀ।

ਸੱਜਣ ਸਿੰਘ ਦਾ ਛੋਟਾ ਮੁੰਡਾ ਵੀ ਸਕੂਲ ਜਾਂਦਾ। ਸੁਰਜੀਤ, ਛਿੰਦੇ ਨਾਲ ਹੀ ਪੜ੍ਹਦਾ ਸੀ। ਦੁਰਗੀ, ਸੁਰਜੀਤ ਤੋਂ ਛਿੰਦੇ ਦੀਆਂ ਗੱਲਾਂ ਸੁਣਦੀ। ਉਹ ਨੂੰ ਆਪਣੇ ਕੋਲ ਬਿਠਾ ਕੇ ਏਧਰ-ਉੱਧਰ ਦੀਆਂ ਗੱਲਾਂ ਮਾਰਦੀ ਤੇ ਵਿਚਦੀ ਛਿੰਦੇ ਦੀ ਕੋਈ ਗੱਲ ਵੀ ਪੁੱਛ ਲੈਂਦੀ। ਬਹਾਨੇ ਨਾਲ ਉਹ ਛਿੰਦੇ ਦੇ ਪਤਾ-ਸੁਤਾ ਲੈਂਦੀ।

ਸੁਰਜੀਤ ਨੇ ਹੀ ਦੁਰਗੀ ਨੂੰ ਦੱਸਿਆ ਕਿ ਸਕੂਲ ਵਿੱਚ ਛਿੰਦੇ ਨੂੰ ਕੁੱਟਾਂ ਪੈਂਦੀਆਂ ਹਨ। ਸੁਰਜੀਤ ਤੋਂ ਹੀ ਉਹ ਨੂੰ ਪਤਾ ਲੱਗਦਾ ਕਿ ਘਰੇ ਵੀ ਛਿੰਦੇ ਨੂੰ ਘੁਰ-ਘੱਪ ਹੁੰਦੀ ਰਹਿੰਦੀ ਹੈ।

ਹੁਣ ਛਿੰਦਾ ਚਾਰ ਦਿਨਾਂ ਤੋਂ ਸਕੂਲ ਨਹੀਂ ਗਿਆ ਸੀ। ਉਹ ਨੇ ਆਪਣੀ ਫੱਟੀ ਕਿਧਰੇ ਗੁਆ ਲਈ ਸੀ। ਉਹ ਦੀ ਕਿਤਾਬ ਫਟ ਗਈ ਸੀ। ਉਹ ਦੇ ਕੋਲ ਨਾ ਦਵਾਤ ਸੀ ਤੇ ਨਾ ਕੋਈ ਕਲਮ-ਪੈਨਸਿਲ।

ਦੁਰਗੀ ਨੇ ਸੁਰਜੀਤ ਨੂੰ ਕਿਹਾ ਕਿ ਉਹ ਕੋਠੇ 'ਤੋਂ ਦੀ ਛਿੰਦੇ ਨੂੰ ਆਪਣੇ ਕੋਲ ਬੁਲਾਵੇ ਤੇ ਇਹ ਚੀਜ਼ਾਂ ਉਹ ਨੂੰ ਦੇ ਦੇਵੇ। ਉਹ ਉਹ ਨੂੰ ਕਹੇ ਕਿ ਉਹ ਸਕੂਲ ਜਾਵੇ।

ਆਪ ਉਹ ਸੱਜਣ ਸਿੰਘ ਦੀਆਂ ਪੌੜੀਆਂ ਵਿੱਚ ਖੜ੍ਹ ਗਈ। ਕਦੇ ਇੱਕ ਪੌੜੀ, ਉਤਾਂਹ ਚੜ੍ਹਦੀ ਤੇ ਦੋਵੇਂ ਮੁੰਡਿਆਂ ਨੂੰ ਗੱਲਾਂ ਕਰਦੇ ਦੇਖਦੀ। ਜਦੋਂ ਹੀ ਛਿੰਦਾ ਏਧਰ ਝਾਕਦਾ, ਉਹ ਇੱਕ ਪੌੜੀ ਥੱਲੇ ਹੋ ਜਾਂਦੀ। ਉਨ੍ਹਾਂ ਨੂੰ ਦਿਸਣੋਂ ਹਟ ਜਾਂਦੀ।

ਸੁਰਜੀਤ ਤੇ ਛਿੰਦਾ ਖਾਸਾ ਚਿਰ ਖੜ੍ਹੇ ਰਹੇ। ਸੁਰਜੀਤ ਉਹ ਨੂੰ ਚੀਜ਼ਾਂ ਫੜਾਉਂਦਾ, ਪਰ ਉਹ ਹਰ ਵਾਰ ਲੈਣ ਤੋਂ ਇਨਕਾਰ ਕਰ ਦਿੰਦਾ। ਜਾਂ ਤਾਂ ਸੁਰਜੀਤ ਨੇ ਉਹ ਨੂੰ ਦੱਸ ਦਿੱਤਾ ਹੋਵੇਗਾ, ਜਾਂ ਫੇਰ ਛਿੰਦੇ ਨੇ ਪੌੜੀਆਂ ਵਿੱਚ ਖੜ੍ਹੀ ਦੁਰਗੀ ਨੂੰ ਦੇਖ ਲਿਆ ਹੋਵੇਗਾ।

ਦੁਰਗੀ ਪੌੜੀਆਂ ਉਤਰ ਕੇ ਸੁਰਜੀਤ ਦੀ ਮਾਂ ਕੋਲ ਪੀੜ੍ਹੀ 'ਤੇ ਆ ਬੈਠੀ। ਉਹ ਚੁੱਪ ਬੈਠੀਆਂ ਸਨ। ਸੁਰਜੀਤ ਨੇ ਸਾਰੀਆਂ ਚੀਜ਼ਾਂ ਲਿਆ ਕੇ ਪੈਰਾਂ ਕੋਲ ਰੱਖ ਦਿੱਤੀਆਂ। ਆਖਿਆ, 'ਤਾਈ, ਉਹ ਤਾਂ ਕਹਿੰਦਾ, ਮੈਂ ਨ੍ਹੀਂ ਲੈਂਦਾ।'

ਤੇ ਫੇਰ ਖ਼ਾਸਾ ਚਿਰ ਬੈਠਾ ਦੁਰਗੀ ਅੱਖਾਂ ਦਾ ਪਾਣੀ ਪੂੰਝਦੀ ਰਹੀ। ਸੁਰਜੀਤ ਦੀ ਮਾਂ ਉਹ ਨੂੰ ਕਹਿਣਾ ਚਾਹੁੰਦੀ ਸੀ। ਪਤਾ ਨਹੀਂ ਕੀ ਕਹਿਣਾ ਚਾਹੁੰਦੀ ਸੀ ਉਹ। ਦੁਰਗੀ ਨੇ ਫੱਟੀ, ਕਿਤਾਬ,ਦੁਆਤ ਤੇ ਪੈਨਸਿਲ ਸਭ ਚੀਜ਼ਾਂ ਸੁਰਜੀਤ ਨੂੰ ਹੀ ਸੰਭਾਲ ਦਿੱਤੀਆਂ। ਘਰ ਨੂੰ ਤੁਰਨ ਲੱਗੀ ਕਹਿੰਦੀ, 'ਸੀਤਿਆ ਤੂੰ ਹੀ ਰੱਖ, ਮੈਂ ਹੁਣ ਮੋੜ ਕੇ ਕੀ ਲਿਜਾਊਂਗੀ ਇਨ੍ਹਾਂ ਨੂੰ।' ♦

# ਉੱਜੜੀ-ਉੱਖੜੀ

ਅੱਜ ਮੈਂ ਤੁਹਾਨੂੰ ਰਾਮਕੁਰ ਬੁੜ੍ਹੀ ਦੀ ਕਹਾਣੀ ਸੁਣਾਉਂਦਾ ਹਾਂ। ਇਸ ਕਹਾਣੀ ਦਾ ਇੱਕ ਹਿੱਸਾ ਮੈਂ ਸੁਣਿਆ ਸੀ, ਤਿੰਨ ਹਿੱਸੇ ਆਪ ਵਾਪਰਦੇ ਦੇਖੇ।

ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ-ਪੰਜਾਬ ਦੇ ਪਿੰਡਾਂ ਵਿੱਚ ਥੁੜੇ-ਟੁੱਟ ਕਿਸਾਨ ਘਰ ਦੀ ਕਬੀਲਦਾਰੀ ਸੰਢਣ ਲਈ ਆਪਣੀਆਂ ਧੀਆਂ ਦਾ ਮੁੱਲ ਵੱਟ ਲੈਂਦੇ ਸਨ।

ਪਿਓ ਦੀ ਉਹ ਇਕੱਲੀ ਧੀ ਸੀ ਤੇ ਆਪਣੇ ਤਿੰਨ ਭਰਾਵਾਂ ਤੋਂ ਵੱਡੀ। ਭਰ ਜਵਾਨੀ ਵਿੱਚ ਉਹ ਦੇਖਣ ਵਾਲੀ ਕੁੜੀ ਸੀ। ਫੁਰਤੀਲੀ ਤੇ ਸੱਫ਼ਰ। ਕੱਦ ਉਹ ਦਾ ਚਾਹੇ ਮਧਰਾ ਰਹਿ ਗਿਆ ਸੀ। ਤੇ ਫੇਰ ਇਹ ਦੇ ਹੋਰ ਵਧਣ ਦੀ ਆਸ ਵੀ ਘੱਟ ਸੀ, ਪਰ ਉਹ ਦਾ ਰੰਗ ਤੇ ਨੈਣ-ਨਕਸ਼ ਦਿਲਖਿੱਚ ਸਨ। ਗਠਿੱਲ ਜਿਹੀ ਰਾਮੋ ਤਾਂ ਮਾਂ ਉੱਤੇ ਗਈ ਸੀ।

ਓਸੇ ਅਗਵਾੜ ਵਿੱਚ ਨਾਨਕੀਂ ਆਇਆ ਮੁੰਡਾ ਗੁਰਚਰਨ ਉਹ ਨੇ ਮੋਹ ਲਿਆ।
ਤੈਂ ਮੈਂ ਮੋਹ ਲਿਆ ਨੀ,
ਮੋਤੀ ਬਾਗ ਦੀਏ ਕੂੰਜੇ।

ਗੁਰਚਰਨ ਛੇ ਮਹੀਨੇ ਓਸੇ ਪਿੰਡ ਰਿਹਾ। ਪਤਾ ਨਈਂ, ਮਾਮੇ ਦੀ ਖੇਤੀ ਵਿੱਚ ਓਹ ਹੱਥ ਵਟਾਉਣ ਲਈ ਜਾਂ ਰਾਮੋ ਕਰਕੇ। ਆਪਣੇ ਮਾਂ-ਬਾਪ ਦਾ ਉਹ ਸੱਤਵਾਂ ਪੁੱਤ ਸੀ, ਸਭ ਤੋਂ ਛੋਟਾ। ਉਨ੍ਹਾਂ ਕੋਲ ਜ਼ਮੀਨ ਥੋੜ੍ਹੀ ਹੋਵੇਗੀ, ਇਸੇ ਕਰਕੇ ਉਹ ਦੇ ਪਿੰਡ ਉਹ ਦੀ ਕੋਈ ਖ਼ਾਸ ਲੋੜ ਨਹੀਂ ਹੋਣੀ। ਕੋਈ ਕਾਰਨ ਜ਼ਰੂਰ ਸੀ। ਉਹ ਛੇ ਮਹੀਨੇ ਮਾਮੇ ਦੇ ਘਰ ਹੀ ਬੈਠਾ ਰਿਹਾ।

ਇੱਕ ਦਿਨ ਰਾਮੋ ਉਹ ਨੂੰ ਕਹਿੰਦੀ, 'ਮੇਰੇ ਪਿਓ ਨੇ ਤੇਰੇ ਨਾਲ ਵਿਆਹ ਤਾਂ ਮੇਰਾ ਕਰਨਾ ਨੀ, ਤੂੰ ਊਂ ਲੈ ਚੱਲ ਮੈਨੂੰ। ਕਿਧਰੇ ਲੈ ਚੱਲ। ਮੈਂ ਤਾਂ ਤੇਰੀ ਚੱਪਾ ਰੋਟੀ ਖਾ ਕੇ ਹਾਰਨ ਮਾਰ ਲਿਆ ਕਰੂੰ।'

ਉਹਨੇ ਰੋਣਹਾਕਾ ਹੋ ਕੇ ਜਵਾਬ ਦਿੱਤਾ, 'ਕਿੱਥੇ ਲੈ ਚੱਲਾਂ ਤੈਨੂੰ? ਮੇਰੇ ਤਾਂ ਹੱਥ ਪੱਲੇ ਈ ਕੁਸ਼ ਨ੍ਹੀਂ। ਮੈਂ ਤਾਂ ਨੰਗ ਮਲੰਗ ਆਂ।'

'ਫੇਰ, ਮਾੜੇ ਖਲਣੇ ਦਿਆ ਜੱਟਾ, ਫੁੱਲ-ਬੂਹਕੀ ਕਿਉਂ ਤੋੜੀ? ਲਿਆ ਤੇਰਾ ਪਾੜਾਂ ਸਿਰ।' ਰਾਮੋ ਨੇ ਇੱਕ ਇੱਟ ਚੁੱਕ ਲਈ ਸੀ। ਉਹ ਉਹਦੇ ਕੋਲੋਂ ਉੱਠ ਕੇ ਤੁਰ ਹੀ ਗਿਆ, ਨਹੀਂ ਤਾਂ ਰਾਮੋ ਦਾ ਜੀਅ ਕਰਦਾ ਸੀ ਕਿ ਉਹ ਗਲ ਘੁੱਟ ਕੇ ਉਹ ਨੂੰ ਮਾਰ ਦੇਵੇ।

ਚੰਦਰੇ ਨੇ ਐਨੀ ਗੱਲ ਵੀ ਨਾ ਮੰਨੀ ਉਹਦੀ। ਕਿੱਥੇ ਤਾਂ ਉਹ ਇੱਟ ਮਾਰ ਕੇ ਉਹਦਾ ਸਿਰ ਪਾੜਨ ਨੂੰ ਤਿਆਰ ਸੀ ਤੇ ਉਹਦਾ ਗਲ ਘੁੱਟ ਕੇ ਉਹਨੂੰ ਖ਼ਤਮ ਕਰ ਦੇਣਾ

ਚਾਹੁੰਦੀ ਸੀ, ਪਰ ਜਦੋਂ ਉਹ ਉਹਦੇ ਕੋਲੋਂ ਦੂਰ ਚਲਿਆ ਗਿਆ ਤਾਂ ਉਹ ਮੱਥੇ 'ਤੇ ਦੋਵੇਂ ਹੱਥ ਰੱਖ ਕੇ ਰੋਣ ਲੱਗੀ। ਮੁੜਕੇ ਉਹ ਉਹਨੂੰ ਕਦੇ ਨਹੀਂ ਮਿਲਿਆ। ਮਾਮੇ ਦਾ ਘਰ ਛੱਡ ਕੇ ਆਪਣੇ ਪਿੰਡ ਨੂੰ ਤੁਰ ਗਿਆ ਸੀ।

ਰਾਮੋ ਦੇ ਬਾਪ ਨੇ ਉਹ ਦਾ ਛੇ ਸੌ ਰੁਪਿਆ ਲਿਆ। ਦੋ ਸੌ ਵਿੱਚ ਤਾਂ ਮਾੜਾ-ਮੋਟਾ ਕੁੜੀ ਦਾ ਝੱਗਾ-ਚੁੰਨੀ ਆ ਗਿਆ ਤੇ ਦਸ ਬੰਦਿਆਂ ਦੀ ਸੇਵਾ ਹੋ ਗਈ, ਚਾਰ ਸੌ ਉਹ ਦੀ ਘਰ ਕਬੀਲਦਾਰੀ ਵਿੱਚ ਸਹਾਈ ਹੋਇਆ। ਉਨ੍ਹਾਂ ਦਿਨਾਂ ਵਿੱਚ ਛੇ ਸੌ ਅੱਜ ਦੇ ਛੇ ਹਜਾਰ ਜਿੰਨਾ ਹੋਵੇਗਾ। ਇੱਥੋਂ ਤੱਕ ਮੈਂ ਇਹ ਕਹਾਣੀ ਸੁਣੀ ਹੋਈ ਸੀ।

ਮੇਰੇ ਦੇਖਦੇ-ਦੇਖਦੇ ਰਾਮ ਕੁਰ ਨੇ ਪੰਜ ਮੁੰਡੇ ਜੰਮੇ। ਪੰਜੇ ਮੁੰਡੇ ਗਲ੍ਹੋਟਾਂ ਵਰਗੇ ਕਦੇ ਕਿਸੇ ਨੂੰ ਤਾਪ-ਸਰਵਾਹ ਨਹੀਂ ਚੜ੍ਹਿਆ ਸੀ ਤੇ ਨਾ ਹੀ ਅੱਖ-ਕੰਨ ਦੁਖਦਾ। ਕੁੜੀ ਕੋਈ ਨਹੀਂ ਸੀ।

ਰਾਮ ਕੁਰ ਦਾ ਘਰਵਾਲਾ ਚਾਨਣ ਸਿੰਘ ਉਹ ਦੇ ਮੂਹਰੇ ਮਿੱਟੀ ਬਣ ਕੇ ਰਹਿੰਦਾ। ਉਹ ਦੇ ਆਪਣੇ ਵਿੱਚ ਹੀ ਨੁਕਸ ਸੀ। ਉਹ ਕੰਮ ਘੱਟ ਕਰਦਾ, ਦਾਰੂ ਬਹੁਤੀ ਪੀਂਦਾ। ਦਾਰੂ ਦੀ ਬਿਮਾਰੀ ਉਹ ਨੂੰ ਨਿੱਤ ਵਾਂਗ ਸੀ। ਕਿਤੇ ਵੀ ਮਿਲਦੀ, ਬੱਸ ਲਾਲਾਂ ਸੁੱਟ ਲੈਂਦਾ। ਰਾਮ ਕੁਰ ਹੀ ਏਧਰੋਂ-ਓਧਰੋਂ ਟੱਬਰ ਦੇ ਖਾਣ ਦਾ ਬੰਦੋਬਸਤ ਕਰਦੀ। ਉਹ ਨੇ ਆਪਣੇ ਜਵਾਕ ਵੀ ਤਾਂ ਪਾਲਣੇ ਸਨ। ਜਿੰਨੀ ਕੁ ਵੀ ਜ਼ਮੀਨ ਸੀ, ਉਹ ਨੂੰ ਹਿੱਸੇ 'ਤੇ ਦੇ ਕੇ ਵਾਹੀ ਕਰਵਾਉਂਦੀ, ਵੇਚਣ-ਵੱਟਣ ਦਾ ਕੰਮ ਆਪਣੇ ਹੱਥ ਰੱਖਦੀ। ਚਾਨਣ ਜਦੋਂ ਵੀ ਘਰ ਹੁੰਦਾ, ਉਹ ਦੇ ਨਾਲ ਉਹ ਲੜਦੀ ਰਹਿੰਦੀ। ਦੋ-ਤਿੰਨ ਵਾਰੀ ਤਾਂ ਉਹ ਨੇ ਚਾਨਣ ਨੂੰ ਕੁੱਟਿਆ ਵੀ ਸੀ। ਗੋਹੇ ਵਾਲਾ ਫਹੁੜਾ ਚੁੱਕ ਲੈਂਦੀ। ਪਰ ਜਦੋਂ ਕਦੇ ਉਹ ਢਿੱਲਾ ਮੱਠਾ ਹੋ ਜਾਂਦਾ, ਉਹ ਉਸਦੀ ਸੇਵਾ ਕਰਦੀ। ਪਿੰਡ ਦੇ ਡਾਕਟਰ ਤੋਂ ਦਵਾਈਆਂ ਲਿਆ ਕੇ ਦਿੰਦੀ। ਗਾਲ੍ਹਾਂ ਵੀ ਕੱਢਦੀ ਰਹਿੰਦੀ।

ਰਾਮ ਕੁਰ ਆਂਢ-ਗੁਆਂਢ ਨਾਲ ਵੀ ਬਣਾ ਕੇ ਨਹੀਂ ਰੱਖਦੀ ਸੀ। ਨਿੱਕੀ-ਨਿੱਕੀ ਗੱਲ 'ਤੇ ਆਢਾ ਲਾ ਕੇ ਬੈਠ ਜਾਂਦੀ। ਘੰਟਾ-ਘੰਟਾ, ਦੋ-ਦੋ ਘੰਟੇ ਗਾਲ੍ਹਾਂ ਹੀ ਕੱਢੀ ਜਾਂਦੀ। ਡਰਦਾ ਉਹਦੇ ਨਾਲ ਕੋਈ ਪੰਗਾ ਨਹੀਂ ਲੈਂਦਾ ਸੀ। ਆਂਢ-ਗੁਆਂਢ ਆਖਦਾ, 'ਇਹ ਤਾਂ ਬਘਿਆੜੀ ਐ। ਇਹ ਨੂੰ ਤਾਂ ਮੱਥਾ ਟੇਕਿਆ ਬਾਬਾ।' ਪਰ ਆਂਢ-ਗੁਆਂਢ ਵਿੱਚ ਉਹ ਕਿੰਨਾ ਵੀ ਕਿਸੇ ਨਾਲ ਲੜ-ਝਗੜ ਹਟਦੀ। ਦੂਰੋ-ਦੂਰੀ ਹੋ ਚੁੱਕੀ ਹੁੰਦੀ, ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਜ਼ਰੂਰ ਸ਼ਾਮਲ ਹੁੰਦੀ।

ਲੋਕ ਆਖਦੇ ਹੁੰਦੇ, 'ਚਾਨਣ ਤੀਮੀਂ ਦਾ ਠਿੱਠ ਕੀਤਾ ਈ ਦਾਰੂ ਪੀਂਦੈ ਨਿੱਤ। ਇਹ ਬਘਿਆੜੀ ਉਹ ਨੂੰ ਚੈਨ ਨਾਲ ਜਿਉਣ ਨ੍ਹੀ ਦਿੰਦੀ। ਆਰਾਂ ਲਾਈ ਜਾਊ, ਲਾਈ ਜਾਊ।'

ਕਿਸੇ ਮੁੰਡੇ-ਖੁੰਡੇ ਦੀ ਮਜਾਲ ਨਹੀਂ ਸੀ ਕਿ ਰਾਮ ਕੁਰ ਨੂੰ ਕੋਈ ਗ਼ੰਦਾ ਮਖੌਲ ਕਰ ਸਕੇ। ਸਭ ਚਾਚੀ-ਚਾਚੀ ਕਰਦੇ। ਉਹ ਗੋਲ ਮਸ਼ਕਰੀਆਂ ਵੀ ਸਮਝਦੀ। ਅਗਲੇ ਨੂੰ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ।

ਇੱਕ ਦਿਨ ਚਾਨਣ ਤੀਮੀਂ ਦੇ ਦੁੱਖ ਦਾ ਮਾਰਿਆ ਕਿਧਰੇ ਗਾਇਬ ਹੋ ਗਿਆ। ਰਾਮ ਕੁਰ ਪੰਜ-ਸੱਤ ਦਿਨ ਤਾਂ ਉਹ ਦਾ ਕੋਈ ਉੱਤਾ ਨਾ ਵਾਚਿਆ, ਫੇਰ ਉਹ ਦਾ

ਫ਼ਿਕਰ ਕਰਨ ਲੱਗੀ। ਉਹ ਨੇ ਲਵੇ-ਲੌਣੇਦੇ ਪਿੰਡਾਂ ਵਿੱਚ ਬੰਦੇ ਭਿਜਵਾਏ। ਉਹ ਦੇ ਮੁੰਡੇ ਰਿਸ਼ਤੇਦਾਰੀਆਂ ਵਿੱਚ ਉਹ ਨੂੰ ਲੱਭਣ ਗਏ, ਪਰ ਉਹ ਕਿਤੇ ਵੀ ਨਹੀਂ ਸੀ। ਰਾਮ ਕੁਰ ਉਹ ਦਾ ਝੋਰਾ ਕਰਦੀ ਤੇ ਕਦੇ-ਕਦੇ ਚੁੱਲ੍ਹੇ ਦੇ ਵੱਟੇ ਕੋਲ ਬੈਠ ਕੇ ਉਹ ਦੇ ਕੀਰਨੇ ਪਾਉਣ ਲੱਗ ਪੈਂਦੀ। ਆਂਢਣਾਂ-ਗੁਆਂਢਣਾਂ ਇਹ ਉਹ ਦੇ ਖੇਖਣ ਸਮਝਦੀਆਂ ਆਖਦੀਆਂ:-

ਜਿਉਂਦਾ ਜੀਅ ਨਾ ਮੰਨਿਆ।

ਮਰਿਆ ਦੁਹੱਥੜ ਪਿੱਟਿਆ।

ਜਦੋਂ ਕਈ ਮਹੀਨੇ ਗੁਜ਼ਰ ਗਏ ਤਾਂ ਲੋਕਾਂ ਨੇ ਖਿਆਲ ਕੀਤਾ, ਚਾਨਣ ਜ਼ਰੂਰ ਕਿਸੇ ਖੂਹ-ਖਾਤੇ ਪੈ ਕੇ ਮਰ ਗਿਆ ਹੈ। ਜਿਉਂਦਾ ਹੁੰਦਾ ਤਾਂ ਹੁਣ ਨੂੰ ਕਦੋਂ ਦਾ ਮੁੜ ਆਇਆ ਹੁੰਦਾ।

'ਕੁਸ ਵੀ ਸੀ, ਸਿਰ ਦਾ ਸਾਈਂ ਤਾਂ ਸੀ।' ਕੋਈ ਆਖਦਾ।

'ਏਸ ਬਘਿਆੜੀ ਕੰਨੀਓਂ ਤਾਂ ਉਹ ਜਿਉਂਦਾ ਵੀ ਮਰਿਆਂ ਅਰਗਾ ਸੀ। ਇਹ ਨੇ ਤਾਂ ਇੱਕ ਦਿਨ ਵੀ ਆਦਰ-ਊਦਰ ਨੀ ਕੀਤਾ ਸੀ ਉਹਦਾ। ਜਿਮੇਂ ਕੁੱਤੇ ਨੂੰ ਦੂਰੋਂ ਬੁਰਕੀ ਸਿੱਟ ਦੇਈ ਦੀਐ, ਕੋਈ ਜੂਨ ਅਰਗੀ ਜੂਨ ਸੀ ਉਹਦੀ।' ਬਹੁਤੇ ਰਾਮ ਕੁਰ ਨੂੰ ਬੁਰਾ-ਭਲਾ ਕਹਿੰਦੇ।

ਰਾਮ ਕੁਰ ਦੇ ਦੋ ਵੱਡੇ ਮੁੰਡੇ ਜੁਆਨ ਹੋਏ ਤਾਂ ਉਹ ਨੇ ਉਨ੍ਹਾਂ ਨੂੰ ਵਿਆਹ ਲਿਆ। ਅੰਗਰੇਜ਼ ਸਿੰਘ ਤੇ ਗੁਰਜੰਟ ਸਿੰਘ ਦੋਵੇਂ ਹੀ ਮਾਂ ਦੀ ਆਖੀ ਵਿੱਚ ਰਹਿੰਦੇ। ਬਹੂਆਂ ਬਹੁਤ ਛੈਲ ਸਨ। ਸੱਸ ਦੀਆਂ ਪਾਤਲੀਆਂ ਥੱਲੇ ਹੱਥ ਦਿੰਦੀਆਂ। ਘਰ ਦਾ ਸਾਰਾ ਕੰਮ ਉਨ੍ਹਾਂ ਨੇ ਸਾਂਭ ਲਿਆ।

ਰਾਮ ਕੁਰ ਨੂੰ ਮਹਿਸੂਸ ਹੋਣ ਲੱਗਿਆ, ਜਿਵੇਂ ਦੋਵੇਂ ਮੁੰਡੇ ਬਹੂਆਂ ਦੇ ਹੀ ਬਹੁਤੇ ਬਣਦੇ ਜਾਂਦੇ ਹੋਣ। ਬਹੂਆਂ ਦੇ ਹੀ ਗੋਡੇ ਮੁੱਢ ਬੈਠੇ ਰਹਿੰਦੇ ਹੋਣ। ਜਿਵੇਂ ਖੇਤੀ ਦੇ ਕੰਮਾਂ ਵੱਲ ਉਨ੍ਹਾਂ ਦਾ ਧਿਆਨ ਘਟ ਗਿਆ ਹੋਵੇ, ਰਾਤ ਬਹੂ ਦੀ, ਦਿਨ ਖੇਤਾਂ ਦਾ-ਇਹ ਗੱਲ ਤਾਂ ਮੰਨੀ ਭਲਾਂ। ਪਰ ਇਹ ਕਿਵੇਂ-ਰਾਤ ਵੀ ਬਹੂ ਦੀ, ਦਿਨ ਵੀ ਬਹੂ ਦਾ। ਇਹ ਬਹੂਆਂ ਤਾਂ ਮੁੰਡਿਆਂ ਨੂੰ ਗਾਲ ਕੇ ਰੱਖ ਦੇਣਗੀਆਂ। ਉਹ ਮੁੰਡਿਆਂ ਨੂੰ ਝਿੜਕਣ ਲੱਗੀ। ਬਹੂਆਂ ਨੂੰ ਵੀ ਹਰਖ਼-ਹਰਖ਼ ਪਿਆ ਕਰੇ।

ਮੁੰਡਿਆਂ ਨਾਲ ਲੜਾਈ ਇੱਥੋਂ ਤੱਕ ਵਧ ਗਈ ਕਿ ਉਨ੍ਹਾਂ ਨੂੰ ਘਰ ਛੱਡਣਾ ਪੈ ਗਿਆ। ਮੁਰੱਬਾ ਬੰਦੀ ਵੇਲੇ ਫਿਰਨੀ 'ਤੇ ਕੱਟਿਆ ਉਨ੍ਹਾਂ ਦਾ ਪਲਾਟ ਖਾਲੀ ਪਿਆ ਸੀ। ਦੋਵੇਂ ਭਰਾਵਾਂ ਨੇ ਔਖੇ-ਸੁਖਾਲੇ ਹੋ ਕੇ ਉੱਥੇ ਦੋ ਕੋਠੇ ਛੱਤ ਲਏ ਤੇ ਬਹੂਆਂ ਨੂੰ ਨਾਲ ਲੈ ਕੇ ਰਹਿਣ ਲੱਗੇ। ਉਨ੍ਹਾਂ ਦੇ ਦੋ-ਦੋ ਜਵਾਕ ਵੀ ਹੋ ਚੁੱਕੇ ਸਨ। ਦੋਵੇਂ ਭਰਾ ਹੋਰਾਂ ਜਿਮੀਂਦਾਰਾਂ ਦੀ ਜ਼ਮੀਨ ਹਿੱਸੇ 'ਤੇ ਲੈ ਕੇ ਗੁਜ਼ਾਰਾ ਕਰਦੇ। ਆਪਣੀ ਜ਼ਮੀਨ 'ਤੇ ਬੁੜ੍ਹੀ ਉਨ੍ਹਾਂ ਨੂੰ ਨਹੁੰ ਵੀ ਨਹੀਂ ਧਰਨ ਦਿੰਦੀ ਸੀ। ਮੁੰਡਿਆਂ ਦੇ ਨਾਉਂ ਜ਼ਮੀਨ ਚੜ੍ਹੀ ਵੀ ਨਹੀਂ ਸੀ, ਕਿਉਂ ਜੋ ਉਨ੍ਹਾਂ ਦੇ ਪਿਓ ਚਾਨਣ ਸਿੰਘ ਦੇ ਮਰਨ ਦਾ ਕੋਈ ਪੱਕਾ ਸਬੂਤ ਨਹੀਂ ਸੀ। ਰਾਮ ਕੁਰ ਹੀ ਸਭ ਕਾਸੇ ਨੂੰ ਜੱਫ਼ਾ ਮਾਰੀ ਬੈਠੀ ਸੀ।

ਪਰ ਅਜੀਬ ਸੀ ਰਾਮ ਕੁਰ ਦੀ ਮਿੱਟੀ। ਵੱਡੇ ਮੁੰਡਿਆਂ ਤੇ ਬਹੂਆਂ ਵੱਲ ਤਾਂ ਉਹ ਥੁੱਕ ਕੇ ਲੰਘਦੀ ਜਾਂ ਉਨ੍ਹਾਂ ਵਿੱਚੋਂ ਦਿੱਸ ਪੈਂਦਾ ਤਾਂ ਪਾਸਾ ਵੱਟ ਲੈਂਦੀ। ਪਰ ਉਨ੍ਹਾਂ ਦਾ

ਕੋਈ ਜਵਾਕ ਜੇ ਭੁੱਲ-ਭੁਲੇਖੇ ਰਾਮ ਕੁਰ ਦੇ ਘਰ ਆ ਵੜਦਾ ਤਾਂ ਉਹ ਨੂੰ ਉਹ ਹਾਰੇ ਦੀ ਤੌੜੀ ਵਿੱਚੋਂ ਸੂਹਾ-ਸੂਹਾ ਦੁੱਧ ਵਿੱਚ ਖੰਡ ਦੀ ਕੜਛੀ ਘੋਲ ਕੇ ਪਿਆਉਂਦੀ। ਜਵਾਕ ਦੀਆਂ ਵਾਗੀਆਂ ਲੈਣ ਲੱਗਦੀ।

ਫੇਰ ਉਹ ਨੇ ਘੀਚਰ ਤੇ ਦੁੱਲਾ ਛੋਟੇ ਮੁੰਡੇ ਵਿਆਹ ਲਏ। ਇੱਕੋ ਘਰ ਵਿਆਹੇ-ਬਹੂਆਂ ਸਕੀਆਂ ਭੈਣਾਂ ਸਨ। ਵਿਆਹ ਵਿੱਚ ਅੰਗਰੇਜ਼ ਤੇ ਗੁਰਜੰਟ ਨੂੰ ਨਹੀਂ ਸੱਦਿਆ, ਨਾ ਉਨ੍ਹਾਂ ਦੀਆਂ ਬਹੂਆਂ ਆਈਆਂ। ਨਿਆਣੇ ਆਪਣੇ-ਆਪ ਹੀ ਆ ਵੜੇ ਸਨ। ਰਾਮ ਕੁਰ ਨਿਆਣਿਆਂ ਨੂੰ ਖਵਾਉਂਦੀ-ਪਿਆਉਂਦੀ ਤੇ ਉਨ੍ਹਾਂ ਦੇ ਕਪੂਤ ਪਿਊਆਂ ਨੂੰ ਗਾਲ੍ਹਾਂ ਕੱਢਦੀ।

'ਵੇ ਤੂੰ ਪਿਓ ਵਰਗਾ ਨਾ ਨਿਕਲ ਜੀਂ?' ਅੰਗਰੇਜ਼ ਦੇ ਮੁੰਡੇ ਨੂੰ ਉਹ ਆਖਦੀ।

'ਨੀਂ ਤੈਨੂੰ ਮਾਂ ਨੇ ਔਣ ਦੇ 'ਤਾਂ ਮੇਰੇ ਘਰ?' ਗੁਰਜੰਟ ਦੀ ਕੁੜੀ ਵੱਲ ਉਹ ਕੌੜ-ਕੌੜ ਝਾਕਦੀ। ਪਰ ਉਹ ਦੀ ਜੇਬ੍ਹ ਲੱਡੂਆਂ ਨਾਲ ਭਰ ਦਿੰਦੀ।

ਘੀਚਰ-ਦੁੱਲੇ ਦੇ ਵਿਆਹ ਤੋਂ ਦੋ ਕੁ ਸਾਲਾਂ ਬਾਅਦ ਰਾਮ ਕੁਰ ਨੇ ਇੱਕ ਮੱਝ ਹੋਰ ਲੈ ਲਈ। ਇੱਕ ਪਹਿਲਾਂ ਜੋ ਸੀ, ਬੁੱਢੀ ਹੋ ਚੁੱਕੀ ਸੀ। ਉਹ ਢੋਲ ਵਾਲੇ ਮੁੰਡੇ ਨੂੰ ਦੋਵਾਂ ਮੱਝਾਂ ਦਾ ਦੁੱਧ ਪਾਉਣ ਲੱਗੀ। ਅਗਲੇ ਸਾਲ ਇੱਕ ਮੱਝ ਹੋਰ ਕਿੱਲੇ ਲਿਆ ਬੰਨ੍ਹੀਂ।

ਫੇਰ ਦੁੱਧ ਨੂੰ ਲੈ ਕੇ ਹੀ ਘਰ ਵਿੱਚ ਝਗੜਾ ਰਹਿਣ ਲੱਗਿਆ। ਘੀਚਰ ਤੇ ਦੁੱਲਾ ਕਹਿੰਦੇ ਸਨ ਕਿ ਉਨ੍ਹਾਂ ਨੂੰ ਰੱਜਵਾਂ ਦੁੱਧ ਪੀਣ ਨੂੰ ਦਿੱਤਾ ਜਾਵੇ। ਉਹ ਸਾਰਾ-ਸਾਰਾ ਦਿਨ ਖੇਤਾਂ ਵਿੱਚ ਦੇਹ ਵੇਲਦੇ ਹਨ। ਤਿੰਨ ਮੱਝਾਂ ਦਾ ਦੁੱਧ ਮਾਂ ਢੋਲ ਵਾਲੇ ਨੂੰ ਪਾ ਦਿੰਦੀ ਹੈ। ਮੁੰਡੇ ਗੁੱਝਾ-ਗੁੱਝਾ ਇਹ ਵੀ ਚਾਹੁੰਦੇ ਸਨ ਕਿ ਉਨ੍ਹਾਂ ਦੀਆਂ ਬਹੂਆਂ ਵੀ ਦੁੱਧ ਪੀਣ। ਸਾਰਾ-ਸਾਰਾ ਦਿਨ ਗੋਹਾ-ਕੂੜਾ ਹੀ ਕਰਦੀਆਂ ਰਹਿੰਦੀਆਂ ਹਨ। ਜਿਹੜੀ ਔਰਤ ਮੱਝਾਂ ਦੀ ਮੁਤਰਾਲ ਵਿੱਚ ਹੱਥ ਪਾਵੇ, ਉਹ ਨੂੰ ਦੁੱਧ ਦਾ ਗਲਾਸ ਕਿਉਂ ਨਾ ਮਿਲੇ?

ਬੁੜ੍ਹੀ ਨੂੰ ਲਾਲਚ ਪਿਆ ਹੋਇਆ ਸੀ। ਉਹ ਚਾਹੁੰਦੀ ਸੀ ਕਿ ਪੈਸੇ ਜਮ੍ਹਾਂ ਕਰਕੇ ਉਹ ਇੱਕ ਕਿੱਲਾ ਪੈਲੀ ਹੋਰ ਲੈ ਲਵੇ। ਜਵਾਬ ਦਿੰਦੀ....'ਦੁੱਧ ਦੀ ਵੱਟਤ 'ਚੋਂ ਖ਼ਲ-ਵੜੇਵੇਂ ਮਸ੍ਹਾਂ ਪੂਰੇ ਹੁੰਦੇ ਐ ਭਾਈ। ਕਿੱਥੋਂ ਦੇ ਦਿਆਂ ਥੋਨੂੰ ਨੇਕੜੂ ਮੈਂ? ਬਚੇ ਤਾਂ ਦੇਮਾਂ', ਆਖਦੀ, 'ਬਥੇਰਾ ਖਵਾਇਆ ਥੋਨੂੰ ਵਿਆਹ ਤੋਂ ਪਹਿਲਾਂ। ਬਹੂਆਂ ਮਾਪਿਆਂ ਦੇ ਘਰ ਖਾ ਕੇ ਔਂਦੀਆਂ। ਹੁਣ ਕਬੀਲਦਾਰ ਓਂ ਤੁਸੀਂ, ਧੀਆਂ-ਪੁੱਤਾਂ ਆਲੇ, ਛੜੇ-ਮਲੰਗ ਨ੍ਹੀਂ। ਖਾ-ਪੀ ਕੇ ਛਰ੍ਹਲੇ ਉਡੌਣੇ ਨੇ ਤਾਂ ਘਰ ਕਿਮੇਂ ਤੁਰੂ।' ਫੇਰ ਤਾੜ ਵੀ ਦਿੰਦੀ-'ਆਵਦੀ ਅਕਲ ਵਰਤਣੀ ਐ ਤਾਂ ਕਿਨਾਰਾ ਕਰੋ। ਪਹਿਲਾਂ ਦੋ ਕਿਹੜਾ ਹੋਏ ਨੀ ਬੈਠੇ ਅੱਡ ਵਿੱਢ।'

ਘੀਚਰ-ਦੁੱਲੇ ਨੂੰ ਤਾਂ ਉਹ ਫੇਰ ਵੀ ਕਦੇ-ਹੱਥ ਝਾਂੜ ਦਿੰਦੀ, ਪਰ ਬਹੂਆਂ ਨੂੰ ਸੁੱਕੇ ਟੁੱਕ 'ਤੇ ਰੱਖਦੀ। ਬਹੂਆਂ ਉਹ ਨੂੰ ਚੰਗੀਆਂ ਨਾ ਲੱਗਦੀਆਂ। ਇੱਕ ਦਿਨ ਦੁੱਲੇ ਨੇ ਆਪਣਾ ਜੂਠਾ ਦੁੱਧ ਦਾ ਅੱਧਾ ਕੁ ਗਲਾਸ ਆਪਣੀ ਬਹੂ ਨੂੰ ਦੇ ਦਿੱਤਾ। ਬਹੂ ਦੁੱਧ ਪੀਂਦੀ ਰਾਮ ਕੁਰ ਦੀ ਨਿਗਾਹ ਪੈ ਗਈ। ਬੱਸ ਫੇਰ ਕੀ ਸੀ। ਤੂਫ਼ਾਨ ਖੜ੍ਹਾ ਕਰ ਦਿੱਤਾ ਰਾਮ ਕੁਰ ਬੁੜ੍ਹੀ ਨੇ। ਸਾਰਾ ਦਿਨ ਬੋਲਦੀ ਹੀ ਰਹੀ। ਦੁਹੱਥੜੀ ਪਿੱਟਦੀ ਤੇ ਬਹੂਆਂ ਨੂੰ ਗਾਲ੍ਹਾਂ ਕੱਢਦੀ। ਨਾ ਮੁੰਡੇ ਬੋਲੇ, ਨਾ ਬਹੂਆਂ। ਰਾਮ ਕੁਰ ਸਾਹਮਣੇ ਬੋਲਣਾ, ਬਾਰੂਦ 'ਤੇ ਚੰਗਿਆੜੀ

ਸੁੱਟਣ ਵਰਗੀ ਗੱਲ ਸੀ। ਉਹ ਦਾ ਇਹ ਵੀ ਡਰ ਸੀ ਕਿ ਅਥਾਹ ਗੁੱਸੇ ਵਿੱਚ ਆਈ ਉਹ ਕਿਤੇ ਕੰਧ ਨਾਲ ਟੱਕਰ ਮਾਰ ਕੇ ਨਾ ਮਰ ਜਾਵੇ।

ਪੰਜਵੇਂ ਮੁੰਡੇ ਹਰਨੇਕ ਨੂੰ ਉਹ ਚੋਰੀਓਂ ਖਵਾਉਂਦੀ। ਉਹ ਮਾਂ ਬਿਨਾਂ ਸਾਰਦਾ ਨਹੀਂ ਸੀ। ਸੀ ਵੀ ਚੜ੍ਹਦੀ ਜਵਾਨੀ ਵਿੱਚ।

ਨਿਤ ਦਾ ਕਲੇਸ਼ ਮਿਟਾਉਣ ਲਈ ਘੀਚਰ ਤੇ ਦੁੱਲਾ ਵੀ ਗਏ। ਫਿਰਨੀ ਵਾਲੀ ਅਬਾਦੀ ਵਿੱਚ ਉਨ੍ਹਾਂ ਨੇ ਵੀ ਦੋ ਕੋਠੜੇ ਛੱਤ ਲਏ। ਉੱਥੇ ਰਹਿ ਕੇ ਆਪਣਾ ਜੂਨ-ਗੁਜ਼ਾਰਾ ਕਰਨ ਲੱਗੇ।

ਚਾਰੇ ਮੁੰਡੇ ਬੁੜ੍ਹੀ ਦੀ ਮੌਤ ਭਾਲਦੇ। ਉਹ ਨਾ ਮਰਦੀ, ਨਾ ਮੁੰਜਾ ਛੱਡਦੀ।

'ਤੈਨੂੰ ਨ੍ਹੀਂ ਵਿਆਉਂਦੀ ਵੇ ਮੈਂ। ਕੀ ਕਰਨੈ ਬਹੂ ਦਾ ਤੂੰ? ਬਗਾਨੀ ਧੀ ਮੇਰੀ ਮਿੱਤ ਕਦੰਤ ਨ੍ਹੀਂ ਬਣਦੀ।' ਉਹ ਹਰਨੇਕ ਨੂੰ ਆਪਣਾ ਫ਼ੈਸਲਾ ਸੁਣਾਉਂਦੀ।

ਹਰਨੇਕ ਬੋਲਦਾ ਨਾ। ਪਰ ਆਖਣਾ ਚਾਹੁੰਦਾ, 'ਬਹੂ ਤੇਰੇ ਖ਼ਾਤਰ ਲਿਆਉਣੀ ਐ?'

ਰਾਮ ਕੁਰ ਰੋਟੀ-ਟੁੱਕ ਤਾਂ ਸਭ ਆਪ ਕਰਦੀ। ਮੱਝਾਂ ਦੀ ਧਾਰ ਕੱਢਦੀ। ਗੋਹਾ-ਕੂੜਾ ਹਰਨੇਕ ਕਰ ਦਿੰਦਾ। ਹੁਣ ਜ਼ਮੀਨ ਉਹ ਹਿੱਸੇ 'ਤੇ ਦਿੰਦੀ। ਮਾਂ-ਪੁੱਤ ਆਪ ਬੱਸ ਤਿੰਨੇ ਮੱਝਾਂ ਦਾ ਕੰਮ ਕਰਦੇ। ਇੱਕ ਮੱਝ ਦਾ ਦੁੱਧ ਪੀ-ਵਰਤ ਲੈਂਦੇ, ਦੋ ਦਾ ਵੇਚ ਦਿੰਦੇ।

ਇੱਕ ਦਿਨ ਕੀ ਹੋਇਆ, ਸਿਆਲ ਦੀ ਰੁੱਤ ਸੀ। ਉਹ ਘਰ ਦੇ ਬਾਰ ਮੂਹਰੇ ਕੱਚੀ ਚੌਂਕੜੀ 'ਤੇ ਬੈਠੀ ਧੁੱਪ ਸੇਕ ਰਹੀ ਸੀ। ਦੁਪਹਿਰ ਦਾ ਵਕਤ। ਦੂਰੋਂ ਕੋਈ ਬੰਦਾ ਆਉਂਦਾ ਦਿੱਸਿਆ। ਹੱਥ ਵਿੱਚ ਬੇਰੀ ਦੀ ਸੋਟੀ, ਸਿਰ 'ਤੇ ਨਿੱਕੀ ਜਿਹੀ ਗਠੜੀ ਤੇ ਮਗਰ ਇੱਕ ਕੁੜੀ ਸੱਤ-ਅੱਠ ਸਾਲ ਦੀ। ਠੁਮਕ-ਠੁਮਕ ਤੁਰਦੀ। ਬੁੜ੍ਹਾ ਉਨ੍ਹਾਂ ਦੇ ਬੂਹੇ ਵੱਲ ਝਾਕਦਾ ਉਹਦੇ ਕੋਲ ਦੀ ਲੰਘ ਗਿਆ। ਜਦੋਂ ਉਹ ਬੀਹੀ ਵਿੱਚ ਦੂਰ ਨਿਕਲ ਗਿਆ ਤਾਂ ਅੱਖਾਂ 'ਤੇ ਹੱਥ ਦਾ ਛੱਪਰ ਬਣਾ ਕੇ ਉਹ ਉਹਦੇ ਵੱਲ ਦੇਖਣ ਲੱਗੀ। ਫੇਰ ਉਹ ਨੇ ਇੱਕ ਤੀਵੀਂ ਨੂੰ ਪੁੱਛਿਆ, 'ਕੁੜੇ ਕੌਣ ਹੋਇਆ ਇਹੇ? ਕੀਹਦੇ ਵੜੂ ਜਾ ਕੇ? ਦੇਖਦਾ ਜ੍ਹਾ ਗਿਐ।'

ਤੇ ਫੇਰ ਦਿਨ ਢਲੇ ਉਹ ਵਾਪਸ ਜਾ ਰਿਹਾ ਸੀ। ਉਹ ਉੱਥੇ ਦੀ ਉੱਥੇ ਬੈਠੀ ਹੋਈ ਸੀ। ਇਸ ਵਾਰ ਉਹ ਦੇ ਸਾਹਮਣੇ ਆ ਕੇ ਖੜ੍ਹ ਗਿਆ ਤੇ ਬੋਲਿਆ, 'ਰਾਮੋ ਐ?'

ਟੇਢੀ ਜਿਹੀ ਹੋ ਕੇ ਮੰਜੀ 'ਤੇ ਪਈ ਉਹ ਝੱਟ ਬੈਠੀ ਹੋ ਗਈ। ਅੱਖਾਂ ਉਘੇੜੀਆਂ। ਉਹ ਉਹਦੀ ਸਿਆਣ ਵਿੱਚ ਨਹੀਂ ਆ ਰਿਹਾ ਸੀ। ਉਹ ਨੇ ਆਪ ਹੀ ਦੱਸਿਆ, 'ਮੈਂ ਗੁਰਚਰਨ ਸੂੰ ਆਂ। ਪਿੰਡੋਂ, ਥੰਮਣ ਸਿਉਂ ਦਾ ਭਾਣਜਾ।'

'ਤੂੰ ਭਾਈ ਗੁਰਚਰਨ ਸਿਆਂ ਏਥੇ ਕਿਮੇਂ?' ਰਾਮ ਕੁਰ ਨੂੰ ਜਿਵੇਂ ਕਿਸੇ ਨੇ ਫੜਕੇ ਝੰਜੋੜ ਦਿੱਤਾ ਹੋਵੇ। ਉਹ ਬਹਤ ਵਰ੍ਹੇ ਪਿਛਾਂਹ ਚਲੀ ਗਈ ਤੇ ਫੇਰ ਜਿਵੇਂ ਸੋਲ੍ਹਾਂ ਸਾਲ ਦੀ ਬਣ ਬੈਠੀ ਹੋਵੇ। ਆਪਣੇ 'ਤੇ ਲਈ ਗਰਮ ਚਾਦਰ ਸੰਭਾਲਦੀ ਉਹ ਉੱਠੀ ਤੇ ਉਹ ਨੂੰ ਅੰਦਰ ਵਿਹੜੇ ਵਿੱਚ ਲੈ ਗਈ। ਮੰਜਾ ਡਾਹ ਦਿੱਤਾ।

ਉਹ ਕਹਿੰਦਾ, 'ਏਸ ਪਿੰਡ ਸਿੱਧੂਆਂ ਦਾ ਘਰ ਐ ਨਾ ਇੱਕ। ਉਨ੍ਹਾਂ ਦੇ ਇੱਕ ਮੁੰਡੇ ਦੀ ਦੱਸ ਪਈ ਸੀ। ਪੋਤੀ ਖਾਤਰ। ਮਖਿਆ, ਸਾਹਮਣੇ ਮੱਥੇ ਈ ਘਰ-ਬਾਰ ਦੇਖ ਜਾਂ।'

'ਇਹ ਬੂਜੀ?' ਰਾਮ ਕੁਰ ਨੇ ਪੁੱਛਿਆ।

'ਇਹ ਦੋਹਤੀ ਦੀ ਕੁੜੀ ਐ। ਹਿੰਡ ਕਰਕੇ ਆ ਗਈ ਮੇਰੇ ਨਾਲ। ਮੈਂ ਤਾਂ ਸ਼ਹਿਰ ਆਇਆ ਸੀ। ਉੱਥੋਂ ਏਧਰ ਆ ਗਿਆ।' ਫੇਰ ਦੱਸਣ ਲੱਗਿਆ, 'ਪਿੰਡ ਦਾ ਤਾਂ ਮੈਨੂੰ ਪਤਾ ਸੀ। ਸਿੱਧੂਆਂ ਦੇ ਘਰੋਂ ਮੈਂ ਤੇਰਾ ਘਰ ਵੀ ਪੁੱਛ ਲਿਆ। ਮਖਿਆ, ਆਏ ਤਾਂ ਹਾਂ ਮਿਲ ਈ ਚੱਲੀਏ ਰਾਮੋ ਨੂੰ।'

ਰਾਮ ਕੁਰ ਨੇ ਦੇਖਿਆ, ਗੁਰਚਰਨ ਖਾਸਾ ਬੁੜ੍ਹਾ ਹੋ ਗਿਆ ਸੀ। ਦਾੜ੍ਹੀ ਚਿੱਟੀ ਸਫ਼ੈਦ, ਕੁਕੜੀ ਦੇ ਆਂਡੇ ਵਰਗੀ, ਅੱਖਾਂ ਵਿੱਚ ਉਹ ਨੂਰ ਨਹੀਂ ਰਹਿ ਗਿਆ ਸੀ। ਬੱਸ ਜਿਵੇਂ ਰੀਠੇ ਜਿਹੇ ਘੁੰਮ ਰਹੇ ਹੋਣ। ਹੇਠਲੇ ਚਾਰੇ ਦੰਦ ਨਿਕਲੇ ਹੋਏ ਸਨ। ਝੁਕੇ ਕੇ ਤੁਰਦਾ। ਬੇਰੀ ਦੀ ਸੋਟੀ ਉਹ ਦਾ ਸਹਾਰਾ ਸੀ। ਰਾਮ ਕੁਰ ਨੂੰ ਇੱਕ-ਇੱਕ ਕਰਕੇ ਪੁਰਾਣੀਆਂ ਗੱਲਾਂ ਯਾਦ ਆਉਣ ਲੱਗੀਆਂ। ਤੌੜੀ ਵਿੱਚੋਂ ਉਹ ਤਿੰਨ ਬਾਟੀਆਂ ਸੂਹੇ ਦੁੱਧ ਦੀਆਂ ਭਰ ਲਿਆਈ। ਵਿੱਚ ਖੰਡ ਦੀ ਮੁੱਠੀ-ਮੁੱਠੀ ਘੋਲ ਕੇ।

ਗੁਰਚਰਨ ਕਹਿੰਦਾ, 'ਐਨਾ ਤਾਂ ਪੀਤਾ ਨ੍ਹੀਂ ਜਾਣਾ ਰਾਮੋ। ਇੱਕ ਖਾਲੀ ਬਾਟੀ ਲਿਆ ਦੇ। ਮੈਂ ਬੁੱਕ ਪੀ ਲੈਨਾਂ। ਬਾਕੀ ਕੁੜੀ ਪੀ ਲੂ। ਇੱਕ ਬਾਟੀ ਤਾਂ ਤੂੰ ਚੱਕ ਈ ਲੈ।'

ਦੁੱਧ ਪੀ ਕੇ ਉਹ ਆਪੋ-ਆਪਣੀ ਘਰ-ਕਬੀਲਦਾਰੀ ਦੀਆਂ ਗੱਲਾਂ ਕਰਨ ਲੱਗੇ। ਮੁੰਡੇ-ਕੁੜੀਆਂ ਦੀਆਂ ਗੱਲਾਂ ਤੋਂ ਅਗਾਂਹ ਰਿਸ਼ਤੇਦਾਰੀਆਂ ਵਿੱਚ ਪੈ ਗਏ। ਆਪਣੀ ਕੋਈ ਗੱਲ ਤਾਂ ਇੱਕ ਵੀ ਨਾ ਕੀਤੀ ਤੇ ਫੇਰ ਕਹਿੰਦਾ, 'ਚੰਗਾ ਚੱਲਦਾ ਮੈਂ ਤਾਂ। ਦਿਨ ਛਿਪਦੇ ਨੂੰ ਪਹੁੰਚ ਜੂੰ ਪਿੰਡ ਹੌਲੀ-ਹੌਲੀ। ਬੱਸਾਂ ਦੇ ਟੈਮ ਹੈਗੇ ਐ ਹਾਲੇ।'

ਰਾਮ ਕੁਰ ਨੇ ਉਹ ਨੂੰ ਰਾਤ ਰਹਿਣ ਲਈ ਜ਼ੋਰ ਪਾਇਆ। ਕਹਿੰਦੀ ਸੀ, 'ਗੱਲਾਂ ਕਰਾਂਗੇ, ਪਰ ਉਹ ਜਾਣ ਦੀ ਕਾਹਲ ਕਰ ਰਿਹਾ ਸੀ।'

ਆਪਣੇ ਬੂਹੇ ਅੱਗੇ ਖੜ੍ਹੀ ਉਹ ਉਹ ਨੂੰ ਦੂਰ ਤੱਕ ਤੁਰੇ ਜਾਂਦੇ ਨੂੰ ਦੇਖਦੀ ਰਹੀ ਤੇ ਫਿਰ ਅੰਦਰ ਸਬ੍ਹਾਤ ਵਿੱਚ ਰਜ਼ਾਈ ਲੈ ਕੇ ਪੈ ਗਈ। ਉਹ ਦਾ ਚਿੱਤ ਢਿੱਲਾ ਹੋ ਗਿਆ ਸੀ।

ਹੌਲੀ-ਹੌਲੀ ਦਿਨ ਪਾ ਕੇ ਉਹ ਨੂੰ ਮਹਿਸੂਸ ਹੋਣ ਲੱਗਿਆ, ਜਿਵੇਂ ਇਸ ਸੰਸਾਰ ਵਿੱਚ ਉਹ ਨੂੰ ਕਿਸੇ ਵਿਰੁੱਧ ਕੋਈ ਸ਼ਿਕਾਇਤ ਨਾ ਰਹਿ ਗਈ ਹੋਵੇ। ਉਹ ਦਾ ਰੰਗੜਊ ਪਾਰੇ ਵਾਂਗ ਫੈਲ ਕੇ ਜਿਵੇਂ ਮਿੱਟੀ ਦਾ ਹਿੱਸਾ ਹੀ ਬਣ ਗਿਆ ਹੋਵੇ। ਇੱਕ ਦਿਨ ਉਹ ਨੇ ਹਰਨੇਕ ਨੂੰ ਕਿਹਾ ਕਿ ਉਹ ਬਾਹਰਲੇ ਘਰ ਦੋਵੇਂ ਘਰੀਂ ਇੱਕ-ਇੱਕ ਮੱਝ ਬੰਨ੍ਹ ਆਵੇ। ਤੇ ਫੇਰ ਇੱਕ ਦਿਨ ਉਹ ਨੇ ਅਗਵਾੜ ਦੇ ਚਾਰ ਸਿਆਣੇ ਬੰਦੇ ਸੱਦੇ ਤੇ ਜ਼ਮੀਨ ਦੇ ਪੰਜ ਹਿੱਸੇ ਕਰ ਦਿੱਤੇ। ਹੋਰ ਦਿਨ ਲੰਘੇ ਤਾਂ ਉਹ ਨੇ ਹਰਨੇਕ ਨੂੰ ਆਖਿਆ, 'ਤੂੰ ਸਾਂਭ ਭਾਈ ਆਵਦਾ ਘਰ ਆਪੇ ਈ। ਮੇਰਾ ਤਾਂ ਚੰਦ ਰੋਜ਼ ਦਾ ਮੇਲਾ ਐ। ਵਿਆਹ ਵੀ ਕਰਾ ਲੈ ਹੁਣ।' ♦

# ਇੱਕ ਕੋਸ਼ਿਸ਼ ਹੋਰ

ਮਹੇਸ਼ ਮੈਨੂੰ ਬਹੁਤ ਚੰਗਾ ਲੱਗਦਾ ਹੈ। ਉਹ ਮੈਨੂੰ ਵੀ ਬਹੁਤ ਚਾਹੁੰਦਾ ਹੈ। ਦਫ਼ਤਰੋਂ ਛੁੱਟੀ ਹੁੰਦਿਆਂ ਹੀ ਕਹਿੰਦਾ ਹੈ, ਸੰਜੀਵਨੀ ਚੱਲ ਕਾਫ਼ੀ ਲਈਏ, ਇੱਕ-ਇੱਕ ਪਿਆਲਾ। ਸਿਰ ਫਟ ਰਿਹਾ ਹੈ। ਅਸੀਂ 'ਨੀਲਮ ਕਾਫ਼ੀ ਬਾਰ' ਵਿੱਚ ਆਉਂਦੇ ਆਂ। ਸੋਫ਼ਿਆਂ 'ਤੇ ਬੈਠ ਕੇ ਵਿਚਕਾਰਲੀ ਮੇਜ਼ 'ਤੇ ਝੁਕ ਜਾਂਦੇ ਹਾਂ। ਉਹ ਕੋਈ ਗੱਲ ਸ਼ੁਰੂ ਕਰਦਾ ਹੈ। ਮੈਂ ਹੁੰਗਾਰਾ ਭਰਦੀ ਹਾਂ। ਕੋਈ ਵੀ ਗੱਲ ਜਦ ਉਸ ਕੋਲ ਨਹੀਂ ਰਹਿ ਜਾਂਦੀ, ਉਹ ਐਸ਼ ਟਰੇਅ ਨੂੰ ਘੁਮਾਉਣ ਦੀ ਕੋਸ਼ਿਸ਼ ਕਰਦਾ ਹੈ। ਮੈਂ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਦਿੰਦੀ ਹਾਂ। ਸੁਆਹ ਹੀ ਖਿੰਡੇਗੀ। ਉਹ ਉਦਾਸ ਜਿਹੀ ਮੁਸਕਰਾਹਟ ਬੁੱਲਾਂ 'ਤੇ ਲਿਆਉਂਦਾ ਹੈ।

ਮੇਜ਼ ਥੱਲੇ ਸੁਤੰਤਰ ਸੰਸਾਰ ਹੈ। ਕੋਈ ਨਜ਼ਰਾਂ ਨਹੀਂ। ਉਹ ਆਪਣਾ ਪੈਰ ਮੇਰੀ ਲੱਤ ਨਾਲ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਚਾਹੁੰਦੀ ਤਾਂ ਮੈਂ ਵੀ ਹਾਂ ਕਿ ਇਹ ਕਲੋਲ ਕਰਕੇ ਦੇਖਾਂ, ਪਰ ਨਹੀਂ। ਅੱਖਾਂ ਰਾਹੀਂ ਹੀ ਮੈਂ ਉਸ ਨੂੰ ਘੂਰ ਦਿੰਦੀ ਹਾਂ। ਉਹ ਮੂੰਹ ਲਟਕਾ ਲੈਂਦਾ ਹੈ। ਲੰਬਾ ਸਾਹ ਲੈਂਦਾ ਹੈ। ਕਾਫ਼ੀ ਬਣਾਉਣ ਨੂੰ ਬੜਾ ਚਿਰ ਲਗਾ ਦਿੱਤਾ ਹੈ, ਕਹਿ ਕੇ ਮੈਂ ਉਸ ਦੇ ਧਿਆਨ ਨੂੰ ਪਲਟ ਦੇਣ ਦੀ ਕੋਸ਼ਿਸ਼ ਹੈ।

ਜ਼ਰਾ ਜਲਦੀ ਬਈ, ਉਹ ਚੀਖ਼ਿਆ ਹੈ।

ਅੱਛਾ ਸਾਹਬ! ਬੱਸ ਤਿਆਰ ਹੈ, ਕਾਊਂਟਰ ਤੋਂ ਅਵਾਜ਼ ਆਈ ਹੈ। ਕਾਫ਼ੀ ਦੀ ਸੁਖਾਵੀਂ ਝੱਗ ਵਿੱਚ ਬੁੱਲ੍ਹ ਟਿਕੇ ਹਨ। ਅੱਖਾਂ ਨੇ ਇੱਕ-ਦੂਜੇ ਦਾ ਜਾਇਜ਼ਾ ਲੈਣਾ ਚਾਹਿਆ ਹੈ।

ਘੁੱਟਾਂ ਵੀ ਭਰੀਆਂ ਜਾ ਰਹੀਆਂ ਹਨ।

ਬਾਰ ਵਿੱਚੋਂ ਬਾਹਰ ਨਿਕਲ ਕੇ ਮੈਂ ਉਸ ਨੂੰ ਕੁਝ ਕਹਿਣਾ ਚਾਹਿਆ ਹੈ। ਕਹਿ ਨਹੀਂ ਸਕੀ ਹਾਂ। ਕਿੰਨਾ ਉਹ ਮੇਰੇ ਨਾਲ ਖੁੱਲ੍ਹਾ ਹੈ। ਕਿੰਨੀਆਂ ਗੱਲਾਂ ਅਸੀਂ ਕਰ ਲੈਂਦੇ ਹਾਂ। ਕਿੰਨੀ ਇਕੱਲ ਸਾਡੇ ਵਿੱਚ ਸਾਂਝੀ ਹੈ। ਇੱਕ ਹੀ ਤਾਂ ਇਹ ਗੱਲ ਹੈ, ਜੋ ਮੈਂ ਉਸ ਨਾਲ ਕਰ ਨਹੀਂ ਸਕਦੀ। ਕਿਉਂ ਝਿਜਕਦੀ ਹਾਂ? ਪਤਾ ਨਹੀਂ।

ਜਦ ਮੈਂ ਪਟਿਆਲੇ ਹੁੰਦੀ ਸਾਂ, ਜਗਦੀਸ਼ ਵੀ ਮੈਨੂੰ ਕਿੰਨਾ ਚਾਹੁੰਦਾ ਹੁੰਦਾ ਸੀ। ਮਹੇਸ਼ ਜਿੰਨਾ ਹੀ। ਰੰਗ-ਰੂਪ ਵਿੱਚ ਇਹ ਦੇ ਵਰਗਾ ਹੀ ਸੀ। ਕੱਦ-ਕਾਠ ਵੀ। ਸੁਭਾਅ ਵੀ। ਮੈਂ ਤੇ ਉਸ ਨੂੰ ਪਹਿਲੇ ਦਿਨ ਹੀ ਦਿਲ ਦੇ ਬੈਠੀ ਸਾਂ। ਉਹ ਜਿਸ ਦਿਨ ਹਾਜ਼ਰ ਹੋਇਆ ਸੀ, ਮੇਰੇ ਨਾਲ ਹੀ ਉਸ ਨੂੰ ਸੀਟ ਦੇ ਦਿੱਤੀ ਗਈ ਸੀ। ਉਹ ਬੈਠਣ ਸਾਰ ਹੀ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ ਸੀ। ਜਿਵੇਂ ਮੈਨੂੰ ਪਹਿਲਾਂ ਹੀ ਜਾਣਦਾ ਹੋਵੇ। ਮੈਂ ਵੀ ਤਾਂ

ਭੋਰਾ ਨਹੀਂ ਸੰਗੀ, ਜਿਵੇਂ ਪਹਿਲਾਂ ਹੀ ਉਸ ਨੂੰ ਜਾਣਦੀ ਹੋਵਾਂ। ਕਮਾਲ ਦੀ ਗੱਲ ਉਸੇ ਦਿਨ ਹੀ ਛੁੱਟੀ ਤੋਂ ਬਾਅਦ ਅਸੀਂ ਸਟੇਟ ਬੈਂਕ ਆ ਕੇ ਇੱਕ ਹੋਟਲ ਵਿੱਚ ਚਾਹ ਪੀਤੀ ਸੀ ਤੇ ਇੱਕ-ਦੂਜੇ ਬਾਰੇ ਢੇਰ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ।

ਫਿਰ ਤਾਂ ਅਸੀਂ ਛੁੱਟੀ ਤੋਂ ਬਾਅਦ ਅਕਸਰ ਹੀ ਮਿਲਦੇ। ਘੰਟਾ-ਡੇਢ ਘੰਟਾ ਦੇਰ ਨਾਲ ਮੈਂ ਘਰ ਪੁੱਜਦੀ। ਮਾਂ ਪੁੱਛਦੀ ਤਾਂ ਕਹਿ ਦਿੰਦੀ, ਦਫ਼ਤਰ ਵਿੱਚ ਹੀ ਬਿਠਾ ਲਿਆ ਸੀ, ਹੈੱਡ ਕਲਰਕ ਨੇ। ਕੰਮ ਬਹੁਤਾ ਸੀ।

ਐਤਵਾਰ ਨੂੰ ਵੀ ਅਸੀਂ ਮਿਲਣ ਲੱਗੇ। ਕੋਈ ਹੋਰ ਛੁੱਟੀ ਹੁੰਦੀ ਤਾਂ ਵੀ। ਮੈਨੂੰ ਉਹ ਆਪਣੇ ਕਮਰੇ ਵਿੱਚ ਲੈ ਜਾਂਦਾ।

ਜਗਦੀਸ਼ ਰਾਮਪੁਰਾ ਫੂਲ ਦਾ ਸੀ। ਮੈਨੂੰ ਪਤਾ ਸੀ ਕਿ ਉਹ ਚੰਗੇ ਖਾਨਦਾਨ ਦਾ ਹੈ। ਸੁਹਣਾ ਸੁਨੱਖਾ। ਕੰਮ 'ਤੇ ਲੱਗਿਆ ਹੋਇਆ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਆਪਣੀ ਬਰਾਦਰੀ ਵਿੱਚੋਂ ਨਾ ਵੀ ਹੁੰਦਾ ਤਾਂ ਵੀ ਕੀ ਸੀ। ਕੁੜੀ ਲਈ ਤਾਂ ਮੁੰਡਾ ਚਾਹੀਦਾ ਹੈ, ਭਾਵੇਂ ਕੋਈ ਹੋਵੇ। ਕਮਾਊ ਹੋਵੇ। ਬਣਦਾ-ਤਣਦਾ ਹੋਵੇ। ਬਰਾਦਰੀ ਵਿੱਚੋਂ ਭਾਲਣ ਲੱਗੀਏ ਤਾਂ ਮੁੰਡਾ ਮਿਲਦਾ ਹੀ ਨਹੀਂ। ਮਿਲ ਵੀ ਜਾਵੇਂ ਤਾਂ ਸੌ ਰਸਮ-ਰਿਵਾਜ ਨਿਭਾਉਣੇ ਪੈਂਦੇ ਹਨ। ਕਿੰਨਾ ਕੁ ਚਿਰ ਰੱਖੀ ਜਾਣਗੇ ਲੋਕ ਇਹ ਬਰਾਦਰੀ ਵਾਲਾ ਝੰਜਟ?

ਇੱਕ ਦਿਨ ਮੈਂ ਜਗਦੀਸ਼ ਕੋਲ ਗੱਲ ਛੇੜੀ ਸੀ ਤਾਂ ਉਹ ਹੱਸ ਪਿਆ ਸੀ। ਕਹਿ ਰਿਹਾ ਸੀ-ਵਿਆਹ ਦੀ ਕੀ ਲੋੜ ਐ, ਅਜੇ ਹੀ।

ਹੋਰ ਕਦ ਲੋੜ ਹੁੰਦੀ ਹੈ?

ਅਜੇ ਤਾਂ ਬਹੁਤ ਉਮਰ ਪਈ ਐ। ਅਜੇ ਤਾਂ ਮੌਜ ਮੇਲਾ ਕਰੋ।

ਇੱਕ ਐਤਵਾਰ ਅਸੀਂ ਡੇਰਾ ਬਾਬਾ ਜੱਸਾ ਸਿੰਘ ਵਾਲੇ ਪਾਸੇ ਗਏ। ਥੱਕ-ਟੁੱਟ ਕੇ ਜਦ ਇੱਕ ਦਰਖ਼ਤ ਥੱਲੇ ਬੈਠ ਗਏ ਤਾਂ ਮੈਂ ਥੋੜ੍ਹਾ ਜਿਹਾ ਗੁੱਸੇ ਹੋ ਕੇ ਆਖਿਆ, ਦੇਖ, ਮੈਂ ਕਿੰਨੀ ਵਾਰ ਕਹਿ ਚੁੱਕੀ ਆਂ। ਤੂੰ ਸੁਣਦਾ ਈ ਨਹੀਂ। ਦੱਸ, ਕਰਾਂ ਮਾਂ ਨਾਲ ਗੱਲ?

ਉਹ ਅਜੀਬ ਜਿਹੀਆਂ ਨਜ਼ਰਾਂ ਨਾਲ ਮੇਰੇ ਚਿਹਰੇ ਵੱਲ ਦੇਖਣ ਲੱਗਿਆ ਸੀ। ਉਸ ਤੱਕਣੀ 'ਚੋਂ ਮੈਨੂੰ ਡਰ ਲੱਗਿਆ ਸੀ। ਮੈਂ ਕਹਿ ਦਿੱਤਾ ਸੀ, ਨਹੀਂ ਤਾਂ ਨਾ ਮਿਲਿਆ ਕਰ ਮੈਨੂੰ।

ਨਾ ਮਿਲਿਆ ਕਰ। ਉਸ ਨੇ ਨਿਧੜਕ ਹੋ ਕੇ ਕਹਿ ਦਿੱਤਾ ਸੀ।

ਮੈਂ ਤੈਨੂੰ ਇਸ ਕਰਕੇ ਤਾਂ ਸਰੀਰ ਨਹੀਂ ਦਿੱਤਾ ਸੀ ਕਿ ਤੂੰ ਇਸ ਤਰ੍ਹਾਂ ਹੀ ਕਦੇ ਮੈਨੂੰ ਛੱਡ ਜਾਵੇਂਗਾ? ਮੇਰੀਆਂ ਅੱਖਾਂ ਵਿੱਚ ਪਾਣੀ ਸੀ।

ਤੇ ਫਿਰ ਉਸਨੇ ਮੈਨੂੰ ਇੱਕ ਅਜਿਹੀ ਗੱਲ ਆਖੀ ਸੀ, ਜਿਸ ਨੂੰ ਸੁਣ ਕੇ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਨਾ ਮੈਥੋਂ ਰੋਇਆ ਜਾ ਰਿਹਾ ਸੀ ਤੇ ਨਾ ਬੋਲਿਆ। ਮੈਂ ਥਾਂ ਦੀ ਥਾਂ ਸੁੰਨ ਮਿੱਟੀ ਬਣ ਕੇ ਬੈਠੀ ਹੋਈ ਸਾਂ। ਉਹ ਤਾਂ ਪਤਾ ਨਹੀਂ ਕਦੋਂ ਮੈਨੂੰ ਉੱਥੇ ਬੈਠੀ ਛੱਡ ਕੇ ਹੀ ਤੁਰ ਗਿਆ ਸੀ। ਮੇਰਾ ਸਭ ਕੁਝ ਲੁੱਟ ਕੇ ਮੈਨੂੰ ਛੱਡ ਗਿਆ ਸੀ।

ਪਰ ਮੈਂ ਹਾਰੀ ਨਹੀਂ ਸੀ। ਅਜੇ ਤਾਂ ਮੇਰੇ ਕੋਲ ਬਹੁਤ ਕੁਝ ਸੀ। ਅਜੇ ਤਾਂ ਮੇਰੇ ਕੋਲ ਸਾਰਾ ਕੁਝ ਸੀ। ਸਮਾਜ ਦੀਆਂ ਨਜ਼ਰਾਂ ਵਿੱਚ ਮੈਂ ਤਾਂ ਕੁਆਰੀ ਸੀ। ਮਾਪਿਆਂ ਦੀਆਂ

ਨਜ਼ਰਾਂ ਵਿੱਚ ਵੀ ਮੈਂ ਕੰਜ ਸਾਂ। ਵਿਆਹ ਤਾਂ ਸਮਾਜ ਦੀ ਨਿਗਾਹ ਵਿੱਚ ਲਿੰਗ-ਰਿਸ਼ਤਿਆਂ ਦੀ ਪ੍ਰਵਾਨਗੀ ਲੈਣ ਦਾ ਨਾਉਂ ਹੈ।

ਪਰ ਨਹੀਂ, ਦਿਲ ਦੀ ਤਸੱਲੀ ਹੋਰ ਗੱਲ ਹੈ। ਔਰਤ ਇਸ ਲਈ ਨਹੀਂ ਕਿ ਮਰਦ ਦੀ ਸਰੀਰਕ ਭੁੱਖ ਮਿਟਾਉਂਦੀ ਰਹੇ। ਉਹ ਮਰਦ ਤੋਂ ਮਾਨਸਿਕ ਤ੍ਰਿਪਤੀ ਲੈਣ ਦੀ ਹੱਕਦਾਰ ਵੀ ਤਾਂ ਹੈ। ਆਰਥਿਕ ਸਹਾਰਾ ਵੀ ਤੇ ਮਮਤਾ ਦੀ ਪੂੰਜੀ ਵੀ। ਇੱਕ ਸੰਸਾਰ ਦਾ ਸੁਪਨਾ ਵੀ। ਜਿਹੜਾ ਮਰਦ ਉਸ ਨੂੰ ਇਹ ਸਭ ਕੁਝ ਨਹੀਂ ਦਿੰਦਾ, ਉਹ ਤਾਂ ਫਿਰ ਕੁੱਤਾ ਹੋਇਆ-ਮਾਸ ਚੂੰਡ ਕੇ ਖਾ ਜਾਣ ਵਾਲਾ।

ਜਗਦੀਸ਼ ਤਾਂ ਕੁੱਤਾ ਸੀ।

ਮਹੇਸ਼ ਨੂੰ ਮੈਂ ਕੁੱਤਾ ਨਹੀਂ ਬਣਨ ਦੇਵਾਂਗੀ। ਮਰਦ ਭਾਵੇਂ ਉਹ ਮੇਰਾ ਨਾ ਬਣੇ।

ਪਟਿਆਲੇ ਨਾਲੋਂ ਚੰਡੀਗੜ੍ਹ ਭਾਵੇਂ ਮੈਨੂੰ ਤਨਖ਼ਾਹ ਦਾ ਸੌ ਰੁਪਿਆ ਵੱਧ ਮਿਲਦਾ ਹੈ, ਪਰ ਮੈਂ ਤੰਗ ਰਹਿੰਦੀ ਹਾਂ। ਅੰਕਲ ਜੀ ਦਾ ਮਕਾਨ ਹੈ, ਰੋਟੀ ਦਾ ਵੀ ਕੋਈ ਖ਼ਰਚ ਨਹੀਂ। ਕੱਪੜਾ ਪਿਛਲੇ ਸਾਲ ਤੋਂ ਕੋਈ ਨਹੀਂ ਸਿਲਾਇਆ। ਫਿਰ ਵੀ ਤੰਗ-ਤੰਗ ਰਹਿੰਦੀ ਹਾਂ।

ਮਹੀਨੇ ਬਾਅਦ ਪਟਿਆਲੇ ਜਾਂਦੀ ਹਾਂ। ਮਾਂ ਪੁੱਛਦੀ ਤਾਂ ਨਹੀਂ, ਪਰ ਮੇਰੇ ਚਿਹਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਝਾਕਦੀ ਰਹਿੰਦੀ ਹੈ। ਮੈਨੂੰ ਪੂਰਾ ਅਹਿਸਾਸ ਹੈ ਕਿ ਉਸ ਨੂੰ ਪੈਸਿਆਂ ਦੀ ਲੋੜ ਹੈ। ਪਤਾ ਨਹੀਂ ਕੀ ਸੋਚਦੀ ਹੋਵੇਗੀ ਕਿ ਮੈਂ ਹੁਣ ਓਸ ਨੂੰ ਕੁਝ ਦਿੰਦੀ ਕਿਉਂ ਨਹੀਂ, ਪਟਿਆਲੇ ਵੇਲੇ ਤਾਂ ਮੈਂ ਤਨਖ਼ਾਹ ਮਿਲੀ ਤੋਂ ਸੌ ਰੁਪਿਆ ਨਕਦ ਮਾਂ ਨੂੰ ਫੜਾ ਦਿੰਦੀ ਸਾਂ। ਇੱਕ ਵਾਰ ਗਈ ਹਾਂ ਤਾਂ ਆਪ ਮਾਂ ਨੂੰ ਦੱਸ ਦਿੱਤਾ ਕਿ ਮੈਂ ਬੈਂਕ ਵਿੱਚ ਹਿਸਾਬ ਖੁੱਲ੍ਹਵਾ ਲਿਆ ਹੈ।

ਸਭ ਝੂਠ!

ਮੇਰੇ ਤਾਂ ਸਾਰੇ ਪੈਸੇ ਮਹੇਸ਼ ਦੀਆਂ ਖ਼ਾਤਰਦਾਰੀਆਂ 'ਤੇ ਲੱਗ ਜਾਂਦੇ ਹਨ।

ਮਹੇਸ਼ ਸੋਚਦਾ ਹੋਵੇਗਾ, ਮੈਂ ਬਹੁਤ ਅਮੀਰ ਘਰ ਦੀ ਕੁੜੀ ਹਾਂ। ਕਿੰਨਾ ਖੁੱਲ੍ਹਾ ਖ਼ਰਚ ਕਰਦੀ ਹਾਂ।

ਇਹ ਵੀ ਸੋਚਦਾ ਹੋਵੇਗਾ, ਮੈਂ ਉਸ ਨੂੰ ਨੇੜੇ ਕਿਉਂ ਨਹੀਂ ਲੱਗਣ ਦਿੰਦੀ? ਸਭ ਥਾਂ ਉਸ ਨਾਲ ਚਲੀ ਜਾਂਦੀ ਹਾਂ। ਉਸ ਨਾਲ ਕਿੰਨੀਆਂ ਖੁੱਲ੍ਹੀਆਂ ਗੱਲਾਂ ਕਰ ਲੈਂਦੀ ਹਾਂ। ਫਿਰ ਵੀ ਮੈਂ ਉਸ ਨੂੰ ਉਸ ਕਾਸੇ ਲਈ ਇਜਾਜ਼ਤ ਕਿਉਂ ਨਹੀਂ ਦਿੰਦੀ, ਜੋ ਉਹ ਚਾਹੁੰਦਾ ਹੈ। ਹੈਰਾਨ ਤਾਂ ਹੁੰਦਾ ਹੋਵੇਗਾ? ਪਰ ਹੈਰਾਨ ਹੋਣ ਦੀ ਕੀ ਲੋੜ ਹੈ। ਸਿੱਧੇ ਰਸਤੇ 'ਤੇ ਆ ਗਿਆ ਤਾਂ ਸਭ ਕੁਝ ਉਸ ਦਾ ਹੀ ਹੈ। ਕਿਤੇ ਨਾ ਸੋਚਦਾ ਹੋਵੇ ਕਿ ਮੈਂ ਉਸ ਨੂੰ ਸਿਰਫ਼ ਇਨਜੁਆਇ ਹੀ ਕਰ ਰਹੀ ਹਾਂ?

ਇੱਕ ਦਿਨ ਅਸੀਂ ਟੈਗੋਰ ਥੀਏਟਰ ਜਾਂਦੇ ਹਾਂ। ਥੀਏਟਰ ਦੇ ਬਾਹਰ ਬਹੁਤ ਭੀੜ ਹੈ। ਦਿੱਲੀ ਦਾ ਕੋਈ ਮਸ਼ਹੂਰ ਡਰਾਮਾਟਿਸਟ ਆਪਣਾ ਇੱਕ ਉਰਦੂ ਪਲੇਅ ਲੈ ਕੇ ਆਇਆ ਹੈ। ਅਸੀਂ ਆਪਣੀਆਂ ਟਿਕਟਾਂ ਦਾ ਪਹਿਲਾਂ ਪ੍ਰਬੰਧ ਨਹੀਂ ਕੀਤਾ ਹੋਇਆ। ਮੈਂ ਇੱਕ ਥਾਂ ਖੜ੍ਹੀ ਹਾਂ। ਪਲੇਅ ਸ਼ੁਰੂ ਹੋਣ ਵਾਲਾ ਹੈ। ਮਹੇਸ਼ ਤਾਂ ਗੱਲਾਂ ਹੀ ਕਰ ਰਿਹਾ ਹੈ। ਟਿਕਟ ਲੈਣ ਦਾ ਤਾਂ ਉਸ ਨੂੰ ਖਿਆਲ ਹੀ ਨਹੀਂ। ਪਰ ਨਹੀਂ ਸ਼ਾਇਦ ਉਸ ਦੇ ਦੋਸਤ ਨੇ ਕੋਈ ਉਪਾਅ

ਸੋਚ ਲਿਆ ਹੋਵੇ। ਭੀੜ ਹੀ ਬੜੀ ਹੈ। ਟੁੱਟ ਕੇ ਪੈ ਗਈ ਹੈ ਦੁਨੀਆ। ਦਿੱਲੀ ਵਿੱਚ ਇਹ ਪਲੇਅ ਸੱਠ ਵਾਰ ਖੇਡਿਆ ਜਾ ਚੁੱਕਿਆ ਹੈ।

ਆਪਣੀ ਥਾਂ ਤੋਂ ਹਿੱਲ ਕੇ ਮਹੇਸ਼ ਵੱਲ ਚੱਲ ਪਈ ਹਾਂ। ਉਸ ਨੂੰ ਕੋਈ ਪਤਾ ਨਹੀਂ। ਮੈਂ ਉਨ੍ਹਾਂ ਦੇ ਕੋਲ ਹੀ ਜਾ ਖੜ੍ਹੀ ਹਾਂ। ਉਸ ਦੇ ਦੋਸਤ ਦਾ ਵੀ ਮੇਰੇ ਵੱਲ ਕੋਈ ਧਿਆਨ ਨਹੀਂ। ਮਹੇਸ਼ ਉੱਚੀ-ਉੱਚੀ ਉਸ ਨੂੰ ਦੱਸ ਰਿਹਾ ਹੈ। ਜਿੱਥੇ ਮਰਜ਼ੀ ਲੈ ਜਾਓ। ਗੱਲਾਂ ਸਭ ਕਰ ਲੈਂਦੀ ਹੈ। ਪਰ ਯਾਰ, ਸਿੱਧੇ ਰਾਹ 'ਤੇ ਆਉਂਦੀ ਹੀ ਨਹੀਂ।

ਕੋਹੜੀ ਹੈਂ ਫਿਰ ਤਾਂ, ਜ਼ਬਰਦਸਤੀ...ਉਸ ਦਾ ਦੋਸਤ ਕਹਿ ਰਿਹਾ ਹੈ।

ਨਹੀਂ ਬਈ, ਜ਼ਬਰਦਸਤੀ ਨਹੀਂ ਕਰਨੀ..ਮਹੇਸ਼ ਬੋਲ ਰਿਹਾ ਹੈ।

ਅੱਛਾ, ਭਾਬੀ ਦਾ ਸੁਣਾ ਕੀ ਹਾਲ ਐ? ਉਸ ਦੇ ਦੋਸਤ ਨੇ ਪੁੱਛਿਆ ਹੈ।

ਮੇਰੀ ਸਮਝ ਧੁੰਧਲਾ ਗਈ ਹੈ।

ਭਾਬੀ ਤੇਰੀ ਟ੍ਰੇਨਿੰਗ ਕਰਦੀ ਐ, ਫਰੀਦਕੋਟ। ਕਦੇ-ਕਦੇ ਜਾ ਕੇ ਮਿਲ ਆਈਦਾ ਹੈ। ਮਹੇਸ਼ ਨੇ ਕਿਹਾ ਹੈ।

ਐਥੇ ਨਹੀਂ ਆਈ ਕਦੀ?

ਨਾ, ਮੈਂ ਜੂ ਜਾ ਆਉਂਦਾ ਹਾਂ। ਪੇਰੈਂਟਸ ਕੋਲ ਈ ਜਾਂਦੀ ਐ, ਮੁਕਤਸਰ।

ਮੈਥੋਂ ਬਹੁਤਾ ਕੁਝ ਸੁਣਿਆ ਨਹੀਂ ਜਾ ਰਿਹਾ। ਮੈਂ ਉਨ੍ਹਾਂ ਦੇ ਬਿਲਕੁੱਲ ਨਾਲ ਜਾ ਖੜ੍ਹਦੀ ਹਾਂ। ਮਹੇਸ਼ ਚੁੱਪ ਹੋ ਜਾਂਦਾ ਹੈ। ਉਸ ਨੇ ਮੇਰੀ ਜਾਣਕਾਰੀ ਆਪਣੇ ਦੋਸਤ ਨੂੰ ਦਿੱਤੀ ਹੈ ਤੇ ਫਿਰ ਦੋਸਤ ਦੀ ਜਾਣਕਾਰੀ ਮੈਨੂੰ। ਦੋਸਤ ਮੁਸਕਰਾਇਆ ਹੈ। ਮੈਂ ਮੁਸਕਰਾਈ ਨਹੀਂ। ਮੇਰੀਆਂ ਅੱਖਾਂ ਵਿੱਚ ਹੰਝੂ ਵੀ ਨਹੀਂ ਹਨ। ♦

# ਪੈਰ ਦੀ ਜੁੱਤੀ

ਰੋਟੀ-ਟੁੱਕ ਦਾ ਸਾਰਾ ਕੰਮ ਮੁਕਾ ਕੇ ਨਿਹਾਲੋ ਨੇ ਵਿਹੜੇ ਵਿੱਚ ਦੋ ਮੰਜੇ ਡਾਹੇ ਤੇ ਬਿਸਤਰੇ ਵਿਛਾ ਕੇ ਦੋਵੇਂ ਮੁੰਡਿਆਂ ਨੂੰ ਇੱਕ ਮੰਜੇ 'ਤੇ ਇਕੱਠੇ ਪੈ ਜਾਣ ਲਈ ਆਖਿਆ ਗੋਦੀ ਵਾਲੀ ਕੁੜੀ ਵਿਹੜੇ ਵਿੱਚ ਪਹਿਲਾਂ ਹੀ ਡੇਹ ਮੇਜੇ 'ਤੇ ਸੌਂ ਚੁੱਕੀ ਸੀ। ਕੁੜੀ ਨੂੰ ਗੇਲੇਵਾਲੇ ਮੰਜੇ 'ਤੇ ਪਾ ਕੇ ਉਸ ਨੇ ਆਪਣੀ ਜੁੱਲੀ ਵੀ ਝਾੜ ਲਈ ਤੇ ਕੁੜੀ ਨੂੰ ਓਵੇਂ ਜਿਵੇਂ ਚੁੱਕ ਕੇ ਆਪਣੇ ਮੰਜੇ 'ਤੇ ਪਾ ਦਿੱਤੇ। ਮੰਜੇ 'ਤੇ ਪਏ ਦੋਵੇਂ ਮੁੰਡੇ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੇ। ਛਾਬੇ ਵਿੱਚ ਪਈਆਂ ਪੋਣੇ 'ਚ ਵਲ੍ਹੇਟ ਕੇ ਰੱਖੀਆਂ ਰੋਟੀਆਂ ਉਸ ਨੇ ਗਿਣੀਆਂ, ਸੱਤ ਸਨ। ਦੋ ਰੋਟੀਆਂ ਉਸ ਨੇ ਆਪਣੇ ਹੱਥ 'ਤੇ ਰੱਖ ਲਈਆਂ, ਪੰਜ ਤਾਂ ਉਸ ਨੂੰ ਬਹੁਤ ਹੋਣਗੀਆਂ। ਬੁਰਕੀ ਤੋੜ ਕੇ ਕੂੰਡੇ ਵਿੱਚੋਂ ਗੰਢਿਆਂ ਦੀ ਚਟਣੀ ਉਸ ਨੇ ਰੋਟੀਆਂ 'ਤੇ ਧਰ ਲਈ ਤੇ ਖਾਣ ਲੱਗੀ। ਦੋ ਬੁਰਕੀਆਂ ਹੀ ਅੰਦਰ ਲੰਘਾਈਆਂ ਸਨ ਕਿ ਦਰਵਾਜ਼ੇ ਦੇ ਤਖ਼ਤੇ ਖੜਕੇ। ਉਸ ਨੇ ਕੰਨ-ਵੜ੍ਹਿੱਕਾ ਲਿਆ, ਕਿਤੇ ਓਹੀ ਨਾ ਹੋਵੇ? ਦੂਜੀ ਵਾਰ ਤਖ਼ਤੇ ਫਿਰ ਖੜਕੇ। ਰੋਟੀਆਂ ਨੂੰ ਕੰਗਣੀ ਵਾਲੀ ਖਾਲੀ ਗੜਵੀ 'ਤੇ ਰੱਖ ਕੇ ਉਸ ਨੇ ਦਰਵਾਜ਼ਾ ਖੋਲਿਆ, ਗਵਾਂਢੀਆਂ ਦਾ ਡੱਬੂ ਕੁੱਤਾ ਪੂਛ ਹਿਲਾ ਰਿਹਾ ਸੀ। ਇੱਕ ਬਿੰਦ ਉਸ ਦੇ ਬੁੱਲ੍ਹਾਂ 'ਤੇ ਬੇਮਲੂਮੀ ਜਿਹੀ ਮੁਸਕਾਣ ਆਈ ਤੇ ਉਹ ਬੁੜਬੜਾਈ,'ਪੁੱਤ ਪਿਟਿਆਂ ਦਾ..' ਜਦ ਕਦੇ ਡੱਬੂ ਬਾਹਰ ਰਹਿ ਜਾਂਦਾ ਤਾਂ ਦੂਜੇ ਘਰਾਂ ਦੇ ਤਖ਼ਤਿਆਂ ਵਿੱਚ ਟੱਕਰਾਂ ਮਾਰਦਾ ਫਿਰਦਾ।

ਚੁੱਲ੍ਹੇ ਦੇ ਵੱਟੇ ਕੋਲ ਬੈਠ ਕੇ ਉਸ ਨੇ ਰੋਟੀ ਖਾ ਲਈ ਤੇ ਫਿਰ ਚੁੰਨੀ ਦੇ ਪੱਲੇ ਨਾਲ ਤੌੜੇ ਦਾ ਗਲ ਨਿੰਵਿਆ ਕੇ ਗੜਵੀ ਭਰੀ ਤੇ ਓਕ ਨਾਲ ਪਾਣੀ ਪੀਣ ਲੱਗੀ।ਰੋਟੀਆਂ ਵਾਲਾ ਛਾਬਾ ਚੁੱਕ ਕੇ ਉਸ ਨੇ ਆਟੇ ਵਾਲੀ ਪਰਾਤ ਥੱਲੇ ਧਰ ਦਿੱਤਾ।ਚਟਣੀ ਦਾ ਲਿੱਬੜਿਆ ਕੂੰਡਾ ਪਰਾਤ 'ਤੇ ਮੂਧਾ ਮਰ ਦਿੱਤਾ। ਇੱਕ ਬਿੰਦ ਉਸ ਨੇ ਸੋਚਿਆ-ਚਟਣੀ ਦੇਖ ਕੇ ਅੱਜ ਵੀ ਨਾ ਕਿਤੇ ਝੱਜੂ ਪਾ ਬੈਠੇ।

ਗੇਲਾ ਸ਼ਰਾਬ ਤਾਂ ਨਿੱਤ ਹੀ ਪੀਂਦਾ ਸੀ, ਪਰ ਜਦ ਕਦੇ ਢਾਣੀ ਵਿੱਚ ਬੈਠ ਕੇ ਪੀਣ ਲੱਗਦਾ ਤਾਂ ਬਹੁਤ ਹਨੇਰੇ ਹੋਏ ਘਰ ਮੁੜਦਾ। ਰੋਟੀ ਨਾਲ ਜੇ ਕੋਈ ਸਬਜ਼ੀ ਜਾਂ ਦਾਲ ਨਾ ਮਿਲਦੀ ਤਾਂ ਨਿਹਾਲੋ ਨੂੰ ਗਾਲਾਂ ਦੇਣ ਲੱਗਦਾ।ਮੂਹਰਿਓਂ ਉਹ ਕੋਈ ਜਵਾਬ ਕਰਦੀ ਤਾਂ ਲੱਤ-ਮੁੱਕੀ ਨਾਲ ਕੁੱਟ ਧਰਦਾ। ਰੋ ਧਸਿਆ ਕੇ ਉਹ ਚੁੱਪ ਕਰ ਰਹਿੰਦੀ ਤੇ ਪਹਿਲਾਂ ਵਾਂਗ ਹੀ ਉਸ ਦੇ ਅਛਨੇ-ਪਛਨੇ ਕਰਨ ਲੱਗਦੀ।

ਗੇਲੇ ਦੇ ਦੋ ਭਰਾ ਉਸ ਤੋਂ ਵੱਡੇ ਸਨ। ਉਹ ਇਕੱਲਾ ਅੱਡ ਸੀ ਤੇ ਵੱਡੇ ਦੋਵਾਂ ਦੀ ਰੋਟੀ ਇੱਕ ਸੀ। ਉਨ੍ਹਾਂ ਦੀ ਮਾਂ ਬਹੁਤ ਚਿਰ ਪਹਿਲਾਂ ਮਰ ਗਈ ਸੀ ਤੇ ਫਿਰ ਜਦ ਪਿਓ

ਮਰਿਆ ਸੀ ਤਾਂ ਵੱਡੇ ਦੋਵਾਂ ਭਰਾਵਾਂ ਨੇ ਗੇਲੇ ਨੂੰ ਅੱਡ ਕਰ ਦਿੱਤਾ ਸੀ। ਤੀਜੇ ਹਿੱਸੇ ਦੀ ਜ਼ਮੀਨ ਵੀ ਉਸ ਨੂੰ ਦੇ ਦਿੱਤੀ ਸੀ। ਗੇਲੇ ਵਾਲੇ ਪਾਸੇ ਵਿਹੜੇ ਵਿੱਚ ਆਦਮੀ ਤੋਂ ਉੱਚੀ ਕੰਧ ਵੀ ਕੱਢ ਦਿੱਤੀ ਸੀ ਤੇ ਫਿਰਨੀ 'ਤੇ ਨਵਾ ਕਿਵੇਂ ਨਾ ਕਿਵੇਂ ਵਿਹੜੇ ਦੇ ਇੱਕ ਖੂੰਜੇ ਨਿੱਕੀ ਜਿਹੀ ਬੈਠਕ ਬਣਵਾ ਲਈ ਸੀ। ਕਿਸੇ ਤੋਂ ਪੁਰਾਣੀਆਂ ਨਿੱਕੀਆਂ ਇੱਟਾਂ ਦਾ ਖੋਲ਼ਾ ਮੁੱਲ ਲੈ ਕੇ ਮੂਹਰਲੀ ਕੰਧ ਵੀ ਕਢਵਾ ਲਈ ਸੀ। ਦਰਵਾਜ਼ਾ ਰੱਖ ਕੇ ਪੁਰਾਣੇ ਕੋਈ ਤਖ਼ਤੇ ਲਵਾ ਦਿੱਤੇ ਸਨ। ਚੌੜੇ ਵਿਹੜੇ ਵਿੱਚ ਬੈਠਕ ਦੇ ਨਾਲ ਲੱਗਦੀ ਕੱਚੀਆਂ ਇੱਟਾਂ ਦੀ ਝਲਾਨੀ ਨਿਹਾਲੋ ਨੇ ਆਪ ਛੱਤ ਲਈ ਸੀ। ਝਲਾਨੀ ਮੂਹਰੇ ਚੌਂਤਰਾ ਬਣਾ ਕੇ ਉੱਤੇ ਚੁੱਲ੍ਹਾ ਧਰ ਲਿਆ ਸੀ। ਅੱਡ ਹੋਣ ਪਿੱਛੋਂ ਨਿਹਾਲੋ ਨੇ ਸੋਚਿਆ ਸੀ ਗੇਲਾ ਹੁਣ ਕੰਮ ਕਰੇਗਾ। ਵਾਹੀ ਦਾ ਕੰਮ ਤੋਰੇਗਾ। ਅਸੀਂ ਚੰਗਾ ਖਾਵਾਂਗੇ, ਚੰਗਾ ਪੀਵਾਂਗੇ। ਜਵਾਕਾਂ ਦੇ ਪਾਟੇ ਝੱਗੇ ਨਹੀਂ ਰਹਿਣਗੇ। ਆਪ ਉਹ ਨੰਗੇ ਪੈਰੀਂ ਨਹੀਂ ਤੁਰੇਗੀ। ਉਸ ਦੇ ਸਾਰੇ ਸ਼ੌਕ ਪੂਰੇ ਹੋਇਆ ਕਰਨਗੇ, ਪਰ ਨਾਂਹ, ਗੇਲੇ ਨੇ ਤਾਂ ਪਹਿਲੇ ਸਾਲ ਹੀ ਆਪਣੀ ਜ਼ਮੀਨ ਹਿੱਸੇ 'ਤੇ ਦੇ ਦਿੱਤੀ। ਪਹਿਲਾਂ ਵਾਂਗ ਹੀ ਅਲੱਥ ਫਿਰਨ ਲੱਗਿਆ। ਨਿਹਾਲੋ ਦੀ ਵੱਡੀ ਜਠਾਣੀ ਕਦੇ-ਕਦੇ ਉਸ ਨੂੰ ਕਹਿੰਦੀ, 'ਏਹੋ ਜ੍ਹਾ ਸੀ ਤਾਂ ਹੀ ਤਾਂ ਅੱਡ ਕੀਤਾ। ਹੁਣ ਆਵਦੀਆਂ ਭਰੇ। ਤੂੰ ਸਮਝਾ, ਚਾਹੇ ਨਾ ਸਮਝਾ। ਭਈਆਂ ਦੇ ਨੱਕੋਂ-ਬੁੱਲੋਂ ਤਾਂ ਕਿੱਦਣ ਦਾ ਲਹਿਆ ਹੋਇਐ।

ਕਬੀਲਦਾਰਾਂ ਵਾਲੇ ਕੋਈ ਚੱਜ ਨੇ ਇਹਦੇ? ਜਠਾਣੀ ਦੇ ਬੋਲਾਂ ਵਿੱਚ ਤਾਹਨੇ-ਮਿਹਣੇ ਤੇ ਹਮਦਰਦੀ ਦਾ ਰਲਿਆ ਮਿਲਿਆ ਭਾਵ ਹੁੰਦਾ। ਨਿਹਾਲੋਂ ਅੱਖਾਂ ਭਰ ਲੈਂਦੀ।

ਜਦ ਉਹ ਇਕੱਲੇ ਸਨ ਤੇ ਪਿਓ ਜਿਉਂਦਾ ਸੀ, ਗੇਲਾ ਕੰਮ ਦਾ ਡੱਕਾ ਦੂਹਰਾ ਨਹੀਂ ਕਰਦਾ ਸੀ। ਛੋਟੇ ਹੁੰਦੇ ਨੇ ਮੱਝਾਂ ਤਾਂ ਜ਼ਰੂਰ ਚਾਰੀਆਂ ਸਨ, ਪਰ ਜਦ ਤੋਂ ਜੁਆਨ ਹੋਇਆ ਕਸੂਤੇ ਕੰਮਾਂ ਵਿੱਚ ਪੈ ਗਿਆ ਸੀ। ਹਾਣੀ ਮੁੰਡਿਆਂ ਨਾਲ ਰਲ ਕੇ ਦਾਰੂ ਕੱਢਦਾ। ਮੁੰਡਿਆਂ ਦੀ ਜ਼ਿੱਦ ਨੇ ਦੋ ਵਾਰੀ ਪੁਲਿਸ ਨੂੰ ਉਸ ਦੇ ਤੌੜੇ ਫੜਵਾਏ ਸਨ ਤੇ ਉਸ ਦਾ ਨਾਉਂ ਆ ਗਿਆ ਸੀ। ਤੇ ਫਿਰ ਜ਼ੈਲਦਾਰਾਂ ਦੇ ਦਸਵੀਂ ਫੇਲ੍ਹ ਕਾਕੇ ਨਾਲ ਰਲ ਕੇ ਕਪਾਹ ਚੁਗਣ ਗਈ ਬੇਗੂ ਕੰਮੀ ਦੀ ਕੁੜੀ ਨੂੰ ਛੇੜਿਆ ਸੀ। ਉਸ ਕਰਕੇ ਗੇਲੇ ਦਾ ਨਾਉਂ ਪਿੰਡ ਦੇ ਮੁਸ਼ਟੰਡਿਆਂ ਵਿੱਚ ਗਿਣਿਆ ਜਾਣ ਲੱਗ ਪਿਆ ਸੀ। ਇਨ੍ਹਾਂ ਗੱਲਾਂ ਕਰਕੇ ਹੀ ਉਸ ਦੇ ਪਿਓ ਨੇ ਝੱਟ ਦੇ ਕੇ ਉਸ ਦਾ ਵਿਆਹ ਕਰ ਦਿੱਤਾ ਸੀ। ਜੇ ਭਲਾ ਸੁਧਰ ਜਾਵੇ।

ਮੁੰਡਾ ਹੋਇਆ, ਫਿਰ ਇੱਕ ਹੋਰ ਮੁੰਡਾ ਤੇ ਫਿਰ ਪਿਓ ਵੀ ਚੱਲਦਾ ਹੋਇਆ। ਉਸ ਨੂੰ ਅੱਡ ਕਰ ਦਿੱਤਾ ਗਿਆ, ਪਰ ਉਹ ਨਾ ਸੁਧਰਿਆ। ਉਹ ਕੁਲੱਛਣੀਆਂ ਗੱਲਾਂ...

ਪਹਿਲੇ ਸਾਲ ਹਿੱਸੇ 'ਤੇ ਜ਼ਮੀਨ ਦਿੱਤੀ ਸੀ ਤਾਂ ਦੂਜੇ ਸਾਲ ਠੇਕੇ 'ਤੇ ਚੜ੍ਹਾ ਦਿੱਤੀ। ਠੇਕੇ ਦੇ ਪੈਸੇ ਦਿਨਾਂ ਵਿੱਚ ਸ਼ਰਾਬ-ਮੂੰਹੇ ਉਡਾ ਦਿੱਤੇ। ਉਨ੍ਹਾਂ ਦਿਨਾਂ ਵਿੱਚ ਹੀ ਨਿਹਾਲੋ ਦੀ ਵੱਡੀ ਭੈਣ ਦੇ ਮੁੰਡੇ ਦਾ ਵਿਆਹ ਆ ਗਿਆ। ਆਪ ਤਾਂ ਗਿਆ ਹੀ ਨਾ। ਨਿੱਕ-ਸੁੱਕ ਲੈ ਕੇ ਨਿਹਾਲੋ ਹੀ ਗਈ ਸੀ। ਭੈਣ ਘਰ ਇਕੱਠੇ ਹੋਏ ਰਿਸ਼ਤੇਦਾਰਾਂ ਨੇ ਉਸ 'ਤੇ ਤੇਜ਼ਾਬ ਹੀ ਛਿੜਕਿਆ। ਉਹ ਧਰਤੀ ਵਿੱਚ ਮੂੰਹ ਦੇਣ ਜੋਗੀ ਵੀ ਨਹੀਂ ਰਹਿ ਗਈ ਸੀ।

ਸ਼ਰਾਬ ਪੀ ਕੇ ਹਨੇਰਾ ਹੋਏ ਤੋਂ ਜਦ ਉਹ ਘਰ ਆਉਂਦਾ ਤਾਂ ਐਵੇਂ ਹੀ ਕਿਸੇ ਗੱਲ ਪਿੱਛੇ ਖਹਿਬੜ ਪੈਂਦਾ ਤੇ ਨਿਹਾਲੋ ਨੂੰ ਕੁੱਟਦਾ। ਪਹਿਲਾਂ ਤਾਂ ਵੱਡੀ ਜਠਾਣੀ ਛੁਡਾਉਣ

ਵੀ ਆਉਂਦੀ, ਪਰ ਕੀ ਕਰਦੀ ਉਹ? ਉਸ ਦਾ ਤਾਂ ਨਿੱਤ ਦਾ ਹੀ ਇਹ ਹਾਲ ਸੀ। ਨਿੱਤ ਉਹ ਨਿਹਾਲੋ ਦੇ ਹੱਡ ਭੰਨ੍ਹਦਾ ਸੀ। ਤੜਕੇ ਨੂੰ ਉਹ ਤਾਂ ਚੰਗੀ ਭਲੀ ਹੋ ਜਾਂਦੀ ਤੇ ਗੇਲੇ ਦੀ ਸੇਵਾ ਕਰਦੀ ਫਿਰਦੀ। ਕਿਸੇ ਦਿਓਂ ਫ਼ੀਮ ਦਾ ਮਾਵਾ ਲਿਆ ਕੇ ਦਿੰਦੀ। ਹੱਡ ਜੁੜਦੇ ਤਾਂ ਪਾਣੀ ਤੱਤਾ ਕਰਕੇ ਉਸ ਨੂੰ ਨ੍ਹਵਾਉਂਦੀ। ਸਿਰ ਵਿੱਚ ਸਰ੍ਹੋਂ ਦਾ ਤੇਲ ਝੱਸਦੀ। ਰੋਟੀ ਨਾਲ ਦਹੀਂ ਖਾਣ ਨੂੰ ਦਿੰਦੀ। ਆਥਣ ਵੇਲੇ ਉਸ ਦੀ ਦੇਹ ਨੂੰ ਤੋੜ ਜਿਹੀ ਲੱਗਦੀ ਤਾਂ ਉਸ ਦੀਆਂ ਪਿੰਜਣੀਆਂ ਘੁੱਟਦੀ । ਪਰ ਦਿਨ ਦੇ ਛਿਪਾਅ ਨਾਲ ਉਹ ਤਾਂ ਚੁੱਪ ਕੀਤਾ ਹੀ ਅੱਖ ਬਚਾ ਕੇ ਘਰੋਂ ਨਿਕਲ ਜਾਂਦਾ ਤੇ ਸ਼ਰਾਬ ਪੀਣ ਲੱਗਦਾ।

ਯਾਰ ਲੋਕਾਂ ਦੀ ਮਹਿਫ਼ਲ ਕਦੇ-ਕਦੇ ਉਸ ਦੀ ਬੈਠਕ ਵਿੱਚ ਲੱਗਦੀ। ਉਸ ਦਿਨ ਤਾਂ ਨਿਹਾਲੋ ਬਹੁਤ ਤੰਗ ਹੁੰਦੀ।ਅੱਕ ਕੇ ਉਹ ਪੇਕਿਆਂ ਨੂੰ ਤੁਰ ਗਈ।ਦੋ ਮਹੀਨੇ ਮੁੜੀ ਹੀ ਨਹੀਂ ਸੀ। ਤਾਈਆਂ-ਚਾਚੀਆਂ ਕਹਿੰਦੀਆਂ ਸਨ, 'ਜਾਹ ਈ ਨਾ ਕੁੜੀਏ,' ਅੜ ਕੇ ਬੈਠੀ ਰਹਿ।ਆਪੇ ਵਲ ਨਿਕਲ ਜਾਣਗੇ। ਰਿੰਗ ਕੇ ਲੈਣ ਆਊ। ਐਥੇ ਆਏ ਦੀ ਛਿੱਦੀ-ਪਤਲੀ ਅਸੀਂ ਕਰਾਂਗੀਆਂ।

ਪਰ ਪੇਕੀਂ ਗਈ ਤੋਂ ਤਾਂ ਬਾਂਦਰ ਹੋਰ ਚਾਂਭਲ ਗਿਆ। ਘਰ ਦੀਆਂ ਕਈ ਚੀਜ਼ਾਂ ਚੁੱਕ ਕੇ ਵੇਚ ਦਿੱਤੀਆਂ। ਮੁਸ਼ਟੰਡਿਆਂ ਦਾ ਆਉਣ-ਜਾਣ ਖੁੱਲ੍ਹਾ ਹੋ ਗਿਆ। ਨਿਹਾਲੋ ਦੇ ਕੰਨਾਂ ਵਿੱਚ ਸੋਅ ਪਈ ਤਾਂ ਉਹ ਭਰਾਵਾਂ ਨਾਲ ਲੜਨ ਲੱਗੀ,'ਧੱਕਾ ਤਾਂ ਦੇ 'ਤਾ ਖੂਹ 'ਚ ਹੁਣ ਜਾ ਕੇ ਸਮਝਾ ਤਾਂ ਦਿਓ ਰਿੱਛ ਨੂੰ।'

ਉਹ ਕਹਿੰਦੇ-ਜਮਾਈ ਨੂੰ ਅਸੀਂ ਕੀ ਆਖੀਏ। ਤੂੰ ਹੀ ਕਰ ਸਿੱਧਾ ਉਹ ਨੂੰ ਤਾਂ। ਐਥੇ ਬੈਠੀ ਕੀ ਕਰਦੀ ਐਂ। ਜਾਵੇ..., ਕੁਛ ਤਾਂ ਨਕੇਲੇ ਪਵੇ, ਸਾਲੇ ਨੂੰ।

ਮਾਂ ਕਹਿੰਦੀ ਸੀ,'ਜੁੰਡੇ ਪੱਟ ਦਿਓ ਖਾਂ ਕਬੀਅ ਦੇ ਜਾ ਕੇ। ਡਰਾਵਾ ਤਾਂ ਦਿਓ ਮਾੜਾ-ਮੋਟਾ। ਕੀ ਸੁੱਖ ਕੁੜੀ ਨੂੰ ਐਡੇ ਨਰੜੇ ਵਾਲਿਆਂ ਦਾ।'

ਤੇ ਫਿਰ ਨਿਹਾਲੋ ਦਾ ਵੱਡਾ ਭਰਾ ਆਪ ਆ ਕੇ ਉਸ ਨੂੰ ਸਹੁਰੀਂ ਛੱਡ ਗਿਆ। ਗੱਲੀਂ-ਗੱਲੀਂ ਉਸ ਨੇ ਗੇਲੇ ਨਾਲ ਬਹੁਤ ਬੇਸ਼ਕੀ ਕੀਤੀ ਸੀ। ਉਸ ਸਾਹਮਣੇ ਤਾਂ ਗੇਲਾ ਕੁਸਕਿਆ ਨਹੀਂ ਸੀ। ਹੂੰ-ਹੂ ਕਰਦਾ ਰਿਹਾ ਸੀ ਤੇ ਡੱਕੇ ਨਾਲ ਮਿੱਟੀ ਖੁਰਚਦਾ ਰਿਹਾ ਸੀ।

ਭਰਾ ਗਏ ਤੋਂ ਨਿਹਾਲੋ ਫੇਰ ਗਲ-ਗਲ ਤੱਕ ਚੜ੍ਹੇ ਨਰਕ ਵਿੱਚ ਧਸ ਗਈ।

ਰਾਤ ਨੂੰ ਆ ਕੇ ਜਦ ਉਹ ਉਸ ਨੂੰ ਕੁੱਟਦਾ ਤਾ ਖੜਕਾ ਭਰਾਵਾਂ ਦੇ ਘਰ ਵੀ ਸੁਣਦਾ। ਜਿਵੇਂ ਥਾਪੇ ਨਾਲ ਕੋਈ ਪਾਂਡੂ ਦੇ ਡਲਿਆਂ ਨੂੰ ਭੰਨ੍ਹਦਾ ਹੋਵੇ।

ਨਿਹਾਲੋ ਸੋਚਦੀ ਰਹਿੰਦੀ, ਉਹ ਦੇ ਪੁੱਤ ਹੋਏ ਗੱਭਰੂ। ਬਦਲੇ ਲੈ ਲੈਣਗੇ। ਕਮਾਊ ਹੋ ਗਏ ਤਾਂ ਇਹ ਤੋਂ ਕੀ ਲੈਣੈ ਮਲੰਗ ਤੋਂ।

ਪਰ ਉਸ ਦਾ ਸਬਰ ਟੁੱਟ ਜਾਂਦਾ-'ਜਦੋਂ ਨੂੰ ਪੁੱਤ ਕਮਾਊ ਹੋਏ, ਉਦੋਂ ਨੂੰ ਤਾਂ ਇਹ ਫੂਕ ਦੂ ਸਾਰੀ ਜ਼ਮੀਨ। ਕਿੰਨਾ ਕੁ ਚਿਰ ਉਹ ਪੈਰ ਦੀ ਜੁੱਤੀ ਬਣੀ ਰਹੇਗੀ?

...ਤੇ ਅੱਜ ਉਡੀਕ-ਉਡੀਕ ਕੇ ਉਹ ਪੈਣ ਹੀ ਲੱਗੀ ਸੀ ਕਿ ਦਰਜਵਾਜ਼ੇ ਦੇ ਤਖ਼ਤੇ ਖੜਕੇ। ਮੁੰਡੇ ਗੱਲਾਂ ਕਰਦੇ-ਕਰਦੇ ਸੌਂ ਚੁੱਕੇ ਸਨ। ਉੱਠਣ ਲੱਗੀ ਤਾਂ ਕੁੜੀ ਜਾਗ ਪਈ। ਕੁੜੀ ਨੂੰ ਥਾਪੜ ਕੇ ਚੁੱਪ ਕਰਵਾਉਣ ਲੱਗੀ ਤਾਂ ਦਰਵਾਜ਼ੇ ਦਾ ਬਾਹਰੋਂ ਕੁੰਡਾ ਜ਼ੋਰ ਦੀ ਖੜਕਿਆ। ਰੋਂਦੀ ਕੁੜੀ ਛੱਡ ਕੇ ਉਹ ਦਰਵਾਜ਼ੇ ਵੱਲ ਭੱਜੀ। ਅੰਦਰਲਾ ਕੁੰਡਾ ਖੋਲ੍ਹਿਆ। ਸਾਹਨ ਵਾਂਗ ਨਾਸਾਂ ਦੇ ਫੁੰਕਾਰੇ ਮਾਰਦਾ ਉਹ ਅੰਦਰ ਆਇਆ।

'ਛੇਤੀ ਨਾ ਖੋਲ੍ਹਿਆ ਕੁੰਡਾ? ਉਸ ਨੇ ਨਿਹਾਲੋ ਦਾ ਮੋਢਾ ਫੜ ਕੇ ਧੱਕਾ ਮਾਰਿਆ ਡਿੱਗਦੀ-ਡਿੱਗਦੀ ਉਹ ਮਸ੍ਹਾਂ ਬਚੀ। ਮੰਜੇ 'ਤੇ ਢਿੱਗ ਵਾਂਗ ਡਿੱਗ ਕੇ ਉਸ ਨੇ ਰੋਟੀ ਮੰਗੀ।

ਬਹੁਤ ਉਚੀ ਖੰਘੂਰ ਮਾਰੀ ਤੇ ਦੂਰ ਤੱਕ ਥੁੱਕ ਦਿੱਤਾ, 'ਛੇਤੀ ਕਰ...' ਤੇ ਇੱਕ ਕੜਕਵੀਂ" ਤਿੱਖੀ ਗ਼ੰਦੀ ਗਾਲ੍ਹ।

ਥਾਲੀ ਵਿੱਚ ਦੋ ਰੋਟੀਆਂ ਤੇ ਉੱਤੇ ਗੰਢਿਆਂ ਦੀ ਚਟਣੀ ਰੱਖ ਕੇ ਉਹ ਲੈ ਆਈ। ਥਾਲੀ ਉਸ ਨੂੰ ਫੜਾ ਕੇ ਉਹ ਪਾਣੀ ਲੈਣ ਗਈ। ਆਈ ਤਾਂ ਉਸ ਨੇ ਪੁੱਛਿਆ,'ਦਾਲ ਨ੍ਹੀ ਧਰੀ ਕੋਈ?'

'ਘਰੇ ਹੋਏ ਕੁੱਛ, ਤਾਂ ਧਰਾਂ।' ਉਸ ਨੇ ਭਰਿਆ ਪੀਤਾ ਜਿਹਾ ਜਵਾਬ ਦਿੱਤਾ।

ਨਾਲ ਦੀ ਨਾਲ ਥਾਲੀ ਉਸ ਨੇ ਵਿਹੜੇ ਵਿੱਚ ਵਗਾਹ ਮਾਰੀ। ਖੜ੍ਹਾ ਹੋ ਕੇ ਨਿਹਾਲੋ ਦੇ ਸਿਰ ਵੱਲ ਝਪਟਿਆ। ਪਿੱਛੇ ਹਟਦੀ-ਹਟਦੀ ਉਹ ਚੌਂਤਰੇ 'ਤੇ ਚੁੱਲ੍ਹੇ ਕੋਲ ਜਾ ਡਿੱਗੀ। ਸ਼ਰਾਬ ਵਿੱਚ ਅੰਨ੍ਹਾ ਉਹ ਵੀ ਗੇੜਾ ਖਾ ਕੇ ਡਿੱਗ ਪਿਆ। ਤੇ ਫਿਰ ਗੁਆਂਢ ਵਿੱਚ ਜਠਾਣੀਆਂ ਨੇ ਅਵਾਜ਼ਾਂ ਸੁਣੀਆਂ, ਜਿਵੇਂ ਥਾਪੇ ਨਾਲ ਕੋਈ ਪਾਂਡੂ ਤੇ ਡਲਿਆਂ ਨੂੰ ਭੰਨ੍ਹਦਾ ਹੋਵੇ। ਠੱਕ ਠੱਕ ਕੁੜੀ ਮੰਜੇ 'ਤੇ ਪਈ ਚਾਗਾਂ ਮਾਰਦੀ ਰਹੀ। ਮੁੰਡੇ ਜਾਗੇ ਨਹੀਂ। ਜਠਾਣੀਆਂ ਮੰਜੇ 'ਤੇ ਉਸ ਲਵੱਟੇ ਲੈਂਦੀਆਂ ਰਹੀਆਂ। ਜੇਠ ਚੁੱਪ ਕੀਤੇ ਹੀ ਕੁਟ ਦੇ ਖੜਾਕ ਸੁਣਦੇ ਰਹੇ। ਕੀ ਕਹਿੰਦਾ ਕੋਈ, ਉਨ੍ਹਾਂ ਦਾ ਤਾਂ ਨਿੱਤ ਦਾ ਇਹੀ ਹਾਲ ਸੀ। ਨਾ ਹਾਏ ਦੀ ਆਵਾਜ਼ ਨਾ ਕੋਈ ਚੀਖ਼-ਪੁਕਾਰ ਮਿੱਟੀ ਕੀ ਬੋਲੇ।

ਦੂਜੇ ਦਿਨ ਨਿਹਾਲੋ ਜਦ ਘਰੋਂ ਬਾਹਰ ਨਿਕਲੀ ਤਾਂ ਜਠਾਣੀਆਂ ਆਪੋ ਵਿੱਚ ਗੱਲਾਂ ਕਰਨ ਲੱਗੀਆਂ, 'ਆਹ ਫਿਰਦੀ ਐ ਓਹੀ ਜ੍ਹੀ ਨਵੀਂ ਨਰੋਈ। ਕੀ ਹੋਇਐ ਇਹ ਨੂੰ ਖਲ਼ ਵਾਂਗੂੰ ਭੰਨ ਦਿੰਦੈ। ਇੱਕ ਜਾਦ ਨ੍ਹੀਂ ਰਹਿੰਦੀ, ਨਿਪੁਤਿਆਂ ਦੀ ਦੇ। ਸਗਾਂ ਦੂਣੀ ਸੇਵਾ ਕਰਦੀ ਐ ਪਤੰਦਰ ਦੀ।'

ਉਸ ਦਿਨ ਗੇਲਾ ਘਰੋਂ ਬਾਹਰ ਨਹੀਂ ਨਿਕਲਿਆ। ਦੂਜੇ ਦਿਨ ਵੀ ਨਹੀਂ। ਤੀਜੇ, ਚੌਥੇ ਤੇ ਫਿਰ ਕਈ ਦਿਨ ਬੈਠਕ ਵਿੱਚ ਹੀ ਪਿਆ ਰਿਹਾ। ਨਿਹਾਲੋ ਉਸ ਦੇ ਗੋਡਿਆਂ, ਗਿੱਟਿਆਂ ਤੇ ਸੁਕੜ੍ਹੰਜਾਂ 'ਤੇ ਲੋਗੜ ਦਾ ਸੇਕ ਦਿੰਦੀ ਰਹੀ। ਦੁੱਧ ਘਿਓ ਪਿਆਉਂਦੀ ਰਹੀ। ਬਹੁਤ ਗੁੱਸੇ ਵਿੱਚ ਘੋਟੇ ਉਸ ਤੋਂ ਕੁਝ ਕਸਵੇਂ ਹੀ ਲੱਗ ਗਏ ਸਨ। ਬਹੁਤ ਦਿਨਾਂ ਬਾਅਦ ਸੋਟੀ ਦੇ ਪਾਰ ਲੰਗੜਾ ਕੇ ਤੁਰਦਾ ਉਹ ਘਰੋਂ ਬਾਹਰ ਹੋ ਗਿਆ ਤਾਂ ਖਾਊ ਯਾਰ ਉਸ ਦਾ ਹਾਲ ਪੁੱਛਣ ਲੱਗੇ, ਪਰ ਕੀ ਦੱਸਦਾ ਉਹ ? ਕਿਸੇ ਨਾਲ ਵੀ ਉਸ ਨੇ ਅੱਖ ਨਾ ਮਿਲਾਈ। ਸ਼ਰਾਬ ਛੱਡ ਦਿੱਤੀ। ਬਿਨਾਂ ਸੋਟੀਓਂ ਤੁਰਨ-ਫਿਰਨ ਜੋਗਾ ਹੋਇਆ ਤਾਂ ਖੇਤ ਜਾਣ ਲੱਗਿਆ। ਅਗਲੇ ਸਾਲ ਉਸ ਨੇ ਆਪ ਵਾਹੀ ਕੀਤੀ। ♦

# ਇੱਕ ਕੁੜੀ ਸੁਸ਼ਮਾ

ਉਸ ਦਿਨ ਮੈਂ ਇਕੱਲੀ ਸਾਂ। ਮਾਲਵਾ ਸਿਨਮਾ ਵਿੱਚੋਂ ਦੁਪਹਿਰ ਦਾ ਸ਼ੋਅ ਦੇਖ ਕੇ ਸਟੇਟ ਬੈਂਕ ਵੱਲ ਜਾ ਰਹੀ ਸਾਂ। ਪੈਦਲ ਹੀ ਮਾਲ ਰੋਡ ਦੇ ਫੁੱਟਪਾਥਾਂ 'ਤੇ ਲੱਗੇ ਗੁਲਮੋਹਰ ਦੇ ਅੰਗਿਆਰਾਂ ਵਰਗੇ ਲਾਲ ਫੁੱਲ ਮੈਨੂੰ ਚੰਗੇ ਚੰਗੇ ਲੱਗ ਰਹੇ ਸਨ। ਫੁੱਟਪਾਥਾਂ 'ਤੇ ਤੁਰੀ ਜਾ ਰਹੀ ਮੈਂ ਉਨ੍ਹਾਂ ਫੁੱਲਾਂ ਨੂੰ ਸੰਵਾਰ ਕੇ ਦੇਖਣ ਲਈ ਕਦੇ-ਕਦੇ ਠਹਿਰ ਜਾਂਦੀ ਤਾਂ ਕਿ ਉਨ੍ਹਾਂ ਦੀ ਸੁਰਖ਼ੀ ਧੁਰ ਰੂਹ ਤੱਕ ਉਤਰ ਜਾਵੇ । ਇੱਕ ਮੋਟਰ ਸਾਇਕਲ ਮੇਰੇ ਕੋਲ ਦੀ ਤੇਜ਼ ਭੁੱਖੀ ਇੱਲ੍ਹ ਵਾਂਗ ਚੀਖ਼ਦਾ ਲੰਘ ਗਿਆ। ਇੱਕ ਵਾਰ ਤਾਂ ਮੇਰਾ ਦਿਲ ਜ਼ੋਰ ਦੀ ਧੜਕਿਆ। ਮੈਂ ਦੇਖਿਆ, 'ਮੋਟਰ ਸਾਇਲ 'ਤੇ ਕੋਈ ਕੁੜੀ ਸੀ। ਮੋਟਰ ਸਾਇਕਲ ਚਲਾ ਰਹੀ ਕੋਈ ਵੀ ਕੁੜੀ ਮੈਨੂੰ ਬਹੁਤ ਭਿਆਨਕਤਾ ਦਾ ਅਹਿਸਾਸ ਦੇ ਜਾਂਦੀ ਹੈ। ਮੇਰੇ ਕੋਲ ਦੀ ਤੇਜ਼ ਦੌੜੀ ਜਾ ਰਹੀ ਉਹ ਮੇਰੇ ਵੱਲ ਝਾਕੀ ਵੀ ਸੀ, ਪਰ ਇਹ ਕੀ, ਉਹ ਤਾਂ ਥੋੜ੍ਹੀ ਦੂਰ ਜਾ ਕੇ ਵਾਪਸ ਮੁੜੀ ਆ ਰਹੀ ਸੀ। ਮੋਟਰ ਸਾਇਕਲ 'ਤੋਂ ਉਤਰ ਕੇ ਦੂਜੇ ਪਾਸੇ ਫੁੱਟਪਾਥ 'ਤੇ ਉਹ ਨੇ ਮੈਨੂੰ ਬੁਲਾਇਆ, 'ਏ ਲੜਕੀ...' ਮੈਂ ਡਰ ਗਈ। ਉਹ ਨੇ ਪੁਲਿਸ ਦੀ ਵਰਦੀ ਪਹਿਨੀ ਹੋਈ ਸੀ। ਪਹਿਲਾਂ ਤਾਂ ਮੈਂ ਸੁੰਨ ਜਿਹੀ ਹੋ ਗਈ। ਇਹ ਪੁਲਿਸ ਵਾਲੀ ਕਿਉਂ ਬੁਲਾ ਰਹੀ ਹੈ ਮੈਨੂੰ? ਮੈਥੋਂ ਕੀ ਕਸੂਰ ਹੋ ਗਿਆ ਹੈ? ਪਰ ਫੇਰ ਦਿਲ ਕਰੜਾ ਕਰਕੇ ਮੈਂ ਉਹ ਦੇ ਕੋਲ ਜਾਣ ਲਈ ਸੜਕ ਪਾਰ ਕੀਤੀ, ਉਹ ਗਹੁ ਨਾਲ ਮੇਰੇ ਚਿਹਰੇ ਨੂੰ ਦੇਖਣ ਲੱਗੀ, ਜਿਵੇਂ ਕੁਝ ਲੱਭਣਾ ਚਾਹੁੰਦੀ ਹੋਵੇ।

'ਤੂੰ ਕਿੱਥੋਂ ਦੀ ਰਹਿਣ ਵਾਲੀ ਐਂ?' ਉਹ ਨੇ ਪੁਲਿਸੀ ਰੋਬ੍ਹ ਵਿੱਚ ਪੁੱਛਿਆ।

'ਮੋਗੇ ਸਾਡਾ ਘਰ ਐ।' ਮੈਂ ਬੇਝਿਜਕ ਕਹਿ ਦਿੱਤਾ।

ਉਹ ਨਿਰਾਸ਼ ਜਿਹੀ ਹੋ ਗਈ, ਪਰ ਫੇਰ ਪੁੱਛਿਆ, 'ਕਦੇ ਅੰਮ੍ਰਿਤਸਰ ਵੀ ਰਹੀ ਐਂ ਤੂੰ?'

'ਹਾਂ।' ਮੈਂ ਕਿਹਾ।

ਤੇਰਾ ਨਾਉਂ ਮਨੋਰਮਾ ਤਾਂ ਨਹੀਂ?

'ਹਾਂ..' ਮੈਂ ਮੁਸਕਰਾ ਕੇ ਜਵਾਬ ਦਿੱਤਾ।

ਉਹ ਵੀ ਮੁਸਕਰਾਈ।

ਮੈਨੂੰ ਖੁਸ਼ੀ ਜਿਹੀ ਹੋਈ ਕਿ ਉਹ ਮੇਰਾ ਨਾਉਂ ਜਾਣਦੀ ਹੈ। ਪਰ ਇੱਕ ਚਿੰਤਾ ਜਿਹੀ ਵੀ ਕਿ ਇਹ ਪੁਲਿਸ ਵਾਲੀ ਮੇਰਾ ਨਾਉਂ ਕਿਵੇਂ ਜਾਣਦੀ ਹੈ। ਉਹ ਨੇ ਮੈਨੂੰ ਮੋਟਰ ਸਾਇਕਲ ਪਿੱਛੇ ਬੈਠਣ ਲਈ ਕਿਹਾ। ਮੈਂ ਝਿਜਕ ਦਿਖਾਈ ਤਾਂ ਉਹ ਕਹਿੰਦੀ, 'ਘਬਰਾ

ਨਾ, ਤੈਨੂੰ ਕਿਸੇ ਗ਼ੈਰ ਥਾਂ ਨਹੀਂ ਲੈ ਕੇ ਜਾਂਦੀ, ਆਪਣੇ ਘਰ ਲੈ ਕੇ ਜਾਵਾਂਗੀ।' 'ਪਰ ਦੱਸੋ ਤਾਂ ਸਹੀ, ਕਿਉਂ ਲੈ ਕੇ ਜਾ ਰਹੀ ਓ ਮੈਨੂੰ?'

'ਇਹ ਸਭ ਘਰ ਜਾ ਕੇ ਗੱਲਾਂ ਕਰਾਂਗੀਆਂ।' ਕਹਿ ਕੇ ਉਹ ਨੇ ਮੋਟਰ ਸਾਇਕਲ ਸਟਾਰਟ ਕਰ ਲਿਆ। ਤੇ ਮੈਂ ਇੱਕ ਜਾਦੂ ਜਿਹੇ ਵਿੱਚ ਆ ਕੇ ਉਹ ਦੇ ਮਗਰ ਬੈਠ ਗਈ। ਫੂਲ ਸਿਨਮਾ ਵਾਲਾ ਚੌਂਕ ਘੁੰਮ ਕੇ ਉਹ ਲੀਲ੍ਹਾ ਭਵਨ ਵਾਲੀ ਸੜਕ ਪੈ ਗਈ। ਹੁਣ ਉਹ ਮਾਡਲ ਸਿਨਮਾ ਵਾਲਾ ਚੌਂਕ ਘੁੰਮ ਕੇ ਉਹ ਲੀਲ੍ਹਾ ਭਵਨ ਵਾਲੀ ਸੜਕ ਪੈ ਗਈ। ਹੁਣ ਉਹ ਮਾਡਲ ਟਾਊਨ ਵੱਲ ਜਾ ਰਹੀ ਸੀ। ਮੈਂ ਸੋਚ ਰਹੀ ਸਾਂ? ਜਿਵੇਂ ਇਹ ਚਿਹਰਾ ਪਹਿਲਾਂ ਵੀ ਕਿਧਰੇ ਦੇਖਿਆ ਹੋਇਆ ਹੈ। ਉਹ ਦੀ ਅਵਾਜ਼ ਵੀ ਜਾਣੀ ਪਹਿਚਾਣੀ ਜਿਹੀ ਲੱਗ ਰਹੀ ਸੀ। ਪਰ ਇਹ ਥੁਹ ਪਤਾ ਨਹੀਂ ਲੱਗਦਾ ਸੀ ਕਿ ਉਹ ਹੈ ਕੌਣ? ਮੈਨੂੰ ਕਿਵੇਂ ਜਾਣਦੀ ਹੈ? ਮਾਡਲ ਟਾਊਨ ਦੀ ਮਾਰਕੀਟ ਲੰਘ ਕੇ ਉਹ ਨੇ ਇੱਕ ਕੋਠੀ ਅੱਗੇ ਮੋਟਰ ਸਾਇਕਲ ਖੜ੍ਹਾ ਕੀਤਾ ਤੇ ਮੈਨੂੰ ਅੰਦਰ ਲੈ ਗਈ। ਉਹ ਦੇ ਕੋਲ ਦੋ ਕਮਰੇ ਹੀ ਸਨ। ਘਰ ਵਿੱਚ ਹੋਰ ਕੋਈ ਨਹੀਂ ਸੀ। ਲੱਗਦਾ ਸੀ, ਉਹ ਇੱਕਲੀ ਹੀ ਇੱਥੇ ਰਹਿੰਦੀ ਹੋਵੇਗੀ। ਇੱਕ ਕਮਰੇ ਵਿੱਚ ਮੈਨੂੰ ਬਿਠਾ ਕੇ ਉਹ ਦੂਜੇ ਕਮਰੇ ਵਿੱਚ ਗਈ ਤੇ ਪੰਜ ਸੱਤ ਮਿੰਟਾਂ ਵਿੱਚ ਹੀ ਵਰਦੀ ਲਾਹ ਕੇ ਕਮੀਜ਼ ਸਲਵਾਰ ਪਹਿਨ ਆਈ। ਮੇਰੇ ਮੋਢੇ 'ਤੇ ਹੱਥ ਧਰ ਕੇ ਕਹਿਣ ਲੱਗੀ, 'ਹੁਣ ਪਹਿਚਾਣਦੀ ਐਂ ਮੈਨੂੰ?'

ਮੈਨੂੰ ਫੇਰ ਵੀ ਕੁਝ ਯਾਦ ਨਹੀਂ ਆਇਆ।

'ਦਸ ਸਾਲ ਪਹਿਲਾਂ ਦੀ ਕੋਈ ਪੁਰਾਣੀ ਗੱਲ ਯਾਦ ਐ ਤੈਨੂੰ?' ਉਹ ਨੇ ਮੇਰੀਆਂ ਅੱਖਾਂ ਵਿੱਚ ਝਾਕ ਕੇ ਪੁੱਛਿਆ।

'ਕੀ?' ਮੈਂ ਫੇਰ ਡੌਰ-ਭੌਰ ਸਾਂ।

'ਅੰਮ੍ਰਿਤਸਰ ਤੁਹਾਡੇ ਗਵਾਂਢ ਵਿੱਚ ਕਤਲ ਹੋਇਆ ਸੀ, ਪੁਲਿਸ ਵਾਲੇ ਤੁਹਾਡੇ ਘਰ ਗੇੜੇ ਮਾਰਦੇ ਰਹੇ ਸਨ। ਤੂੰ ਤਿੰਨ ਦਿਨ ਮੰਜੇ 'ਤੋਂ ਨਹੀਂ ਉੱਠ ਸਕੀ ਸੀ। ਤੇਰੀ ਬੁਰੀ ਹਾਲਤ ਸੀ। ਤੂੰ ਕੂਕਾਂ ਮਾਰ-ਮਾਰ ਉੱਠਦੀ ਸੀ। ਸਵੇਰੇ-ਸ਼ਾਮ ਤੇਰਾ ਪਤਾ ਲੈਣ ਇੱਕ ਕੁੜੀ ਔਂਦੀ ਹੁੰਦੀ ਸੀ, ਜੀਹਨੂੰ ਦੇਖ ਕੇ ਤੂੰ ਆਪਣਾ ਮੂੰਹ ਛਿਪਾ ਲੈਂਦੀ, ਉਹ ਕੁੜੀ ਭਲਾ ਕੌਣ ਸੀ?' ਉਹ ਲਗਾਤਾਰ ਬੋਲਦੀ ਜਾ ਰਹੀ ਸੀ।

ਉਹ ਦੀਆਂ ਗੱਲਾਂ ਸੁਣ ਕੇ ਮੇਰੀਆਂ ਅੱਖਾਂ ਸਾਹਮਣੇ ਸਾਰਾ ਨਜ਼ਾਰਾ ਆ ਗਿਆ ਤੇ ਉਹ ਕੁੜੀ ਸੁਸ਼ਮਾ ਸੀ। ਮੈਨੂੰ ਲੱਗਿਆ, ਇਹ ਸੁਸ਼ਮਾ ਹੀ ਹੈ, ਪਰ ਉਹ ਦਾ ਚਿਹਰਾ ਤਾਂ ਗੋਲ-ਗੋਲ ਜਿਹਾ ਸੀ। ਮੁਲਾਇਮ, ਸੁੰਦਰ ਚਿਹਰਾ। ਉਹ ਦੀਆਂ ਅੱਖਾਂ ਤਾਂ ਖਿਚਾਂ ਪਾਉਂਦੀਆਂ ਸਨ। ਮੋਟੀਆਂ-ਮੋਟੀਆਂ ਗੱਲਾਂ ਕਰਦੀਆਂ ਅੱਖਾਂ। ਉਸ ਕੁੜੀ ਦੀ ਤੋਰ ਤਾਂ ਮਟਕੀਲੀ ਜਿਹੀ ਸੀ। ਇਹ ਚਿਹਰਾ ਤਾਂ ਕਿੰਨਾ ਮਰਦਾਵਾਂ ਜਿਹਾ ਲੱਗਦਾ ਹੈ। ਲੰਬੂਤਰਾ ਜਿਹਾ। ਅੱਖਾਂ ਵਿੱਚ ਕੋਈ ਖਿਚ ਨਹੀਂ, ਸਗੋਂ ਇੱਕ ਵਹਿਸ਼ਤ ਜਿਹੀ ਝਲਕਦੀ ਹੈ। ਤੋਰ ਨਾ ਮਰਦਾਵੀਂ ਤੇ ਨਾ ਕੁੜੀਆਂ ਵਾਲੀ। ਹੋ ਸਕਦਾ ਹੈ, ਪੁਲਿਸ ਵਿੱਚ ਭਰਤੀ ਹੋ ਕੇ ਇਹ ਹੁਣ ਇਹੋ ਜਿਹੀ ਬਣ ਗਈ ਹੋਵੇ। ਤੇਰ ਫੇਰ ਉਸ ਨੇ ਖ਼ੁਦ ਹੀ ਝੱਟ ਦੇ ਕੇ ਦੱਸ ਦਿੱਤਾ, 'ਮੈਂ ਸੁਸ਼ਮਾ ਆਂ।'

ਇੱਕ ਬਿੰਦ ਅਸੀਂ ਦੋਵੇਂ ਚੁੱਪ ਬੈਠੀਆਂ ਰਹੀਆਂ। ਮੈਨੂੰ ਲੱਗਿਆ ਜਿਵੇਂ ਉਹ ਦੇਵਜੂਦ ਉੱਤੋਂ ਪੁਲਿਸ ਵਾਲੀ ਔਰਤ ਦਾ ਖੌਲ੍ਹ ਉਤਰਦਾ ਜਾ ਰਿਹਾ ਹੋਵੇ। ਉਹ ਦੇ ਚਿਹਰੇ ਵਿੱਚੋਂ

ਉਹੀ ਪੁਰਾਣੀ ਸੁਸ਼ਮਾ ਲਿਕਲਦੀ ਆ ਰਹੀ ਸੀ। ਮੈਨੂੰ ਉਹਦਾ ਮੂੰਹ ਉਦਾਸ ਹੋ ਗਿਆ ਲੱਗਿਆ। ਉਸ ਦੀਆਂ ਅੱਖਾਂ ਵਿੱਚ ਔਰਤ ਉਤਰਨ ਲੱਗੀ ਸੀ, ਸਦੀਆਂ ਤੋਂ ਦੁੱਖਾਂ ਮਾਰੀ ਔਰਤ। ਉਹ ਉੱਠੀ ਤੇ ਰਸੋਈ ਵੱਲ ਜਾਣ ਲੱਗੀ। ਹੁਣ ਮੈਨੂੰ ਸੱਚਮੁੱਚ ਹੀ ਉਹ ਔਰਤ ਲੱਗ ਰਹੀ ਸੀ ਸੁਸ਼ਮਾ।

ਰਸੋਈ ਵਿੱਚੋਂ ਸਟੋਵ ਵਿੱਚ ਹਵਾ ਭਰਨ ਦੀ ਅਵਾਜ਼ ਆਈ। ਉਹ ਚਾਹ ਬਣਾ ਰਹੀ ਹੋਵੇਗੀ।

ਅੰਮ੍ਰਿਤਸਰ ਉਨ੍ਹਾਂ ਦਿਨਾਂ ਵਿੱਚ ਪਿਤਾ ਜੀ ਕਾਲਜ ਵਿੱਚ ਲਾਇਬ੍ਰੇਰੀਅਨ ਸਨ। ਪੁਤਲੀ ਘਰ ਦੇ ਕੁਆਰਟਰਾਂ ਵਿੱਚ ਅਸੀਂ ਰਹਿੰਦੇ ਸਾਂ। ਕੁਆਟਰਾਂ ਤੋਂ ਅਲੱਗ ਨੇੜੇ ਹੀ ਸਾਂਝੀਆਂ ਟੱਟੀਆਂ ਬਣੀਆਂ ਹੋਈਆਂ ਸਨ। ਇੱਕ ਵਾਰ ਮੈਨੂੰ ਦਸਤ ਲੱਗੇ ਹੋਏ ਸਨ। ਘੰਟੇ-ਘੰਟੇ ਬਾਅਦ ਮੈਂ ਟੱਟੀ ਜਾਂਦੀ। ਅੱਧੀ ਰਾਤ ਜਾ ਕੇ ਕਿਤੇ ਕੁਝ ਆਰਾਮ ਆਇਆ ਸੀ। ਪਰ ਤੜਕੇ ਚਾਰ ਵਜੇ ਮੈਨੂੰ ਦਰਦ ਉੱਠਿਆ ਤੇ ਮੈਂ ਕਰਾਹ ਕੇ ਟੱਟੀਆਂ ਵੱਲ ਦੌੜੀ। ਖੜ੍ਹੀ ਹੋਈ ਤਾਂ ਨੇੜੇ ਹੀ ਚੰਨ-ਚਾਨਣੀ ਰਾਤ ਵਿੱਚ ਮੈਨੂੰ ਦੋ ਪਰਛਾਵੇਂ ਜਿਹੇ ਦਿੱਸੇ। ਟੱਟੀਆਂ ’ਤੇ ਟੀਨ ਦੀ ਛੱਤ ਤਾਂ ਸੀ, ਪਰ ਉਨ੍ਹਾਂ ਦੀਆਂ ਕੰਧਾਂ ਆਦਮੀ ਦੇ ਮੋਢੇ ਜਿੰਨੀਆਂ ਉੱਚੀਆਂ ਹੀ ਸਨ। ਖੜ੍ਹੇ ਹੋ ਕੇ ਬਾਹਰ ਸਭ ਕੁਝ ਦਿੱਸਦਾ ਸੀ। ਮੈਂ ਸਹਿਮ ਕੇ ਖੜ੍ਹੀ ਰਹੀ। ਉਹ ਟੱਟੀਆਂ ਦੇ ਦੇ ਹੋਰ ਨੇੜੇ ਆ ਗਏ ਸਨ। ਠੋਡੀ ਉਤਾਂਹ ਚੁੱਕੇ ਕੇ ਮੈਂ ਉਨ੍ਹਾਂ ਨੂੰ ਧਿਆਨ ਨਾਲ ਦੇਖਣ ਲੱਗੀ। ਪਹਿਚਾਣ ਲਿਆ, ਇੱਕ ਇਹ ਸੁਸ਼ਮਾ ਸੀ ਤੇ ਇੱਕ ਇਹਦਾ ਪ੍ਰੇਮੀ। ਮੈਂ ਉਹ ਦੀ ਸ਼ਕਲ ਪਹਿਲਾਂ ਵੀ ਦੇਖੀ ਹੋਈ ਸੀ। ਸ਼ਹਿਰ ਦੇ ਦੂਜੇ ਪਾਸਿਓਂ ਕਿਧਰੋਂ ਆਇਆ ਕਰਦਾ ਸੀ। ਮੈਂ ਉਨ੍ਹਾਂ ਨੂੰ ਕਈ ਵਾਰ ਸ਼ਹਿਰ ਦੀਆਂ ਉਜਾੜ ਥਾਵਾਂ ਵੱਲ ਜਾਂਦਿਆਂ ਦੇਖਿਆ ਹੋਇਆ ਸੀ। ਪੁਤਲੀ ਘਰ ਦੇ ਚੌਕ ਵਿੱਚ ਉਹ ਆ ਖੜ੍ਹਦਾ ਸੀ ਤੇ ਸੁਸ਼ਮਾ ਉਹ ਨੂੰ ਉੱਥੇ ਜਾ ਕੇ ਮਿਲਦੀ ਸੀ ਤੇ ਫੇਰ ਉਹ ਕਿਸੇ ਪਾਸੇ ਵੀ ਤੁਰ ਜਾਇਆ ਕਰਦੇ ਸਨ। ਅਸੀਂ ਮੇਰੇ ਹਾਣ ਦੀਆਂ ਕੁੜੀਆਂ ਨੇ ਉਨ੍ਹਾਂ ਦੀ ਪੈੜ ਕੱਢ ਲਈ ਹੋਈ ਸੀ।

ਟੱਟੀਆਂ ਕੋਲ ਆ ਕੇ ਸ਼ੁਸ਼ਮਾ ਨੇ ਉਹ ਨੂੰ ਖੜ੍ਹਾਇਆ ਸੀ ਤੇ ਉਹ ਦੇ ਹੱਥਾਂ ਨੂੰ ਚੁੰਮ ਕੇ ਆਖਿਆ ਸੀ, ‘ਰਜੇਸ਼ ਮੈਂ ਇਸ ਨੂੰ ਖ਼ਤਮ ਨਹੀਂ ਕਰਾਂਗੀ। ਇਹ ਤੇਰਾ ਖ਼ੂਨ ਐ। ਮੈਂ ਇਸ ਨੂੰ ਇਸ ਸੰਸਾਰ ’ਤੇ ਲਿਆਵਾਂਗੀ। ਤੂੰ ਵਿਆਹ ਕਰਵਾ ਲੈ ਮੇਰੇ ਨਾਲ।’

‘ਸੁਸ਼ਮਾ, ਤੂੰ ਸਮਝਦੀ ਕਿਉਂ ਨਹੀਂ। ਮੇਰੇ ਲਈ ਇਹ ਬਹੁਤ ਔਖਾ ਐ। ਪਿਤਾ ਜੀ ਰਿਸ਼ਤੇ ਨੂੰ ਹਾਂ ਕਰੀ ਬੈਠੇ ਨੇ। ਉਨ੍ਹਾਂ ਦਾ ਦਿਲ ਮੈਂ ਨਹੀਂ ਤੋੜ ਸਕਦਾ। ਉਨ੍ਹਾਂ ਨੂੰ ਬਹੁਤ ਸੱਟ ਲੱਗੇਗੀ। ਉਨ੍ਹਾਂ ਦੇ ਬਹੁਤ ਚੰਗੇ ਦੋਸਤ ਦੀ ਕੁੜੀ ਹੈ ਉਹ। ਤੂੰ ਅਬਾਰਸ਼ਨ ਕਰਵਾ ਲੈ।’ ਉਹ ਜਿਵੇਂ ਉਹ ਦੇ ਪੈਰਾਂ ਵਿੱਚ ਵਿਛਿਆ ਖੜ੍ਹਾ ਹੋਵੇ।

‘ਤਾਂ ਫੇਰ ਮੇਰੇ ਨਾਲ ਤੇਰਾ ਇਹ ਕੀ ਐ?’ ਸੁਸ਼ਮਾ ਨੇ ਉਸ ਤੋਂ ਵੱਧ ਪਿਘਲ ਕੇ ਪੁੱਛਿਆ ਸੀ।

‘ਆਪਾਂ ਪਿਆਰ ਕਰਦੇ ਆਂ ਇੱਕ-ਦੂਜੇ ਨੂੰ। ਸੱਚਾ ਪਿਆਰ। ਸਾਰੀ ਉਮਰ ਕਰਦੇ ਰਹਾਂਗੇ।’

‘ਨਹੀਂ, ਮੈਨੂੰ ਅਜਿਹੇ ਪਿਆਰ ਦੀ ਲੋੜ ਨਹੀਂ। ਮੈਂ ਤੇਰਾ ਬੱਚਾ ਜੰਮਾਂਗੀ। ਮੇਰੇ ਨਾਲ ਵਿਆਹ ਕਰਵਾ ਲੈ। ਨਹੀਂ ਤਾਂ ਮੈਂ...।’

'ਤੂੰ ਬੇਵਕੂਫ਼ ਨਾ ਬਣ। ਚੁੱਪ ਕਰਕੇ ਅਬਾਰਸ਼ਨ ਕਰਵਾ ਲੈ। ਹਜ਼ਾਰਾਂ ਕੁੜੀਆਂ ਇਹ ਕਰਦੀਆਂ ਨੇ।'

'ਮੈਂ ਉਨ੍ਹਾਂ ਹਜ਼ਾਰਾਂ ਵਿੱਚੋਂ ਨਹੀਂ।'

'ਹੋਰ ਫੇਰ ਕੀ ਕਰੇਂਗੀ?'

'ਮੈਂ ਜ਼ਹਿਰ ਖਾ ਕੇ ਮਰ ਜਾਵਾਂਗੀ।' ਸੁਸ਼ਮਾ ਦੇ ਬੋਲਾਂ ਵਿੱਚ ਹੁਣ ਦ੍ਰਿੜ੍ਹਤਾ ਸੀ।

'ਤੂੰ ਹੋਰ ਸੋਚ ਕੇ ਦੇਖ। ਤੇਰਾ ਕੁਛ ਨਹੀਂ ਵਿਗੜਿਆ। ਸਭ ਠੀਕ ਹੋ ਜਾਏਂਗਾ।' ਉਹ ਜਿਵੇਂ ਆਪਣਾ ਪੱਲਾ ਛੁਡਾਉਣਾ ਚਾਹੁੰਦਾ ਹੋਵੇ।

'ਨਹੀਂ, ਬਿਲਕੁੱਲ ਨਹੀਂ।'

ਸੁਸ਼ਮਾ ਨੇ ਆਪਣੇ ਪਿਛਲੇ ਪਾਸੇ ਇੱਕ ਹੱਥ ਕਰਕੇ ਸਲਵਾਰ ਦੇ ਬੰਨ੍ਹ ਵਿੱਚੋਂ ਕੋਈ ਚੀਜ਼ ਕੱਢੀ ਤੇ ਅੱਖ ਝਮਕਣ ਦੀ ਫੁਰਤੀ ਵਿੱਚ ਰਜੇਸ਼ ਦੀ ਵੱਖੀ ਵਿੱਚ ਉਹ ਨੂੰ ਖੋਭ ਦਿੱਤਾ। ਇੱਕ ਦੱਬਵੀਂ ਜਿਹੀ ਚੀਖ਼ ਉਹ ਦੇ ਮੂੰਹੋਂ ਨਿਕਲੀ ਤੇ ਉਹ ਧਰਤੀ 'ਤੇ ਡਿੱਗ ਪਿਆ। ਉਹ ਦੇ ਦਿਲ ਵਾਲੇ ਪਾਸੇ ਜ਼ੋਰ ਦੀ ਸੁਸ਼ਮਾ ਨੇ ਵਾਰ ਕਰ ਦਿੱਤਾ ਸੀ। ਉਹ ਮੁੱਛੀ ਵਾਂਗ ਤੜਪ ਰਿਹਾ ਸੀ। ਸੁਸ਼ਮਾ ਜਾ ਚੁੱਕੀ ਸੀ। ਇਹ ਸਭ ਕੁਝ ਦੇਖਦਿਆਂ ਮੇਰੀ ਇੱਕ ਭਿਆਨਕ ਚੀਖ਼ ਨਿਕਲੀ, ਚੀਖ਼ ਜਿਹੜੀ ਸਾਰੇ ਕੁਆਰਟਰਾਂ ਤੱਕ ਸੁਣੀ ਹੋਵੇਗੀ ਤੇ ਮੈਂ ਟੱਟੀ ਵਿੱਚ ਹੀ ਗਸ਼ ਖਾ ਕੇ ਡਿੱਗ ਪਈ। ਦਿਨ ਚੜ੍ਹੇ ਮੈਨੂੰ ਕੁਝ ਹੋਸ਼ ਆਈ ਤਾਂ ਮੈਂ ਆਪਣੇ ਘਰ ਵਿੱਚ ਪਲੰਘ 'ਤੇ ਪਈ ਹੋਈ ਸਾਂ। ਮੈਨੂੰ ਤੇਜ਼ ਬੁਖਾਰ ਚੜ੍ਹਿਆ ਹੋਇਆ ਸੀ। ਪਿਤਾ ਜੀ ਬਿੰਦੇ-ਬਿੰਦੇ ਮੈਨੂੰ ਥਰਮਾਮੀਟਰ ਲਾ ਕੇ ਦੇਖ ਰਹੇ ਸਨ। ਮੇਰੇ ਮੱਥੇ 'ਤੇ ਪਾਣੀ ਪੱਟੀਆਂ ਧਰਦੇ ਜਾ ਰਹੇ ਸਨ।

ਦੁਪਹਿਰ ਤੱਕ ਰਜੇਸ਼ ਦੀ ਲਾਸ਼ ਚੁੱਕ ਲਈ ਗਈ ਸੀ।

ਸਾਰੇ ਮੁਹੱਲੇ ਵਿੱਚ ਗੱਲ ਧੁੰਮੀ ਹੋਈ ਸੀ ਕਿ ਸਤਪਾਲ ਲਾਇਬ੍ਰੇਰੀਅਨ ਦੀ ਕੁੜੀ ਮਨੋਰਮਾ ਨੇ ਇਹ ਕਤਲ ਹੁੰਦਾ ਅੱਖੀਂ ਦੇਖਿਆ ਹੈ। ਪੁਲਿਸ ਵਾਲੇ ਸਾਡੇ ਘਰ ਆਉਂਦੇ ਸਨ ਤੇ ਮੈਨੂੰ ਪਿਆਰ ਨਾਲ ਪੁਚਕਾਰ-ਪੁਚਕਾਰ ਪੁੱਛਦੇ ਸਨ ਕਿ ਉਹ ਕੌਣ ਸੀ, ਜਿਸ ਨੇ ਇਹ ਕਤਲ ਕੀਤਾ ਹੈ। ਮੈਨੂੰ ਜਦ ਉਹ ਘਟਨਾ ਯਾਦ ਆਉਂਦੀ, ਮੈਂ ਚੀਖ਼ ਮਾਰ ਕੇ ਬੇਹੋਸ਼ ਹੋ ਜਾਂਦੀ। ਥੋੜ੍ਹਾ-ਮੋਟਾ ਹੋਸ਼ ਵਿੱਚ ਹੁੰਦੀ ਤਾਂ ਐਨਾ ਹੀ ਦੱਸਦੀ, ਹਨੇਰੇ ਵਿੱਚ ਮੈਨੂੰ ਪਤਾ ਨਹੀਂ ਉਹ ਕੌਣ ਸੀ?

'ਆਦਮੀ ਸੀ, ਔਰਤ ਸੀ?' ਉਹ ਪੁੱਛਦੇ।

'ਇਹ ਵੀ ਪਤਾ ਨਹੀਂ।' ਮੈਂ ਜਵਾਬ ਦਿੰਦੀ।

'ਫੇਰ ਸੀ ਕੌਣ?'

'ਕੀ ਪਤਾ ਕੌਣ ਸੀ। ਸੀ ਜ਼ਰੂਰ ਕੋਈ। ਉਹ ਨੇ ਛੁਰੇ ਵਰਗੀ ਕੋਈ ਚੀਜ਼ ਉਹ ਦੇ ਢਿੱਡ ਵਿੱਚ ਮਾਰੀ ਸੀ ਤੇ ਫੇਰ ਮੈਂ ਬੇਹੋਸ਼ ਹੋ ਕੇ ਡਿੱਗ ਪਈ।' ਮੇਰਾ ਹਰ ਵਾਰ ਇਹੀ ਜਵਾਬ ਹੁੰਦਾ।'

ਸੁਸ਼ਮਾ ਸਵੇਰੇ-ਸ਼ਾਮ ਮੇਰਾ ਪਤਾ ਲੈਣ ਆਉਂਦੀ ਤੇ ਚੁੱਪ-ਚਾਪ ਮੇਰੇ ਚਿਹਰੇ ਵੱਲ ਦੇਖਣ ਲੱਗਦੀ। ਜਦ ਹੀ ਉਹ ਮੇਰੇ ਸਾਹਮਣੇ ਹੁੰਦੀ, ਮੈਂ ਆਪਣਾ ਚਿਹਰਾ ਛੁਪਾ ਲੈਂਦੀ। ਉਹ ਬੈਠੀ ਰਹਿੰਦੀ ਤੇ ਫੇਰ ਚੁੱਪ-ਚਾਪ ਹੀ ਚਲੀ ਜਾਂਦੀ।

ਕਈ ਮਹੀਨੇ ਪੁੱਛ-ਪੜਤਾਲ ਚੱਲਦੀ ਰਹੀ ਤੇ ਫੇਰ ਪਤਾ ਨਹੀਂ ਉਸ ਮਾਮਲੇ ਦਾ ਕੀ ਬਣਿਆ। ਮੈਨੂੰ ਥਾਣੇ ਵਿੱਚ ਨਹੀਂ ਸੱਦਿਆ ਗਿਆ ਸੀ ਤੇ ਫੇਰ ਪਿਤਾ ਜੀ ਅਗਲੇ ਸਾਲ ਰਿਟਾਇਰ ਹੋ ਗਏ ਸਨ। ਅਸੀਂ ਅੰਮ੍ਰਿਤਸਰ ਛੱਡ ਆਏ ਸਾਂ।

ਸੁਸ਼ਮਾ ਚਾਹ ਲੈ ਕੇ ਆਈ। ਪਲੇਟ ਵਿੱਚ ਬਿਸਕੁਟਾਂ ਦਾ ਪੈਕਟ ਖੋਲ੍ਹਦੀ ਉਹ ਪੁੱਛਣ ਲੱਗੀ, 'ਮਨੋਰਮਾ, ਤੂੰ ਮੈਨੂੰ ਜਾਣਦੀ ਸੀ ਉਸ ਤੋਂ ਪਹਿਲਾਂ?'

'ਹਾਂ, ਮੈਂ ਤੁਹਾਨੂੰ ਸੜਕਾਂ 'ਤੇ ਘੁੰਮਦੇ ਦੇਖਿਆ ਹੋਇਆ ਸੀ।'

'ਫੇਰ ਤੂੰ ਪੁਲਿਸ ਕੋਲ ਮੇਰਾ ਨਾਉਂ ਕਿਉਂ ਨਾ ਲਿਆ?'

'ਮੈਂ ਪੱਕਾ ਫ਼ੈਸਲਾ ਕਰ ਲਿਆ ਹੋਇਆ ਸੀ, ਮਰ ਬੇਸ਼ੱਕ ਜਾਵਾਂ, ਪਰ ਤੇਰਾ ਨਾਉਂ ਜ਼ੁਬਾਨ 'ਤੇ ਨਹੀਂ ਲਿਆਉਣਾ।' ਤੇ ਫਿਰ ਮੈਂ ਸਵਾਲ ਕੀਤਾ, 'ਤੂੰ ਉਹਨੂੰ ਮਾਰ ਕਿਉਂ ਦਿੱਤਾ ਸੀ, ਸੁਸ਼ਮਾ?'

'ਉਸ ਦਾ ਇਹੀ ਇਲਾਜ ਸੀ।' ਉਹਨੇ ਕਿਹਾ। ਉਹ ਦੀਆ ਅੱਖਾਂ ਵਿੱਚ ਹੁਣ ਵੀ ਕੋਈ ਪਛਤਾਵਾ ਨਹੀਂ ਸੀ।

'ਤੇ ਫੇਰ ਤੂੰ ਵਿਆਹ ਨਹੀਂ ਕਰਵਾਇਆ?'

'ਵਿਆਹ ਮੇਰੇ ਨਾਲ ਕੌਣ ਕਰਦਾ? ਮੈਂ ਅਬਾਰਸ਼ਨ ਕਰਵਾਈ ਤੇ ਕੁਝ ਮਹੀਨਿਆਂ ਬਾਅਦ ਪੁਲਿਸ ਵਿੱਚ ਭਰਤੀ ਹੋ ਗਈ। ਬੀ.ਏ. ਤਾਂ ਕਰ ਈ ਚੁੱਕੀ ਸਾਂ। ਮੈਨੂੰ ਮਰਦ-ਜ਼ਾਤ ਨਾਲ ਈ ਨਫ਼ਰਤ ਐ ਹੁਣ। ਇਹੋ ਜਿਹਾ ਕੇਸ ਮੈਨੂੰ ਮਿਲ ਜਾਵੇ ਤਾਂ ਗਿਣ-ਗਿਣ ਕੇ ਬਦਲੇ ਲੈਂਦੀ ਹਾਂ, ਮਰਦ ਤੋਂ ਤੇ ਫੇਰ ਉਸ ਨੇ ਮੈਨੂੰ ਆਪਣੇ ਅਟੈਚੀ ਵਿੱਚੋਂ ਕੱਢ ਕੇ ਉਹੀ ਚਾਕੂ ਵਿਖਾਇਆ। ਤੇਜ਼ਧਾਰ ਚਾਕੂ, ਕਾਲੇ ਦਸਤੇ ਵਾਲਾ। ਮੈਂ ਉਹਦੀਆਂ ਗੱਲਾਂ ਸੁਣ-ਸੁਣ ਭਿਆਨਕਤਾ ਜਿਹੀ ਮਹਿਸੂਸ ਕਰ ਰਹੀ ਸਾਂ। ਮੈਂ ਉਹਨੂੰ ਹੋਰ ਕੋਈ ਗੱਲ ਨਾ ਪੁੱਛੀ ਤੇ ਨਾ ਹੀ ਉਹਦੇ ਭਵਿੱਖ ਬਾਰੇ ਕੋਈ ਸੁਝਾਓ ਦੇਣਾ ਚਾਹਿਆ।'

'ਤੂੰ ਕੀ ਕਰਨ ਆਈ ਐਂ ਏਥੇ, ਪਟਿਆਲੇ?' ਉਹਨੇ ਪੁੱਛਿਆ।

'ਏਥੇ ਭੂਆ ਜੀ ਨੇ। ਉਨ੍ਹਾਂ ਇੱਕ ਮੁੰਡੇ ਨਾਲ ਗੱਲ ਚਲਾਈ ਹੋਈ ਐ। ਏਥੇ ਬੈਂਕ ਵਿੱਚ ਕਲਰਕ ਐ, ਉਹ ਮੁੰਡਾ। ਮੁੰਡੇ ਨਾਲ ਮੇਰੀ ਮੁਲਾਕਾਤ ਹੋ ਚੁੱਕੀ ਐ।' ਮੈਂ ਦੱਸ ਰਹੀ ਸਾਂ।

'ਫੇਰ ਕੈਸਾ ਲੱਗਿਆ ਉਹ ਤੈਨੂੰ' ਉਹਨੇ ਇਕਦਮ ਪੁੱਛਿਆ।

'ਬਹੁਤ ਸਵੀਟ।' ਕਹਿ ਕੇ  ਮੈਂ ਸ਼ਰਮਾ ਗਈ।

'ਤੂੰ ਵੀ ਉਹਨੂੰ ਪਸੰਦ ਆ ਗਈ?' ਸੁਸ਼ਮਾ ਨੇ ਮੇਰਾ ਮੋਢਾ ਝੰਜੋੜਿਆ।

'ਲੱਗਦਾ ਤਾਂ ਹੈ, ਪਰ ਦੇਖੋ।' ਮੈਂ ਕਿਹਾ।

'ਹਾਂ, ਇਹ ਠੀਕ ਐ। ਇਸ਼ਕ-ਮੁਸ਼ਕ ਵਾਲਾ ਚੱਕਰ ਬੜਾ ਖ਼ਤਰਨਾਕ ਹੁੰਦੈ। ਇਹ ਪਿਆਰ-ਵਿਆਰ ਸਭ ਬਕਵਾਸ ਐ।' ਉਹ ਬਹੁਤ ਕੁਝ ਬੋਲਣਾ ਚਾਹ ਰਹੀ ਹੋਵੇਗੀ, ਪਰ ਮੈਂ ਉਹਦੇ ਕੋਲੋਂ ਘਰ ਜਾਣ ਲਈ ਇਜਾਜ਼ਤ ਮੰਗੀ। ਉਹ ਮਾਰਕੀਟ ਤੱਕ ਮੇਰੇ ਨਾਲ ਆਈ ਤੇ ਮੈਨੂੰ ਲੋਕਲ ਬੱਸ ਚੜ੍ਹਾ ਗਈ। ਬੱਸ ਵਿੱਚ ਬੈਠੀ ਮੈਂ ਉਹਦੇ ਬਾਰੇ ਕਿੰਨਾ ਹੀ ਕੁਝ ਸੋਚੀ ਜਾ ਰਹੀ ਸਾਂ। ਮੈਨੂੰ ਉਹਦੇ ਕੋਲੋਂ ਡਰ ਆ ਰਿਹਾ ਸੀ ਤੇ ਉਹਦੇ 'ਤੇ ਤਰਸ ਵੀ। ਮਨ ਵਿੱਚ ਇੱਕ ਫ਼ੈਸਲਾ ਜਿਹਾ ਪੁੰਗਰ ਰਿਹਾ ਸੀ ਕਿ ਦੁਬਾਰਾ ਕਦੇ ਵੀ ਸੁਸ਼ਮਾ ਨੂੰ ਨਹੀਂ ਮਿਲਾਂਗੀ। ♦

# ਛਾਤਾਬਾਜ਼

ਕਸ਼ਮੀਰ ਵਿੱਚ ਭੜਕੀ ਪਾਕਿਸਤਾਨੀ ਅੱਗ ਹੁਣ ਪੰਜਾਬ ਦੀਆਂ ਹੱਦਾਂ 'ਤੇ ਅਸਮਾਨ ਛੂੰਹਦੀ ਲਾਟ ਬਣ ਚੁੱਕੀ ਸੀ। ਧੂੰਆਂ ਹੀ ਧੂੰਆਂ, ਪੈਰਾਂ ਵਿੱਚ ਕੁਝ ਨਹੀਂ ਦਿੱਸਦਾ, ਨਾ ਭਾਰਤੀਆਂ ਨੂੰ ਤੇ ਨਾ ਪਾਕਿਸਤਾਨੀਆਂ ਨੂੰ।

ਸਾਰੇ ਪਿੰਡ ਵਿੱਚ ਹੀ ਰਾਤ ਨੂੰ ਰੋਸ਼ਨੀ ਦੀ ਪੂਰੀ ਮਨਾਹੀ ਹੁੰਦੀ। ਲੜਾਈ ਜਿਵੇਂ ਘਰਾਂ ਵਿੱਚ ਆ ਪਹੁੰਚੀ ਸੀ। ਸਿਆਲਕੋਟ ਤੇ ਲਾਹੌਰ ਗਵਾਂਢੀ ਪਿੰਡਾਂ ਵਾਂਗ ਲੱਗਦੇ ਸਨ। ਪਾਕਿਸਤਾਨ ਦੇ ਛਾਤਾ ਫ਼ੌਜੀ ਧੜਾ-ਧੜ ਪੰਜਾਬ ਵਿੱਚ ਉੱਤਰ ਰਹੇ ਸਨ। ਇੱਲਾਂ ਵਾਂਗ ਸ਼ੂਕਦੀਆਂ ਛੱਤਰੀਆਂ ਉਨ੍ਹਾਂ ਦੇ ਹਵਾਈ ਜਹਾਜ਼ ਸਾਡੀ ਧਰਤੀ 'ਤੇ ਛੱਡ ਜਾਂਦੇ। ਸਾਰੇ ਪਿੰਡਾਂ ਵਿੱਚ ਹੀ ਹੌਲ ਜਿਹਾ ਪਿਆ ਹੋਇਆ ਸੀ। ਹਰ ਪਿੰਡ ਵਿੱਚ ਡਰ ਸੀ- ਛਾਤਾਬਾਜ਼ ਪਤਾ ਨਹੀਂ ਕਦੋਂ ਆ ਉਤਰੇ ਜਾਂ ਕਦੋਂ ਆ ਕੇ ਪਿੰਡ ਨੂੰ ਕੋਈ ਨੁਕਸਾਨ ਕਰ ਜਾਏ। ਕਮਾਦ, ਮੱਕੀਆਂ ਤੇ ਕਪਾਹਾਂ ਵਿੱਚ ਉਹ ਲੁਕੇ ਹੋਏ ਸਨ। ਜਿੱਥੇ ਕੋਈ ਉਤਰਿਆ, ਉਥੇ ਹੀ ਦੜ ਗਿਆ। ਕਿੰਨੇ ਹੀ ਲੋਕਾਂ ਨੇ ਮਾਰ ਦਿੱਤੇ ਸਨ। ਕਿੰਨੇ ਹੀ ਲੋਕਾਂ ਨੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤੇ ਸਨ।

ਹਲਵਾਰਾ ਹਵਾਈ ਅੱਡੇ ਨੇੜੇ ਹੋਣ ਕਰਕੇ ਇਨ੍ਹਾਂ ਪਿੰਡਾਂ ਵਿੱਚ ਤਾਂ ਮੌਤ ਵਰਗੀ ਛਾਂ ਪਸਰੀ ਹੋਈ ਸੀ।

ਇਸ ਪਿੰਡ ਦੇ ਲੋਕਾਂ ਨੇ ਹਰ ਅਗਵਾੜ ਦੇ ਦੋ-ਦੋ ਬੰਦੇ ਰਾਤ ਨੂੰ ਫਲ੍ਹਿਆਂ ਵਰਗੇ ਪਹਿਰੇ ਬਿਠਾਏ ਹੋਏ ਸਨ ਤਾਂ ਕਿ ਪੂਰੀ ਕਰੜਾਈ ਰੱਖੀ ਜਾਵੇ। ਐਸੀ ਗੱਲ ਨਾ ਹੋਵੇ ਕਿ ਕੋਈ ਛਾਤਾਬਾਜ਼ ਬੰਬ ਆ ਕੇ ਸੁੱਟ ਜਾਵੇ ਤੇ ਅਮੀ ਜਮੀ ਵੱਸਦਾ ਪਿੰਡ ਸੁਆਹ ਦੀ ਢੇਰੀ ਬਣ ਜਾਵੇ।

ਏਸ ਅਗਵਾੜ ਦੇ ਪਹਿਰੇਦਾਰ ਪੰਜ ਛੇ ਦਿਨਾਂ ਤੋਂ ਫਲ੍ਹੇ ਵਾਰਗੇ ਖੁੰਡਾਂ 'ਤੇ ਬੈਠੇ ਦੂਰ ਟਿੱਬੀ 'ਤੇ ਇੱਕ ਛਾਂ ਜਿਹੀ ਦੇਖਦੇ ਤੇ ਫਿਰ ਉਹ ਛਾਂ ਕੁਝ ਚਿਰ ਠਹਿਰ ਕੇ ਅਲੋਪ ਹੋ ਜਾਂਦੀ। ਕਦੇ ਕਦੇ ਉਹ ਛਾਂ ਅੱਧਾ ਘੰਟਾ ਉਸ ਟਿੱਬੀ ਦੇ ਕਦੇ ਦਸ ਕਰਮਾਂ ਏਧਰ ਕਦੇ ਦਸ ਕਦਮਾਂ ਉੱਧਰ ਫਿਰਦੀ ਤੁਰਦੀ ਉਹ ਦੇਖਦੇ ਰਹਿੰਦੇ। ਚੰਦ ਦੀ ਮੱਧਮ ਚਾਨਣੀ ਵਿੱਚ ਉਹ ਛਾਂ ਇੱਕ ਤੁਰਦੀ ਫਿਰਦੀ ਮੱਕੀ ਦੀ ਪੂਲੀ ਜਿਹੀ ਲੱਗਦੀ। ਟਿੱਬੀ ਦੇ ਕੋਲ ਜਾਣ ਦੀ ਕਦੇ ਕਿਸੇ ਦੀ ਹਿੰਮਤ ਨਾ ਪਈ।

ਇੱਕ ਦਿਨ ਸੂਰਜ ਚੜ੍ਹਨ ਵੇਲੇ ਪਹਿਰੇਦਾਰਾਂ ਨੇ ਦੇਖਿਆ ਕਿ ਉਹ ਛਾਂ ਟਿੱਬੀ ਤੋਂ ਪਰ੍ਹੇ ਜਾਂਦੀ ਜਾਂਦੀ ਇੱਕ ਮੱਕੀ ਦੇ ਖੇਤ ਵਿੱਚ ਜਾ ਅਲੋਪ ਹੋ ਗਈ ਹੈ। ਪਹਿਰੇਦਾਰਾਂ ਦਾ

ਰੌਲਾ ਸੁਣ ਕੇ ਉੱਥੋਂ ਕਈ ਆਦਮੀ ਇਕੱਠੇ ਹੋ ਗਏ। ਹੌਲੀ-ਹੌਲੀ ਸਾਰੇ ਪਿੰਡ ਵਿੱਚ ਹੀ ਚਬਾ ਚਬੀ ਸ਼ੁਰੂ ਹੋ ਗਈ- 'ਕੁੰਢੇ ਦੇ ਖੇਤ ਮੱਕੀ 'ਚ ਬੰਦੇ ਦਾ ਸ਼ੱਕ ਐ।' ਪਲਾਂ ਵਿੱਚ ਹੀ ਉਸ ਅਗਵਾੜ ਦੀ ਸੱਥ ਵਿੱਚ ਇੱਕ ਇਕੱਠ ਬੱਝ ਗਿਆ। ਕਿਸੇ ਕੋਲ ਗੰਡਾਸਾ, ਕਿਸੇ ਕੋਲ ਗੰਧਾਲਾ ਤੇ ਕਈਆਂ ਕੋਲ ਸੋਟੀਆਂ। ਛੇ ਸੱਤ ਲਸੰਸੀਏ। ਜਾਣ ਸਾਰ ਉਨ੍ਹਾਂ ਨੇ ਕੁੰਢੇ ਕਾ ਮੱਕੀ ਦਾ ਸਾਰਾ ਖੇਤ ਘੇਰ ਲਿਆ, ਜਿਵੇਂ ਜੰਗਲੀ ਸੂਰ ਦਾ ਸਿਰ ਚਿੱਪਣਾ ਹੋਵੇ।

ਮੱਕੀ ਦੇ ਖੇਤ ਵਿੱਚ ਅੰਦਰ ਵੜਨ ਦਾ ਹੌਸਲਾ ਕਿਸੇ ਦਾ ਨਹੀਂ ਸੀ ਪੈਂਦਾ। ਬਾਹਰੋਂ ਲਲਕਾਰੇ ਵੱਜ ਰਹੇ ਸਨ। ਲਸੰਸੀਆਂ ਨੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਆਵਾਜ਼ਾਂ ਉੱਠੀਆਂ- 'ਜੇ ਕੋਈ ਹੈ ਤਾਂ ਬਾਹਰ ਆ ਜਾ ਭਲੀ ਪਤ ਨਾਲ, ਨਹੀਂ ਤਾਂ ਵਿਚੇ ਭੁੰਨ੍ਹ ਦਿਆਂਗੇ।'

ਕੁਝ ਚਿਰ ਕੋਈ ਆਵਾਜ਼ ਨਾ ਆਈ। ਫੇਰ ਮੱਕੀ ਦੇ ਟਾਂਡੇ ਖੜਕਣ ਲੱਗੇ। ਬਾਹਰਲਾ ਸਾਰਾ ਇਕੱਠ ਮੂੰਹ ਵਿੱਚ ਉਂਗਲਾਂ ਪਾਉਣ ਲੱਗਿਆ, ਜਦੋਂ ਰਾਈਫ਼ਲ ਉਨ੍ਹਾਂ ਨੇ ਮੱਕੀ ਦੇ ਇੱਕ ਕਿਆਰੇ ਵਿੱਚ ਉਤਾਂਹ ਖੜ੍ਹੀ ਕੀਤੀ ਹੋਈ ਦੇਖੀ।

'ਮੈਂ ਹਾਜ਼ਰ ਆਂ'-ਅੰਦਰੋਂ ਆਵਾਜ਼ ਆਈ ਤੇ ਨਾਲ ਹੀ ਨਾਲ ਅੰਦਰਲੇ ਆਦਮੀ ਨੇ ਰਾਈਫ਼ਲ ਵਗ੍ਹਾ ਕੇ ਲੋਕਾਂ ਦੇ ਸਿਰੋਂ ਪਾਰ ਜਾ ਮਾਰੀ।

'ਮੈਂ ਆ ਰਿਹਾਂ। ਮੇਰੇ ਕੋਲ ਕੁਝ ਨ੍ਹੀਂ। ਮੇਰੀਆਂ ਦੋਵੇਂ ਬਾਹਾਂ ਖੜ੍ਹੀਆਂ ਨੇ, 'ਤੇ ਉਹ ਬੰਦਾ ਮੱਕੀ ਵਿਚੋਂ ਨਿਕਲ ਕੇ ਲੋਕਾਂ ਦੇ ਇਕੱਠ ਵਿੱਚ ਆ ਖੜੋਤਾ। ਸਾਰੇ ਲੋਕ ਭੱਜ ਕੇ ਉਸ ਦੇ ਗਿਰਦ ਹੋ ਗਏ। ਪਰ ਹੱਥ ਕੋਈ ਨਹੀਂ ਸੀ ਪਾਉਂਦਾ। ਵੱਡੀ ਉਮਰ ਦੇ ਮਨੁੱਖਾਂ ਨੇ ਪਛਾਣ ਲਿਆ-ਉਹ ਇਸੇ ਪਿੰਡ ਦੇ ਨੂਰੇ ਤੇਲੀ ਦਾ ਮੁੰਡਾ ਸੀ, ਅਲੀ।

ਅਲੀ ਨੇ ਥਿੜਕਦੀ ਆਵਾਜ਼ ਵਿੱਚ ਦੱਸਿਆ ਕਿ ਮੱਕੀ ਵਿੱਚ ਦਸ ਗ੍ਰਿਨੇਡ ਤੇ ਦੋ ਸੌ ਰੌਂਦ ਪਏ ਹਨ।

ਇੱਕ ਤਕੜੇ ਜਿਹੇ ਜੁਆਨ ਨੇ ਅਲੀ ਦੀਆਂ ਦੋਵੇਂ ਬਾਹਾਂ ਪਿੱਛੇ ਨੂੰ ਕਰਵਾ ਕੇ ਆਪਣੀ ਪੱਗ ਨਾਲ ਨੂੜ ਲਈਆਂ ਤੇ ਉਸਨੂੰ ਪਿੰਡ ਵੱਲ ਆਪਣੇ ਅੱਗੇ ਲਾ ਲਿਆ। ਸਾਰਾ ਇਕੱਠ ਉਸ ਦੇ ਪਿੱਛੇ ਪਿੱਛੇ ਸੀ।

'ਗਿੱਦੜ ਦੀ ਜਦੋਂ ਮੌਤ ਔਂਦੀ ਐ, ਚੂਹੜਿਆਂ ਦੀ ਮੁੰਨੀ ਨਾਲ ਆ ਕੇ ਖਹਿੰਦੈ।' ਲੋਕਾਂ ਦੀ ਚਬਰ ਚਬਰ ਵਿਚੋਂ ਇੱਕ ਉੱਚੀ ਚੀਕਦੀ ਆਵਾਜ਼ ਅਲੀ ਨੇ ਸੁਣੀ।

'ਸਾਲੇ ਟੌਂਡੇ ਤੋਂ ਚੁੱਪ ਕਰਕੇ ਪਾਕਿਸਤਾਨ 'ਚ ਰੋਟੀਆਂ ਨ੍ਹੀਂ ਖਾਧੀਆਂ ਗਈਆਂ, ' ਇੱਕ ਤਿੱਖੀ ਛੁਰੀ ਵਰਗੀ ਹੋਰ ਆਵਾਜ਼ ਅਲੀ ਦੇ ਸਾਰੇ ਸਰੀਰ ਵਿੱਚ ਖੁਭ ਗਈ। ਕਈ ਜੋਸ਼ੀਲੇ ਨੌਜਵਾਨ ਟਿਚਕਾਰੀਆਂ ਮਾਰ ਰਹੇ ਸਨ। ਨਵੇਂ ਸ਼ਿਕਾਰ ਨੂੰ ਲਿਆ ਕੇ ਪ੍ਰਾਚੀਨ ਮਨੁੱਖ ਸ਼ਾਇਦ ਇਸੇ ਤਰ੍ਹਾਂ ਦੀਆਂ ਚਾਂਭੜਾਂ ਪਾਉਂਦੇ ਹੋਣ।

ਪਿੰਡ ਲਿਆ ਕੇ ਉਸ ਨੂੰ ਇੱਕ ਹਥਾਈ ਵਿੱਚ ਬੰਦ ਕਰ ਦਿੱਤਾ ਗਿਆ ਤੇ ਪੁਲਿਸ ਲੈਣ ਵਾਸਤੇ ਸਰਪੰਚ ਨੇ ਚੌਕੀਦਾਰ ਨੂੰ ਉਸ ਵੇਲੇ ਡੱਕਰ ਦਿੱਤਾ।

ਹਥਾਈ ਵਿੱਚ ਹੀ ਅਲੀ ਨੂੰ ਰੋਟੀ ਖਵਾਈ ਗਈ। ਰੋਟੀ ਖਾ ਕੇ ਉਸ ਨੂੰ ਸੁਰਤ ਜਿਹੀ ਆ ਗਈ ਸੀ। ਪਹਿਲਾਂ ਤਾਂ ਛੇ ਸੱਤ ਦਿਨ ਛੋਲਿਆਂ ਦੇ ਭੁੰਨ੍ਹੇ ਹੋਏ ਦਾਣੇ ਚੱਬ ਕੇ ਤੇ ਗੁੜ ਖਾ ਕੇ ਹੀ ਉਸ ਨੇ ਡੰਗ ਟਪਾਇਆ ਸੀ। ਉਸ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ

ਆਪਣੇ ਘਰ ਵਿੱਚ ਹੀ ਉਸ ਨੂੰ ਕਿਸੇ ਨੇ ਜਿੰਦਰਾ ਲਾ ਦਿੱਤਾ ਹੋਵੇ। ਇਹ ਉਸ ਦਾ ਆਪਣਾ ਹੀ ਪਿੰਡ ਸੀ। ਉਸ ਦੀ ਮਾਂ ਤੇ ਵੱਡਾ ਭਾਈ ਸੰਤਾਲੀ ਵੇਲੇ ਉੱਥੇ ਹੀ ਲੁਟੇਰਿਆਂ ਨੇ ਵੱਢ ਦਿੱਤੇ ਸਨ ਤੇ ਲੁਟੇਰੇ ਉਸ ਦੀ ਭਰਜਾਈ ਨੂੰ ਮੇਮਣੇ ਵਾਂਗ ਧੂਹ ਕੇ ਲੈ ਗਏ ਸਨ। ਉਹ ਇਕੱਲਾ ਕਿਵੇਂ ਨਾ ਕਿਵੇਂ ਬਚ ਕੇ ਪਾਕਿਸਤਾਨ ਪਹੁੰਚ ਗਿਆ ਸੀ ਤੇ ਇੱਕ ਦੋ ਸਾਲ ਵਿਹਲਾ ਫਿਰ ਤੁਰ ਕੇ ਧੱਕੇ ਖਾਂਦਾ ਫ਼ੌਜ ਵਿੱਚ ਭਰਤੀ ਹੋ ਗਿਆ ਸੀ।

ਹੁਣ ਜਦੋਂ ਪਾਕਿਸਤਾਨ ਨੇ ਪੰਜਾਬ ਵਿੱਚ ਛਾਤਾ ਫ਼ੌਜੀ ਉਤਾਰੇ ਤਾਂ ਅਲੀ ਵੀ ਉਨ੍ਹਾਂ ਦੇ ਵਿੱਚ ਸੀ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਪਾਕਿਸਤਾਨ ਹਵਾਈ ਜਹਾਜ਼ਾਂ ਨੂੰ ਰਾਤ ਨੂੰ ਰੋਸ਼ਨੀ ਇਸ਼ਾਰੇ ਕਰਨੇ ਹਨ। ਉਨ੍ਹਾਂ ਨੂੰ ਲਾਲਚ ਵੀ ਦਿੱਤਾ ਗਿਆ ਸੀ ਕਿ ਪਾਕਿਸਤਾਨ ਮੁੜਨ ਉਪਰੰਤ ਉਨ੍ਹਾਂ ਨੂੰ ਵੱਡੀਆਂ ਵੱਡੀਆਂ ਤਰੱਕੀਆਂ ਦਿੱਤੀਆਂ ਜਾਣਗੀਆਂ। ਇਹ ਸਾਰੀ ਗੱਲ ਅਲੀ ਨੇ ਪਿੰਡ ਦੇ ਬੰਦਿਆਂ ਨੂੰ ਦੱਸੀ। ਉਸ ਨੇ ਦੱਸਿਆ ਕਿ ਹਵਾਈ ਅੱਡੇ ’ਤੇ ਪੈਰਾਸ਼ੂਟ ਪਵਾ ਕੇ ਜਦ ਉਸ ਨੂੰ ਹਵਾਈ ਜਹਾਜ਼ ਵਿੱਚ ਚਾੜ੍ਹਿਆ ਗਿਆ ਤਾਂ ਉਸ ਨੂੰ ਇਉਂ ਲੱਗਿਆ ਸੀ, ਜਿਵੇਂ ਕਿਸੇ ਦਾ ਮੱਲੋਂ ਮੱਲੀ ਚੁਰ ਵਿੱਚ ਸਿਰ ਦੇ ਦਿੱਤਾ ਗਿਆ ਜਾਵੇਂ। ਅਲੀ ਦੇ ਸੰਘ ਵਿੱਚ ਅੱਥਰੂ ਉਤਰ ਆਏ ਸਨ।

ਉਸ ਨੇ ਅਖ਼ੀਰ ਵਿੱਚ ਦੱਸਿਆ– ‘ਮੈਂ ਛੇਆਂ ਦਿਨਾਂ ਤੋਂ ਇਸ ਪਿੰਡ ਦੇ ਦੁਆਲੇ ਫਿਰਦਾ ਹਾਂ। ਚਾਹੁੰਦਾ ਸੀ ਕਿ ਬੰਬ ਸਿੱਟ ਕੇ ਸਾਰੇ ਅਗਵਾੜ ਨੂੰ ਫੂਕ ਦਿਆਂ। ਜਿੱਥੇ ਮੇਰੀ ਮਾਂ ਤੇ ਵੱਡਾ ਭਾਈ ਬੱਕਰਿਆਂ ਵਾਂਗ ਵੱਢ ਦਿੱਤੇ ਗਏ ਸਨ। ਪਰ ਪਤਾ ਨਹੀਂ ਮੈਨੂੰ ਉਸ ਟਿੱਬੀ ’ਤੇ ਆ ਕੇ ਕੀ ਹੋ ਜਾਂਦਾ। ਮੈਨੂੰ ਚਾਚਾ ਦੁੱਲਾ ਯਾਦ ਆ ਜਾਂਦਾ, ਜਿਹੜਾ ਮੈਨੂੰ ਛੋਟੇ ਹੁੰਦੇ ਨੂੰ ਛੱਲੀਆਂ, ਹੋਲਾਂ ਤੇ ਬੇਰ ਲਿਆ ਕੇ ਦਿੰਦਾ ਹੁੰਦਾ ਸੀ। ਤਾਈ ਈਸਰੋ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੀ, ਜਿਸ ਦੇ ਘਰੋਂ ਕਦੇ ਵੀ ਮੈਂ ਤੌੜੀ ਵਿਚੋਂ ਦੁੱਧ ਲੁਹਾ ਕੇ ਪੀ ਸਕਦਾ ਸੀ। ਹੋਰ ਕਿੰਨੇ ਹੀ ਬੰਦੇ ਤੇ ਮੇਰੇ ਬਚਪਨ ਦੇ ਹਾਣੀ ਮੇਰੀ ਹਿੱਕ ’ਤੇ ਚੜ੍ਹ ਜਾਂਦੇ। ਭਾਵੇਂ ਮੈਂ ਮੁਲਸਮਾਨ ਹਾਂ, ਪਰ ਮੈਨੂੰ ਇਸ ਪਿੰਡ ਵਿੱਚ ਵੱਸਦੇ ਕਈ ਹਿੰਦੂ ਮੇਰੇ ਆਪਣੇ ਹੀ ਤਾਏ ਚਾਚੇ ਲੱਗਦੇ ਹਨ। ਮੇਰੀ ਮਾਂ ਵੱਢੀ ਸੀ ਤਾਂ ਗੁੰਡਿਆਂ ਨੇ ਵੱਢਿਆ ਸੀ, ਜਿਹੜੇ ਇਸ ਪਿੰਡ ਦੇ ਨਹੀਂ ਸਨ। ਮੇਰੀ ਭਰਜਾਈ ਨੂੰ ਲੁਟੇਰਿਆਂ ਨੇ ਚੁੱਕਿਆ ਸੀ, ਜਿਹੜੇ ਇਸ ਪਿੰਡ ਦੇ ਨਹੀਂ ਸਨ। ਫੇਰ ਮੈਂ ਆਪਣੇ ਪਿੰਡ ’ਤੇ ਹੀ ਹੱਥ ਕਿਵੇਂ ਚੁੱਕਦਾ? ਉਸ ਮਿੱਟੀ ਨੂੰ ਮੈਂ ਰਾਖ਼ ਕਿਵੇਂ ਦੇਖ ਸਕਦਾ, ਜਿਸ ਮਿੱਟੀ ਵਿਚੋਂ ਮੈਂ ਜਨਮ ਲਿਆ ਹੈ। ਹੁਣ ਵਾਲੇ ਆਪਣੇ ਦੇਸ਼ ਲਈ ਭਾਵੇਂ ਮੈਂ ਝੂਠਾ ਹਾਂ, ਪਰ ਆਪਣੀ ਮਾਤ ਭੂਮੀ ਲਈ ਮੈਂ ਸੱਚਾ ਹਾਂ। ਲੋਕ ਚੁੱਪ ਬੈਠੇ ਉਸ ਦੀਆਂ ਗੱਲਾਂ ਸੁਣ ਰਹੇ ਸਨ। ਐਨੇ ਨੂੰ ਪੁਲਿਸ ਆ ਗਈ। ਇੱਕ ਬਜ਼ੁਰਗ ਨੇ ਥਾਣੇਦਾਰ ਮੂਹਰੇ ਅਰਜ਼ ਕੀਤੀ– ‘ਸਾਡੇ ਕੋਲ ਨਾ ਇਹਨੂੰ ਮਾਰਿਓ, ਗਹਾਂ ਜਾ ਕੇ ਜੋ ਮਰਜ਼ੀ ਕਰੋ।’

ਨੱਥੇ ਹੋਏ ਪਸ਼ੂ ਵਾਂਗ ਪੁਲਿਸ ਨੇ ਅਲੀ ਨੂੰ ਅੱਗੇ ਲਾ ਲਿਆ। ਉਸ ਦੇ ਬੁੱਲ੍ਹ ਜਿਵੇਂ ਸਿਉਂਤੇ ਗਏ। ਉਸ ਦੀਆਂ ਅੱਖਾਂ ਵਿੱਚੋਂ ਪਾਣੀ ਦੀਆਂ ਘਰਾਲਾਂ ਵਹਿ ਰਹੀਆਂ ਸਨ। ♦

# ਕਚਹਿਰੀ ਦਾ ਸ਼ੰਗਾਰ

ਹੁਣ ਤਾਂ ਸੇਵਾ ਸਿੰਘ 'ਦਰਦੀ' ਦਾ ਨਾਉਂ ਸਾਰਾ ਇਲਾਕਾ ਜਾਣਦਾ ਹੈ।

ਢਾਂਗੇ ਜਿੱਡਾ ਲੰਮਾ ਕੱਦ, ਰੰਗ ਭੂਸਲਾ, ਅੱਖਾਂ ਦੇ ਆਂਡੇ ਗੀਠਿਆਂ ਵਰਗੇ ਤੇ ਦੰਦ ਮੱਕੀ ਦੇ ਦਾਣੇ। ਨਿੱਕੀਆਂ-ਨਿੱਕੀਆਂ ਮੁੱਛਾਂ ਤੇ ਹੋਚੀਮਿਨ੍ਹ ਦੀ ਦਾੜ੍ਹੀ। ਖੱਦਰ ਦਾ ਪਜਾਮਾ, ਖੱਦਰ ਦਾ ਕੁੜਤਾ ਤੇ ਖੱਦਰ ਦੀ ਪੱਗ।

'ਦਰਦੀ' ਦਾ ਪਿੰਡ ਸੜਕ 'ਤੇ ਹੀ ਸੀ। ਇਸ ਲਈ ਉਹ ਨਿਤ ਹੀ ਬੱਸ 'ਤੇ ਬਰਨਾਲੇ ਆਉਂਦਾ। ਤੜਕੇ ਤੜਕੇ ਢਾਠੀ ਆਪਣੀ ਉਹ ਕਚਹਿਰੀਆਂ ਵਿੱਚ ਆ ਕੇ ਹੀ ਖੋਲ੍ਹਦਾ ਹੈ।

ਪੰਜਾਬੀ, ਉਹ ਲਿਖ ਤਾਂ ਲੈਂਦਾ ਹੈ, ਪਰ ਅੱਖਰਾਂ ਨੂੰ ਲਗਾਂ ਮਾਤਰਾਂ ਘੱਟ ਹੀ ਲਾਉਂਦਾ ਹੈ। ਕਦੇ ਕਦੇ ਕੰਨਾ, ਬਿਹਾਰੀ ਤੇ ਹੋੜਾ ਲਾ ਵੀ ਦਿੰਦਾ ਹੈ।

ਸੰਤਾਲੀ ਤੋਂ ਪਹਿਲਾਂ ਉਸ ਦੀ ਕੁਰਬਾਨੀ ਸਿਰਫ਼ ਐਨੀ ਸੀ ਕਿ ਇੱਕ ਵਾਰੀ ਨਾਭੇ ਦੇ ਮੋਰਚੇ ਵਿੱਚ ਪੁਲਿਸ ਨੇ ਫੜ ਕੇ ਉਸ ਦੇ ਜੁੱਤੀਆਂ ਲਾਈਆਂ ਤੇ ਉਹ ਥਾਣੇਦਾਰ ਦੇ ਪੈਰੀਂ ਹੱਥ ਲਾ ਕੇ ਦੂਜੇ ਦਿਨ ਘਰ ਆ ਗਿਆ। ਹੁਣ 'ਦਰਦੀ' ਗੱਲ ਗੱਲ ਵਿੱਚ ਕਹਿੰਦਾ ਹੈ- 'ਅਸੀਂ ਵੀ ਦੇਸ਼ ਭਗਤੀ ਕੀਤੀ ਐ। ਅਸੀਂ ਵੀ ਰਜਵਾੜਿਆਂ ਦੀਆਂ ਜੁੱਤੀਆਂ ਖਾਧੀਆਂ ਨੇ। ਅਸੀਂ ਵੀ ਅੰਗਰੇਜ਼ ਦੇ ਜ਼ੁਲਮ ਸਹੇ ਨੇ।'

ਬਵੰਜਾ ਦੀਆਂ ਅਲੈਕਸ਼ਨਾਂ ਵਿੱਚ ਉਹ ਵੀ ਖੜ੍ਹਾ ਹੋ ਗਿਆ ਸੀ-ਆਜ਼ਾਦ ਉਮੀਦਵਾਰ। ਇਲਾਕੇ ਦੇ ਇੱਕ ਸਰਦਾਰੜੇ ਨੇ ਉਸ ਨੂੰ ਪੈਸੇ ਦੇ ਦਿੱਤੇ ਕਿ ਉਹ ਅਕਾਲੀ ਉਮੀਦਵਾਰ ਦੇ ਵਿਰੁੱਧ ਡਟਿਆ ਰਹੇ ਤਾਂ ਕਿ ਕਾਂਗਰਸੀ ਸੇਠ ਜਿੱਤ ਸਕੇ। ਅਕਾਲੀ ਜਿੱਤਦਾ, ਭਾਵੇਂ ਕਾਂਗਰਸੀ ਜਿੱਤਦਾ, ਪਰ 'ਦਰਦੀ' ਦਾ ਇੱਕ ਮਹੀਨਾ ਸ਼ੁਗਲ ਪਾਣੀ ਵਧੀਆ ਬਣਿਆ ਰਿਹਾ, ਉਹ ਵੀ ਉਦੋਂ ਤੋਂ ਪੱਕਾ ਲੀਡਰ ਬਣ ਗਿਆ।

ਸਤਵੰਜਾ ਦੀਆਂ ਅਲੈਕਸ਼ਨਾਂ ਵਿੱਚ 'ਦਰਦੀ' ਫੇਰ ਖੜ੍ਹਾ ਹੋ ਗਿਆ, ਪਰ ਇੱਕ ਜ਼ੋਰਾਵਰ ਉਮੀਦਵਾਰ ਨੇ ਉਸ ਨੂੰ ਦੋ ਹਜ਼ਾਰ ਦੇ ਕੇ ਚੁੱਪ ਕਰਵਾ ਦਿੱਤਾ। ਉਸ ਨੂੰ ਮੌਜਾਂ ਹੋ ਗਈਆਂ ਤੇ ਉਹ ਉਸ ਜ਼ੋਰਾਵਰ ਉਮੀਦਵਾਰ ਦੇ ਪ੍ਰਚਾਰ ਵਿੱਚ ਹੀ ਲੱਗ ਗਿਆ।

ਬਾਹਠ ਦੀਆਂ ਅਲੈਕਸ਼ਨਾਂ ਵਿੱਚ ਉਸ ਨੇ ਫੇਰ ਘੁੱਗੀ ਕੁੱਟਣੀ ਚਾਹੀ ਤੇ ਨਾਮਜ਼ਦਗੀ ਦੇ ਪੈਸੇ ਭਰ ਦਿੱਤੇ। ਐਤਕੀ ਦੋ ਹਜ਼ਾਰ ਤਾਂ ਮਿਲਿਆ ਨਾ, ਪਰ ਮੁੱਖ ਮੰਤਰੀ ਦੀ ਹੱਲਾਸ਼ੇਰੀ ਜ਼ਰੂਰ ਮਿਲ ਗਈ- 'ਕਚਹਿਰੀਆਂ ਵਿੱਚ ਤੇਰੀ ਪੂਰੀ ਚੱਲੇਗੀ, ਭਾਊ।' ਅਫ਼ਸਰ ਤੈਨੂੰ ਕੁਰਸੀ ਦਿਆਂ ਕਰਨਗੇ, ਭਾਊ!' 'ਦਰਦੀ' ਦੀ ਧੌਣ ਉੱਚੀ ਹੋ ਗਈ ਸੀ।

ਉਹ ਹੁਣ ਹਰ ਰੋਜ਼ ਕਚਹਿਰੀਆਂ ਵਿੱਚ ਆਉਂਦਾ ਹੈ। ਸਾਰਾ ਇਲਾਕਾ ਉਸ ਨੂੰ ਜਾਣਦਾ ਹੈ। ਸਾਰੇ ਵਕੀਲ ਉਸ ਨੂੰ ਜਾਣਦੇ ਸਨ। ਸਾਰੇ ਅਫ਼ਸਰ ਉਸ ਨੂੰ ਜਾਣਦੇ ਹਨ। ਸਾਰੇ ਅਰਜ਼ੀ ਨਵੀਸ ਉਸ ਨੂੰ ਜਾਣਦੇ ਹਨ।

ਹਰ ਨਿੱਕੇ ਮੋਟੇ ਬੰਦੇ ਨਾਲ ਉਹ ਹਰ ਨਿੱਕੇ ਮੋਟੇ ਅਫ਼ਸਰ ਕੋਲ ਚਲਿਆ ਜਾਂਦਾ ਹੈ। ਹਰ ਨਿੱਕੀ ਮੋਟੀ ਸਿਫ਼ਾਰਸ਼ ਕਰਦਾ ਹੈ। ਹਰ ਥਾਂ ਉਸ ਨੂੰ ਕੁਰਸੀ ਮਿਲਦੀ ਹੈ।

ਤੜਕੇ ਹੀ ਕਚਹਿਰੀਆਂ ਵਿੱਚ ਵਕੀਲ ਨਵੇਂ ਮੁਕੱਦਮਿਆਂ ਨੂੰ ਉਡੀਕਦੇ ਹਨ। ਤੜਕੇ ਹੀ ਅਰਜ਼ੀ ਨਵੀਸ ਨਵੀਆਂ ਅਰਜ਼ੀਆਂ ਉਡੀਕਦੇ ਹਨ ਤੇ ਤੜਕੇ ਹੀ 'ਦਰਦੀ' ਨਵੇਂ ਸਿਫ਼ਾਰਸ਼ੀਆਂ ਨੂੰ ਉਡੀਕਦਾ ਹੈ। ਉਹ ਗੱਲ ਗੱਲ ਵਿੱਚ ਕਹਿੰਦਾ ਹੈ– 'ਆਪਾਂ ਤਾਂ ਲੋਕ ਸੇਵਾ ਕਰਨੀ ਐ। ਅੰਗਰੇਜ਼ਾਂ ਦੇ ਰਾਜ ਵਿੱਚ ਵੀ ਕੀਤੀ ਐ, ਹੁਣ ਵੀ ਕਰਦੇ ਆਂ।'

ਅਫ਼ਸਰ ਸਾਰੇ 'ਦਰਦੀ' ਦੀ ਸੁਣਦੇ ਹਨ। ਉਸ ਨੂੰ ਕੁਰਸੀ ਦਿੰਦੇ ਹਨ। ਜੇ ਕੋਈ ਅਫ਼ਸਰ ਜਾਂ ਕਲਰਕ ਹੈਂਕੜੀ ਕਰੇ ਤਾਂ 'ਬਲੀਦਾਨ' ਵਿੱਚ ਉਸ ਦੇ ਵਿਰੁੱਧ ਖ਼ਬਰ ਛਪ ਜਾਂਦੀ ਹੈ।

'ਬਲੀਦਾਨ' ਇੱਕ ਸਪਤਾਇਕ ਪੱਤਰ ਪਟਿਆਲਾ ਤੋਂ ਨਿਕਲਦਾ ਹੈ। ਚੀਨੀ ਹਮਲੇ ਤੋਂ ਬਾਅਦ ਇਹ ਪੱਤਰ ਸ਼ੁਰੂ ਹੋਇਆ ਸੀ। ਉਦੋਂ ਸਰਕਾਰ ਨੇ ਵੀ ਇਸ ਦੀ ਬੜੀ ਮਦਦ ਕੀਤੀ ਸੀ ਤੇ ਲੋਕ ਵੀ ਇਸ ਨੂੰ ਬੜਾ ਪੜ੍ਹਦੇ ਸਨ। ਪਰ ਹੁਣ ਇਹ ਅਫ਼ਸਰਾਂ ਦੇ ਵਿਰੁੱਧ ਤੇ ਹੱਕ ਵਿੱਚ ਖ਼ਬਰਾਂ ਛਾਪਦਾ ਹੈ। ਇੱਕ ਹਫ਼ਤੇ ਕਿਸੇ ਅਫ਼ਸਰ ਦੇ ਵਿਰੁੱਧ ਖ਼ਬਰ ਛਪਦੀ ਹੈ ਤਾਂ ਤੀਜੇ ਹਫ਼ਤੇ ਓਸੇ ਅਫ਼ਸਰ ਦੇ ਗੁਣ ਗਾਏ ਹੁੰਦੇ ਹਨ। 'ਦਰਦੀ' ਦੀਆਂ ਭੇਜੀਆਂ ਖ਼ਬਰਾਂ ਤਾਂ ਇਹ ਪੱਤਰ ਭੱਜ ਕੇ ਛਾਪਦਾ ਹੈ।

ਇੱਕ ਦੋ ਖ਼ਾਸ ਅਰਜ਼ੀ ਨਵੀਸ ਹਨ, ਜਿਹੜੇ 'ਦਰਦੀ' ਨੂੰ ਖੜ੍ਹੇ ਹੋ ਕੇ ਸਲਾਮ ਬੁਲਾਉਂਦੇ ਹਨ। ਪਿੰਡਾਂ ਤੋਂ ਆਏ ਲੋਕ 'ਦਰਦੀ' ਤੋਂ ਸਲਾਹ ਲੈਂਦੇ ਹਨ ਕਿ ਅਰਜ਼ੀ ਕਿਵੇਂ ਲਿਖਵਾਈ ਜਾਵੇ ਤਾਂ ਕਿ ਅਰਜ਼ੀ ਨੂੰ ਫੜਨ ਸਾਰ ਅਫ਼ਸਰ ਹੁਕਮ ਲਿਖ ਦੇਵੇ। 'ਦਰਦੀ' ਵਧੀਆ ਅਰਜ਼ੀ ਲਿਖਵਾ ਦਿੰਦਾ ਹੈ–ਪੰਜ ਰੁਪਈਆਂ ਵਾਲੀ, ਜਿਨ੍ਹਾਂ ਵਿਚੋਂ ਦੋ ਰੁਪਈਏ ਅਰਜ਼ੀ ਨਵੀਸ ਕੋਲ 'ਦਰਦੀ' ਦੇ ਖਾਤੇ ਵਿੱਚ ਜਮ੍ਹਾ ਹੋ ਜਾਂਦੇ ਹਨ।

ਵਕੀਲਾਂ ਦੇ ਤਿੰਨ ਚਾਰ ਮੁਨਸੀ ਵੀ 'ਦਰਦੀ' ਨੂੰ ਝੁਕ ਕੇ ਸਲਾਮ ਕਰਦੇ ਹਨ, ਕਿਉਂਕਿ ਕਈ ਵਾਰੀ ਮੁਦਈ ਤੋਂ ਲਈ ਅੱਧੀ ਰਕਮ ਉਹ ਤੇ ਮੁਣਸ਼ੀ ਹੜੱਪ ਲੈਂਦੇ ਹਨ।

'ਦਰਦੀ' ਕਦੇ ਕਿਸੇ ਆਦਮੀ ਤੋਂ ਸਿੱਧੇ ਪੈਸੇ ਨਹੀਂ ਲੈਂਦਾ, ਹਰ ਸਿਫ਼ਾਰਸ਼ੀ ਉਸ ਵਿੱਚ ਵਿਸ਼ਵਾਸ ਰੱਖਦਾ ਹੈ।

ਵੱਡੇ ਅਫ਼ਸਰਾਂ ਨੂੰ 'ਦਰਦੀ' ਸਿਰਫ਼ ਸਲਾਮ ਹੀ ਬੁਲਾਉਂਦਾ ਹੈ, ਸਿਫ਼ਾਰਸ਼ ਨਹੀਂ ਕਰਦਾ। ਬਹੁਤੇ ਪੜ੍ਹੇ ਲਿਖੇ ਬੰਦਿਆਂ ਦੀ ਸਿਫ਼ਾਰਸ਼ ਵੀ ਉਹ ਕਦੇ ਨਹੀਂ ਕਰਦਾ। ਉਹ ਤਾਂ ਕੇਵਲ ਸਧਾਰਨ ਲੋਕਾਂ ਦੀ ਸੇਵਾ ਕਰਦਾ ਹੈ, ਜਿਨ੍ਹਾਂ ਨੂੰ ਕੋਈ ਪਤਾ ਨਾ ਹੋਵੇ ਕਿ ਕਿਹੜੇ ਅਫ਼ਸਰ ਦਾ ਦਫ਼ਤਰ ਕਿੱਥੇ ਹੈ? ਉਨ੍ਹਾਂ ਦਾ ਕੰਮ ਕਿਹੜੇ ਅਫ਼ਸਰ ਕੋਲ ਹੈ? ਅਰਜ਼ੀ ਵਿੱਚ ਕੀ ਕੀ ਲਿਖਣਾ ਹੈ?

ਜਿਸ ਬੰਦੇ ਦਾ ਕੰਮ ਬਣ ਜਾਵੇ ਉਸ ਨੂੰ ਫੇਰ 'ਦਰਦੀ' ਬਜ਼ਾਰ ਵਿੱਚ ਜ਼ਰੂਰ ਲੈ ਕੇ ਜਾਂਦਾ ਹੈ। 'ਬਰੁੱਕ ਬਾਂਡ' ਦਾ ਡੱਬਾ ਖਰੀਦਦਾ ਹੈ। 'ਲਕਸ' ਦੀ ਟਿੱਕੀ ਖਰੀਦਦਾ ਹੈ।'

'ਆਮਲਾ' ਤੇਲ ਖਰੀਦਦਾ ਹੈ। 'ਖੱਦਰ ਭੰਡਾਰ' ਵੀ ਜਾਂਦਾ ਹੈ। ਹਰ ਦੁਕਾਨ 'ਤੇ ਚੀਜ਼ ਖਰੀਦਣ ਬਾਅਦ ਜੇਬ੍ਹ 'ਤੇ ਹੱਥ ਮਾਰਦਾ ਹੈ ਤੇ ਕਹਿੰਦਾ ਹੈ-ਸੌ ਦਾ ਨੋਟ ਪਿੰਡੋਂ ਹੀ ਤੁੜਵਾ ਲਿਉਂਦੇ ਤਾਂ ਚੰਗਾ ਸੀ। ਕੁੰਢਾ ਸਿਆਂ, ਤੇਰੇ ਕੋਲ ਹੋਣਗੇ ਥੋੜ੍ਹੇ ਮੋਟੇ?' ਤੇ ਹਰ ਦੁਕਾਨ 'ਤੇ ਕੁੰਢਾ ਸਿੰਘ ਹੀ ਟੁੱਟੇ ਨੋਟ ਦੇ ਦਿੰਦਾ ਹੈ।

'ਦਰਦੀ' ਦੇ ਪਿੰਡ ਤੋਂ ਹੀ ਇੱਕ ਜਿੰਮੀਦਾਰ ਸੀ-ਮੁਰੱਬੇ ਬੰਦੀ ਵਿੱਚ ਉਸ ਦੀ ਜ਼ਮੀਨ ਦਾ ਰੌਲਾ ਸੀ ਕੋਈ। ਮੁਰੱਬੇ ਬੰਦੀ ਦੇ ਅਫ਼ਸਰ ਕੋਲ 'ਦਰਦੀ' ਨੇ ਉਸ ਦੀ ਅਪੀਲ ਕਰਵਾ ਦਿੱਤੀ ਤੇ ਦੋ ਸੌ ਰੁਪਿਆ ਲੈ ਕੇ ਕਹਿ ਦਿੱਤਾ ਕਿ ਜੇ ਅਪੀਲ ਨਾ ਮੰਨੀ ਗਈ ਤਾਂ ਦੋ ਸੌ ਆਪਣੀ ਜੇਬ੍ਹ ਵਿਚੋਂ ਦਿਊਂ।

ਅਪੀਲ ਦੀਆਂ ਤਰੀਕਾਂ ਪੈਂਦੀਆਂ ਰਹੀਆਂ। 'ਦਰਦੀ' ਨੇ ਛੱਜੂ ਨੂੰ ਵਿਸ਼ਵਾਸ ਦਿੱਤਾ ਹੋਇਆ ਸੀ ਕਿ ਦੋ ਸੌ ਜਦ ਅਫ਼ਸਰ ਦੀ ਜੇਬ੍ਹ ਵਿੱਚ ਪੈ ਗਿਐ ਤਾਂ ਟੱਕ ਕਿਵੇਂ ਨ੍ਹੀਂ ਲੋਟ ਹੋਊ?

ਕਚਹਿਰੀਆਂ ਦੇ ਵਿੱਚ ਹੀ 'ਬਾਰ ਰੂਮ' ਦੇ ਸਾਹਮਣੇ ਇੱਕ ਦਿਨ ਛੱਜੂ ਨੇ 'ਦਰਦੀ' ਦੇ ਗਲ ਵਿੱਚ ਸਾਫ਼ਾ ਪਾ ਕੇ ਵਟਾ ਦੇਣਾ ਸ਼ੁਰੂ ਕਰ ਦਿੱਤਾ- 'ਆਦਮੀ ਦਾ ਸਾਲੈਂ ਤਾਂ ਦੋ ਸੌ ਏਥੇ ਧਰਦੇ।'

ਛੱਜੂ ਦੀ ਅਪੀਲ ਖਾਰਜ ਹੋ ਗਈ ਸੀ।

'ਚੁੱਲ੍ਹਿਆਂ ਦੀ ਸਹੁੰ ਲੋਕੋ, ਜੇ ਏਸ ਤੋਂ ਮੈਂ ਕੁਸ ਲਿਐ।' 'ਦਰਦੀ' ਕੂਕ ਰਿਹਾ ਸੀ। ਉਸ ਦੀਆਂ ਅੱਖਾਂ ਦੇ ਆਂਡੇ ਬਾਹਰ ਨਿਕਲ ਆਏ। ਛੱਜੂ ਹੋਰ ਵਟਾ ਚਾੜ੍ਹੀਂ ਗਿਆ। ਮੁਣਸ਼ੀ ਭੱਜ ਕੇ ਆਏ। ਅਰਜ਼ੀ ਨਵੀਸ ਭੱਜ ਕੇ ਆਏ। 'ਦਰਦੀ' ਦੀ ਜਾਨ ਛੁੱਟ ਗਈ। ਇੱਕ ਪੁਲਿਸੀਏ ਨੇ ਗਲ ਹੱਥਾ ਦੇ ਕੇ ਛੱਜੂ ਨੂੰ ਮੂਹਰੇ ਲਾ ਲਿਆ।

'ਦਰਦੀ' 'ਬਾਰ ਰੂਮ' ਵਿੱਚ ਵੜ ਕੇ ਢਹੀ ਹੋਈ ਪੱਗ ਬੰਨ੍ਹ ਰਿਹਾ ਸੀ ਤੇ ਵਕੀਲ ਤਾੜੀਆਂ ਮਾਰ ਰਹੇ ਸਨ। ♦

# ਦੁਖਦੀਆਂ ਰਗਾਂ

ਇਸ ਪਿੰਡ ਵਿੱਚ ਹਾਈ ਸਕੂਲ ਹੈ। ਸਾਂਝੀ ਵਿੱਦਿਆ ਹੈ। ਇਹ ਪਿੰਡ ਇੱਕ ਛੋਟੇ ਸ਼ਹਿਰ ਵਰਗਾ ਪਿੰਡ ਹੈ। ਲੋੜੀਂਦੀ ਹਰ ਚੀਜ਼ ਏਥੋਂ ਮਿਲ ਜਾਂਦੀ ਹੈ।

ਮਾਸਟਰ ਗਿਆਨ ਸਿੰਘ ਇਸ ਸਕੂਲ ਵਿੱਚ ਅਧਿਆਪਕ ਹੈ। ਉਹ ਅਰਥ ਵਿਗਿਆਨ ਦੀ ਸੈਕੰਡ ਕਲਾਸ ਐੱਮ. ਏ. ਹੈ। ਜਦੋਂ ਉਸ ਨੇ ਨੌਕਰੀ ਲਈ ਸੀ, ਉਦੋਂ ਉਹ ਬੀ. ਏ. , ਬੀ. ਐੱਡ. ਸੀ। ਐੱਮ. ਏ. ਉਸ ਨੇ ਆਪ ਹੀ ਪ੍ਰਾਈਵੇਟ ਕੀਤੀ ਹੈ। ਉਮਰ ਉਸ ਦੀ ਹੁਣ ਤੀਹ ਸਾਲ ਹੈ।

ਕਾਲਜ ਦਾ ਲੈਕਚਰਾਰ ਲੱਗਣ ਲਈ ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ ਹੈ, ਪਰ ਲੱਗ ਨਹੀਂ ਸਕਿਆ। ਹੋਰ ਵੀ ਕਿਤੇ ਚੰਗੀ ਨੌਕਰੀ ਨਹੀਂ ਮਿਲੀ। ਹਾਨੀਸਾਰ ਉਸ ਨੇ ਅਧਿਆਪਕ ਦੀ ਨੌਕਰੀ ਨੂੰ ਹੀ ਚੰਗਾ ਸਮਝ ਲਿਆ ਹੈ।

ਉਸ ਦੀ ਤਨਖ਼ਾਹ ਬੱਸ ਐਨੀ ਕੁ ਹੈ ਕਿ ਮਹੀਨੇ ਦਾ ਗੁਜ਼ਾਰਾ ਚੰਗਾ ਵਾਹਵਾ ਹੋ ਜਾਂਦਾ ਹੈ। ਤੀਵੀਂ ਉਸ ਦੀ ਅਨਪੜ੍ਹ ਹੈ। ਘਰ ਦਾ ਕੰਮ ਕਾਰ ਸਾਰਾ ਵਧੀਆ ਕਰ ਲੈਂਦੀ ਹੈ ਤੇ ਉਹ ਸੰਤੁਸ਼ਟ ਹੈ। ਉਸ ਦੇ ਦੋ ਜਵਾਕ ਹਨ।

ਲੋੜੀਂਦੀ ਹਰ ਚੀਜ਼ ਦਾ ਭਾਅ ਵਧ ਗਿਆ ਹੈ ਤੇ ਉਹ ਹੁਣ ਆਪਣੀ ਤਨਖ਼ਾਹ ’ਤੇ ਸੰਤੁਸ਼ਟ ਨਹੀਂ। ਟਿਊਸ਼ਨ ਕਰਨ ਨੂੰ ਕਦੇ ਉਹ ਲਾਹਨਤ ਸਮਝਦਾ ਹੁੰਦਾ ਸੀ, ਪਰ ਹੁਣ ਉਸ ਨੂੰ ਟਿਊਸ਼ਨ ਕਰਨੀ ਪੈਂਦੀ ਹੈ। ਸਵੇਰੇ ਉਹ ਕੁੜੀਆਂ ਨੂੰ ਪੜ੍ਹਾਉਂਦਾ ਹੈ। ਸ਼ਾਮੀ ਉਹ ਮੁੰਡਿਆਂ ਨੂੰ ਪੜ੍ਹਾਉਂਦਾ ਹੈ। ਹੈੱਡਮਾਸਟਰ ਮੂਹਰੇ ਉਸ ਨੂੰ ਅੱਖਾਂ ਨੀਵੀਆਂ ਰੱਖਣੀਆਂ ਪੈਂਦੀਆਂ ਹਨ, ਕਿਉਂਕਿ ਉਹ ਟਿਊਸ਼ਨ ਕਰਦਾ ਹੈ। ਦੂਜੇ ਅਧਿਆਪਕਾਂ ਨਾਲ ਉਹ ਮੱਲੋ ਮੱਲੀ ਦੀ ਸਾਂਝ ਬਣਾ ਕੇ ਰੱਖਦਾ ਹੈ, ਕਿਉਂਕਿ ਉਹ ਟਿਊਸ਼ਨ ਕਰਦਾ ਹੈ। ਟਿਊਸ਼ਨ ਵਾਲੇ ਮੁੰਡੇ ਕੁੜੀਆਂ ਨੂੰ ਉੱਤੋਂ ਉੱਤੋਂ ਦੇ ਆਦਰ ਪਿਆਰ ਨਾਲ ਬੁਲਾਉਂਦਾ ਹੈ, ਕਿਉਂਕਿ ਉਨ੍ਹਾਂ ਤੋਂ ਪੈਸੇ ਲੈਣੇ ਹਨ। ਟਿਊਸ਼ਨ ਕਰਦਾ ਉਹ ਪਿੰਡ ਦੇ ਲੋਕਾਂ ਤੋਂ ਡਰਦਾ ਹੈ। ਟਿਊਸ਼ਨ ਕਰਨ ਲਈ ਉਹ ਸਵੇਰੇ ਸਵੇਰੇ ਉੱਠਦਾ ਹੈ। ਟਿਊਸ਼ਨ ਕਰਦਾ ਉਹ ਹੈੱਡਮਾਸਟਰ ਤੋਂ ਡਰਦਾ ਹੈ। ਟਿਊਸ਼ਨ ਕਰਦਾ ਉਹ ਮਹਿਕਮੇ ਤੋਂ ਡਰਦਾ ਹੈ। ਟਿਊਸ਼ਨ ਕਰਨ ਲਈ ਉਹ ਸ਼ਾਮ ਨੂੰ ਸਕੂਲੋਂ ਛੇਤੀ ਛੇਤੀ ਘਰ ਆਉਂਦਾ ਹੈ। ਮੱਥਾ ਮਾਰਦੇ ਦਾ ਉਹਦਾ ਸਿਰ ਦੁਖਦਾ ਹੈ ਤਾਂ ਉਹ ਤੱਤੀ ਤੱਤੀ ਚਾਹ ਨਾਲ ਐਸਪਰੀਨ ਖਾ ਲੈਂਦਾ ਹੈ। ਸਕੂਲ ਵਿੱਚ ਮੱਥਾ ਤੇ ਘਰ ਆ ਕੇ ਫੇਰ ਮੱਥਾ। ਟਿਊਸ਼ਨ ਕਰਕੇ ਮਹਿੰਗੇ ਯੁੱਗ ਵਿੱਚ ਉਸ ਨੂੰ ਰੋਟੀ ਕੱਪੜਾ ਵਾਹਵਾ ਮਿਲ ਜਾਂਦਾ ਹੈ, ਪਰ ਉਸ ਦੇ ਦਿਲ ਵਿੱਚ ਟਿਊਸ਼ਨ ਕਰਨ ਦਾ ਗੁਨਾਹ ਹਰ ਵੇਲੇ ਇੱਕ ਧੁੜਕੂ ਬਣਿਆ ਰਹਿੰਦਾ ਹੈ।

ਹੈੱਡਮਾਸਟਰ ਤਾਂ ਉਸ ਦਾ ਅਫ਼ਸਰ ਹੈ ਹੀ, ਪਿੰਡ ਦਾ ਸਰਪੰਚ ਵੀ ਉਸ ਤੋਂ ਸਤਿ ਸ੍ਰੀ ਅਕਾਲ ਭਾਲਦਾ ਹੈ। ਸਰਪੰਚ ਬਿਲਕੁੱਲ ਅਨਪੜ੍ਹ, ਜੁਆਨੀ ਦੀ ਉਮਰ ਵਿੱਚ ਕਈ ਵਾਰੀ ਚੋਰੀ ਦੇ ਮੁਕੱਦਮਿਆਂ ਵਿੱਚ ਕੈਦਾਂ ਕੱਟੀਆਂ ਤੇ ਚਾਰ ਪੰਜ ਸਾਲ ਹੋਏ ਉਸ ਦੀ ਕੁੜੀ ਉਸ ਦੇ ਸੀਰੀ ਨਾਲ ਹੀ ਨਿਕਲ ਗਈ ਸੀ, ਨਾ ਕੋਈ ਇੱਜ਼ਤ, ਨਾ ਮਾਣ ਤੇ ਹੁਣ ਜਦ ਉਹ ਸਰਪੰਚ ਚੁਣਿਆ ਗਿਆ, ਉਸ ਦੀ ਇੱਜ਼ਤ ਵੀ ਹੈ ਤੇ ਮਾਣ ਵੀ ਹੈ ਅਤੇ ਹੁਣ ਉਸ ਨੂੰ ਇੱਕ ਸੈਕੰਡ ਕਲਾਸ ਐੱਮ. ਏ. ਸਤਿ ਸ੍ਰੀ ਅਕਾਲ ਬੁਲਾਉਂਦਾ ਹੈ।

ਉਸ ਨੇ ਵਹੁਟੀ ਦਾ ਚਾਅ ਵੀ ਪੂਰਾ ਕਰਨਾ ਹੈ। ਉਸ ਨੇ ਜਵਾਕਾਂ ਦੀ ਰਿਹਾੜ ਵੀ ਪੂਰੀ ਕਰਨੀ ਹੈ। ਆਪ ਵੀ ਕੁਝ ਬਣ-ਠਣ ਕੇ ਰਹਿਣਾ ਹੈ-ਚੰਗੇ ਕੱਪੜੇ ਨਾ ਪਾਏ ਹੋਣ ਤਾਂ ਬੱਸ ਵਿੱਚ ਖ਼ਾਲੀ ਸੀਟ 'ਤੇ ਵੀ ਦੂਜਾ ਮਾਸਟਰ ਬੈਠਣ ਨਹੀਂ ਦਿੰਦਾ। ਰੱਜ ਕੇ ਰੋਟੀ ਵੀ ਖਾਣੀ ਹੈ। ਤੇ ਇਹ ਸਭ ਕੁਝ ਕੋਈ ਠੱਗੀ ਮਾਰ ਕੇ ਨਹੀਂ ਕਰਨਾ। ਕਿਸੇ ਤੋਂ ਰਿਸ਼ਵਤ ਨਹੀਂ ਲੈਣੀ-ਰਿਸ਼ਵਤ ਲੈਣ ਦਾ ਵਸੀਲਾ ਵੀ ਕੋਈ ਨਹੀਂ। ਇਨ੍ਹਾਂ ਸਾਰੇ ਝੰਜਟਾ ਵਿੱਚ ਉਸ ਦੀ ਤਨਖ਼ਾਹ ਵੀ ਲੱਗ ਜਾਂਦੀ ਹੈ ਤੇ ਟਿਊਸ਼ਨ ਦੀ ਕਮਾਈ ਵੀ।

ਉਸ ਦਾ ਇੱਕ ਹਮ ਜਮਾਤੀ ਲੁਧਿਆਣੇ ਗੌਰਮਿੰਟ ਕਾਲਜ ਵਿੱਚ ਪੰਜਾਬੀ ਦਾ ਲੈਕਚਰਾਰ ਹੈ। ਪਿੱਛੇ ਜਿਹੇ ਉਹ ਆਪਣੀ ਪਤਨੀ ਤੇ ਬੱਚੇ ਸਮੇਤ ਉਸ ਕੋਲ ਆ ਗਿਆ। ਦੋ ਦਿਨ ਉਹ ਉਸ ਦੇ ਕੋਲ ਠਹਿਰਿਆ। ਉਸ ਨੂੰ ਲੱਗਿਆ, ਜਿਵੇਂ ਉਸ ਦਾ ਦੋਸਤ ਕਿਸੇ ਸੂਬੇ ਦਾ ਗਵਰਨਰ ਹੋਵੇ।

ਸਾਰਾ ਮਹੀਨਾ ਉਹ ਉਧਾਰ ਲੈ-ਲੈ ਖਾਂਦਾ ਹੈ। ਇੱਕ ਤਰੀਕ ਨੂੰ ਤਨਖ਼ਾਹ ਜਦੋਂ ਮਿਲਦੀ ਹੈ ਤਾਂ ਉਹ ਸਭ ਹੱਟੀਆਂ ਦੇ ਬਿਲ ਉਤਾਰਦਾ ਹੈ। ਕਦੇ ਕਦੇ ਜੇ ਤਨਖ਼ਾਹ ਇੱਕ ਤਰੀਕ ਨੂੰ ਨਾ ਆਵੇ ਤਾਂ ਉਸ ਨੂੰ ਬਜ਼ਾਰ ਵਿੱਚ ਦੀ ਲੰਘਦੇ ਨੂੰ ਹੱਟੀਆਂ ਵਾਲੇ 'ਮਹਾਰਾਜ' ਬੁਲਾਉਂਦੇ ਹਨ। ਜਦ ਬਾਣੀਆ 'ਮਹਾਰਾਜ' ਬੁਲਾਵੇ, ਸਮਝੋ ਤੁਹਾਡੇ ਕੋਲੋਂ ਕੁਝ ਉਹ ਨੇ ਲੈਣਾ ਹੈ। ਕਿਸੇ ਮਹੀਨੇ ਜੇ ਕਿਸੇ ਹੱਟੀ ਵਾਲੇ ਦਾ ਬਿਲ ਉਤਾਰਨਾ ਰਹਿ ਜਾਵੇ ਤਾਂ ਉਸ ਦੀ ਹੱਟੀ ਮੂਹਰੇ ਦੀ ਲੰਘਣਾ ਉਸ ਨੂੰ ਦੁੱਭਰ ਹੋ ਜਾਂਦਾ ਹੈ।

ਉਹ ਜਵਾਨ ਹੈ। ਉਸ ਦੇ ਵੀ ਜਜ਼ਬੇ ਹਨ। ਉਸ ਦੇ ਅੰਦਰ ਵੀ ਕੋਈ ਅੱਗ ਹੈ। ਹੁਸਨ ਦੀ ਤਾਰੀਫ਼ ਕਰਨ ਲਈ ਉਸ ਕੋਲ ਵੀ ਦੋ ਅੱਖਾਂ ਹਨ, ਪਰ ਉਸ ਦਾ ਕੰਮ ਪੁਰਾਣੇ ਰਿਸ਼ੀਆਂ ਮੁਨੀਆਂ ਵਾਲਾ ਹੈ। ਸਕੂਲ ਵਿੱਚ ਸਾਂਝੀ ਵਿੱਦਿਆ ਹੈ। ਦਸਵੀਂ ਜਮਾਤ ਵਿੱਚ ਬੋਤਿਆਂ ਜਿੱਡੀਆਂ ਜਿੱਡੀਆਂ ਕੁੜੀਆਂ ਪੜ੍ਹਦੀਆਂ ਹਨ। ਉਨ੍ਹਾਂ ਵੱਲ ਉਹ ਕਦੇ ਅੱਖ ਭਰ ਕੇ ਨਹੀਂ ਝਾਕਿਆ। ਉਨ੍ਹਾਂ ਤੋਂ ਦਸ ਬਾਰ੍ਹਾਂ ਸਾਲ ਕੇਵਲ ਵੱਡਾ ਹੋ ਕੇ ਉਨ੍ਹਾਂ ਨੂੰ ਉਹ 'ਬੇਟਾ' 'ਬੇਟਾ' ਕਰਦਾ ਰਹਿੰਦਾ ਹੈ। ਡਰਦਾ ਹੈ, ਤ੍ਰਹਿੰਦਾ ਹੈ ਕਿ ਕਦੇ ਜੇ ਕੋਈ ਐਸੀ ਵੈਸੀ ਗੱਲ ਹੋ ਗਈ ਤਾਂ ਪੱਟਿਆ ਜਾਵਾਂਗਾ ਤੇ ਉਹ ਤੀਹ ਸਾਲ ਦਾ ਹੋ ਕੇ ਵੀ ਪੰਜਾਹ ਸਾਲ ਦਾ ਬਣ ਕੇ ਰਹਿੰਦਾ ਹੈ, ਮਾਨਸਿਕ ਤੌਰ 'ਤੇ ਵੀ ਉਹ ਸਰੀਰਕ ਉਮਰ ਨਾਲੋਂ ਵੱਡਾ ਬਣਦਾ ਜਾ ਰਿਹਾ ਹੈ। ਭਾਵੇਂ ਉਸ ਦੀ ਨੀਅਤ ਮਾੜੀ ਨਹੀਂ, ਪਰ ਲੋਕਾਂ ਸਾਹਮਣੇ ਉਸ ਨੂੰ ਬਜ਼ੁਰਗਾਂ ਵਾਲਾ ਖੋਲ ਚਾੜ੍ਹਨਾ ਹੀ ਪੈਂਦਾ ਹੈ।

ਪਿੰਡ ਦੇ ਲੋਕਾਂ ਵਿੱਚ ਉਸ ਦੀ ਕੋਈ ਵਿਸ਼ੇਸ਼ ਥਾਂ ਨਹੀਂ। ਜੇ ਉਹ ਬਹੁਤਾ ਪੜ੍ਹਿਆ ਹੈ ਤਾਂ ਪੜ੍ਹਿਆ ਹੋਵੇਗਾ, ਆਪਣੇ ਘਰ ਨੂੰ। ਜੇ ਉਹ ਲੋਕਾਂ ਦੇ ਬੱਚਿਆਂ ਨੂੰ ਜਾਨ ਮਾਰ ਕੇ

ਪੜ੍ਹਾਉਂਦਾ ਹੈ ਤਾਂ ਸਰਕਾਰ ਤੋਂ ਤਨਖ਼ਾਹ ਲੈਂਦਾ ਹੈ। ਫਿਰ ਉਸ ਦੀ ਆਓ ਭਗਤ ਕਾਹਦੀ? ਆਓ ਭਗਤ ਤਾਂ ਉਸ ਦੀ ਹੁੰਦੀ ਹੈ, ਜਿਸ ਦਾ ਕੋਈ ਰੋਬ੍ਹ ਹੋਵੇ। ਮਾਸਟਰ ਤੋਂ ਕਿਸੇ ਨੇ ਵੀ ਲੈਣਾ ਹੈ। ਉਸ ਨਾਲੋਂ ਤਾ ਪਟਵਾਰੀ, ਥਾਣੇਦਾਰ ਤੇ ਉਸ ਦਾ ਹੌਲਦਾਰ, ਬਿਜਲੀ ਮਹਿਕਮੇ ਦੇ ਕਰਮਚਾਰੀ ਤੇ ਬੀ. ਡੀ. ਓ ਦਫ਼ਤਰ ਦੇ ਕਰਿੰਦੇ ਬਹੁਤੀ ਮਹੱਤਤਾ ਰੱਖਦੇ ਹਨ।

ਇਮਤਿਹਾਨਾਂ ਤੋਂ ਇੱਕ ਮਹੀਨਾ ਪਹਿਲਾਂ ਵਿਦਿਆਰਥੀਆਂ ਦੇ ਮਾਪੇ ਉਸ ਨੂੰ 'ਮਹਾਰਾਜ' ਬੁਲਾਉਣੀ ਸ਼ੁਰੂ ਕਰ ਦਿੰਦੇ ਹਨ ਤੇ ਜਦੋਂ ਇਮਤਿਹਾਨਾਂ ਦੇ ਨਤੀਜੇ ਨਿਕਲ ਜਾਣ, ਉਹ 'ਮਹਾਰਾਜ' ਓਦੋਂ ਹੀ ਬੰਦ ਹੋ ਜਾਂਦੀ ਹੈ।

ਕਿਸੇ ਸ਼ਰਾਰਤੀ ਜਾਂ ਪੜ੍ਹਾਈ ਦਾ ਕੰਮ ਨਾ ਕਰਨ ਵਾਲੇ ਮੁੰਡੇ ਦੇ ਜੇ ਕਦੇ ਉਹ ਲੱਪੜ ਮਾਰ ਬੈਠੇ ਤਾਂ ਉਸ ਮੁੰਡੇ ਦਾ ਪਿਓ ਭਖਿਆ ਭਖਾਇਆ ਸਕੂਲ ਵਿੱਚ ਅਫ਼ਸਰ ਬਣ ਕੇ ਆ ਜਾਂਦਾ ਹੈ ਤੇ ਗਿਆਨ ਸਿੰਘ ਮੁਜਰਮ ਵਾਂਗ ਉਸ ਮੂਹਰੇ ਬਿਆਨ ਦਿੰਦਾ ਹੈ।

ਗਿਆਨ ਸਿੰਘ ਦੁਖੀ ਹੈ ਕਿ ਰਿਸ਼ੀਆਂ ਮੁਨੀਆਂ ਵਾਲੇ ਇਸ ਕਿੱਤੇ ਵਿੱਚ ਐਨੀ ਤਪੱਸਿਆਂ ਹੋਰ ਕਦੋਂ ਤੱਕ ਅਸੀਂ ਕਰਦੇ ਰਹਾਂਗੇ। ♦

# ਗੱਜਣ ਸਿੰਘ

'ਜੇ ਬੁੜ੍ਹੇ ਦਾ ਹਕਾਮਾ ਈ ਨਾ ਹੋਵੇ ਤਾਂ ਜਹੇ ਜੇ ਫੁੱਲ ਗੰਗਾ ਜਾ ਕੇ ਪਾ 'ਤੇ, ਜਹੇ ਜੇ ਰਜਾਦੀਆਨੇ ਟੋਭੇ 'ਚ ਤੇਰ 'ਤੇ। ਗੱਜਣ ਸਿੰਘ ਨੇ ਆਉਂਦਿਆਂ ਹੀ ਰੋਜ਼ ਵਾਂਗ ਪਾਡੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਫੇਰ ਦੱਸਿਆ– 'ਮੈਂ ਆਪਣੇ ਪਿਓ ਦਾ ਹਕਾਮਾ ਕੀਤਾ, ਪੂਰਾ ਹਜ਼ਾਰ ਲਾ 'ਤਾ। ਹਜ਼ਾਰ ਤਾਂ ਠੀਕਰੀਆਂ ਮਸ੍ਹਾਂ ਕੱਠੀਆਂ ਹੁੰਦੀਆਂ ਨੇ। ਘਰ-ਘਰ ਪਤਾ ਲੱਗ ਗਿਆ, ਬਈ ਗੱਜਣ ਦਾ ਪਿਓ ਮਰਿਐ।'

ਇਸ ਤਰ੍ਹਾਂ ਹੀ ਕਈ ਗੱਲਾਂ ਉਹ ਆਪਣੇ ਪਿਓ ਦੇ ਹਕਾਮੇ ਦੀਆਂ ਕਰਦਾ ਰਿਹਾ– ਕਿੰਨੇ ਲੱਡੂ ਪੱਕੇ, ਕਿੰਨੇ ਕੜਾਹੇ ਚੌਲਾਂ ਦੇ ਨਿਕਲੇ ਤੇ ਗਦੌੜੇ ਲਈ ਕਿੰਨੇ ਮਣ ਖੰਡ ਲੱਗੀ।

ਗੱਜਣ ਸਿੰਘ ਦੇ ਗਵਾਂਢ ਵਿੱਚ ਹੀ ਮੈਨੂੰ ਰਹਿੰਦੇ ਨੂੰ ਦੋ ਸਾਲ ਹੋ ਗਏ ਸਨ। ਉਹ ਦੇ ਕੋਲ ਦਸ ਘੁਮਾਂ ਜ਼ਮੀਨ ਸੀ। ਵਾਹੀ ਉਹ ਆਪ ਨਹੀਂ ਸੀ ਕਰਦਾ। ਹਿੱਸੇ 'ਤੇ ਜਾਂ ਠੇਕੇ 'ਤੇ ਕਿਸੇ ਹੋਰ ਨੂੰ ਹਰ ਸਾਲ ਦੇ ਛੱਡਦਾ ਸੀ। ਉਸ ਦਾ ਇੱਕੋ ਇੱਕ ਮੁੰਡਾ ਸੀ, ਜਿਹੜਾ ਬੀ. ਏ. ਤੱਕ ਪੜ੍ਹ ਗਿਆ ਸੀ ਤੇ ਹੁਣ ਬੀ. ਐੱਡ ਕਰਕੇ ਮਾਸਟਰ ਵੀ ਲੱਗ ਗਿਆ ਸੀ। ਮੁੰਡਾ ਵਿਆਹਿਆ ਗਿਆ ਸੀ। ਮਹਿੰਗਾਈ ਕਰਕੇ ਉਸ ਦਾ ਆਪਣਾ ਢਿੱਡ ਮਸ੍ਹਾਂ ਪੂਰਾ ਹੁੰਦਾ ਸੀ। ਨਵਾਂ ਨਵਾਂ ਵਿਆਹ। ਮੁੰਡੇ ਕੋਲ ਪਹੁੰਚ ਹੀ ਨਹੀਂ ਸੀ ਕਿ ਆਪਣੇ ਪਿਓ ਨੂੰ ਵੀ ਕੁਝ ਭੇਜ ਸਕੇ। ਆਪਣੇ ਪਿਓ ਦੀਆਂ ਫੜ੍ਹਾਂ ਤੇ ਚੱਕਵੇਂ ਖ਼ਰਚ ਤੋਂ ਖਿਝ ਕੇ ਉਹ ਕਦੇ ਕਦੇ ਹੀ ਪਿੰਡ ਆਉਂਦਾ। ਐਡੀ ਦੂਰੋਂ ਆਉਣਾ ਕਿਹੜਾ ਸੌਖੀ ਗੱਲ ਸੀ। ਇੱਕ ਵਾਰੀ ਆਉਣ ਨਾਲ ਪੰਜ ਰੁਪਈਆਂ ਨੂੰ ਥੁੱਕ ਲੱਗ ਜਾਂਦਾ ਸੀ।

ਗੱਜਣ ਸਿੰਘ ਦੀ ਉਮਰ ਉਸ ਵੇਲੇ ਸੱਠ ਸਾਲ ਨੂੰ ਟੱਪੀ ਹੋਈ ਸੀ। ਪੰਦਰਾਂ ਵੀਹ ਸਾਲ ਤੋਂ ਉਹ ਫ਼ੀਮ ਦਾ ਆਦੀ ਸੀ। ਭਾਵੇਂ ਸਰਕਾਰੀ ਤੌਰ 'ਤੇ ਫ਼ੀਮ ਦੀ ਉਦੋਂ ਮਨਾਹੀ ਸੀ, ਪਰ ਉਹ ਤਿੰਨ ਤੋਲੇ ਆਪਣਾ ਮਹੀਨੇ ਦਾ ਖ਼ਰਚ ਕਿਤੋਂ ਨਾ ਕਿਤੋਂ ਪੂਰਾ ਕਰ ਹੀ ਲੈਂਦਾ। ਮੁੰਡਾ ਕਦੇ ਜੇ ਪਿੰਡ ਆਉਂਦਾ ਤਾਂ ਬਾਪੂ ਨੂੰ ਸਮਝਾਉਣ ਲੱਗਦਾ– 'ਬਾਪੂ, ਜ਼ਮਾਨਾ ਬਹੁਤ ਮਾੜਾ ਆ ਗਿਆ। ਮੇਰੇ ਕੰਨੀਂ ਵੀ ਕੁਸ਼ ਸੋਚ।' ਤਾਂ ਗੱਜਣ ਚਾਰੇ ਪੈਰ ਚੁੱਕ ਕੇ ਉਸ 'ਤੇ ਵਰ੍ਹ ਪੈਂਦਾ– 'ਓਏ, ਮੈਂ ਤੈਨੂੰ ਕੋਈ ਬਦਨਾਮੀ ਤਾਂ ਨ੍ਹੀਂ ਖੱਟ 'ਤੀ। ਤੈਨੂੰ ਪੜ੍ਹਾ 'ਤਾ, ਵਿਆਹ 'ਤਾ, ਹੁਣ ਤੂੰ ਮੈਨੂੰ ਮੱਤਾ ਦੇਣ 'ਆਲਾ ਆ ਗਿਆ। ਮੈਂ ਤੈਨੂੰ ਜੰਮਿਐ ਕਿ ਤੂੰ ਮੈਨੂੰ ਜੰਮਿਐ?' ਮੁੰਡਾ ਚੁੱਪ ਵੱਟ ਲੈਂਦਾ, ਸ਼ਾਇਦ ਇਹ ਸੋਚ ਕੇ ਬੁੜ੍ਹਾ ਕਦੇ ਤਾਂ ਮਰੇਗਾ ਹੀ।

ਕਈ ਦਿਨਾਂ ਪਿੱਛੋਂ ਫੇਰ ਗੱਜਣ ਸਿੰਘ ਮੇਰੀ ਬੈਠਕ ਵਿੱਚ ਆ ਬੈਠਾ। ਐਧਰ ਓਧਰ ਦੀਆਂ ਗੱਲਾਂ ਕਰਕੇ ਉਸ ਨੇ ਫੇਰ ਆਪਣੀ ਗੱਲ ਛੇੜ ਦਿੱਤੀ– 'ਹੁਣ ਕੁੜੀਆਂ ਦੇ ਵਿਆਹ ਕਾਹਦੇ ਨੇ–ਗੁੱਡੇ ਗੁੱਡੀ ਦਾ ਵਿਆਹ ਸਮਝੋਂ ਮੈਂ ਆਪਣੀ ਕੁੜੀ ਦੀ ਜੰਨ ਚੌਥੇ ਦਿਨ ਤੋਰੀ ਸੀ। ਪ੍ਰਾਹਣੇ ਨੂੰ ਕੰਠਾ ਤੇ ਕੁੜੀ ਨੂੰ ਮਹਿੰ ਦਿੱਤੀ ਸੀ, ਦਾਜ 'ਚ ਹਥਨੀ ਅਰਗੀ।'

ਗੱਜਣ ਸਿੰਘ ਐਡਾ ਵੱਡਾ ਅਜੇ ਨਹੀਂ ਸੀ ਹੋਇਆ। ਪਰ ਅਫ਼ੀਮ ਨੇ ਉਸ ਦੇ ਹੱਡ ਚਰ ਲਏ ਸਨ। ਸੱਠ ਸਾਲ ਦੀ ਉਮਰ ਵਿੱਚ ਹੀ ਉਸ ਦਾ ਸਰੀਰ ਅੱਸੀ–ਨੱਬੇ ਸਾਲ ਦਾ ਲੱਗਦਾ ਸੀ। ਉਸ ਨੂੰ ਸਾਹ ਦੀ ਕਸਰ ਵੀ ਸੀ। ਸਾਹ ਵਾਲੇ ਬੰਦੇ ਦੀ ਸਾਹ ਚੜ੍ਹ ਕੇ ਭਾਵੇਂ ਹੁਣ ਜਾਨ ਨਿਕਲ ਜਾਵੇ। ਉਹ ਦਿਨੋਂ ਦਿਨ ਖਿਵਦਾ ਗਿਆ।

ਇੱਕ ਦਿਨ ਗੱਜਣ ਆਉਂਦਾ ਹੀ ਮਗਜਾਟ ਮਾਰਨ ਲੱਗ ਪਿਆ– 'ਜਗਰਾਜ ਤਾਂ ਮਿੱਟੀ ਐ ਨਿਰਾ। ਕਹਿੰਦਾ, ਬਦਲੀ ਨ੍ਹੀਂ ਹੁੰਦੀ। ਮੈਂ ਜਾਵਾਂ ਤਾਂ ਅਫ਼ਸਰਾਂ ਦਾ ਭਘਾਟ ਪਾ ਦਿਆਂ। ਬਹੁਤ ਵਰ੍ਹੇ ਹੋ 'ਗੇ–ਆਪਣੇ ਖੇਤ 'ਚ ਮੋਘੀ ਲੱਗਣੀ ਸੀ, ਕੱਸੀ 'ਚੋਂ। ਜਦੋਂ ਮੈਂ ਜਾਵਾਂ, ਅਫ਼ਸਰ ਮੂੰਹ ਫੇਰ ਲੈਣ। ਚੁੱਪ ਕਰਕੇ ਇੱਕ ਦਿਨ ਸੌ ਦਾ ਨੋਟ ਮੈਂ ਸਾਹਬ ਦੀ ਜੇਬ੍ਹ 'ਚ ਪਾ 'ਤਾ, ਫੇਰ ਤਾਂ ਓਵਰਸੀਰ ਸਾਲਾਂ ਨੜੇ ਆਂਗੂੰ ਉਧੜਦਾ ਫਿਰੇ। ਚੌਥੇ ਦਿਨ ਮੋਘੀ ਲਾ 'ਤੀ।'

ਪਸ਼ੂ ਲੈਣ ਦੇਣ ਵਿੱਚ ਉਹ ਭੋਰਾ ਸਮਝ ਨਹੀਂ ਸੀ ਵਰਤਦਾ। ਛੀ ਸੌ ਦੀ ਲਵੇਰੀ ਮਹਿੰ ਲੈਂਦਾ, ਤੋਕੜ ਹੋ ਜਾਂਦੀ ਤਾਂ ਤਿੰਨ ਸੌ ਵਿੱਚ ਨਵੇਂ ਦੁੱਧ ਹੋਈ ਵਈ ਵੀ ਵੇਚ ਦਿੰਦਾ। ਉਸੇ ਤਿੰਨ ਸੌ ਵਿੱਚ ਚਾਰ ਸੇਰ ਦੁੱਧ ਵਾਲੀ ਗਾਂ ਲੈ ਲੈਂਦਾ। ਮਨ ਵਿੱਚ ਖਰੂਦ ਉੱਠਦਾ ਤਾਂ ਓਹੀਂ ਗਾਂ ਦੂਜੇ ਮਹੀਨੇ ਵੱਟੇ ਵਿੱਚ ਦੇ ਕੇ ਸੱਜਰ ਸੂਈ ਮਹਿੰ ਲੈ ਲੈਂਦਾ ਤੇ ਚਾਰ ਸੌ ਰੁਪਿਆਂ ਆਪਣੇ ਨਾਉਂ ਬਿਆਜੂ ਲਿਖਵਾ ਲੈਂਦਾ। ਕਦੇ ਕਦੇ ਇਹੋ ਜਿਹੇ ਸੌਦੇ ਵਿੱਚ ਇਹੋ ਜਿਹੀ ਮਹਿੰ ਫੰਡਰ ਹੀ ਨਿਕਲ ਜਾਂਦੀ।

ਸਰੀਰਕ ਤੌਰ 'ਤੇ ਗੱਜਣ ਸਿੰਘ ਦਿਨੋਂ ਦਿਨ ਕਮਜ਼ੋਰ ਹੁੰਦਾ ਗਿਆ। ਹੁਣ ਉਸ ਤੋਂ ਤੁਰਿਆ ਮਸ੍ਹਾਂ ਜਾਂਦਾ ਸੀ। ਖੰਘ ਨੇ ਵੀ ਜ਼ੋਰ ਪਾ ਲਿਆ। ਫ਼ੀਮ ਵੀ ਚੰਗੀ ਨਹੀਂ ਸੀ ਮਿਲਦੀ। 'ਹੁਣ ਫ਼ੀਮਾਂ ਕਿੱਥੇ ਨੇ, ਕੀੜਿਆਂ ਦਾ ਗੂੰਹ ਐ' ਕਈ ਵਾਰ ਉਹ ਕਹਿੰਦਾ ਹੁੰਦਾ।

ਦੋ ਮਹੀਨੇ ਲੰਘ ਗਏ, ਹੁਣ ਕਦੇ ਗੱਜਣ ਮੇਰੇ ਕੋਲ ਨਹੀਂ ਸੀ ਆਇਆ। ਸੁਣਿਆ ਕਿ ਗੱਜਣ ਬੁੜ੍ਹਾ ਬਿਮਾਰ ਐ ਬਹੁਤ। ਫੇਰ ਸੁਣਿਆ ਇੱਕ ਦਿਨ ਕਿ ਗੱਜਣ ਸਿੰਘ ਨੂੰ ਅੱਜ ਭੁੰਜੇ ਲਾਹ ਲਿਆ ਹੈ। ਮੈਂ ਝੱਟ ਦੇ ਕੇ ਉਨ੍ਹਾਂ ਦੇ ਘਰ ਗਿਆ। ਜਗਰਾਜ ਵੀ ਮੌਕੇ 'ਤੇ ਆ ਗਿਆ ਸੀ। ਮੈਂ ਆਪਣੇ ਕੰਮਾਂ ਕਾਰਾਂ ਵਿੱਚ ਰੁਝਿਆਂ ਪਹਿਲਾਂ ਕਦੇ ਗੱਜਣ ਸਿੰਘ ਦੇ ਘਰ ਮਸ੍ਹਾਂ ਆਉਂਦਾ ਸਾਂ–ਭਾਵੇਂ ਘਰ ਗਵਾਂਢ ਵਿੱਚ ਹੀ ਸੀ। ਉਹ ਆਪ ਹੀ ਤਾਂ ਪਹਿਲਾਂ ਮੈਨੂੰ ਮਿਲ ਜਾਂਦਾ ਸੀ, ਇਸ ਕਰਕੇ ਸ਼ਾਇਦ ਕਿ ਉਸ ਦਾ ਮੁੰਡਾ ਜਗਰਾਜ ਮੇਰਾ ਜਾਣਕਾਰ ਸੀ। ਬੁੜ੍ਹੇ ਆਪਣੇ ਮੁੰਡਿਆਂ ਦੀਆਂ ਚੁਗਲੀਆਂ ਉਨ੍ਹਾਂ ਦੇ ਦੋਸਤਾਂ ਕੋਲ ਕਰਕੇ ਬਹੁਤ ਰਾਜ਼ੀ ਹੁੰਦੇ ਨੇ।

ਗੱਜਣ ਸਿੰਘ ਭੁੰਜੇ ਲਾਹਿਆ ਹੋਇਆ ਸੀ। ਉਸ ਵਿੱਚ ਕੋਈ ਕੋਈ ਸਾਹ ਸੀ। ਜਗਰਾਜ ਉਸ ਦੀ ਮਾਂ ਤੇ ਵਹੁਟੀ ਕੋਲ ਬੈਠੇ ਸਨ, ਚੁੱਪ ਕਰੇ, ਜਿਵੇਂ ਪੂਰੇ ਸਾਹ ਨਿਕਲਣ

’ਤੇ ਹੀ ਰੋਣ ਲੱਗਣਗੇ। ਗਵਾਂਢ ਵਿਚੋਂ ਵੀ ਚਾਰ ਪੰਜ ਬੁੜ੍ਹੀਆਂ ਤੇ ਕੁਝ ਬੰਦੇ ਆ ਗਏ। ਅਗਵਾੜ ਸਾਰੇ ਵਿੱਚ ਫੇਰ ਪਿੰਡ ’ਚ ਵੀ ਮੂੰਹੋ ਮੂੰਹ ਇਕਦਮ ਗੱਲ ਹੋ ਗਈ ਕਿ ਗੱਜਣ ਸਿੰਘ ਭੁੰਜੇ ਲਾਇਆ ਹੋਇਐ।

ਕੁਝ ਬੰਦੇ ਹੋਰ ਵੀ ਆ ਗਏ। ਇੱਕ ਬੰਦਾ ਜਿਸ ਦੇ ਤੇੜ ਚਿੱਟੀ ਮੈਲੀ ਟੰਗਵੀ ਧੋਤੀ ਬੰਨ੍ਹੀ ਹੋਈ ਸੀ, ਦਾੜ੍ਹੀ ਕੱਟੀ ਹੋਈ ਸੀ ਤੇ ਸਿਰ ’ਤੇ ਪੱਗ , ਆਉਣ ਸਾਰ ਪੁੱਛਣ ਲੱਗਾ– ‘ਅਜੇ ਸਾਹ ਹੈਗੇ ਐ?’ ਮੈਂ ਉਸ ਨੂੰ ਦੱਸਿਆ ਕਿ ਇਹ ਤਾਂ ਕਦੋਂ ਦਾ ਪੂਰਾ ਹੋ ਗਿਆ। ਉਹ ਬੰਦਾ ਚੁੱਪ ਕਰਕੇ ਜਗਰਾਜ ਨੂੰ ਮੋਢਿਓਂ ਫੜ ਕੇ ਇੱਕ ਖੂੰਜੇ ਲੈ ਗਿਆ ਤੇ ਬੱਚਿਆਂ ਵਾਂਗ ਸਮਝਾਇਆ– ‘ਦੇਖ ਭਾਈ ਜਗਰਾਜ ਸਿਆਂ, ਤੇਰੇ ਬਾਪੂ ਨੂੰ ਛੀ ਮਹੀਨੇ ਹੋ ’ਗੇ, ਨਾਮਾ ਕਰਨ ਖਾਤਰ ਕਹਿੰਦਿਆਂ ਨੂੰ, ਪਰ ਉਸ ਤੋਂ ਆਇਆ ਨ੍ਹੀਂ ਗਿਆ। ਬਿਮਾਰ ਬਹੁਤ ਰਿਹਾ ਵਿਚਾਰਾ। ਬੁੜ੍ਹੇ ਦੇ ਹਕਾਮੇ ਵੇਲੇ ਪੈਸੇ ਲਏ ਸੀ। ਹੁਣ ਡੂਢ ਹਜ਼ਾਰ ਦਾ ਨਾਮਾ ਹੋ ਗਿਆ। ਆਥਣੇ ਹੱਟ ’ਤੇ ਆਜੀਂ ਤੂੰ ਜ਼ਰੂਰ।’

ਉਸ ਤੋਂ ਮੋਢਾ ਛੁਡਾ ਕੇ ਜਗਰਾਜ ਬਾਪੂ ਦੀ ਲੋਥ ਵੱਲ ਆਇਆ ਤਾਂ ਇੱਕ ਹੋਰ ਬੰਦੇ ਨੇ ਉੱਠ ਕੇ ਕੰਨ ਵਿੱਚ ਆਖਿਆ– ‘ਜਗਰਾਜ ਭਾਈ, ਬੁੜ੍ਹੇ ਨੇ ਕੁੜੀ ਦੇ ਵਿਆਹ ਵੇਲੇ ਦੋ ਹਜ਼ਾਰ ਲਿਆ ਸੀ, ਬਿਆਜੂ। ਜਾਦ ਰੱਖੀਂ। ਬਹੀ ਮੇਰੇ ਕੋਲ ਐ, ਦੇਖਣੀ ਐ ਤਾਂ।’ ਜਗਰਾਜ ਦੇ ਦਿਮਾਗ਼ ਵਿੱਚ ਹਥੌੜੇ ਦੀਆਂ ਸੱਟਾਂ ਵੱਜ ਰਹੀਆਂ ਸਨ।

ਗੱਜਣ ਦੀ ਅਰਥੀ ਅਜੇ ਚੁੱਕੀ ਨਹੀਂ ਸੀ ਕਿ ਤੀਜੇ ਬੰਦੇ ਨੇ ਜਗਰਾਜ ਨੂੰ ਆ ਕੇ ਆਖਿਆ– ‘ਬਹੁਤ ਦੁੱਖ ਭੋਗਿਆ ਵਿਚਾਰੇ ਨੇ। ਚੰਗਾ ਇਹ ਵੀ ਐਨੀ ਈ ਲਿਖੀ ਸੀ। ਜਗਰਾਜ, ਵੇਲਾ ਭਾਵੇਂ ਗੱਲ ਕਰਨ ਦਾ ਨਹੀਂ, ਪਰ ਕੀਤੀ ਈ ਚੰਗੀ ਹੁੰਦੀ ਐ। ਨਾਲੇ ਗੱਲ ਕੰਨ ’ਚ ਕਰਨ ਆਲੀ ਐ। ਬੁੜ੍ਹੇ ਕੰਨੀਂ ਪੰਜਾਹ ਰੁਪਈਏ ਫ਼ੀਮ ਦੇ ਰਹਿੰਦੇ ਨੇ।’

ਜਗਰਾਜ ਦੀਆਂ ਅੱਖਾਂ ਵਿੱਚ ਅੱਥਰੂ ਸੁੱਕ ਗਏ। ਉਸ ਨੂੰ ਲੱਗਿਆ, ਜਿਵੇਂ ਧਰਮਰਾਜ ਦੇ ਜਮਦੂਤਾਂ ਨਾਲੋਂ ਤਕੜੇ ਇਹ ਤਿੰਨ ਜਮ ਉਸ ਦੇ ਬਾਪੂ ਨੂੰ ਮਰਨ ਨਹੀਂ ਦੇਣਾ ਚਾਹੁੰਦੇ। ♦

# ਨਿੱਕਾ ਸੁਨਿਆਰ

ਨਾਲ ਦੇ ਪਿੰਡ ਰਹਿ ਕੇ ਹੁਣ ਨਿੱਕਾ ਰਾਮ ਕੰਮ ਕਰਦਾ ਹੈ। ਇਹ ਪਿੰਡ ਸਾਡੇ ਪਿੰਡ ਤੋਂ ਤਿੰਨ ਚਾਰ ਮੀਲ ਹੀ ਹੈ। ਇਸ ਪਿੰਡ ਮੈਂ ਵੀ ਕਦੇ ਕਦੇ ਆਪਣੇ ਕੰਮ ਜਾਂਦਾ ਹਾਂ।

ਨਿੱਕਾ ਰਾਮ ਦਾ ਘਰ ਸਾਡੇ ਗਵਾਂਢ ਵਿੱਚ ਹੀ ਹੈ। ਉਨ੍ਹਾਂ ਦੇ ਘਰਦਿਆਂ ਨੂੰ ਪਤਾ ਨਹੀਂ ਕਿਵੇਂ ਸੋਅ ਹੋ ਗਈ ਕਿ ਅੱਜ ਮੈਂ ਉਸ ਪਿੰਡ ਜਾਣਾ ਹੈ। ਉਨ੍ਹਾਂ ਦਾ ਇੱਕ ਬਾਰ੍ਹਾਂ ਤੇਰਾਂ ਸਾਲ ਦਾ ਮੁੰਡਾ ਇੱਕ ਚਿੱਠੀ ਫੜਾ ਕੇ ਮੈਨੂੰ ਕਹਿਣ ਲੱਗਾ– 'ਚਾਚਾ, ਆਹ ਚਿੱਠੀ ਮੇਰੇ ਬਾਈ (ਪਿਤਾ) ਨੂੰ ਫੜਾ ਦੀ ਜ਼ਰੂਰ। ਉਹ ਓਥੇ ਈ ਰਹਿੰਦੇ।' ਚਿੱਠੀ ਦਾ ਕਾਗਜ਼ ਉਸ ਮੁੰਡੇ ਨੇ ਆਪਣੀ ਰਫ਼ ਕਾਪੀ ਵਿੱਚੋਂ ਪਾੜਿਆ ਹੋਇਆ ਲੱਗਦਾ ਸੀ–ਅੱਧਾ ਵਰਕਾ, ਘਸਮੈਲ਼ਾ ਜਿਹਾ। ਮੁੰਡਾ ਤਾਂ ਐਨੀ ਗੱਲ ਕਹਿ ਕੇ ਚਲਿਆ ਗਿਆ। ਮੈਂ ਚਿੱਠੀ ਗ਼ੌਰ ਨਾਲ ਦੇਖੀ। ਲਿਖਿਆ ਸੀ–

'ਛੋਟੀ ਮਾਊਂ ਤਾਂ ਗਈ ਤੈਨੂੰ 'ਡੀਕ ਡੀਕ'। ਜੇ ਆਪ ਨੀ ਆਉਣਾ ਤਾਂ ਕੁਸ ਪੈਸੇ ਭੇਜ ਦੇ। ਘਰੇ ਨਾ ਗੁੜ ਐ, ਨਾ ਚਾਹ ਤੇ ਨਾ ਆਟਾ। ਮੁੰਡਾ ਕਾਪੀਆਂ ਕਿਤਾਬਾਂ ਕੰਨੀਓਂ ਬੈਠੇ।'

ਇਹ ਕਾਗਜ਼ੀ ਓਸੇ ਮੁੰਡੇ ਦੀ ਲਿਖੀ ਲੱਗਦੀ ਸੀ, ਪਰ ਉਸ ਦੀ ਮਾਂ ਵੱਲੋਂ।

ਚਿੱਠੀ ਮੈਂ ਜੇਬ੍ਹ ਵਿੱਚ ਪਾ ਲਈ ਤੇ ਸਾਈਕਲ ਚੁੱਕ ਕੇ ਤੁਰ ਪਿਆ। ਰਾਹ ਵਿੱਚ ਕਈ ਗੱਲਾਂ ਮੇਰੇ ਦਿਮਾਗ ਨੂੰ ਟਕਰਾਉਂਦੀਆਂ ਰਹੀਆਂ। ਮੇਰੇ ਆਪਣੇ ਕੰਮਾਂ ਦੇ ਧੁੰਦਲੇ ਜਿਹੇ ਵਿਚਾਰ ਨਾਲ ਹੀ ਫੱਟ ਨਿੱਕਾ ਰਾਮ ਦਾ ਖਿਆਲ ਮੇਰੇ ਮੱਥੇ ਨਾਲ ਆ ਵੱਜਦਾ।

ਜਦ ਮੈਂ ਛੋਟਾ ਜਿਹਾ ਸੀ, ਉਸ ਵੇਲੇ ਨਿੱਕਾ ਰਾਮ ਸੁਨਿਆਰ ਦਾ ਘਰ ਸਾਰੇ ਪਿੰਡ ਵਿੱਚ ਖੱਬੀਖਾਨ ਸਮਝਿਆ ਜਾਂਦਾ ਸੀ। ਸਾਰੇ ਪਿੰਡ ਦੀਆਂ ਟੂਮਾਂ ਉਨ੍ਹਾਂ ਦੇ ਪਹਾਰੇ 'ਤੇ ਬਣਦੀਆਂ। ਉਸ ਨੇ ਲਵੇ ਲੌਂਣੇ ਦੇ ਕਈ ਹੋਰ ਸੁਨਿਆਰ ਨੌਕਰ ਰੱਖੇ ਹੋਏ ਸਨ, ਜਿਹੜੇ ਤਨਖ਼ਾਹ ਲੈ ਕੇ ਉਸ ਦੀਆਂ ਟੂਮਾਂ ਘੜਦੇ। ਪਿੰਡ ਸਾਰੇ ਵਿੱਚ ਹੀ ਉਸ ਦੀ ਸ਼ਾਹਾਂ ਵਰਗੀ ਹੁੱਬ ਸੀ। ਸਤਿਕਾਰ ਵਜੋਂ ਉਸ ਦਾ ਕੋਈ ਨਾਂ ਨਹੀਂ ਸੀ ਲੈਂਦਾ ਤੇ ਸਾਰੇ ਉਸ ਨੂੰ 'ਸੋਨੀ ਭਗਤ' ਕਹਿ ਕੇ ਬੁਲਾਉਂਦੇ। ਉਹ ਬੰਦਾ ਐਸ਼ੀ ਵੀ ਬੜਾ ਸੀ। ਆਥਣ ਨੂੰ ਕੰਮ ਤੋਂ ਬਾਅਦ ਦੋ ਤਿੰਨ ਬੋਤਲਾਂ ਦੇ ਡਾਟ ਖੁੱਲ੍ਹ ਜਾਂਦੇ ਤੇ ਦੂਜੇ ਤੀਜੇ ਦਿਨ ਮੁਰਗਾ, ਬੱਕਰਾਂ ਜਾਂ ਤਿੱਤਰ ਵੀ ਬਣਦਾ। ਮੀਟ ਵਾਸਤੇ ਮਸਾਲਾ ਰਗੜਨ ਦੀ ਆਵਾਜ਼ ਸਾਡੇ ਘਰ ਤੀਕ ਸੁਣਦੀ ਹੁੰਦੀ। ਲੋਕ ਗੀਤ ਦੀ ਇਹ ਤੁੱਕ ਠੀਕ ਹੀ ਢੁਕਦੀ ਸੀ– 'ਗਹਾਂ ਘਰ ਸੁਨਿਆਰਾਂ ਦਾ, ਜਿੱਥੇ ਕੂੰਡਾ ਘੋਟਣਾ ਖੜਕੇ।'

ਹੌਲੀ ਹੌਲੀ ਜ਼ਮਾਨਾ ਬਦਲਦਾ ਗਿਆ। ਨਿੱਕਾ ਰਾਮ ਦਾ ਕੰਮ ਅੱਗੇ ਨਾਲੋਂ ਖਿਵਣ ਲੱਗ ਪਿਆ। ਉਸ ਨੂੰ ਆਪਣੇ ਕੰਮ ਦੇ ਮੰਦੇ ਦਾ ਫ਼ਿਕਰ ਨਹੀਂ ਸੀ ਹੋਇਆ। ਇੱਕ ਕੁੜੀ, ਦੂਜੀ ਕੁੜੀ ਤੇ ਫੇਰ ਤੀਜੀ ਕੁੜੀ। ਚੌਥੀ ਕੁੜੀ ਜਦ ਹੋਈ, ਉਸ ਦਾ ਨਾਂ ਉਨ੍ਹਾਂ ਖਿਝ ਕੇ 'ਮਾਊ ਰੱਖ ਲਿਆ। ਪੰਜਵੀਂ ਕੁੜੀ ਜਦੋਂ ਹੋਈ ਉਸ ਦਾ ਨਾਂ 'ਛੋਟੀ ਮਾਊ' ਤੇ ਪਹਿਲੀ ਮਾਊਂ ਹੁਣ 'ਵੱਡੀ ਮਾਊਂ' ਆਖੀਂ ਜਾਣ ਲੱਗੀ। ਵਧ ਰਹੇ ਪਰਿਵਾਰ ਦਾ ਉਸ ਨੂੰ ਭੋਰਾ ਵੀ ਖਿਆਲ ਨਹੀਂ ਸੀ-ਪਰਿਵਾਰ ਵੀ ਨਿਰੇ ਪੱਥਰਾਂ ਦਾ, ਉਹ ਚਾਹੁੰਦਾ ਸੀ ਕਿ ਕਦੇ ਤਾਂ ਮੁੰਡਾ ਹੋਵੇ। ਛੇਵੀਂ ਵਾਰ ਤਾਂ ਪੂਰੀ ਆਸ ਸੀ ਕਿ ਮੁੰਡਾ ਹੋਊ। ਪਰ ਜੰਮੀ ਤਾਂ ਜੰਮੀ 'ਛੋਟੀ ਟਿੱਡਾ'।' ਨਿੱਕਾ ਰਾਮ ਦੇ ਫੂਸ ਉੱਡ ਗਏ।

ਚੀਨੀ ਹੱਲੇ ਤੋਂ ਪਿੱਛੋਂ ਸੋਨੇ ਦੇ ਸਬੰਧ ਵਿੱਚ ਨਵੀਆਂ ਤਬਦੀਲੀਆਂ ਆਉਣ ਕਰਕੇ ਤੇ ਮਹਿੰਗਾਈ ਕਾਰਨ ਸੋਨੇ ਵੱਲ ਆਮ ਲੋਕਾਂ ਦਾ ਰੁਝਾਨ ਘਟਣ ਕਰਕੇ ਸੁਨਿਆਰਾਂ ਦਾ ਕੰਮ ਲਗਭਗ ਠੱਪ ਹੀ ਹੋ ਗਿਆ। 'ਸੋਨੀ ਭਗਤ' ਦੇ ਪਹਾਰੇ ਵਿਚੋਂ ਵੀ ਹੁਣ ਕਦੇ ਕਦੇ ਹੀ ਠੱਕ ਠੱਕ ਸੁਣਦੀ। ਹੁਣ ਸੱਤ ਧੀਆਂ ਬਾਅਦ ਉਸ ਦੇ ਮੁੰਡਾ ਵੀ ਹੋ ਗਿਆ ਸੀ, ਜਿਹੜਾ ਹੁਣ ਕਾਫ਼ੀ ਉਡਾਰ ਸੀ। ਮੁੰਡੇ ਦਾ ਨਾਂ ਤਾਂ 'ਕੁਲਦੀਪ' ਸੀ, ਪਰ ਲੋਕਾਂ ਦੀਆਂ ਟੂਮਾਂ ਵਿੱਚ ਖੋਟ ਪਾ ਪਾ ਜੋੜਿਆਂ ਸਾਰਾ ਸੋਨਾ ਕੁੜੀਆਂ ਦੇ ਵਿਆਹ 'ਤੇ ਲੱਗ ਗਿਆ ਤੇ ਹੁਣ ਘਰ ਵਿਚ ਰੋਟੀ ਦੇ ਫ਼ਿਕਰ ਨੇ ਭਵਿੱਖ ਦੀਆਂ ਸਾਰੀਆਂ ਬੱਤੀਆਂ ਬੁਝਾ ਦਿੱਤੀਆਂ।

ਚਾਰ ਕੁੜੀਆਂ ਆਪੋ ਆਪਣੇ ਘਰੀਂ ਚਲੀਆਂ ਗਈਆਂ ਸਨ। ਪੰਜਵੀਂ ਕੁੜੀ 'ਛੋਟੀ ਮਾਊ' ਦਾ ਵਿਆਹ ਤਾਂ ਉਸ ਨੇ ਔਖਾ ਸੁਖਾਲਾ ਹੋ ਕੇ ਕਰ ਦਿੱਤਾ ਸੀ, ਪਰ ਮੁਕਲਾਵਾ ਅਜੇ ਤੋਰਨਾ ਰਹਿੰਦਾ ਸੀ। ਉਸ ਦੇ ਸਹੁਰਿਆਂ ਨੇ ਮੁਕਲਾਵੇ ਲਈ ਨੱਕ ਜਿੰਦ ਲਿਆ ਦਿੱਤੀ।

ਨਿੱਕਾ ਹੁਣ ਇੱਕ ਸਾਲ ਤੋਂ ਪਹਾਰਾ ਛੱਡ ਬੈਠਾ ਸੀ ਤੇ ਭਾਂਡੇ ਕਲੀ ਕਰਨ ਦਾ ਕੰਮ ਕਰਨ ਲੱਗ ਗਿਆ ਸੀ। ਹੌਲੀ-ਹੌਲੀ ਇਹ ਕੰਮ ਵੀ ਮੁੱਕ ਗਿਆ। ਕਿੰਨੇ ਕੁ ਲੋਕ ਪਿੰਡਾਂ ਵਿੱਚ ਭਾਂਡਿਆਂ ਨੂੰ ਕਲੀ ਕਰਵਾਉਂਦੇ ਹਨ? ਤੇ ਨਾਲੇ ਇਸ ਕੰਮ ਵਿਚੋਂ ਨਿੱਕੇ ਦੇ ਘਰ ਦੀ ਰੋਟੀ ਵੀ ਨਹੀਂ ਸੀ ਤੁਰਦੀ।

ਕੁੜੀਆਂ ਦੋ ਅਜੇ ਵਿਆਹੁਣ ਵਾਲੀਆਂ ਰਹਿੰਦੀਆਂ ਸਨ। ਮੁੰਡਾ ਪੜ੍ਹਦਾ ਸੀ, ਛੇਵੀਂ ਜਮਾਤ ਵਿੱਚ। ਹਾਰ ਕੇ ਨਿੱਕਾ ਨਾਲ ਦੇ ਪਿੰਡ ਚਲਿਆ ਗਿਆ। ਉੱਥੇ ਕੰਮ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲਾਂ ਤਾਂ ਤੀਜੇ ਚੌਥੇ ਦਿਨ ਉਹ ਘਰ ਆ ਜਾਂਦਾ, ਪਰ ਹੁਣ ਤਾਂ ਉਹ ਦਸ ਦਸ ਦਿਨ ਨਹੀਂ ਸੀ ਮੁੜਦਾ। ਕੰਮ ਦੀ ਤੱਦੀ ਬਹੁਤ ਰਹਿੰਦੀ। ਹੁਣ ਉਹ ਨਿੱਤ ਦੇ ਤਿੰਨ ਰੁਪਈਏ ਕਮਾਉਂਦਾ ਸੀ- 'ਰੋਟੀ ਵੀ ਅਗਲੇ ਦੇ ਸਿਰੋਂ।

'ਛੋਟੀ ਮਾਊਂ' ਦਾ ਮੁਕਲਾਵਾ ਵੀ ਧਰ ਦਿੱਤਾ। ਇਕੱਲੇ ਪ੍ਰਾਹੁਣੇ ਨੇ ਹੀ ਉਸ ਨੂੰ ਆ ਕੇ ਲੈ ਜਾਣਾ ਸੀ। ਸੋ, ਅੱਜ ਉਹ ਚਲੀ ਗਈ ਸੀ-ਰੋਂਦੀ ਧਿਸਾਉਂਦੀ। ਨਿੱਕਾ ਸੱਤ ਅੱਠ ਦਿਨਾਂ ਤੋਂ ਪਿੰਡ ਨਹੀਂ ਸੀ ਆਇਆ। ਉਡੀਕ ਉਡੀਕ ਕੇ 'ਛੋਟੀ ਮਾਊ' ਚਲੀ ਗਈ।

ਨਾਲਦੇ ਪਿੰਡ ਜਾ ਕੇ ਆਪਣਾ ਕੰਮ ਕਰਨ ਤੋਂ ਪਹਿਲਾਂ ਮੈਂ ਨਿੱਕੇ ਦੀ ਭਾਲ ਕੀਤੀ। ਮੈਂ ਸਮਝਿਆ ਕਿ ਉਹ ਕਿਸੇ ਹੋਰ ਸੁਨਿਆਰ ਦੇ ਪਹਾਰੇ 'ਤੇ ਕੰਮ ਕਰਦਾ ਹੋਵੇਗਾ ਜਾਂ ਭਾਂਡੇ ਕਲੀ ਕਰਦਾ ਹੋਵੇਗਾ। ਪਰ ਉਹ ਮੈਨੂੰ ਕਿਤੋਂ ਵੀ ਨਾ ਲੱਭਿਆ।

ਬਹੁਤ ਭਾਲ ਟੋਲ ਤੋਂ ਬਾਅਦ ਪਤਾ ਲੱਗਿਆ ਕਿ ਉਹ ਤਾਂ ਮਲਕੀਤੀ ਮੱਲ ਸੇਠ ਦੇ ਘਰ ਕੰਮ ਕਰਦਾ ਹੈ, ਮਲਕੀਤੀ ਮੱਲ ਦਾ ਘਰ ਪੁੱਛ ਕੇ ਮੈਂ ਉੱਥੇ ਪਹੁੰਚਿਆ ਤੇ ਦੇਖਿਆ ਕਿ ਨਿੱਕਾ ਗਾਰੇ ਦੀ ਘਾਣੀ ਵਿੱਚ ਗੋਡਿਆਂ ਤੱਕ ਧਸਿਆ ਹੋਇਆ ਕਹੀ ਨਾਲ ਮਿੱਟੀ ਵੱਢ ਰਿਹਾ ਸੀ। ਮਲਕੀਤੀ ਮੱਲ ਦਾ ਨਵਾਂ ਮਕਾਨ ਬਣ ਰਿਹਾ ਸੀ। ਮੈਨੂੰ ਦੇਖ ਕੇ ਨਿੱਕਾ ਬਣਾਉਟੀ ਮੁਸਕਾਨ ਬੁੱਲ੍ਹਾਂ 'ਤੇ ਲੈ ਆਇਆ। ਮੁਸਕਾਨ ਦੇ ਨਾਲ ਹੀ ਉਸ ਦੇ ਮੂੰਹ ਵਿਚਲੇ ਸੋਨੇ ਦੇ ਦੰਦ ਨੇ ਵੀ ਮੱਧਮ ਜਿਹੀ ਦਮਕ ਮਾਰੀ, ਜਿਸ ਨੂੰ ਹੁਣ ਕਰੇੜਾ ਲੱਗ ਚੁੱਕਿਆ ਸੀ। ਉਸ ਨੂੰ ਬੁਲਾਉਣ ਲਈ 'ਸੋਨੀ ਭਗਤ' ਸ਼ਬਦ ਮੇਰੇ ਸੰਘ ਵਿੱਚ ਹੀ ਅੜ ਗਿਆ। ਚਿੱਠੀ ਫੜਾ ਕੇ ਮੇਰੇ ਮੂੰਹੋਂ ਇੱਕ ਵੀ ਗੱਲ ਨਾ ਸਰੀ ਤੇ ਨਿੱਕਾ ਵੀ ਜਿਵੇਂ ਗੁੰਨਰ ਵੱਟਾ ਹੋ ਗਿਆ। ♦

# ਧੀ ਦਾ ਵਰਮ

ਓਦਣ ਮੈਂ ਕੁਝ ਸਦੇਹਾਂ ਹੀ ਉੱਠ ਖੜ੍ਹਿਆ ਸਾਂ। ਤਾਰਿਆਂ ਦੀ ਛਾਂ ਅਜੇ ਹੈਗੀ ਸੀ। ਦਾਤਣ ਕਰਦਾ ਕਰਦਾ ਫਲ੍ਹਾ ਲੰਘ ਕੇ ਰੂੜੀਆਂ ਵਿੱਚ ਦੀ ਹੁੰਦਾ ਹੋਇਆ ਨਿਆਈਆਂ ਵਿੱਚ ਪਹੁੰਚਿਆ ਤਾਂ ਟੋਭੇ ਕੋਲਦੀ ਭੜੀਂਅ ਟਪਦੀ ਇੱਕ ਛਾਂ ਜਿਹੀ ਮੈਂ ਵੇਖੀ। ਮੈਂ ਡਰ ਗਿਆ। ਇਹ ਓਪਰਾ ਜਿਹਾ ਬੰਦਾ ਕੌਣ ਹੈ? ਐਨੇ ਸਵਖਤੇ ਐਨੀ ਕਾਹਲੀ ਕਾਹਲੀ ਕੀ ਕਰਦਾ, ਦਿਲ ਕਰੜਾ ਕਰਕੇ ਮੈਂ ਜ਼ਰਾ ਉਸ ਦੇ ਨੇੜੇ ਚਲਿਆ ਗਿਆ। ਲੁਕ ਕੇ ਤੇ ਸਾਹ ਘੁੱਟ ਕੇ ਮੈਂ ਉਸ ਨੂੰ ਦੇਖਦਾ ਰਿਹਾ। ਐਨੀ ਕਾਹਲ ਨਾਲ ਦੇਖੀਏ ਭਲਾਂ ਕੀ ਕਰਦਾ ਹੈ। ਉਸ ਦੇ ਹੱਥ ਵਿੱਚ ਕਹੀ ਸੀ। ਲਹੂ ਲਿੱਬੜੀਆਂ ਲੀਰਾਂ, ਮੈਲੇ ਦੇ ਬੁੱਥ ਜਿਹੇ-ਸਭ ਕੁਝ ਬੱਕਰੀ ਦੀ ਜੇਰ ਜਿਹਾ, ਪਹਿਲਾਂ ਉਸ ਨੇ ਕਹੀ ਤੋਂ ਥੱਲੇ ਢੇਰੀ ਕਰ ਦਿੱਤਾ। ਫੇਰ ਕਾਹਲੀ-ਕਾਹਲੀ ਪੰਜ ਸੱਤ ਚੇਪੇ ਕੱਢ ਕੇ ਟੋਏ ਵਿੱਚ ਉਸ ਸਭ ਕਾਸੇ ਨੂੰ ਦੱਬ ਦਿੱਤਾ ਤੇ ਉੱਤੋਂ ਚੰਗੀ ਤਰ੍ਹਾਂ ਮਿੱਟੀ ਥਾਪੜ ਦਿੱਤੀ। ਇੱਕ ਬਿੰਦ ਉਹ ਉੱਥੇ ਖੜ੍ਹਾ ਰਿਹਾ ਤੇ ਫੇਰ ਪੰਦਰਾਂ ਸੋਲਾਂ ਕਰਮ ਘਰ ਵੱਲ ਨੂੰ ਤੁਰ ਕੇ ਥਾਏਂ ਬੈਠ ਗਿਆ, ਜਿਵੇਂ ਉਸ ਦੀ ਪਾਤਲੀ ਵਿੱਚ ਕੋਈ ਤਿੱਖੀ ਸੂਲ ਲੱਗੀ ਹੋਵੇ। ਬਿੰਦ ਕੁ ਸਾਹ ਲੈ ਕੇ ਉਹ ਫੇਰ ਉੱਠ ਕੇ ਤੁਰ ਪਿਆ।

ਸਕੰਦਰ ’ਤੇ ਜਦ ਜਵਾਨੀ ਦਾ ਪੂਰਾ ਲੋਰ ਸੀ, ਹਰ ਮੂੰਹ ਉਸ ਦੀ ਗੱਲ ਕਰਦਾ ਸੀ-

‘ਨਰੈਣੇ ਕੇ ਘੀਚਰ ਦਾ ਅੱਜ ਸਕੰਦਰ ਨਾਲ ਟੇਟਾ ਲੱਗ ਗਿਆ। ਸਕੰਦਰ ਨੇ ਲਖੀਰ ਖਿੱਚ ਕੇ ਹਿੱਕ ਥਾਪੜ ’ਤੀ-ਟੱਪ ਕੇ ਦਿਖਾ ਜੇ ਬੰਦੇ ਦਾ ਪੁੱਤ ਐ?’ ਤੇ ਘੀਚਰ ਦੋ ਹੋਰ ਹਮੈਤੀਆਂ ਸਣੇ ਲਖੀਰ ਕੰਨੀ ਝਾਕ ਵੀ ਨੀ ਸਕਿਆ।’

‘ਘੁੰਨਸਾਂ ਵਾਲੇ ਪੁਲ ’ਤੇ ਅੱਜ ਤਿੰਨ ਓਡਾਂ ਦੀ ਸਕੰਦਰ ਨੇ ਬੂਥ ਲਵਾ ’ਤੀ।’

“ਐਤਕੀ ਕਾਲੇਕਿਆਂ ਦੇ ਮੇਲੇ ’ਤੇ ਸਕੰਦਰ ਨੇ ਪੰਸੇਰੀ ਦੀ ਕਾਤਰੀ ਬਣਾ ’ਤੀ ਤੇ ਕੋਈ ਵੀ ਉਹਦੇ ਨਿਸ਼ਾਨ ਨੂੰ ਟੱਪ ਨੀ ਸਕਿਆ।”

‘ਕੰਦੇ ਦੇ ਮੁੰਡੇ ਦਾ ਵਿਆਹ ਸੀ। ਗਿੱਧੇ ਵਿੱਚ ਸਕੰਦਰ ਨੇ ਬੋਲੀਆਂ ਪਾ ਪਾ ਮੇਲਣਾਂ ਦੀ ਗੋਡੀ ਲਵਾ ’ਤੀ।’

ਧਨੌਲੇ ਵਾਲੀ ਸੜਕ ’ਤੇ ਜਦ ਮੋਟਰ ਲੁੱਟੀ ਗਈ ਸੀ ਤਾਂ ਉਨ੍ਹਾਂ ਡਾਕੂਆਂ ਦੀ ਢਾਣੀ ਵਿੱਚ ਸਕੰਦਰ ਦਾ ਵੀ ਨਾਂ ਸੀ। ਮੁਕਲਾਵੇ ਜਾ ਰਹੀ ਇੱਕ ਮੁਟਿਆਰ ਦੀਆਂ ਬਾਲੀਆਂ ਲਾਹੁਣ ਲੱਗੇ ਦੇ ਉਸ ਦੇ ਹੱਥ ਕੰਬ ਗਏ ਸਨ ਤੇ ਉਹ ਓਥੋਂ ਹੀ ਉਸ ਢਾਣੀ ਨਾਲੋਂ ਨਿੱਖੜ ਆਇਆ ਸੀ।

ਸਕੰਦਰ ਜਦ ਤੀਹ ਸਾਲ ਦਾ ਹੋਇਆ ਤਾਂ ਘਰ ਵਿੱਚ ਉਹ ਦੀ ਇੱਕੋ ਇੱਕ ਮਾਂ ਮਰ ਗਈ। ਘਰ ਸਾਂਭਣ ਲਈ ਹੁਣ ਕੋਈ ਨਹੀਂ ਸੀ। ਦੋ ਚਾਰ ਸਾਲਾਂ ਵਿੱਚ ਹੀ ਉਹ ਸਾਰਾ ਮੁੰਡਪਣਾ ਛੱਡ ਕੇ ਵਾਹਵਾ ਕਬੀਲਦਾਰ ਜਿਹਾ ਹੋ ਗਿਆ-ਭਾਵੇਂ ਸੀ ਅਜੇ ਛੜਾ ਹੀ। ਜ਼ਮੀਨ ਚੰਗੀ ਹੋਣ ਕਰਕੇ ਉਸ ਨੂੰ ਸਾਕ ਵੀ ਹੋ ਗਿਆ ਤੇ ਉਹ ਪੂਰਾ ਪੂਰਾ ਧਸ ਗਿਆ-ਕਬੀਲਦਾਰੀ ਵਿੱਚ।

ਉਸ ਦੇ ਦੋ ਮੁੰਡੇ ਤੇ ਇੱਕ ਕੁੜੀ ਸੀ। ਕੁੜੀ ਮੁੰਡਿਆਂ ਨਾਲੋਂ ਵੱਡੀ ਸੀ। ਕੁੜੀ 'ਤੇ ਨਿੱਤ ਨਵਾਂ ਵਾਰ ਆਉਂਦਾ ਸੀ। ਉਹ ਕੱਦੂ ਦੀ ਵੇਲ ਵਾਂਗ ਵਧ ਰਹੀ ਸੀ। ਥੋੜ੍ਹੇ ਸਾਲਾਂ ਵਿੱਚ ਹੀ ਉਹ ਕੋਠੇ ਜਿੱਡੀ ਹੋ ਗਈ ਸੀ।

ਜਿਉਂ ਜਿਉਂ ਦਿਨ ਲੰਘਦੇ ਗਏ, ਸਕੰਦਰ ਮੰਨੇ ਦੰਨੇ ਆਦਮੀਆਂ ਵਿੱਚ ਗਿਣਿਆ ਜਾਣ ਲੱਗਿਆ। ਅਗਵਾੜ ਦਾ ਕੋਈ ਵੀ ਨਬੇੜਾ ਕਰਨਾ ਹੁੰਦਾ, ਉਸ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ। ਸੱਥ ਵਿੱਚ ਬਹਿ ਕੇ ਜਦ ਉਹ ਆਪਣੀ ਜਵਾਨੀ ਦੀਆਂ ਗੱਲਾਂ ਕਰਦਾ ਤਾਂ ਕਈ ਮਛੋਹਰੇ ਮੁੰਡਿਆਂ ਦਾ ਕੰਨ ਰਸ ਜਾਂਦਾ। ਸੱਥ ਵਿੱਚ ਪਏ ਖੁੰਡਾਂ ਤੇ ਆਥਣ ਵੇਲੇ ਜਦ ਲੋਕ ਜੁੜਦੇ ਤਾਂ ਸਕੰਦਰ ਦੀਆਂ ਗੱਲਾਂ ਬੜੇ ਚਸਕੇ ਨਾਲ ਸੁਣੀਆਂ ਜਾਂਦੀਆਂ। ਉਹ ਆਉਣ ਸਾਰ ਮਿਰਚ ਮਸਾਲਾ ਲਾ ਕੇ ਕੋਈ ਟੋਟਕਾ ਜ਼ਰੂਰ ਸੁਣਾਉਂਦਾ। ਕਈ ਵਾਰ ਉਹ ਨਵੀਂ ਚੋਬਰੀ ਨੂੰ ਤਾੜ ਰਿਹਾ ਹੁੰਦਾ- 'ਓਏ, ਫੰਨੂ ਖੋਹਣੈ ਤੁਸੀਂ, ਕਾਲਜੇ ਤਾਂ ਥੋਡੇ ਚਾਹਾਂ ਨੇ ਫੂਕ 'ਤੇ । ਬਹੁਤੀ ਮੱਲ ਮਾਰੋਂਗੇ ਤਾਂ ਕੋਈ ਤੌੜਾ ਤੱਤਾ ਕਰ ਲੋਂਗੇ ਬੱਸ।'

ਹੁਣ ਕਈ ਦਿਨਾਂ ਤੋਂ ਉਹ ਬਾਹਰ ਸੱਥ ਵਿੱਚ ਨਹੀਂ ਸੀ ਬੈਠਾ। ਇੱਕ ਦਿਨ ਤਾਂ ਬੰਦੇ ਉਸ ਨੂੰ ਘਰੋਂ ਵੀ ਸੱਦਣ ਗਏ। ਪਰ ਫੇਰ ਪਤਾ ਨਹੀਂ ਕੀ ਹੋ ਗਿਆ, ਹੁਣ ਸੱਥ ਵਿੱਚ ਬੈਠ ਕੇ ਉਹ ਦਾ ਨਾਉਂ ਕੋਈ ਘੱਟ ਹੀ ਲੈਂਦਾ ਸੀ।

ਇੱਕ ਦਿਨ ਵੀਹੀ ਵਿੱਚ ਲੰਘਦੇ ਨੇ ਮੈਂ ਸੁੱਣਿਆ- 'ਧੀਆਂ ਦੇ ਦੁੱਖ ਬੜੇ', ਤਿੰਨ ਚਾਰ ਬੁੜ੍ਹੀਆਂ ਗੱਲਾਂ ਕਰ ਰਹੀਆਂ ਹਨ। ਇੱਕ ਕਹਿੰਦੀ- 'ਓਦੇਂ ਦਾ ਵਿਚਾਰਾ ਅੰਦਰੋਂ ਨੀ ਨਿਕਲਿਆ। ' ਇੱਕ ਹੋਰ ਕਹਿੰਦੀ ਸੀ- 'ਲੋਕਾਂ ਨੂੰ ਮੂੰਹ ਕਿਵੇਂ ਦਿਖਾਵੇ, ਦਾੜ੍ਹੀ ਤਾਂ ਕੁੜੀ ਨੇ ਮੁੰਨ 'ਤੀ। ਸੱਥ ਦਾ ਖੜਿਉਣਾ ਸੀ, ਹੁਣ ਅੱਖ ਉੱਚੀ ਕਿਵੇਂ ਕਰੇ।'

ਸਕੰਦਰ ਨੂੰ ਪੂਰਾ ਮਾਣ ਸੀ ਕਿ ਕਦੇ ਕੋਈ ਉਹ ਦੀ ਵਾਅ ਕੰਨੀਂ ਵੀ ਨਹੀਂ ਝਾਕ ਸਕਦਾ। ਕੀ ਪਤਾ ਸੀ ਕਿ ਘਰ ਦੀ ਅੱਗ ਹੀ ਕਿਸੇ ਦਿਨ ਉਸ ਨੂੰ ਸਾੜ ਦੇਵੇਗੀ।

ਆਪਣੀ ਉਮਰ ਵਿੱਚ ਜਿਹੜੇ ਆਦਮੀ ਖੁੱਲ੍ਹੇ ਚਰੇ ਹੋਣ, ਜੇ ਵਖ਼ਤ ਨਾ ਵਿਚਾਰਿਆ ਜਾਵੇ ਤਾਂ ਉਨ੍ਹਾਂ ਦੇ ਧੀ ਪੁੱਤ ਵੀ ਘੱਟ ਨਹੀਂ ਗੁਜ਼ਾਰਦੇ। ਸਕੰਦਰ ਦੀ ਜਵਾਨੀ ਦੇ ਰੱਥ ਬਚਨੋ ਉਸ ਦੀ ਧੀ ਨੇ ਵੀ ਸੁਣ ਰੱਖੇ ਸਨ। ਬਚਨੋਂ ਨੇ ਬੁੜ੍ਹੀਆਂ ਕੁੜੀਆਂ ਤੋਂ ਸੁਣਿਆ ਹੋਇਆ ਸੀ ਕਿ ਚੜ੍ਹਦੀ ਅਵਜਥਾ ਵਿੱਚ ਸਕੰਦਰ ਨੇ ਪਿੰਡ ਦੀ ਕੋਈ ਵੀ ਸੋਹਣੀ ਤੀਵੀਂ ਛੇੜੇ ਬਿਨਾਂ ਨਹੀਂ ਸੀ ਲੰਘਣ ਦਿੱਤੀ। ਡੇਰੇ ਵਾਲੇ ਮਹੰਤਾਂ ਦੀ ਕੁੜੀ ਨੂੰ ਤਾਂ ਇੱਕ ਵਾਰੀ ਮਹੀਨਾ ਪਿੰਡੋਂ ਬਾਹਰ ਹੀ ਉਹ ਨੇ ਰੱਖਿਆ ਸੀ। ਕੀ ਹੋ ਗਿਆ ਜੇ ਉਹ ਦਾ ਪਿਓ ਹੁਣ ਵੱਡਾ ਖੜਪੈਂਚ ਬਣਿਆ ਫਿਰਦਾ ਸੀ, ਪਰ ਸੀ ਤਾਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਜਾਣ ਵਾਲੀ ਗੱਲ। ਸੋ, ਪਿਓ ਵੱਲੋਂ ਉਹ ਦਾ ਧੁੜਕੂ ਚੁੱਕਿਆ ਹੋਇਆ ਸੀ। ਸਾਰਾ ਦਿਨ

ਰ੍ਹਿਆ ਢਾਂਡੇ ਵਾਂਗ ਉਹ ਗਵਾਂਢੀਆਂ ਦੇ ਕੌਲੇ ਕਛਦੀ ਰਹਿੰਦੀ। ਗਵਾਂਢੀਆਂ ਦਾ ਮੁੰਡਾ ਦੀਪਾ ਵੀ ਉਸ ਦੀ ਤਾੜ ਵਿੱਚ ਰਹਿੰਦਾ ਸੀ। ਬਹੁਤੀ ਗੱਲ ਕੀ ਛੇਕੜ ਨੂੰ ਬਚਨੋਂ ਦਾ ਦੀਪੇ ਨਾਲ ਪੇਚਾ ਪੈ ਗਿਆ।

ਬਚਨੋ ਦੀ ਮਾਂ ਪਹਿਲਾਂ ਤਾਂ ਚੋਰੀ ਛੁਪੇ ਦੁਆਈ ਬੂਟੀ ਕਰਦੀ ਰਹੀ। ਬਚਨੋ ਨੇ ਆਪਣੀ ਮਾਂ ਨੂੰ ਚੌਥੇ ਮਹੀਨੇ ਹਾਨੀਸਾਰ ਨੂੰ ਦੱਸ ਹੀ ਦਿੱਤਾ ਸੀ। ਪਾਪ ਗੁੱਝਾ ਕਾਹਨੂੰ ਰਹਿੰਦਾ ਹੈ, ਆਖ਼ਰ ਨੂੰ ਇੱਕ ਦਿਨ ਵਿਸ਼ ਬਣ ਕੇ ਫੁੱਟ ਪੈਂਦਾ। ਬਥੇਰਾ ਕਾੜ੍ਹੇ ਦਿੱਤੇ, ਪਰ ਕੁਝ ਨਾ ਬਣਿਆ। ਦਿਨ ਉੱਪਰੋਂ ਸਮੁੰਦਰ ਦੀ ਲਹਿਰ ਵਾਂਗ ਚੜ੍ਹ ਰਹੇ ਸਨ। ਆਖ਼ਰ ਬਰਨਾਲੇ ਦੀ ਇੱਕ ਮਸ਼ਹੂਰ ਦਾਈ ਨੇ ਬਚਨੋ ਦੇ ਪਿੰਡ ਆ ਕੇ ਜਾਨ ਸੁਖਾਲੀ ਕਰ ਦਿੱਤੀ।

'ਘਰ ਦੀ ਆਣ ਮਾਰੀਂਦੀ ਐ। ਕਿਸੇ ਨੂੰ ਪਤਾ ਲੱਗ ਗਿਆ ਤਾਂ ਦੋਵੇਂ ਜਹਾਨਾਂ ਤੋਂ ਪੱਟੇ ਜਾਵਾਂਗੇ। ਬਚਨੋ ਦੀ ਮਾਂ ਨੇ ਓਸੇ ਰਾਤ ਸਕੰਦਰ ਨੂੰ ਸਾਰੀ ਗੱਲ ਦੱਸ ਦਿੱਤੀ। ਸਕੰਦਰ ਦਾ ਜੀਅ ਕਰਦਾ ਸੀ ਕਿ ਮਾਂ-ਧੀ ਨੂੰ ਕਿਰਪਾਨ ਨਾਲ ਵੱਢ ਕੇ ਰਾਤੋ ਰਾਤ ਕਿਸੇ ਖੂਹ ਵਿੱਚ ਸੁੱਟ ਦੇਵੇ। ਪਰ ਪਤਾ ਨਹੀਂ ਉਸ 'ਤੇ ਕੀ ਜਾਦੂ ਹੋ ਗਿਆ, ਉਹ ਬੋਲਾ ਜਿਹਾ ਬਣ ਗਿਆ-ਗੂੰਗਾ ਜਿਹਾ ਬਣ ਗਿਆ। ਸਾਰੀ ਰਾਤ ਉਹ ਬੈਠਾ ਰਿਹਾ। ਉਸ ਦੀਆਂ ਅੱਖਾਂ ਵਿੱਚ ਨੀਂਦ ਦੇ ਰੋੜ ਚੁਭਦੇ ਰਹੇ। ਤੜਕੇ ਨੂੰ ਬਚਨੋ ਦੀ ਮਾਂ ਦੇ ਕਹਿਣ ਮੁਤਾਬਕ ਉਹ ਲਹੂ ਲਿਬੜੀਆਂ ਲੀਰਾਂ ਤੇ ਮਾਸ ਦੇ ਬੁੱਥ ਜਿਹੇ ਕਹੀ 'ਤੇ ਪਾ ਕੇ ਮੂੰਹ ਹਨੇਰੇ ਹੀ ਨਿਆਈਆਂ ਵਿੱਚ ਦੱਬ ਆਇਆ। ਘਰ ਮੁੜਨ ਸਾਰ ਜਿਵੇਂ ਉਸ ਨੂੰ ਛਾਇਆ ਹੋ ਗਈ ਸੀ। ਬੱਸ ਉਸ ਦਿਨ ਤੋਂ ਬਾਅਦ ਉਹ ਘਰੋਂ ਨਹੀਂ ਸੀ ਨਿਕਲਿਆ।

ਇੱਕ ਦਿਨ ਆਥਣੇ ਉਨ੍ਹਾਂ ਦੇ ਘਰ ਮੂਹਰੇ ਦੀ ਮੈਂ ਲੰਘਿਆ। ਕਈ ਬੁੜ੍ਹੀਆਂ ਉਨ੍ਹਾਂ ਦੇ ਘਰੋਂ ਨਿਕਲ ਰਹੀਆਂ ਸਨ। ਉਨ੍ਹਾਂ ਦੇ ਘਰ ਤੋਂ ਕੁਝ ਉਰੇ ਆ ਕੇ ਬੁੜ੍ਹੀਆਂ ਘੁਸਰ ਦੀ ਮੁਸਰ ਵਿਚੋਂ ਮੈਨੂੰ ਐਨੀ ਕੁ ਗੱਲ ਸਮਝ ਪਈ- 'ਧੀ ਦਾ ਵਰਮ ਲੈ ਕੇ ਉੱਠ ਗਿਆ।' ♦

# ਬਾਰੂ ਦੀ ਚਾਹ

ਬਾਰੂ ਦੀ ਚਾਹ ਮਸ਼ਹੂਰ ਸੀ। ਉਹ ਦੀ ਦੁਕਾਨ ਨਿੱਕੀ ਜਿਹੀ ਇੱਕ ਕੋਠੜੀ– ਤਾਂਗਿਆਂ ਦੇ ਅੱਡੇ ’ਤੇ ਇੱਕ ਨੁੱਕਰ ਵਿੱਚ ਸੀ। ਉਹ ਨਿੱਕੀ ਜਿਹੀ ਕੋਠੜੀ ਉਹਦਾ ਘਰ ਵੀ ਸੀ ਤੇ ਦੁਕਾਨ ਵੀ। ਤਾਂਗਿਆਂ ਵਾਲੇ ਉਸ ਦੀ ਚਾਹ ਪੀਂਦੇ, ਬਜ਼ਾਰ ਵਿੱਚੋਂ ਆ ਕੇ ਦੁਕਾਨਦਾਰ ਉਸ ਦੀ ਚਾਹ ਪੀਂਦੇ, ਮਾਸਟਰ ਉਸ ਦੀ ਚਾਹ ਪੀਂਦੇ ਤੇ ਮਾਸਟਰਨੀਆਂ ਉਸ ਦੀ ਚਾਹ ਸਕੂਲ ਵਿੱਚ ਮੰਗਵਾ ਕੇ ਪੀਂਦੀਆਂ। ਜੋ ਵੀ ਕੋਈ ਉਸ ਦੀ ਚਾਹ ਪੀ ਲੈਂਦਾ, ਘਰ ਦੀ ਚਾਹ ਛੱਡ ਜਾਂਦਾ। ਥੋੜ੍ਹਾ ਜਿਹਾ ਪਾਣੀ, ਥੋੜ੍ਹਾ ਜਿਹਾ ਦੁੱਧ, ਥੋੜ੍ਹਾ ਜਿਹਾ ਮਿੱਠਾ ਤੇ ਚਾਹ ਪੱਤੀ ਮਨ ਮਰਜ਼ੀ ਦੀ। ਘੁੱਟ ਭਰ ਕੇ ਇਉਂ ਲੱਗਦਾ, ਜਿਵੇਂ ਵਿੱਚ ਫ਼ੀਮ ਘੋਲੀ ਹੋਵੇ।

ਏਸ ਪਿੰਡ ਵਿੱਚ ਬਾਰੂ ਨੂੰ ਆਏ ਨੂੰ ਚਾਰ ਪੰਜ ਸਾਲ ਹੋ ਗਏ ਸਨ। ਇਸ ਤੋਂ ਪਹਿਲਾਂ ਉਹ ਬਰਨਾਲੇ ਤੋਂ ਧਨੌਲੇ ਤੀਕ ਤਾਂਗਾ ਵਾਹੁੰਦਾ ਹੁੰਦਾ ਸੀ। ਤਾਂਗਾ ਉਸ ਨੇ ਦਸ ਬਾਰਾਂ ਸਾਲ ਵਾਹਿਆ। ਸਰਕਾਰੀ ਡਾਕ ਵੀ ਉਹ ਕਈ ਸਾਲ ਤਾਂਗੇ ’ਤੇ ਢੋਂਦਾ ਰਿਹਾ। ਇੱਕ ਵਾਰੀ ਉਸ ਦੇ ਘੋੜੇ ਨੇ ਉਸ ਦੇ ਦੁਲੱਤਾ ਮਾਰਿਆ ਤੇ ਉਸ ਦੀਆਂ ਦੋਵੇਂ ਲੱਤਾਂ ਸੁਕੜੰਜਾ ਕੋਲੋਂ ਭੰਨ੍ਹ ਦਿੱਤੀਆਂ। ਕਈ ਮਹੀਨੇ ਉਹ ਹਸਪਤਾਲ ਵਿੱਚ ਪਿਆ ਰਿਹਾ। ਰਾਜ਼ੀ ਤਾਂ ਹੋ ਗਿਆ, ਪਰ ਲੱਤਾਂ ਦੋਵੇਂ ਨਕਾਰਾ ਹੋ ਗਈਆਂ। ਤੁਰ ਉਹ ਲੈਂਦਾ ਤਾਂ ਸੀ, ਪਰ ਇਉਂ ਜਿਵੇ ਸਰਕਸ ਵਾਲੇ ਲੱਤਾਂ ਨਾਲ ਵੱਡੇ ਵੱਡੇ ਬੰਝ ਬੰਨ੍ਹ ਕੇ ਤੁਰਦੇ ਹਨ। ਤੁਰਿਆ ਜਾਂਦਾ ਦੂਰੋਂ ਉਹ ਚਰ੍ਹੀ ਦੇ ਛਿਲਕਾਂ ਦਾ ਘੋੜਾ ਜਿਹਾ ਲੱਗਦਾ।

ਪਿੰਡ ਉਸ ਦਾ ਨਾਭੇ ਤੋਂ ਪਰ੍ਹੇ ਸੀ। ਉਹ ਜੰਮਦਾ ਹੀ ਉਸ ਦੀ ਮਾਂ ਨੇ ਸੁਥਰਿਆਂ ਦੇ ਡੇਰੇ ਨੂੰ ਪੁੰਨ ਕਰ ਦਿੱਤਾ ਸੀ। ਜਦ ਉਹ ਉਡਾਰ ਹੋਇਆ, ਸੁਥਰੇ ਆ ਕੇ ਉਸ ਨੂੰ ਲੈ ਗਏ। ਉਸ ਤੋਂ ਬਾਅਦ ਦੋ ਭਰਾ ਉਸ ਦੇ ਹੋਰ ਵੀ ਹੋਏ। ਫੇਰ ਦੋਵੇਂ ਭਰਾਵਾਂ ਦੇ ਅਗਾਂਹ ਔਲਾਦ ਵੀ ਹੋਈ। ਭਾਵੇਂ ਉਹ ਜ਼ਾਤ ਦੇ ਸੁਨਿਆਰ ਸਨ, ਪਰ ਉਨ੍ਹਾਂ ਕੋਲ ਕੁਝ ਜ਼ਮੀਨ ਤੇ ਜਾਇਦਾਦ ਵੀ ਸੀ। ਬਾਰੂ ਸੁਥਰਿਆਂ ਨਾਲ ਰਲ ਕੇ ਪਿੰਡ ਛੱਡ ਆਇਆ ਸੀ। ਉਹ ਦੇ ਦੋ ਭਰਾਵਾਂ ਨੇ ਬਾਅਦ ਵਿੱਚ ਆਪਸ ਵਿੱਚ ਜਾਇਦਾਦ ਵੰਡਣ ਲੱਗੇ ਬਾਰੂ ਨੂੰ ਫੌਤ ਹੋਇਆ ਲਿਖਵਾ ਦਿੱਤਾ। ਨਾਲੇ ਹੁਣ ਉਹ ਬਾਰੂ ਕਾਹਨੂੰ ਸੀ ਡੰਡੇ ਵਜਾਉਂਦਾ ‘ਕੌਡੇ ਸ਼ਾਹ’ ਸੁਥਰਾ ਸੀ।

ਉਹ ਕਹਿੰਦਾ ਹੁੰਦਾ– ‘ਘਰਦਿਆਂ ਕੰਨੀਓ ਤਾਂ ਮੈਂ ਮਰਿਆ ਹੋਇਆ, ਐਥੇ ਈ ਜਿਊਨਾਂ।’

ਸੁਥਰਿਆਂ ਦੇ ਨਿਰਜਿੰਦ ਜੀਵਨ ਨੂੰ ਛੱਡ ਕੇ ਫੇਰ ਬਾਰੂ ਲਾਹੌਰ ਚਲਿਆ ਗਿਆ। ਉੱਥੇ ਜਾ ਕੇ ਤਾਂਗਾ ਵਾਹੁਣ ਲੱਗ ਪਿਆ। ਉਸ ਵੇਲੇ ਉਹ ਦੀ ਉਮਰ ਤੀਹ ਸਾਲ ਦੀ ਸੀ।

ਅੱਧੀ ਛੁੱਟੀ ਵੇਲੇ ਅਸੀਂ ਨਿੱਤ ਬਾਰੂ ਦੀ ਚਾਹ ਪੀਣ ਜਾਂਦੇ। ਕਈ ਵਾਰੀ ਜੇ ਅਸੀਂ ਸਕੂਲ ਵਿੱਚ ਚਾਹ ਪੀ ਲਈ ਹੁੰਦੀ ਤੇ ਫੇਰ ਚਾਹ ਦੀ ਲੋੜ ਨਾ ਵੀ ਹੁੰਦੀ ਤਾਂ ਵੀ ਉਹ ਦੇ ਕੋਲ ਚਾਹ ਪੀਣ ਜਾਂਦੇ। ਬਾਰੂ ਦੀ ਚਾਹ ਨਾਲੋਂ ਸਾਨੂੰ ਉਹ ਦੀਆਂ ਗੱਲਾਂ ਦਾ ਨਸ਼ਾ ਬਹੁਤਾ ਹੁੰਦਾ।

ਇੱਕ ਦਿਨ ਬਾਰੂ ਨੇ ਦੱਸਿਆ ਕਿ ਜਦ ਉਹ ਲਾਹੌਰ ਤਾਂਗਾ ਵਾਹੁੰਦਾ ਹੁੰਦਾ ਸੀ, ਇੱਕ ਮੇਮ ਨੇ ਉਸ ਨਾਲ ਘਰ ਤੋਂ ਹਸਪਤਾਲ ਤੇ ਹਸਪਤਾਲ ਤੋਂ ਘਰ ਨਿੱਤ ਛੱਡਣ ਤੇ ਲਿਆਉਣ ਦਾ ਠੇਕਾ ਕਰ ਲਿਆ। ਮੇਮ ਉਹ ਹਸਪਤਾਲ ਵਿੱਚ ਡਾਕਟਰ ਲੱਗੀ ਹੋਈ ਸੀ। ਦਿਨੇ ਉਹ ਹੋਰ ਸਵਾਰੀਆਂ ਲੈਂਦਾ ਰਹਿੰਦਾ ਤੇ ਸਵੇਰੇ ਸ਼ਾਮ ਮੇਮ ਨੂੰ ਛੱਡਦਾ ਲਿਆਉਂਦਾ। ਮੇਮ ਨੇ ਫੇਰ ਉਸ ਨੂੰ ਆਪਣੀ ਕੋਠੀ ਵਿੱਚ ਹੀ ਰਹਿਣ ਲਈ ਇੱਕ ਕਮਰਾ ਦੇ ਦਿੱਤਾ। ਹੁਣ ਉਹ ਆਪਣਾ ਤਾਂਗਾ ਵੀ ਉੱਥੇ ਹੀ ਰੱਖਦਾ ਤੇ ਘੋੜਾ ਵੀ। ਨੀਰਾ ਦਾਣਾ ਵੀ ਘੋੜੇ ਵਾਸਤੇ ਉੱਥੇ ਈ। ਮੇਮ ਤਾਂ ਬੁੜ੍ਹੀ ਜਿਹੀ ਸੀ, ਪਰ ਮੇਮ ਦੀ ਕੁੜੀ ਫੁਲ ਪਟਾਕਾ ਸੀ। ਬਾਰੂ ਨੂੰ ਉਹ ਗਿਟ ਮਿਟ ਗਿਟ ਮਿਟ ਕਰਦੀ ਰਿਹਾ ਕਰੇ। ਕਦੇ ਉਹ ਦੀਆਂ ਵੱਡੀਆਂ ਵੱਡੀਆਂ ਤੇ ਕੁੰਡੀਆਂ ਮੁੱਛਾਂ ਨੂੰ ਹੱਥ ਲਾ ਕੇ ਦੇਖਿਆ ਕਰੇ। ਕਦੇ ਉਹ ਦੇ ਡੌਲਿਆਂ ਨੂੰ ਟੋਹਿਆ ਕਰੇ ਮੋਟੇ ਮੋਟੇ ਆਂਡਿਆਂ ਵਾਲੀਆਂ ਡੋਰੇਦਾਰ ਉਹ ਦੀਆਂ ਅੱਖਾਂ ਵਿੱਚ ਕਦੇ ਉਹ ਕੁੜੀ ਅੱਖਾਂ ਗੱਡ ਕੇ ਝਾਕਿਆ ਕਰੇ। ਬਾਰੂ ਡਰਦਾ ਰਹਿੰਦਾ– 'ਸਾਲਿਓ ਹੱਡੀ ਬੋਟੀ ਨੀ ਛੱਡਣੀ।'

ਮੇਮ ਦਾ ਇੱਕ ਤੋਤਾ ਰੱਖਿਆ ਹੋਇਆ ਸੀ। ਤੋਤਾ ਕੁਝ–ਕੁਝ ਹਿੰਦੁਸਤਾਨੀ ਬੋਲਦਾ ਤਾਂ ਮੇਮ ਨੂੰ ਬੜਾ ਪਿਆਰਾ ਲੱਗਦਾ। ਬਾਰੂ ਉਸ ਨੂੰ ਕਹਿੰਦਾ– 'ਸਾਡੇ ਖ਼ਾਨਦਾਨ 'ਚ ਅਸੀਂ ਤੋਤੇ ਕਬੂਤਰ ਬਹੁਤ ਰੱਖੇ ਨੇ। 'ਤੇ ਇੱਕ ਦਿਨ ਮੇਮ ਦੇ ਉਸ ਫੁਲ ਪਟਾਕੇ ਨੂੰ ਹੌਲੀ ਦੇ ਕੇ ਬਾਰੂ ਕਹਿੰਦਾ– 'ਮੇਰੇ ਕੋਲ ਵੀ ਹੁਣ ਵੀ ਤੋਤੇ ਜਿਹੜਾ ਢਿੱਡ 'ਤੇ ਦਾਣੇ ਚੁਗਦੈ।' ਮੇਮ ਦੀ ਕੁੜੀ ਹੈਰਾਨ ਹੋ ਗਈ, ਕਹਿੰਦੀ– 'ਕੋਚਵਾਨ, ਮੇਰੇ ਕੋ ਦਿਖਾਓ ਐਸਾ ਜਾਨਵਰ ।' ਤੇ ਫੇਰ ਮੇਮ ਦੀ ਕੁੜੀ ਨੂੰ ਬਾਰੂ ਨੇ ਆਪਣੇ ਕਮਰੇ ਵਿੱਚ ਲਿਜਾ ਕੇ ਢਿੱਡ 'ਤੇ ਚੋਗਾ ਚੁਗਣ ਵਾਲਾ ਤੋਤਾ ਦਿਖਾਇਆ। ਫੇਰ ਤਾਂ ਉਹ ਨਿੱਤ ਉਸ ਦਾ ਤੋਤਾ ਕਮਰੇ ਵਿੱਚ ਦੇਖਣ ਜਾਂਦੀ।

ਇਹ ਅਸੀਂ ਹੀ ਜਾਣਦੇ ਸੀ ਕਿ ਢਿੱਡ 'ਤੇ ਦਾਣੇ ਚੁਗਣ ਵਾਲਾ ਬਾਰੂ ਦਾ ਤੋਤਾ ਕੀ ਸੀ। ਇਹ ਗੱਲ ਉਸ ਨੇ ਫੇਰ ਕਈ ਵਾਰ ਮਸਾਲੇ ਲਾ ਲਾ ਸਾਨੂੰ ਸੁਣਾਈ।

ਜਦੋਂ ਅਸੀਂ ਅੱਧੀ ਛੁੱਟੀ ਵੇਲੇ ਬਾਰੂ ਕੋਲ ਜਾਂਦੇ ਤਾਂ ਜਾਣਸਾਰ ਗੁਣ ਗਣਾਉਣ ਲੱਗ ਜਾਂਦੇ–

ਲੱਟ ਪੱਟ ਪੰਛੀ, ਚਤਰ ਸੁਜਾਨ।
ਸਭ ਕਾ ਦਾਤਾ, ਸਿਰੀ ਭਗਵਾਨ।
ਪੜ੍ਹ ਭਾਈ, ਤੂੰ ਗੰਗਾ ਰਾਮ।

ਬਾਰੂ ਜਦ ਖ਼ੁਸ਼ ਹੁੰਦਾ ਤਾਂ ਆਪਣੇ ਹੀ ਅੰਦਾਜ਼ ਵਿੱਚ ਉੱਚੀ ਬੋਲਦਾ– 'ਔਹੋ।' ਉਸ ਦੀ 'ਔਹੋ' ਨੂੰ ਸਭ ਜਾਣਦੇ ਸਨ। ਤਾਂਗੇ ਵਾਲੇ, ਮਾਸਟਰ ਤੇ ਦੁਕਾਨਦਾਰ ਸਭ ਉਸ ਦੇ ਮੂੰਹੋਂ 'ਔਹੋ' ਕਹਾ ਕੇ ਖਿੜ ਜਾਂਦੇ। ਇਸ ਤਰ੍ਹਾਂ ਦਾ ਬੋਲ ਇਸ ਤਰ੍ਹਾਂ ਦੇ ਢੰਗ ਵਿੱਚ ਉਹੀ ਕਹਿ ਸਕਦਾ ਸੀ। ਉਸ ਦੀ ਭੱਠੀ 'ਤੇ ਚਾਹ ਜਦ ਪੂਰੀ ਉੱਬਲ ਜਾਂਦੀ ਜਾਂ ਕੋਈ ਸੋਹਣੀ ਤੀਵੀਂ ਤਾਂਗੇ ਵਿੱਚ ਆ ਕੇ ਬਹਿੰਦੀ ਤਾਂ ਉਹ 'ਔਹੋ' ਜ਼ਰਾ ਨਸ਼ੇ ਵਿੱਚ ਆ ਕੇ ਕਹਿੰਦਾ।

ਇੱਕ ਵਾਰੀ ਸਾਡੇ ਹੈੱਡ ਮਾਸਟਰ ਦੀ ਢੂਹੀ ਦੁਖਣ ਲੱਗ ਪਈ। ਅਸੀਂ ਬਾਰੂ ਨੂੰ ਪੁੱਛਿਆ ਕਿ ਕੀ ਕੀਤਾ ਜਾਵੇ।ਬਾਰੂ ਕਹਿੰਦਾ– 'ਕੱਛੂ ਦਾ ਮੀਟ ਖਾਓ ਬਾਊ ਜੀ, ਮੁੜਕੇ ਢੂਹੀ ਦੁਖ 'ਗੀ ਤਾਂ ਮੈਨੂੰ ਫੜ ਲਓ!' ਫੇਰ ਉਸ ਨੇ ਇੱਕ ਵਕੀਲ ਦੀ ਗੱਲ ਸੁਣਾਈ, ਜਿਹੜਾ ਡਰਦਾ ਰਾਤ ਨੂੰ ਆਪਣੀ ਤੀਵੀਂ ਕੋਲ ਨਹੀਂ ਸੀ ਜਾਂਦਾ ਹੁੰਦਾ, ਬਾਰੂ ਉਦੋਂ ਇੱਕ ਸਾਧ ਕੋਲ ਰਹਿੰਦਾ ਹੁੰਦਾ ਸੀ। ਸਾਧ ਕੋਲ ਉਹ ਵਕੀਲ ਆਇਆ। ਸਾਧ ਨੇ ਉਸ ਨੂੰ ਸੇਰ ਸੇਰ ਸਾਰੇ ਫ਼ਲ–ਜਿੰਨੇ ਵੀ ਉਸ ਮੌਸਮ ਦੇ ਸਨ–ਲਿਆਉਣ ਲਈ ਕਿਹਾ। ਉਨ੍ਹਾਂ ਨੂੰ ਕਈ ਦਿਨ ਗੁੜ ਦੇ ਪਾਣੀ ਵਿੱਚ ਭਿਓਂ ਕੇ ਤੇ ਸਾੜ ਕੇ ਉਨ੍ਹਾਂ ਦੀ ਸ਼ਰਾਬ ਬਣਾ ਕੇ ਦਿੱਤੀ। ਉਸ ਵਕੀਲ ਨੂੰ ਸਾਧ ਨੇ ਸੱਤ ਦਿਨ ਆਪਣੇ ਕੋਲ ਹੀ ਰੱਖਿਆ। ਨਿੱਤ ਉਸ ਨੂੰ ਉਹ ਫ਼ਲਾਂ ਦੀ ਬਣੀ ਸ਼ਰਾਬ ਪਿਆਇਆ ਕਰੇ, ਨਿੱਤ ਕੱਛੂ ਦਾ ਮਾਸ ਖਵਾਇਆ ਕਰੇ। ਅੱਠਵੇਂ ਦਿਨ ਵਕੀਲ ਪਤਾ ਨਹੀਂ ਕਦੋਂ ਘਰ ਨੂੰ ਭੱਜ ਗਿਆ।

ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਗੱਲਾਂ ਬਾਰੂ ਸਾਨੂੰ ਸੁਣਾਉਂਦਾ ਰਹਿੰਦਾ। ਹੋਰਾਂ ਨੂੰ ਉਹ ਪੱਚੀ ਪੈਸੇ ਦਾ ਕੱਪ ਬਣਾਉਂਦਾ, ਪਰ ਸਾਥੋਂ ਤੀਹ ਪੈਸੇ ਲੈਂਦਾ ਸੀ। ਉਸ ਦੇ ਤੀਹ ਪੈਸਿਆਂ ਵਾਲੇ ਕੱਪ ਦਾ ਨਾ ਅਸੀਂ 'ਬਾਦਸ਼ਾਹੀ ਕੱਪ' ਧਰਿਆ ਹੋਇਆ ਸੀ। ਪੈਸਿਆਂ ਦਾ ਹਿਸਾਬ ਕਿਤਾਬ ਉਹ ਪੂਰਾ ਰੱਖਦਾ। ਉਧਾਰ ਚਾਹ ਪਿਆ ਕੇ ਉਹ ਬੜਾ ਦੁਖੀ ਹੁੰਦਾ। ਸਾਡੇ ਵਿਚੋਂ ਜੇ ਕਦੇ ਕਿਸੇ ਦੇ ਦੋ ਤਿੰਨ ਰੁਪਈਏ ਉਧਾਰ ਹੋ ਜ਼ਾਦੇ ਤਾਂ ਉਹ ਬੜਾ ਖਿਝਦਾ। ਸਾਡੇ ਚਪੜਾਸੀ ਨੂੰ ਕਹਿੰਦਾ– 'ਉਹ ਥੋਡੇ ਮਾਸਟਰ ਕੰਨੀਂ ਸੱਤ ਰੁਪਈਏ ਹੋਗੇ, ਦੇਣ ਦਾ ਨਾਊਂ ਈ ਨੀ ਲੈਂਦੇ।' ਇੱਕ ਦਿਨ ਮੈਂ ਸਕੂਲ ਵਿੱਚ ਉਸ ਤੋਂ ਇੱਕ ਮੁੰਡੇ ਦੇ ਹੱਥ ਚਾਹ ਦਾ ਕੱਪ ਮੰਗਵਾਇਆ। ਮੁੰਡਾ ਖਾਲੀ ਆ ਗਿਆ। ਆ ਕੇ ਕਹਿੰਦਾ– 'ਬਾਰੂ ਕਹਿੰਦੈ ਜੀ, ਪੈਸੇ ਲਿਆ ਪਹਿਲਾਂ। ਖਬਰੈ ਕਿਹੜਾ ਮਾਸਟਰ ਚਾਹ ਮੰਗੌਂਦੈ, ਚੌਂਤੀ ਸੌ ਲਗੌੜ ਫਿਰਦੀ ਐ ਏਥੇ।' ਸਾਨੂੰ ਉਸ ਦੀਆਂ ਇਨ੍ਹਾਂ ਗੱਲਾਂ 'ਤੇ ਭੋਰਾ ਗੁੱਸਾ ਨਾ ਆਉਂਦਾ। ਉਹ ਪੈਸੇ ਜੇ ਠੋਕ ਵਜਾ ਕੇ ਲੈਂਦਾ ਸੀ ਤਾਂ ਚਾਹ ਵੀ ਖੱਬੀਮਾਨ ਪਿਆਉਂਦਾ ਸੀ।

ਇੱਕ ਦਿਨ ਮੈਂ ਇਕੱਲਾ ਹੀ ਉਸ ਦੀ ਕੋਠੜੀ ਵਿੱਚ ਚਾਹ ਪੀਣ ਗਿਆ। ਮੈਨੂੰ ਉਹ ਪੁੱਛਣ ਲੱਗਿਆ– 'ਕਿਉਂ ਬਾਊ ਜੀ, ਉਹ ਇੱਕ ਕੁੜੀ ਜੀ ਜਿਹੜੀ ਸਾਈਕਲ 'ਤੇ ਐਧਰ ਸੂਏ ਕੰਨੀਓਂ ਐਂਦੀ ਐ, ਉਹ ਪੜ੍ਹਦੀ ਐ ਕਿ ਪੜ੍ਹੌਂਦੀ ਐ?'

ਮੈਂ ਪੁੱਛਿਆ– 'ਕਿਹੜੀ?'

'ਉਹ ਗੱਦਰ ਜੀ, ਮਧਰੀ ਜੀ, ਸਿਓ ਵਰਗੀਆਂ ਗੱਲ੍ਹਾਂ ਨੇ, ਮੋਟੀਆਂ ਮੋਟੀਆਂ ਅੱਖਾਂ ਆਲੀ!' ਬਾਰੂ ਦੀ ਚਾਹ ਉੱਬਲ ਕੇ ਭੱਠੀ ਵਿੱਚ ਪੈ ਗਈ ਸੀ ਤੇ ਉਹ ਹੱਥਾਂ 'ਤੇ ਨਿੱਤ ਨਾਲ ਉਸ ਕੁੜੀ ਦੀ ਬਾਬਤ ਮੈਨੂੰ ਪੁੱਛ ਰਿਹਾ ਸੀ।

ਮੈਂ ਉਸ ਨੂੰ ਦੱਸਿਆ– "ਪੜ੍ਹੌਂਦੀ ਐ ਸਾਡੇ ਸਕੂਲ 'ਚ।' ਐਨਾ ਕਹਿ ਕੇ ਮੈਂ ਤਾਂ ਗੰਭੀਰ ਹੋ ਗਿਆ, ਪਰ ਬਾਰੂ ਮੋਢੇ ਜਿਹੇ ਮਾਰ ਕੇ ਕਹਿੰਦਾ– 'ਐਸੀ ਲੜਕੀ ਕੋ ਮਾਸਟਰਨੀ ਨਹੀਂ ਲੱਗਣਾ ਚਾਹੀਏ।' ਬਾਰੂ ਦਾ ਸ਼ਾਇਦ ਮਤਲਬ ਸੀ ਕਿ ਸੋਹਣੀ ਕੁੜੀ ਨੂੰ ਏਸ ਖੱਚਖ਼ਾਨੇ ਵਿੱਚ ਨਹੀਂ ਪੈਣਾ ਚਾਹੀਦਾ, ਇਹ ਕੰਮ ਤਾਂ ਖਲਪਾੜਾਂ ਤੀਵੀਆਂ ਲਈ ਹੀ ਹੈ। ਮੈਂ ਚੁੱਪ ਕਰ ਰਿਹਾ। ਬਾਰੂ ਫੇਰ ਬੋਲ ਪਿਆ– 'ਕਿਉਂ ਬਾਊ ਜੀ, ਇਹ ਥੋੜੇ ਨਾਲ ਗੱਲ ਵੀ ਕਰ ਲੈਂਦੀਆਂ ਨੇ?' ਮੈਂ ਚਾਹ ਦਾ ਕੱਪ ਖ਼ਤਮ ਕਰ ਲਿਆ ਸੀ। ਮੈਂ ਉਸ ਨੂੰ ਜਵਾਬ ਦਿੱਤਾ– 'ਬਾਰੂ, ਤੂੰ ਤਾਂ ਕੱਚੀਆਂ ਗੱਲਾਂ ਕਰਨ ਲੱਗ ਪਿਆ।'

ਇੱਕ ਵਾਰੀ ਅੱਡੇਖਾਨੇ ਇੱਕ ਲੇਡੀ ਸਿੰਗਰ ਦਾ ਅਖਾੜਾ ਲੱਗਿਆ। ਲੇਡੀ ਸਿੰਗਰ ਦੇ ਨਾਲ ਇੱਕ ਦੋ ਬੰਦੇ ਹੋਰ ਵੀ ਸਨ ਗਾਉਣ ਵਾਲੇ। ਸਟੇਜ ਬਿਲਕੁੱਲ ਬਾਰੂ ਦੀ ਕੋਠੜੀ ਮੂਹਰੇ ਸੀ। ਲੇਡੀ ਸਿੰਗਰ ਸ਼ਰਾਬ ਪੀਂਦੀ ਸੀ। ਸ਼ਰਾਬ ਦਾ ਪੈੱਗ ਉਹ ਬਾਰੂ ਦੀ ਕੋਠੜੀ ਵਿੱਚ ਆ ਕੇ ਲੈਂਦੀ। ਇੱਕ ਵਾਰੀ ਪਾਣੀ ਪੀਣ ਉਹ ਕੋਠੜੀ ਵਿੱਚ ਆਈ। ਇਕੱਲੀ ਸੀ। ਬਾਰੂ ਅੰਦਰੇ ਬੈਠਾ ਕਬੂਤਰ ਵਾਂਗ ਗੁਟਰ-ਗੁਟਰ ਉਸ ਵੱਲ ਦੇਖਦਾ ਰਿਹਾ। ਪਾਣੀ ਪੀ ਕੇ ਜਦ ਉਹ ਬਾਹਰ ਆਉਣ ਲੱਗੀ ਤਾਂ ਉਸ ਨੂੰ ਉਹ ਕਹਿੰਦਾ– 'ਉਮਰ ਤਾਂ ਬੀਬੀ ਹੁਣ ਮੇਰੀ ਰਹੀ ਨ੍ਹੀ, ਪਰ ਮੈਨੂੰ ਤੇਰੇ ਢਿੱਡ 'ਤੇ ਹੱਥ ਫੇਰ ਕੇ ਦੇਖ ਲੈਣ ਦੇ।' ਤੇ ਬਾਰੂ ਨੇ ਲੇਡੀ ਸਿੰਗਰ ਦੀ ਬਾਂਹ ਫੜ ਲਈ। ਅੱਥਰੀ ਕਮਜ਼ਾਤ ਨੇ ਠੇਡਾ ਬਾਰੂ ਦੇ ਕਸੂਤੇ ਥਾਂ ਮਾਰਿਆ। ਉਸ ਰਾਤ ਬਾਰੂ ਕੋਠੜੀ ਵਿੱਚ ਹੀ ਬੇਸੁੱਧ ਪਿਆ ਰਿਹਾ। ਦੂਜੇ ਦਿਨ ਨਾ ਉਸ ਨੇ ਭੱਠੀ ਭਖਾਈ ਤੇ ਨਾ ਚਾਹ ਬਣਾਈ। ਅਸੀਂ ਅੱਧੀ ਛੁੱਟੀ ਉਹ ਦੇ ਕੋਲ ਗਏ। ਉਹ ਸਿਗਰਟ ਪੀ ਰਿਹਾ ਸੀ ਤੇ ਹੱਸ ਰਿਹਾ ਸੀ। ਉਸ ਨੇ ਸੱਚੀ ਸੱਚੀ ਸਾਰੀ ਗੱਲ ਸੁਣਾਈ ਤੇ ਨਾਲੇ ਕਹਿੰਦਾ– 'ਹਰਨੀਆਂ ਨੇ ਕੰਜਰ ਦੀਆਂ ਮੇਰੇ-ਡਾਕਟਰ ਨੇ ਕਿਹਾ ਸੀ ਮਾੜਾ ਚੰਗਾ ਕੰਮ ਨਾ ਕਰੀਂ। ਛੀ ਮਹੀਨੇ ਹੋਗੇ ਗੇੜ ਕਰੇ ਨੂੰ-ਨਹੀਂ ਸਾਲੀ ਕੀ ਸੁੱਕੀ ਨਿਕਲ ਜਾਂਦੀ।' ਜਿੱਥੇ ਉਹ ਰਾਤ ਦਾ ਪਿਆ ਸੀ, ਉੱਥੋਂ ਹੀ ਉਸ ਤੋਂ ਨਹੀਂ ਸੀ ਉੱਠਿਆ ਜਾਂਦਾ। 'ਛੜ ਮਾਰੀ 'ਗੀ ਕੰਜਰ ਦੀ', ਉਹ ਹੱਸ ਕੇ ਕਹਿੰਦਾ।

ਦੂਜੀ ਰਾਤ ਵੀ ਥਾਏਂ ਪਿਆ ਰਿਹਾ। ਰਾਤ ਨੂੰ ਦਾਅ ਬਚਾ ਕੇ ਦੋ ਚੋਰ ਆਏ ਤੇ ਉਸ ਦੇ ਭਾਂਡੇ ਤੇ ਹੋਰ ਨਿੱਕ ਸੁੱਕ ਵੀ ਗਠੜੀ ਬੰਨ੍ਹ ਲਈ। ਗਠੜੀ ਬੰਨ੍ਹਣ ਲੱਗਿਆਂ ਤੋਂ ਭਾਂਡੇ ਉਨ੍ਹਾਂ ਤੋਂ ਖੜਕ ਪਏ। ਬਾਰੂ ਉੱਚੀ-ਉੱਚੀ ਕੜਕਿਆ– 'ਚੋਰ, ਚੋਰ!' ਇੱਕ ਆਦਮੀ ਨੇ ਦੋ ਡਾਂਗਾਂ ਕਸਵੀਆਂ ਉਸ ਦੇ ਕਪਾਲ ਵਿੱਚ ਮਾਰੀਆਂ ਤੇ ਮੁੜ ਕੇ ਬਾਰੂ ਕੁਸਕਿਆ ਨਾ। ਦੂਜੇ ਦਿਨ ਬਾਰੂ ਮਰਿਆ ਪਿਆ ਸੀ।

ਤਾਂਗੇ ਵਾਲਿਆਂ ਨੇ, ਬਜ਼ਾਰ ਦੇ ਚਾਹ ਪੀਣ ਵਾਲੇ ਦੁਕਾਨਦਾਰਾਂ ਨੇ, ਮਾਸਟਰਾਂ ਨੇ ਤੇ ਮਾਸਟਰਨੀਆਂ ਨੇ ਪੈਸੇ ਇਕੱਠੇ ਕੀਤੇ ਤੇ ਲੱਕੜਾਂ ਖਰੀਦਿਆਂ। ਤਾਂਗੇ ਵਾਲਿਆਂ ਨੇ ਚੁੱਕ ਕੇ ਉਸ ਦਾ ਸਿਵਿਆ ਵਿੱਚ ਸਸਕਾਰ ਕਰ ਦਿੱਤਾ। ♦

# ਦੋ ਕੰਬਲ, ਗਰਮ ਚਾਦਰ ਤੇ ਆਰਾਮ ਕੁਰਸੀ

ਪੱਕਾ ਡੱਬੇ ਵਰਗਾ ਵਧੀਆ ਮਕਾਨ। ਦਰਵਾਜ਼ਾ, ਦਰਵਾਜ਼ੇ ਦੇ ਨਾਲ ਬੈਠਕ, ਬੈਠਕ 'ਤੇ ਚੁਬਾਰਾ, ਸਭ ਪੱਕੇ ਤੇ ਸੀਮਿੰਟ ਕੀਤੇ ਹੋਏ। ਅੱਗੇ ਜਾ ਕੇ ਖੁੱਲ੍ਹਾ ਵਿਹੜਾ ਤੇ ਪਿੱਛੇ ਦੋ ਸਬ੍ਹਾਤਾਂ।

ਹੌਲਦਾਰ ਮਰੇ ਨੂੰ ਸਾਲ ਭਰ ਹੋ ਚੱਲਿਆ ਸੀ। ਪਹਿਲਾਂ ਉਸ ਦੀ ਨਿਗ੍ਹਾ ਘਟ ਗਈ, ਫੇਰ ਲੱਤਾਂ ਪੈਰਾਂ ਵੱਲੋਂ ਆਰੀ ਤੇ ਅਖ਼ੀਰ ਜਦ ਜ਼ੁਬਾਨ ਵੀ ਥਿੜਕਣ ਲੱਗੀ ਤਾਂ ਮਹੀਨਾ ਕੁ ਮੰਜੀ ਵਿੱਚ ਪੈ ਕੇ ਚਲਦਾ ਹੋਇਆ। ਪੂਰਾ ਸੱਤਰ ਸਾਲ ਦਾ ਹੋ ਕੇ ਮਰਿਆ ਸੀ ਉਹ।

ਚਾਲੀ ਸਾਲ ਦਾ ਸੀ, ਜਦ ਉਸ ਨੇ ਜੰਗੀਰੋ ਵਿਆਹ ਕੇ ਲਿਆਂਦੀ। ਵਿਆਹ ਕਰਵਾ ਕੇ ਉਹ ਉਸ ਨੂੰ ਨਾਲ ਹੀ ਛਾਉਣੀ ਵਿੱਚ ਲੈ ਗਿਆ ਸੀ। ਨਿਆਣੀ ਉਮਰ, ਸੋਲਾਂ-ਸਤਾਰਾਂ ਸਾਲ ਦੀ ਸੀ ਮਸ੍ਹਾਂ। ਛਾਉਣੀ ਜਾ ਕੇ ਜੰਗੀਰੋ ਰੋਂਦੀ ਰਹਿੰਦੀ। ਮਹੀਨਾ ਵੀਹ ਦਿਨ ਰੱਖ ਕੇ ਹੀ ਹੌਲਦਾਰ ਉਸ ਨੂੰ ਆਪਣੇ ਪਿੰਡ ਛੱਡ ਗਿਆ। ਹੁਣ ਉਹ ਕੁਝ ਇੱਥੇ ਰਹਿੰਦੀ ਕੁਝ ਪੇਕੀਂ। ਹੌਲਦਾਰ ਕਦੇ ਕਦੇ ਹੀ ਛੁੱਟੀ ਆਉਂਦਾ। ਪਿੰਡ-ਜੰਗੀਰੋ ਦੀ ਸਿਰ ਹਿਲਦੇ ਵਾਲੀ ਸੱਸ, ਉਸ ਦਾ ਜੇਠ, ਉਸ ਦੀ ਘਰਵਾਲੀ ਮਰ ਚੁੱਕੀ ਸੀ, ਉਸ ਨੂੰ ਫੁੱਲਾਂ ਵਾਂਗ ਸਾਂਭ ਸਾਂਭ ਰੱਖਦੇ।

ਪੰਜ ਸਾਲ ਬਾਅਦ ਹੀ ਹੌਲਦਾਰ ਪੈਨਸ਼ਨ ਲੈ ਕੇ ਆ ਗਿਆ। ਆ ਕੇ ਉਹ ਆਪਣੇ ਵੱਡੇ ਭਰਾ ਨਾਲੋਂ ਅੱਡ ਹੋ ਗਿਆ। ਮਕਾਨ ਪਾਇਆ ਪੱਕਾ, ਜ਼ਮੀਨ ਹੋਰ ਖਰੀਦ ਲਈ। ਇੱਕ ਝੋਰਾ ਸੀ, ਉਸ ਨੂੰ ਕਿ ਜੰਗੀਰੋ ਅਜੇ ਢਿੱਡੋਂ ਨਹੀਂ ਸੀ ਫੁੱਟੀ। ਬਥੇਰੀਆਂ ਦਾਈਆਂ ਨੇ ਜ਼ੋਰ ਲਾਇਆ, ਡਾਕਟਰੀ ਇਲਾਜ ਦੀ ਕੋਈ ਕਸਰ ਨਾ ਛੱਡੀ, ਧਾਗੇ ਤਵੀਤ ਵੀ ਕਰਾ ਕੇ ਦੇਖ ਲਏ, ਪਰ ਕੁਦਰਤ ਨੂੰ ਬਿਲਕੁੱਲ ਹੀ ਮਨਜ਼ੂਰ ਨਾ ਹੋਇਆ। ਇਸੇ ਤਰ੍ਹਾਂ ਦਸ ਸਾਲ ਲੰਘ ਗਏ। ਕਈ ਸਿਆਣੇ ਆਦਮੀਆਂ ਨੇ ਹੌਲਦਾਰ ਨੂੰ ਦੂਜੇ ਵਿਆਹ ਦੀ ਸਲਾਹ ਦਿੱਤੀ। ਹੋਲਦਾਰ ਜਦ ਵੀ ਦੂਜੇ ਵਿਆਹ ਦੀ ਗੱਲ ਕਰਦਾ, ਜੰਗੀਰੋ ਰੋਣ ਬਹਿ ਜਾਂਦੀ। ਦਿਨ ਲੰਘਦੇ ਗਏ।

ਅੱਜ ਜੰਗੀਰੋ ਬੜੀ ਉਦਾਸ ਸੀ। ਹੌਲਦਾਰ ਮਰੇ ਨੂੰ ਸਾਲ ਭਰ ਹੋ ਚੱਲਿਆ ਸੀ। ਪਾਲੀ ਉਸ ਦਾ ਰੋਜ਼ ਵਾਂਗ ਮਹਿੰ ਲੈ ਕੇ ਖੇਤ ਨੂੰ ਜਾ ਚੁੱਕਿਆ ਸੀ। ਉਸ ਦੇ ਕੋਲ ਰਹਿੰਦਾ ਉਸ ਦਾ ਪੰਦਰਾਂ-ਸੋਲਾਂ ਸਾਲ ਦਾ ਭਾਣਜਾ ਛੀ ਦਿਨ ਹੋ ਗਏ, ਪਲਾਹੜੇ ਦੇ ਮੇਲੇ ਗਿਆ, ਅਜੇ ਤੀਕ ਨਹੀਂ ਸੀ ਮੁੜਿਆ। ਜੰਗੀਰੋ ਮੱਥੇ 'ਤੇ ਹੱਥ ਰੱਖੀ ਬੈਠੀ ਸੀ। ਡੂੰਘੀਆਂ ਸੋਚਾਂ ਵਿੱਚ ਡੁੱਬੀ ਹੋਈ। ਉਸ ਦਾ ਰਾਜੇ ਵਰਗਾ ਘਰ ਅਜਾਈ ਜਾ ਰਿਹਾ ਸੀ।

ਜੰਗੀਰੋ ਦੀ ਸੋਚ ਬੈਠੀ ਬੈਠੀ ਦੀ ਸੁਪਨੇ ਵਾਂਗ ਤੁਰ ਪਈ। ਹੌਲਦਾਰ ਜਦ ਬੁਢਾਪੇ ਵਿੱਚ ਪੈਰ ਰੱਖਣ ਲੱਗਿਆ, ਉਸ ਵੇਲੇ ਉਹ ਪੂਰੀ ਜਵਾਨ ਸੀ, ਸਾਰਾ ਨਕਸ਼ਾ ਉਸ ਦੀਆਂ ਅੱਖਾਂ ਮੂਹਰੇ ਆ ਗਿਆ। ਕਿਵੇਂ ਇੱਕ ਦਿਨ ਉਸ ਨੂੰ ਇੱਕ ਸਿਆਣੀ ਬੁੜ੍ਹੀ ਕਿੰਨਾ ਹੀ ਚਿਰ ਸਮਝਾਉਂਦੀ ਰਹੀ। ਅਖ਼ੀਰ ਵਿੱਚ ਉਸ ਬੁੜ੍ਹੀ ਨੇ ਇਹ ਵੀ ਦੱਸਿਆ ਕਿ ਤੀਵੀਂ ਵਿੱਚ ਕੋਈ ਨੁਕਸ ਹੋਣਾ ਜ਼ਰੂਰੀ ਨਹੀਂ, ਆਦਮੀ ਵਿੱਚ ਵੀ ਨੁਕਸ ਹੋ ਸਕਦਾ ਹੈ। ਉਸ ਬੁੜ੍ਹੀ ਨੇ ਇਹ ਵੀ ਕਹਿ ਦਿੱਤਾ ਸੀ ਕਿ ਹੌਲਦਾਰ ਵਿੱਚ ਹੁਣ ਜਾਨ ਕਿੱਥੇ ਐ?

ਦੁੱਗਾ ਬੱਕਰੀਆਂ ਵਾਲਾ ਉਨ੍ਹਾਂ ਦੇ ਘਰ ਆਉਂਦਾ ਹੁੰਦਾ। ਹੌਲਦਾਰ ਨੂੰ ਵੀ ਸੌਦੇਬਾਜ਼ੀ ਦੀ ਫਿਟਕ ਸੀ। ਪੱਠਾਂ ਲੈ ਲਈਆਂ, ਦੁੱਗੇ ਦੇ ਇੱਜੜ ਵਿੱਚ ਰਲਾ ਦਿੱਤੀਆਂ, ਸੂਈਆਂ ਤਾਂ ਨਫ਼ਾ ਕੱਢ ਕੇ ਵੇਚ ਦਿੱਤੀਆਂ–ਦੁੱਗੇ ਨਾਲ ਅੱਧ–ਅੱਧ।

ਦੁੱਗਾ ਨਿੱਤ ਈ ਲਗਭਗ ਉਨ੍ਹਾਂ ਦੇ ਘਰ ਆਥਣ ਵੇਲੇ ਆਉਂਦਾ ਸੀ। ਉਹ ਸੀ ਤਾਂ ਸੁੱਕਾ ਜਿਹਾ, ਜੱਭਲ ਜਿਹਾ ਤੇ ਬੋਲਾ ਜਿਹਾ, ਪਰ ਸੀ ਅਜੇ ਨਵੀਂ ਉਮਰ ਵਿੱਚ ਹੀ। ਉਸ ਦੀ ਬਹੂ ਕੋਲ ਦੋ ਮੁੰਡੇ ਤੇ ਤਿੰਨ ਕੁੜੀਆਂ ਹੋ ਚੁੱਕੀਆਂ ਸਨ। ਜੰਗੀਰੋ ਨੂੰ ਉਹ ਮਿੱਠੀਆਂ ਚਹੇਡਾਂ ਕਰਦਾ ਰਹਿੰਦਾ।

'ਹੌਲਦਾਰ ਦੀਆਂ ਸਾਰੀਆਂ ਪੱਠਾਂ ਸੂਏ ਪੈ ਜਾਂਦੀਆਂ ਨੇ, ਹੌਲਦਾਰਨੀਏ! ਤੂੰ ਵੀ ਧੰਨ ਧੰਨ ਕਰਦੇ ਕਿਤੇ?' ਇੱਕ ਦਿਨ ਦੁੱਗੇ ਨੇ ਚੋਟ ਕੀਤੀ।

'ਤੇਰੇ ਹੌਲਦਾਰ 'ਚ ਈ ਕਣ ਨੀ!' ਜੰਗੀਰੋ ਨੇ ਮਲਵੀਂ ਜਿਹੀ ਜੀਵ ਨਾਲ ਬੁੱਲ੍ਹ ਟੁੱਕ ਕੇ ਉੱਤਰ ਦਿੱਤਾ। ਹੌਲਦਾਰ ਨੂੰ ਜਿਵੇਂ ਸੁਣੇ ਨਾ। ਤੌੜੀ ਦਾ ਦੁੱਧ ਵਧਾ ਕੇ ਜੰਗੀਰੋ ਨੇ ਛੰਨਾ ਭਰਿਆ ਤੇ ਹੌਲਦਾਰ ਨੂੰ ਫੜਾ ਦਿੱਤਾ। ਇੱਕ ਛੰਨਾ ਹੋਰ ਭਰ ਕੇ ਕੁਰਸੀ 'ਤੇ ਬੈਠੇ ਦੁੱਗੇ ਨੂੰ ਦੁੱਧ ਜਦ ਉਹ ਫੜਾਉਣ ਲੱਗੀ ਤਾਂ ਜ਼ੋਰ ਦੀ ਉਸ ਨੇ ਦੁੱਗੇ ਦੀਆਂ ਉਂਗਲਾਂ ਘੁੱਟ ਦਿੱਤੀਆਂ। 'ਸੰਵਾਰ ਕੇ ਫੜ, ਤੱਤੈ, ਡੋਲ੍ਹ ਨਾ ਦਈਂ ਕਮੂਤਾ!' ਦੁੱਗੇ ਦਾ ਸੀਤ ਨਿਕਲ ਗਿਆ।

ਆਥਣੇ ਤਾ ਦੁੱਗਾ ਨਿੱਤ ਆਉਂਦਾ, ਪਰ ਹੁਣ ਕਦੇ ਦੁਪਹਿਰੇ ਹੀ ਉਹ ਆ ਵੜਦਾ, ਜਦੋਂ ਹੌਲਦਾਰ ਏਧਰ ਓਧਰ ਕਿਤੇ ਪਿੰਡ ਵਿੱਚ ਗਿਆ ਹੁੰਦਾ ਜਾਂ ਖੇਤ ਗੇੜਾ ਮਾਰਨ ਗਿਆ ਹੁੰਦਾ। ਮਹੀਨੇ ਪਿੱਛੋ ਜਦ ਪੈਨਸ਼ਨ ਲੈਣ ਹੌਲਦਾਰ ਦੂਰ ਸ਼ਹਿਰ ਜਾਂਦਾ ਤੇ ਉੱਥੇ ਹੀ ਉਸ ਨੂੰ ਰਾਤ ਕੱਟਣੀ ਪੈਂਦੀ, ਉਸ ਰਾਤ ਤਾਂ ਜ਼ਰੂਰ ਦੁੱਗਾ ਜੰਗੀਰੋ ਕੋਲ ਰਹਿੰਦਾ।

ਬੱਕਰੀਆਂ ਦੇ ਨਾਲ ਨਾਲ ਦੁੱਗਾ ਭੇਡਾਂ ਦਾ ਇੱਜੜ ਵੀ ਰੱਖਦਾ ਸੀ। ਦੋ ਤਿੰਨ ਪਾਲੀ ਰੱਖੇ ਹੋਏ ਸਨ। ਭੇਡਾਂ ਦੀ ਉੱਨ ਵਿਚੋਂ ਉਹ ਬਹੁਤ ਪੈਸੇ ਕਮਾਉਂਦਾ। ਉੱਨ ਖਰੀਦਣ ਆਏ ਵਪਾਰੀ ਆਪਣੇ ਨਾਲ ਖਾਲਸ ਉੱਨ ਦੇ ਬਣੇ ਹੋਏ ਵਧੀਆ ਕੰਬਲ ਵੀ ਵੇਚਣ ਖ਼ਾਤਰ ਲਿਆਉਂਦੇ ਹੁੰਦੇ। ਇੱਕ ਵਾਰੀ ਦੁੱਗੇ ਨੇ ਦੋ ਵਧੀਆ ਕੰਬਲ ਜੰਗੀਰੋ ਨੂੰ ਨਿਸ਼ਾਨੀ ਵਜੋਂ ਲੈ ਕੇ ਦਿੱਤੇ।

ਜੰਗੀਰੋ ਦੀ ਸੋਚ ਅੱਗੇ ਤੁਰਦੀ ਗਈ।

ਆਸਾ ਸਿੰਘ ਏਸੇ ਪਿੰਡ ਦਾ ਮਸ਼ਹੂਰ ਬੰਦਾ ਸੀ। ਪਹਿਲਾਂ ਉਹ ਵਜ਼ੀਰ ਵੀ ਰਹਿ ਚੁੱਕਿਆ ਸੀ। ਜਦ ਪਹਿਲੀਆਂ ਆਮ ਚੋਣਾਂ 1952 ਵਿੱਚ ਹੋਈਆਂ, ਉਨ੍ਹਾਂ ਵਿੱਚ ਉਹ ਵੀ ਐੱਮ. ਐੱਲ. ਏ. ਬਣਨ ਲਈ ਖੜ੍ਹਾ ਹੋਇਆ। ਚੋਣ ਮੁਹਿੰਮ ਚੱਲ ਰਹੀ ਸੀ। ਪਿੰਡ ਦੇ ਕਈ ਵੱਡੇ ਵੱਡੇ ਘਰ ਆਸਾ ਸਿੰਘ ਨੂੰ ਸੱਦ ਕੇ ਰੋਟੀ ਕਰਦੇ–ਸ਼ਰਾਬ ਪੀਤੀ ਜਾਂਦੀ ਤੇ ਬੱਕਰੇ ਵੱਢੇ ਜਾਂਦੇ। ਹੌਲਦਾਰ ਨੇ ਵੀ ਉਸ ਨੂੰ ਰੋਟੀ ਕੀਤੀ। ਆਸਾ ਸਿੰਘ ਮਸ੍ਹਾਂ ਤੀਹ ਬੱਤੀ ਸਾਲ ਦਾ ਸੀ। ਐਨੀ ਛੋਟੀ ਉਮਰ ਵਿੱਚ ਵਜ਼ੀਰੀ

ਕਰ ਲੈਣੀ ਖ਼ਾਸੀ ਵੱਡੀ ਗੱਲ ਸੀ। ਹੌਲਦਾਰ ਦੇ ਘਰ ਜਦ ਆਸਾ ਸਿੰਘ ਤੇ ਹੋਰ ਸਾਥੀ ਰੋਟੀ ਖਾਣ ਆਥਣ ਨੂੰ ਆਏ ਤਾਂ ਜੰਗੀਰੋ ਦੀ ਅੱਡੀ ਨਹੀਂ ਸੀ ਲੱਗਦੀ।

ਆਸਾ ਸਿੰਘ ਪਿਸ਼ਾਬ ਕਰਨ ਲਈ ਕੋਠੇ ’ਤੇ ਚੜ੍ਹ ਗਿਆ। ਕੋਠੇ ’ਤੇ ਪਈਆਂ ਛਟੀਆਂ ਦੇ ਢੇਰ ਦੀ ਓਟ ਵਿੱਚ ਉਹ ਪਿਸ਼ਾਬ ਕਰ ਰਿਹਾ ਸੀ। ਜੰਗੀਰੋ ਨੇ ਰੋਟੀ ਪਕਾਉਣੀ ਸ਼ੁਰੂ ਕਰਨੀ ਸੀ। ਚੁੱਲ੍ਹੇ ਕੋਲ ਬਾਲਣ ਨਾ ਪਿਆ ਦੇਖ ਕੇ ਜੰਗੀਰੋ ਛਟੀਆਂ ਲੈਣ ਕੋਠੇ ’ਤੇ ਗਈ ਤਾਂ ਆਸਾ ਸਿੰਘ ਨੇ ਨਸ਼ੇ ਦੇ ਲੋਰ ਵਿੱਚ ਛੇਤੀ ਦੇ ਕੇ ਆਪਣੇ ਪਜਾਮੇ ਦਾ ਨਾਲਾ ਬੰਨ੍ਹ ਕੇ ਜੰਗੀਰੋ ਦੀ ਬਾਂਹ ਫੜ ਲਈ।

‘ਸ਼ਰਮ ਕਰੋ ਕੁਸ!’ ਜੰਗੀਰੋ ਨੇ ਬਾਂਹ ਛੁਡਾ ਕੇ ਕਿਹਾ।

‘ਹਾਣਦਿਆਂ ਨੂੰ ਸ਼ਰਮ ਕਾਹਦੀ ਐ!’ ਆਸਾ ਸਿੰਘ ਨੇ ਮੱਲੋਂ ਮੱਲੀ ਜੰਗੀਰੋ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ।

ਪਿੰਡਾਂ ਵਿੱਚ ਫਿਰ ਤੁਰ ਕੇ ਆਥਣ ਨੂੰ ਆਸਾ ਸਿੰਘ ਪਿੰਡ ਆ ਜਾਂਦਾ। ਆਪਣੇ ਹਮਾਇਤੀਆਂ ਨਾਲ ਸ਼ਰਾਬ ਪੀਂਦਾ। ਪਿੰਡ ਦੇ ਬਾਹਰਵਾਰ ਇੱਕ ਪੁਰਾਣੀ ਹਵੇਲੀ ਵਿੱਚ ਉਨ੍ਹਾਂ ਦਾ ਅੱਡਾ ਲਾਇਆ ਹੋਇਆ ਸੀ। ਹੁਣ ਸ਼ਰਾਬ ਪੀਣ ਵਿੱਚ ਹੌਲਦਾਰ ਨੂੰ ਵੀ ਸੱਦਿਆ ਜਾਂਦਾ। ਹੌਲਦਾਰ ਜਦ ਗੁੱਟ ਹੋ ਜਾਂਦਾ ਤਾਂ ਆਸਾ ਸਿੰਘ ਇੱਕ ਹੋਰ ਪੜ੍ਹਾਕੂ ਮੁੰਡੇ ਨੂੰ ਨਾਲ ਲੈ ਕੇ ਜੰਗੀਰੋ ਕੋਲ ਜਾ ਧਮਕਦਾ। ਓਧਰ ਹੌਲਦਾਰ ਨੂੰ ਆਸਾ ਸਿੰਘ ਦੇ ਹਮਾਇਤੀ ਹੋਰ ਗਲਾਸ ’ਤੇ ਗਲਾਸ ਚਾੜ੍ਹੀ ਜਾਂਦੇ। ਅੱਧੀ ਰਾਤ ਹੌਲਦਾਰ ਨੂੰ ਡੌਲਿਓ ਫੜ ਕੇ ਉਹ ਘਰ ਛੱਡ ਜਾਂਦੇ। ਆਸਾ ਸਿੰਘ ਐੱਮ. ਐੱਲ. ਏ. ਚੁਣਿਆ ਗਿਆ। ਬਾਅਦ ਵਿੱਚ ਉਹ ਆਪ ਹੀ ਉਸ ਕੋਲ ਜਾਣ ਲੱਗ ਪਈ ਸੀ। ਇੱਕ ਵਾਰ ਉਹ ਸ਼ਿਮਲੇ ਗਿਆ ਤਾਂ ਇੱਕ ਵਧੀਆ ਗਰਮ ਚਾਦਰ ਜੰਗੀਰੋ ਨੂੰ ਲਿਆ ਕੇ ਦਿੱਤੀ।

‘ਬੋਲਿਆ, ਹੁਣ ਤਾਂ ਵੱਡੇ ਆਦਮੀਆਂ ਦਾ ਜ਼ੋਰ ਪੈ ਗਿਆ!’ ਕਈ ਆਦਮੀ ਜਗੀਰੋ ਨੂੰ ਦੇਖ ਕੇ ਦੁੱਗੇ ਨੂੰ ਬੋਲੀ ਮਾਰਦੇ। ਦੁੱਗਾ ਚੁੱਪ ਕਰ ਰਹਿੰਦਾ ਤੇ ਹੁਣ ਕਦੇ ਵੀ ਹੌਲਦਾਰ ਦੇ ਘਰ ਨਹੀਂ ਸੀ ਆਇਆ।

ਜੰਗੀਰੋ ਦੀ ਸੋਚ ਹੋਰ ਅੱਗੇ ਤੁਰਦੀ ਗਈ।

ਆਸਾ ਸਿੰਘ ਦਾ ਕੋਈ ਬੰਨ੍ਹ ਚੱਪਾ ਨਹੀਂ ਸੀ। ਉਹ ਦੇ ਨਾਲ ਉਸ ਦੇ ਗਵਾਂਢ ਵਿਚੋਂ ਇੱਕ ਹੋਰ ਤੀਵੀਂ ਫਸ ਗਈ ਸੀ। ਜੰਗੀਰੋ ਦਾ ਤਿਉਹ ਹੁਣ ਉਹ ਘੱਟ ਕਰਦਾ ਸੀ।

ਦੂਜੇ ਅਗਵਾੜੋਂ ਇੱਕ ਨਾਮ ਕਟੀਆ ਹੌਲਦਾਰ ਕੋਲ ਆਉਂਦਾ ਹੁੰਦਾ। ਮੁੰਡੇ ਓਸ ਵਿੱਚ ਅਜੇ ਸਾਰੀ ਜਵਾਨੀ ਹੀ ਕਾਇਮ ਸੀ। ਉੱਚਾ ਲੰਮਾ ਕੱਦ, ਨਿੱਗਰ ਭਰਵਾਂ ਸਰੀਰ ਤੇ ਚਿਹਰੇ ’ਤੇ ਭਰਪੂਰ ਸ਼ਕਤੀ ਦੀ ਭਾਵਨਾ ਟਪਕਦੀ ਸੀ।

‘ਜੈਲਿਆ, ਨੌਕਰੀ ਦੇ ਪੈਸੇ ਜੋੜੇ ਫੇਰ ਕੁਸ?’ ਇੱਕ ਦਿਨ ਹੌਲਦਾਰ ਨੇ ਪੁੱਛਿਆ।’

‘ਪੈਸੇ ਤਾਂ ਚਾਚਾ ਕੁਸ ਜੁੜੇ ਨੀਂ।’ ਜੈਲੇ ਨੇ ਨੀਵੀਂ ਪਾ ਲਈ।

‘ਵਿਆਹ ਫੇਰ ਹੁਣ ਕਾਹਦੇ ਨਾਲ ਹੋਊ? ਹੌਲਦਾਰ ਨੇ ਉਸ ਦੀ ਦੁਖਦੀ ਰਗ ਨੂੰ ਹੱਥ ਲਾਇਆ। ਜੈਲਾ ਚੁੱਪ ਕਰਕੇ ਬੈਠਾ ਰਿਹਾ ਤੇ ਫੇਰ ਉਹ ਕਈ ਹੋਰ ਗੱਲਾਂ ਫ਼ੌਜ ਦੀਆਂ ਕਰਦੇ ਰਹੇ।

‘ਦਾਦੇ ਮੁਘਾਉਣੇ ਲੇਖੂ ਨੇ ਈ ਹੁਣ ਤਾਂ ਗੇੜਾ ਨੀ ਮਾਰਿਆ ਕਦੇ, ਚਾਰ ਸਾਲ ਹੋਗੇ।’ ਜੰਗੀਰੋ ਨੇ ਕਿਹਾ।

'ਬਹੂ ਆ 'ਗੀ, ਹੁਣ ਉਹ ਨੇ ਸਾਥੋਂ ਕੀ ਲੈਣੇ। ਪਹਿਲਾਂ ਤਾਂ ਸਾਕ ਖ਼ਾਤਰ ਫਿਰਦਾ ਸੀ ਦਰ ਦਰ ਬੌਂਦਾ। ਹੌਲਦਾਰ ਨੇ ਉੱਤਰ ਦਿੱਤਾ।

'ਭਾਣਜੇ ਭਤੀਜਿਆਂ ਦਾ ਕੋਈ ਕੀ ਲਗਦੈ, ਮੈਂ ਤਾਂ ਝੁਰਦੀਆਂ ਬਈ ਤੇਰੀ ਉਮਰ ਕੀਹ ਐ ਹੁਣ ਮਹਿੰ ਨੂੰ ਕੱਖ ਪੱਠਾ ਪਾਉਣ ਦੀ ਤੇ ਧਾਰਾਂ ਕੱਢਣ ਦੀ।' ਜੰਗੀਰੋ ਨੂੰ ਘਰ ਦਾ ਤੇ ਹੌਲਦਾਰ ਦਾ ਖ਼ਾਸਾ ਫ਼ਿਕਰ ਲੱਗਦਾ ਸੀ।

'ਧਾਰ ਤਾਂ ਚਾਚਾ ਮੈਂ ਕੱਢ ਦਿਆ ਕਰੂੰ।' ਜੈਲੇ ਨੇ ਹਾਬੜ ਕੇ ਆਖ ਦਿੱਤਾ।

ਜੈਲਾ ਹੁਣ ਨਿੱਤ ਆਥਣ ਉੱਗਣ ਹੌਲਦਾਰ ਦੇ ਘਰ ਧਾਰ ਕੱਢਣ ਆਉਂਦਾ। ਕਦੇ ਕਦੇ ਉੱਥੇ ਹੀ ਸੌਂ ਜਾਂਦਾ। ਹੌਲਦਾਰ ਨੂੰ ਚਾਚਾ ਚਾਚਾ ਤੇ ਹੌਲਦਾਰਨੀ ਨੂੰ ਚਾਚੀ ਚਾਚੀ ਕਰਦਾ ਰਹਿੰਦਾ।

'ਚਾਚੀ, ਜੇ ਮੈਂ ਵਿਆਹਿਆ ਜਾਂਦਾ ਤਾਂ ਮੇਰੀ ਬਹੂ ਤੇਰੇ ਨਾਲੋਂ ਥੋੜ੍ਹੀ ਜੀ ਛੋਟੀ ਹੁੰਦੀ।'

'ਤੇ ਜੇ ਮੇਰੇ ਜਿੱਡੀ ਹੁੰਦੀ ਫੇਰ ਕਿਹੜਾ ਤੂੰ ਛੱਡ ਦਿੰਦਾ।'

ਇਸ ਤਰ੍ਹਾਂ ਉਹ ਹੱਸਦੇ ਰਹਿੰਦੇ। ਆਸਾ ਸਿੰਘ ਕੋਲ ਜੰਗੀਰੋ ਹੁਣ ਕਦੇ ਵੀ ਨਹੀਂ ਸੀ ਗਈ। ਲੋਕ ਕਹਿੰਦੇ ਸਨ– 'ਘਣ ਅਰਗਾ ਮੁੰਡਾ ਹੁਣ ਤਾਂ ਘਰੇ ਰਹਿੰਦੈ, ਆਸਾ ਸਿਓਂ ਖੱਦਰ ਪਾੜ ਤੋਂ ਹੌਲਦਾਰਨੀ ਨੇ ਕੀ ਲੈਣੈ।'

ਜੈਲਾ ਤਿੰਨ ਸਾਲ ਰਿਹਾ ਤੇ ਫੇਰ ਉਹ ਨਾਲ ਦੇ ਸ਼ਹਿਰ ਚਲਿਆ ਗਿਆ। ਉੱਥੇ ਜਾ ਕੇ ਇੱਕ ਸਰਦਾਰ ਦੇ ਮੁਰਗੀ ਫਾਰਮ ਵਿੱਚ ਉਸ ਨੇ ਨੌਕਰੀ ਕਰ ਲਈ, ਪਰ ਉਹ ਆਉਂਦਾ ਹੁਣ ਵੀ ਸੀ, ਕਦੇ ਕਦੇ। ਹੌਲਦਾਰ ਵਾਸਤੇ ਇੱਕ ਦਿਨ ਵਧੀਆ ਲੱਕੜ ਦੀ ਆਰਾਮ ਕੁਰਸੀ ਉਹ ਸ਼ਹਿਰੋ ਲੈ ਕੇ ਆਇਆ। ਜੰਗੀਰੋ ਹੁਣ ਘੱਟ ਹੀ ਚੱਸ ਰੱਖਦੀ ਸੀ। ਜਿਸ ਮਤਲਬ ਵਾਸਤੇ ਉਸ ਨੇ ਐਨੇ ਜਫ਼ਰ ਜਾਲੇ ਸਨ। ਉਹ ਮਤਲਬ ਅਜੇ ਤੀਕ ਪੂਰਾ ਨਹੀਂ ਸੀ ਹੋਇਆ ਤੇ ਨਾ ਹੀ ਕਦੇ ਹੋਣਾ ਸੀ। ਹੁਣ ਇਹ ਘਰ ਤਾਂ ਔਂਤ ਹੀ ਜਾਣਾ ਸੀ। ਜੰਗੀਰੋ ਦੀ ਉਮਰ ਵੀ ਹੁਣ ਤਾਂ ਪੰਜਾਹ ਨੂੰ ਢੁੱਕ ਚੱਲੀ ਸੀ।

ਤੇ ਅੱਜ ਹੌਲਦਾਰ ਮਰੇ ਨੂੰ ਸਾਲ ਭਰ ਹੋ ਚੁੱਲਿਆ ਸੀ। ਇੱਕ ਇੱਕ ਕਰਕੇ ਉਸ ਨੂੰ ਸਾਰੀਆਂ ਗੱਲਾਂ ਯਾਦ ਆਉਂਦੀਆਂ ਗਈਆਂ। ਦੁੱਗਾ, ਆਸਾ ਸਿੰਘ ਤੇ ਜੈਲਾ ਉਸ ਦੇ ਕੀ ਲੱਗਦੇ ਸਨ? ਕੁਝ ਵੀ ਨਹੀਂ। ਇਹ ਸਭ ਕੁਝ ਉਸ ਨੇ ਕਾਹਦੇ ਲਈ ਕੀਤਾ। ਹੌਲਦਾਰ ਦੀ ਉਹ ਦੇ ਕੋਲ ਕੀ ਨਿਸ਼ਾਨੀ ਸੀ? ਉਸ ਦੇ ਰਾਜਿਆਂ ਵਰਗੇ ਘਰ ਨੂੰ ਹੁਣ ਕੌਣ ਸੰਭਾਲੂ, ਜੰਗੀਰੋ ਦੀ ਪਲ ਪਲ ਘੁੰਮਣ ਘੇਰੀਆਂ ਖਾਂਦੀ ਸੋਚ ਨੇ ਉਸ ਨੂੰ ਨੀਮ ਬੇਹੋਸ਼ ਕਰ ਦਿੱਤਾ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਇੱਕ ਪੰਜ ਛੀ ਸਾਲ ਦਾ ਮੁੰਡਾ ਇਕਦਮ ਉਸ ਦੇ ਪੱਟ 'ਤੇ ਆ ਬੈਠਾ ਹੈ। ਉਸ ਦੀ ਸੋਚ ਥਿੜਕ ਗਈ। ਦੇਖਿਆ ਤਾਂ ਉਸ ਦੇ ਕੋਲ ਪਿਆ ਮੂਲ੍ਹਾ ਅਚਾਨਕ ਡਿੱਗ ਕੇ ਉਸ ਦੇ ਪੱਟ 'ਤੇ ਆ ਵੱਜਿਆ ਹੈ। ਉਹ ਉਸੇ ਵੇਲੇ ਉੱਥੋਂ ਉੱਠੀ, ਸੰਦੂਕ ਖੋਲ੍ਹਿਆ, ਵਿਚੋਂ ਦੋ ਊਨੀ ਕੰਬਲ ਤੇ ਗਰਮ ਚਾਦਰ ਕੱਢੀ, ਕੱਢ ਕੇ ਲੱਕੜ ਦੀ ਆਰਾਮ ਕੁਰਸੀ 'ਤੇ ਉਨ੍ਹਾਂ ਨੂੰ ਧਰਿਆ ਤੇ ਕੁਰਸੀ ਚੁੱਕ ਕੇ ਵਿਹੜੇ ਵਿੱਚ ਰੱਖ ਦਿੱਤੀ।

ਪਾਲੀ ਜਦ ਆਥਣੇ ਮਹਿੰ ਲੈ ਕੇ ਆਇਆ, ਉਸ ਨੇ ਦੇਖਿਆ ਕਿ ਹੌਲਦਾਰਨੀ ਬੈਠਕ ਵਿੱਚ ਖੇਸ ਤਾਣੀ ਸੁੱਤੀ ਪਈ ਹੈ ਤੇ ਵਿਹੜੇ ਵਿੱਚ ਅੱਧ ਮੱਚ ਕੁਰਸੀ ਦੇ ਆਲੇ–ਦੁਆਲੇ ਕੱਪੜਿਆਂ ਦੀ ਸੁਆਹ ਖਿੰਡੀ ਪਈ ਹੈ। ♦

# ਮਹਾਰਾਣੀ ਦਾ ਆਗਮਨ

ਮਹਾਰਾਣੀ ਦੀ ਜਿੱਤ ਪੱਕੀ ਦਿੱਸਦੀ ਸੀ। ਵਿਧਾਨ ਸਭਾ ਦੀਆਂ ਚੋਣਾਂ ਵਿੱਚ ਦਸ ਦਿਨ ਰਹਿੰਦੇ ਸਨ। ਸਾਰੇ ਇਲਾਕੇ ਵਿੱਚ ਮਹਾਰਾਣੀ ਦਾ ਪ੍ਰਚਾਰ ਪੂਰੇ ਜ਼ੋਰ ’ਤੇ ਸੀ। ਪਿੰਡ ਪਿੰਡ ਉਹ ਦੇ ਸਪੋਰਟਰ ਜਾਂਦੇ ਤੇ ਮਹਾਰਾਣੀ ਦੇ ਕੰਮਾਂ ’ਤੇ ਵਧਾ ਚੜ੍ਹਾ ਕੇ ਚਾਨਣ ਸੁੱਟਦੇ, ਇਲਾਕੇ ਦੇ ਸੁਧਾਰ ਦੀਆਂ ਯੋਜਨਾਵਾਂ ਦੱਸਦੇ ਤੇ ਮਹਾਰਾਣੀ ਦੀ ਬਜ਼ੁਰਗੀ ਦਾ ਵਾਸਤਾ ਪਾਉਂਦੇ।

ਮਹਾਰਾਜਾ ਸਾਹਿਬ ਪੂਰੇ ਹੋਇਆਂ ਨੂੰ ਦਸ ਬਾਰਾਂ ਸਾਲ ਹੋ ਗਏ ਸਨ। ਉਦੋਂ ਤੋਂ ਹੀ ਮਹਾਰਾਣੀ ਨੇ ਕਿਸੇ ਵਿਸ਼ੇਸ਼ ਮੰਤਵ ਅਧੀਨ ਜਨਤਾ ਦੀ ਸੇਵਾ ਕਰਨੀ ਆਰੰਭ ਦਿੱਤੀ ਸੀ। ਜਨਤਾ ਜਿਹੜੀ ਕਦੇ ਮਹਾਰਾਣੀ ਦੀ ਰਿਆਇਆ ਹੁੰਦੀ ਸੀ ਤੇ ਜਨਤਾ ਜਿਹੜੀ ਹੁਣ ਮਹਾਰਾਣੀ ਦੀ ਮਾਈ ਬਾਪ ਸਭ ਕੁਝ ਬਣੀ ਹੋਈ ਸੀ। ਉਸ ਇਲਾਕੇ ਦੇ ਹੜ੍ਹ ਪੀੜਤ ਲੋਕਾਂ ਕੋਲ ਹਰ ਥਾਂ ਜਾ ਕੇ ਕਈ ਸਾਲ ਹੋਏ, ਉਸ ਨੇ ਪੂਰਾ ਧਰਵਾਸ ਦਿੱਤਾ ਸੀ। ਉਨ੍ਹਾਂ ਦੇ ਠੁਰ ਠੁਰ ਕਰਦੇ ਟੱਬਰਾਂ ਵਿੱਚ ਕੰਬਲ ਤੇ ਡਬਲ ਰੋਟੀਆਂ ਵੰਡੀਆਂ ਸਨ। ਲੋਕਾਂ ਨੂੰ ਅਜੀਬ ਖ਼ੁਸ਼ੀ ਸੀ ਕਿ ਮਹਾਰਾਣੀ ਜਿਸ ਨੇ ਕਦੇ ਪਾਲਕੀ ਤੋਂ ਭੁੰਜੇ ਪੈਰ ਨਹੀਂ ਸੀ ਰੱਖਿਆ, ਅੱਜ ਕਿਵੇਂ ਦਰ ਦਰ ਲੋਕਾਂ ਦੀ ਪੈਰ ਧੂੜ ਨੂੰ ਨਮਸਕਾਰ ਕਰਦੀ ਫਿਰਦੀ ਹੈ।

ਦੇਸ਼ ਵਿੱਚ ਕੌਮੀ ਬੱਚਤਾਂ ਦਾ ਸਿਲਸਿਲਾ ਜਦ ਸ਼ੁਰੂ ਹੋਇਆ, ਪਿੰਡ ਪਿੰਡ, ਸ਼ਹਿਰ ਸ਼ਹਿਰ ਸਰਕਾਰ ਵੱਲੋਂ ਜਲਸੇ ਕੀਤੇ ਜਾਂਦੇ। ਲੋਕਾਂ ਵਿੱਚ ਕੌਮੀ ਬੱਚਤ ਦੀ ਮਹੱਤਤਾ ਦੱਸੀ ਜਾਂਦੀ। ਮਹਾਰਾਣੀ ਨੂੰ ਪਤਾ ਨਹੀਂ ਕਿੱਥੋਂ ਸੂੰਹ ਆ ਜਾਂਦੀ, ਉਹ ਇਲਾਕੇ ਵਿੱਚ ਹਰ ਵੱਡੇ ਇਕੱਠ ’ਤੇ ਆਪਣੀ ਕਾਰ ਲਿਆ ਖੜ੍ਹੀ ਕਰਦੀ, ਲੋਕਾਂ ਨੂੰ ਦਰਸ਼ਨ ਦਿੰਦੀ, ਕਹਿੰਦੀ ਕੁਝ ਨਾ ਲੱਸੀ ਪਾਣੀ ਪੀ ਕੇ ਚਲੀ ਜਾਂਦੀ।

ਫੇਰ ਚੀਨ ਦੀ ਲੜਾਈ ਲੱਗੀ ਤੇ ਉਸ ਤੋਂ ਕੁਝ ਸਾਲ ਪਿੱਛੋਂ ਪਾਕਿਸਤਾਨ ਨਾਲ ਮੁੱਠ ਭੇੜ ਹੋਈ। ਰੱਖਿਆ ਫੰਡ ਦੇਸ਼ ਵਿੱਚ ਇਕੱਠਾ ਹੋਣਾ ਸੀ। ਲੋਕਾਂ ਦੇ ਆਪਣੇ ਦੇਸ਼ ’ਤੇ ਅਪੱਤੀ ਸੀ। ਉਨ੍ਹਾਂ ਦਾ ਫ਼ਰਜ਼ ਸੀ। ਉਨ੍ਹਾਂ ਨੇ ਕੌਮੀ ਰੱਖਿਆ ਫ਼ੰਡ ਆਪਣੀ ਪਹੁੰਚ ਅਨੁਸਾਰ ਇਕੱਠਾ ਕਰਕੇ ਸਰਕਾਰ ਨੂੰ ਦਿੱਤਾ। ਪ੍ਰੋਗਰਾਮ ਨੋਟ ਕਰਕੇ ਆਪਣੇ ਆਪ ਹੀ ਜਿੱਥੇ ਡੀ. ਸੀ. ਜਾਂਦਾ, ਉੱਥੇ ਆ ਜਾਂਦੀ। ਨਾ ਕੁਝ ਬੋਲਦੀ ਤੇ ਨਾ ਕੁਝ ਹੋਰ ਕਰਦੀ। ‘ਬਜ਼ੁਰਗ ਲੋਕ ਉਸ ਨੂੰ ਮੱਥਾ ਟੇਕਦੇ ਤੇ ਮਹਾਰਾਣੀ ਡੀ. ਸੀ. ਦੇ ਕੋਲ ਕੁਰਸੀ ’ਤੇ ਬੈਠੀ ਲੋਕਾਂ ਨੂੰ ਦਰਸ਼ਨ ਦਿੰਦੀ ਰਹਿੰਦੀ ਤੇ ਆਪਣੇ ਮੂੰਹ ਨੂੰ ਖਜੂਰ ਦੇ ਰੰਗੀਨ ਪੱਤਿਆਂ ਦੀ ਬਣੀ ਪੱਖੀ ਨਾਲ ਝੱਲ ਮਾਰਦੀ ਰਹਿੰਦੀ। ਕਿਸੇ ਕਿਸੇ ਇਕੱਠ ਵਿੱਚ ਡੀ. ਸੀ. ਕਹਿ

ਦਿੰਦਾ ਕਿ ਮਹਾਰਾਣੀ ਸਾਹਿਬ ਵੀ ਇਸ ਮਹਾਨ ਕੰਮ ਵਿੱਚ ਬਹੁਤ ਵੱਡਾ ਹਿੱਸਾ ਪਾ ਰਹੇ ਹਨ। ਜਦੋਂ ਡੀ. ਸੀ. ਉੱਠ ਜਾਂਦਾ, ਉਹ ਵੀ ਉੱਠ ਜਾਂਦੀ। ਕਈ ਲੋਕ ਮਹਾਰਾਣੀ ’ਤੇ ਹੱਸਦੇ, ਕਈ ਲੋਕ ਮਹਾਰਾਣੀ ’ਤੇ ਤਰਸ ਕਰਦੇ।

ਹੁਣ ਜਦੋਂ ਦੇਸ਼ ਵਿੱਚ ਵੱਡੀਆਂ ਚੋਣਾਂ ਹੋਈਆਂ ਸਨ ਤਾਂ ਮਹਾਰਾਣੀ ਨੇ ਦੇਸ਼ ਦੀ ਪ੍ਰਮੁੱਖ ਸਿਆਸੀ ਪਾਰਟੀ ਦੀ ਅੰਦਰਖਾਤੇ ਬੇਹੱਦ ਮਾਇਕ ਸਹਾਇਤਾ ਕਰ ਦਿੱਤੀ ਸੀ ਤੇ ਐਡੀ ਵੱਡੀ ਗੋਡੇ ਟੇਕਣੀ ਨੂੰ ਦੇਖ ਕੇ ਉਸ ਪਾਰਟੀ ਨੇ ਹੁਣ ਉਸ ਨੂੰ ਵਿਧਾਨ ਸਭਾ ਦੀ ਟਿਕਟ ਉਸ ਇਲਾਕੇ ਦੀ ਚੋਣ ਲੜਨ ਲਈ ਦੇ ਦਿੱਤੀ ਸੀ ਤੇ ਮਹਾਰਾਣੀ ਦੀ ਜਿੱਤ ਪੱਕੀ ਸੀ।

ਮਹਾਰਾਣੀ ਜਿਹੜੇ ਵੀ ਪਿੰਡ ਜਾਂਦੀ, ਉਸ ਦਾ ਪੂਰੀ ਠਾਠ ਨਾਲ ਸੁਆਗਤ ਕੀਤਾ ਜਾਂਦਾ। ਮਹਾਰਾਜਾ ਸਾਹਿਬ ਦੇ ਹਾਣੀ ਬਜ਼ੁਰਗ ਉਸ ਦੇ ਪੈਰਾਂ ਨੂੰ ਆ ਕੇ ਛੂੰਹਦੇ। ਡਾਲੀਆਂ ਤੇ ਨਜ਼ਰਾਂ ਪੇਸ਼ ਕੀਤੀਆਂ ਜਾਂਦੀਆਂ। ਕਈ ਪਿੰਡਾਂ ਦੇ–ਸੁੱਕੀਆਂ ਬੂਥੜੀਆਂ ’ਤੇ ਮੂੰਹ ਵਿੱਚ ਜ਼ਰਦਾ ਚੂਸਦੇ ਚਿੱਟ ਕੱਪੜੀਏ ਮੁਰਦਲ ਸਰਦਾਰੜੇ ਮਹਾਰਾਣੀ ਦੀਆਂ ਜੁੱਤੀਆਂ ਪੂੰਝਦੇ। ਪਿੰਡ ਪਿੰਡ ਗੁਰਦੁਆਰਿਆਂ, ਮੰਦਰਾਂ ਤੇ ਧਰਮਸ਼ਾਲਾਵਾਂ ਲਈ ਸਹਾਇਤਾ ਦਿੱਤੀ ਤੇ ਹੁਣ ਮਹਾਰਾਣੀ ਦੀ ਜਿੱਤ ਪੱਕੀ ਦਿੱਸਦੀ ਸੀ।

ਉਸ ਪਿੰਡ ਵਿੱਚ ਮਹੀਨਾ ਕੁ ਹੋਇਆ ਉਹ ਪਹਿਲਾਂ ਵੀ ਇੱਕ ਵਾਰੀ ਆ ਚੁੱਕੀ ਸੀ। ਪਰ ਅੱਜ ਉਸ ਦੇ ਆਗਮਨ ਦੀ ਬਹੁਤ ਵੱਡੀ ਤਿਆਰੀ ਸੀ। ਉਹ ਪਿੰਡ ਰਿਆਸਤਾਂ ਵੇਲੇ ਕਦੇ ਪਰਜਾ ਮੰਡਲ ਪਾਰਟੀ ਦਾ ਗੜ੍ਹ ਮੰਨਿਆ ਹੋਇਆ ਸੀ। ਉੱਥੋਂ ਦੇ ਇੱਕ ਪਰਜਾ ਮੰਡਲੀ ਬਾਬੇ ਦੀ ਕੁਰਬਾਨੀ ਨੂੰ ਯਾਦ ਕਰਕੇ ਪਿੰਡ ਦੇ ਤੇ ਇਲਾਕੇ ਦੇ ਲੋਕਾਂ ਨੇ ਉਸ ਦਾ ਇੱਕ ਬੁੱਤ ਸੰਗਮਰਮਰ ਦਾ ਬਣਵਾ ਕੇ ਉਸ ਦੀ ਭਾਵਨਾ ਨੂੰ ਉਜਾਗਰ ਕਰਦਾ ਪਿੰਡ ਵਿੱਚ ਇੱਕ ਉੱਚੇ ਚੌਂਤਰੇ ’ਤੇ ਖੜ੍ਹਾ ਕੀਤਾ ਹੋਇਆ ਸੀ। ਉਸ ਬੁੱਤ ਦੇ ਨਾਲ ਹੀ ਗੁਰਦੁਆਰਾ ਵੀ ਸੀ। ਲੋਕ ਗੁਰਦੁਆਰੇ ਮੱਥਾ ਟੇਕਣ ਜਾਂਦੇ ਤਾਂ ਬਾਬੇ ਦੀ ਮੂਰਤੀ ਦੇ ਚਰਨਾਂ ਵਿੱਚ ਬਹਿ ਕੇ ਆਉਂਦੇ। ਲੋਕ ਗੁਰਦੁਆਰੇ ਜਾਂਦੇ ਤਾਂ ਅੱਖਾਂ ਅੱਖਾਂ ਵਿੱਚ ਹੀ ਬਾਬੇ ਦੇ ਇਨਕਲਾਬੀ ਅੰਗਾਂ ਦੀਆਂ ਮੁੱਠੀਆਂ ਭਰਦੇ ਰਹਿੰਦੇ।

ਬਾਬੇ ਦਾ ਬੁੱਤ ਤਾਂ ਕਿਸੇ ਸਮੇਂ ਲੱਗ ਹੀ ਗਿਆ ਸੀ, ਪਰ ਇਲਾਕਾ ਚਾਹੁੰਦਾ ਸੀ ਕਿ ਬਾਬੇ ਦੀ ਯਾਦਗਰ ਨੂੰ ਚਿਰ ਤੱਕ ਕਾਇਮ ਰੱਖਣ ਲਈ ਬੁੱਤ ਦੇ ਸੱਜੇ ਪਾਸੇ ਚਾਰ ਕਮਰੇ ਤੇ ਇੱਕ ਵੱਡਾ ਹਾਲ ਬਣਵਾਇਆ ਜਾਵੇ। ਮੌਕਾ ਤਾੜ ਕੇ ਉਸ ਨੇ ਐਲਾਨ ਕਰ ਦਿੱਤਾ ਕਿ ਉਹ ਚਾਰ ਹਜ਼ਾਰ ਦੇ ਸੌ ਸੌ ਨੋਟਾਂ ਦਾ ਹਾਰ ਬਾਬੇ ਦੇ ਬੁੱਤ ਦੇ ਗਲ ਵਿੱਚ ਆਪ ਜਾ ਕੇ ਪਾ ਕੇ ਆਵੇਗੀ ਤੇ ਅੱਜ ਬਾਬੇ ਦੇ ਗਲ ਵਿੱਚ ਚਾਰ ਹਜ਼ਾਰ ਦੇ ਨੋਟਾਂ ਦਾ ਹਾਰ ਪੈਣਾ ਸੀ।

ਬੁੱਤ ’ਤੇ ਵੱਡਾ ਸਾਰਾ ਸ਼ਾਮਿਆਨਾ ਲਾਇਆ ਗਿਆ। ਸ਼ਾਮਿਆਨੇ ਥੱਲੇ ਸਾਰੇ ਪਿੰਡ ਦੀਆਂ ਪਟੀਆਂ ਤੇ ਸ਼ਤਰੰਜਾਂ ਵਿਛਾਈਆਂ ਗਈਆਂ। ਲਾਊਡ ਸਪੀਕਰ ਗੂੰਜ ਕਾਹਨੂੰ ਧਰਤੀ ਪੱਟ ਰਿਹਾ ਸੀ। ਇੱਕ ਵੱਡੀ ਸਾਰੀ ਸਟੇਜ ਬਣਾ ਕੇ ਉਸ ’ਤੇ ਕੁਰਸੀਆਂ ਸਜਾਈਆਂ ਗਈਆਂ। ਮੇਜ਼ਾਂ ’ਤੇ ਫੁੱਲਦਾਨਾਂ ਦੀ ਮਹਿਕ ਵਿਛੀ ਪਈ ਸੀ। ਮਹਾਰਾਣੀ ਦੇ ਸੁਆਗਤ ਵਿੱਚ ਆਲੇ-ਦੁਆਲੇ ਦੇ ਸਾਰੇ ਪਿੰਡਾਂ ਦੇ ਲੋਕਾਂ ਨੇ ਆਉਣਾ ਸੀ।

ਮਹਾਰਾਣੀ ਸੋਚਦੀ ਸੀ– 'ਬਾਬੇ ਦੇ ਗਲ ਵਿੱਚ ਚਾਰ ਹਜ਼ਾਰ ਪੈ ਜਾਣਾ ਹੈ। ਬਾਬੇ ਦਾ ਆਕਾਰ ਲੋਕਾਂ ਦੀ ਆਤਮਾ ਹੈ।' ਬਾਬੇ ਦੇ ਗਲ ਵਿੱਚ ਹਾਰ, ਲੋਕਾਂ ਦੀ ਆਤਮਾ ਦੇ ਗਲ ਵਿੱਚ ਹਾਰ ਉਹ ਸਮਝਦੀ ਸੀ ਤੇ ਸਮਝਦੀ ਸੀ, ਉਸ ਦੀ ਜਿੱਤ ਪੱਕੀ ਸੀ।

ਸ਼ਾਮ ਦੇ ਪੰਜ ਵੱਜ ਚੁੱਕੇ ਸਨ ਤੇ ਉਹ ਅਜੇ ਨਹੀਂ ਸੀ ਆਈ। ਉਸ ਦੇ ਆਉਣ ਦਾ ਸਮਾਂ ਚਾਰ ਵਜੇ ਰੱਖਿਆ ਗਿਆ ਸੀ। ਚਾਰ ਵੱਜਣ ਤੋਂ ਪਹਿਲਾਂ ਹੀ ਪਿੰਡ ਦੇ ਸਾਰੇ ਲੋਕ ਤੇ ਆਲੇ–ਦੁਆਲੇ ਦੇ ਪਿੰਡਾਂ ਦੇ ਲੋਕਾਂ ਦਾ ਪੂਰਾ ਇਕੱਠ ਬੱਝ ਗਿਆ। ਲੋਕ ਉਡੀਕ ਰਹੇ ਸਨ– 'ਮਹਾਰਾਣੀ ਕਦੋਂ ਆਵੇ, ਕਦੋਂ ਆਵੇ।'

ਦਿਨ ਦੇ ਛਿਪਾ ਨਾਲ ਮੱਛੀ ਆਕਾਰ ਸਲੇਟੀ ਸ਼ਿਵਰਲੈੱਟ ਦਾ ਹਾਰਨ ਵੱਜਿਆ। ਮਹਾਰਾਣੀ ਚਿੱਟੀ ਕੁਕੜੀ ਬਣੀ ਕਾਰ ਵਿੱਚੋਂ ਨਿਕਲੀ। ਉਸ ਦੇ ਨਾਲ ਇੱਕ ਉੱਚੇ ਲੰਮੇ ਕੱਦ ਦਾ ਇੱਕ ਬਜ਼ੁਰਗ ਵੀ ਸੀ, ਜਿਸ ਦੀ ਦਾੜ੍ਹੀ ਉਲਟਵੀਂ ਚੜ੍ਹਾਈ ਹੋਈ ਸੀ। ਘੁੱਟਵਾਂ ਚਿੱਟਾ ਚੂੜੀਦਾਰ ਪਜਾਮਾ ਤੇ ਲੰਮੀ ਬਿਸਕੁਟੀ ਅਚਕਨ। ਖੱਟੀ ਫਿਫਟੀ ਨਾਲ ਅੱਧਾ ਮੱਥਾ ਢਕਿਆ ਹੋਇਆ ਤੇ ਨਸਵਾਰੀ ਰੰਗ ਦੀ ਪਟਿਆਲਾ ਸ਼ਾਹੀ ਟੋਕਰਾ ਪੱਗ। ਹੱਥ ਵਿੱਚ ਬੈਂਤ ਦੀ ਨਰਮ ਮਲੂਕ ਖੂੰਡੀ। ਨੀਲੇ ਨੀਲੇ ਸੌ ਸੌ ਦੇ ਨੋਟਾਂ ਦਾ ਹਾਰ ਮੁਰਗੇ ਦੇ ਖੰਭਾਂ ਵਾਂਗ ਉਸ ਬਜ਼ੁਰਗ ਦੇ ਹੱਥਾਂ ਵਿਚੋਂ ਨਿਕਲ ਨਿਕਲ ਪੈਂਦਾ ਸੀ।

ਪਿੰਡ ਦੇ ਤੇ ਇਲਾਕੇ ਦੇ ਪਤਵੰਤਿਆਂ ਨੇ ਮਹਾਰਾਣੀ ਅੱਗੇ ਸਿਰ ਝੁਕਾਇਆ ਤੇ ਮਹਾਰਾਣੀ ਨੇ ਪੂਰੀ ਅਧੀਨਗੀ ਵਿੱਚ ਲੋਕਾਂ ਤੋਂ ਰਾਹ ਮੰਗ ਕੇ ਸਿੱਧਾ ਬਾਬੇ ਦੇ ਬੁੱਤ ਵੱਲ ਰੁੱਖ ਕੀਤਾ। ਮਹਾਰਾਣੀ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਖੇਡਦੀ ਸੀ। ਮਹਾਰਾਣੀ ਸੋਚਦੀ ਸੀ– 'ਬਾਬਾ ਜੀ ਦੀ ਆਤਮਾ ਅੱਜ ਕਿੰਨੀ ਖ਼ੁਸ਼ ਹੋਵੇਗੀ!' ਉਸ ਨੇ ਬਾਬੇ ਦੇ ਚਰਨਾਂ ਵਿੱਚ ਮੱਥਾ ਟੇਕਿਆ ਤੇ ਉਸ ਸ਼ਾਹੀ ਠਾਠ ਵਾਲੇ ਬਜ਼ੁਰਗ ਦੇ ਹੱਥੋਂ ਹਾਰ ਫੜ ਕੇ ਬਾਬੇ ਦੇ ਗਲ ਵਿੱਚ ਪਾਉਣ ਲਈ ਬਾਬੇ ਦੇ ਪੈਰਾਂ ਵਿੱਚ ਰੱਖੇ ਸਟੂਲ 'ਤੇ ਇੱਕ ਟੰਗ ਧਰੀ ਹੀ ਸੀ ਕਿ ਨਾਲ ਦੀ ਨਾਲ ਇਕੱਠ ਵਿਚੋਂ ਇੱਕ ਬਜ਼ੁਰਗ ਦੀ ਆਵਾਜ਼ ਕੜਕੀ– 'ਦੁਸ਼ਟਣੀ....! ਦੁਸ਼ਟਣੀ.....!'

ਉਸ ਬਜ਼ੁਰਗ ਦੇ ਗਲ ਤੇੜ ਘਰ ਦੇ ਬਣੇ ਖੱਦਰ ਦਾ ਕੁਰਤਾ ਪਜਾਮਾ ਪਾਇਆ ਹੋਇਆ ਸੀ। ਪੈਰਾਂ ਵਿੱਚ ਖੱਲ ਧੌੜੀ ਦੀ ਮੋਡੀ ਜੁੱਤੀ। ਸਿਰ 'ਤੇ ਕਾਲੀ ਪੱਗ। ਡੱਬੀਆਂ ਵਾਲੇ ਖੇਸ ਦੀ ਬੁੱਕਲ ਤੇ ਹੱਥ ਵਿੱਚ ਤੂਤ ਦਾ ਖੂੰਡਾ ਫੜੀਂ ਉਹ ਬਾਬੇ ਦੇ ਬੁੱਤ ਕੋਲ ਹਵਾ ਵਾਂਗ ਆ ਖੜ੍ਹਾਂ।

ਲੋਕੋ! ਬਾਬੇ ਦੀਆਂ ਅੱਖਾਂ ਨੀਂ ਦੀਂਹਦੀਆਂ? ਦੇਖੋ! ਇਨ੍ਹਾਂ 'ਚੋਂ ਪਾਣੀ ਸਿੰਮ ਆਇਐ। ਤੇ ਦੇਖੋ! ਮਹਾਰਾਣੀ ਸਾਹਿਬ ਦੇ ਬੁੱਲ੍ਹਾਂ 'ਤੇ ਪੇਪੜੀ ਜੰਮ ਗਈ ਐ। ਜਦ ਹੀ ਉਸ ਨੇ ਮਹਾਰਾਣੀ ਵੱਲ ਉਂਗਲ ਕੀਤੀ ਤਾਂ ਮਹਾਰਾਣੀ ਨੇ ਹਾਰ ਮੋੜ ਕੇ ਉਸ ਸ਼ਾਹੀ ਠਾਠ ਵਾਲੇ ਬਜ਼ੁਰਗ ਨੂੰ ਹੀ ਫੜਾ ਦਿੱਤਾ। ਖੂੰਡੇ ਵਾਲਾ ਬਜ਼ੁਰਗ ਫੇਰ ਕੜਕਿਆ– 'ਲੋਕੋ! ਥੋਡੀਆਂ ਅੱਖਾਂ ਕਿਉਂ ਫੁੱਟ ਗਈਆਂ? ਬਾਬੇ ਨੂੰ ਜੇਲ੍ਹ ਵਿੱਚ ਤਸੀਹੇ ਦੇ ਦੇ ਕੀਹਨੇ ਸ਼ਹੀਦ ਕੀਤਾ ਸੀ? ਬਾਬਾ ਜਦੋਂ ਜੇਲ੍ਹ ਦੀ ਕੋਠੜੀ ਵਿੱਚ ਚਾਲੀ ਦਿਨਾਂ ਦੀ ਭੁੱਖ ਤੇਹ ਕੱਟ ਕੇ ਬੇਸੁੱਧ ਹੋ ਗਿਆ ਸੀ ਤੇ ਉਸ ਦੀ ਸੁੰਧਕਦੀ ਲੋਥ 'ਤੇ ਮੱਖੀਆਂ ਭਿਣਕਦੀਆਂ ਸੀ ਤਾਂ ਇਹੀ ਮਹਾਰਾਣੀ ਸਾਹਿਬ ਜੇਲ੍ਹ ਵਿੱਚ ਜਾ ਕੇ ਉਦੋਂ ਬਾਬੇ ਦੇ ਸਰੀਰ ਨੂੰ ਦੇਖ ਕੇ ਖਿੜ

ਖਿੜ ਹੱਸੀ ਸੀ। ਬਾਬੇ ਦੀ ਕਾਲ ਕੋਠੜੀ ਮੂਹਰੇ ਪਹਿਰਾ ਦਿੰਦੇ ਜਿਸ ਸਿਪਾਹੀ ਨੇ ਇਹ ਭਾਣਾ ਦੇਖਿਆ ਸੀ, ਉਹ ਮੈਂ ਆਪ ਹਾਂ।' ਤੇ ਇਹ ਆਖ਼ਰੀ ਗੱਲ ਉਸ ਬਜ਼ੁਰਗ ਨੇ ਆਪਣੀ ਬਿਰਧ ਛਾਤੀ 'ਤੇ ਆਪਣੇ ਸੱਜੇ ਹੱਥ ਦਾ ਜ਼ੋਰ ਦਾ ਧੱਫ਼ਾ ਮਾਰਕੇ ਆਖੀ ਤੇ ਕਹਿੰਦਾ– 'ਦੇਖੋ! ਬਾਬੇ ਦੀਆਂ ਅੱਖਾਂ 'ਚੋਂ ਪਾਣੀ ਸਿੰਮ ਆਇਐ।'

ਉਸ ਬਜ਼ੁਰਗ ਦੀਆਂ ਗੱਲਾਂ ਨੂੰ ਸਾਰੇ ਲੋਕਾਂ ਨੇ ਪੈਰ ਜਮਾ ਕੇ ਸੁਣਿਆ। ਬਾਬਾ ਕੰਬ ਰਿਹਾ ਸੀ ਤੇ ਕੜਕ ਰਿਹਾ ਸੀ। ਮਹਾਰਾਣੀ ਤੇ ਸ਼ਾਹੀ ਠਾਠ ਵਾਲਾ ਬਜ਼ੁਰਗ ਪਤਾ ਨਹੀਂ ਕਦੋਂ ਚੁੱਪ ਕਰਕੇ ਵਿਚੋਂ ਹੀ ਉੱਥੋਂ ਖਿਸਕ ਗਏ ਸਨ।

ਉੱਥੋਂ ਹੀ ਖੜ੍ਹ ਕੇ ਸਾਰੇ ਲੋਕਾਂ ਨੇ ਫ਼ੈਸਲਾ ਕੀਤਾ– 'ਕਣਕਾਂ ਨੂੰ ਇੱਕ ਇੱਕ ਪਾਣੀ ਹੋਰ ਲਾ ਲੋ। ਚੋਣਾਂ ਵਿੱਚ ਦਸ ਦਿਨ ਰਹਿੰਦੇ ਨੇ। ਬਾਬੇ ਦੀਆਂ ਅੱਖਾਂ 'ਚ ਅਸੀਂ ਹੁਣ ਪਾਣੀ ਦੀ ਥਾਂ ਖ਼ੁਸ਼ੀ ਦੀ ਚਮਕ ਦੇਖਣੀ ਐ।'

ਚੋਣ ਦਾ ਨਤੀਜਾ ਜਿੱਦਣ ਨਿਕਲਿਆ, ਮਹਾਰਾਣੀ ਹਾਰ ਗਈ ਸੀ। ♦

# ਜੈਲੇ ਦੀ ਮਾਮੀ

ਜੈਲਾ ਅੱਠ ਜਮਾਤਾਂ ਪਾਸ ਕਰਕੇ ਹੁਣ ਆਪਣੇ ਨਾਨਕੀਂ ਆ ਗਿਆ। ਉਨ੍ਹਾਂ ਦੇ ਪਿੰਡ ਤੋਂ ਸੱਤ ਸੱਤ, ਅੱਠ ਅੱਠ ਮੀਲ 'ਤੇ ਭਾਵੇਂ ਦੋ ਤਿੰਨ ਹਾਈ ਸਕੂਲ ਸਨ ਤੇ ਉਨ੍ਹਾਂ ਸਕੂਲਾਂ ਵਿੱਚ ਉਨ੍ਹਾਂ ਦੇ ਪਿੰਡ ਤੋਂ ਮੁੰਡੇ ਸਾਈਕਲ 'ਤੇ ਪੜ੍ਹਨ ਜਾਂਦੇ ਸਨ, ਪਰ ਜੈਲਾ ਸਾਈਕਲ ਨਹੀਂ ਸੀ ਖਰੀਦ ਸਕਦਾ। ਸਾਈਕਲ ਖਰੀਦਣ ਦੀ ਉਨ੍ਹਾਂ ਵਿੱਚ ਪਰੋਖੋਂ ਨਹੀਂ ਸੀ। ਪੈਰੀਂ ਨਿੱਤ ਐਨੀ ਵਾਟ ਕਰਨੀ ਔਖੀ ਸੀ।

ਜੈਲੇ ਦਾ ਪਿਓ ਦਮੇ ਦਾ ਮਰੀਜ਼ ਸੀ। ਫ਼ੀਮ ਖਾਂਦਾ ਸੀ। ਪਹਿਲੇ ਦਿਨਾਂ ਵਿੱਚ ਸ਼ਰਾਬ ਮੂੰਹੇ ਵੀ ਘਰ ਦੀ ਉਸ ਨੇ ਚਕਰੀ ਭੰਵਾ ਦਿੱਤੀ ਸੀ। ਦਮੇ ਨੇ ਉਸ ਦੇ ਸਾਰੇ ਹੱਡ ਚਰ ਲਏ ਸਨ। ਉਹ ਚਾਲੀ ਸਾਲ ਟੱਪਿਆ ਤੇ ਮਰ ਗਿਆ। ਜੈਲਾ ਇਕੱਲਾ ਹੀ ਮੁੰਡਾ ਸੀ। ਤਿੰਨ ਭੈਣਾਂ ਸਨ। ਦੋ ਵੱਡੀਆਂ ਵਿਆਹ ਕਾਹਨੂੰ ਉਸਦੇ ਵੈਲੀ ਪਿਉ ਨੇ ਵਾੜ ਵਿੱਚ ਸੁੱਟ ਦਿੱਤੀਆਂ ਸਨ। ਜੈਲੀ ਤੋਂ ਛੋਟੀ ਹੁਣ ਇੱਕ ਰਹਿੰਦੀ ਸੀ, ਜਿਸ ਨੂੰ ਉਹ ਦੀ ਮਾਂ ਕਹਿੰਦੀ ਹੁੰਦੀ ਸੀ– 'ਇਹ ਨੂੰ ਤਾਂ ਕਿਸੇ ਚੰਗੇ ਘਰ ਵਿਆਹਾਂਗੇ।' ਜੈਲੇ ਨੂੰ ਵੀ ਉਹ ਚਾਹੁੰਦੀ ਸੀ– 'ਦੋ ਅੱਖਰ ਢਿੱਡ 'ਚ ਪਾ ਲੇ ਤੇ ਕਿਸੇ ਨੌਕਰੀ ਦੇ ਸਿਰ ਹੋ ਜੇ।' ਢਿੱਡ ਬੰਨ੍ਹ ਕੇ ਜੈਲੇ ਨੂੰ ਉਸ ਦੀ ਮਾਂ ਨੇ ਅੱਠ ਜਮਾਤਾਂ ਪਾਸ ਕਰਵਾਈਆਂ ਸਨ ਤੇ ਹੁਣ ਆਪਣੇ ਭਰਾ ਨਾਲ ਮਿੱਠੀ ਪਿਆਰੀ ਹੋ ਕੇ ਜੈਲੇ ਨੂੰ ਉਸ ਕੋਲ ਛੱਡ ਦਿੱਤਾ ਸੀ। ਉਹ ਨੌਂਵੀ ਜਮਾਤ ਵਿੱਚ ਦਾਖ਼ਲ ਹੋ ਗਿਆ ਸੀ।

ਉਹ ਦਾ ਨਾਨਾ ਤੇ ਨਾਨੀ ਪੰਜ ਸਾਲ ਹੋਏ ਮਰ ਚੁੱਕੇ ਸਨ। ਉਹ ਦੇ ਦੋ ਮਾਮੇ ਜਿਨ੍ਹਾਂ ਵਿਚੋਂ ਇੱਕ ਫ਼ੌਜੀ ਸੀ–ਅਜੇ ਵੀ ਛੜਾ ਤੇ ਦੂਜਾ ਵਿਆਹਿਆ ਵਰ੍ਹਿਆ ਜੀਹਦੇ ਕੋਲ ਜੈਲਾ ਹੁਣ ਰਹਿੰਦਾ ਸੀ।

ਜੈਲੇ ਦੇ ਨਾਲ ਨੌਂਵੀਂ ਜਮਾਤ ਵਿੱਚ ਹੀ ਜੈਲੇ ਜਿੱਡਾ ਉਹ ਦੇ ਮਾਮੇ ਦਾ ਪੁੱਤ ਸੁਰਜੀਤ ਵੀ ਪੜ੍ਹਦਾ ਸੀ।

ਉਹ ਦੇ ਮਾਮੇ ਕੋਲ ਪੰਦਰਾਂ ਵੀਹ ਕਿੱਲੇ ਜ਼ਮੀਨ ਸੀ। ਸੀਰੀ ਰਲਾ ਕੇ ਉਹ ਨੇ ਵਾਹੀ ਦਾ ਕੰਮ ਵਧੀਆ ਤੋਰਿਆ ਹੋਇਆ ਸੀ। ਸੁਰਜੀਤ ਵੀ ਜਦੋਂ ਤੋਂ ਉਡਾਰ ਹੋਇਆ ਉਹ ਉਤਲੇ ਕੰਮ 'ਤੇ ਵਧੀਆ ਸਹਾਰਾ ਬਣ ਗਿਆ। ਛੁੱਟੀ ਵਾਲੇ ਦਿਨ ਖੇਤ ਰੋਟੀ ਲਿਜਾਣੀ ਹੁੰਦੀ, ਆਥਣੇ ਰੋਜ਼ ਸੀਰੀ ਟੋਕੇ ਵਾਲੀ ਮਸ਼ੀਨ ਫੇਰਦਾ ਤਾਂ ਬਹੁਤਾ ਕਰਕੇ ਸੁਰਜੀਤ ਹੀ ਰੁੱਗ ਲਾਉਂਦਾ।

ਜਿੱਦਣ ਦਾ ਜੈਲਾ ਉਸ ਘਰ ਵਿੱਚ ਆਇਆ, ਉਹ ਵੀ ਸੁਰਜੀਤ ਦੇ ਨਾਲ ਉਤਲੇ ਕੰਮ ਵਿੱਚ ਹੱਥ ਵਟਾਉਣ ਲੱਗ ਪਿਆ। ਜੈਲਾ ਭੱਜ ਭੱਜ ਕੰਮ ਕਰਦਾ। ਦਿਨੋਂ

ਦਿਨ ਸੁਰਜੀਤ ਉਤਲੇ ਕੰਮ ਨੂੰ ਛੱਡਦਾ ਗਿਆ ਤੇ ਜੈਲਾ ਹੱਥ ਪਾਉਂਦਾ ਗਿਆ। ਸੁਰਜੀਤ ਦੀ ਮਾਂ ਵੀ ਹੁਣ ਜਿਵੇਂ ਸੁਰਜੀਤ ਤੋਂ ਡੱਕਾ ਦੂਹਰਾ ਨਹੀਂ ਸੀ ਕਰਵਾਉਣਾ ਚਾਹੁੰਦੀ। ਆਨੀ ਬਹਾਨੀ ਉਹ ਨਿੱਕੇ ਮੋਟੇ ਕੰਮ ’ਤੇ ਵੀ ਜੈਲੇ ਨੂੰ ਡੱਕਰੀਂ ਰੱਖਦੀ।

ਘਰ ਵਿੱਚ ਇੱਕ ਤੋਕੜ ਮੱਝ ਸੀ, ਜਿਸ ਨਾਲ ਚਾਹ ਦਾ ਪੂਰਾ ਪਟੀਂ ਜਾਂਦਾ ਸੀ। ਤੋਕੜ ਮਹਿੰ ਦਾ ਕੀ ਕਦੇ-ਕਦੇ ਦਿਨ ਵੀ ਭੰਨ ਦਿੰਦੀ ਸੀ। ਕਦੇ-ਕਦੇ ਚਾਹ ਕਰਕੇ ਵੀ ਜੋ ਕੁਝ ਦੁੱਧ ਬਚ ਰਹਿੰਦਾ ਤਾਂ ਸੁਰਜੀਤ ਦੀ ਮਾਂ ਉਸ ਨੂੰ ਤੱਤਾਂ ਕਰਕੇ ਰੱਖ ਛੱਡਦੀ। ਜੈਲੇ ਨੂੰ ਕਹਿੰਦੀ- ‘ਜਾਹ, ਬਾਹਰਲੇ ਘਰ ਆਪਣੇ ਮਾਮੇ ਨੂੰ ਉਸ ਨੂੰ ਦੇਖ ਕੇ ਆ, ਖੇਤੋਂ ਆ ਗਿਆ ਕਿ ਨਹੀਂ?’ ਮਗਰੋਂ ਸੁਰਜੀਤ ਨੂੰ ਤੱਤਾ ਕੀਤਾ ਦੁੱਧ ਛੇਤੀ ਛੇਤੀ ਪੀਣ ਨੂੰ ਦਿੰਦੀ।

ਜੈਲੇ ਨੂੰ ਚਾਹ ਦਿੰਦੀ ਤਾਂ ਦੋ ਪਲੇ ਮਿਣ ਕੇ ਪਾਉਂਦੀ-ਪਲਾ ਵੀ ਊਣਾ ਰੱਖ ਕੇ।

ਇੱਕ ਦਿਨ ਜੈਲਾ ਹੱਥਾਂ ’ਤੇ ਹੀ ਦੋ ਰੋਟੀਆਂ ਰੱਖ ਕੇ ਲੱਸੀ ਵਿੱਚ ਰਲੀਆਂ ਲੂਣ ਮਿਰਚਾਂ ਨਾਲ ਬੁਰਕੀ ਟੇਮ ਟੇਮ ਖਾ ਰਿਹਾ ਸੀ। ਉਸ ਦੇ ਹੱਥੋਂ ਇੱਕ ਰੋਟੀ ਭੁੰਜੇ ਡਿੱਗ ਪਈ ਤੇ ਰੇਤੇ ਵਿੱਚ ਚੋਪੜੇ ਪਾਸਿਓਂ ਲਿੱਬੜ ਗਈ। ਜੈਲੇ ਨੇ ਉਹ ਰੋਟੀ ਭੌਰੂ ਕੁੱਤੇ ਮੂਹਰੇ ਵਘ੍ਹਾ ਮਾਰੀ। ਮਾਮੀ ਨੂੰ ਤਾਂ ਜਿਵੇਂ ਸੱਤੇ ਕੱਪੜੇ ਅੱਗ ਲੱਗ ਗਈ। ਕਹਿੰਦੀ- ‘ਮਾਂ ਦਿਆਂ ਖਸਮਾਂ, ਕਣਕ ਪਤੈ ਸਿਉਨੇ ਨਾਲੋਂ ਮਹਿੰਗੀ ਹੋਈ ਪਈ ਐ ਤੇ ਤੂੰ ਕੁੱਤਿਆਂ ਬਿੱਲਿਆਂ ਮੂਹਰੇ ਚੱਕ ਚੱਕ ਸਿੱਟੀ ਜਾਨੈ। ਤੇਰਾ ਪਿਓ ਕੰਜਰ ਬੈਠੈ ਇੱਥੇ ਕਮਾਉਣ ਵਾਲਾ?’ ਜੈਲੇ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ ਤੇ ਉਸ ਦੇ ਮੂੰਹ ਵਿਚਲੀ ਬੁਰਕੀ ਮੂੰਹ ਵਿੱਚ ਹੀ ਫੁਲ ਗਈ ਤੇ ਉਸ ਨੇ ਦੂਜੀ ਰੋਟੀ ਵੀ ਅੱਖ ਬਚਾ ਕੇ ਇੱਕ ਖੂੰਜੇ ਵਿੱਚ ਭੌਰੂ ਮੂਹਰੇ ਹੀ ਸਿੱਟ ਦਿੱਤੀ।

ਉਸ ਘਰ ਵਿੱਚ ਉਹ ਦਾ ਮਾਮਾ ਹੀ ਉਸ ਵਾਸਤੇ ਸਿਰਫ਼ ਇੱਕ ਸਹਾਰਾ ਸੀ। ਉਸ ਦੇ ਮੂੰਹੋਂ ਹੀ ਕਦੇ ਕਦੇ ਜੈਲੇ ਨੂੰ ਮੋਹ ਭਰਿਆ ਅੱਖਰ ਜੁੜਦਾ। ਜੈਲਾ ਪੜ੍ਹਾਈ ਵਿੱਚ ਬੜਾ ਹੁਸ਼ਿਆਰ ਸੀ। ਉਹ ਬਹੁਗੁਣਾ ਸੀ। ਭਾਵੇਂ ਸਬਕ ਆਦਿ ਯਾਦ ਕਰਨ ਵਿੱਚ ਉਹ ਨੂੰ ਬਹੁਤ ਘੱਟ ਸਮਾਂ ਮਿਲਦਾ, ਪਰ ਸਕੂਲ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੇ ਘਰ ਦਾ ਕੰਮ ਦਿਖਾਉਣ ਵਿਚ ਉਹ ਸਦਾ ਹੀ ਸੁਰਜੀਤ ਨਾਲੋਂ ਨਿੱਤਰਿਆ ਰਹਿੰਦਾ। ਇਸ ਕਰਕੇ ਸੁਰਜੀਤ ਵੀ ਉਸ ਨਾਲ ਈਰਖਾ ਰੱਖਦਾ ਸੀ। ਸੁਰਜੀਤ ਦੇ ਤੀਜੇ ਚੌਥੇ ਦਿਨ ਹੀ ਡੰਡੇ ਪੈ ਜਾਂਦੇ। ਉਸ ਦੀ ਮਾਂ ਨੂੰ ਜਦੋਂ ਇਹ ਪਤਾ ਲੱਗਦਾ ਤਾਂ ਉਹ ਬੜਾ ਕੁੜ੍ਹਦੀ ਤੇ ਜੈਲਾ ਉਸ ਨੂੰ ਅੱਖ ਤਿਣ ਰੜਕਦਾ ਰਹਿੰਦਾ। ਉਸ ਨੂੰ ਲੱਗਦਾ। ਜਿਵੇਂ ਜੈਲੇ ਦੇ ਹੁਸ਼ਿਆਰ ਹੋਣ ਕਰਕੇ ਹੀ ਸੁਰਜੀਤ ਦੇ ਡੰਡੇ ਪੈਂਦੇ ਹਨ। ਸੁਰਜੀਤ ਨੂੰ ਵੀ ਜੈਲਾ ਵਿਓਹ ਵਰਗਾ ਲੱਗਦਾ ਸੀ। ਇੱਕ ਦਿਨ ਸੁਰਜੀਤ ਨੇ ਜੈਲੇ ਦੀ ਅੰਗਰੇਜ਼ੀ ਦੇ ਲੇਖਾਂ ਵਾਲੀ ਕਾਪੀ ਚੋਰੀਓਂ ਚੁੱਕ ਲਈ ਤੇ ਚੁੱਲ੍ਹੇ ਵਿੱਚ ਡਾਹ ਦਿੱਤੀ। ਇੱਕ ਦਿਨ ਅਧਿਆਪਕ ਨੇ ਸਮਾਜਕ ਅਧਿਅਨ ਦਾ ਇੱਕ ਅਧਿਆਏ ਜ਼ਬਾਨੀ ਯਾਦ ਕਰਨ ਲਈ ਕਿਹਾ। ਸੁਰਜੀਤ ਕੋਲ ਸਮਾਜਕ ਅਧਿਐਨ ਦੀ ਕਿਤਾਬ ਕੋਈ ਨਹੀਂ ਸੀ ਤੇ ਜੈਲੇ ਦੀ ਸਮਾਜਕ ਅਧਿਅਨ ਦੀ ਕਿਤਾਬ ਚੁੱਕੀ ਤੇ ਗਵਾਂਢੀਆਂ ਦੀ ਖੂਹੀ ਵਿੱਚ ਸਿੱਟ ਦਿੱਤੀ ਜਦੋਂ ਕਿ ਜੈਲਾ ਬਾਹਰਲੇ ਘਰ ਸੀਰੀ ਨਾਲ ਕੁਤਰਾ ਕਰਵਾਉਣ ਗਿਆ ਹੋਇਆ ਸੀ।

ਸੁਰਜੀਤ ਇਹ ਸਾਰੀਆਂ ਘਤਿੱਤਾਂ ਜਦ ਆਪਣੀ ਮਾਂ ਨੂੰ ਦੱਸਦਾ ਤਾਂ ਉਹ ਬੜੀ ਖ਼ੁਸ਼ ਹੁੰਦੀ ਤੇ ਕਹਿੰਦੀ- ‘ਪਚਿਊ ਲੱਗਿਆ ਹੋਇਐ ਇਹ ਮੁੰਡਾ ਤਾ। ਮੈਂ ਤਾਂ ਪਲੇਗ ਦੇ ਜਾਣੇ ਦਾ ਕਦੋਂ ਦਾ ਡੰਡਾ ਵੱਢ ਦਿੰਦੀ, ਪਰ ਤੇਰਾ ਪਿਓ ਕੰਜਰ ਪੱਟੀ ਨੀ ਬੰਨ੍ਹਣ ਦਿੰਦਾ।’

ਹਾੜ੍ਹ ਹੁੰਦਾ ਜਾਂ ਸਿਆਲ, ਜੈਲਾ ਬਦਾਮੀ ਖੱਦਰ ਦੇ ਕੁੜਤੇ ਪਜਾਮੇ ਨਾਲ ਵਕ਼ਤ ਪੂਰਾ ਕਰੀਂ ਜਾਂਦਾ। ਸਿਆਲਾਂ ਵਿੱਚ ਖੱਦਰ ਉਸ ਨੂੰ ਠੰਡਾ ਨਹੀਂ ਸੀ ਲੱਗਦਾ ਤੇ ਹਾੜ੍ਹਾਂ ਵਿੱਚ ਮੁੜ੍ਹਕਾ ਨਹੀਂ ਸੀ ਲਿਆਉਂਦਾ। ਸਿਆਲਾਂ ਦੇ ਕੱਕਰਾਂ ਤੇ ਹਾੜ੍ਹਾਂ ਦੇ ਅੰਗਿਆਰਾਂ ਨਾਲ ਜਿਵੇਂ ਉਸ ਨੇ ਸਮਝੌਤਾ ਕੀਤਾ ਹੋਇਆ ਸੀ। ਸਿਆਲਾਂ ਵਿੱਚ ਨਹਾਉਣ ਨੂੰ ਕਦੇ ਉਸ ਨੂੰ ਕੋਸਾ ਪਾਣੀ ਨਹੀਂ ਸੀ ਮਿਲਿਆ। ਇਸ ਲਈ ਉਹ ਪੰਪ ਦੇ ਨਿੱਘੇ ਪਾਣੀ ਨਾਲ ਹੀ ਪੰਜ ਇਸ਼ਨਾਨਾ ਕਰਕੇ ਹੀ ਸਾਰ ਲੈਂਦਾ ਤੇ ਪਿੰਡੇ ਉਹ ਅੱਠਵੇਂ ਦਿਨ ਕੇਸੀ ਨਹਾਉਣ ਲੱਗਿਆ ਹੀ ਨਹਾਉਂਦਾ।

ਥਾਲੀ ਵਿੱਚ ਜਿੰਨੀਆਂ ਰੋਟੀਆਂ ਰੱਖ ਕੇ ਉਹ ਦੀ ਮਾਮੀ ਉਸ ਨੂੰ ਦੇ ਦਿੰਦੀ, ਉਹ ਓਨੀਆਂ ਹੀ ਖਾ ਕੇ ਖੜ੍ਹਾ ਹੋ ਜਾਂਦਾ ਤੇ ਆਪ ਮੂੰਹੋਂ ਕਦੇ ਹੋਰ ਰੋਟੀ ਨਹੀਂ ਸੀ ਮੰਗੀ। ਜਿੱਦਣ ਦਾ ਉਸ ਘਰ ਵਿੱਚ ਉਹ ਆਇਆ ਸੀ, ਦੁੱਧ ਕਦੇ ਮੂੰਹ ਨੂੰ ਲਾ ਕੇ ਨਹੀਂ ਸੀ ਦੇਖਿਆ। ਮੋਟੇ ਫੁੱਲ੍ਹੇ ਤੋ ਬੇਢਬੇ ਸਿਉਂਤੇ ਕੱਪੜੇ ਪਾ ਕੇ ਅਤੇ ਰੁੱਖੀ ਮਿੱਸੀ ਤੇ ਬੇਹੀ ਤਬੇਹੀ ਖਾ ਕੇ ਜੈਲਾ ਆਪਣੇ ਦਿਨ ਲੰਘਾਉਂਦਾ ਗਿਆ।

ਇੱਕ ਸਾਲ ਲੰਘ ਗਿਆ। ਜੈਲਾ ਤੇ ਸੁਰਜੀਤ ਦੋਵੇਂ ਦਸਵੀਂ ਵਿੱਚ ਹੋ ਗਏ।

ਭਾਵੇਂ ਘਰ ਦਾ ਉਤਲਾ ਕੰਮ ਉਸ ਦੇ ਸਿਰ ਚੜ੍ਹਿਆ ਹੀ ਰਹਿੰਦਾ, ਪਰ ਉਹ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਰੱਖਦਾ ਸੀ। ਜੈਲੇ ਦੀ ਮਾਂ ਕਦੇ ਚੌਥੇ ਪੰਜਵੇਂ ਮਹੀਨੇ ਗੇੜਾ ਮਾਰ ਜਾਂਦੀ ਤੇ ਉਸ ਦੀ ਸੁੱਖ ਸਾਂਦ ਲੈ ਜਾਂਦੀ। ਜੈਲਾ ਆਪ ਤਾਂ ਦੋ ਵਾਰ ਹੀ ਸਿਰਫ਼ ਪਿੰਡ ਗਿਆ ਸੀ। ਇੱਕ ਵਾਰੀ ਪਿਛਲੇ ਸਾਲ ਗਰਮੀ ਦੀਆਂ ਛੁੱਟੀਆਂ ਵਿੱਚ ਤੇ ਇੱਕ ਵਾਰੀ ਇਸ ਸਾਲ ਗਰਮੀ ਦੀਆਂ ਛੁੱਟੀਆਂ ਵਿੱਚ।

ਜੈਲੇ ਦੀ ਮਾਂ ਜਦ ਕਦੇ ਆਉਂਦੀ ਉਸ ਕੋਲ ਉਹ ਦੀ ਮਾਂਮੀ ਸੌ ਸੌ ਚਤਰਾਈਆਂ ਘੋਟਦੀ– 'ਜੈਲੇ ਦਾ ਤਾਂ ਰਹਿਣ ਤੇ ਦੀਦਾ ਨੀ। ਨਣਦੇ, ਭਾਵੇਂ ਬੁਰਾ ਮਨਾਈ, ਧੀ ਭੈਣ ਦੀ ਆਣ ਤਾਂ ਇਹ ਨੂੰ ਡੱਕਾ ਨੀ।' ਜੈਲੇ ਦੀ ਮਾਂ ਕੌੜਾ ਕਸੈਲਾ ਕਰਕੇ ਸੁਣ ਲੈਂਦੀ ਤੇ ਮਾਮੀ ਹੋਰ ਕੁਫ਼ਰ ਤੋਲ ਦਿੰਦੀ– 'ਦਰਵਾਜ਼ੇ ਦੇ ਬਾਰ ਮੂਹਰੇ ਜਾ ਕੇ ਆਥਣੇ ਕੇਸ ਵਾਹੁਣ ਬੈਠ ਜਾਂਦੈ। ਕੁੜੀਆਂ ਮੁਟਿਆਰਾਂ ਲੰਘਦੀਆਂ ਨੇ ਤਾਂ ਅੱਖਾਂ ਪਾੜ ਪਾੜ ਦੇਖਦਾ ਘੰਟਾ ਘੰਟਾ ਉੱਥੇ ਈ ਖੜ੍ਹਾ ਰਹਿੰਦੈ, ਫੇਰ ਮੈਂ ਤਾਂ ਡਰਦੀਆਂ, ਕੋਈ ਉਲਾਂਭਾ ਨਾ ਖੱਟ ਦੇ।' ਤੇ ਫੇਰ ਆਪਣੇ ਪੁੱਤ ਦੀ ਵਡਿਆਈ ਮਾਰਦੀ– 'ਸੁਰਜੀਤ ਐ ਸਾਡਾ, ਧਰਤੀ ਉੱਤੋਂ ਅੱਖ ਨੀ ਚੁੱਕਦਾ। ਉਹਨੂੰ ਜਮਈਂ ਪਤਾ ਨਹੀ, ਬਈ ਇਹ ਕੀ ਗੱਲਾਂ ਹੁੰਦੀਐ।'

ਦਸਵੀਂ ਦੇ ਇਮਤਿਹਾਨ ਹੋਏ ਤੇ ਜੈਲਾ ਇਮਤਿਹਾਨ ਦੇ ਕੇ ਆਪਣੇ ਪਿੰਡ ਨੂੰ ਇਉਂ ਭੱਜ ਨਿਕਲਿਆ, ਜਿਵੇਂ ਜੇਲ੍ਹ ਵਿਚੋਂ ਕੈਦੀ। ਉਸ ਨੇ ਮਥ ਰੱਖੀ ਸੀ– 'ਭਾਵੇਂ ਫੇਲ੍ਹ ਹੋ ਜਾਵਾਂ, ਮੁੜਕੇ ਨਾਨਕੀਂ ਨੀ ਔਣਾ।' ਉਸ ਨੇ ਸਦਾ ਲਈ ਉਸ ਪਿੰਡ ਨੂੰ ਜਿਵੇਂ ਮੱਥਾ ਟੇਕ ਦਿੱਤਾ ਸੀ।

ਪਿੰਡ ਜਾ ਕੇ ਪੰਦਰਾਂ-ਵੀਹ ਦਿਨਾਂ ਪਿੱਛੋਂ ਹੀ ਜੈਲੇ ਨੇ ਪਿੰਡ ਦੀ ਕੋਆਪ੍ਰੇਟਿਵ ਬੈਂਕ ਵਿੱਚ ਕੱਚੀ ਨੌਕਰੀ ਕਰ ਲਈ। ਦਸਵੀਂ ਦੇ ਨਤੀਜੇ ਨਿਕਲੇ ਤਾਂ ਜੈਲਾ ਦੂਜੇ ਨੰਬਰ ਵਿੱਚ ਪਾਸ ਹੋਇਆ ਤੇ ਸੁਰਜੀਤ ਫੇਲ੍ਹ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਸ ਦੀ ਮਾਮੀ ਦੇ ਮਨ ਵਿੱਚ ਉਸ ਦਾ ਪਾਸ ਹੋ ਜਾਣਾ ਜੈਲੇ 'ਤੇ ਆਖ਼ਰੀ ਲਾਹਣਤ ਸੀ। ♦

# ਇੱਕ ਕੁੜੀ ਧੋਲ ਮੋਲ

ਨਿਰਮਲ ਤਿੰਨ ਭਰਾਵਾਂ ਦੀ ਇੱਕ ਭੈਣ ਸੀ। ਸਭ ਤੋਂ ਛੋਟੀ। ਵੱਡਾ ਭਰਾ ਖੇਤੀ ਕਰਦਾ ਸੀ। ਉਸ ਤੋਂ ਛੋਟਾ ਫ਼ੌਜ ਵਿੱਚ ਤੇ ਸਭ ਤੋਂ ਛੋਟਾ ਦਸਵੀਂ ਪਾਸ ਕਰਨ ਸਾਰ ਪੁਲਿਸ ਵਿੱਚ ਭਰਤੀ ਹੋ ਗਿਆ ਸੀ।

ਪਿਓ ਅਜੇ ਉਨ੍ਹਾਂ ਦਾ ਜਿਉਂਦਾ ਸੀ। ਬਹੁਤ ਬਿਰਧ, ਪਰ ਵੱਡੇ ਪੁੱਤ ਦੇ ਕੰਮ ਵਿੱਚ ਥੋੜ੍ਹਾ ਮੋਟਾ ਹੱਥ ਪੱਲਾ ਹਿਲਾਂ ਛੱਡਦਾ ਸੀ। ਉਹ ਖੇਤ ਜਾ ਕੇ ਰੋਟੀ ਦੇ ਆਉਂਦਾ। ਉਨ੍ਹਾਂ ਦਾ ਸੀਰੀ ਕੁਤਰਾ ਕਰਕੇ ਡੰਗਰਾਂ ਨੂੰ ਪਾ ਦਿੰਦਾ ਤੇ ਬਿਰਧ ਮਗਰੋਂ ਖੁਰਲੀਆਂ ਵਿੱਚ ਕੱਖ ਲੋਟ ਕਰਦਾ ਰਹਿੰਦਾ। ਕਦੇ-ਕਦੇ ਡੰਗਰਾਂ ਦੇ ਰੱਸੇ ਮੇਲ ਦਿੰਦਾ। ਮੱਕੀ ਦੀ ਰਾਖੀ, ਕਦੇ ਚਰ੍ਹੀ ਦੀ ਰਾਖੀ, ਪਿੜ ਦੀ ਰਾਖੀ ਤੇ ਕਦੇ ਕਦੇ ਮੱਝਾਂ ਨੂੰ ਖਾਲਾਂ ਵਿੱਚ ਚਾਰ ਲਿਆਉਣਾ-ਇਹ ਸਾਰੇ ਕੰਮ ਬੁੜ੍ਹੇ ਦੇ ਹੁੰਦੇ।

ਨਿਰਮਲ ਜਦੋਂ ਦੋ ਤਿੰਨ ਸਾਲਾਂ ਦੀ ਸੀ, ਉਦੋਂ ਉਹ ਸੱਫ਼ਰ ਬੜੀ ਸੀ। ਅੰਗ ਅੰਗ ਉਹ ਦਾ ਭਰਵਾਂ ਭਰਵਾਂ ਮੋਟਾ ਸੀ। ਪਿੰਜਣੀਆਂ, ਪੱਟ ਤੇ ਡੌਲੇ ਭਰਵੇਂ ਭਰਵੇਂ। ਅੱਖਾਂ ਮੋਟੀਆਂ, ਗੁਟਰ ਗੁਟਰ ਝਾਕਦੀ। ਚਿਹਰਾ ਉੱਭਰਦਾ, ਗੋਲ ਗੋਲ। ਸਿਰ ਦੇ ਵਾਲ ਭੂਰੇ ਪੂਰੇ ਸੰਘਣੇ। ਇੱਕ ਦੋ ਪਲਾਂਘਾਂ ਪੁੱਟਦੀ ਤੇ ਡਿੱਗ ਪੈਂਦੀ। ਡਿੱਗਦੀ ਤੇ ਫੇਰ ਖੜ੍ਹੀ ਹੋ ਜਾਂਦੀ ਤੇ ਫੇਰ ਰੁੜ੍ਹ ਜਾਂਦੀ। ਕੋਈ ਵੀ ਬੁਲਾਉਂਦਾ ਤਾਂ ਹੱਸ ਹੱਸ ਲੋਟ ਪੋਟ ਹੋ ਜਾਂਦੀ। ਹਾਸੀ ਹਾਸੀ ਵਿੱਚ ਕੋਈ ਘੂਰ ਦਿੰਦਾ ਤਾਂ ਝੱਟ ਬੁੱਲ੍ਹ ਅਟੇਰ ਕੇ ਫੇਰ ਖਿੜ੍ਹ ਖਿੜ੍ਹ ਹੱਸ ਪੈਂਦੀ। ਕੁੜੀ ਕਾਹਦੀ ਰਬੜ ਦਾ ਕਾਕਾ ਸੀ। ਗੋਲ ਮੋਲ, ਮੋਟੀ ਮੋਟੀ, ਥੱਲ ਥੱਲ ਕਰਦੀ ਤੇ ਓਹ ਦੇ ਬਾਪੂ ਨੇ ਉਹ ਦਾ ਨਾਉਂ ਧੋਲ ਮੋਲ ਰੱਖ ਲਿਆ ਸੀ।

ਧੋਲ ਮੋਲ ਜਦ ਉਡਾਰ ਹੋ ਗਈ, ਉਸ ਨੂੰ ਸਕੂਲ ਪੜ੍ਹਨ ਲਾ ਦਿੱਤਾ। ਸਕੂਲ ਦੇ ਰਜਿਸਟਰ ਵਿੱਚ ਉਹਦਾ ਨਾਉਂ ਨਿਰਮਲ ਕੌਰ ਚੜ੍ਹ ਗਿਆ, ਉਹ ਰਹੀ ਧੋਲ ਮੋਲ ਹੀ। ਉਸ ਦੇ ਮਾਪੇ, ਭਰਾ ਭਰਜਾਈਆਂ ਤੇ ਉਸ ਨਾਲ ਪੜ੍ਹਦੀਆਂ ਕੁੜੀਆਂ ਉਸ ਨੂੰ ਦਸਵੀਂ ਜਮਾਤ ਤਾਈਂ ਧੋਲ ਮੋਲ ਹੀ ਕਹਿੰਦੀਆਂ ਰਹੀਆਂ।

ਅਜੇ ਉਹ ਦਸਵੀਂ ਜਮਾਤ ਵਿੱਚ ਪੜ੍ਹਦੀ ਹੀ ਸੀ ਕਿ ਉਸ ਦੀ ਮੰਗਣੀ ਹੋ ਗਈ। ਜਿਸ ਮੁੰਡੇ ਨੂੰ ਉਹ ਮੰਗੀ ਗਈ, ਉਹ ਉਦੋਂ ਬੀ. ਏ. ਵਿੱਚ ਪੜ੍ਹਦਾ ਸੀ। ਮੁੰਡਾ ਪੁੱਜ ਕੇ ਸੁਹਣਾ। ਨਿਰਮਲ ਵੀ ਚੰਦ ਵਰਗੀ ਕੁੜੀ ਸੀ। ਜਦ ਉਹ ਦਸਵੀਂ ਵਿੱਚ ਪੜ੍ਹਦੀ ਸੀ, ਉਸ ਦੇ ਕੱਦ ਕਾਠ ਨੂੰ ਨਿੱਤ ਨਵਾਂ ਵਾਰ ਆਉਂਦਾ ਸੀ। ਉਸ ਦੇ ਗੰਢਾਂ ਦੇ ਦੇ ਰੱਖਣ ਵਾਲੇ ਸਰੀਰ ਨੂੰ ਇੱਕ ਰੂਪ ਚੜ੍ਹਦਾ ਸੀ, ਇੱਕ ਰੂਪ ਉਤਰਦਾ ਸੀ। ਉਹ ਦਾ ਮੰਗੇਤਰ ਇੱਕ ਖੱਬੀਖ਼ਾਨ ਘਰ ਦਾ ਪੁੱਤ ਸੀ ਤੇ ਨਿਰਮਲ ਉਸ ਨੇ ਦੇਖ ਕੇ ਪਸੰਦ ਕੀਤੀ ਸੀ।

ਨਿਰਮਲ ਨੇ ਦਸਵੀਂ ਜਮਾਤ ਪਾਸ ਕਰ ਲਈ ਤੇ ਉਹ ਦਾ ਮੰਗੇਤਰ ਵੀ ਬੀ. ਏ. ਵਿਚੋਂ ਪਾਸ ਹੋ ਗਿਆ। ਨਿਰਮਲ ਦੇ ਪਿਓ ਨੇ ਉਹ ਦਾ ਵਿਆਹ ਦੇਣਾ ਚਾਹਿਆ। ਮੁੰਡਾ ਕਹਿੰਦਾ ਕਿ ਮੈਂ ਤਾਂ ਹੋਰ ਪੜ੍ਹਨਾ ਹੈ ਤੇ ਉਹ ਚੰਡੀਗੜ੍ਹ ਵਕਾਲਤ ਵਿੱਚ ਦਾਖ਼ਲ ਹੋ ਗਿਆ।

ਇੱਕ ਸਾਲ ਲੰਘ ਗਿਆ।

ਮੁੰਡੇ ਦੀ ਚੰਡੀਗੜ੍ਹ ਤੋਂ ਸਿੱਧੀ ਚਿੱਠੀ ਆਈ। ਉਸ ਨੇ ਨਿਰਮਲ ਦੇ ਪਿਓ ਨੂੰ ਲਿਖਿਆ ਸੀ ਕਿ ਉਹ ਨਿਰਮਲ ਨੂੰ ਕਾਲਜ ਵਿੱਚ ਪੜ੍ਹਨ ਲਾ ਦੇਣ। ਬੀ. ਏ. ਕਰੇ, ਭਾਵੇਂ ਨਾ ਕਰੇ, ਪਰ ਦੋ ਸਾਲ ਘੱਟੋ ਘੱਟ ਕਾਲਜ ਵਿੱਚ ਜ਼ਰੂਰ ਲਾਵੇ ਤਾਂ ਕਿ ਉਸ ਨੂੰ ਮਾਡਰਨ ਸੁਸਾਇਟੀ ਦਾ ਪਤਾ ਲੱਗ ਜਾਵੇ। ਇਹ ਵੀ ਲਿਖਿਆ ਸੀ ਕਿ ਨਿਰਮਲ ਬੈਡਮਿੰਟਨ ਜ਼ਰੂਰ ਖੇਡਿਆ ਕਰੇ ਤੇ ਇਸ ਖੇਡ ਵਿੱਚ ਪੂਰੀ ਮਾਹਰ ਹੋ ਜਾਵੇ।

ਨਿਰਮਲ ਦਾ ਪਿਓ ਤਾਂ ਅਨਪੜ੍ਹ ਸੀ ਤੇ ਵੱਡਾ ਭਰਾ ਵੀ ਅਨਪੜ੍ਹ, ਚਿੱਠੀ ਨਿਰਮਲ ਨੇ ਪੜ੍ਹੀ ਤੇ ਪੜ੍ਹ ਕੇ ਕੋਲ ਹੀ ਰੱਖ ਲਈ। ਵੱਡੇ ਭਰਾ ਤੇ ਪਿਓ ਨੂੰ ਕੁਝ ਨਾ ਦੱਸਿਆ। ਚਿੱਤ ਵਿੱਚ ਉਹ ਬਹੁਤ ਉਦਾਸ ਰਹਿਣ ਲੱਗੀ।

ਉਨ੍ਹਾਂ ਦਾ ਪਿੰਡ ਨੇੜੇ ਦੇ ਸ਼ਹਿਰ ਤੋਂ ਦੋ ਮੀਲ ਦੀ ਵਿੱਥ ’ਤੇ ਹੀ ਸੀ। ਪੱਕੀ ਸੜਕ। ਉਨ੍ਹਾਂ ਦੇ ਪਿੰਡ ਤਾਂ ਮਿਡਲ ਸਕੂਲ ਹੀ ਸੀ ਤੇ ਉਸ ਨੇ ਦਸਵੀਂ ਜਮਾਤ ਨੇੜੇ ਦੇ ਸ਼ਹਿਰੋਂ ਕੀਤੀ ਸੀ। ਸਾਈਕਲ ’ਤੇ ਜਾਂਦੀ ਹੁੰਦੀ, ਸਾਈਕਲ ’ਤੇ ਆਉਂਦੀ ਹੁੰਦੀ। ਦਸਵੀਂ ਪਾਸ ਕਰਨ ਸਾਰ ਉਹ ਓਸੇ ਸ਼ਹਿਰ ਬਲਾਕ ਦੇ ਦਫ਼ਤਰ ਵਿੱਚ ਕਲਰਕ ਲੱਗ ਗਈ ਸੀ। ਸਾਈਕਲ ’ਤੇ ਚਲੀ ਜਾਂਦੀ, ਸਾਈਕਲ ’ਤੇ ਆ ਜਾਂਦੀ। ਉਹ ਆਪਣੀ ਤਨਖ਼ਾਹ ਸਾਰੀ ਦੀ ਸਾਰੀ ਡਾਕਖ਼ਾਨੇ ਦੀ ਕਾਪੀ ਵਿੱਚ ਜਮ੍ਹਾ ਕਰਵਾ ਦਿੰਦੀ। ਉਹ ਦਾ ਵੱਡਾ ਭਰਾ ਕਿਰਸਾਂ ਕਰ ਕਰ ਭੈਣ ਵਾਸਤੇ ਦਾਜ ਤਿਆਰ ਕਰਦਾ। ਪਿਓ ਕੁੜੀ ਦੇ ਫ਼ਿਕਰਾਂ ਵਿੱਚ ਦਿਨ ਦਿਨ ਘਟਦਾ ਰਹਿੰਦਾ, ਝੂਰਦਾ ਰਹਿੰਦਾ। ਫ਼ੌਜ ਵਿੱਚ ਜਿਹੜਾ ਭਰਾ ਨੌਕਰ ਸੀ, ਉਹ ਵਰ੍ਹੇ ਛਿਮਾਹੀ ਸੌ ਦੋ ਸੌ ਭੇਜ ਦਿੰਦਾ। ਪਰ ਉਸ ਦੇ ਵੀ ਤਾਂ ਵਹੁਟੀ ਸੀ, ਦੋ ਜਵਾਕ ਸਨ ਤੇ ਉਹ ਦਾ ਵਿਚਾਰੇ ਦਾ ਆਪ ਹੀ ਮਸ੍ਹਾਂ ਪਲ ਪੂਰਾ ਹੁੰਦਾ ਸੀ। ਵਹੁਟੀ ਉਹ ਦੀ ਪੇਕੀਂ ਰਹਿੰਦੀ ਤੇ ਜਿਹੜੇ ਖ਼ਰਚ ਉਹ ਭੇਜਦਾ, ਬੈਠੀ ਖਾਈਂ ਜਾਂਦੀ। ਪੁਲਿਸ ਵਿੱਚ ਜਿਹੜਾ ਸੀ, ਉਹ ਲੋਕਾਂ ਤੋਂ ਲੁੱਟ ਖਸੁੱਟ ਕਰਕੇ ਵੀ ਨੰਗ ਦਾ ਨੰਗ ਰਹਿੰਦਾ। ਉਸ ਦੀ ਘਰਵਾਲੀ ਤੇ ਜਵਾਕ, ਸਗੋਂ ਕਦੇ ਕਦੇ ਪਿੰਡ ਆ ਕੇ ਵੱਡੇ ਭਰਾ ਨੂੰ ਦੱਦ ਲੱਗ ਜਾਂਦੇ। ਉਸ ਸ਼ੇਰ ਦੇ ਬੱਚੇ ਨੇ ਕਦੇ ਵੀ ਪਿਓ ਦੇ ਹੱਥ ’ਤੇ ਆ ਕੇ ਥੁੱਕਿਆ ਤੱਕ ਨਹੀਂ ਸੀ। ਸ਼ਰਾਬ ਬੇਥਾਹ ਪੀਂਦਾ ਸੀ। ਰਾਤਾਂ ਬਾਹਰ ਕੱਟਦਾ ਸੀ। ਕਿਸੇ ਨਾ ਕਿਸੇ ਮੁਕੱਦਮੇ ਵਿੰਚ ਅੜਿਆ ਹੀ ਰਹਿੰਦਾ। ਦਸ ਵਾਰੀ ਮੁਅੱਤਲ ਹੋਇਆ ਸੀ, ਦਸ ਵਾਰੀ ਬਹਾਲ ਹੋਇਆ ਸੀ। ਨਿਰਮਲ ਦਾ ਫ਼ਿਕਰ ਤਾਂ ਪਿਓ ਨੂੰ ਸੀ ਜਾਂ ਵੱਡੇ ਭਰਾ ਨੂੰ, ਜਿਸ ਦੀ ਉਹ ਧੀਆਂ ਵਰਗੀ ਛੋਟੀ ਭੈਣ ਸੀ।

ਛੇ ਕੁ ਮਹੀਨਿਆਂ ਬਾਅਦ ਹੀ ਚੰਡੀਗੜ੍ਹ ਤੋਂ ਚਿੱਠੀ ਆਈ, ਜਿਸ ਵਿੱਚ ਪੁੱਛਿਆ ਸੀ ਕਿ ਨਿਰਮਲ ਕਾਲਜ ਵਿੱਚ ਦਾਖ਼ਲ ਹੋ ਗਈ ਹੈ ਜਾਂ ਨਹੀਂ ਤੇ ਪੁੱਛਿਆ ਸੀ ਕਿ ਉਹ ਬੈਡਮਿੰਟਨ ਖੇਡਦੀ ਹੁੰਦੀ ਹੈ ਜਾਂ ਨਹੀਂ। ਨਿਰਮਲ ਨੇ ਚਿੱਠੀ ਪੜ੍ਹੀ ਤੇ ਰੱਖ ਲਈ। ਪਿਤਾ

ਵੱਲੋਂ ਜਵਾਬ ਲਿਖ ਦਿੱਤਾ ਕਿ ਨਿਰਮਲ ਕਾਲਜ ਵਿੱਚ ਪੜ੍ਹਨ ਲੱਗ ਪਈ ਹੈ ਤੇ ਬੈਡਮਿੰਟਨ ਵੀ ਸ਼ਹਿਰੋਂ ਖੇਡ ਕੇ ਆਉਂਦੀ ਹੈ। ਸੁਹਣੀ ਖਿਡਾਰਨ ਬਣਦੀ ਜਾਂਦੀ ਹੈ।

ਜਿੱਥੇ ਨਿਰਮਲ ਮੰਗੀ ਹੋਈ ਸੀ, ਉਹ ਪਿੰਡ ਉਨ੍ਹਾਂ ਦੇ ਪਿੰਡ ਤੋਂ ਐਨੀ ਦੂਰ ਸੀ ਕਿ ਨਾ ਤਾਂ ਕੋਈ ਓਧਰਲਾ ਬੰਦਾ ਏਧਰ ਆਉਂਦਾ ਸੀ ਤੇ ਨਾ ਹੀ ਏਧਰਲਾ ਓਧਰ ਛੇਤੀ ਛੇਤੀ ਗੇੜਾ ਮਾਰਦਾ ਸੀ। ਏਧਰਲੇ ਪਿੰਡਾਂ ਦਾ ਕਦੇ ਕੋਈ ਬੰਦਾ ਚੰਡੀਗੜ੍ਹ ਵੀ ਓਸ ਮੁੰਡੇ ਨੂੰ ਨਹੀਂ ਸੀ ਮਿਲਿਆ। ਨਹੀਂ ਤਾਂ ਜ਼ਮਾਨਾ ਐਸਾ ਹੈ– ਝੱਟ ਕੋਈ ਨਾ ਕੋਈ ਚੁਗਲੀ ਕਰ ਦਿੰਦਾ ਕਿ ਕੁੜੀ ਕਾਲਜ ਵਿੱਚ ਕਾਹਨੂੰ ਉਹ ਤਾਂ ਬਲਾਕ ਦਫ਼ਤਰ ਵਿੱਚ ਇੱਕ ਮਾਮੂਲੀ ਨੌਕਰ ਐ।

ਨਿਰਮਲ ਟੁੱਟੇ ਦਿਲ ਨਾਲ ਦਫ਼ਤਰ ਜਾਂਦੀ ਤੇ ਭੁੱਜੇ ਦਿਲ ਨਾਲ ਪਿੰਡ ਆ ਜਾਂਦੀ। ਨਾ ਉਹ ਦਾ ਜੀਅ ਕਰਦਾ ਸੀ, ਚੰਗੇ ਕੱਪੜੇ ਪਾਵੇ ਤੇ ਨਾ ਉਹ ਦਾ ਜੀਅ ਕਰਦਾ ਸੀ ਚੰਗਾ ਖਾਵੇ, ਕਿਸੇ ਨਾਲ ਗੱਲ ਕਰੇ, ਹੱਸੇ ਖੇਡੇ । ਉਹ ਹਰ ਵੇਲੇ ਬੁਝੀ ਰਹਿੰਦੀ। ਦਫ਼ਤਰ ਜਾ ਕੇ ਉਸ ਦਾ ਜਮ੍ਹਾ ਚਿੱਤ ਨਾ ਕਰਦਾ, ਕੰਮ ਕਰਨ ਨੂੰ। ਉਸ ਨੂੰ ਡਿਸਪੈਚ ਦੇ ਕੰਮ 'ਤੇ ਬਿਠਾਇਆ ਹੋਇਆ ਸੀ। ਅੱਗੇ ਉਹ ਅੱਧੇ ਦਿਨ ਵਿੱਚ ਹੀ ਸਾਰਾ ਕੰਮ ਮੁਕਾ ਦਿੰਦੀ ਸੀ ਤੇ ਹੁਣ ਦੋ-ਦੋ ਦਿਨਾਂ ਦਾ ਕੰਮ ਉਸ ਉੱਤੋਂ ਦੀ ਪਿਆ ਰਹਿੰਦਾ। ਉਸ ਦੇ ਨਾਲ ਬੈਠਦਾ ਮੁੰਡਾ ਬੜਾ ਬੀਬਾ ਸੀ। ਉਸ ਦੇ ਮਨ ਵਿੱਚ ਪਤਾ ਨਹੀਂ ਕੀ ਤਰਸ ਉੱਠਦਾ-ਉਹ ਨਿਰਮਲ ਨੂੰ ਥੱਕੀ ਟੁੱਟੀ ਦੇਖਦਾ ਤੇ ਉਬਾਸੀਆਂ ਲੈਂਦੀ ਅਤੇ ਅਗਵਾੜੀਆਂ ਭੰਨ੍ਹਦੀ ਦੇਖਦਾ ਤਾਂ ਆਪਣਾ ਕੰਮ ਛੇਤੀ ਛੇਤੀ ਮੁਕਾ ਕੇ ਨਿਰਮਲ ਦੇ ਸਾਰੇ ਕਾਗਜ ਡਿਸਪੈਚ ਕਰ ਦਿੰਦਾ। ਲਿਫ਼ਾਫ਼ਿਆਂ 'ਤੇ ਐਡਰੈਸ ਵੀ ਲਿਖ ਦਿੰਦਾ। ਕਦੇ-ਕਦੇ ਨਿਰਮਲ ਮੱਥਾ ਫੜੀ ਬੈਠੀ ਹੁੰਦੀ ਤੇ ਕੰਮ ਵਿੱਚ ਇਉਂ ਧਸੀ ਹੁੰਦੀ, ਜਿਵੇਂ ਜੇਠ ਹਾੜ੍ਹ ਦੇ ਮਹੀਨੇ ਵਿਆਹ ਦੀ ਦੋ ਮਣ ਪੱਕੀ ਛੋਲਿਆਂ ਦੀ ਦਾਲ ਕਿਸੇ ਜ਼ਨਾਨੀ ਨੇ ਚੱਕੀ 'ਤੇ ਦਲ ਕੇ ਹੀ ਉੱਠਣਾ ਹੋਵੇ ਤਾਂ ਉਹ ਮੁੰਡਾ ਬਾਹਰੋਂ ਚਾਹ ਦੇ ਦੋ ਕੱਪ ਗਰਮ ਗਰਮ ਦੁਕਾਨ 'ਤੋਂ ਮੰਗਵਾਉਂਦਾ ਤੇ ਇੱਕ ਕੱਪ ਚੁੱਪ ਕਰਕੇ ਨਿਰਮਲ ਦੇ ਮੂਹਰੇ ਰੱਖ ਦਿੰਦਾ। ਮੁੰਡਾ ਉਹ ਕਿੰਨਾ ਚੰਗਾ ਸੀ, ਕਿੰਨਾ ਸਾਊ ਸੀ। ਘੁੱਟਵੇਂ ਘੁੱਟਵੇਂ ਕੱਪੜੇ ਪਾਉਂਦਾ। ਸਿਆਲ ਦੀ ਰੁੱਤ। ਗਲ ਰੈਡੀਮੇਡ ਗਰਮ ਕੋਟੀ ਤੇ ਗਰਦਨ ਦੁਆਲੇ ਗਰਮ ਪਤਲਾ ਮਫ਼ਲਰ ਲਪੇਟ ਕੇ ਰੱਖਦਾ ਸੀ। ਦਾੜ੍ਹੀ ਮੁੱਛਾਂ ਦੀ ਲੂੰਈਂ ਅਜੇ ਉਸ ਦੇ ਫੁੱਟਦੀ ਸੀ। ਸਿਰ ਦੇ ਵਾਲ ਕੱਟ ਕੇ ਰੱਖਦਾ, ਛੋਟੇ-ਛੋਟੇ ਸਿੱਧੇ ਖੜਵੇਂ। ਪਤਲਾ ਛੀਂਟਕਾ ਸਰੀਰ। ਹੱਸੂੰ ਹੱਸੂੰ ਕਰਦਾ ਚਿਹਰਾ। ਅੱਖਾਂ ਵਿੱਚ ਹਵਾ ਸਮਾਨ ਸੁਰਮਾ ਪਾ ਕੇ ਰੱਖਦਾ।

ਮੁੰਡੇ ਦਾ ਨਾਉਂ ਅਮਰਜੀਤ ਸੀ।

ਅਮਰਜੀਤ, ਨਿਰਮਲ ਦੇ ਪਿੰਡ ਦੇ ਗਵਾਂਢ ਦਾ ਹੀ ਰਹਿਣ ਵਾਲਾ ਸੀ। ਓਸ ਸ਼ਹਿਰੋਂ ਉਸ ਨੇ ਦਸਵੀਂ ਪਾਸ ਕੀਤੀ ਸੀ ਤੇ ਨਿਰਮਲ ਦੇ ਨਾਲ ਹੀ ਤਕਰੀਬਨ ਬਲਾਕ ਦਫ਼ਤਰ ਵਿੱਚ ਕਲਰਕ ਲੱਗ ਗਿਆ ਸੀ। ਨਿਰਮਲ ਨੂੰ ਮਹਿਸੂਸ ਹੁੰਦਾ ਕਿ ਅਮਰਜੀਤ ਕਿੰਨਾ ਚੰਗਾ ਮੁੰਡਾ ਹੈ। ਉਸਦੇ ਕੰਮ ਵਿੱਚ ਉਸਦਾ ਉਹ ਕਿੰਨਾ ਸਹਾਈ ਹੁੰਦਾ ਹੈ। ਉਸਦੀ ਉਦਾਸੀ ਨੂੰ ਸਮਝਦਾ ਹੈ। ਬੋਲਦਾ ਭਾਵੇਂ ਥੋੜ੍ਹਾ ਹੈ, ਪਰ ਮਹਿਸੂਸ ਸ਼ਾਇਦ ਬਹੁਤਾ ਕਰਦਾ ਹੈ। ਪਿੰਡਾਂ ਤੋਂ ਆਉਂਦੇ ਆਉਂਦੇ ਅਕਸਰ ਉਹ ਇਕੱਠੇ ਹੋ ਜਾਂਦੇ। ਇੱਕ ਦਿਨ ਨਿਰਮਲ ਦਾ ਸਾਈਕਲ

ਪੰਚਰ ਹੋ ਗਿਆ। ਅਮਰਜੀਤ ਨੇ ਨਿਰਮਲ ਨੂੰ ਆਪਣੇ ਸਾਈਕਲ ਦੇ ਪਿੱਛੇ ਬਿਠਾ ਲਿਆ ਤੇ ਉਸ ਦਾ ਪੰਚਰ ਸਾਈਕਲ ਦੂਜੇ ਹੱਥ ਨਾਲ ਬਰਾਬਰ ਫੜ ਕੇ ਉਹ ਦੋਵੇਂ ਦਫ਼ਤਰ ਆ ਗਏ। ਉਸ ਦਿਨ ਜਿਵੇਂ ਅਮਰਜੀਤ ਨੇ ਨਿਰਮਲ ਦਾ ਦਿਲ ਜਿੱਤ ਲਿਆ ਸੀ।

ਉਸ ਦਿਨ ਦਫ਼ਤਰ ਵਿੱਚ ਜਦ ਉਹ ਕੰਮ 'ਤੇ ਆ ਕੇ ਬੈਠੇ, ਨਿਰਮਲ ਦੀ ਸੀਟ ਦੇ ਬਿਲਕੁੱਲ ਉੱਪਰ ਇੱਕ ਬੰਦ ਰੋਸ਼ਨਦਾਨ ਵਿੱਚ ਗੋਲੀ ਕਬੂਤਰੀ ਨੇ ਆਲ੍ਹਣਾ ਪਾ ਲਿਆ ਹੋਇਆ ਸੀ। ਸ਼ਾਇਦ ਅੱਜ ਹੀ ਸ਼ੁਰੂ ਕੀਤਾ ਸੀ। ਇੱਕ ਖੁੱਲ੍ਹੇ ਰੋਸ਼ਨਦਾਨ ਵਿੱਚ ਦੀ ਕਬੂਤਰੀ ਤੇ ਉਹ ਦਾ ਕਬੂਤਰ ਦਬਾ ਦਬ ਨਿੰਮ੍ਹ, ਬੇਰੀ ਤੇ ਕਿੱਕਰ ਦੇ ਡੱਕੇ ਬਾਹਰੋਂ ਲਿਆਉਣ ਵਿੱਚ ਰੁੱਝੇ ਹੋਏ ਸਨ। ਨਿਰਮਲ ਬਿੰਦ ਦੀ ਬਿੰਦ ਉਨ੍ਹਾਂ ਵੱਲ ਦੇਖਦੀ ਰਹੀ ਤੇ ਖੁਸ਼ਕ ਜਿਹੀ ਮੁਸਕਰਾਹਟ ਬੁੱਲ੍ਹਾਂ 'ਤੇ ਲਿਆਉਂਦੀ ਰਹੀ। ਫੇਰ ਇੱਕ ਲੰਮਾ ਸਾਰਾ ਸਾਹ ਸੂਤਵਾਂ ਹਉਕਾ ਲੈ ਕੇ ਆਪਣੇ ਕੰਮ ਵਿੱਚ ਲੱਗ ਗਈ।

ਨਿਰਮਲ ਮੰਗੀ ਨੂੰ ਦੋ ਸਾਲ ਹੋ ਗਏ ਸਨ। ਉਹ ਦੇ ਪਿਓ ਨੇ ਮੁੰਡੇ ਦੇ ਮਾਪਿਆਂ ਨੂੰ ਚਿੱਠੀ ਪਵਾਈ ਕਿ ਉਹ ਵਿਆਹ ਲੈ ਲੈਣ। ਮਾਪਿਆਂ ਦਾ ਜਵਾਬ ਆਇਆ ਕਿ ਮੁੰਡੇ ਦੀ ਮਰਜ਼ੀ ਹੈ-ਜਦੋਂ ਚਾਹੇ, ਵਿਆਹ ਕਰਵਾ ਲਵੇ।

ਨਿਰਮਲ ਦਾ ਪਿਓ ਮੁੰਡੇ ਨੂੰ ਚੰਡੀਗੜ੍ਹ ਚਿੱਠੀ ਪਵਾਉਣ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਦੀ ਚਿੱਠੀ ਆਪ ਹੀ ਗਈ। ਲਿਖਿਆ ਸੀ ਕਿ ਨਿਰਮਲ ਕਲੱਬ ਜਾਇਆ ਕਰੇ ਤਾਂ ਕਿ ਉਹ ਹਾਈ ਸਰਕਲ ਵਿੱਚ ਬੋਲਣਾ ਚਾਲਣਾ, ਖਾਣਾ-ਪੀਣਾ ਤੇ ਉੱਠਣਾ ਬੈਠਣਾ ਸਿੱਖ ਲਵੇ। ਉਸ ਸ਼ਹਿਰ ਵਿੱਚ ਓਸੇ ਨਾਲ ਇੱਕ ਛੋਟੀ ਜਿਹੀ ਕਲੱਬ ਬਣ ਗਈ ਸੀ, ਜਿੱਥੇ ਸ਼ਾਮ ਨੂੰ ਵੱਡੇ-ਵੱਡੇ ਅਫ਼ਸਰ, ਉਨ੍ਹਾਂ ਦੀਆਂ ਪਤਨੀਆਂ ਤੇ ਸ਼ਹਿਰ ਦੇ ਲਟਬੌਰੇ ਮੁੰਡੇ ਕੁੜੀਆਂ ਜਾਂਦੇ ਤੇ ਹੱਸ ਖੇਡ, ਖਾ ਪੀ ਕੇ ਵੱਡੀ ਰਾਤ ਘਰ ਨੂੰ ਮੁੜਦੇ। ਇਸ ਕਲੱਬ ਦੀ ਖ਼ਬਰ ਪ੍ਰੈੱਸ ਵਿੱਚ ਆ ਚੁੱਕੀ ਸੀ। ਇਸੇ ਕਰਕੇ ਸ਼ਾਇਦ ਮੁੰਡੇ ਨੂੰ ਚੰਡੀਗੜ੍ਹ ਬੈਠੇ ਨੂੰ ਉਸ਼ ਸ਼ਹਿਰ ਵਿੱਚ ਕਲੱਬ ਦਾ ਪਤਾ ਲੱਗਿਆ ਸੀ। ਉਸ ਨੇ ਆਪਣੀ ਉਸ ਚਿੱਠੀ ਵਿੱਚ ਇਹ ਵੀ ਲਿਖਿਆ ਸੀ ਕਿ ਨਿਰਮਲ ਪਿੰਡ ਜਾਣ ਦੀ ਥਾਂ ਕਾਲਜ ਹੋਸਟਲ ਵਿੱਚ ਹੀ ਉੱਥੇ ਠਹਿਰਿਆ ਕਰੇ ਤਾਂ ਕਿ ਹੋਸਟਲ ਲਾਈਫ਼ ਮਾਣ ਸਕੇ। ਨਿਰਮਲ ਨੇ ਉਹ ਚਿੱਠੀ ਦੰਦਾਂ ਵਿੱਚ ਜੀਭ ਲੈ ਕੇ ਪੜ੍ਹੀ ਤੇ ਪੜ੍ਹ ਕੇ ਰੱਖ ਲਈ। ਜਿਹੜੀ ਚਿੱਠੀ ਵਿਆਹ ਬਾਰੇ ਉਸ ਦੇ ਪਿਓ ਨੇ ਲਿਖਵਾਈ, ਉਹ ਲਿਖ ਕੇ ਪਾ ਦਿੱਤੀ।

ਪੰਦਰਾਂ ਦਿਨਾਂ ਬਾਅਦ ਵਕੀਲ ਸਾਹਿਬ ਦਾ ਲਿਫ਼ਾਫ਼ਾ ਆਇਆ, ਲਿਖਿਆ ਸੀ ਕਿ ਵਿਆਹ ਉਹ ਆਪਣਾ ਤੀਜਾ ਸਾਲ ਮੁਕਾ ਕੇ ਹੀ ਲਵੇਗਾ। ਵਿਆਹ ਬੜੀ ਧੂਮ-ਧਾਮ ਨਾਲ ਹੋਣਾ ਚਾਹੀਦਾ ਹੈ। ਰੇਡੀਓ, ਮੋਟਰ ਸਾਈਕਲ, ਫ਼ਰਨੀਚਰ ਤੋਂ ਹੋਰ ਚੀਜ਼ਾਂ ਵਧੀਆ ਕੁਆਲਿਟੀ ਦੀਆਂ ਹੋਣ। ਰਿਫਰੈਜਰੀਏਟਰ ਜ਼ਰੂਰ ਹੋਵੇ।

ਨਿਰਮਲ ਨੇ ਚਿੱਠੀ ਪੜ੍ਹੀ ਤੇ ਉਸ ਦਾ ਮੂੰਹ ਲਾਲ ਹੋ ਗਿਆ। ਨਾ ਉਹ ਕੁਝ ਬੋਲੀ ਤੇ ਨਾ ਰੋਈ। ਜਦ ਕਦੇ ਵਕੀਲ ਸਾਹਿਬ ਦੀ ਚਿੱਠੀ ਆਈ ਤਾਂ ਨਿਰਮਲ ਨੇ ਮਨੋਂ ਜੋੜ ਕੇ ਏਧਰ ਓਧਰ ਦੀਆਂ ਗੱਲਾਂ ਵੱਡੇ ਭਰਾ ਤੇ ਬਿਰਧ ਪਿਓ ਨੂੰ ਦੱਸ ਦਿੱਤੀਆਂ ਸਨ ਤੇ ਹੁਣ ਵੀ ਉਸ ਨੇ ਚਿੱਠੀ ਦੀ ਹੋਰ ਗੱਲ ਬਣਾ ਕੇ ਵੱਡੇ ਭਰਾ ਤੇ ਪਿਓ ਨੂੰ ਦੱਸ ਦਿੱਤਾ ਸੀ ਕਿ ਉਹ ਵਿਆਹ ਲੈ ਕੇ ਬਹੁਤ ਖ਼ੁਸ਼ ਹਨ। ਜਦੋਂ ਮਰਜ਼ੀ ਦੇ ਦਿਓ।

ਇੱਕ ਸਵੇਰ ਜਦੋਂ ਨਿਰਮਲ ਨੇ ਰੋਜ਼ ਦੀ ਤਰ੍ਹਾਂ ਦਫ਼ਤਰ ਜਾਣਾ ਸੀ, ਉਹ ਸਵਖ਼ਤੇ ਹੀ ਉੱਠੀ, ਆਪਣੇ ਅਟੈਚੀ ਵਿੱਚ ਕੱਪੜੇ ਪਾਏ ਤੇ ਤਿਆਰੀ ਕਰਦੀ ਨੂੰ ਅੱਧਾ ਘੰਟਾ ਦੇਰ ਹੋ ਗਈ। ਭਰਜਾਈ ਨੇ ਪੁੱਛਿਆ– 'ਬੀਬੀ ਨਣਦੇ, ਅੱਜ ਤੇਰੇ ਅਛਨੇ ਪਛਨੇ ਨਹੀਂ ਮੁੱਕਦੇ? ਕਿੱਧਰ ਉਧਲੇਂਗੀ?' ਨਿਰਮਲ ਨੇ ਖਿੜ ਖਿੜ ਮੋਤੀਆਂ ਦੀ ਬੀੜ ਵਿਚੋਂ ਸਾਰਾ ਹਾਸਾ ਡੋਲ੍ਹ ਦਿੱਤਾ ਤੇ ਕਹਿੰਦੀ– 'ਨੌਕਰੀ ਦਾ ਮਾਮਲੈ ਬਹੇਲੇ, ਅੱਜ ਬਾਹਰ ਕੈਂਪ 'ਤੇ ਜਾਣੈ।' ਤੇ ਭਰਜਾਈ ਨੇ ਨਣਦ ਨੂੰ ਬੁੱਕਲ ਵਿੱਚ ਘੁੱਟ ਲਿਆ। ਤੁਰਨ ਵੇਲੇ ਇੱਕ ਪਲ ਨਿਰਮਲ ਨੇ ਆਪਣੇ ਬਿਰਧ ਪਿਓ ਵੱਲ ਨਜ਼ਰ ਭਰ ਕੇ ਦੇਖਿਆ ਤੇ ਅੱਖਾਂ ਗਿੱਲੀਆਂ ਕਰ ਲਈਆਂ। ਵੱਡਾ ਭਰਾ ਉਹ ਦਾ ਕਦੋਂ ਦਾ ਖੇਤ ਗਿਆ ਹੋਇਆ ਸੀ। ਭਤੀਜੇ ਭਤੀਜੀਆਂ ਨੂੰ ਆਨੀ ਬਹਾਨੀ ਉਹ ਪਿਆਰ ਜਿਹਾ ਦਿੰਦੀ ਫਿਰਦੀ ਸੀ। ਭਰਜਾਈ ਨੇ ਉਹ ਦੀ ਵੱਖੀ ਵਿੱਚ ਚੂੰਢੀ ਭਰ ਲਈ– 'ਚੀਨ ਨੂੰ ਤਾਂ ਨੀ ਜਾਂਦੀ, ਬਾਪੂ ਦੀਏ ਧੌਲਾਂ? ਕਿਵੇਂ ਜਵਾਕਾਂ ਦੀਆਂ ਲਾਲਾਂ ਚਟਦੀ ਫਿਰਦੀ ਐਂ ਛੇਤੀ ਘਰੋ ਨਿਕਲ, ਫੇਰ ਕਹੇਂਗੀ– ਮੇਰਾ ਸਾਹਬ ਝਿੜਕਦੈ।'

ਉਸ ਦਿਨ ਆਥਣੇ ਤਾਂ ਘਰ ਦਿਆਂ ਨੂੰ ਉਡੀਕ ਕੋਈ ਨਹੀਂ ਸੀ ਤੇ ਨਿਰਮਲ ਦੂਜੇ ਆਥਣ ਵੀ ਨਾ ਆਈ। ਤਿੰਨ ਦਿਨ, ਚਾਰ ਦਿਨ ਤੇ ਪੰਜਵੇਂ ਦਿਨ ਘੁਸਰ ਮੁਸਰ ਹੋਣ ਲੱਗ ਪਈ। ਜ਼ਿਲ੍ਹਾ ਕਚਹਿਰੀ ਵਿੱਚ ਜਾ ਕੇ ਬਾਪੂ ਦੀ ਧੌਲ ਮੌਲ ਨਿਰਮਲ ਨੇ ਅਮਰਜੀਤ ਨਾਲ ਵਿਆਹ ਕਰਵਾ ਲਿਆ ਸੀ। ♦

# ਕਾਰਡ

ਦਸਵੀਂ ਪਾਸ ਕੀਤੀ ਤੇ ਮੇਰਾ ਜੀਆ ਕਰਦਾ ਸੀ ਕਿ ਕਾਲਜ ਵਿੱਚ ਪੜ੍ਹਾਂ, ਪਰ ਘਰ ਦੀ ਹਾਲਤ ਦੇਖ ਕੇ ਦੜ ਵੱਟ ਲੈਂਦਾ ਸਾਂ। ਮਾੜੀ ਮੋਟੀ ਨੌਕਰੀ ਕਰਨ ਤੋਂ ਬਿਨਾਂ ਮੇਰੇ ਸਾਹਮਣੇ ਹੁਣ ਹੋਰ ਕੋਈ ਰਾਹ ਨਹੀਂ ਸੀ। ਭਗਵਾਨ ਸਿੰਘ ਕੁਦਰਤੀ ਪਿੰਡ ਆਇਆ ਹੋਇਆ ਸੀ। ਮੈਂ ਉਸ ਕੋਲ ਆਪਣੀ ਮਜਬੂਰੀ ਦੱਸੀ। ਉਸ ਨੇ ਬੜੀ ਦਰਿਆ ਦਿਲੀ ਦਿਖਾਈ ਤੇ ਮੈਨੂੰ ਆਪਣੇ ਨਾਲ ਪਟਿਆਲੇ ਲੈ ਜਾਣ ਲਈ ਆਖਿਆ। ਕਾਲਜ ਦੀ ਪੜ੍ਹਾਈ ਕਰਨ ਦਾ ਚਾਅ ਮੇਰੇ ਵਿੱਚ ਠਾਠਾਂ ਮਾਰਨ ਲੱਗ ਪਿਆ। ਭਗਵਾਨ ਸਿੰਘ ਦਾ ਲੱਖ ਲੱਖ ਸ਼ੁਕਰ ਮੈਂ ਕੀਤਾ। ਉਹ ਕਈ ਸਾਲਾਂ ਤੋਂ ਪਟਿਆਲੇ ਇੱਕ ਵੱਡਾ ਅਫ਼ਸਰ ਲੱਗਿਆ ਹੋਇਆ ਸੀ।

ਇੱਕ ਪੈਸਾ ਵੀ ਮੈਨੂੰ ਘਰੋਂ ਖ਼ਰਚ ਨਹੀਂ ਸੀ ਕਰਨਾ ਪੈਂਦਾ। ਰੋਟੀ ਤੇ ਹੋਰ ਖਾਣ ਪੀਣ ਸਾਰਾ ਭਗਵਾਨ ਸਿੰਘ ਦੇ ਸਿਰੋਂ! ਕਾਲਜ ਦੀ ਫ਼ੀਸ ਤੇ ਹੋਰ ਖ਼ਰਚ ਵੀ ਉਹੀ ਕਰਦਾ। ਪੜ੍ਹਾਈ ਮੈਂ ਚਿੱਤ ਲਾ ਕੇ ਕਰਦਾ ਸਾਂ। ਓਥੇ ਜਾ ਕੇ ਮੇਰਾ ਦਿਲ ਵੀ ਬੜਾ ਲੱਗ ਗਿਆ ਸੀ। ਭਗਵਾਨ ਸਿੰਘ ਦੇ ਆਪ ਕੋਈ ਪੁੱਤ-ਧੀ ਨਹੀਂ ਸੀ। ਉਹ ਮੈਨੂੰ ਆਪਣਾ ਹੀ ਬੱਚਾ ਸਮਝਦਾ ਸੀ। ਉਸ ਦੀ ਘਰਵਾਲੀ ਤਾਂ ਮੈਨੂੰ ਬਹੁਤਾ ਹੀ ਪਿਆਰ ਕਰਦੀ।

ਨਾਲ ਲੱਗਦੀ ਕੋਠੀ ਵੀ ਇੱਕ ਵੱਡੇ ਅਫ਼ਸਰ ਦੀ ਸੀ। ਕੰਡਿਆਂਵਾਲੀ ਲੋਹੇ ਦੀ ਤਾਰ ਨੇ ਸਾਡੀ ਕੋਠੀ ਨਾਲੋਂ ਉਨ੍ਹਾਂ ਦੀ ਕੋਠੀ ਨੂੰ ਅੱਡ ਕੀਤਾ ਹੋਇਆ ਸੀ। ਇਸ ਤਰ੍ਹਾਂ ਪਾਲੋ ਪਾਲ ਹੋਰ ਵੀ ਪੰਜ ਸੱਤ ਕੋਠੀਆਂ ਸਨ। ਕੋਠੀਆਂ ਦੇ ਸਾਹਮਣੇ ਸੜਕ ਦੇ ਨਾਲ-ਨਾਲ ਲੀਲ੍ਹਾ ਭਵਨ ਦੀ ਉੱਚੀ ਲੰਮੀ ਕੰਧ ਖੜ੍ਹੀ ਸੀ। ਸੁਣਿਆ ਕਿ ਲੀਲ੍ਹਾ ਭਵਨ ਦੇ ਅੰਦਰ ਖ਼ਾਸ ਇਜਾਜ਼ਤ ਲੈ ਕੇ ਜਾਣਾ ਪੈਂਦਾ ਹੈ। ਅੰਦਰ ਨੰਗੀਆਂ ਔਰਤਾਂ ਦੇ ਬੁੱਤ ਹਨ। ਦੇਸ਼ ਦੇ ਚੰਗੇ ਚੰਗੇ ਬੁੱਤ ਘਾੜਿਆਂ ਨੇ ਚਿੱਟੇ ਪੱਥਰ ਵਿਚ ਔਰਤ ਦਾ ਨੰਗ ਉਘਾੜ ਕੇ ਸ਼ਾਇਦ ਮਹਾਰਾਜੇ ਦੀ ਲਿੰਗ ਪ੍ਰੇਰਨਾ ਦੇ ਸਾਧਨ ਬਣਾਏ ਹੋਣਗੇ। ਸਾਡੇ ਮਾਲੀ ਤੋਂ ਗੱਲਾਂ ਸੁਣ ਸੁਣ ਮੇਰਾ ਜੀਅ ਕਰਦਾ ਕਿ ਉੱਡ ਕੇ ਇਨ੍ਹਾਂ ਮੂਰਤੀਆਂ ਨੂੰ ਦੇਖ ਆਵਾਂ।

ਸਾਡੀ ਕੋਠ ਵਿੱਚ ਕਈ ਕਿਸਮ ਦੇ ਫੁੱਲ ਬੂਟੇ ਲੱਗੇ ਹੋਏ ਸਨ। ਭਗਵਾਨ ਸਿੰਘ ਦੀ ਘਰਵਾਲੀ ਨੂੰ ਫੁੱਲਾਂ ਦਾ ਬੜਾ ਸ਼ੌਕ ਸੀ। ਮੈਂ ਨਿੱਤ ਸਵੇਰੇ ਉੱਠਦਾ ਤੇ ਬੂਟਿਆ ਦੀ ਗੋਡੀ ਤੇ ਹੋਰ ਸੰਭਾਲ ਵਿੱਚ ਮਾਲੀ ਦੀ ਮਦਦ ਕਰਦਾ। ਨਾਲ ਲੱਗਦੀ ਕੋਠੀ ਵਾਲੇ ਪਾਸੇ ਕੰਡਿਆਂ ਦੀ ਤਾਰ ਦੇ ਨਾਲ-ਨਾਲ ਗੁਲਾਬ ਲੱਗਿਆ ਹੋਇਆ ਸੀ। ਸੂਹੇ ਗੁਲਾਬ ਦੀ ਧੁਰ ਤਾਈਂ ਪੂਰੀ ਕਤਾਰ ਖੜ੍ਹੀ ਸੀ। ਇੱਕ ਦਿਨ ਮਾਲੀ ਨੇ ਦੱਸਿਆ- 'ਨਾਲ ਲੱਗਦੀ ਕੋਠੀ ਵਾਲਿਆਂ ਦੀ ਵੱਡੀ ਕੁੜੀ ਨਿੱਤ

ਸਾਡਾ ਗੁਲਾਬ ਤੋੜ ਕੇ ਲੈ ਜਾਂਦਾ ਹੈ।' ਮੈਂ ਹੋਰ ਵੀ ਸਦੇਹਾਂ ਉੱਠਣ ਲੱਗ ਪਿਆ। ਤਿੰਨ ਚਾਰ ਦਿਨ ਦੇਖਦਾ ਰਿਹਾ, ਸੱਚੀਂ ਉਹ ਕੁੜੀ ਸਾਡ ਸੂਹੇ ਗੁਲਾਬ ਦਾ ਬੁੱਕ ਤੋੜ ਕੇ ਲੈ ਜਾਂਦੀ ਸੀ।

ਮੈਂ ਸੋਚਦਾ ਸਾਂ-ਇਨ੍ਹਾਂ ਦੇ ਆਪਣੇ ਵੀ ਤਾਂ ਗੁਲਾਬ ਲੱਗਿਆ ਹੋਇਆ ਹੈ, ਇਹ ਸਾਡਾ ਗੁਲਾਬ ਕਿਉਂ ਤੋੜਦੀ ਹੈ? ਮੈਂ ਚਾਹੁੰਦਾ ਸਾਂ ਕਿ ਉਸ ਨੂੰ ਟੋਕ ਦੇਵਾਂ। ਇੱਕ ਦਿਨ ਉਸ ਦੇ ਆਉਣ ਤੋਂ ਪਹਿਲਾਂ ਹੀ ਮੈਂ ਗੁਲਾਬ ਦੀ ਕਤਾਰ ਦੇ ਨਾਲ ਟਹਿਲਣ ਲੱਗ ਪਿਆ। ਮਸਤ ਹਾਥੀ ਵਾਂਗ ਝੂਲਦੀ ਉਹ ਆਈ ਤੇ ਮੇਰੇ ਦੇਖਦੇ ਦੇਖਦੇ ਰੋਜ਼ ਵਾਂਗ ਫੁੱਲ ਤੋੜ ਕੇ ਲੈ ਗਈ। ਮੈਂ ਹੈਰਾਨ ਸਾਂ ਕਿ ਮੇਰੀ ਹਾਜ਼ਰੀ ਵਿੱਚ ਵੀ ਉਸ ਨੂੰ ਕੋਈ ਝਿਜਕ ਨਹੀਂ ਹੋਈ। ਮੇਰੀ ਜੀਭ ਵੀ ਠਾਕੀ ਗਈ ਸੀ। ਮੈਂ ਵੀ ਉਸ ਨੂੰ ਕੁਝ ਨਹੀਂ ਸੀ ਆਖ ਸਕਿਆ। ਮੇਰੇ ਮਨ ਵਿੱਚ ਮਿੰਨ੍ਹਾ ਮਿੰਨ੍ਹਾ ਗੁੱਸਾ ਜਾਗ ਪਿਆ- 'ਇਹ ਕੌਣ ਹੁੰਦੀ ਐ, ਸਾਡਾ ਗੁਲਾਬ ਤੋੜਨ ਵਾਲੀ। ਦੂਜੇ ਦਿਨ ਫੇਰ ਓਸੇ ਤਰ੍ਹਾਂ ਮੈਂ ਫੁੱਲਾਂ ਦੀ ਕਤਾਰ ਕੋਲ ਗਿਆ। ਸੋਚਿਆ ਸੀ ਕਿ ਅੱਜ ਜ਼ਰੂਰ ਟੋਕ ਦੇਵਾਂਗਾ। ਪਰ ਪਤਾ ਨਹੀਂ ਮੇਰੀ ਚੁੱਪ ਹੋਰ ਵੀ ਕਿਉਂ ਤਕੜੀ ਹੋ ਗਈ। ਉਹ ਆਈ ਤੇ ਫੁੱਲ ਤੋੜ ਕੇ ਲੈ ਗਈ। 'ਇੱਕ ਚੋਰੀ, ਦੂਜੀ ਸੀਨਾ ਜ਼ੋਰੀ।' ਮੇਰੀ ਸਮਝ ਵਿੱਚ ਕੁਝ ਨਹੀਂ ਸੀ ਆ ਰਿਹਾ। ਤੀਜੇ ਦਿਨ 'ਫੁੱਲ ਤੋੜਨੇ ਵਰਜਿਤ ਹਨ' ਲਿਖ ਕੇ ਇੱਥ ਧਾਗੇ ਨਾਲ ਮੈਂ ਗੁਲਾਬ ਦੀ ਇੱਕ ਟਾਹਣੀ ਨਾਲ ਓਥੇ ਜਿਹੇ ਬੰਨ੍ਹ ਦਿੱਤਾ, ਜਿੱਥੇ ਓਹ ਨਿੱਤ ਆ ਕੇ ਪਹਿਲਾਂ ਖੜ੍ਹਦੀ ਸੀ ਤੇ ਫੇਰ ਫੁੱਲ ਤੋੜ ਲੈਂਦੀ ਸੀ। ਕਾਗਜ਼ ਬੰਨ੍ਹ ਕੇ ਮੈਂ ਹਟਿਆ ਹੀ ਸੀ ਕਿ ਉਹ ਆ ਗਈ। ਕਾਗਜ਼ ਸ਼ਾਇਦ ਉਸ ਦੀ ਨਜ਼ਰ ਪੈ ਚੁੱਕਿਆ ਸੀ। ਮੈਂ ਚੁੱਪ ਕਰਕੇ ਕੋਠੀ ਦੇ ਅੰਦਰ ਆ ਵੜਿਆ। ਦੂਜੇ ਦਿਨ ਓਸੇ ਵੇਲੇ ਉੱਠ ਕੇ ਮੈਂ ਮਾਲੀ ਦੀ ਸਹਾਇਤਾ ਤਾਂ ਜ਼ਰੂਰ ਕੀਤੀ, ਪਰ ਫੁੱਲਾਂ ਦੀ ਕਤਾਰ ਦੇ ਬਹੁਤ ਨੇੜੇ ਆ ਗਿਆ। ਮੈਂ ਦੂਰ ਦੂਰ ਫਿਰਦਾ ਰਿਹਾ। 'ਕੱਲ ਵਾਲੀ ਸ਼ਰਾਰਤ ਦੀ ਦੇਖੀਏ ਕੀ ਬੈਂਗਣੀ ਉੱਘੜਦੀ ਐ।' ਮੈਂ ਦਿਲ ਵਿੱਚ ਮਿੱਠਾ ਮਿੱਠਾ ਡਰ ਮਹਿਸੂਸ ਕਰਨ ਲੱਗਿਆ। ਉਹ ਆਈ, ਫੁੱਲ ਤੋੜੇ ਤੇ ਇੱਕ ਕਾਗਜ਼ ਮੇਰੇ ਵਾਂਗ ਹੀ ਉਸ ਨੇ ਗੁਲਾਬ ਦੀ ਟਹਿਣੀ ਨਾਲ ਬੰਨ੍ਹ ਦਿੱਤਾ। ਮੈਂ ਦੂਰ ਖੜ੍ਹੇ ਨੇ ਦੇਖਿਆ, ਉਸ ਨੇ ਇੱਕ ਪਲ ਮੇਰੇ ਵੱਲ ਅੱਖਾਂ ਝਮਕਾਈਆਂ, ਜਿਵੇਂ ਕਹਿ ਰਹੀ ਹੋਵੇ- 'ਤੇਰਾ ਜਵਾਬ ਹੈ' ਤੇ ਫਿਰ ਆਪਣੀ ਕੋਠੀ ਅੰਦਰ ਚਲੀ ਗਈ। ਮੈਂ ਛੇਤੀ ਛੇਤੀ ਜਾ ਕੇ ਕਾਗਜ਼ ਲਿਖਿਆ ਸੀ ਖੋਲ੍ਹਿਆ- 'ਫੁੱਲ ਤੋੜਨੇ ਵਰਜਿਤ ਹਨ' ਤੇ 'ਫੁੱਲਾਂ ਦੇ ਰਾਖਿਆਂ ਦਾ ਫੁੱਲਾਂ ਵਰਗਾ ਮਨ ਹੋਣਾ ਚਾਹੀਦਾ ਹੈ।' ਫੁੱਲਾਂ ਦੇ ਰਾਖਿਆਂ ਦਾ ਫੁੱਲ ਵਰਗਾ ਮਨ ਹੋਣਾ ਚਾਹੀਦਾ ਹੈ। ਜਵਾਬ ਉਸ ਦਾ ਮੇਰੇ ਜਜ਼ਬੇ ਨੂੰ ਵੰਗਾਰ ਗਿਆ। ਮੈਂ ਆਪਣੀ ਤੰਗ ਦਿਲੀ 'ਤੇ ਲਾਹਨਤਾਂ ਪਾਈਆਂ। ਦੋ ਫ਼ਿਕਰੇ ਮੇਰੇ ਦਿਮਾਗ ਵਿੱਚ ਇੰਜਣ ਦੇ ਪਿਸਟਨਾਂ ਵਾਂਗ ਨਿਕਲ ਵੜ ਰਹੇ ਸਨ-ਦੋ ਫ਼ਿਕਰੇ ਜਿਹੜੇ ਇੱਕ ਦੂਜੇ ਦੀ ਆਤਮਾ ਨੂੰ ਕੱਟ ਰਹੇ ਸਨ। ਥਾਂ ਦੀ ਥਾਂ ਮੈਂ ਖੜ੍ਹਾ ਹੀ ਰਿਹਾ। ਉਸ ਥਾਂ ਤੋਂ ਮੈਨੂੰ ਪੈਰ ਪੁੱਟਣਾ ਮੁਸ਼ਕਲ ਹੋ ਗਿਆ। ਚਾਹੁੰਦਾ ਸਾਂ ਕਿ ਜੇ ਉਹ ਹੁਣ ਆਪਣੀ ਕੋਠੀ ਵਿੱਚ ਬਾਹਰ ਮੂੰਹ ਕੱਢੇ ਤਾਂ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਸੱਦ ਲਵਾਂ ਤੇ ਲੱਖ ਲੱਖ ਮਾਫ਼ੀਆਂ ਮੰਗਾਂ। ਰੱਜ ਕੇ ਗੱਲਾਂ ਕਰਾਂ।

ਤਿੰਨ ਚਾਰ ਦਿਨ ਮੈਂ ਉਵੇਂ ਜਿਵੇਂ ਮਾਲੀ ਦੇ ਨਾਲ ਓਸੇ ਸਮੇਂ ਕੰਮ ਤਾਂ ਕਰਵਾਉਂਦਾ ਰਿਹਾ, ਪਰ ਚੁੱਪ ਰਿਹਾ। ਉਸ ਕੁੜੀ ਵੱਲ ਦੇਖ ਕੇ ਮੈਨੂੰ ਮਹਿਸੂਸ ਹੁੰਦਾ, ਜਿਵੇਂ ਉਹ ਜਿੱਤ

ਗਈ ਹੈ। ਉਹ ਓਸੇ ਤਰ੍ਹਾਂ ਆਉਂਦੀ ਤੇ ਫੁੱਲ ਤੋੜ ਕੇ ਲੈ ਜਾਂਦੀ। ਇੱਕ ਦਿਨ ਮੇਰੇ ਅੰਦਰੋਂ ਕੋਈ ਪਾਗਲ ਉੱਠ ਖੜੋਤਾ। ਉਸ ਦੇ ਆਉਣ ਤੋਂ ਪਹਿਲਾਂ ਹੀ ਮੈਂ ਫੁੱਲਾਂ ਦਾ ਬੁੱਕ ਤੋੜ ਲਿਆ। ਜਦ ਉਹ ਆਈ , ਕੰਬਦੇ ਹੱਥਾਂ ਤੇ ਸ਼ਰਮ ਹੋਏ ਦਿਲ ਨਾਲ ਫੁੱਲ ਉਸ ਦੀ ਭੇਟ ਕਰ ਦਿੱਤੇ। 'ਸ਼ੁਕਰੀਆ' ਕਹਿ ਕੇ ਉਹ ਚਲੀ ਗਈ। ਮੇਰੀ ਲੱਜਿਆ ਕੰਬਣ ਲੱਗ ਪਈ। ਉਸ ਦਿਨ ਸਾਰਾ ਦਿਨ ਮੈਂ 'ਸ਼ੁਕਰੀਆਂ' ਦੇ ਬੋਲਾਂ ਵਿੱਚ ਮੁਗਧ ਰਿਹਾ। ਚਾਹ ਪੀਤੀ, ਪਿਆਲੀ ਦੇ ਬੁੱਲ੍ਹਾਂ ਨਾਲ 'ਸ਼ੁਕਰੀਏ' ਦੀ ਸੁਗੰਧ ਆਉਂਦੀ ਸੀ। ਸੁੱਤਾ ਤਾਂ 'ਸ਼ੁਕਰੀਏ' ਨੂੰ ਜੇਬ੍ਹ ਵਿੱਚ ਪਾ ਕੇ, ਸਵੇਰੇ ਉੱਠਿਆ ਤਾਂ ਸ਼ੁਕਰੀਆ ਸਾਹਮਣੇ ਮੇਜ਼ 'ਤੇ ਆ ਬੈਠ ਗਿਆ।

ਪਰਮਿੰਦਰ ਵਿਕਟੋਰੀਆਂ ਕਾਲਜ ਵਿੱਚ ਪੜ੍ਹਦੀ ਸੀ। ਭਾਵੇਂ ਉਸ ਕੋਲ ਸਾਈਕਲ ਸੀ, ਪਰ ਉਹ ਕਈ ਵਾਰ ਮੇਰੇ ਨਾਲ 'ਫੂਲ' ਥੀਏਟਰ ਵਾਲੇ ਚੌਂਕ ਤੱਕ ਤੁਰਕੇ ਕਾਲਜ ਨੂੰ ਜਾਂਦੀ। ਰਸਤੇ ਵਿੱਚ ਸਧਾਰਨ ਗੱਲਾਂ ਹੁੰਦੀਆਂ ਰਹਿੰਦੀਆਂ। ਅਸੀਂ ਪੜ੍ਹਾਈ ਬਾਰੇ ਗੱਲਾਂ ਕਰਦੇ। ਆਪਣੇ ਆਪਣੇ ਮਜ਼ਮੂਨਾਂ ਦੇ ਪ੍ਰੋਫ਼ੈਸਰਾਂ ਦੀ ਨੋਕਾ ਟੋਕੀ ਹੁੰਦੀ। ਕਈ ਵਾਰ ਉਹ ਆਪਣੀਆਂ ਸਹੇਲੀਆਂ ਦੀ ਕੋਈ ਨਾ ਕੋਈ ਗੱਲ ਵੀ ਛੇੜ ਲੈਂਦੀ। ਹੌਲੀ-ਹੌਲੀ ਸਾਡੀ ਖੁੱਲ੍ਹ ਵਧਦੀ ਗਈ। ਮੈਂ ਮਹਿੰਦਰਾ ਕਾਲਜ ਵਿੱਚ ਪੜ੍ਹਦਾ ਸੀ। ਕਾਲਜ ਜਾਣ ਵੇਲੇ ਸਵੇਰੇ ਹੀ ਬੱਸ ਅਸੀਂ ਮਿਲ ਲੈਂਦੇ ਸਾਂ। ਨਾ ਕਦੇ ਉਹ ਸਾਡੀ ਕੋਠੀ ਆਈ ਤੇ ਨਾ ਮੈਂ ਕਦੇ ਉਨ੍ਹਾਂ ਦੀ ਕੋਠੀ ਗਿਆ ਸਾਂ।

ਗੱਲਾਂ ਉਸ ਦੀਆਂ ਮੁੱਕਣ ਵਿੱਚ ਹੀ ਨਹੀਂ ਸੀ ਆਉਂਦੀਆਂ ਹੁੰਦੀਆਂ। ਮੈਂ ਘੱਟ ਬੋਲਦਾ ਸਾਂ, ਉਹ ਤਾਂ ਚੱਕੀ ਝੋਈ ਰੱਖਦੀ। ਕਿਸੇ ਕਿਸੇ ਦਿਨ ਅਸੀਂ ਬਾਰਾਂਦਰੀ ਬਾਗ ਵਿੱਚ ਸ਼ਾਮ ਨੂੰ ਮਿਲਣ ਦਾ ਪ੍ਰੋਗਰਾਮ ਵੀ ਬਣਾ ਲੈਂਦੇ। ਬਾਰਾਂਦਰੀ ਦੇ ਘਾ-ਫ਼ਰਸ਼ਾਂ 'ਤੇ ਗੱਲਾਂ ਕਰਦਿਆਂ ਕਈ ਵਾਰ ਸਾਨੂੰ ਸੂਰਜ ਦੀ ਡੁੱਬ ਜਾਂਦਾ। ਇੱਕ ਦਿਨ ਪਰਮਿੰਦਰ ਨੇ ਫ਼ੈਸਲਾ ਕਰ ਦਿੱਤਾ ਕਿ ਅਸੀਂ ਹਰ ਐਤਵਾਰ ਦੀ ਦੁਪਹਿਰ ਬਾਰਾਂਦਰੀ ਵਿੱਚ ਮਿਲਿਆ ਕਰਾਂਗੇ। ਹੁਣ ਕਾਲਜ ਜਾਂਦਿਆਂ ਸਵੇਰੇ ਉਹ ਘੱਟ ਮਿਲਦੀ ਸੀ। ਮੈਂ ਪੈਰੀਂ ਤੁਰਕੇ ਜਾਂਦਾ ਹੁੰਦਾ ਤੇ ਉਹ ਪਤਾ ਨਹੀਂ ਕਿਹੜੇ ਵੇਲੇ ਸਾਈਕਲ 'ਤੇ ਕੋਠਿਓਂ ਨਿਕਲ ਜਾਂਦੀ ਸੀ। ਐਤਵਾਰ ਦੀ ਦੁਪਹਿਰ ਬਾਰਾਂਦਰੀ ਦੇ ਘਾ-ਫ਼ਰਸ਼ਾਂ 'ਤੇ ਮੈਨੂੰ ਉਹ ਜ਼ਰੂਰ ਮਿਲਦੀ। ਮੈਂ ਕੋਈ ਕੋਈ ਗੱਲ ਕਰਦਾ ਤੇ ਘਾਊਂ ਮਾਊਂ ਜਿਹਾ ਬਣ ਕੇ ਰਹਿੰਦਾ, ਪਰ ਉਹ ਤਾਂ ਕਈ ਵਾਰ ਆਪਣਾ ਜਿਗਰ ਪਾੜ ਕੇ ਮੇਰੇ ਸਾਹਮਣੇ ਰੱਖ ਦਿੰਦੀ।

ਇੱਕ ਐਤਵਾਰ ਉਹ ਮੈਨੂੰ ਪੁੱਛਣ ਲੱਗੀ- 'ਤੇਰੇ ਬਾਪੂ ਜੀ ਤੈਨੂੰ ਕਿੰਨਾ ਕੁ ਪੜ੍ਹੋਣਗੇ?' ਮੈਂ ਬਿੰਦ ਹੀ ਬਿੰਦ ਚੁੱਪ ਕਰ ਰਿਹਾ। ਆਪਣੇ ਮੂੰਹ ਵਿਚਲੇ ਫੋਕੇ ਬੁੱਕ ਦੀ ਘੁੱਟ ਅੰਦਰ ਲੰਘਾ ਕੇ ਫੇਰ ਮੈਂ ਉਸ ਨੂੰ ਜਵਾਬ ਦਿੱਤਾ- 'ਬਾਪੂ ਜੀ ਦਾ ਇਸ ਵਿੱਚ ਕੀਹ ਐ। ਪੜ੍ਹਾਈ ਤਾਂ ਮੈਂ ਕਰਨੀ ਐ। ਜਿੰਨੀ ਮਰਜ਼ੀ ਕਰ ਲਵਾਂ।'ਤੇ ਫੇਰ ਉਸ ਨੇ ਆਪਣੇ ਅੰਦਰਲੀ ਭਾਵਨਾ ਕੱਢ ਕੇ ਮੇਰੇ ਸਾਹਮਣੇ ਰੱਖੀ- 'ਪੜ੍ਹਾਈ ਮੁਕਾ ਕੇ ਆਪਾਂ ਜੀਵਨ ਦੇ ਰਾਹ ਸਾਂਝੇ ਕਰ ਲਈਏ।' ਤੇ ਹੋਰ ਵੀ ਉਸ ਨੇ ਕਈ ਗੱਲਾਂ ਕੀਤੀਆਂ। ਮੈਂ ਉਸ ਦੀ ਹਰ ਤਮੰਨਾ 'ਤੇ ਫੁੱਲ ਚੜ੍ਹਾਉਂਦਾ ਰਿਹਾ। ਸੋਚਦਾ ਸਾਂ, ਪਰਮਿੰਦਰ ਕਿੰਨੀ ਚੰਗੀ ਹੈ। ਮੇਰੀਆਂ ਅੱਖਾਂ ਕੋਲੋਂ ਸੁਪਨੇ ਸਾਂਭੇ ਨਹੀਂ ਸੀ ਜਾਂਦੇ। ਭਵਿੱਖ ਦੀ ਰੰਗੀਨੀ ਨੇ ਮੇਰੇ ਅੰਦਰ ਕੁਦਰਤੀ ਕੀਤੀ। ਪਰਮਿੰਦਰ ਦੇ ਅੰਦਰ ਮੈਨੂੰ ਦੁਨੀਆ ਦੀ ਬਾਦਸ਼ਾਹੀ ਸਿਮਟ ਗਈ ਲੱਗਦੀ ਸੀ। ਪਰਮਿੰਦਰ ਮੇਰੀ ਸੀ।

ਐਤਵਾਰ ਦਾ ਹੀ ਦਿਨ ਸੀ। 'ਪੋਇਟਰੀ' ਦੀ ਕਿਤਾਬ ਲੈ ਕੇ ਮੈਂ ਬਾਰਾਂਦਰੀ ਪਹੁੰਚ ਗਿਆ। ਬਾਰਾਂਦਰੀ ਦੀ ਚੌੜੀ ਹਿੱਕ 'ਤੇ ਮਖ਼ਮਲ ਵਿਛੀ ਪਈ ਸੀ। ਪਰਮਿੰਦਰ ਪਹਿਲਾਂ ਹੀ ਕਦੇ ਦੀ ਬੈਠੀ ਮੈਨੂੰ ਉਡੀਕ ਰਹੀ ਸੀ। ਉਸ ਨੇ ਮੇਰੇ ਨਾਲ ਮੁਸਕਾਣ ਸਾਂਝੀ ਕੀਤੀ ਤੇ ਮੈਂ ਉਸ ਦੇ ਕੋਲ ਹੋ ਕੇ ਬੈਠ ਗਿਆ। ਉਸ ਨੇ ਸਹਿਜੇ ਹੀ ਮੇਰੇ ਹੱਥੋਂ ਕਿਤਾਬ ਫੜ ਲਈ ਤੇ ਉਸ 'ਤੇ ਆਪਣੇ ਹਰੀ ਸਿਆਹੀ ਵਾਲੇ ਪੈੱਨ ਨਾਲ ਅੰਗਰੇਜੀ ਦੇ ਮੋਟੇ ਮੋਟੇ ਅੱਖਰਾਂ ਵਿੱਚ ਮੇਰਾ ਨਾਉਂ ਲਿਖ ਦਿੱਤਾ ਤੇ ਫੇਰ ਪਤਾ ਨਹੀਂ ਉਸ ਨੂੰ ਕੀ ਸੁੱਝਿਆ, ਉਸ ਨੇ ਮੇਰੇ ਨਾਉਂ ਦੇ ਥੱਲੇ ਲਿਖ ਦਿੱਤਾ– 'ਸਨ ਔਫ਼ ਸ: ਭਗਵਾਨ ਸਿੰਘ।' ਮੇਰੇ ਢਿੱਡ ਨੂੰ ਜਿਵੇਂ ਕਿਸੇ ਨੇ ਸੇਲੇ ਦੀ ਨੋਕ ਸਿੰਨ੍ਹ ਲਈ ਹੋਵੇ। ਮੈਂ ਸੋਚਾਂ ਵਿੱਚ ਪੈ ਗਿਆ। ਮੇਰੇ ਮਨ ਵਿੱਚ ਪੱਕਾ ਯਕੀਨ ਹੋ ਗਿਆ ਕਿ ਇਹ ਤਾਂ ਮੈਨੂੰ ਸ: ਭਗਵਾਨ ਸਿੰਘ ਦਾ ਲੜਕਾ ਹੀ ਸਮਝਦੀ ਹੈ। ਕਿੰਨੀ ਭੁਲੇਖੇ ਵਾਲੀ ਗੱਲ ਸੀ। ਉਂਝ ਮੇਰੇ ਰੰਗ ਵਰਗਾ ਹੀ ਸ: ਭਗਵਾਨ ਸਿੰਘ ਦਾ ਰੰਗ ਸੀ। ਉਹੋ ਜਿਹੀਆਂ ਅੱਖਾਂ, ਉਹੋ ਜਿਹਾ ਨੱਕ ਤੇ ਡੀਲ ਡੋਲ ਸਾਰੀ ਉਹ ਦੇ ਵਰਗੀ। ਆਪਣੇ ਮਨ ਵਿੱਚ ਸਾਰੀ ਗੱਲ 'ਤੇ ਪੱਲਾ ਦੇ ਕੇ ਮੈਂ ਸਾਧਾਰਨ ਜਿਹੀਆਂ ਗੱਲਾਂ ਉਸ ਨਾਲ ਛੇੜੀਆਂ ਹੀ ਸਨ ਕਿ ਕਿਸੇ ਨੇ ਮੇਰਾ ਨਾਉਂ ਲੈ ਕੇ ਹਾਕ ਮਾਰੀ। ਹਰਭਜਨ ਮੇਰਾ ਇੱਕ ਜਮਾਤੀ ਮੁੰਡਾ ਸੜਕ 'ਤੇ ਖੜ੍ਹਾ ਸੀ। 'ਪੋਇਟਰੀ' ਦੀ ਕਿਤਾਬ ਪਰਮਿੰਦਰ ਕੋਲ ਹੀ ਛੱਡ ਕੇ ਮੈਂ ਉਸ ਦੀ ਗੱਲ ਸੁਣਨ ਚਲਾ ਗਿਆ।

'ਮਖਿਆ ਇਹ ਇਕਨਾਮਿਕ ਯਾਦ ਹੁੰਦੀ ਹੈ?' ਹਰਭਜਨ ਨੇ ਗੁੱਝੀ ਮਸ਼ਕਰੀ ਕੀਤੀ। 'ਕੌਣ ਐ ਇਹ?' ਆਪਣੇ ਕਾਲਜ ਦੀ ਤਾਂ ਨੀ ਲੱਗਦੀ।' ਪਰਮਿੰਦਰ ਬਾਰੇ ਉਹ ਇਕਦਮ ਜਾਨਣਾ ਚਾਹੁੰਦਾ ਸੀ।

'ਵਿਕਟੋਰੀਆਂ 'ਚ ਪੜ੍ਹਦੀ ਐ। ਗਵਾਂਢਣ ਐ ਸਾਡੀ।' ਮੈਂ ਉਸ ਦੀ ਤਸੱਲੀ ਕਰਾ ਦਿੱਤੀ। ਇੱਕ ਅੱਧੀ ਹੋਰ ਹੁੱਜ ਮਾਰ ਕੇ ਉਸ ਨੇ ਦੱਸਿਆ– 'ਅਸੀਂ ਇੱਕ ਕਵੀ ਦਰਬਾਰ ਕਰਨ ਬਾਰੇ ਵਿਚਾਰ ਕਰਨੀ ਐ। ਹਰਭਜਨ ਕਾਲਜ ਦੀ ਪੰਜਾਬੀ ਸਭਾ ਦਾ ਸੈਕਟਰੀ ਸੀ। ਕਵੀ ਦਰਬਾਰ ਦੀ ਰੂਪ ਰੇਖਾ ਬਾਰੇ ਉਹ ਕਾਫ਼ੀ ਗੱਲਾਂ ਕਰਦਾ ਰਿਹਾ ਤੇ ਸ਼ਾਮ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਦੀ ਤਾੜਨਾ ਕਰਕੇ ਚਲਿਆ ਗਿਆ।

ਪਰਮਿੰਦਰ ਕੋਲ ਜਦ ਮੈਂ ਵਾਪਸ ਆਇਆ, ਉਸ ਦੀਆਂ ਅੱਖਾਂ ਗਿੱਲੀਆਂ ਤੇ ਮੱਥਾ ਚੜ੍ਹਿਆ ਹੋਇਆ ਸੀ। ਉਸ ਨੇ ਉੱਥੇ ਮੇਰੇ ਕੋਲ ਬਹੁਤਾ ਚਿਰ ਹੋਰ ਨਾਂ ਬੈਠਣ ਦੀ ਮਜਬੂਰੀ ਦੱਸੀ। ਕਹਿੰਦੀ– 'ਅੱਜ ਮੈਨੂੰ ਸਖ਼ਤ ਸਿਰ ਦਰਦ ਹੁੰਦੀ ਐ। ਮੱਥਾ ਪਾਟ ਪਾਟ ਜਾਂਦਾ। ਮੈਂ ਘਰ ਚੱਲੀ ਆਂ।'

'ਅਗਲੇ ਐਤਵਾਰ ਫੇਰ?' ਇਕਦਮ ਮੇਰੇ ਮੂੰਹੋਂ ਨਿਕਲ ਗਿਆ।

'ਸ਼ਾਇਦ' ਕਹਿ ਕੇ ਉਹ ਮੇਰੇ ਵੇਖਦੇ ਵੇਖਦੇ ਉੱਠ ਕੇ ਚਲੀ ਗਈ। ਮੈਂ ਹੈਰਾਨ ਸਾਂ ਕਿ ਉਸ ਵਿੱਚ ਇਕਦਮ ਐਨੀ ਬੇਰੁਖ਼ੀ ਕਿਵੇਂ ਆ ਗਈ। ਸ਼ਾਇਦ ਸਿਰ ਬਹੁਤਾ ਹੀ ਦੁਖਦਾ ਹੋਵੇ, ਪਰ ਇਕਦਮ ਸਿਰਦਰਦ ਕਿਵੇਂ ਸ਼ੁਰੂ ਹੋ ਗਿਆ। ਹੋਰ ਕੋਈ ਖ਼ਾਸ ਕਾਰਨ ਵੀ ਨਹੀਂ। ਇਉਂ ਤਾਂ ਉਸ ਨੇ ਕਦੇ ਵੀ ਨਹੀਂ ਸੀ ਕੀਤਾ । ਜੀਅ ਕਰਦਾ ਸੀ ਕਿ ਉਸ ਦੇ ਮਗਰ ਮਗਰ ਭੱਜ ਕੇ ਜਾਵਾਂ ਤੇ ਕਾਰਨ ਪੁੱਛਾਂ, ਪਰ ਮੈਂ ਦਿਲ ਜਿਹਾ ਢਾਹ ਕੇ ਥਾਂ ਦੀ ਥਾਂ ਬੈਠਾ ਰਿਹਾ ਤੇ ਫਿਰ ਬੈਠੇ ਬੈਠੇ ਨੇ ਕਿਤਾਬ ਦੇ ਵਰਕੇ ਉਥੱਲਣੇ ਸ਼ੁਰੂ ਕਰ ਦਿੱਤੇ।

ਕਿਤਾਬ ਵਿੱਚ ਇੱਕ ਪੋਸਟ ਕਾਰਡ ਪਿਆ ਸੀ। ਇਹ ਕੱਲ੍ਹ ਹੀ ਪਿੰਡੋਂ ਆਇਆ ਸੀ ਤੇ ਮੈਂ ਇਸ ਨੂੰ ਇਸ ਕਿਤਾਬ ਵਿੱਚ ਰੱਖ ਕੇ ਭੁੱਲ ਗਿਆ ਸਾਂ ਤੇ ਅੱਜ ਏਵੇਂ ਜਿਵੇਂ ਇਹ ਕਿਤਾਬ ਬਾਰਾਂਦਰੀ ਵਿੱਚ ਲੈ ਆਇਆ ਸਾਂ। ਇਕਦਮ ਮੇਰੇ ਦਿਮਾਗ਼ 'ਤੇ ਸੱਟ ਜਿਹੀ ਵੱਜੀ। ਮੇਰੀ ਸੋਚ ਧੁੰਦ ਹੁੰਦੀ ਜਾ ਰਹੀ ਸੀ। ਕਾਰਡ ਨੂੰ ਮੈਂ ਪੜ੍ਹਨਾ ਦੁਬਾਰਾ ਸ਼ੁਰੂ ਕੀਤਾ। ਲਿਖਿਆ ਸੀ– 'ਪਿਆਰੇ ਪੁੱਤਰ ਗੁਰਦੇਵ , ਚਿੱਠੀ ਤੇਰੀ ਮਿਲੀ। ਪੜ੍ਹ ਕੇ ਹਾਲ ਮਲੂਮ ਕੀਤਾ। ਗੱਲ ਇਹ ਹੈ ਕਿ ਐਤਕੀ ਕਪਾਹ ਨੂੰ ਠੂਠੀ ਲੱਗ ਪਈ ਸੀ ਤੇ ਪਿੱਛੋਂ ਜਿਹੇ ਬਹੁਤੇ ਮੀਂਹ ਨੇ ਕਪਾਹਾਂ ਉਂ ਵੀ ਬਰਬਾਦ ਕਰ ਦਿੱਤੀਆਂ ਸਨ, ਜਿਸ ਕਰਕੇ ਸਿਆਲੋ ਸਿਆਲ ਹੁਣ ਤਾਂ ਭਾਈ ਕੁੜਾਪਾ ਹੀ ਕੱਟਣਾ ਪਊ। ਵੀਹੀ ਗਲੀ ਦਾ ਦੇਣ ਹੀ ਨਹੀਂ ਮੁੱਕਦਾ। ਤੂੰ ਸਾਈਕਲ ਭਾਲਦਾ ਹੈ। ਗਾਹਾਂ ਨੂੰ ਕਣਕ ਚੰਗੀ ਹੋ ਗਈ ਤਾਂ ਸਾਈਕਲ ਵੀ ਲੈ ਦਿਆਂਗੇ। ਹਾਲੇ ਤੂੰ ਪੈਰੀਂ ਤੁਰਕੇ ਹੀ ਭੀੜ ਸੰਘੀੜ ਕੱਟ ਲੈ। ਦੋ ਡੂਢ ਮੀਲ ਕੋਈ ਬਹੁਤੀ ਵਾਟ ਨਹੀਂ ਹੁੰਣੀ। ਆਪਣੀ ਰਾਜ਼ੀ ਖ਼ੁਸ਼ੀ ਦਾ ਪਤਾ ਦਿੰਦਾ ਰਿਹਾ ਕਰ। ਸ: ਭਗਵਾਨ ਸਿੰਘ ਨੂੰ ਮੇਰੀ ਫ਼ਤਹਿ ਆਖ ਦਈਂ। ' ਤੇ ਥੱਲੇ ਅਖ਼ੀਰ ਵਿੱਚ ਬਾਪੂ ਦਾ ਨਾਉਂ ਲਿਖਿਆ ਹੋਇਆ ਸੀ– 'ਸ਼ਿਵਦੱਤ ਸਿੰਘ' ਚਿੱਠੀ ਪੜ੍ਹ ਕੇ ਮੈਂ ਫਿਰ ਕਿਤਾਬ ਵਿੱਚ ਰੱਖ ਲਈ। ਫੇਰ ਸੋਚਾਂ ਵਿੱਚ ਡੁੱਬ ਗਿਆ। ਦੂਰ ਅਸਮਾਨ ਵਿੱਚ ਸੂਰਜ ਨੇ ਇੱਕ ਬਦਲੀ ਆਪਣੇ ਸੀਨੇ 'ਤੋਂ ਪਰ੍ਹੇ ਛੱਡ ਦਿੱਤੀ ਸੀ। ਮੇਰੇ ਦਿਮਾਗ਼ ਦੀ ਧੁੰਦ ਚਿੱਟੇ ਚਾਨਣ ਵਿੱਚ ਵਟਦੀ ਮੈਨੂੰ ਮਹਿਸੂਸ ਹੋਈ। ਪਰਮਿੰਦਰ ਜਾ ਚੁੱਕੀ ਸੀ, ਪਰ ਜਿਸ ਥਾਂ 'ਤੇ ਬੈਠੀ ਸੀ, ਉਹ ਥਾਂ 'ਚੋਂ ਮੈਨੂੰ ਇੱਕ ਸੇਕ ਮਾਰਨ ਲੱਗ ਪਿਆ। ਕਿੰਨਾ ਲਾਲਚ ਸੀ, ਉਸ ਵਿੱਚ। ਐਤਵਾਰਾਂ ਦੀਆਂ ਬੀਤੀਆਂ ਦੁਪਹਿਰਾਂ ਇੱਕ ਇੱਕ ਕਰਕੇ ਮੇਰੇ ਸਾਹਮਣੇ ਆ ਖੜ੍ਹੋਤੀਆਂ। ਪਰਮਿੰਦਰ ਦੀ ਮੁਹੱਬਤ ਵਿੱਚ ਚਾਂਦੀ ਛਣਕਦੀ ਸੀ। ਕਾਰਡ ਉਸ ਨੇ ਜ਼ਰੂਰ ਪੜ੍ਹ ਲਿਆ ਹੋਵੇਗਾ। ♦

# ਪਿੱਪਲ ਦੀ ਪਰਕਰਮਾ

ਪਿੰਡ ਦੇ ਲਹਿੰਦੇ ਪਾਸੇ ਇੱਕ ਬਹੁਤ ਵੱਡਾ ਆਵਾ ਹੈ। ਬਹੁਤ ਵੱਡਾ ਆਵਾ, ਜਿਵੇਂ ਹਿਮਾਲਾ ਦਾ ਕੋਈ ਪਹਾੜ ਕਿਸੇ ਨੇ ਖੁੱਗ ਕੇ ਲਿਆ ਧਰਿਆ ਹੋਵੇ। ਆਵੇ ਦੀ ਸੱਜੀ ਵੱਖੀ ਵਿੱਚ ਇੱਕ ਵੱਡਾ ਸਾਰਾ ਛੱਪੜ ਹੈ। ਛੱਪੜ ਦੇ ਵਿਚਾਲ ਦੀ ਮਿੱਟੀ ਪਾ ਕੇ ਲੋਕਾਂ ਨੇ ਗੱਡਾ ਲੰਘਣ ਜੋਗਾ ਉੱਚਾ ਉੱਚਾ ਰਾਹ ਬਣਾਇਆ ਹੋਇਆ ਹੈ। ਉਸ ਰਾਹੋ ਰਾਹ ਜਾ ਕੇ ਤੇ ਸਰਕੜੇ ਦੇ ਬੂਝਿਆਂ ਨਾਲ ਘਿਰੀ ਦੋ ਤਿੰਨ ਫਰਲਾਂਗ ਧਰਤੀ ਲੰਘ ਕੇ ਅੱਗੇ ਸੂਏ ਦਾ ਇੱਕ ਵੱਡਾ ਪੁਲ ਹੈ। ਉੱਚਾ ਸਾਰਾ ਵੱਡਾ ਪੁਲ। ਪੁਲ ਤੋਂ ਲਹਿੰਦੇ ਪਾਸੇ ਨੂੰ ਢਿਲਕ ਕੇ ਪਹੇ ਦੀ ਖੱਬੀ ਵੱਟ ’ਤੇ ਪਿੱਪਲ ਦਾ ਇੱਕ ਵੱਡਾ ਸਾਰਾ ਮੁੱਢ ਖੜ੍ਹਾ ਹੈ। ਇਕੱਲਾ ਕਾਰਾ ਮੁੱਢ ਜਿਵੇਂ ਮਲੇ ਝਾੜੀਆਂ ਦੀ ਧਰਤੀ ਵਿੱਚ ਕੋਈ ਬੂਰਾ ਝੋਟਾ ਸਿਰ ਸਿੱਟੀ ਬੈਠਾ ਹੋਵੇ।

ਜਦ ਉਹ ਪਿੱਪਲ ਸਾਬਤ ਖੜ੍ਹਾ ਸੀ ਤਾਂ ਕੁੱਕੜ ਬਾਂਗ ਦਿੱਤੀ ਤੋਂ ਵੱਡੇ ਤੜਕੇ ਉੱਠ ਕੇ ਇੱਕ ਕੁੜੀ ਨਿੱਤ ਉਸ ਦੀ ਪਰਕਰਮਾ ਕਰਕੇ ਜਾਂਦੀ ਹੁੰਦੀ।

ਆਪਣੀ ਮਾਂ ਦੀ ਉਹ ਇਕੱਲੀ ਧੀ ਸੀ। ਨਾ ਪਿਓ, ਨਾ ਕੋਈ ਭਰਾ।

ਤੜਕੇ ਜਦ ਉਹ ਉੱਠਦੀ, ਉਸ ਦੀ ਮਾਂ ਘੂਕ ਸੁੱਤੀ ਪਈ ਹੁੰਦੀ। ਉਸ ਦੀ ਮਾਂ ਨੂੰ ਪਤਾ ਸੀ ਕਿ ਕੁੜੀ ਨੂੰ ਮੂੰਹ ਹਨੇਰੇ ਬਾਹਰ ਜੰਗਲ ਪਾਣੀ ਜਾਣ ਦੀ ਆਦਤ ਹੈ।

ਉਹ ਤੜਕੇ ਤੜਕੇ ਉੱਠਦੀ। ਵੱਡੇ ਆਵੇ ਕੋਲ ਦੀ ਛੱਪੜ ਵਾਲਾ ਰਾਹ ਲੰਘ ਕੇ ਛੇਤੀ ਛੇਤੀ ਸੂਏ ਦੇ ਪੁਲ ’ਤੇ ਜਾ ਖੜ੍ਹਦੀ। ਤੇ ਫਿਰ ਚਾਰ ਚੁਫ਼ੇਰਾ ਦੇਖ ਕੇ ਪਿੱਪਲ ਦੀਆਂ ਜੜ੍ਹਾਂ ਵਿੱਚ ਜਾ ਬਹਿੰਦੀ। ਗੋਡਿਆਂ ਵਿੱਚ ਸਿਰ ਦੇ ਕੇ ਪਤਾ ਨਹੀਂ ਕੀ ਸੋਚਦੀ ਰਹਿੰਦੀ। ਫੇਰ ਉੱਠਦੀ ਤੇ ਪਿੱਪਲ ਦੇ ਕੂਲੇ ਕੂਲੇ ਪਿੰਡੇ ਨੂੰ ਟੋਂਹਦੀ ਤੇ ਉਸ ਦੇ ਉਦਾਲੇ ਇੱਕ ਗੇੜਾ ਦੇ ਕੇ ਚੁੱਪ ਚਾਪ ਘਰ ਨੂੰ ਮੁੜ ਜਾਂਦੀ।

ਉਸ ਦੀ ਮਾਂ ਕਦੇ ਕਦੇ ਫਿਕਰ ਕਰਦੀ ਕਿ ਕੁੜੀ ਮੁਟਿਆਰ ਹੈ। ਐਨੇ ਹਨੇਰੇਂ ਘਰੋਂ ਬਾਹਰ ਜਾਣਾ ਠੀਕ ਨਹੀਂ। ਉਹ ਗੱਲੀਂ ਗੱਲੀਂ ਉਸ ਨੂੰ ਸਮਝਾਉਂਦੀ ਕਿ ਭਾਈ ਦਿਨ ਚੜ੍ਹੇ ਬਾਹਰ ਜਾ ਆਇਆ ਕਰ। ਵਖ਼ਤ ਮਾੜੇ , ਪਰ ਕੁੜੀ ਇੱਕ ਨਾ ਜਾਣਦੀ।

ਕੁੜੀ ਉਹ ਪਟਿਆਲਿਓਂ ਬੀ. ਏ. ਦਾ ਇਮਤਿਹਾਨ ਦੇ ਕੇ ਆਈ ਸੀ ਤੇ ਨਤੀਜੇ ਨੂੰ ਉਡੀਕਦੀ ਸੀ।

ਜਦੋਂ ਉਹ ਬੀ. ਏ. ਵਿੱਚ ਪੜ੍ਹਦੀ ਹੁੰਦੀ ਤਾਂ ਮਗਰੋਂ ਉਸ ਦੀ ਮਾਂ ਕੋਲ, ਗਵਾਂਢ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਇੱਕ ਨੌਜਵਾਨ ਆਇਆ ਜਾਇਆ ਕਰਦਾ ਸੀ। ਉਸ ਦੀ ਮਾਂ ਨੌਜਵਾਨ ਨੂੰ ਪਿਆਰ ਕਰਨ ਲੱਗ ਪਈ ਸੀ। ਉਹ ਦੀ ਧੀ ਤੇ ਉਹ

ਨੌਜਵਾਨ ਉਸ ਨੂੰ ਲੱਗਦੇ ਜਿਵੇਂ ਭੈਣ ਭਰਾ ਹੋਣ। ਉਹ ਕੋਲ ਕੋਲ ਬੈਠੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਜਿਵੇਂ ਉਸ ਨੂੰ ਗੁੱਡੇ ਗੁੱਡੀ ਤੋਂ ਵੱਧ ਕੁਝ ਨਾ ਲੱਗਦੇ।

ਮਹੀਨੇ ਵੀਹ ਦਿਨਾਂ ਵਿੱਚ ਹੀ ਸਾਰੇ ਮਹੱਲੇ ਵਿੱਚ ਚਰਚਾ ਸ਼ੁਰੂ ਹੋ ਗਈ। ਨੌਜਵਾਨ ਨੇ ਉਸ ਪਿੰਡ ਬੱਸ ਅੱਡੇ 'ਤੇ ਇੱਕ ਛੋਟੀ ਜਿਹੀ ਵਰਕਸ਼ਾਪ ਖੋਲ੍ਹੀ ਹੋਈ ਸੀ, ਜਿੱਥੇ ਹਰ ਕਿਸਮ ਦੇ ਟਰੈਕਟਰਾਂ ਦੀ ਮੁਰੰਮਤ ਕੀਤੀ ਜਾਂਦੀ। ਉਹ ਆਪ ਵੀ ਇੱਕ ਵਧੀਆ ਮਕੈਨਿਕ ਸੀ ਤੇ ਦੋ ਹੋਰ ਮਕੈਨਿਕ ਉਸ ਨੇ ਨੌਕਰੀ 'ਤੇ ਰੱਖੇ ਹੋਏ ਸਨ। ਮਹੱਲੇ ਦੇ ਲੋਕਾਂ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਕਿੱਥੋਂ ਦਾ ਰਹਿਣ ਵਾਲਾ ਹੈ ਜਾਂ ਕੀ ਜਾਤ ਦਾ ਹੈ। ਇਹ ਵੀ ਕਿਸੇ ਨੇ ਕਦੇ ਨਹੀਂ ਸੀ ਪੁੱਛਿਆ ਕਿ ਉਸ ਬੁੜ੍ਹੀ ਦੇ ਘਰ ਨਾਲ ਉਸ ਦਾ ਕੀ ਸਬੰਧ ਹੈ। ਉਹ ਮੂੰਹ ਹਨੇਰੇ ਹੀ ਤੜਕੇ ਘਰੋਂ ਉੱਠ ਕੇ ਜਾਂਦਾ ਤੇ ਰਾਤ ਪਈ ਤੋਂ ਮੁੜਦਾ। ਕਈ ਤੀਵੀਂਆਂ ਕਣੱਖੀਆਂ ਝਾਕ ਕੇ ਬੁੜ੍ਹੀ ਨੂੰ ਬੋਲੀ ਮਾਰਦੀਆਂ। ਕਈ ਤਿੱਖੇ ਮੁੰਡੇ ਉਸ ਨੌਜਵਾਨ ਨੂੰ ਟੋਕਾਂ ਲਾਉਂਦਾ। ਕਈ ਚਲਾਕ ਕੁੜੀਆਂ ਉਸ ਕੁੜੀ ਦੇ ਵਿੱਚ ਦੀ ਗੱਲਾਂ ਕੱਢਦੀਆਂ।

ਹਾਰ ਕੇ ਉਸ ਨੌਜਵਾਨ ਨੇ ਉਹ ਮਕਾਨ ਛੱਡ ਦਿੱਤਾ ਤੇ ਪਿੰਡ ਦੇ ਚੜ੍ਹਦੇ ਪਾਸੇ ਇੱਕ ਚੁਬਾਰਾ ਕਿਰਾਏ 'ਤੇ ਲੈ ਲਿਆ। ਪਰ ਉਹ ਹੁਣ ਵੀ ਕਦੇ ਕਦੇ ਉਸ ਬੁੜ੍ਹੀ ਦੇ ਘਰ ਚੱਕਰ ਮਾਰ ਜਾਂਦਾ।

ਹੁਣ ਉਹ ਕੁੜੀ ਵੱਡੇ ਤੜਕੇ ਉੱਠਦੀ ਸੀ। ਨੌਜਵਾਨ ਵੱਡੇ ਤੜਕੇ ਉੱਠਦਾ ਸੀ ਤੇ ਉਹ ਪਿੰਡ ਦੇ ਲਹਿੰਦੇ ਪਾਸੇ ਸੂਏ ਦੇ ਪੁਲ ਕੋਲ ਵੱਡੇ ਪਿੱਪਲ ਦੀ ਬੁੱਕਲ ਵਿੱਚ ਆ ਬੈਠਦੇ ਸਨ। ਗੱਲਾਂ ਪੁੱਛਦੇ ਸਨ ਤੇ ਗੱਲਾਂ ਦੱਸਦੇ ਹਨ। ਇੱਕਰਾਰ ਲੈਂਦੇ ਸਨ ਤੇ ਇਕਰਾਰ ਦਿੰਦੇ ਸਨ।

ਕਿਸੇ ਨੂੰ ਕਦੇ ਪਤਾ ਨਹੀਂ ਸੀ ਲੱਗਾ ਕਿ ਉਹ ਸੂਏ ਦੇ ਪੁਲ ਕੋਲ ਵੱਡੇ ਪਿੱਪਲ ਥੱਲੇ ਮਿਲਦੇ ਹਨ।

'ਇਹ ਪਿੱਪਲ ਸਾਡੀ ਭਟਕਣ ਦਾ ਬਿੰਦੂ ਕਦ ਕੁ ਤੱਕ ਬਣਿਆ ਰਹੂ?' ਕੁੜੀ ਨੇ ਇੱਕ ਦਿਨ ਪੁੱਛਿਆ।

'ਭਟਕਣ ਦਾ ਬਿੰਦੂ ਤਾਂ ਇੱਕ ਦਿਨ ਮਨ ਦੀ ਅੰਦਰਲੀ ਕੋਠੀ ਵਿੱਚ ਈ ਰੱਖਣਾ ਪਊ।' ਨੌਜਵਾਨ ਨੇ ਆਖ਼ਰ ਦੀ ਗੱਲ ਸੁਣਾ ਦਿੱਤੀ।

'ਸੁਲੱਖਣਾ, ਆਪਾਂ ਜੇ ਸਦਾ ਵਾਸਤੇ 'ਕੱਠੇ ਹੋ ਜੀਏ?' ਕੁੜੀ ਨੇ ਤਰਲਾ ਕੀਤਾ।

ਤੂੰ ਮਾਂ ਨੂੰ ਮਨਾਂ ਲੈ ਨਿੰਦੀਏ। ਤੇਰੀ ਖ਼ਾਤਰ ਮੈਂ ਤਾਂ ਸਭ ਕੁਝ ਤਿਆਗ ਦੂੰ।' ਨੌਜਵਾਨ ਨੇ ਪੂਰਾ ਧਰਵਾਸ ਦਿੱਤਾ।

ਤੇ ਫੇਰ ਉਹ ਉਸ ਦਿਨ ਹੋਰ ਖ਼ਾਸਾ ਚਿਰ ਪਿੱਪਲ ਦੀ ਢੂਹ ਲਾ ਕੇ ਬੈਠੇ ਰਹੇ। ਹੋਰ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਚੁੱਪ ਹੋ ਗਏ ਤੇ ਖ਼ਾਸਾ ਚਿਰ ਚੁੱਪ ਬੈਠੇ ਰਹੇ।

ਪੂਰਬ ਵਿੱਚ ਸੂਰਜ ਦਾ ਉਭਾਰ ਪ੍ਰਤੱਖ ਹੋਣ ਵਾਲਾ ਸੀ। ਠੰਡੀ ਠੰਡੀ ਹਵਾ ਮਨ ਵਿੱਚ ਤਰੰਗਾਂ ਛੇੜ ਰਹੀ ਸੀ। ਪਿੱਪਲ ਦਾ ਬਹੁਤ ਵੱਡਾ ਆਕਾਰ ਕਿਸੇ ਰੇਲਵੇ ਸਟੇਸ਼ਨ ਦੇ ਵੱਡੇ ਮੁਸਾਫ਼ਰਖ਼ਾਨੇ ਵਾਂਗ ਧਰਤੀ 'ਤੇ ਰੁਕਿਆ ਹੋਇਆ ਸੀ। ਕਦੇ ਕਦੇ ਕੋਈ ਟਾਹਣਾ ਹਿੱਲਦਾ ਤੇ ਪੱਤੇ ਖੜਕਦੇ ਤੇ ਤੋਤੇ ਵਾਹਟੀਆਂ ਕੁਤਰ ਕੁਤਰ ਥੱਲੇ ਪਾਗਲਾਂ ਵਾਂਗ ਸਿੱਟ ਰਹੇ ਸਨ।

ਨਿੰਦੀ ਨੇ ਧਰਤੀ 'ਤੋਂ ਇੱਕ ਡੀਹਟੀ ਚੁੱਕੀ ਤੇ ਪਿੱਪਲ ਦੇ ਕੂਲੇ ਕੂਲੇ ਪਿੰਡੇ ਵਿੱਚ 'ਸੱਸਾ' ਅੱਖਰ ਖੋਦ ਦਿੱਤਾ। ਸੁਲੱਖਣ ਨੇ ਨਿੰਦੀ ਦੇ ਹੱਥੋਂ ਉਹੀ ਡੀਹਟੀ ਫੜ ਕੇ 'ਸੱਸੇ' ਦੇ ਮੂਹਰੇ 'ਨੰਨਾ' ਉੱਕਰ ਦਿੱਤਾ। ਦਿਨ ਚੜ੍ਹਨ ਵਾਲਾ ਸੀ ਤੇ ਫੇਰ ਉਹ ਆਪੋ ਆਪਣੇ ਘਰਾਂ ਨੂੰ ਪਰਛਾਵਿਆਂ ਵਾਂਗ ਤੁਰ ਗਏ।

ਦੂਜੇ ਦਿਨ ਸੁਲੱਖਣ ਵਰਕਸ਼ਾਪ ਦਾ ਸਾਰਾ ਛਿੱਛ ਪੱਤ ਇੱਕ ਟਰਾਲੀ ਵਿੱਚ ਲੱਦ ਕੇ ਆਪਣੇ ਪਿੰਡ ਨੂੰ ਲੈ ਗਿਆ। ਉਸ ਵਰਕਸ਼ਾਪ ਨੇ ਉਹ ਨੂੰ ਵਫ਼ਾ ਨਹੀਂ ਸੀ ਕੀਤਾ। ਉਸ ਦੀ ਸਲਾਹ ਹੋ ਗਈ ਸੀ ਕਿ ਉਹ ਕਲਕੱਤੇ ਜਾ ਕੇ ਕਿਸੇ ਵੱਡੀ ਵਰਕਸ਼ਾਪ ਦੀ ਨੌਕਰੀ ਕਰ ਲਵੇ।

ਨਿੰਦੀ ਤੇ ਸੁਲੱਖਣ ਦੀ ਉਡਦੀ ਉਡਦੀ ਗੱਲ ਉਸ ਪਿੰਡ ਦੇ ਕਈ ਬੰਦਿਆਂ ਦੇ ਕੰਨ ਸਰੋਤ ਹੋ ਚੁੱਕੀ ਸੀ। ਇਸ ਲਈ ਉਹ ਸੰਗਦਾ ਤੇ ਡਰਦਾ ਹੁਣ ਕਦੇ ਵੀ ਉਸ ਪਿੰਡ ਨਹੀਂ ਸੀ ਗਿਆ।

ਨਿੰਦੀ ਦਾ ਨਤੀਜਾ ਨਿਕਲ ਗਿਆ ਸੀ ਤੇ ਉਹ ਬੀ. ਏ. ਵਿਚੋਂ ਪਾਸ ਹੋ ਗਈ ਸੀ।

ਡਿਗਰੀ ਲੈਣ ਜਦ ਉਹ ਪਟਿਆਲੇ ਗਈ ਤਾਂ ਸੁਲੱਖਣ ਵੀ ਕਿਤੋਂ ਨਾ ਕਿਤੋਂ ਸੂਹ ਲੈ ਕੇ ਓਥੇ ਧਮਕਿਆ। ਕਾਲਜ ਵਿੱਚ ਡਿਗਰੀ ਲੈ ਕੇ ਉਹ ਦੋਵੇ ਜਣੇ ਬੱਸ ਸਟੈਂਡ ਦੇ ਚੜ੍ਹਦੇ ਪਾਸੇ ਦੋ ਸੜਕਾਂ ਦੇ ਵਿਚਾਲੇ ਇੱਕ ਵੱਡੇ ਸਾਰੇ ਪੁਲ ਤੋਂ ਪਰ੍ਹਾਂ ਇੱਕ ਸਰੀਂਹ ਦੇ ਦਰਖ਼ਤ ਥੱਲੇ ਦੋ ਘੰਟੇ ਨਿੱਕੀਆਂ ਨਿੱਕੀਆਂ ਤੇ ਵਿਅਰਥ ਜਿਹੀਆਂ ਗੱਲਾਂ ਕਰਦੇ ਰਹੇ। ਅਖ਼ੀਰ ਵਿੱਚ ਸੁਲੱਖਣ ਨੇ ਨਿੰਦੀ ਨੂੰ ਦੱਸਿਆ ਕਿ ਕਲਕੱਤੇ ਉਸ ਦੀ ਨੌਕਰੀ ਦਾ ਪ੍ਰਬੰਧ ਬਣ ਗਿਆ ਹੈ ਤੇ ਉਹ ਪੰਦਰਾਂ ਵੀਹ ਦਿਨਾਂ ਵਿਚ ਹੀ ਪੰਜਾਬ ਨੂੰ ਛੱਡ ਰਿਹਾ ਹੈ। ਨਿੰਦੀ ਦਾ ਰੁੱਗ ਭਰ ਕੇ ਕਾਲਜਾ ਨਿਕਲ ਗਿਆ ਤੇ ਉਹ ਵੱਖੀਆਂ ਘੁੱਟ ਕੇ ਥਾਂ ਦੀ ਥਾਂ ਲੰਮਾ ਸਾਰਾ ਹਉਂਕਾ ਭਰ ਕੇ ਬੈਠ ਗਈ।

ਉਸ ਵੱਡੇ ਉੱਚੇ ਪੁਲ ਤੋਂ ਲੈ ਕੇ ਗੁਰਦੁਆਰੇ ਨੂੰ ਜਾਂਦੀ ਸੜਕ ਰੇਲਵੇਂ ਚੂੰਗੀ ਤੱਕੀ ਸੁਲੱਖਣ ਨੀਵੀਂ ਪਾਈ ਨਿੰਦੀ ਨਾਲ ਤੁਰਿਆ ਗਿਆ। ਦੁੱਖ ਨਿਵਾਰਨ ਤੋਂ ਅੱਗੇ ਤ੍ਰਿਪੜੀ ਵਿੱਚ ਨਿੰਦੀ ਨੇ ਆਪਣੀ ਕਿਸੇ ਸਹੇਲੀ ਦੇ ਘਰ ਜਾਣਾ ਸੀ। ਰੇਲਵੇ ਚੂੰਗੀ ਕੋਲ ਆ ਕੇ ਸੁਲੱਖਣ ਉਸ ਤੋਂ ਵਿਦਾ ਹੋਣ ਲੱਗਿਆ। ਨਿੰਦੀ ਕਹਿੰਦੀ– 'ਗੁਰਦੁਆਰੇ ਤਾਈਂ ਹੋਰ ਚੱਲ 'ਤੇ ਸੁਲੱਖਣ ਚੁੱਪ ਚਾਪ ਗੁਰਦੁਆਰੇ ਤੱਕ ਨਿੰਦੀ ਦੇ ਨਾਲ ਨਾਲ ਹੋ ਤੁਰਿਆ। ਨਾ ਨਿੰਦੀ ਨੇ ਮੂੰਹੋਂ ਕੁਝ ਬੋਲਿਆ, ਨਾ ਸੁਲੱਖਣ ਨੇ। ਦੁੱਖ ਨਿਵਾਰਨ ਦੇ ਕੋਲ ਜਾ ਕੇ ਦੋਵਾਂ ਨੇ ਇੱਕ ਦੂਜੇ ਨੂੰ ਹੱਥ ਜੋੜੇ ਤੇ ਵਿਛੜ ਗਏ। ਬਿੰਦ ਦੀ ਬਿੰਦ ਦੋਵਾਂ ਦੀਆਂ ਅੱਖਾਂ ਇੱਕ ਦੂਜੇ ਵੱਲ ਗੱਡੀਆਂ ਰਹੀਆਂ।

ਪਿੰਡ ਆ ਕੇ ਨਿੰਦੀ ਬਹੁਤਾ ਕਰਕੇ ਘਰ ਹੀ ਰਹਿੰਦੀ। ਨਾ ਕੁਝ ਪੜ੍ਹਦੀ ਤੇ ਨਾ ਹੀ ਕੋਈ ਹੋਰ ਕੰਮ ਕਰਦੀ। ਬੀ. ਐੱਡ. ਵਿੱਚ ਦਾਖ਼ਲ ਹੋਣ ਦਾ ਖ਼ਿਆਲ ਵੀ ਉਸ ਨੇ ਛੱਡ ਦਿੱਤਾ। ਬੁੱਸਿਆ ਜਿਹਾ ਮੂੰਹ ਕਰਕੇ ਉਹ ਆਪਣੀ ਮਾਂ ਨੂੰ ਕਹਿੰਦੀ ਰਹਿੰਦੀ– 'ਮੈਨੂੰ ਭੁੱਖ ਨਹੀਂ ਲੱਗਦੀ। ਰੋਟੀ ਖਾਨੀ ਆਂ ਤਾਂ ਓਵੇਂ ਦੀ ਓਵੇਂ ਦਿਲ 'ਤੇ ਪਈ ਰਹਿੰਦੀ ਐ। ਸਿਰ ਨੂੰ ਘੁਮੇਰ ਆਉਂਦੀ ਐ।'

ਨਿੰਦੀ ਹੁਣ ਵੀ ਵੱਡੇ ਤੜਕੇ ਉੱਠਦੀ ਸੀ। ਉਹਦੀ ਮਾਂ ਘੂਕ ਸੁੱਤੀ ਪਈ ਹੁੰਦੀ। ਉਹ ਪੋਲੇ ਪੋਲੇ ਪੈਰੀਂ ਆਵੇ ਕੋਲ ਦੀ ਛੱਪੜ ਵਾਲੇ ਰਾਹ ਨੂੰ ਲੰਘ ਕੇ ਸਰਕੜੇ ਦੇ ਬੂਝਿਆਂ ਵਿੱਚ ਦੀ ਸੂਏ ਦੇ ਵੱਡੇ ਪੁਲ 'ਤੇ ਜਾ ਖੜ੍ਹਦੀ। ਚਾਰ ਚੁਫ਼ੇਰਾ ਦੇਖ ਕੇ ਝੱਟ ਪਿੱਪਲ ਦੀਆਂ ਜੜ੍ਹਾਂ ਹੇਠ ਜਾ ਬੈਠਦੀ। ਗੋਡਿਆਂ ਵਿੱਚ ਸਿਰ ਥੁੰਨ ਕੇ ਬੈਠੀ ਰਹਿੰਦੀ। ਖੜ੍ਹੀ ਹੁੰਦੀ ਤੇ ਪਿੱਪਲ ਦੇ ਕੂਲੇ ਕੂਲੇ ਪਿੰਡੇ 'ਤੇ 'ਸੱਸੇ' ਨੂੰ ਉਂਗਲਾਂ ਦੇ ਪੋਟਿਆਂ ਨਾਲ ਟੋਹ ਟੋਹ ਦੇਖਦੀ। 'ਨੰਨਾ' ਤੇ 'ਸੱਸਾ' ਦਿਨੋਂ ਦਿਨ ਡੂੰਘੇ ਹੁੰਦੇ ਜਾਂਦੇ ਸਨ ਤੇ ਚੌੜੇ ਹੁੰਦੇ ਜਾਂਦੇ, ਉਸ ਨੂੰ ਦਿਖਾਈ ਦਿੰਦੇ। ਨਿੰਦੀ ਨੂੰ ਮਹਿਸੂਸ ਹੁੰਦਾ, ਜਿਵੇਂ ਉਹ ਕਿਸੇ ਸੁਪਨੇ ਦੀ ਜ਼ਿੰਦਗੀ ਹੰਢਾ ਰਹੀ ਹੈ।

ਕਹਿੰਦਾ ਉਹ ਪਿੱਪਲ ਉਸ ਖੇਤ ਵਿੱਚ ਬੀਜੀ ਫ਼ਸਲ 'ਤੇ ਆਪਣੇ ਚੌੜੇ ਆਕਾਰ ਦਾ ਪਰਛਾਵਾ ਪਾ ਕੇ ਫ਼ਸਲ ਚੰਗੀ ਨਹੀਂ ਹੋਣ ਦਿੰਦਾ। ਖੇਤ ਦੇ ਮਾਲਕ ਨੇ ਇੱਕ ਦਿਨ ਦਸ ਦਿਹਾੜੀਏ ਇਕੱਠੇ ਕਰਕੇ ਪਿੱਪਲ ਵਢਵਾ ਦਿੱਤਾ। ਨਿੰਦੀ ਦੂਜੇ ਦਿਨ ਜਦ ਵੱਡੇ ਤੜਕੇ ਗਈ ਤਾਂ ਪਿੱਪਲ ਦਾ ਸਾਰਾ ਸੰਸਾਰ ਉੱਜੜਿਆ ਪਿਆ ਸੀ। ਉਹ ਨਿੰਮੋਝੂਣੀ ਹੋ ਕੇ ਮੁੱਢ ਕੋਲ ਬੈਠ ਗਈ। ਦੂਰ ਦੂਰ ਤੱਕ ਖਿੰਡੇ ਪਏ ਡਾਹਣਿਆਂ ਤੋਂ ਦੀ ਉਸ ਨੇ ਇੱਕ ਗੇੜਾ ਦਿੱਤਾ ਤੇ ਘਰ ਨੂੰ ਆ ਗਈ ਆਉਣ ਸਾਰ ਮੂਧੇ ਮੂੰਹ ਮੰਜੇ ਵਿੱਚ ਪੈ ਗਈ। ਮੁੜਕੇ ਉਹ ਕਦੇ ਕੱਟ ਵਾਲੀ ਥਾਂ 'ਤੇ ਨਾ ਗਈ। ਦਿਨੋ ਦਿਨ ਉਸ ਨੂੰ ਪਤਾ ਨਹੀਂ ਕੀ ਹੁੰਦਾ ਸੀ। ਲਾਲ ਗਾਜਰ ਵਰਗੇ ਰੰਗ 'ਤੇ ਜਿਵੇਂ ਕਿਸੇ ਨੇ ਵਸਾਰ ਧੂੜ ਦਿੱਤਾ ਸੀ। ਉਸ ਦੇ ਸਿਰ ਦੇ ਸੰਘਣੇ ਵਾਲ ਜਿਵੇਂ ਕਿਸੇ ਨੇ ਫੜ ਫੜ ਪੱਟ ਦਿੱਤੇ ਸਨ। ਉਸ ਦੀਆਂ ਅੱਖਾਂ ਜਿਵੇਂ ਉਨ੍ਹਾਂ ਵਿੱਚ ਕੁਝ ਵੀ ਨਹੀਂ ਹੁੰਦਾ।

ਉਹ ਦੀ ਮਾਂ ਅੰਤਾਂ ਦੀ ਝੁਰਦੀ ਤੇ ਕਹਿੰਦੀ ਹੁੰਦੀ– 'ਮੇਰੀ ਤਾਂ ਸੌ ਪੁੱਤਾਂ ਵਰਗੀ ਇੱਕੋ ਧੀ ਐ। ਜੇ ਕਿਤੇ ਇਹ ਉੱਠਦੀ ਬੈਠਦੀ ਹੋ ਜੇ! ਪਰ ਨਿੰਦੀ ਸਾਰਾ ਕੁਝ ਢਿੱਡ ਵਿੱਚ ਲੈ ਕੇ ਹੀ ਸਦਾ ਲਈ ਚੁੱਪ ਹੋ ਗਈ। ♦

# ਚਿੱਠੀ ਦਾ ਜਵਾਬ

ਰਮੇਸ਼ ਨੂੰ ਸਲੋਚਨਾ ਦੀ ਚਿੱਠੀ ਲਿਖੀ ਆਉਂਦੀ, ਜਿਵੇਂ ਕਿਸੇ ਮੁੰਡੇ ਦੀ ਲਿਖੀ ਹੋਵੇ। ਉਹ ਉਸ ਨੂੰ ਚਿੱਠੀ ਲਿਖ ਕੇ ਭੇਜਦਾ, ਜਿਵੇਂ ਕਿਸੇ ਕੁੜੀ ਦੀ ਲਿਖੀ ਹੋਵੇ।

ਰਮੇਸ਼ ਦਾ ਪਿਤਾ ਜਦੋਂ ਤਾਈਂ ਚੰਗਾ ਤੁਰਦਾ ਫਿਰਦਾ ਰਿਹਾ, ਸਰਕਾਰੀ ਠੇਕੇਦਾਰੀ ਕਰਦਾ ਸੀ ਤੇ ਹੁਣ ਰਮੇਸ਼ ਨੇ ਉਹੀ ਕੰਮ ਸਾਂਭਿਆ ਹੋਇਆ ਸੀ। ਉਨ੍ਹਾਂ ਦੇ ਪਿੰਡ ਤੋਂ ਕੋਹ ਭਰ ਦੂਰ ਇੱਕ ਬਹੁਤ ਵੱਡਾ ਬਰਸਾਤੀ ਨਾਲਾ ਲੰਘਦਾ ਸੀ। ਇੱਕ ਨਵੀਂ ਸੜਕ ਉਸ ਬਰਸਾਤੀ ਨਾਲੇ ਨੂੰ ਕੱਟਦੀ ਸੀ ਤੇ ਉਹ ਨਾਲੇ 'ਤੇ ਬਣਦੇ ਸੜਕ ਦੇ ਪੁਲ ਦਾ ਠੇਕਾ ਹੁਣ ਉਸ ਨੇ ਲਿਆ ਹੋਇਆ ਸੀ।

ਦਿਨ ਭਰ ਬਾਹਰ ਉਹ ਕੰਮ 'ਤੇ ਰਹਿੰਦਾ। ਨਿੱਤ ਦੀ ਡਾਕ ਜਿਹੜੀ ਉਸ ਨੂੰ ਆਉਂਦੀ, ਘਰ ਦੇ ਉਸ ਨੂੰ ਉਹ ਦੀ ਮੇਜ਼ 'ਤੇ ਰੱਖ ਦਿੰਦੇ। ਆਥਣ ਨੂੰ ਜਦ ਉਹ ਘਰ ਪਹੁੰਚਦਾ, ਸਾਈਕਲ ਵਰਾਂਡੇ ਦੀ ਕੰਧ ਨਾਲ ਖੜ੍ਹਾ ਕਰਕੇ ਸਭ ਤੋਂ ਪਹਿਲਾਂ ਦਬਾਸੱਟ ਆਪਣੀ ਮੇਜ਼ ਤੇ ਜਾ ਝੁਕਦਾ। ਦੇਖਦਾ, ਕੋਈ ਚਿੱਠੀ ਆਈ ਹੈ ਜਾਂ ਨਹੀਂ। ਜੇ ਆਈ ਹੈ ਤਾਂ ਕੀਹਦੀ । ਸਭ ਤੋਂ ਵੱਧ ਉਡੀਕ ਉਹ ਨੂੰ ਉਸ ਦੀ ਚਿੱਠੀ ਦੀ ਹੁੰਦੀ ਸੀ, ਜਿਸ ਦੀ ਚਿੱਠੀ ਵਿੱਚ ਬਿਹਾਰੀਆਂ ਨੂੰ ਕੱਟ ਕੱਟ ਪਿੱਛੋਂ ਕੰਨੇ ਬਣਾਏ ਹੁੰਦੇ।

ਭਾਵੇਂ ਉਸ ਦੀ ਚਿੱਠੀ ਪੰਦਰ੍ਹਵੇ-ਵੀਹਵੇਂ ਦਿਨ ਆਉਂਦੀ ਸੀ, ਪਰ ਉਸ ਨੂੰ ਪਤਾ ਨਹੀਂ ਕਿਉਂ ਨਿੱਤ ਉਡੀਕ ਰਹਿੰਦੀ ਕਿ ਸਲੋਚਨਾ ਦੀ ਚਿੱਠੀ ਅੱਜ ਆਉਣੀ ਹੈ।

ਪੰਦਰਾਂ ਦਿਨ ਲੰਘ ਗਏ ਸਨ, ਪਰ ਹੁਣ ਉਸ ਦੀ ਚਿੱਠੀ ਨਹੀਂ ਸੀ ਆਈ। ਉਹ ਨਿੱਤ ਆਥਣ ਨੂੰ ਮੇਜ਼ 'ਤੇ ਆ ਕੇ ਝੁਕਦਾ। ਵੀਹ ਦਿਨ ਲੰਘ ਗਏ, ਪਰ ਉਸ ਦੀ ਚਿੱਠੀ ਨਾ ਆਈ। ਫੇਰ ਹੋਰ ਦਿਨ ਲੰਘਦੇ ਗਏ, ਹੋਰ ਦਿਨ ਤੇ ਮਹੀਨਾ ਪੂਰਾ ਹੋ ਗਿਆ ਸੀ, ਪਰ ਉਸ ਦੀ ਚਿੱਠੀ ਨਾ ਆਈ। ਰਿਸ਼ਤੇਦਾਰਾਂ ਦੀਆਂ ਕੋਠੀਆਂ ਹੁੰਦੀਆਂ, ਦੋਸਤਾਂ ਦੀਆਂ ਚਿੱਠੀਆਂ ਹੁੰਦੀਆਂ ਤੇ ਕੋਈ ਕੋਈ ਸਰਕਾਰੀ ਚਿੱਠੀਆਂ ਹੁੰਦੀ। ਰਮੇਸ਼ ਨੂੰ ਮਹਿਸੂਸ ਹੋ ਰਿਹਾ ਸੀ ਕਿ ਹੁਣ ਉਸ ਦੀ ਚਿੱਠੀ ਨਹੀਂ ਆਵੇਗੀ। 'ਹੋ ਸਕਦਾ ਹੈ ਕਿ ਮੇਰੀ ਚਿੱਠੀ ਫੜੀ ਗਈ ਹੋਵੇ ਤੇ ਸਾਰਾ ਭੇਤ ਖੁੱਲ੍ਹ ਗਿਆ ਹੋਵੇ। ਹੋ ਸਕਦਾ ਹੈ ਕਿ ਮੇਰੀ ਚਿੱਠੀ ਲਿਖ ਕੇ ਪਾ ਤਾਂ ਦਿੱਤੀ ਹੋਵੇ ਤੇ ਮੇਰੇ ਤੀਕ ਪਹੁੰਚੀ ਨਾ ਹੋਵੇ ਤੇ ਕਿਸੇ ਦੇ ਹੱਥ ਲੱਗ ਗਈ ਹੋਵੇ।' ਕੁੜੀਆਂ ਵਾਂਗ ਲਿਖੀ ਰਮੇਸ਼ ਦੀ ਚਿੱਠੀ ਉਸ ਨੂੰ ਲੱਗਦਾ ਸੀ, ਜਿਵੇਂ ਪੜ੍ਹੀ ਜਾਵੇ ਤਾਂ ਆਦਮੀ ਦੀ ਲਿਖੀ ਲੱਗੇ। ਸਲੋਚਨਾ ਬਥੇਰਾ ਜ਼ੋਰ ਲਾ ਕੇ ਲਿਖਦੀ ਸੀ ਕਿ ਚਿੱਠੀ ਮੁੰਡੇ ਦੀ ਲਿਖੀ ਲੱਗੇ, ਪਰ ਉਹ ਜਜ਼ਬਾਤਾਂ ਵਿੱਚ ਐਨੀ ਧਸ ਗਈ ਹੁੰਦੀ ਤੇ ਸਾਫ਼ ਜ਼ਾਹਰ ਹੁੰਦਾ ਕਿ ਚਿੱਠੀ ਕਿਸੇ ਇਸ਼ਕ ਫੱਟੀ ਕੁੜੀ ਦੀ ਲਿਖੀ ਹੋਈ ਹੈ।

ਐਨਾ ਚਿਰ ਹੋ ਗਿਆ, ਉਸ ਦੀ ਚਿੱਠੀ ਨਹੀਂ ਸੀ ਆਈ। ਆਥਣ ਨੂੰ ਉਹ ਘਰ ਆਉਂਦਾ ਤੇ ਨਿਰਾਸ਼ ਹੋ ਕੇ ਪੈ ਜਾਂਦਾ। ਹਾਉਂਕਾ ਲੈਂਦਾ ਤੇ ਉਸ ਦੇ ਨਿੱਘੇ ਮਿੱਠੇ ਖ਼ਿਆਲਾਂ ਨੂੰ ਚਿੱਤ ਵਿੱਚ ਲੈ ਕੇ ਸੌਂ ਜਾਂਦਾ।

ਦੋ ਵਾਰ ਹੀ ਤਾਂ ਪਹਿਲਾਂ ਉਹ ਉਸ ਨੂੰ ਮਿਲੀ ਸੀ। ਇੱਕ ਵਾਰੀ ਉਸ ਦੇ ਪਿੰਡ, ਉਸ ਦੀ ਇੱਕ ਸਹੇਲੀ ਦੇ ਘਰ ਜਿੱਥੇ ਰਮੇਸ਼ ਨੇ ਉਸ ਦੇ ਹੱਥ ਨੂੰ ਘੁੱਟ ਕੇ ਦੇਖਿਆ ਸੀ। ਓਦਣ ਸਲੋਚਨਾ ਦਾ ਹੱਥ ਉਸ ਨੂੰ ਇਉਂ ਲੱਗਾ ਸੀ ਕਿ ਜਿਵੇਂ ਰੇਸ਼ਮ ਵਰਗੇ ਪਿੰਡੇ ਵਾਲੀ ਘੁੱਗੀ ਉਸ ਦੇ ਹੱਥਾਂ ਵਿੱਚ ਆ ਗਈ ਹੋਵੇ। ਓਦੋਂ ਉਸ ਨੂੰ ਇਉਂ ਮਹਿਸੂਸ ਹੋਇਆ ਸੀ, ਜਿਵੇਂ ਸਲੋਚਨਾ ਦੇ ਸਾਰੇ ਸਰੀਰ ਦਾ ਸੇਕ ਉਸ ਦੇ ਇੱਕ ਹੱਥ ਵਿੱਚ ਸਿਮਟ ਗਿਆ ਹੋਵੇ। ਉਸ ਹੱਥ ਨੂੰ ਰਮੇਸ਼ ਨੇ ਘੁੱਟਿਆ ਤਾਂ ਉਸ ਦੇ ਸਾਰੇ ਅੰਗਾਂ ਵਿੱਚ ਬਿਜਲੀ ਥਰਕ ਪਈ ਸੀ।

ਦੂਜੀ ਵਾਰ ਤਿੰਨ ਕੁ ਮਹੀਨਿਆਂ ਬਾਅਦ ਉਹ ਅਚਾਨਕ ਰਮੇਸ਼ ਨੂੰ ਉਸ ਦੇ ਇੱਕ ਦੋਸਤ ਦੇ ਪਿੰਡ ਮਿਲ ਗਈ ਸੀ। ਉੱਥੇ ਰਮੇਸ਼ ਨੇ ਉਸ ਨਾਲ ਰੱਜ ਦੇ ਦੋ ਤਿੰਨ ਘੰਟੇ ਗੱਲਾਂ ਕੀਤੀਆਂ ਸਨ ਤੇ ਉਸ ਦੇ ਕੋਸੇ ਕੋਸੇ ਸਾਹਾਂ ਦੀ ਮਹਿਕ ਪੀਤੀ ਸੀ। ਉਸ ਤੋਂ ਪਿੱਛੋਂ ਸਲੋਚਨਾ ਨੇ ਚਿੱਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਵੇਂ ਕਿਸੇ ਮੁੰਡੇ ਦੀਆਂ ਲਿਖੀਆਂ ਹੋਣ, ਪਰ ਉਹ ਮੁੰਡੇ ਦੀਆਂ ਲਿਖੀਆਂ ਨਹੀਂ ਸਨ ਲੱਗਦੀਆਂ। ਰਮੇਸ਼ ਉਸ ਨੂੰ ਚਿੱਠੀਆਂ ਲਿਖਦਾ ਸੀ, ਜਿਵੇਂ ਕਿਸੇ ਕੁੜੀ ਦੀਆਂ ਲਿਖੀਆਂ ਹੋਈਆਂ ਹੋਣ, ਪਰ ਉਹ ਕੁੜੀਆਂ ਵਰਗੀਆਂ ਬਹੁਤ ਘੱਟ ਹੁੰਦੀਆਂ ਸਨ। ਵਹਿਣਾ ਵਿੱਚ ਵਹਿ ਕੇ ਅੰਦਰਲੇ ਦੇ ਟਸਕ ਕਿਵੇਂ ਰੋਕੀ ਜਾ ਸਕਦੀ ਹੈ। ਬਹੁਤ ਚਿੱਠੀਆਂ ਰਮੇਸ਼ ਨੇ ਲਿਖੀਆਂ, ਬਹੁਤ ਚਿੱਠੀਆਂ ਸਲੋਚਨਾ ਨੇ ਲਿਖੀਆਂ। ਪਰ ਹੁਣ ਇੱਕ ਮਹੀਨੇ ਤੋਂ ਉੱਤੇ ਹੀ ਹੋ ਗਿਆ ਸੀ, ਸਲੋਚਨਾ ਦੀ ਚਿੱਠੀ ਨਹੀਂ ਸੀ ਆਈ। ਰਮੇਸ਼ ਨੇ ਆਪ ਵੀ ਕੋਈ ਚਿੱਠੀ ਨਹੀਂ ਸੀ ਲਿਖੀ। ਸਲੋਚਨਾ ਦੀ ਚਿੱਠੀ ਦੀ ਤੀਬਰ ਉਡੀਕ ਹੀ ਜਿਵੇਂ ਰਮੇਸ਼ ਦੇ ਸਾਰੇ ਜਵਾਬ ਸਨ। ਉਸ ਦੇ ਮਨ ਵਿੱਚ ਸੈਂਕੜੇ ਸਵਾਲ ਉੱਠਦੇ, ਪਰ ਉਹ ਉਨ੍ਹਾਂ ਦੇ ਆਪ ਹੀ ਜਵਾਬ ਦੇ ਲੈਂਦਾ ਤੇ ਚੁੱਪ ਰਹਿ ਛੱਡਦਾ।

ਫੇਰ ਇੱਕ ਦਿਨ ਜਦ ਉਹ ਆਥਣ ਨੂੰ ਆਇਆ, ਉਸ ਦੀ ਮੇਜ਼ 'ਤੇ ਇੱਕ ਅਟੈਚੀ ਪਿਆ ਸੀ। ਘਰੇ ਕੋਈ ਨਹੀਂ ਸੀ। ਵੱਡੀ ਕੁੜੀ ਦਾ ਜਾਪਾ ਕਰਵਾਉਣ ਉਸ ਦੀ ਮਾਂ ਗਈ ਹੋਈ ਸੀ ਤੇ ਉੱਥੇ ਜਾ ਕੇ ਨਮੂਨੀਏ ਨਾਲ ਬਿਮਾਰ ਹੋ ਗਈ ਸੀ। ਉਸਦਾ ਪਿਤਾ ਤੇ ਛੋਟੀ ਭੈਣ ਉਸ ਦੀ ਮਾਂ ਦਾ ਪਤਾ ਲੈਣ ਗਏ, ਚਾਰ ਦਿਨ ਹੋ ਗਏ ਸੀ, ਅਜੇ ਤਾਈਂ ਨਹੀਂ ਸਨ ਮੁੜੇ। ਹੁਣ ਘਰ ਵਿੱਚ ਇਕੋਂ ਇੱਕ ਜੀਅ ਬੁੱਢੀ ਦਾਦੀ ਸੀ। ਆਥਣ ਵੇਲੇ ਨਿੱਤ ਉਹ ਨਿਆਈਆਂ ਵਿੱਚ ਜੰਗਲ ਪਾਣੀ ਚਲੀ ਜਾਂਦੀ ਸੀ। ਉਸ ਦਿਨ ਜਦੋਂ ਉਹ ਬਾਹਰੋਂ ਮੁੜ ਕੇ ਆਈ, ਰਮੇਸ਼ ਆਪਣੀ ਮੇਜ਼ 'ਤੇ ਪਏ ਅਟੈਚੀ ਨੂੰ ਉਲਟਾ ਸਿੱਧਾ ਕਰਕੇ ਦੇਖ ਰਿਹਾ ਸੀ-ਆਖ਼ਰ ਪਤਾ ਤਾਂ ਲੱਗੇ, ਇਹ ਕਿਸਦਾ ਹੈ। ਉਸ ਦਾ ਸਾਹ ਉਤਲਾ ਉੱਤੇ ਤੇ ਹੇਠਲਾ ਹੇਠਾਂ, ਜੰਗਲ ਪਾਣੀ ਜਾ ਕੇ ਆਈ ਦਾਦੀ ਦੇ ਨਾਲ ਸਲੋਚਨਾ ਸੀ। ਬਦਾਮੀ ਰੰਗ ਵਾਲੀ ਸਲੋਚਨਾ। ਝੂਲ ਝੂਲ ਤੁਰਦੀ ਲੰਮੇ ਕਰਮੀਂ ਉਹ ਰਮੇਸ਼ ਕੋਲ ਮੇਜ਼ ਨਾਲ ਪਈ ਦੂਜੀ ਕੁਰਸੀ 'ਤੇ ਆ ਬੈਠੀ। ਦਾਦੀ ਰਸੋਈ ਵਿੱਚ ਰੋਟੀ ਟੁੱਕ ਦਾ ਆਹਰ ਕਰਨ ਲੱਗ ਪਈ।

ਮਧਰਾ ਗੁੰਦਵਾਂ ਸਰੀਰ। ਮੋਟੀਆਂ ਮੋਟੀਆਂ ਅੱਖਾਂ। ਆਥਣ ਦੀ ਠੰਡ ਵਿੱਚ ਠਰਿਆ ਲੱਸ ਲੱਸ ਕਰਦਾ ਭਰਵਾਂ ਚਿਹਰਾ। ਪ੍ਰਿੰਟਡ ਡੈਕਾਰਿਨ ਦਾ ਦੁੱਧ ਕਾਸ਼ਣੀ ਭਾਅ ਮਾਰਦਾ ਘੁੱਟਵਾਂ ਤੇ ਸਰੀਰ ਨਾਲ ਸੂਤਵਾਂ ਸੂਟ ਅਤੇ ਉੱਭਰ ਕੇ ਦੀਂਹਦੀਆਂ ਅੱਖ ਖਿੱਚ ਸਰੀਰ ਦੀਆਂ ਗੁਲਾਈਆਂ, ਮਲਾਗੀਰੀ ਪਸ਼ਮ ਦੀ ਲੱਕ ਤੋਂ ਢਿਲਕਵੀਂ ਕੋਟੀ ਤੇ ਪੈਰਾਂ ਵਿੱਚ ਨਾਭੀ ਸ਼ਨੀਲ 'ਤੇ ਕੱਢੀ ਚਿੱਟੀ ਜ਼ਰੀ ਵਾਲੀ ਮੋਡੀ ਜੁੱਤੀ।

'ਤੂੰ ਕਿੱਧਰੋਂ ਆ 'ਗੀ ਸਲੋਚਨਾ?' ਰਮੇਸ਼ ਨੇ ਅੰਦਰਲੀ ਸਾਰੀ ਹੈਰਾਨੀ ਤੇ ਗੁੱਝੀ ਗੁੱਝੀ ਖ਼ੁਸ਼ੀ ਨੂੰ ਬੁੱਲ੍ਹਾਂ ਵਿੱਚ ਨਪੀੜ ਕੇ ਪੁੱਛਿਆ। 'ਮੈਂ ਤੇਰੀ ਚਿੱਠੀ ਦਾ ਜਵਾਬ ਬਣ ਕੇ ਆਈ ਆਂ– ਸਾਰੀ ਦੀ ਸਾਰੀ । ਸਲੋਚਨਾ ਦੇ ਨੀਵੇਂ ਜਿਹੇ ਬੋਲ ਵਿੱਚ ਬਹੁਤ ਵੱਡੀ ਦਲੇਰੀ ਸੀ। ਤੇ ਫੇਰ ਉਹ ਨਿੱਕੀਆਂ ਨਿੱਕੀਆਂ ਬੇਥਵੀਆਂ ਜਿਹੀਆਂ ਹੋਰ ਕਈ ਗੱਲਾਂ ਕਰਦੇ ਰਹੇ। ਬਿੰਦ ਝੱਟ ਹੋਰ ਬਹਿ ਕੇ ਉਹ ਦਾਦੀ ਕੋਲ ਹੀ ਰਸੋਈ ਵਿੱਚ ਚਲੀ ਗਈ। ਰਮੇਸ਼ ਦੇ ਅੰਦਰ ਆਉਣ ਵਾਲੀ ਰਾਤ ਦਾ ਬਾਲਣ ਧੁਖਣ ਲੱਗ ਪਿਆ।

ਕਿੰਨਾ ਚਿਰ ਹੋ ਗਿਆ ਸੀ, ਸਲੋਚਨਾ ਦੀ ਚਿੱਠੀ ਆਈ ਨੂੰ। ਜਿਹੜੀ ਆਖ਼ਰੀ ਚਿੱਠੀ ਰਮੇਸ਼ ਨੇ ਉਸ ਨੂੰ ਲਿਖੀ ਸੀ, ਉਸ ਵਿੱਚ ਉਸ ਨੇ ਲਿਖ ਦਿੱਤਾ ਸੀ– 'ਚਿੱਠੀਆਂ ਵਿੱਚ ਉੱਖੜੇ ਕੁਹਾੜੇ ਮਾਰਨ ਦਾ ਕੀ ਲਾਭ? ਕਦੇ ਜੇ ਤੇਰੀ ਪੂਰੀ ਇੱਕ ਰਾਤ ਦਾ ਸੰਸਾਰ ਮੈਂ ਮਾਣ ਸਕਾਂ!'

ਰੋਟੀ ਟੁੱਕ ਖਾ ਕੇ ਉਹ ਤਿੰਨੇ ਅੰਦਰਲੇ ਕਮਰੇ ਵਿੱਚ ਪੈ ਗਏ। ਦੋ ਘੰਟੇ ਦਾਦੀ ਅਗਲੇ ਜੁੱਗ ਦੀਆਂ ਗੱਲਾਂ ਕਰਕੇ ਸੌਂ ਗਈ। ਸੁੱਤੀ ਪਈ ਵੀ ਉਹ ਖੰਘਦੀ ਸੀ, ਜਿਵੇਂ ਜਾਗਦੀ ਹੋਵੇ। ਸੁੱਤੀ ਪਈ ਵੀ ਉਹ 'ਹਰੇ ਰਾਮ' 'ਹਰੇ ਰਾਮ' ਕਰਦੀ ਸੀ, ਜਿਵੇਂ ਜਾਗਦੀ ਹੋਵੇ, ਪਰ ਸੀ ਪੂਰੀ ਸੁੱਤੀ ਹੋਈ।

ਧੁਆਂਖੀ ਚਿਮਨੀ ਵਾਲੇ ਲੈਂਪ 'ਤੇ ਇੱਕ ਕਿਤਾਬ ਦੀ ਝੱਲ ਮਾਰ ਕੇ ਲੈਂਪ ਰਮੇਸ਼ ਨੇ ਬੁਝਾ ਦਿੱਤਾ। ਲੈਂਪ ਦੀ ਚਿਮਨੀ ਨਿੱਤ ਮਾਂਜਣੀ, ਇਹ ਵੀ ਇੱਕ ਟੰਟਾ ਹੈ। ਸੜਕੇ ਸੜਕ ਬਿਜਲੀ ਦੀਆਂ ਤਾਰਾਂ ਉੱਥੋ ਦੀ ਲੰਘਦੀਆਂ ਸਨ ਤੇ ਨੇੜੇ ਦੇ ਪਿੰਡ ਦੇਵੀਕੋਟ ਬਿਜਲੀ ਆਈ ਨੂੰ ਦੋ ਸਾਲ ਹੋ ਗਏ ਸਨ, ਪਰ ਅਜੇ ਉਸ ਪਿੰਡ ਵਿੱਚ ਬਿਜਲੀ ਨਹੀਂ ਸੀ ਆਈ।

ਲੈਂਪ ਬੁਝੇ ਤੋਂ ਕਮਰੇ ਵਿੱਚ ਹਨੇਰਾ ਘੁੱਪ ਹੋ ਗਿਆ ਤੇ ਰਮੇਸ਼ ਨੇ ਆਪਣਾ ਮੰਜਾ ਦੋਵੇਂ ਬਾਹੀਆਂ ਤੋਂ ਫੜ ਕੇ ਸਲੋਚਨਾ ਦੀ ਬਾਹੀ ਨਾਲ ਬਾਹੀ ਜੋੜ ਲਈ। ਸਿਰ ਨਾਲ ਸਿਰ ਜੋੜ ਕੇ ਸਲੋਚਨਾ ਗੱਲ ਕਰਦੀ ਸੀ ਕਿ ਗਿੱਠ ਤੋਂ ਦੂਰ ਉਸ ਦੀ ਆਵਾਜ਼ ਨਾ ਜਾਵੇ। ਸਿਰ ਨਾਲ ਸਿਰ ਜੋੜ ਕੇ ਰਮੇਸ਼ ਗੱਲ ਕਰਦਾ ਸੀ ਕਿ ਗਿੱਠ ਤੋਂ ਦੂਰ ਉਸ ਦੀ ਆਵਾਜ਼ ਨਾ ਜਾਵੇ। ਰਮੇਸ਼ ਦੇ ਕੰਨ ਨਾਲ ਸਲੋਚਨਾ ਦਾ ਮੂੰਹ ਜੁੜਿਆ ਹੁੰਦਾ ਤੇ ਫੇਰ ਸਲੋਚਨਾ ਦੇ ਕੰਨ ਨਾਲ ਰਮੇਸ਼ ਦਾ ਮੂੰਹ ਜੁੜ ਜਾਂਦਾ। ਬੁੱਢੀ ਖੰਘਦੀ ਤਾਂ ਉਨ੍ਹਾਂ ਦੇ ਬੁੱਲ੍ਹ ਮੀਚੇ ਜਾਂਦੇ। ਬੁੱਢੀ 'ਹਰੇ ਰਾਮ' ਕਹਿੰਦੀ ਤਾਂ ਉਨ੍ਹਾਂ ਦੇ ਸਾਹ ਰੋਕੇ ਜਾਂਦੇ। ਮੁਹੱਬਤ ਦੀ ਦੁਨੀਆਂ ਵਿੱਚ ਬੁੱਢੀ ਦਾਦੀ ਸਮਾਜ ਦਾ ਇੱਕ ਪੂਰਾ ਰੂਪ ਟੁੱਟੀ ਜਿਹੀ ਮੰਜੀ ਵਿੱਚ ਸੁੰਗੜਿਆ ਪਿਆ ਸੀ। ਜਿਸ ਤੋਂ ਸ਼ੇਰ ਵਰਗਾ ਡਰ ਮਾਰਦਾ ਸੀ।

ਸਲੋਚਨਾ ਦੇ ਮੱਥੇ ਨੂੰ ਹੱਥ ਲਾ ਕੇ ਰਮੇਸ਼ ਨੇ ਦੇਖਿਆ–'ਫਾਲੇ ਵਾਂਗ ਤਪਦਾ ਪਿਆ ਸੀ।'

'ਥੋਡੇ ਪਿੰਡ ਰਜਾਈ 'ਚ ਰੂੰ ਕਿੰਨੀ ਪੌਂਦੇ ਐ?' ਸਲੋਚਨਾ ਨੇ ਰਮੇਸ਼ ਦੇ ਕੰਨ ਵਿੱਚ ਫ਼ਜ਼ੂਲ ਜਿਹਾ ਸਵਾਲ ਪੁੱਛਿਆ।

'ਤਿੰਨ ਕਿੱਲੋਂ ਰਮੇਸ਼ ਨੇ ਦੱਸਿਆ।

'ਤੇ ਥੋਡੀ ਏਸ ਰਜਾਈ 'ਚ ਤਾਂ ਪਾਈਆਂ ਰੂੰ ਮਸ੍ਹਾਂ ਹੋਣੀ ਐ!' ਸਲੋਚਨਾ ਨੂੰ ਜਿਵੇਂ ਜ਼ਮਾਨੇ ਭਰ ਦੀ ਠਾਰੀ ਚੜ੍ਹੀ ਹੋਈ ਸੀ। ਰਮੇਸ਼ ਨੂੰ ਵੀ ਸ਼ਾਇਦ ਲੱਗਦਾ ਸੀ ਕਿ ਉਸ 'ਤੇ ਰਜਾਈ ਦੀ ਥਾਂ ਕੋਈ ਪਤਲੀ ਪਤੰਗ ਖੇਸੀ ਲਈ ਹੋਈ ਹੈ।

ਪੰਜ ਵਜੇ ਉਨ੍ਹਾਂ ਨੂੰ ਮਹਿਸੂਸ ਹੋਇਆ ਜਿਵੇਂ ਰਾਤ ਮੁੜਕੇ ਫੇਰ ਸ਼ੁਰੂ ਹੋਣ ਵਾਲੀ ਹੈ। ਰੇਡੀਅਮ ਦੇ ਚਾਨਣ ਵਿੱਚ ਆਪਣੇ ਗੁੱਟ 'ਤੇ ਬੱਝੀ ਘੜੀ ਰਮੇਸ਼ ਜਦ ਦੇਖਦਾ ਤਾਂ ਉਸ ਦੀਆਂ ਅੱਖਾਂ ਦਾ ਵਿਸਵਾਸ਼ ਖੋਇਆ ਜਾਂਦਾ, ਜਿਵੇਂ ਘੜੀ ਦੀਆਂ ਸੂਈਆਂ ਕਿਸੇ ਮੇਲੇ ਵਿੱਚ ਲੱਗਿਆ ਚੱਕਰ ਚੂੰਢਾ ਬਣੀਆਂ ਪਈਆਂ ਹੋਣ। ਚੰਦਰੀ ਸਵੇਰ ਦਾ ਚਾਨਣ ਤਖ਼ਤਿਆਂ ਦੀਆਂ ਵਿਰਲਾਂ ਵਿੱਚ ਦੀ ਧੁੰਦਲਾ ਧੁੰਦਲਾ ਝਾਕਣ ਲੱਗ ਪਿਆ ਸੀ।

ਸੂਰਜ ਚੜ੍ਹੇ ਰਮੇਸ਼ ਨੇ ਆਪਣੀਆਂ ਅੱਖਾਂ ਟੋਹ ਕੇ ਦੇਖਿਆ, ਜਿਵੇਂ ਪੈਣ ਲੱਗਿਆਂ ਰਾਤ ਨੂੰ ਉਨ੍ਹਾਂ ਵਿੱਚ ਰੋੜ ਪਾ ਕੇ ਸੁੱਤਾ ਹੋਵੇ। ਸਲੋਚਨਾ ਦੀਆਂ ਅੱਖਾਂ ਜਿਵੇਂ ਹੋਰ ਨਸ਼ੀਲੀਆਂ ਹੋ ਗਈਆਂ ਹੋਣ। ਉਸ ਦਾ ਬਦਾਮੀ ਰੰਗ ਜਿਵੇਂ ਬੱਗਾ ਬੱਗਾ ਹੋ ਗਿਆ ਸੀ।

ਨਾਸ਼ਤਾ ਖਵਾ ਕੇ ਰਮੇਸ਼ ਉਸ ਨੂੰ ਜਦੋਂ ਬੱਸ ਅੱਡੇ 'ਤੇ ਛੱਡਣ ਗਿਆ ਤਾਂ ਬੱਸ ਚੜ੍ਹਨ ਲੱਗੀ ਨੂੰ ਖੜ੍ਹਾ ਕੇ ਉਸ ਨੇ ਮਿੱਠੀ ਚਹੇਡ ਕੀਤੀ, 'ਤੇਰੀ ਗੁੱਤ ਦਾ ਰੀਬਨ ਖੁੱਲ੍ਹ ਗਿਆ, ਸਲੋਚਨਾ!'

'ਮੇਰੀ ਗੁੱਤ ਦਾ ਰਿਬਨ ਖੁੱਲ੍ਹਿਆ ਤਾਂ ਮੈਨੂੰ ਦੀਂਹਦੈ, ਪਰ ਮੇਰਾ ਸਭ ਕੁਸ ਤੇਰੇ ਮੋਹ ਦੀ ਕੁੰਡੀ ਨਾਲ ਜਿਹੜਾ ਚਿਪਕ ਗਿਐ, ਉਹ ਦਾ ਕੋਈ ਕੀ ਕਰੇ?' ਸਲੋਚਨਾ ਦੀ ਹੌਲੀ ਦੇ ਕੇ ਕਹੀ ਏਸ ਗੱਲ ਨੇ ਰਮੇਸ਼ ਨੂੰ ਇੱਕ ਸੱਜਰੀ ਧੁੜਧੜੀ ਛੇੜ ਦਿੱਤੀ। ♦

# ਕੱਚਾ ਧਾਗਾ

ਤਿੰਨ ਸਾਲਾਂ ਪਿੱਛੋਂ ਅੱਜ ਮੈਂ ਉਸ ਦੇ ਪਿੰਡ ਗਿਆ ਸਾਂ-ਉਹ ਦੇ ਘਰ ਤੋਂ ਦੂਜੇ ਅਗਵਾੜ ਆਪਣੇ ਇੱਕ ਦੋਸਤ ਦੇ ਘਰ। ਉਸ ਦੇ ਵਿਛੋੜੇ ਦਾ ਗ਼ਮ ਮੈਥੋਂ ਝੱਲਿਆ ਨਾ ਗਿਆ ਤੇ ਫੇਰ ਉਸ ਗ਼ਮ ਵਿੱਚ ਐਨੀ ਤਾਕਤ ਆਈ ਕਿ ਉਹ ਖਿੱਚ ਕੇ ਮੈਨੂੰ ਉਸ ਦੇ ਪਿੰਡ ਲੈ ਗਈ।

ਉਸ ਦਾ ਖ਼ੂਬਸੂਰਤ ਮੂੰਹ ਇੱਕ ਪਰੀ ਦਾ ਮੂੰਹ ਸੀ-ਪਰੀ ਜਿਹੜੀ ਕਿ ਹੁਸਨ ਮਗਰ ਭੱਜਦੀ ਲਾਲਸਾ ਨੂੰ ਸੁਪਨੇ ਵਿੱਚ ਹੀ ਮਿਲਦੀ ਹੈ। ਅੱਜ ਉਹ ਲਾਲਸਾ ਉਸ ਦਾ ਖ਼ੂਬਸੂਰਤ ਮੂੰਹ ਦੇਖਣ ਲਈ ਮੈਨੂੰ ਉਸ ਦੇ ਪਿੰਡ ਲੈ ਗਈ ਸੀ।

ਕਈ ਸਾਲਾਂ ਦੀ ਗੱਲ ਹੈ, ਪਹਿਲੇ ਦਿਨ ਜਦ ਉਹ ਮੇਰੇ ਕੋਲ ਆਈ ਸੀ ਤਾਂ ਮੇਰੀਆਂ ਹਾਬੜੀਆਂ ਅੱਖਾਂ ਓਸੇ ਦਿਨ ਉਸ ਦੇ ਅੰਗ ਅੰਗ ਨੂੰ ਟੋਹ ਰਹੀਆਂ ਸਨ। ਲੰਮਾ ਲੰਝਾ ਸਰੀਰ, ਬਦਾਮਾਂ ਦੇ ਫੋਲਕਾਂ ਨਾਲ ਸ਼ਰਤ ਰੱਖਣ ਵਾਲਾ ਰੰਗ ਤੇ ਮੋਟੀਆਂ ਮੋਟੀਆਂ ਅੱਖਾਂ ਦੀਆਂ ਗਹਿਰਾਈਆਂ ਵਿੱਚ ਤਰਦੇ ਨੀਲ ਗਗਨ। ਉਸ ਵਰਗੀ ਮੁਕੰਮਲ ਕੁੜੀ ਹੋਰ ਕੌਣ ਸੀ।

ਉਹ ਮੇਰੇ ਕੋਲ ਆਉਂਦੀ ਸੀ, ਜਿਵੇਂ ਕੋਈ ਸੂਰਜ ਆਪ ਚੱਲ ਕੇ ਕਿਸੇ ਗੁਫ਼ਾ ਵਿੱਚ ਆ ਬਹਿੰਦਾ ਹੋਵੇ। ਉਹ ਆਉਂਦੀ ਸੀ, ਜਿਵੇਂ ਕੋਈ ਸੇਕ ਬਰਫ਼ ਦੇ ਘਰ ਵਿੱਚ ਆ ਬੈਠੇ।

ਉਸ ਨੂੰ ਕਾਸੇ ਦਾ ਲਾਲਚ ਨਹੀਂ ਸੀ। ਲੋਕ ਆਪਣੀਆਂ ਮਹਿਬੂਬ ਕੁੜੀਆਂ ਨੂੰ ਵਧੀਆ ਤੋਂ ਵਧੀਆ ਸੂਟ ਲੈ ਲੈ ਦਿੰਦੇ ਹਨ। ਉਨ੍ਹਾਂ ਨੂੰ ਸੌ ਸੌ ਕੁਸ ਖਵਾਉਂਦੇ ਪਿਆਉਂਦੇ ਹਨ। ਨਾ ਮੈਂ ਉਸ ਨੂੰ ਕੋਈ ਸੂਟ ਸਿਲਾ ਕੇ ਦਿੱਤਾ ਸੀ ਤੇ ਨਾ ਕੋਈ ਹੋਰ ਨਿਸ਼ਾਨੀ ਦਿੱਤੀ। ਹੋਰ ਖਾਣਾ ਪੀਣਾ ਤਾਂ ਕੀ, ਉਸ ਨੇ ਕਦੇ ਫੋਕੀ ਚਾਹ ਦੀ ਪਿਆਲੀ ਵੀ ਮੈਥੋਂ ਪੀਤੀ ਨਾ। ਮੈਂ ਉਸ ਨੂੰ ਦੇਣ ਜੋਗਾ ਵੀ ਕੀ ਸੀ। ਉਸ ਦੇ ਪਿੰਡ ਬਿਜਲੀ ਮਹਿਕਮੇ ਦੇ ਦਫ਼ਤਰ ਵਿੱਚ ਮੈਂ ਇੱਕ ਮਾਮੂਲੀ ਕਲਰਕ ਹੀ ਤਾਂ ਸੀ ਤੇ ਹੁਣ ਵੀ ਉਹੀ ਕਲਰਕ ਹੀ ਹਾਂ। ਮੈਂ ਉਨ੍ਹਾਂ ਦੇ ਘਰ ਦੇ ਗਵਾਂਢ ਵਿੱਚ ਰਹਿੰਦਾ ਸੀ ਤੇ ਪਤਾ ਨਹੀਂ ਕਾਹਤੋਂ ਉਸ ਨਾਲ ਮੇਰੀ ਸਾਂਝ ਪੈ ਗਈ ਸੀ।

ਉਸ ਨੇ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਮੇਰੇ ਲੱਖਾਂ ਸਸਤੇ ਹੁੰਗਾਰੇ ਸੁਣੇ। ਮੈਂ ਆਪਣੀ ਸਮਝ ਦਾ ਸਾਰਾ ਜ਼ੋਰ ਪਾ ਕੇ ਜਦੋਂ ਕਦੇ ਵੀ ਕੋਈ ਗੱਲ ਉਸ ਤੋਂ ਮਨਵਾਈ ਸੀ ਤਾਂ ਉਸ ਨੇ ਕਦੇ ਵੀ ਨਾਂਹ ਨਹੀ ਸੀ ਆਖੀ। ਮੁਹੱਬਤ ਦੀ ਦੁਨੀਆ ਵਿੱਚ ਸ਼ਾਇਦ 'ਨਾਂਹ' ਸ਼ਬਦ ਲਿਖਿਆ ਹੀ ਨਹੀਂ ਹੋਇਆ।

'ਜੇ ਮੈਂ ਤੈਨੂੰ ਵਿਆਹ ਲਵਾਂ?'

'ਹਾਂ!' ਉਸ ਦਾ ਜਵਾਬ ਹੁੰਦਾ।

'ਜੇ ਮੈਂ ਤੈਨੂੰ ਕੱਢ ਕੇ ਲੈ ਜਾਂ?

'ਆਪਾਂ ਦਿੱਲੀ ਜਾ ਬੰਬਈ ਜਾ ਪਹੁੰਚੀਏ!' ਉਸ ਦਾ ਪ੍ਰੋਗਰਾਮ ਮੇਰੇ ਨਾਲੋਂ ਚੱਕਵਾਂ ਹੁੰਦਾ।

'ਤੂੰ ਸੋਹਣੀ ਬੜੀ ਐਂ?'

'ਡੱਬੀ 'ਚ ਪਾ ਕੇ ਰੱਖ ਲੈ ਫੇਰ!' ਉਹ ਸਭ ਕੁਝ ਹਾਜ਼ਰ ਕਰ ਦਿੰਦੀ।

ਇੱਕ ਦਿਨ ਉਹ ਮੇਰੇ ਬੁੱਕ ਮਿਣਕੇ ਲੈ ਗਈ ਤੇ ਦੂਜੇ ਦਿਨ ਚਾਂਦੀ ਦਾ ਇੱਕ ਕੜਾ ਬਣਵਾ ਕੇ ਮੇਰੇ ਮੇਚ ਦਾ ਲੈ ਆਈ। ਮੈਂ ਖ਼ਾਹਿਸ਼ ਜ਼ਾਹਰ ਕੀਤੀ– 'ਜ਼ਿੰਦਗੀ ਭਰ ਤੇਰੀ ਇਸ ਨਿਸ਼ਾਨੀ ਨੂੰ ਜੇ ਮੈਂ ਸਾਂਭ ਕੇ ਰੱਖਣੈ ਤਾਂ ਤੂੰ ਹੀ ਆਪਣੇ ਹੱਥੀ ਏਸ ਕੜੇ ਨੂੰ ਮੇਰੀ ਬਾਂਹ ਵਿੱਚ ਪਾ।' ਉਹ ਕਿੰਨਾ ਹੀ ਚਿਰ ਘੁਲਦੀ ਰਹੀ। ਕੜਾ ਕੁਝ ਭੀੜਾ ਸੀ ਤੇ ਮੇਰੇ ਚੜ੍ਹਦਾ ਨਹੀਂ ਸੀ। ਮੈਂ ਜਾਣ ਕੇ ਆਪਣੇ ਬੁੱਕ ਨੂੰ ਵੀ ਕੁਝ ਕਸ ਲੈਂਦਾ ਸਾਂ ਕਿ ਕੜਾ ਨਾ ਚੜ੍ਹੇ ਤੇ ਉਹ ਆਪਣੇ ਘੁੱਗੀਆਂ ਵਰਗੇ ਹੱਥਾਂ ਨਾਲ ਮੇਰੇ ਸਰੀਰ ਵਿੱਚ ਬਿਜਲੀ ਭਰਦੀ ਰਹੇ। ਉਸ ਨੇ ਇੱਕ ਜੁਗਤ ਕੀਤੀ। ਆਪਣੇ ਹੱਥਾਂ 'ਤੇ ਥੋੜ੍ਹਾਂ ਜਿਹਾ ਪਾਣੀ ਪਾ ਕੇ ਸਾਬਣ ਦੀ ਟਿੱਕੀ ਹੱਥ 'ਤੇ ਮਲ ਕੇ ਆਪਣੇ ਕੂਲੇ ਹੱਥਾਂ ਨਾਲ ਸਾਬਣ ਦੀ ਝੱਗ ਮੇਰੇ ਬੁੱਕ 'ਤੇ ਮਲ ਦਿੱਤੀ ਤੇ ਕੜਾ ਪੁਲਕ ਦੇਣੇ ਉਸ ਨੇ ਮੇਰੀ ਬਾਂਹ ਵਿੱਚ ਚੜ੍ਹਾ ਦਿੱਤਾ। ਉਸ ਦਿਨ ਮੈਂ ਮਹਿਸੂਸ ਕੀਤਾ ਸੀ ਕਿ ਮੇਰੇ ਹੱਥ ਵਿੱਚ ਚਾਂਦੀ ਦਾ ਕੜਾ ਪਾ ਕੇ ਜਿਵੇਂ ਉਸ ਨੇ ਮੇਰੀ ਮੁਹੱਬਤ ਨੂੰ ਆਪਣੇ ਸੁੱਚੇ ਦਿਲ ਵਿੱਚ ਬੰਨ੍ਹ ਲਿਆ ਹੈ।

ਦੋਸਤੋ, ਅੱਕਿਓ ਨਾ। ਉਸ ਦੀ ਪਿਆਰ ਕਥਾ ਜਾਂ ਆਪਣੀ ਪਿਆਰ ਕਥਾ ਸੁਣ ਕੇ ਮੇਰੀ ਹਿੱਕ ਜਿਵੇਂ ਹੌਲੀ ਹੌਲੀ ਹੋ ਰਹੀ ਹੈ। ਮੈਨੂੰ ਆਪਣੇ ਸ਼ੀਸ਼ੇ 'ਤੋਂ ਮੈਲ ਧੋ ਲੈਣ ਦਿਓ।

ਕੋਈ ਲਾਵਾਰਸਾ ਦਰਖ਼ਤ ਮੀਂਹ ਹਨੇਰੀ ਨਾਲ ਜੇ ਡਿੱਗ ਪਵੇ, ਲੱਕੜਾਂ ਲੋਕ ਚੁੱਕ ਕੇ ਲੈ ਜਾਂਦੇ ਹਨ ਤਾਂ ਧਰਤੀ 'ਤੇ ਕੁਝ ਸਮੇਂ ਲਈ ਬਾਕੀ ਇੱਕ ਟੋਆ ਜਿਹਾ ਹੀ ਰਹਿ ਜਾਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇੱਥੇ ਕਦੇ ਕੋਈ ਦਰਖ਼ਤ ਹੁੰਦਾ ਹੋਵੇਗਾ।

ਅੱਗ ਬਲਦੀ ਹੈ। ਸੇਕ ਦਿੰਦੀ ਹੈ ਤੇ ਫੇਰ ਉਸ ਦੀ ਰਾਖ਼ ਹੀ ਤਾਂ ਰਹਿ ਜਾਂਦੀ ਹੈ।

ਸੂਰਜ ਚੜ੍ਹਦਾ ਹੈ ਤੇ ਫੇਰ ਰਾਤ ਬੱਸ ਦਿਨ ਭਰ ਦਾ ਪਰਛਾਵਾਂ ਬਣ ਕੇ ਰਹਿ ਜਾਂਦੀ ਹੈ।

ਮੁਹੱਬਤ ਦੀ ਉਮਰ ਦਾ ਵੀ ਇੱਕ ਦਿਨ ਮੇਲਾ ਲੱਗਦਾ ਹੈ ਤੇ ਫੇਰ ਬੱਸ ਬਿੱਝੜ ਜਾਂਦਾ ਹੈ। ਮੁਹੱਬਤ ਦਾ ਦਰਖ਼ਤ ਵੀ ਇੱਕ ਦਿਨ ਡਿੱਗਦਾ ਹੈ, ਪਰ ਟੋਆ ਕਦੇ ਨਹੀਂ ਮੁੰਦਿਆ ਜਾਂਦਾ। ਮੁਹੱਬਤ ਦੀ ਅੱਗ ਬਲਦੀ ਹੈ, ਪਰ ਰਾਖ ਉੱਡ ਉੱਡ ਕੇ ਓਨੀ ਦੀ ਓਨੀ ਰਹਿੰਦੀ ਹੈ। ਮੁਹੱਬਤ ਦਾ ਸੂਰਜ ਢਲਦਾ ਹੈ ਤਾਂ ਸਾਰੀ ਉਮਰ ਦੀ ਰਾਤ ਛੱਡ ਜਾਂਦਾ ਹੈ। ਉਸ ਦੀ ਮੁਹੱਬਤ ਦਾ ਪਰਛਾਵਾਂ ਮੇਰੀ ਜ਼ਿੰਦਗੀ ਲਈ ਸਾਰੀ ਉਮਰ ਦੀ ਰਾਤ ਹੈ।

ਅੱਜ ਉਸ ਦੇ ਪਿੰਡ ਜਾ ਕੇ ਪਤਾ ਲੱਗਿਆ ਕਿ ਉਸ ਵੱਲ ਲਿਖੀ ਮੇਰੀ ਇੱਕ ਚਿੱਠੀ ਇੱਕ ਬਾਂਦਰ ਮੂੰਹੇਂ ਕਰਿਆੜ ਦੇ ਹੱਥ ਲੱਗ ਗਈ ਸੀ। ਭਾਵੇਂ ਉਸ ਚਿੱਠੀ ਵਿੱਚ ਲੋਕਾਂ ਤੋਂ ਲੁਕੋਣ ਵਾਲੀ ਕੋਈ ਗੱਲ ਨਹੀਂ ਸੀ। ਇੱਕ ਗੱਲ ਜ਼ਰੂਰ ਸੀ ਕਿ ਮੈਂ ਉਸ ਦੇ

ਅਸਲੀ ਨਾਂ ਦੀ ਥਾਂ ਉਸ ਨੂੰ 'ਰਾਧਾ' 'ਰਾਧਾ' ਕਰਕੇ ਸੰਬੋਧਨ ਕੀਤਾ ਹੋਇਆ ਸੀ। ਉਸ ਭੈਣ ਦੇ ਯਾਰ ਨੇ ਬਾਂਦਰ ਮੂੰਹ ਡੌਂਡਕੀ ਪਿੱਟ ਦਿੱਤੀ ਸੀ। ਦਸ ਦਸ ਸਾਲ ਦੇ ਮੁੰਡੇ ਕੁੜੀਆਂ ਵੀ ਉਸ ਨੂੰ 'ਰਾਧਾ' 'ਰਾਧਾ' ਨਾਉਂ ਲੈ ਕੇ ਖਿਝਾਉਂਦੇ ਹਨ। ਇਹ ਨਾਉਂ ਉਸ ਦਾ ਮੈਂ ਇਸ ਕਰਕੇ ਰੱਖਿਆ ਸੀ, ਜਿਸ ਦਾ ਉਸ ਨੂੰ ਪਤਾ ਸੀ ਜਾਂ ਮੈਨੂੰ ਪਤਾ ਸੀ। ਉਸ ਦਾ ਇਹ ਨਾਉਂ ਮੈਂ ਹੀ ਲੈਂਦਾ ਸਾਂ। ਇਹ ਮੁਹੱਬਤ ਦਾ ਨਾਉਂ ਸੀ। ਉਸ ਦੇ ਮਾਪਿਆਂ ਦਾ ਨਾਉਂ ਛੱਡ ਕੇ ਹੁਣ ਲੋਕਾਂ ਨੇ ਉਸ ਦਾ ਮੁਹੱਬਤ ਦਾ ਨਾਉਂ ਮਸ਼ਹੂਰ ਕਰ ਲਿਆ ਸੀ। ਉਸ ਨੂੰ ਚਿੰਤਾ ਵੱਢ ਵੱਢ ਖਾਣ ਲੱਗੀ। 'ਰਾਧਾ' ਸ਼ਬਦ ਉਸ ਲਈ ਛੁਰੀਆਂ ਗੰਡਾਸੇ ਬਣ ਗਿਆ। ਉਸ ਦਾ ਅੰਦਰ ਸੁੱਕਣ ਲੱਗ ਪਿਆ।

ਮੁਹੱਬਤ ਇੱਕ ਕੱਚਾ ਧਾਗਾ ਹੈ, ਜਿਸ ਦੀ ਕੋਈ ਮੁਨਿਆਦ ਨਹੀਂ। ਜਿੰਨਾ ਚਿਰ ਇਹ ਪਰਖਣ ਵਿੱਚ ਨਹੀਂ ਆਉਂਦਾ ਬੱਸ ਓਨਾ ਚਿਰ ਹੀ ਆਪਣੇ ਆਪ ਵਿੱਚ ਇੱਕ ਧਾਗਾ ਹੈ, ਪਰ ਜਦੋਂ ਇਸ ਨਾਲ ਦੋ ਜ਼ਿੰਦਗੀਆਂ ਬੰਨ੍ਹੀਆਂ ਹੋਈਆਂ ਹੋਣ ਤੇ ਸਮਾਜ ਦੀ ਜ਼ਾਲਮ ਨਜ਼ਰ ਇਸ ਨੂੰ ਲੱਗ ਜਾਵੇ ਤਾਂ ਇਹ ਟੁੱਟਦਾ ਪਤਾ ਵੀ ਨਹੀਂ ਲਾਉਂਦਾ।

ਆਪਣੇ ਦੋਸਤ ਦੇ ਘਰ ਚੁਬਾਰੇ ਦੀ ਛੱਤ 'ਤੇ ਖੜ ਕੇ ਅੱਜ ਜਦ ਮੈਂ ਉਸ ਦੇ ਮਿਲਣ ਦੀ ਅੰਗੜਾਈ ਲਈ ਤਾਂ ਦੂਰ ਉਸ ਦੇ ਅਗਵਾੜ ਵਿੱਚ ਉੱਚੇ ਚੁਬਾਰੇ 'ਤੇ ਖੜ੍ਹੀ ਇੱਕ ਬੁੜ੍ਹੀ ਨੇ ਮੇਰੀ ਨੁਹਾਰ ਪਛਾਣ ਲਈ ਤੇ ਉਸ ਨੂੰ ਜਾ ਕੇ ਦੱਸ ਦਿੱਤਾ। ਉਹ ਬੁੜ੍ਹੀ ਸ਼ਾਇਦ ਉਸ ਦੀ ਭੇਤਣ ਹੀ ਹੋਵੇਗੀ। ਅੱਧੇ ਘੰਟੇ ਬਾਅਦ ਹੀ ਉਹੀ ਬੁੜ੍ਹੀ ਮੇਰੇ ਕੋਲ ਆ ਠਹਿਕੀ। ਉਸ ਵੱਲੋਂ ਸੁਨੇਹਾ ਸੀ– 'ਰਾਧਾ ਦੀ ਹੁਣ ਮਰੀ ਦੀ ਖ਼ਬਰ ਲੈਣ ਆਈਂ। ਲੋਕਾਂ ਦੇ 'ਰਾਧਾ' 'ਰਾਧਾ' ਦੇ ਤੀਰਾਂ ਨੇ ਮੇਰਾ ਕਾਲਜਾਂ ਛਾਨਣੀ ਬੇਝ ਕਰ ਰੱਖਿਐ। ਤੇਰੀ 'ਰਾਧਾ' ਕਹਿੰਦੀ ਐ–ਤੂੰ ਇੱਥੋਂ ਹੁਣੇ ਮੁੜ ਜਾ ਤੇ ਇਸ ਪਿੰਡ ਹੁਣ ਕਦੇ ਨਾ ਆਈਂ।'

ਤੇ ਹੁਣ ਮੇਰੇ ਦਿਮਾਗ਼ ਵਿਚੋਂ ਉਸ ਦਾ ਵਜੂਦ ਇਸ ਤਰ੍ਹਾਂ ਤਿਲ੍ਹਕ ਤਿਲ੍ਹਕ ਜਾਂਦਾ ਹੈ, ਜਿਵੇਂ ਇੱਕ ਦਿਨ ਕੜਾ ਚੜ੍ਹਾਉਣ ਤੋਂ ਪਹਿਲਾਂ ਉਸ ਦੇ ਹੱਥਾਂ ਵਿਚੋਂ ਸਾਬਣ ਦੀ ਟਿੱਕੀ ਤਿਲ੍ਹਕਦੀ ਸੀ। ♦

# ਜੈਬਾ ਪਾਲੀ

ਜੈਬੇ ਨੇ ਆਪਣੀ ਢਿੱਡ ਨੂੰ ਹੱਥ ਲਾ ਕੇ ਦੇਖਿਆ ਤੱਤਾ-ਤੱਤਾ ਲੱਗਦਾ ਸੀ। ਮੂੰਹ ਥਾਣੀ ਸਾਹ ਕੱਢ ਕੇ ਉਸ ਨੇ ਆਪਣੇ ਹੱਥ ਨੂੰ ਭਾਫ਼ ਦਿੱਤੀ, ਸਾਹ ਵਿੱਚੋਂ ਸੇਕ ਮਾਰਦਾ ਸੀ, ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਸ ਨੂੰ ਤਾਪ ਚੜ੍ਹ ਰਿਹਾ ਸੀ। ਉਹ ਦੀਆਂ ਪੁੜਪੁੜੀਆਂ ਵਿੱਚ ਥੋੜ੍ਹਾ-ਥੋੜ੍ਹਾ ਦਰਦ ਸ਼ੁਰੂ ਹੋ ਗਿਆ ਸੀ। ਮੱਝਾਂ ਨੂੰ ਲੰਮਾ ਖਾਲ਼ ਵਿੱਚ ਵਾੜ ਕੇ ਉਹ ਘਣਛਾਵੀਂ ਕਿੱਕਰ ਥੱਲੇ ਆ ਬੈਠਾ।

ਅੱਜ ਉਹ ਦਾ ਜੀਅ ਕਰਦਾ ਸੀ ਕਿ ਏਦੂੰ ਤਾਂ ਚੰਗਾ ਉਹ ਮਰ ਹੀ ਜਾਵੇ। ਕਿਸੇ ਬਿੰਦ ਉਹ ਸੋਚਦਾ ਕਿ ਮੰਨੋ ਦੇ ਜਾਣ ਮੱਝਾਂ, ਉਹ ਅੱਜ ਘਰ ਹੀ ਨਾ ਪਹੁੰਚੇ ਤੇ ਦੂਰ ਕਿਤੇ ਚਲਿਆ ਜਾਵੇ। ਭਾਵੇਂ ਮੰਗ ਕੇ ਖਾ ਲਵੇ। ਇਸ ਤਰ੍ਹਾਂ ਦੁਖੀ ਹੋ ਕੇ ਮੱਝਾਂ ਚਾਰਨ ਦਾ ਕੰਮ ਅੱਜ ਉਸ ਨੂੰ ਉੱਕਾ ਹੀ ਵਿਉਹ ਵਰਗਾ ਲੱਗ ਰਿਹਾ ਸੀ। ਕੰਡੇ ਸੂਲਾਂ ਨੂੰ ਸੋਟੀ ਨਾਲ ਏਧਰ ਉੱਧਰ ਕਰਕੇ ਉਹ ਭੁੰਜੇ ਹੀ ਲਿਟ ਗਿਆ। ਦੁਪਹਿਰਾ ਤਿੱਖੜ ਹੋ ਚੱਲਿਆ ਸੀ। ਕਿੱਕਰ ਦੀ ਗੂੜ੍ਹੀ ਛਾਂ ਉਸ ਨੂੰ ਪਿਆਰੀ-ਪਿਆਰੀ ਮਿੱਠੀ-ਮਿੱਠੀ ਲੱਗ ਰਹੀ ਸੀ। ਉਹ ਦਾ ਪਿੰਡਾ ਤੱਤਾ ਸੀ। ਉਹ ਦਾ ਸਿਰ ਭਾਰਾ-ਭਾਰਾ ਸੀ। ਉਹ ਦੀਆਂ ਪੁੜਪੁੜੀਆਂ ਵਿੱਚ ਦਰਦ ਸੀ ਤੇ ਕਿੱਕਰ ਦੀ ਸੰਘਣੀ ਛਾਂ ਵਿੱਚ ਇਉਂ ਪੈ ਕੇ ਉਸ ਨੂੰ ਸੁੱਖ ਜਿਹਾ ਮਿਲ ਰਿਹਾ ਸੀ। ਉਸ ਨੂੰ ਨੀਂਦ ਆ ਰਹੀ ਸੀ। ਇੱਕ ਬਿੰਦ ਉਸ ਨੇ ਅੱਖਾਂ ਮੀਚੀਆਂ ਹੀ ਸਨ ਕਿ ਉਸ ਨੂੰ ਨੇੜੇ ਦੇ ਵਾਹਣ ਵਿੱਚ ਦੀ ਆਉਂਦੇ ਕਿਸੇ ਮਨੁੱਖ ਦੀ ਪੈੜਚਾਲ ਸੁਣੀ। ਉਹ ਉੱਠ ਕੇ ਬੈਠਾ ਹੋ ਗਿਆ। ਆਉਣ ਵਾਲੇ ਬੰਦੇ ਨੇ ਜ਼ੋਰ ਦੀ ਇੱਕ ਪਰਾਣੀ ਉਸ ਦੇ ਸੌਰਾਂ 'ਤੇ ਠੋਕੀ। ਦੋ ਤਿੰਨ ਗਾਲਾਂ ਵੀ ਮਾਵਾਂ ਭੈਣਾਂ ਦੀਆਂ ਕੱਢੀਆਂ। 'ਕੁੱਤੀ ਜਾਤੇ' ਆਪ ਮੌਜਾਂ ਨਾਲ ਸਰ੍ਹਾਣਾ ਲਾਈਂ ਪਿਐਂ, ਮਹੀਆਂ ਨੇ ਸਾਰੀ ਕਪਾਹ ਮੁੱਛ 'ਤੀ, ਇੱਕ ਟੂਸਾ ਨੀ ਛੱਡਿਆ।

ਸਾਰੀਆਂ ਮੱਝਾਂ ਨੂੰ ਇਕੱਠੀਆਂ ਕਰਕੇ ਜੈਬੇ ਨੇ ਪਿੰਡ ਦੇ ਛੱਪੜ ਵਿੱਚ ਲਿਆ ਵਾੜੀਆਂ। ਆਪ ਉਹ ਪਿੱਪਲ ਦੀਆਂ ਜੜ੍ਹਾਂ ਵਿੱਚ ਬੈਠ ਗਿਆ। ਉਹ ਦਾ ਮੋਢਾ ਦੁਖ ਰਿਹਾ ਸੀ।

ਅੱਜ ਤਾਂ ਜਿਵੇਂ ਉਸ ਲਈ ਦਿਨ ਹੀ ਮਾੜਾ ਚੜ੍ਹਿਆ ਸੀ। ਅੱਜ ਤੜਕੇ ਸਦੇਹਾਂ ਉੱਠ ਕੇ ਜਦ ਉਹ ਸਰਦਾਰ ਦੇ ਘਰ ਨੂੰ ਆਉਣ ਲੱਗਿਆ ਸੀ ਤਾਂ ਉਹ ਦੀ ਮਾਂ ਨੇ ਉਸ ਨੂੰ ਗੋਦੀ ਵਾਲੀ ਕੁੜੀ ਫੜਾ ਦਿੱਤੀ ਸੀ। ਗੋਦੀ ਵਾਲੀ ਕੁੜੀ ਜਿਹੜੀ ਨਾ ਮਰਦੀ ਸੀ ਤੇ ਨਾ ਜਿਉਂਦੀ। ਸੁੱਕੀਆਂ ਲੱਤਾਂ ਤੇ ਬਾਹਾਂ, ਮੁਰਦਲੀ ਗਰਦਨ, ਸਿਰ ਦੇ ਵਾਲ ਉੱਖੜੇ ਹੋਏ ਤੇ ਢਿੱਡ ਵਧ ਕੇ ਤੋਰੀ ਬਣਿਆ ਹੋਇਆ। ਬਹੁਤੀ ਹੀ ਕਿਰ੍ਹੜੀ! ਬਿੰਦੇ-ਬਿੰਦੇ ਲੇਰਾਂ ਛੱਡਦੀ। ਜੈਬੇ ਨੇ ਉਸ ਨੂੰ ਗੋਦੀ ਚੁੱਕਿਆ ਸੀ ਤੇ ਕਿਤੇ ਜਾ ਕੇ ਉਹ ਦੀ ਮਾਂ ਨੇ ਉਹ ਦੇ

ਪਿਓ ਲਈ ਚਾਹ ਬਣਾ ਕੇ ਦਿੱਤੀ ਸੀ। ਦੂਜੀ ਵਾਰ ਦੀ ਚਾਹ। ਟਾਹਲੀ ਦੇ ਰਸ ਮੋੜ ਵੜ੍ਹਾਂਗ ਦੀ ਅੱਗ ਛੇਤੀ ਨਹੀਂ ਸੀ ਬਲੀ ਤੇ ਚਾਹ ਬਣਨ ਵਿੱਚ ਖ਼ਾਸਾ ਚਿਰ ਲੱਗ ਗਿਆ ਸੀ। ਚੰਘਿਆੜਾਂ ਮਾਰਦੀ ਕੁੜੀ ਨੂੰ ਮਾਂ ਕੋਲ ਸਿੱਟ ਕੇ ਜਦ ਉਹ 'ਸਰਦਾਰ' ਦੇ ਘਰ ਪਹੁੰਚਿਆ ਸੀ ਤਾਂ ਉਹ ਉਸ ਨੂੰ ਚਾਰੇ ਪੈਰ ਚੁੱਕ ਕੇ ਪਿਆ ਸੀ। ਨਾਲ ਦੀ ਨਾਲ ਇੱਕ ਚਪੇੜ ਵੀ ਉਸ ਦੇ ਜੜ ਦਿੱਤੀ ਸੀ ਤੇ ਕੜਕਿਆ ਸੀ- 'ਹੁਣ ਮਹੀਆਂ ਖੋਲ੍ਹਣ ਦਾ ਵੇਲੈ, ਕਮੂਤਾ?' ਡੁਸਕਦੇ ਰੋਂਦੇ ਨੇ ਉਸ ਨੇ ਦਬਾਸਟ ਮੱਝਾਂ ਖੋਲ੍ਹ ਲਈਆਂ ਸਨ ਤੇ 'ਸਰਦਾਰ' ਦੇ ਬੰਬੇ ਵਾਲੇ ਖੇਤ ਵਿੱਚ ਜਾ ਕੇ ਲੰਮੇ ਖਾਲ਼ ਪਾ ਦਿੱਤੀਆਂ ਸਨ।

ਹੁਣ ਜਦੋਂ ਕਿ ਉਹ ਛੱਪੜ ਵਾਲੇ ਵੱਡੇ ਪਿੱਪਲ ਦੀਆਂ ਜੜ੍ਹਾਂ ਵਿੱਚ ਬੈਠਾ ਸੀ ਤੇ ਮੱਝਾਂ ਸਾਰੀਆਂ ਦੀਆਂ ਸਾਰੀਆਂ ਪਾਣੀ ਵਿੱਚ ਢੂਹਾ ਡੋਬੀਂ ਬੈਠੀਆਂ ਸਨ ਤਾਂ ਉਸ ਦੇ ਦਿਮਾਗ਼ ਵਿੱਚੋਂ ਇੱਕ ਗੱਲ ਨਿਕਲਦੀ ਸੀ, ਇੱਕ ਵੜਦੀ ਸੀ।

ਉਹ ਦਾ ਪਿਓ ਪਹਿਲੀ ਉਮਰ ਵਿੱਚ ਖੂਹ ਲਾਉਣ ਦਾ ਕੰਮ ਕਰਦਾ ਹੁੰਦਾ ਤੇ ਫੱਗਣ ਚੇਤ ਦੇ ਮਹੀਨੇ ਤੂਤਾਂ ਦੀਆਂ ਛਟੀਆਂ ਦੇ ਟੋਕਰੇ ਬਣਾਉਂਦਾ ਹੁੰਦਾ। ਹੌਲੀਂ-ਹੌਲੀਂ ਉਸ ਨੇ ਇੱਕ ਊਠ ਖਰੀਦ ਲਿਆ ਸੀ। ਪਹਿਲਾਂ-ਪਹਿਲਾਂ ਤਾਂ ਉਹ ਊਠ 'ਤੇ ਭਾੜਾ ਢੋਂਦਾ ਰਿਹਾ ਤੇ ਫਿਰ ਦੋ ਤਿੰਨ ਸਾਲਾਂ ਵਿੱਚ ਕਮਾਈ ਕਰਕੇ ਉਸ ਨੇ ਇੱਕ ਊਂਠ ਗੱਡੀ ਖਰੀਦ ਲਈ ਸੀ।

ਜੈਬੇ ਤੋਂ ਵੱਡੀ ਕੁੜੀ ਦਾ ਵਿਆਹ ਪਿਛਲੇ ਵਰ੍ਹੇ ਜਦ ਉਸ ਨੇ ਕੀਤਾ ਸੀ ਤਾਂ ਇੱਕ ਹਜਾਰ ਰੁਪਈਆ 'ਸਰਦਾਰ' ਤੋਂ ਵਿਆਜੂ ਲੈ ਲਿਆ ਸੀ। ਸਾਲ ਪਿੱਛੋਂ ਜਿਹੜਾ ਵਿਆਜ ਬੈਠਦਾ ਸੀ। ਉਹ ਤਾਂ ਉਸ ਨੇ ਏਸ ਸਾਲ ਦੇ ਦਿੱਤਾ ਸੀ, ਪਰ ਆਉਂਦੇ ਸਾਲ ਦੇ ਵਿਆਜ ਵਿੱਚ ਉਸ ਨੇ ਜੈਬੇ ਨੂੰ 'ਸਰਦਾਰ' ਦੀਆਂ ਪੰਜ ਮੱਝਾਂ ਦਾ ਪਾਲੀ ਲਾ ਦਿੱਤਾ ਸੀ।

ਜੈਬਾ ਸਾਰਾ ਹੀ ਤੇਰਾਂ ਚੌਦਾਂ ਸਾਲ ਦਾ ਸੀ। ਜਿੱਦਣ ਦੀ ਉਸ ਦੀ ਸੁਰਤ ਸੰਭਲੀ ਸੀ, ਉਸ ਨੂੰ ਲੱਗਦਾ ਸੀ ਕਿ ਜੰਮਦਾ ਹੀ ਉਹ ਕੰਮਾਂ ਵਿੱਚ ਪੈ ਗਿਆ ਹੈ। ਉਹ ਰੱਜ ਕੇ ਕਦੇ ਵੀ ਹਾਣੀਆਂ ਨਾਲ ਖੇਡਿਆ ਨਹੀਂ ਸੀ।

ਤੜਕੇ ਦੀ ਚਾਹ ਉਹ 'ਸਰਦਾਰ' ਦੇ ਘਰ ਆ ਕੇ ਪੀਂਦਾ ਹੁੰਦਾ। ਚਾਹ ਦੇ ਨਾਲ ਹੀ ਉਸ ਨੂੰ ਦੁਪਹਿਰ ਵਾਸਤੇ ਚਾਰ ਮਿੱਸੀਆਂ ਤੇ ਖਰਖਰੇ ਵਰਗੀਆਂ ਅਣਚੋਪੜੀਆਂ ਰੋਟੀਆਂ ਮਿਲ ਜਾਂਦੀਆਂ। ਨਾਲ ਨੂੰ ਦੋ ਗੰਢੇ ਜਾਂ ਅੰਬ ਦਾ ਆਚਾਰ। ਪਿਛਲੇ ਪਹਿਰ ਦੀ ਚਾਹ ਉਸ ਨੂੰ ਕਦੇ ਨਹੀਂ ਸੀ ਮਿਲੀ ।ਆਥਣੇ ਜਦ ਉਹ ਮੱਝਾਂ ਲੈ ਕੇ ਘਰ ਆਉਂਦਾ ਤਾਂ ਮੱਝਾਂ ਨੂੰ ਕਿੱਲਿਆਂ 'ਤੇ ਬੰਨ੍ਹਣ ਤੋਂ ਪਿੱਛੋਂ ਹੋਰ ਵੀ ਛੋਟੇ ਮੋਟੇ ਕੰਮ 'ਸਰਦਾਰ' ਦੇ ਕਰਦਾ ਰਹਿੰਦਾ। ਰੋਟੀ ਜਦ ਪੱਕ ਜਾਂਦੀ ਤਾਂ ਸਿਲਵਰ ਦੇ ਕੌਲੇ ਵਿੱਚ ਦਾਲ ਪਵਾ ਕੇ ਤੇ ਚਾਰ ਰੋਟੀਆਂ ਲੈ ਕੇ ਘਰ ਨੂੰ ਆ ਜਾਂਦਾ।

ਜੈਬਾ ਪਿੱਪਲ ਦੀਆਂ ਜੜ੍ਹਾਂ ਵਿੱਚ ਬੈਠਾ ਓਥੇ ਹੀ ਥਾਂ ਦੀ ਥਾਂ ਟੇਢਾ ਹੋ ਗਿਆ ਸੀ। ਉਸ ਦੇ ਮਨ ਵਿੱਚ ਕਿਸਮ-ਕਿਸਮ ਦੇ ਖਿਆਲ ਫੁੱਟ ਰਹੇ ਸਨ। ਉਸ ਨੂੰ ਆਪਣੇ ਪਿਓ 'ਤੇ ਤਰਸ ਆ ਰਿਹਾ ਸੀ, ਜਿਹੜਾ ਸਾਰੀ ਦਿਹਾੜੀ ਊਠ ਗੱਡੀ ਵਾਹ ਕੇ ਸਾਰੇ ਟੱਬਰ ਦਾ ਢਿੱਡ ਮਸ੍ਹਾਂ ਤੋਰਦਾ ਸੀ। ਉਸ ਨੂੰ ਆਪਣੇ ਮਾਂ 'ਤੇ ਤਰਸ ਆ ਰਿਹਾ ਸੀ, ਜਿਹੜੀ ਦਿਨ ਵੇਲੇ ਲੋਕਾਂ ਦੇ ਘਰ ਗੋਲੇ ਧੰਦੇ ਕਰਦੀ ਫਿਰਦੀ ਤੇ ਆਥਣ ਵੇਲੇ ਭੱਠੀ 'ਤੇ ਦਾਣੇ ਭੁੰਨ੍ਹ ਕੇ ਡੰਗ ਦੇ ਦਾਣੇ ਕਰਕੇ ਲਿਆਉਂਦੀ। ਉਸ ਨੂੰ ਆਪਣੀ ਮਾਂ 'ਤੇ ਤਰਸ ਆ ਰਿਹਾ ਸੀ, ਜਿਹੜੀ ਦਿਨ ਵੇਲੇ ਲੋਕਾਂ ਦੇ ਘਰ ਗੋਲੇ ਧੰਦੇ

ਕਰਦੀ ਫਿਰਦੀ ਤੇ ਆਥਣ ਵੇਲੇ ਭੱਠੀ ’ਤੇ ਦਾਣੇ ਭੁੰਨ ਕੇ ਡੰਗ ਦੇ ਦਾਣੇ ਕਰਕੇ ਲਿਆਉਂਦੀ। ਉਸ ਨੂੰ ਆਪਣੇ ’ਤੇ ਤਰਸ ਆ ਰਿਹਾ ਸੀ, ਜਿਹੜਾ ਇੱਕ ਹਜ਼ਾਰ ਰੁਪਈਏ ਦੇ ਵਿਆਜ ਵਿੱਚ ‘ਸਰਦਾਰ’ ਦੇ ਸਾਰੇ ਦਿਨ ਦਾ ਗੁਲਾਮ ਬਣਿਆ ਹੋਇਆ ਸੀ।

ਉਹ ਦਾ ‘ਸਰਦਾਰ’ ਬਹੁਤ ਵੱਡਾ ਜਿੰਮੀਦਾਰ ਸੀ। ਉਸ ਕੋਲ ਸੱਠ ਸੱਤਰ ਕਿੱਲੇ ਆਪ ਦੀ ਜ਼ਮੀਨ ਸੀ ਤੇ ਐਨੀ ਹੀ ਹੋਰ ਹੋਰ ਜ਼ਮੀਨ ਉਸ ਨੇ ਗਹਿਣੇ ਲਈ ਹੋਈ ਸੀ। ਹਾੜ੍ਹੀ ਸੌਣੀ ਉਸ ਦੇ ਹਜ਼ਾਰਾਂ ਮਣ ਦਾਣੇ ਘਰ ਆਉਂਦੇ। ਘੱਟ ਜ਼ਮੀਨਾਂ ਵਾਲੇ ਜੱਟਾਂ, ਮਜ਼੍ਹਬੀ, ਰਾਮਦਾਸੀਆਂ ਤੇ ਹੋਰ ਗ਼ਰੀਬ ਲੋਕਾਂ ਨੂੰ ਵਿਆਜੂ ਰੁਪਈਏ ਵੀ ਉਹ ਦਿੰਦਾ ਸੀ। ਕਿਸੇ ਨੂੰ ਦੋ ਸੌ, ਕਿਸੇ ਨੂੰ ਸੌ, ਕਿਸੇ ਨੂੰ ਪੰਜਾਹ ਤੇ ਕਿਸੇ-ਕਿਸੇ ਦਸ ਵੀਹ ਰੁਪਈਏ ਵੀ ਉਹ ਵਿਆਜ ’ਤੇ ਦੇ ਦਿੰਦਾ। ਸਾਰੇ ਹਾਰੇ ਟੁੱਟੇ ਲੋਕ ਉਸ ਦੀ ਸ਼ਾਨੀ ਭਰਦੇ, ਉਹ ਦੀਆਂ ਸਾਰੀਆਂ ਸਾਮੀਆਂ ਉਹ ਦੇ ਪੈਰਾਂ ਥੱਲੇ ਹੱਥ ਦਿੰਦੀਆਂ। ਉੱਤੋਂ-ਉੱਤੋਂ ਉਹ ਮਿੱਠਾ ਬੜਾ ਸੀ। ਹਰ ਬੰਦੇ ਨੂੰ ਪਹਿਲਾਂ ਬੁਲਾਉਂਦਾ। ਐਵੇਂ ਹੀ ਹਰ ਇੱਕ ਨੂੰ ‘ਮਹਾਰਾਜ’ ਕਹਿ ਦਿੰਦਾ। ਵਿੱਚੋਂ ਪਰ ਉਹ ਇੱਕ ਜੋਕ ਸੀ, ਜਿਸ ਦੇ ਲੱਗ ਜਾਂਦੀ, ਸਾਰਾ ਖ਼ੂਨ ਚੂਸੇ ਬਿਨਾਂ ਨਹੀਂ ਸੀ ਲਹਿੰਦੀ।

ਜੈਬੇ ਦਾ ਸਿਰ ਤਾਂ ਤੜਕੇ ਦਾ ਹੀ ਦੁਖ ਰਿਹਾ ਸੀ। ਉਹ ਦਾ ਪਿੰਡਾ ਤਾਂ ਤੜਕੇ ਦਾ ਹੀ ਤੱਤਾ ਸੀ। ਹੁਣ ਉਸ ਦੇ ਮੂੰਹ ਵਿੱਚੋਂ ਖੱਟੇ ਪਾਣੀ ਦੀਆਂ ਕੁਰਲੀਆਂ ਆਉਣ ਲੱਗੀਆਂ। ਓਥੇ ਪਏ-ਪਏ ਨੂੰ ਹੀ ਉਸ ਨੂੰ ਉਲਟੀ ਆ ਗਈ। ਉਸ ਦਾ ਸਾਰਾ ਖਾਧਾ ਪੀਤਾ ਬਾਹਰ ਆ ਗਿਆ। ਪੁੜਪੁੜੀਆਂ ਘੁੱਟਕੇ ਥਾਂ ਦੀ ਥਾਂ ਉਹ ਬੈਠਾ ਰਿਹਾ। ਉਸ ਨੂੰ ਮਹਿਸੂਸ ਹੋਇਆ ਕਿ ਉਲਟੀ ਆਉਣ ਨਾਲ ਉਸ ਦਾ ਸਿਰ ਹੌਲਾ ਜਿਹਾ ਹੋ ਗਿਆ ਹੈ, ਪਰ ਤਾਪ ਨਾਲ ਦੀ ਨਾਲ ਕੜਕੜਾ ਕੇ ਚੜ੍ਹ ਗਿਆ ਹੈ। ਉਸ ਨੇ ਲਹਿੰਦੇ ਵੱਲ ਨਜ਼ਰ ਮਾਰੀ, ਸੂਰਜ ਜੜ੍ਹੀਂ ਜਾ ਲੱਗਿਆ ਸੀ। ਔਖੇ ਸੁਖਾਲੇ ਨੇ ਡਲੇ ਮਾਰ-ਮਾਰ ਉਸ ਨੇ ਸਾਰੀਆਂ ਮੱਝਾਂ ਛੱਪੜ ਵਿੱਚੋਂ ਕੱਢ ਲਈਆਂ ਤੇ ‘ਸਰਦਾਰ’ ਦੇ ਘਰ ਵੱਲ ਨੂੰ ਹੱਕ ਲਈਆਂ।

‘ਸਰਦਾਰ’ ਵਿਹੜੇ ਵਿੱਚ ਛਿੜਕਾਅ ਕਰੀਂ ਮੰਜੇ ’ਤੇ ਬੈਠਾ ਘਰ ਦੀ ਕੱਢੀ ਸ਼ਰਾਬ ਪੀ ਰਿਹਾ ਸੀ। ਮੁਫ਼ਤ ਵਿੱਚ ਸ਼ਾਇਦ ਉਸ ਨੂੰ ਕੋਈ ਦੇ ਗਿਆ ਸੀ। ਜੈਬੇ ਨੂੰ ਦੇਖਣ ਸਾਰ ਉਸ ਨੇ ਮਾਂ ਦੀ ਗਾਲ ਕੱਢੀ ਤੇ ਕਿਹਾ-ਕੁਖਾਂ ਤਾਂ ਓਵੇਂ ਜਿਵੇਂ ਖ਼ਾਲੀ ਪਈਆਂ ਨੇ। ਕਦੇ ਮੂੰਹ ਵੀ ਮਾਰ ਲੈਣ ਦਿਆ ਕਰ ਮਾਵਾਂ ਨੂੰ।’ ਉਹ ਤਾਪ ਦੀ ਘੂਕੀ ਨਾਲ ਬੋਲਾ ਜਿਹਾ ਬਣਿਆ ਹੋਇਆ ਸੀ। ਇਸ ਕਰਕੇ ਉਸ ਤੋਂ ਕੋਈ ਜਵਾਬ ਨਾ ਦਿੱਤਾ ਗਿਆ।

‘ਕੌਲਾ ਲਿਆ ਓਏ ਚੱਕ ਕੇ’, ਸਰਦਾਰ ਨੇ ਕਿਹਾ। ਉਸ ਨੂੰ ਸ਼ਾਇਦ ਸ਼ਰਾਬ ਦਾ ਪੂਰਾ ਚੱਕਰ ਆਇਆ ਹੋਇਆ ਸੀ। ਜੈਬੇ ਨੇ ਦੱਸਿਆ ਕਿ ਉਹ ਨੂੰ ਤਾਂ ਤਾਪ ਚੜ੍ਹਿਆ ਹੋਇਐ।

‘ਤੂੰ ਘੁੱਟ ਪੀ ਕੇ ਦੇਖ, ਤਾਪ ਸਾਲਾ ਵਿਚੇ ਭਸਮ ਨਾ ਹੋ ਗਿਆ ਤਾਂ ਕਹਿੰਦੀਂ।’ ‘ਸਰਦਾਰ’ ਨੇ ਮੱਲੋਮੱਲੀ ਜੈਬੇ ਨੂੰ ਪਿਆ ਦਿੱਤੀ।

ਰੋਟੀ ਪਵਾ ਕੇ ਜਦ ਉਹ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਉਸ ਨੂੰ ਭੋਰਾ ਸੁਰਤ ਨਹੀਂ ਸੀ। ਉਹ ਠੇਡਾ ਖਾ ਕੇ ਡਿੱਗ ਪਿਆ। ਉਸ ਦੇ ਕੌਲੇ ਵਿਚਲੀ ਛੋਲਿਆਂ ਦੀ ਦਾਲ ਸਾਰੀ ਡੁੱਲ੍ਹ ਗਈ। ਰੋਟੀਆਂ ਵੀ ਬੁੜ੍ਹਕ ਕੇ ਔਹ ਗਈਆਂ। ਜਦ ਉਸ ਨੂੰ ਥੋੜ੍ਹਾ ਜਿਹਾ ਸਾਹ ਆਇਆ ਤੇ ਸੁਰਤ ਪਰਤੀ ਤਾਂ ਰੇਤੇ ਵਿੱਚ ਲਿੱਬੜੀਆਂ ਰੋਟੀਆਂ ਖ਼ਾਲੀ ਕੌਲੇ ’ਤੇ ਧਰ ਕੇ ਕੰਧਾਂ ਨਾਲ ਵੱਜਦਾ ਉਹ ਘਰ ਨੂੰ ਤੁਰ ਪਿਆ। ♦

# ਤਾਇਆ ਸੰਤੂ

'ਲੌਂਗਾਂ ਆਲੀ ਚਾਹ ਕਰਕੇ ਦੇ ਦਿਓ ਤਾਏ ਨੂੰ। ਰਜਾਈ ਦਾ ਮੁੜ੍ਹਕਾ ਲੈ ਲੂ ਤੇ ਆਪੇ ਹੱਡ ਖੁੱਲ੍ਹ ਜਾਣਗੇ, ਹੋਰ ਕੀ ਸੂਲ ਹੋਇਐ ਤਾਏ ਦੇ?' ਸੰਤੂ ਦੇ ਵੱਡੇ ਭਤੀਜੇ ਨੇ ਆਪਣੀ ਘਰਵਾਲੀ ਨੂੰ ਕਿਹਾ। ਉਹ ਬਾਹਰਲੇ ਘਰ ਪਾਥੀਆਂ ਪੱਥਣ ਆਈ ਹੋਈ ਸੀ।

ਉਨ੍ਹਾਂ ਦੇ ਬਾਹਰਲੇ ਘਰ ਕੱਚੀਆਂ ਇੱਟਾਂ ਦੀ ਇੱਕ ਬੈਠਕ ਪਾਈ ਹੋਈ ਸੀ। ਬੈਠਕ ਦੇ ਨਾਲ ਲੱਗਵਾਂ ਇੱਕ ਵੱਡਾ ਸਾਰਾ ਦਰਵਾਜ਼ਾ। ਚਾਰ ਲਟੈਣਾਂ 'ਤੇ ਪਾਇਆ ਦਰਵਾਜ਼ਾ, ਜਿਸ ਵਿੱਚ ਗੱਡਾ ਖੜ੍ਹਾ ਰਹਿੰਦਾ ਤੇ ਮਹੀਆਂ, ਬਲ੍ਹਦ, ਊਠ, ਘਰ ਦੇ ਸਾਰੇ ਪਸ਼ੂ ਖੜ੍ਹੇ ਰਹਿੰਦੇ। ਬੈਠਕ ਵਿੱਚ ਸੰਤੂ ਦੀ ਮੰਜੀ ਡਹੀ ਰਹਿੰਦੀ। ਬਾਹਰਲੇ ਘਰ ਦੀ ਉਹ ਪੂਰੀ ਰਾਖੀ ਕਰਦਾ।

ਸੰਤੂ ਦੀ ਉਮਰ ਅੱਸੀਆਂ ਨੂੰ ਟੱਪ ਚੱਲੀ ਸੀ। ਉਹ ਦਾ ਛੋਟਾ ਭਰਾ ਉਸ ਤੋਂ ਪੰਜ ਸਾਲ ਛੋਟਾ ਸੀ। ਉਹ ਤਾਂ ਕਿਵੇਂ ਨਾ ਕਿਵੇਂ ਵਿਆਹਿਆ ਗਿਆ–ਉਹ ਵੀ ਉਮਰ ਚੜ੍ਹੀ ਤੋਂ ਪਰ ਸੰਤੂ ਨੂੰ ਕੋਈ ਵੀ ਜੱਟ ਦੀ ਧੀ ਨਾ ਜੁੜੀ। ਸਾਰੀ ਉਮਰ ਨਾ ਜੁੜੀ ਤੇ ਉਹ ਛੜਾ ਰਹਿ ਗਿਆ ਸੀ। ਫ਼ਿਰ ਤਾਂ ਉਹ ਇਹੋ ਰੱਬ ਦਾ ਸ਼ੁਕਰ ਮੰਨਣ ਲੱਗ ਪਿਆ ਸੀ ਕਿ ਚੱਲੋਂ ਛੋਟਾ ਤਾਂ ਵਿਆਹਿਆ ਗਿਆ। ਘਰ ਵਿੱਚ ਰੋਟੀ ਪੱਕਦੀ ਤਾਂ ਹੋ ਗਈ ਸੀ। ਛੋਟੇ ਦੇ ਜਿਹੜੀ ਔਲਾਦ ਹੋਈ, ਉਹ ਉਸੇ ਨੂੰ ਸਮਝਣ ਲੱਗ ਪਿਆ ਸੀ, ਜਿਵੇਂ ਉਹ ਦੇ ਆਪਣੇ ਹੀ ਧੀ ਪੁੱਤ ਹੋਣ।

ਉਸ ਦੇ ਛੋਟੇ ਭਰਾ ਦੇ ਤਿੰਨ ਮੁੰਡੇ ਤੇ ਦੋ ਕੁੜੀਆਂ ਹੋਈਆਂ ਸਨ। ਕੁੜੀਆਂ ਦੋਵੇਂ ਵਿਆਹ ਵਰ ਦਿੱਤੀਆਂ ਸਨ ਤੇ ਆਪੋ ਆਪਣੇ ਘਰੀਂ ਵਸਦੀਆਂ ਸਨ। ਮੁੰਡੇ ਜਦੋਂ ਅਜੇ ਨਿਆਣੇ ਸਨ ਤੇ ਉਸ ਦਾ ਛੋਟਾ ਭਰਾ ਮਰ ਗਿਆ ਸੀ, ਸੰਤੂ ਓਦੋਂ ਖੇਤਾਂ ਵਿੱਚ ਜਾ ਕੇ ਇਉਂ ਕੰਮ ਕਰਦਾ, ਜਿਵੇਂ ਹੋਰ ਸੰਸਾਰ ਦੀ ਉਸ ਨੂੰ ਸੁਰਤ ਹੀ ਨਾ ਹੋਵੇ। ਦਿਨ ਰਾਤ ਦੇਹ ਵੇਲਦਾ। ਮਿੱਟੀ ਨਾਲ ਘੁਲਦਾ ਰਹਿੰਦਾ। ਸਿਰ ਖੁਰਕਣ ਦੀ ਵਿਹਲ ਉਸ ਨੂੰ ਮਸ੍ਹਾਂ ਮਿਲਦੀ। ਕਦੇ ਉਹ ਕਿਸੇ ਸਾਕ ਸਕੀਰੀ ਵਿੱਚ ਨਹੀਂ ਸੀ ਗਿਆ। ਸ਼ਰੀਕੇ ਵਿੱਚ ਕਦੇ ਕਿਸੇ ਦੀ ਜੰਨ ਨਹੀਂ ਸੀ ਚੜ੍ਹਿਆ। ਰਿਸ਼ਤੇਦਾਰੀ ਦਾ ਕੋਈ ਵਿਆਹ ਉਸ ਨੇ ਕਦੇ ਨਹੀਂ ਸੀ ਦੇਖਿਆ। ਕਿਸੇ ਮੇਲੇ ਜਾਂ ਪਸ਼ੂ ਮੰਡੀ 'ਤੇ ਉਹ ਕਦੀ ਨਹੀਂ ਸੀ ਜਾਂਦਾ ਹੁੰਦਾ। ਉਹ ਤਾਂ ਬੱਸ ਆਪਣੇ ਖੇਤ ਦੇ ਕੰਮ ਵਿੱਚ ਹੀ ਮਗਨ ਰਹਿੰਦਾ। ਹਲ ਵਾਹੁੰਦਾ, ਗੁਡਦਾ, ਸੁਹਾਗਾ ਮਾਰਦਾ, ਝੜੀਆਂ ਪਾਉਂਦਾ, ਪਸ਼ੂਆਂ ਲਈ ਕੱਖ ਪੱਠਾ ਲਿਆਉਂਦਾ ਤੇ ਕੁਤਰਦਾ। ਖੇਤੀਬਾੜੀ ਦੇ ਕੰਮ ਕਰਦਾ।

ਦਸ ਸਾਲ ਹੋ ਗਏ ਸਨ, ਛੋਟੇ ਭਰਾ ਨੂੰ। ਭਤੀਜੇ ਅਜੇ ਨਿਆਣੇ ਸਨ। ਇਸ ਲਈ ਉਹ ਖੇਤੀ ਦੇ ਕੰਮ ਵਿੱਚ ਇੱਕ ਸੀਰੀ ਨਾਲ ਰਲਾ ਕੇ ਰੱਖਦਾ। ਭਤੀਜੇ ਜਦ ਉਡਾਰ ਹੋ ਗਏ ਤਾਂ ਸੀਰੀ ਰੱਖਣਾ ਉਨ੍ਹਾਂ ਨੇ ਛੱਡ ਦਿੱਤਾ।

ਭਤੀਜਾ ਅਜੇ ਵਿਆਹਿਆ ਕੋਈ ਨਹੀਂ ਸੀ।

ਸੰਤੂ ਤੇ ਮੁੰਡੇ ਦੱਬਕੇ ਕਮਾਈ ਕਰਨ ਲੱਗੇ। ਉਨ੍ਹਾਂ ਕੋਲ ਘਰ ਦੀ ਜ਼ਮੀਨ ਵਾਹਵਾ ਸੀ। ਹਿੱਸੇ ਠੇਕੇ 'ਤੇ ਹੋਰ ਜ਼ਮੀਨ ਲੈਣ ਲੱਗ ਪਏ। ਕਮਾਈ ਜ਼ੋਰਾਂ ਦੀ ਪੈਣ ਲੱਗੀ ਪਈ। ਵੱਡਾ ਮੁੰਡਾ ਵਿਆਹਿਆ ਗਿਆ। ਤਿੰਨ ਕੁ ਸਾਲ ਬਾਅਦ ਉਸ ਤੋਂ ਛੋਟੇ ਨੂੰ ਵੀ ਸਾਕ ਹੋ ਗਿਆ। ਛੋਟੇ ਨੂੰ ਜਦ ਵਿਆਹੁਣ ਗਏ ਤਾਂ ਧੀ ਵਾਲਿਆਂ ਨੇ ਸਭ ਤੋਂ ਛੋਟੇ ਨੂੰ ਇੱਕ ਹੋਰ ਕੁੜੀ ਦੇ ਅਨੰਦ ਦੇ ਦਿੱਤੇ।

ਤਿੰਨੇ ਮੁੰਡੇ ਵਿਆਹੇ ਗਏ। ਤਿੰਨ ਨੂੰਹਾਂ ਜਦ ਘਰ ਆ ਗਈਆਂ। ਘਰ ਝਿਲਮਿਲ ਝਿਲਮਿਲ ਕਰਨ ਲੱਗ ਪਿਆ। ਮੁੰਡਿਆਂ ਦੀ ਮਾਂ ਤੋਂ ਚਾਅ ਨਹੀਂ ਸੀ ਚੱਕਿਆ ਜਾਂਦਾ। ਨੂੰਹਾਂ ਨੂੰ ਦੇਖ ਕੇ ਸੰਤੂ ਜਿਵੇਂ ਮੁੜਕੇ ਜ਼ੋਰ ਭਰ ਆਇਆ ਸੀ। ਉਹ ਜਵਾਨਾਂ ਵਾਂਗ ਕੰਮ ਕਰਦਾ। ਉਹ ਦੇ ਸਿਰ 'ਤੋਂ ਕਦੇ ਮੰਡਾਸਾ ਨਹੀਂ ਸੀ ਲੱਥਾ। ਖੱਬੀਖ਼ਾਨ ਘਰਾਂ ਵਿਚੋਂ ਉਹ ਘਰ ਗਿਣਿਆ ਜਾਣ ਲੱਗ ਪਿਆ।

ਦਿਨ ਲੰਘਦੇ ਗਏ...।

ਮੁੰਡਿਆਂ ਦੇ ਅਗਾਂਹ ਮੁੰਡੇ ਹੋ ਗਏ। ਟੱਬਰ ਵਧਣ ਲੱਗ ਪਿਆ। ਸੰਤੂ ਦੀ ਉਮਰ ਵੱਡੀ ਹੁੰਦੀ ਗਈ। ਹੁਣ ਉਸ ਤੋਂ ਜਾਨ ਤੋੜਕੇ ਕੰਮ ਨਹੀਂ ਸੀ ਹੁੰਦਾ। ਉਹ ਦੇ ਹੱਡ ਮਾਸ ਛੱਡ ਗਏ ਸਨ। ਉਹ ਦਾ ਸਾਹ ਚੜ੍ਹ ਜਾਂਦਾ ਸੀ। ਹੁਣ ਉਹ ਦੇ ਵਿਚੋਂ ਕਣ ਘਟ ਗਿਆ ਸੀ। ਬਿਗਾਨੀਆਂ ਧੀਆਂ ਜਿੱਦਣ ਦੀਆਂ ਕੁੰਜੀਆਂ ਸਾਂਭ ਬੈਠੀਆਂ ਸਨ, ਓਦਣ ਤੋਂ ਉਸ ਦਾ ਗਲਾਚੀਂ ਘਿਉ ਖਾਣਾ ਤੇ ਦੁੱਧਾਂ ਦੇ ਛੰਨੇ ਸੜ੍ਹਾਕ ਜਾਣੇ ਮੁੱਕ ਗਏ ਸਨ। ਬੁੜ੍ਹੀ ਦੀ ਅਖ਼ਤਿਆਰੀ ਜਿੱਦਣ ਦੀ ਮੁੱਕ ਗਈ ਸੀ, ਓਦਣ ਤੋਂ ਸੰਤੂ ਸਾਰੇ ਟੱਬਰ ਨੂੰ ਕਿਤੋਂ ਬਾਹਰੋਂ ਆਇਆ ਬੰਦਾ ਲੱਗਦਾ ਸੀ।

ਅੱਧ ਦੀ ਢੇਰੀ ਜਿਹੜੀ ਸੰਤੂ ਦੇ ਨਾਉਂ ਸੀ, ਉਹ ਸਬੰਧੀ ਸਾਰਾ ਟੱਬਰ ਕਿਸੇ ਅੰਦਰਲੇ ਸੇਕ ਨਾਲ ਤਿਭਕਦਾ ਰਹਿੰਦਾ-'ਕਿਤੇ ਧੌਲ ਦਾੜ੍ਹੀਆਂ ਕਿਸੇ ਵੈਲ 'ਚ ਨਾ ਪੈ ਜੇ। ਆਵਦੀ ਢੇਰੀ ਕਿਤੇ ਅੰਦਰ ਖ਼ਾਤੇ ਬੈਅ ਨਾ ਕਰਦੇ। ਕਿਤੇ ਕਿਸੇ ਭਾਣਜੇ ਨਾਲ ਮੋਹ ਨਾ ਪਾ ਬੈਠੇ।'

ਉੱਤੋਂ ਉੱਤੋਂ ਸਾਰਾ ਟੱਬਰ ਉਸ ਦੀ ਸੇਵਾ ਕਰਦਾ। ਬਹੂਆਂ ਉਸ ਦੇ ਕੱਪੜੇ ਚੌਥੇ ਦਿਨ ਧੋ ਦਿੰਦੀਆਂ। ਸੱਤਵੇਂ ਦਿਨ ਉਹ ਨੂੰ ਕੇਸੀਂ ਨ੍ਹਵਾਉਂਦੀਆਂ। ਛੋਟੇ ਛੋਟੇ ਜਵਾਕ ਉਹ ਦੀਆਂ ਟੰਗਾਂ ਘੁੱਟਦੇ ਰਹਿੰਦੇ, ਪਰ ਵਿਚੋਂ ਸਾਰਾ ਟੱਬਰ ਚਾਹੁੰਦਾ ਕਿ ਕਦੋਂ ਬੁੜ੍ਹਾ ਮਰੇ ਤੇ ਮੰਜੀ ਛੱਡੇ।

ਐਨੀ ਸੇਵਾ ਹੁੰਦਿਆਂ ਵੇ ਕਦੇ ਕਦੇ ਸੰਤੂ ਨੂੰ ਖ਼ਿਆਲ ਆਉਂਦਾ-'ਇੱਥੇ ਮੇਰਾ ਕੌਣ ਹੈ?' ਪਰ ਕਦੇ ਕਦੇ ਉਸ ਦੇ ਦਿਮਾਗ਼ ਵਿੱਚ ਇਹ ਗੱਲ ਵੀ ਵਸ ਜਾਂਦੀ ਕਿ ਇਹ ਸਾਰਾ ਪਰਿਵਾਰ ਮੇਰਾ ਹੀ ਤਾਂ ਹੈ। ਉਸ ਨੂੰ ਮਹਿਸੂਸ ਹੁੰਦਾ ਕਿ ਸਾਰਾ ਟੱਬਰ ਜਿਹੜਾ ਉਸ ਦੇ ਪੈਰਾਂ ਥੱਲੇ ਹੱਥ ਦਿੰਦਾ ਫਿਰਦਾ ਹੈ, ਜੇ ਉਹ ਦਾ ਕੁਝ ਲੱਗਦਾ ਹੈ ਤਾਂ ਹੀ ਤਾਂ ਇਉਂ ਕਰਦਾ ਹੈ, ਨਹੀਂ ਤਾਂ ਦੂਜਾ ਇਉਂ ਕਿਉਂ ਕਰੇ।

ਇਸ ਵਾਰੀ ਸਿਆਲ ਦੀ ਰੁੱਤ ਅਜੇ ਚੜ੍ਹੀ ਹੀ ਸੀ। ਕਹਿੰਦੇ ਪਾਲਾ ਜਾ ਤਾਂ ਆਉਂਦਾ ਮਾਰ ਕਰਦਾ ਹੈ ਜਾਂ ਜਾਂਦਾ ਮਾਰ ਕਰਦਾ ਹੈ। ਪੋਹ-ਮਾਘ ਦੀ ਠੰਡ ਨਾਲੋਂ

ਕੱਤੋ–ਮੱਘਰ ਤੇ ਫੱਗਣ–ਚੇਤ ਦੀ ਠੰਡ ਬਹੁਤੇ ਜ਼ੁਕਾਮ ਲਾਉਂਦੀ ਹੈ। ਚੜ੍ਹਦੀ ਠੰਡ ਨਾਲ ਸੰਤੂ ਨੂੰ ਜ਼ੁਕਾਮ ਹੋ ਗਿਆ। ਜ਼ੁਕਾਮ ਵਿਗੜਦਾ ਵਿਗੜਦਾ ਨਮੂਨੀਆ ਬਣ ਗਿਆ। ਨਮੂਨੀਆ ਵੀ ਅਜਿਹਾ ਕਿ ਉਹ ਦੇ ਪੈਰਾਂ ਥੱਲੇ ਧਰਤੀ ਨਹੀਂ ਸੀ ਟਿਕਦੀ। ਉਹਦੀਆਂ ਅੱਖਾਂ ਵਿਚੋਂ ਭੰਬੂ ਤਾਰੇ ਬਣ ਬਣ ਨਿਕਲਦੇ। ਉਸ ਦਾ ਸਿਰ ਚਕਰ ਚੂੰਢਾ ਬਣਿਆ ਹੋਇਆ ਸੀ। ਉਸ ਦਾ ਕਾਲਜਾਂ ਧਰਤੀ ’ਤੇ ਢੇਰੀ ਹੋ ਰਿਹਾ ਸੀ। ਉਸ ਨੂੰ ਮਹਿਸੂਸ ਹੁੰਦਾ, ਜਿਵੇਂ ਸਰਰ ਸਰਰ ਕਰਦੀ ਕੋਈ ਚੀਜ਼ ਉਸ ਦੇ ਦਿਲ ਵੱਲ ਆ ਰਹੀ ਹੈ ਤੇ ਦਿਲ ਕੁਝ ਇਕੱਠਾ ਹੋ ਰਿਹਾ ਹੈ। ਉਸ ਦੀਆਂ ਪਲਕਾਂ ’ਤੇ ਹਨੇਰ ਦੀ ਤਹਿ ਗਾੜ੍ਹੀ ਹੋ ਰਹੀ ਸੀ। ਖੇਸ ਦੀ ਬੁੱਕਲ ਮਾਰੀ, ਸੂਰਜ ਵੱਲ ਮੂੰਹ ਕਰਕੇ ਬੈਠਕ ਮੂਹਰੇ ਉਹ ਕੰਧ ਦੀ ਢੋਹ ਲਾਈ ਬੈਠਾ ਸੀ।

ਉਨ੍ਹਾਂ ਦੇ ਸ਼ਰੀਕੇ ਵਿਚੋਂ ਇੱਕ ਬੁੜ੍ਹੀ ਉਸ ਦੇ ਮੋਢੇ ਨੂੰ ਹਲੂਣ ਕੇ ਪੁੱਛਣ ਲੱਗੀ– ‘ਕੰਦੋ ਦਿਆ ਤਾਇਆ, ਕਿਹੜੀਆਂ ਸੋਚਾਂ ’ਚ ਬੈਠੇਂ?’

ਕੁਸ ਭਖ ਜੀ ਹੋਗੀ ਕੰਜਰ ਦੀ। ਅੱਜ ਟੁੱਕ ਈ ਸੁਆਦ ਨੀ ਲੱਗਿਆ।’ ਸੰਤੂ ਤੋਂ ਮਸ੍ਹਾਂ ਬੋਲਿਆ ਗਿਆ।’

‘ਕਿਤੇ ਜਮ ਤਾਂ ਨੀ ਲੈਣ ਆ ਗਏ, ਜਿਹੜਾ ਇਉਂ ਤਾਲੂਏ ਨਾਲ ਜੀਭ ਲਾ ਕੇ ਬੋਲਦੈਂ?’ ਬੁੜ੍ਹੀ ਨੇ ਬੇਝਿਜਕੀ ਨਾਲ ਪੁੱਛਿਆ, ਜਿਵੇਂ ਛੜਿਆਂ ਦਾ ਕੋਈ ਨਹੀਂ ਹੁੰਦਾ ਤੇ ਇਹ ਨਿਪੁੱਤੇ ਸੰਸਾਰ ਵਾਹਰੇ ਹੀ ਹੁੰਦੇ ਹਨ।

‘ਹੁਣ ਤਾਂ ਅਕੇ, ਹੋਗੀ ਪਟ੍ਹੋਲਿਆਂ ਤਿਆਰੀ, ਕੱਤਣੀ ਨੂੰ ਫੁੱਲ ਲੱਗਦੇ।’ ਹੁਣ ਤਾਂ ਸਾਰਾ ਟੱਬਰ ਤੈਨੂੰ ਤੋਰ ਕੇ ਰਾਜ਼ੀ ਐ।’ ਬੁੜ੍ਹੀ ਨੇ ਭੇਤਭਰੀ ਗੱਲ ਕਹਿ ਦਿੱਤੀ।

‘ਕਿਉਂ ਜੈ ਕੁਰੇ, ਇਹ ਕੀ?’ ਸੰਤੂ ਦੇ ਕੰਨ ਖੜ੍ਹੇ ਹੋ ਗਏ। ਬੁੜ੍ਹੀ ਦੀ ਗੱਲ ਉਸ ਦੇ ਦਿਮਾਗ਼ ਵਿੱਚ ਬਿਜਲੀ ਵਾਂਗ ਚੱਕਰ ਲਾ ਗਈ ਸੀ।

‘ਇਹ ਕੀ ਕਿਵੇਂ! ਜਿਹੜੀ ਚਾਰ ਓਰੇ ਤੇਰੇ ਹਿੱਸੇ ਦੀ ਬਚਦੀ ਐ, ਤੇਰੇ ਬਿਨਾਂ ਉਹ ਕਿਵੇਂ ਚੜ੍ਹੇ ਭਤੀਜਿਆਂ ਦੇ ਨਾਂ?’ ਬੁੜ੍ਹੀ ਨੇ ਸੱਚੀ ਗੱਲ ਸੰਤੂ ਦੇ ਮੱਥੇ ਵਿੱਚ ਮਾਰੀ। ਉਹ ਚੁੱਪ ਕਰ ਗਿਆ। ਇੱਕ ਕੌੜੀ ਘੁੱਟ ਉਸ ਦੇ ਸੰਘੋਂ ਥੱਲੇ ਲਹਿ ਗਈ। ਬੈਠੇ ਬੈਠੇ ਨੂੰ ਉਸ ਨੂੰ ਪੰਜ ਭੱਠ ਤਾਪ ਚੜ੍ਹ ਗਿਆ।

ਪਾਥੀਆਂ ਪੱਥਣ ਆਈ ਵੱਡੀ ਬਹੂ ਨੇ ਸੰਤੂ ਨੂੰ ਬੁਲਾਇਆ, ਪਰ ਉਹ ਤੋਂ ਬੋਲਿਆ ਨਾ ਗਿਆ। ਉਸ ਨੇ ਤਾਏ ਦੇ ਪਿੰਡੇ ਨੂੰ ਹੱਥ ਲਾ ਕੇ ਦੇਖਿਆ, ਫਾਲੇ ਵਾਂਗ ਤਪਦਾ ਪਿਆ ਸੀ। ਉਹ ਦਾ ਘਰਵਾਲਾ ਖੇਤੋਂ ਕੜਬ ਦੀ ਭਰੀ ਸਿੱਟਣ ਅਇਆ। ਤਾਏ ਦੇ ਬਿਮਾਰ ਹੋਣ ਦੀ ਗੱਲ ਬਹੂ ਨੇ ਉਸ ਕੋਲ ਤੋਰੀ। ਉਹ ਮੂਹਰਿਓਂ ਸੂਈ ਕੁੱਤੀ ਵਾਂਗ ਭੱਜ ਕੇ ਪਿਆ–

‘ਲੌਂਗਾਂ ਆਲੀ ਚਾਹ ਕਰਕੇ ਦੇ ਦਿਓ ਤਾਏ ਨੂੰ ਰਜਾਈ ਦਾ ਮੁੜ੍ਹਕਾ ਲੈ ਲੂ ਤੇ ਆਪੇ ਹੱਡ ਖੁੱਲ੍ਹ ਜਾਣਗੇ। ਹੋਰ ਕੀ ਸੂਲ ਹੋਇਐ, ਤਾਏ ਦੇ?’

ਤਾਏ ਵਾਸਤੇ ਆਥਣ ਦੀ ਰੋਟੀ ਦੇਣ ਆਈ ਵੱਡੀ ਬਹੂ ਨੇ ਦੇਖਿਆ, ਉਹ ਓਵੇਂ ਜਿਵੇਂ ਕੰਧ ਨਾਲ ਢੋਹ ਲਾਈਂ ਬੈਠਾ ਸੀ। ਬੁਲਾਇਆ ਤਾਂ ਉਹ ਬੋਲਿਆ ਨਾ। ਬਹੂ ਨੇ ਹੱਥ ਲਾ ਕੇ ਦੇਖਿਆ, ਉਹ ਦਾ ਪਿੰਡਾ ਬਰਫ਼ ਵਰਗਾ ਸੀਤ ਪਿਆ ਸੀ। ♦

# ਮਨ ਹੋਰ ਮੁੱਖ ਹੋਰ

ਇੱਕ ਅਮੀਰ ਆਦਮੀ ਨੇ ਕਿਸੇ ਸਮੇਂ ਮੇਰੇ ’ਤੇ ਇੱਕ ਵੱਡਾ ਅਹਿਸਾਨ ਕੀਤਾ ਸੀ। ਮੈਂ ਉਸ ਦਾ ਅਹਿਸਾਨ ਮੰਨਦਾ ਵੀ ਸਾਂ। ਉਸ ਅਹਿਸਾਨ ਥੱਲੇ ਮੈਂ ਉਸ ਨੂੰ ਕਿਸੇ ਕੰਮ ਤੋਂ ਜਵਾਬ ਨਹੀਂ ਸੀ ਦਿੱਤਾ। ਕੰਮ ਛੋਟਾ ਹੁੰਦਾ, ਭਾਵੇਂ ਵੱਡਾ ਹੁੰਦਾ। ਮੈਂ ਉਸ ਦੇ ਕੰਮ ਨੂੰ ਵਗਾਰ ਕਦੇ ਨਹੀਂ ਸੀ ਸਮਝਿਆ। ਉਸ ਦੇ ਕੰਮ ਨੂੰ ਮੈਂ ਆਪਣਾ ਕੰਮ ਸਮਝ ਕੇ ਕਰਦਾ।

ਉਸ ਦਿਨ ਉਸ ਅਮੀਰ ਆਦਮੀ ਨੇ ਦੁਪਹਿਰ ਵੇਲੇ ਮੈਨੂੰ ਆਪਣੇ ਘਰ ਸੱਦਿਆ। ਇੱਕ ਛਿੱਕੂ ਮੇਰੇ ਹੱਥ ਵਿੱਚ ਦਿੱਤਾ। ਛਿੱਕੂ ਸੰਗਤਰਿਆਂ ਦਾ ਭਰਿਆ ਹੋਇਆ ਸੀ। ਉਸ ਨੇ ਮੈਨੂੰ ਗੰਭੀਰ ਹੋ ਕੇ ਦੱਸਿਆ ਕਿ ਛਿੱਕੂ ਵਿੱਚ ਹੇਠਾਂ ਉੱਤੇ ਸੰਗਤਰੇ ਤਾਂ ਐਵੇਂ ਦਿਖਾਵਾ ਹਨ, ਪਰ ਸੰਗਤਰਿਆਂ ਦੀ ਲਪੇਟ ਵਿੱਚ ਇੱਕ ਖ਼ਾਸ ਚੀਜ਼ ਹੈ, ਜਿਹੜੀ ਸਾਂਭ ਕੇ ਅੰਬਾਲੇ ਇੱਕ ਵੱਡੇ ਅਫ਼ਸਰ ਨੂੰ ਦੇ ਕੇ ਆਉਣੀ ਹੈ। ਉਸ ਨੇ ਖੁੱਲ੍ਹਾ ਖ਼ਰਚ ਮੇਰੀ ਜੇਬ੍ਹ ਵਿੱਚ ਪਾ ਦਿੱਤਾ ਤੇ ਕਿਹਾ ਕਿ ਮੈਂ ਆਥਣ ਦੀ ਗੱਡੀ ਜਦੋਂ ਜਾਵਾਂ, ਪਹਿਲੇ ਦਰਜੇ ਦੇ ਡੱਬੇ ਵਿੱਚ ਸਫ਼ਰ ਕਰਾਂ। ਇਹ ਗੱਲ ਵੀ ਉਸ ਨੇ ਖ਼ਾਸ ਤੌਰ ’ਤੇ ਆਖੀ ਸੀ।

ਸੰਗਤਰਿਆਂ ਦਾ ਛਿੱਕੂ ਲੈ ਕੇ, ਗੱਡੀ ਆਉਣ ਤੋਂ ਅੱਧਾ ਘੰਟਾ ਪਹਿਲਾਂ ਹੀ ਮੈਂ ਸਟੇਸ਼ਨ ’ਤੇ ਆ ਬੈਠਾ। ਕੁਝ ਚਿਰ ਬਾਅਦ ਪਹਿਲੇ ਦਰਜੇ ਦੀ ਟਿਕਟ ਖਰੀਦੀ ਤੇ ਫਿਰ ਬੈਂਚ ’ਤੇ ਜਾ ਬੈਠਾ।

ਜਿਸ ਬੈਂਚ ’ਤੇ ਮੈਂ ਬੈਠਾ ਸੀ, ਮੇਰੇ ਨਾਲ ਹੀ ਇੱਕ ਬੰਦਾ ਹੋਰ ਵੀ ਬੈਠਾ ਸੀ। ਗਲ ਤੇੜ ਮੈਲੇ ਲੱਠੇ ਦਾ ਚਿੱਟਾ ਨਿੱਖਰਵਾਂ ਕੁੜਤਾ ਪਜਾਮਾ। ਸਿਰ ’ਤੇ ਖੱਟੀ ਤਹਿ ਕਰਕੇ ਬੰਨ੍ਹੀ ਪੱਗ, ਕਰੜ ਵਰੜੀ ਦਾੜ੍ਹੀ, ਸ਼ਰੀਫ਼ ਚਿਹਰਾ ਤੇ ਅੱਖਾਂ ਵਿੱਚ ਭਲਮਾਣਸੀ ਦੀ ਝਲਕ, ਖੰਘੂਰਾਂ ਜਿਹੀਆਂ ਮਾਰ ਕੇ ਹੌਲੀ-ਹੌਲੀ ਗੱਲ ਕਰਦਾ ਸੀ। ਮੈਨੂੰ ਉਸ ਨੇ ਪੁੱਛਿਆ- ‘ਸਰਦਾਰ ਜੀ, ਕਿੱਥੇ ਦੀ ਤਿਆਰੀ ਐ?’ ਮੈਂ ਬੇਧਿਆਨੇ ਜਿਹਾ ਹੋ ਕੇ ਉੱਤਰ ਦਿੱਤਾ- ‘ਅੰਬਾਲੇ।’ ਤੇ ਸੁਭਾਇਕੀ ਉਸ ਨੂੰ ਮੈਂ ਪੁੱਛਿਆ-‘ਤੂੰ ਭਾਈ ਸਾਹਿਬ ਕਿੱਥੇ ਜਾਣੈਂ?’ ਉਹ ਕਹਿੰਦਾ-‘ਧੂਰੀ ਤਾਈਂ ਜਾਣੈ ਬਿਪਤਕਾਲ ਨੂੰ ਫੜੇ ਹੋਏ ਆਂ, ਸਰਦਾਰ ਸੀ। ਮਹਿੰਗਾਈ ਦਾ ਜ਼ਮਾਨੈ।’ ਧੂਰੀ ਫੇਰ ਕੀ ਲੈਣ ਚੱਲਿਐਂ ਮੈਂ ਅਗਾਂਹ ਗੱਲ ਤੋਰ ਲਈ। ਉਹ ਕਹਿੰਦਾ- ‘ਓਥੇ ਇੱਕ ਹੋਟਲ ’ਤੇ ਮੇਰਾ ਮੁੰਡਾ ਕੰਮ ਕਰਦੈ। ਹੋਟਲ ਦੇ ਮਾਲਕ ਤੋਂ ਕੁਸ ਪੈਸੇ ਫੜਨ ਚੱਲਿਆਂ। ਜੇ ਰੱਬ ਉਹਦੇ ਮਨ ਮਿਹਰ ਪਾਊਂ।’ ਇਸ ਤਰ੍ਹਾਂ ਨਾਲ ਅਸੀਂ ਗੱਲਾਂ ਕਰਦੇ ਰਹੇ। ਉਹ ਕੋਈ ਗੱਲ ਛੇੜ ਲੈਂਦਾ ਤਾਂ ਮੈਂ ਹੁੰਗਾਰਾ ਭਰਦਾ ਰਹਿੰਦਾ। ਮੈਂ ਕੋਈ ਗੱਲ ਉਸ ਤੋਂ ਪੁੱਛਦਾ ਤਾਂ ਉਹ ਜਵਾਬ ਦਿੰਦਾ ਰਹਿੰਦਾ। ਗੱਲ ਗੱਲ ਵਿੱਚ ਉਹ ਆਪਣੀ ਗ਼ਰੀਬੀ

ਦੀ ਗੱਲ ਕਰਦਾ। ਖਾਣ-ਪੀਣ ਤੇ ਕੱਪੜੇ ਲੀੜੇ ਦੀਆਂ ਗੱਲਾਂ ਤੋਰ ਕੇ ਉਨ੍ਹਾਂ ਦੇ ਮਹਿੰਗੇ ਭਾਅ ਦੀ ਗੱਲ ਤੋਰਦਾ। ਆਪਣੇ ਵੱਡੇ ਪਰਿਵਾਰ ਦੇ ਰੋਣੇ ਰੋਏ। ਮੈਨੂੰ ਮਹਿਸੂਸ ਹੋਇਆ ਕਿ ਉਹ ਵਿਚਾਰਾਂ ਸੱਚੀ ਦੁਖੀ ਹੈ। ਸਮਾਜ ਦੀ ਕਾਣੀ ਵੰਡ ਵਿੱਚ ਹਰ ਸਧਾਰਨ ਮਨੁੱਖ ਦੁਖੀ ਹੈ। ਪਲੇਟਫਾਰਮ 'ਤੇ ਪਲੋ ਪਲੀ ਭੀੜ ਵਧ ਰਹੀ ਸੀ। ਅੱਧੇ ਚੜ੍ਹਨ ਵਾਲੇ, ਅੱਧੇ ਚੜ੍ਹਾਉਣ ਵਾਲੇ ਤੇ ਉਤਰਨ ਵਾਲਿਆਂ ਨੂੰ ਘਰ ਲਿਜਾਣ ਵਾਲੇ। ਗੱਡੀ ਦਾ ਖੜਾਕ ਸੁਣਿਆ ਤਾਂ ਸਾਰੇ ਪਲੇਟਫਾਰਮ 'ਤੇ ਦਗੜ ਦਗੜ ਸ਼ੁਰੂ ਹੋ ਗਈ। ਬੈਂਚ 'ਤੇ ਪਏ ਛਿੱਕੂ ਨੂੰ ਜਦ ਮੈਂ ਹੱਥ ਪਾਇਆ ਤਾਂ ਛਿੱਕੂ ਮੇਰੇ ਹੱਥ ਵਿਚੋਂ ਮੇਰੇ ਕੋਲ ਬੈਠੇ ਉਸ ਖੱਟੀ ਪੱਗ ਵਾਲੇ ਬੰਦੇ ਨੇ ਫੜ ਲਿਆ। ਮੈਨੂੰ ਕਹਿੰਦਾ-'ਲਿਆਓ, ਸਰਦਾਰ ਜੀ, ਮੈਂ ਚੜ੍ਹਾ ਦਿਆਂ।' ਮੈਂ ਜ਼ੋਰ ਲਾਇਆ-'ਨਹੀਂ, ਬਈ ਨਹੀਂ, ਮੈਂ ਆਪੇ ਚੜ੍ਹਾ ਲੂੰ।' ਪਰ ਉਹ ਖਹਿੜੇ ਪੈ ਗਿਆ ਤੇ ਜਿਸ ਪਹਿਲੇ ਦਰਜੇ ਦੇ ਡੱਬੇ ਵਿੱਚ ਮੈਂ ਚੜ੍ਹਿਆ, ਉਸ ਬੰਦੇ ਨੇ ਮੇਰਾ ਛਿੱਕੂ ਉਸ ਡੱਬੇ ਦੀ ਇੱਕ ਸੀਟ 'ਤੇ ਲਿਆ ਕੇ ਰੱਖ ਦਿੱਤਾ। ਡੱਬੇ ਵਿੱਚ ਇੱਕ ਆਦਮੀ ਸਿਰਫ਼ ਹੋਰ ਸੀ। ਉਤਲੀ ਸੀਟ 'ਤੇ ਪਿਆ ਹੋਇਆ। ਸਰ੍ਹਾਣੇ ਆਪਣੇ ਅਟੈਚੀ ਕੇਸ ਦਾ ਸਰ੍ਹਾਣਾ ਬਣਾਇਆ ਹੋਇਆ ਸੀ। ਖੱਟੀ ਪੱਗ ਵਾਲਾ ਉਹ ਬੰਦਾ-ਗੱਡੀ ਨੇ ਜਦ ਕੂਕ ਮਾਰੀ-ਮੈਨੂੰ ਸਤਿ ਸ੍ਰੀ ਅਕਾਲ ਆਖ ਕੇ ਮੇਰੇ ਡੱਬੇ ਵਿਚੋਂ ਥੱਲੇ ਉਤਰਨ ਲੱਗਿਆ। ਆਪਣੀ ਜੇਬ੍ਹ ਵਿਚੋਂ ਇੱਕ ਰੁਪਈਆ ਕੱਢ ਕੇ ਉਸ ਨੂੰ ਪੇਸ਼ ਕੀਤਾ। ਉਸ ਨੇ ਸਿਰ ਮਾਰ ਦਿੱਤਾ ਤੇ ਹੱਥ ਬੰਨ੍ਹ ਕੇ ਮੈਨੂੰ ਕਹਿੰਦਾ-'ਇਹ ਖੇਚਲ ਨਾ ਕਰੋ, ਸਰਦਾਰ ਸਾਹਿਬ।' ਮੱਲੋਂ ਮੱਲੀ ਰੁਪਈਆ ਮੈਂ ਉਸ ਦੀ ਜੇਬ੍ਹ ਵਿੱਚ ਪਾ ਦਿੱਤਾ ਤੇ ਉਹ ਮੇਰੇ ਵਾਲੇ ਡੱਬੇ ਵਿਚੋਂ ਉਤਰ ਕੇ ਨਾਲ ਦੇ ਤੀਜੇ ਦਰਜੇ ਦੇ ਡੱਬੇ ਵਿੱਚ ਜਾ ਚੜ੍ਹਿਆ।

ਉਸ ਬੰਦੇ ਦੇ ਰੁਪਈਆ ਨਾ ਲੈਣ 'ਤੇ ਮੇਰੇ ਵੱਲੋਂ ਰੁਪਈਆ ਦੇਣ ਦੇ ਜ਼ੋਰ ਪਾਉਂਣ 'ਤੇ ਅਸੀਂ ਦੋਵੇਂ ਉੱਚੀ ਉੱਚੀ ਬੋਲਣ ਲੱਗ ਪਏ ਸਾਂ। ਸਾਡੀਆਂ ਕੜਦੀਆਂ ਤਿੱਖੀਆਂ ਅਵਾਜ਼ਾਂ ਨੂੰ ਸੁਣ ਕੇ ਉਤਲੀ ਸੀਟ 'ਤੇ ਪਏ ਦੂਜੇ ਮੁਸਾਫ਼ਰ ਨੂੰ ਜਾਗ ਆ ਗਈ ਸੀ, ਉਹ ਉੱਠ ਕੇ ਬੈਠ ਗਿਆ ਸੀ। ਗੱਡੀ ਜਦ ਚੱਲ ਪਈ ਤਾਂ ਉਹ ਮੈਨੂੰ ਕਹਿੰਦਾ-'ਸੋਨੇ ਕਾ ਸਮਯ ਹੈ, ਸਰਦਾਰ ਜੀ, ਥੋੜ੍ਹਾ ਧੀਰੇ ਤੋ ਬੋਲਨਾ ਚਾਹੀਏ ਥਾ।' ਮੈਂ ਉਸ 'ਰਾਏ ਸਾਹਿਬ' ਤੋਂ ਮਾਫ਼ੀ ਮੰਗੀ ਤੇ ਦਿਲ ਵਿੱਚ ਉਸ ਨੂੰ ਇੱਕ ਕਰਾਰੀ ਜਿਹੀ ਗਾਲ੍ਹ ਕੱਢ ਕੇ ਆਪਣੀ ਸੀਟ 'ਤੇ ਲਿਟ ਗਿਆ।

'ਸੇਖਾ' ਸਟੇਸ਼ਨ ਆਇਆ ਤੇ ਮੈਂ ਬੈਠਾ ਹੋ ਗਿਆ। ਸਵਾਰੀਆਂ ਉਤਰੀਆਂ ਬਹੁਤੀਆਂ, ਚੜ੍ਹੀਆਂ ਘੱਟ। ਉਤਲੀ ਸੀਟ 'ਤੇ ਪਿਆ ਮੇਰੇ ਨਾਲ ਦਾ ਮੁਸਾਫ਼ਰ ਘੂਕ ਸੁੱਤਾ ਪਿਆ ਸੀ। ਪਤਾ ਨਹੀਂ ਕਿੱਡੀ ਕੁ ਦੂਰ ਤੋਂ ਆ ਰਿਹਾ ਹੋਵੇਗਾ। ਸਟੇਸ਼ਨ 'ਤੇ ਗੱਡੀ ਜਦ ਆ ਕੇ ਰੁਕੀ ਸੀ ਤਾਂ ਮੈਂ ਕੀ ਦੇਖਿਆ ਕਿ ਉਸ ਦੇ ਸਰ੍ਹਾਣੇ ਪਏ ਅਟੈਚੀ ਨਾਲੋਂ ਉਸ ਦਾ ਸਿਰ ਕੁਝ ਵਿੱਥ 'ਤੇ ਹੋ ਗਿਆ ਸੀ ਜਾਂ ਸ਼ਾਇਦ ਅਟੈਚੀ ਪਿੱਛੇ ਨੂੰ ਖਿਸਕ ਗਿਆ ਸੀ। ਗੱਡੀ ਰੁਕਣ 'ਤੇ ਦੇਖਿਆ ਸੀ ਤੇ ਆਪਣਾ ਸਿਰ ਥੱਲੇ ਕਰ ਲਿਆ ਸੀ। ਹਰ ਮੁਸਾਫ਼ਰ ਆਪਣੇ ਸਮਾਨ ਦੀ ਤਸੱਲੀ ਕਰਦਾ ਹੈ ਤੇ ਉਸ ਨੇ ਵੀ ਕੀਤੀ ਸੀ। ਗੱਡੀ ਚੱਲ ਪਈ।

ਮੈਂ ਦਿਨ ਦੀ ਭੱਜ ਦੌੜ ਵਿੱਚ ਕੁਝ ਥੱਕਿਆ ਹੋਇਆ ਸਾਂ, ਇਸ ਕਰਕੇ ਮੈਨੂੰ ਨੀਂਦ ਆ ਗਈ। ਗੱਡੀ ਦੇ ਹਿਲੋਰੇ ਵੱਜ ਵੱਜ ਨੀਂਦ ਦਾ ਸੁਆਦ ਕੁਝ ਵਧ ਗਿਆ ਸੀ। ਨੀਂਦ

ਗੂੜ੍ਹੀ ਹੋ ਗਈ ਸੀ। ਇਸੇ ਕਰਕੇ ਮੈਨੂੰ ਕੁਝ ਪਤਾ ਨਹੀਂ ਸੀ ਲੱਗਿਆ ਕਿ 'ਅਲਾਲ' ਦਾ ਸਟੇਸ਼ਨ ਕਦੋਂ ਲੰਘ ਗਿਆ ਤੇ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ 'ਰਾਜੋ ਮਾਜਰੇ' ਤਾਂ ਗੱਡੀ ਰੁਕੀ ਹੀ ਨਹੀਂ ਹੁੰਦੀ। 'ਧੂਰੀ' ਆਈ ਤਾਂ ਲੋਕਾਂ ਦੀ ਕਾਵਾਂਰੌਲੀ ਵਿੱਚ ਮੈਨੂੰ ਜਾਗ ਆ ਗਈ। ਉਤਲੀ ਸੀਟ 'ਤੇ ਪਏ 'ਰਾਏ ਸਾਹਿਬ' ਵੱਲ ਮੈਂ ਘੂਰੀ ਵੱਟ ਕੇ ਦੇਖਿਆ, ਉਹ ਆਪਣੇ ਦੋਵੇਂ ਹੱਥਾਂ ਨਾਲ ਸਿਰ 'ਤੇ ਬਾਹਾਂ ਕੱਢ ਕੇ ਆਪਣੇ ਅਟੈਚੀ ਨੂੰ ਸੰਵਾਰ ਕੇ ਗਿੱਚੀ ਥੱਲੇ ਟਕਿਆ ਰਿਹਾ ਸੀ। 'ਧੂਰੀ' ਸਟੇਸ਼ਨ 'ਤੇ ਵੀ ਸਾਡੇ ਵਾਲੇ ਡੱਬੇ ਵਿੱਚ ਹੋਰ ਕੋਈ ਸਵਾਰੀ ਨਾ ਚੜ੍ਹੀ। ਗੱਡੀ ਚੱਲ ਪਈ।

ਉਸ 'ਰਾਏ ਸਾਹਿਬ' ਨਾਲ ਮੈਂ ਅਜੇ ਤੱਕ ਕੋਈ ਗੱਲ ਨਹੀਂ ਸੀ ਤੋਰੀ। ਤੋਰਨਾ ਵੀ ਨਹੀਂ ਸੀ ਚਾਹੁੰਦਾ। ਉਸ ਪ੍ਰਤੀ ਮੇਰੇ ਮਨ ਵਿੱਚ ਮਿੰਨ੍ਹੀ ਮਿੰਨ੍ਹੀ ਨਫ਼ਰਤ ਜਾਗ ਪਈ ਸੀ। ਮੇਰਾ ਮਨ ਕੌੜਾ ਸੀ ਕਿ ਉਹ ਆਪਣੇ ਆਪ ਨੂੰ ਬਹੁਤ ਵੱਡਾ ਅਮੀਰਜ਼ਾਦਾ ਸਮਝਦਾ ਹੈ ਤੇ ਜਿਸ ਨੂੰ ਲੋਕਾਂ ਦਾ ਉੱਚੀ ਬੋਲਣਾ ਵੀ ਨਹੀਂ ਸੁਖਾਉਂਦਾ।

ਉਹ ਵਾਰੀ ਵਾਰੀ ਜਦ ਆਪਣੇ ਅਟੈਚੀ ਨੂੰ ਟੋਹ ਟੋਹ ਦੇਖਦਾ ਸੀ ਤਾਂ ਮੇਰੇ ਮਨ ਵਿੱਚ ਖ਼ਿਆਲ ਆਉਂਦਾ ਕਿ ਉਸ ਦੇ ਅਟੈਚੀ ਵਿੱਚ ਵੀ ਮੇਰੇ ਛਿੱਕੂ ਵਿਚਲੀ ਖ਼ਾਸ ਚੀਜ਼ ਵਾਂਗ ਕੋਈ ਖ਼ਾਸ ਚੀਜ਼ ਹੀ ਹੋਵੇਗੀ। 'ਐਨੀ ਵਾਰੀ ਇਹ ਅਟੈਚੀ ਨੂੰ ਹੱਥ ਲਾ ਕੇ ਕਿਉਂ ਦੇਖਦੈ? ਜੇ ਅਟੈਚੀ ਸਰ੍ਹਾਣੇ ਟਿਕਦਾ ਨਹੀਂ ਤਾਂ ਉਸ ਨੂੰ ਪਰ੍ਹੇ ਰੱਖ ਦੇਵੇ ਤੇ ਸਿਰ ਥੱਲੇ ਕੂਹਣੀ ਧਰ ਕੇ ਸੌਂ ਰਵ੍ਹੇ। ਜ਼ਰੂਰ ਅਟੈਚੀ ਵਿੱਚ ਕੋਈ ਖ਼ਾਸ ਚੀਜ਼ ਐ।'

ਉਸ ਦੇ ਅਟੈਚੀ ਵਿਚਲੀ ਕਿਸੇ ਚੀਜ਼ ਦਾ ਧਿਆਨ ਕਰਕੇ ਮੈਨੂੰ ਆਪਣੇ ਛਿੱਕੂ ਵਿਚਲੀ ਖ਼ਾਸ ਚੀਜ਼ ਦਾ ਬਹੁਤਾ ਹੀ ਖ਼ਿਆਲ ਪੈਦਾ ਹੋ ਗਿਆ। ਕਿਤੇ ਕੋਈ ਸੰਗਤਰੇ ਸਮਝਕੇ ਹੀ ਨਾ ਛਿੱਕੂ ਨੂੰ ਬਾਂਹ ਵਿਚ ਅੜੰਗ ਲਿਜਾਵੇ। ਕਿਸੇ ਨੂੰ ਕੀ ਪਤਾ ਕਿ ਸੰਗਤਰਿਆਂ ਨਾਲੋਂ ਵੱਧ ਕੋਈ ਖ਼ਾਸ ਚੀਜ਼ ਵੀ ਇਸ ਵਿੱਚ ਹੈ। ਮੈਂ ਛਿੱਕੂ ਦੇ ਵੰਗਣੇ ਵਿੱਚ ਆਪਣੀ ਇੱਕ ਟੰਗ ਕੱਢ ਕੇ ਪੈਰ ਦੂਜੇ ਪੈਰ ਵਿੱਚ ਅੜਾ ਲਿਆ ਤੇ ਵੱਖੀ ਪਰਨੇ ਪੈ ਗਿਆ।

'ਕਕਰਾਲਾ' ਜਦ ਆਇਆ, ਮੈਂ ਘੂਕ ਸੁੱਤਾ ਪਿਆ ਸੀ। ਉਹ 'ਰਾਏ ਸਾਹਿਬ' ਨੇ ਮੈਨੂੰ ਮੋਢਿਓਂ ਫੜਕੇ ਝੰਜੋੜ ਦਿੱਤਾ। ਮੈਂ ਤਿਭਕ ਕੇ ਉੱਠਿਆ। ਉਸ ਦੀਆਂ ਅੱਖਾਂ ਵਿੱਚ ਗੁੱਸਾ ਸੀ ਤੇ ਰੋਭ੍ਹ ਸੀ। ਕੁਝ ਕੁਝ ਸੋਗ ਤੇ ਨਮੋਸ਼ੀ ਦਾ ਰੰਗ ਵੀ। ਮੈਨੂੰ ਉਸ ਨੇ ਪੁੱਛਿਆ– 'ਭਾਈ ਸਾਹਿਬ, ਮੇਰਾ ਅਟੈਚੀ?' ਮੈਨੂੰ ਜਿਵੇਂ ਸਮਝ ਨਾ ਆਈ ਕਿ ਉਹ ਕੀ ਪੁੱਛਦਾ ਹੈ। ਮੈਂ ਪੁੱਛਿਆ–'ਕੀ ਗੱਲ?' ਉਹ ਫੇਰ ਚੀਕਿਆ–'ਮੇਰਾ ਅਟੈਚੀ ਕਹਾਂ ਹੈ?' ਮੈਂ ਇਕਦਮ ਬੈਠਾ ਹੋ ਗਿਆ। ਅਸੀਂ ਦੋਵਾਂ ਨੇ ਸਾਰਾ ਡੱਬਾ ਦੇਖਿਆ, ਉੱਥੇ ਕੋਈ ਨਹੀਂ ਸੀ ਤੇ ਨਾ ਹੀ ਅਟੈਚੀ। ਬਾਥਰੂਮ ਦੇਖਣ ਲੱਗੇ, ਬਾਥਰੂਮ ਬੰਦ ਸੀ। ਬਾਹਰੋਂ ਧੱਕਾ ਮਾਰ ਕੇ ਦੇਖਿਆ, ਬਾਥਰੂਮ ਖੁੱਲ੍ਹਿਆ ਨਾ। ਮੈਨੂੰ ਸ਼ੱਕ ਪਿਆ ਕਿ ਕੋਈ ਬੰਦਾ ਉਸ ਦੇ ਅੰਦਰ ਹੈ। ਬਾਹਰੋਂ ਅਵਾਜ਼ਾਂ ਦਿੱਤੀਆਂ। ਅੰਦਰੋਂ ਕੋਈ ਅਵਾਜ਼ ਪੈਦਾ ਨਾ ਹੋਈ। ਗੱਡੀ ਅਜੇ ਖੜ੍ਹੀ ਸੀ।

ਛਿੱਕੂ ਆਪਣਾ ਆਪਣੀ ਸੀਟ 'ਤੇ ਹੀ ਛੱਡ ਕੇ ਮੈਂ ਭੱਜ ਕੇ ਗਾਰਡ ਕੋਲ ਗਿਆ। ਸਾਰੀ ਗੱਲ ਉਸ ਨੂੰ ਦੱਸੀ। ਗਾਰਡ ਮੇਰੇ ਨਾਲ ਹੀ ਸਾਡੇ ਡੱਬੇ ਵੱਲ ਨੂੰ ਤੁਰ ਪਿਆ। ਸਾਡੇ ਆਉਂਦਿਆਂ ਨੂੰ 'ਰਾਏ ਸਾਹਿਬ' ਬਾਥਰੂਮ ਦੇ ਮੂਹਰੇ ਬਾਥਰੂਮ ਦੇ ਦਰਵਾਜ਼ੇ ਨੂੰ ਆਪਣੀ

ਪਿੱਠ ਲਾ ਕੇ ਧੱਕੀ ਖੜ੍ਹਾ ਸੀ, ਗਾਰਡ ਨੇ ਬਾਥਰੂਮ ਦਾ ਦਰਵਾਜ਼ਾ ਠੋਕਰਿਆ। ਅੰਦਰੋਂ ਕੋਈ ਨਾ ਬੋਲਿਆ। ਗਾਰਡ ਦੇ ਪੁੱਛੇ ਤੋਂ ਬਿਨ੍ਹਾਂ ਹੀ ਇੱਕ ਪੱਥਰ ਚੁੱਕ ਕੇ ਮੈਂ ਬਾਥਰੂਮ ਦੇ ਬਾਹਰਲੇ ਸ਼ੀਸ਼ੇ 'ਤੇ ਜ਼ੋਰ ਨਾਲ ਦੇ ਮਾਰਿਆ। ਸ਼ੀਸ਼ਾ ਕੀਚਰਾ ਹੋ ਗਿਆ। ਟੁੱਟੇ ਹੋਏ ਸ਼ੀਸ਼ੇ ਦੇ ਮਘੋਰੇ ਵਿੱਚ ਦੀ ਮੂੰਹ ਪਾ ਕੇ ਗਾਰਡ ਨੇ ਦੇਖਿਆ, ਅੰਦਰ ਕੋਈ ਆਦਮੀ ਬੈਠਾ ਸੀ ਤੇ ਅਟੈਚੀ ਉਸ ਨੇ ਘੁੱਟ ਕੇ ਆਪਣੇ ਹੱਥਾਂ ਵਿੱਚ ਫੜਿਆ ਹੋਇਆ ਸੀ। ਗੱਡੀ ਓਥੇ ਹੀ ਰੁਕੀ ਰਹੀ। ਗਾਰਡ ਨੇ ਝੱਟ ਰੇਲਵੇ ਪੁਲਿਸ ਨੂੰ ਬੁਲਾ ਲਿਆ। ਸਿਪਾਹੀਆਂ ਨੇ ਸੋਟੀਆਂ ਦੀਆਂ ਹੁਜਾਂ ਮਾਰ ਕੇ ਉਸ ਬੰਦੇ ਨੂੰ ਕਿਹਾ ਕਿ 'ਭਲੀਪਤ ਨਾਲ ਬਾਹਰ ਆ ਜਾ।' ਉਸ ਨੇ ਅੰਦਰੋਂ ਚਿਟਕਣੀ ਖੋਲ੍ਹੀ ਤੇ ਅਟੈਚੀ ਸਣੇ ਬਾਹਰ ਆ ਗਿਆ। ਉਸ ਦੇ ਚਿਹਰੇ 'ਤੇ ਬਿਲਕੁੱਲ ਕੋਈ ਘਬਰਾਹਟ ਨਹੀਂ ਸੀ। ਉਸ ਦੇ ਚਿਹਰੇ ਨੂੰ ਦੇਖ ਕੇ ਉਸ ਦੇ ਕੱਪੜਿਆਂ ਨੂੰ ਦੇਖ ਕੇ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ।

ਗਲ ਤੇੜ ਉਹੀ ਮੇਲੇ ਲੱਠੇ ਦਾ ਚਿੱਟਾ ਨਿੱਖਰਵਾਂ ਕੁੜਤਾ ਪਜਾਮਾ 'ਤੇ ਸਿਰ 'ਤੇ ਉਹੀ ਖੱਟੀ ਤਹਿ ਕਰਕੇ ਬੰਨ੍ਹੀ ਪੱਗ। ♦

# ਇਹ ਲੋਕ

ਜਿਸ ਸ਼ਹਿਰ ਮੈਂ ਜਾਣਾ ਸੀ, ਓਥੇ ਪਹੁੰਚਣ ਲਈ ਮੈਨੂੰ ਪੂਰੇ ਤਿੰਨ ਘੰਟੇ ਬੱਸ ਵਿੱਚ ਗੁਜ਼ਾਰਨੇ ਪੈਣੇ ਸਨ।

ਬੱਸ ਅੱਡੇ 'ਤੇ ਜਾ ਕੇ ਮੈਂ ਟਿਕਟ ਖਰੀਦਿਆ ਤੇ ਆਪਣੀ ਬੱਸ ਵਿੱਚ ਜਾ ਬੈਠਾ। ਮੇਰੇ ਬੈਠਣ ਤੋਂ ਪਹਿਲਾਂ ਅੱਧੀ ਬੱਸ ਭਰੀ ਹੋਈ ਸੀ ਤੇ ਇੱਕੜ ਦੁੱਕੜ ਹੋਰ ਸਵਾਰੀਆਂ ਆ ਰਹੀਆਂ ਸਨ। ਦੋ ਸੀਟਾਂ ਵਾਲੀ ਜਿਸ ਸੀਟ 'ਤੇ ਬੈਠਾ ਉਸ 'ਤੇ ਪਹਿਲਾਂ ਹੀ ਇੱਕ ਬੰਦਾ ਬੈਠਾ ਹੋਇਆ ਸੀ ਤੇ ਮੂੰਗਫ਼ਲੀ ਖਾ ਰਿਹਾ ਸੀ। ਕੋਈ ਫੋਲਕ ਬੱਸ ਤੋਂ ਬਾਹਰ ਸੁੱਟ ਦਿੰਦਾ ਸੀ ਤੇ ਕੋਈ ਬੱਸ ਦੇ ਵਿੱਚ ਹੀ, ਆਪਣੀ ਸੀਟ ਦੇ ਮੂਹਰੇ ਆਪਣੇ ਪੈਰਾਂ ਕੋਲ। ਭਰਵਾਂ ਕੱਦ ਕਾਠ, ਚਿੱਟੇ ਕੱਪੜੇ, ਚਿੱਟੀ ਲਾਜਵਰੀ ਪੋਚਵੀਂ ਪੱਗ ਤੇ ਦਾੜ੍ਹਾ ਖੁੱਲ੍ਹਾ।

ਹੁਣ ਬੱਸ ਕਰੀਬ ਕਰੀਬ ਭਰ ਚੁੱਕੀ ਸੀ। ਅਖ਼ਬਾਰ ਵੇਚਣ ਵਾਲਾ ਸਾਡੀ ਸੀਟ ਕੋਲ ਆ ਕੇ ਖੜ੍ਹਾ ਤੇ ਥੱਲਿਓਂ ਹੀ ਪੰਜਾਬੀ ਦੇ ਇੱਕ ਅਖ਼ਬਾਰ ਨੂੰ ਉਤਾਂਹ ਸਾਡੇ ਵੱਲ ਦਿਖਾ ਕੇ ਕਹਿੰਦਾ–'ਅਖ਼ਬਾਰ ਲਓ, ਸਰਦਾਰ ਜੀ।' ਮੇਰੇ ਨਾਲ ਬੈਠੇ ਖੁੱਲ੍ਹੇ ਦਾੜ੍ਹੇ ਵਾਲੇ ਬੰਦੇ ਨੇ ਜਿਵੇਂ ਉਸ ਦੀ ਗੱਲ ਨੂੰ ਅਣਸੁਣਿਆ ਹੀ ਕਰ ਦਿੱਤਾ ਤੇ ਉਹ ਬੋਲਿਆ ਨਾ। ਖ਼ਾਕੀ ਜ਼ੀਨ ਦੇ ਕੋਟ ਤੇ ਕਾਲੀ ਟੋਪੀ ਵਾਲੇ, ਅਖ਼ਬਾਰਾਂ ਵੇਚਣ ਵਾਲੇ ਦੀ ਅਵਾਜ਼ ਸੁਣ ਕੇ ਮੈਂ ਉਸ ਵੱਲ ਝਾਕਿਆ ਤਾਂ ਦੂਜੀ ਵਾਰ ਉਸ ਨੇ ਫੇਰ ਪੁੱਛਿਆ–'ਅਖ਼ਬਾਰ, ਸਰਦਾਰ ਜੀ, ਕਿਹੜਾ ਦੇਵਾਂ?' ਮੈਂ ਜੇਬ੍ਹ ਨੂੰ ਹੱਥ ਮਾਰਿਆ ਤੇ ਖੁੱਲ੍ਹੇ ਦਾੜ੍ਹੇ ਵਾਲਾ ਬੰਦਾ ਅਖ਼ਬਾਰ ਵੱਲੋਂ ਨੱਕ ਚੜ੍ਹਾ ਕੇ ਗੂਠੇ ਦੀ ਦਾਬ ਨਾਲ ਮੂੰਗਫ਼ਲੀ ਭੰਨ੍ਹਣ ਲੱਗ ਪਿਆ।

ਮੈਂ ਇੱਕ ਟ੍ਰਿਬਿਊਨ ਤੇ ਇੱਕ ਨਵਾਂ ਜ਼ਮਾਨਾ ਖਰੀਦ ਲਿਆ ਤੇ ਜੇਬ੍ਹ ਵਿਚੋਂ ਕੱਢ ਕੇ ਇੱਕ ਰੁਪਈਏ ਦਾ ਨੋਟ ਉਸ ਵੱਲ ਵਧਾਇਆ। ਨੋਟ ਫੜ ਕੇ ਉਹ ਕਹਿੰਦਾ–'ਰਸਾਲਾ ਦੇਵਾਂ ਜੀ ਕੋਈ? 'ਆਰਸੀ', 'ਪੰਜ ਦਰਿਆ', 'ਕਵਿਤਾ', 'ਪ੍ਰੀਤਲੜੀ'?' ਤਿੰਨ ਘੰਟਿਆਂ ਦਾ ਲੰਮਾ ਸਫ਼ਰ ਦੇਖ ਕੇ ਮੈਂ 'ਪ੍ਰੀਤਲੜੀ' ਲੈ ਲਈ ਤੇ ਰੁਪਈਏ ਦਾ ਨੋਟ ਪੂਰਾ ਕਰਕੇ ਅਖ਼ਬਾਰਾਂ ਵਾਲਾ ਅੱਗੇ ਤੁਰ ਪਿਆ।

ਬੱਸ ਤੁਰ ਪਈ।

ਮੈਂ 'ਪ੍ਰੀਤਲੜੀ' ਦੇ ਸਾਰੇ ਵਰਕੇ ਦਬਾ ਸੱਟ ਫਰੋਲੇ ਤੇ ਦੂਹਰੀ ਕਰਕੇ ਉਸ ਨੂੰ ਚਮੜੇ ਦੇ ਬੈਗ ਵਿੱਚ ਪਾ ਲਿਆ। 'ਟ੍ਰਿਬਿਊਨ' ਦੀਆਂ ਸਾਰੀਆਂ ਵੱਡੀਆਂ ਵੱਡੀਆਂ ਸੁਰਖੀਆਂ 'ਤੇ ਤਰਦੀ ਤਰਦੀ ਨਿਗਾਹ ਮਾਰ ਕੇ ਉਸ ਦੇ ਪਹਿਲੇ ਸਫ਼ੇ ਦੀਆਂ ਖ਼ਬਰਾਂ ਮੈਂ ਗਹੁ ਨਾਲ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਮੈਨੂੰ 'ਟ੍ਰਿਬਿਊਨ' ਪੜ੍ਹਦੇ ਨੂੰ ਦੇਖ ਕੇ ਤੇ ਮੇਰੇ ਪੱਟਾਂ ਵਿੱਚ

ਪਿਆ 'ਨਵਾਂ ਜ਼ਮਾਨਾ' ਵਾਧੂ ਜਾ ਦੇਖ ਉਸ ਖੁੱਲ੍ਹੇ ਦਾੜ੍ਹੇ ਵਾਲੇ ਬੰਦੇ ਨੇ ਮੇਰੇ ਪੱਟਾਂ ਤੋਂ ਉਸ ਨੂੰ ਬਿਨ੍ਹਾਂ ਪੁੱਛੇ ਹੀ ਚੱਕ ਲਿਆ ਤੇ ਗੁਣਨ ਗੁਣਨ ਕਰਕੇ ਉਸ ਨੂੰ ਪੜ੍ਹਨ ਲੱਗ ਪਿਆ।

ਮੈਂ 'ਟ੍ਰਿਬਿਊਨ' ਦਾ ਅਜੇ ਪਹਿਲਾਂ ਸਫ਼ਾ ਚੰਗੀ ਤਰ੍ਹਾਂ ਪੜ੍ਹਿਆ ਵੀ ਨਹੀਂ ਸੀ ਕਿ ਮੈਥੋਂ ਚੌਥੀ ਸੀਟ 'ਤੇ ਬੈਠੇ ਇੱਕ ਬਾਬੂ ਕਿਸਮ ਦੇ ਬੰਦੇ ਨੇ ਬਾਂਹ ਲੰਮੀ ਕਰਕੇ ਆਖ ਦਿੱਤਾ–'ਭਾਈ ਸਾਹਬ, ਬਿਚਲਾ ਬਰਕਾ ਦਿਖਇਓ ਜ਼ਰਾ?' ਮੈਂ ਵਿਚਲੇ ਦੋ ਜੜੁੱਤ ਕੱਢ ਕੇ ਉਸ ਨੂੰ ਫੜਾ ਦਿੱਤੇ।

ਇੱਕ ਅੱਡਾ ਲੰਘ ਕੇ ਬੱਸ ਅੱਡੇ 'ਤੇ ਆ ਰੁਕੀ। ਇੱਕ ਦੂਜਾ ਅੱਡਾ ਇੱਕ ਨਹਿਰ ਦਾ ਪੁਲ ਸੀ। ਇਸ ਪੁਲ 'ਤੋਂ ਕਈ ਪਿੰਡਾਂ ਨੂੰ ਰਾਹ ਜਾਂਦੇ ਸਨ। ਇੱਥੇ ਕਈ ਪਿੰਡਾਂ ਦੀਆਂ ਸਵਾਰੀਆਂ ਆ ਕੇ ਚੜ੍ਹਦੀਆਂ ਸਨ, ਕਈ ਪਿੰਡਾਂ ਦੀਆਂ ਸਵਾਰੀਆਂ ਉਤਰਦੀਆਂ ਸਨ। ਇਸ ਕਰਕੇ ਅੱਡੇ 'ਤੇ ਬੱਸ ਖੜ੍ਹਨ ਕਰਕੇ ਡਰਾਈਵਰ ਤੇ ਕੰਡਕਟਰ ਵੀ ਚਾਹ ਪਾਣੀ ਪੀਣ ਅਕਸਰ ਉਤਰ ਜਾਇਆ ਕਰਦੇ ਸਨ। ਦੂਰ ਦੀਆਂ ਸਵਾਰੀਆਂ ਵੀ ਚਾਹ ਪੀ ਲੈਂਦੀਆਂ ਸਨ, ਪਾਣੀ ਪੀਣ ਉਤਰ ਜਾਂਦੀਆਂ ਸਨ। ਇਸ ਪੁਲ 'ਤੇ ਨਹਿਰ ਦੀ ਇੱਕ ਵੱਖੀ ਵਿੱਚ ਇੱਕ ਨਲਕਾ ਲੱਗਿਆ ਹੋਇਆ ਸੀ ਤੇ ਲੋਕ ਕਹਿੰਦੇ ਸਨ ਕਿ ਪੰਜਾਹ ਪੰਜਾਹ ਕੋਹ ਤਾਈਂ ਇਸ ਨਲਕੇ ਦਾ ਠੰਡਾ ਮਿੱਠਾ ਪਾਣੀ ਹੋਰ ਕਿਤੇ ਨਹੀਂ ਮਿਲਦਾ। ਮੈਨੂੰ ਵੀ ਕੁੱਝ ਤੇਹ ਲੱਗੀ ਹੋਈ ਸੀ ਤੇ ਮੈਂ ਵੀ ਦੂਜੀਆਂ ਸਵਾਰੀਆਂ ਦੇ ਨਾਲ ਪਾਣੀ ਪੀਣ ਥੱਲੇ ਉਤਰ ਗਿਆ।

ਪਾਣੀ ਪੀ ਕੇ ਜਦ ਮੈਂ ਵਾਪਸ ਆਇਆ ਤਾਂ ਦੇਖਿਆ ਕਿ ਸੀਟ 'ਤੇ ਪਏ ਚਮੜੇ ਦੇ ਬੈਗ ਥੱਲਿਓਂ ਬਚਦਾ 'ਟ੍ਰਿਬਿਊਨ' ਤਿੰਨ ਸੀਟਾਂ ਵਾਲੀ ਨਾਲ ਦੀ ਸੀਟ 'ਤੇ ਬੈਠੇ ਇੱਕ ਆਦਮੀ ਨੇ ਚੁੱਕ ਲਿਆ ਤੇ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ। ਉਸ ਦਾ ਮੂਹਰਲਾ ਸਫ਼ਾ ਪੜ੍ਹ ਕੇ ਅਖ਼ੀਰਲਾ ਸਫ਼ਾ ਮੈਂ ਅਜੇ ਪੜ੍ਹਨਾ ਸੀ। ਅਖ਼ੀਰਲਾ ਸਫ਼ੇ 'ਤੇ 'ਸ਼ੇਖ ਅਬਦੁੱਲਾ' ਦਾ ਕੋਈ ਖ਼ਾਸ ਬਿਆਨ ਛਪਿਆ ਹੋਇਆ ਸੀ, ਜਿਸ ਨੂੰ ਮੈਂ ਛੇਤੀਂ ਪੜ੍ਹਨਾ ਚਾਹੁੰਦਾ ਸੀ। ਪਾਣੀ ਪੀ ਕੇ ਜਦ ਮੈਂ ਵਾਪਸ ਬੱਸ ਵੱਲ ਆ ਰਿਹਾ ਸੀ ਤਾਂ ਮੇਰੇ ਮਨ ਵਿੱਚ 'ਸ਼ੇਖ ਅਬਦੁੱਲਾ' ਦਾ ਬਿਆਨ ਪੜ੍ਹਨ ਲਈ ਕਾਹਲ ਮੱਚੀ ਹੋਈ ਸੀ। ਆਪਣੇ ਬੈਗ ਥੱਲੇ ਅਖ਼ਬਾਰ ਨਾ ਦੇਖ ਕੇ ਮੈਨੂੰ ਖਿਝ ਜਿਹੀ ਆਈ। ਮੇਰੇ ਕੋਲ ਖੁੱਲ੍ਹੇ ਦਾੜ੍ਹੇ ਵਾਲੇ ਬੰਦੇ ਨੇ 'ਨਵਾਂ ਜ਼ਮਾਨਾ' ਅਜੇ ਛੱਡਿਆ ਨਹੀਂ ਸੀ।

ਬੱਸ ਤੁਰ ਪਈ ਤੇ ਮੇਰੇ ਕੋਲ ਪੜ੍ਹਨ ਲਈ ਕੋਈ ਅਖ਼ਬਾਰ ਨਹੀਂ ਸੀ। 'ਨਵਾਂ ਜ਼ਮਾਨਾ' ਜਿਸ ਦਾ ਮੈਂ ਅਜੇ ਇੱਕ ਅੱਖਰ ਵੀ ਨਹੀਂ ਸੀ ਪੜ੍ਹਿਆ, ਉਸ ਨੂੰ ਕੋਲ ਬੈਠਾ ਬੰਦਾ ਨਹੀਂ ਸੀ ਛੱਡ ਰਿਹਾ। ਮੈਨੂੰ ਉਸ 'ਤੇ ਗੁੱਸਾ ਆ ਰਿਹਾ ਸੀ, ਬਹੁਤ ਗੁੱਸਾ। 'ਧੌਲ਼ ਦਾੜ੍ਹੀਏ' ਬੁੱਢੇ ਠੇਠਰ ਨੇ ਪੰਦਰਾਂ ਵੀਹ ਪੈਸਿਆਂ ਦੀ ਮੂੰਗਫ਼ਲੀ ਲੈ ਕੇ ਤਾਂ ਜਾੜ੍ਹਾਂ ਥੱਲੇ ਦਰੜ ਦਿੱਤੀ ਤੇ ਅਖ਼ਬਾਰ ਮੁੱਲ ਲੈਣ ਵੇਲੇ ਨੱਕ ਕਿਉਂ ਚੜ੍ਹਾ ਲਿਆ? ਤੇ ਹੁਣ ਬਿਗਾਨੀ ਅਖ਼ਬਾਰ ਨਾਲ ਕਰੇਵਾ ਕਿਉਂ ਕਰੀਂ ਬੈਠੈ?'

ਪਹਿਲੇ ਸਫ਼ੇ ਵਾਲੇ ਵਰਕੇ 'ਟ੍ਰਿਬਿਊਨ' ਦੇ ਨਾਲ ਲੱਗਵੀਂ ਸੀਟ ਵਾਲੇ ਭੱਦਰ ਪੁਰਸ਼ ਨੇ ਚੁੱਕ ਲਏ ਸਨ ਤੇ ਉਹ ਸ਼ਾਇਦ ਛੇਤੀ ਛੇਤੀ ਨਹੀਂ ਸੀ ਮੋੜਨ ਵਾਲਾ। ਮੈਥੋਂ ਅੱਗੇ ਚੌਥੀ ਸੀਟ ਵਾਲੇ ਬੰਦੇ ਵੱਲ ਮੈਂ ਦੇਖਿਆ ਕਿ ਉਸ ਨੇ ਤਾਂ ਸ਼ਇਦ ਵਿਚਲੇ ਵਰਕੇ

ਪੜ੍ਹ ਲਏ ਹੋਣਗੇ ਤੇ ਹੁਣ ਮੋੜ ਦੇਵੇਗਾ, ਪਰ ਦੇਖਿਆ ਤਾਂ ਉਹ ਬੰਦਾ ਹੀ ਓਥੇ ਨਹੀਂ ਸੀ। ਸਾਰੀ ਬੱਸ ਵਿੱਚ ਮੂੰਹ ਚੁੱਕ ਚੁੱਕ ਕੇ ਮੈਂ ਦੇਖਿਆ, ਉਹ ਬੰਦਾ ਕਿਤੇ ਵੀ ਨਹੀਂ ਸੀ। ਸ਼ਾਇਦ ਨਹਿਰ ਦੇ ਪੁਲ 'ਤੇ ਉਸ ਨੇ ਉਤਰਨਾ ਹੋਵੇਗਾ ਤੇ ਉਹ ਉਤਰ ਗਿਆ ਸੀ ਤੇ ਵਿਚਲੇ ਵਰਕੇ ਵੀ ਭਲਾਮਾਣਸ ਨਾਲ ਹੀ ਲੈ ਗਿਆ ਸੀ। ਗੁੱਸਾ ਚੜ੍ਹਨ ਦੀ ਥਾਂ ਸਗੋਂ ਹਾਸਾ ਨਿਕਲ ਗਿਆ।

ਮੈਂ ਆਪਣੇ ਬੈਗ ਨੂੰ ਖੋਲ੍ਹਿਆ ਤੇ ਵਿਚੋਂ ਦੂਹਰੀ ਕੀਤੀ ਪਈ 'ਪ੍ਰੀਤਲੜੀ' ਕੱਢ ਲਈ। 'ਮੇਰੀ ਧਰਤੀ-ਮੇਰੇ ਲੋਕ' ਦੇ ਸਿਰਲੇਖ ਹੇਠਾਂ ਇੱਕ ਵਾਰਤਾ ਅਜੇ ਪੜ੍ਹਨੀ ਸ਼ੁਰੂ ਕੀਤੀ ਹੀ ਸੀ ਕਿ ਮੇਰਾ ਧਿਆਨ ਮੱਲੋਂ ਮੱਲੀ ਪਿਛਲੀ ਸੀਟ 'ਤੇ ਬੈਠੇ ਇੱਕ ਜੋੜੇ ਵੱਲ ਚਲਿਆ ਗਿਆ। ਜੋੜਾ-ਨਵੇਂ ਵਿਆਹੇ ਮੁੰਡਾ-ਕੁੜੀ। ਕਾਫ਼ੀ ਦੇਰ ਤੋਂ ਉਨ੍ਹਾਂ ਦੀ ਘੁਸਰ ਮੁਸਰ ਮੇਰੇ ਕੰਨੀ ਪੈ ਰਹੀ ਸੀ ਤੇ ਹੁਣ 'ਮੇਰੀ ਧਰਤੀ-ਮੇਰੇ ਲੋਕ' ਪੜ੍ਹਦੇ ਦਾ ਮੇਰਾ ਧਿਆਨ ਮੱਲੋਂ ਮੱਲੀ ਉਸ ਜੋੜੇ ਵੱਲ ਇਸ ਕਰਕੇ ਚਲਿਆ ਗਿਆ ਸੀ, ਕਿਉਂਕਿ ਕੁੜੀ 'ਹਈ' ਕਹਿ ਕੇ ਉੱਚੀ ਉੱਚੀ ਹੱਸ ਪਈ ਸੀ। ਗਰਦਨ ਮੋੜ ਕੇ ਜਦ ਮੈਂ ਉਨ੍ਹਾਂ ਵੱਲ ਦੇਖਿਆ ਤਾਂ ਮੁੰਡੇ ਨੇ ਕੁੜੀ ਦੇ ਮੂੰਹ 'ਤੇ ਹੱਥ ਧਰ ਕੇ ਉਸ ਦਾ ਹਾਸਾ ਮੁੰਦ ਦਿੱਤਾ।

ਮੈਂ ਰਸਾਲਾ ਗਹੁ ਨਾਲ ਪੜ੍ਹਨ ਲੱਗ ਪਿਆ। 'ਮੇਰੀ ਧਰਤੀ-ਮੇਰੇ ਲੋਕ' ਵਾਲੇ ਟੋਟਕੇ ਪੜ੍ਹ ਕੇ ਮੈਂ ਇੱਕ ਕਹਾਣੀ ਛੇੜ ਲਈ। ਮੇਰਾ ਧਿਆਨ ਇਕਦਮ ਇੱਕ ਬਿਰਧ ਵੱਲ ਚਲਿਆ ਗਿਆ। ਬਿਰਧ ਜਿਹੜਾ ਸੱਠ-ਸੱਤਰ ਸਾਲ ਦਾ ਹੋਵੇਗਾ। ਗਲ ਤੇੜ ਖੱਦਰ ਦਾ ਕੁੜਤਾ ਤੇ ਕਛਹਿਰਾ। ਸਿਰ 'ਤੇ ਕੱਚੀ ਮਲਮਲ ਦੀ ਚਿੱਟੀ ਪੱਗ। ਉਹ ਬਿਰਧ ਮੇਰੇ ਪਿੱਛੇ ਬੈਠੇ ਜੋੜੇ ਵੱਲ ਦੇਖ ਰਿਹਾ ਸੀ ਤੇ ਮੁਸਕੜੀਏਂ ਹੱਸ ਰਿਹਾ ਸੀ। ਜੀਭ ਨਾਲ ਆਪਣੇ ਬੁੱਲ੍ਹਾਂ ਨੂੰ ਚੱਟ ਕੇ ਉਸ ਨੇ ਉਸ ਮੁੰਡੇ ਨੂੰ ਪੁੱਛਿਆ-'ਕਿਉਂ ਭਾਊ ਬੀਬੀ ਕੁਸ ਬਿਮਾਰ ਐ?' ਉਸ ਦੇ ਐਨੀ ਗੱਲ ਕਹਿਣ ਦੀ ਦੇਰ ਸੀ ਕਿ ਮੁੰਡੇ ਨੇ ਕੁੜੀ ਦੇ ਮੋਢਿਆਂ ਤੋਂ ਦੀ ਵਲ ਕੇ ਸੀਟ ਦੇ ਡੰਡੇ 'ਤੇ ਵਿਛਾਈ ਬਾਂਹ ਇਕਦਮ ਚੁੱਕ ਲਈ ਤੇ ਮੁੰਡਾ ਕੁੜੀ ਦੋਵੇਂ ਠੀਕ ਜਿਹੇ ਹੋ ਕੇ ਬੈਠ ਗਏ। ਬਿਰਧ ਦੀ ਗੱਲ ਸੁਣ ਕੇ ਆਲੇ-ਦੁਆਲੇ ਬੈਠੀਆਂ ਸਾਰੀਆਂ ਸਵਾਰੀਆਂ ਹੱਸ ਪਈਆਂ।

ਕਹਾਣੀ ਵੱਲੋਂ ਧਿਆਨ ਹਟ ਕੇ ਪੂਰੇ ਦਾ ਪੂਰੇ ਧਿਆਨ ਮੇਰਾ ਉਸ ਬਿਰਧ ਵੱਲ ਹੋ ਗਿਆ। ਉਸ ਜੋੜੇ ਦੇ ਮਗਰ ਸੀਟ 'ਤੇ ਇਕੱਲੀ ਸਵਾਰੀ ਜੋ ਬੈਠੀ ਸੀ, ਉਸ ਨੇ ਮੇਰੇ ਹੱਥੋਂ 'ਪ੍ਰੀਤਲੜੀ' ਫੜ ਲਈ। ਮੇਰੇ ਹੱਥ ਵਿੱਚ ਵਾਧੂ ਜਾਣ ਕੇ ਹੀ ਸ਼ਾਇਦ ਉਸ ਨੇ ਇਉਂ ਕੀਤਾ ਸੀ। ਸੁੱਕੀਆਂ ਜਾਭਾਂ, ਨੰਗੇ ਡੌਲੇ, ਅੱਖਾਂ ਦੇ ਸੁਰਮੇ ਵਿਚੋਂ ਝਾਕਦੀ ਬੇਮਲੂਮੀ ਜਿਹੀ ਉਦਾਸੀ ਤੇ ਹੱਥ ਵਿੱਚ ਚਮੜੇ ਦਾ ਲੰਮਾ ਸਾਰਾ ਕਾਲਾ ਪਰਸ। ਮੈਂ 'ਪ੍ਰੀਤਲੜੀ' ਉਸ ਨੂੰ ਇਉਂ ਫੜਾ ਦਿੱਤੀ, ਜਿਵੇਂ ਉਸ ਨੇ ਪੋਲਾ ਜਿਹਾ ਬੋਲ ਕੇ 'ਪ੍ਰੀਤਲੜੀ' ਮੈਥੋਂ ਖੋਹ ਲਈ ਹੋਵੇ। ਜਦ ਕੋਈ ਮੂੰਹ ਪਾੜ ਕੇ ਚੀਜ਼ ਮੰਗ ਲਵੇ ਤਾਂ ਨਾ ਚਾਹੁੰਦੇ ਹੋਏ ਵੀ ਉਸ ਨੂੰ ਦੇਣੀ ਪੈਂਦੀ ਹੈ ਤੇ ਖੋਹੀ ਜਾਣ ਵਾਂਗ ਹੀ ਹੁੰਦੀ ਹੈ।

ਡੇਢ ਘੰਟੇ ਦਾ ਰਾਹ ਮੁੱਕ ਗਿਆ ਸੀ। ਇੱਕ ਵੱਡਾ ਸ਼ਹਿਰ ਆ ਗਿਆ ਸੀ। ਇੱਕ ਵੱਡਾ ਅੱਡਾ। ਮੈਂ ਹੁਣ ਬੱਸ ਬਦਲਣੀ ਸੀ, ਜਿਸ ਵਿੱਚ ਮੈਂ ਧੁਰ ਤੋਂ ਬੈਠ ਗਿਆ ਸੀ, ਉਹ ਬੱਸ ਅੱਡੇ ਦੇ ਇੱਕ ਹੋਟਲ ਵਿੱਚ ਚਾਹ ਪੀਣ ਜਾ ਬੈਠੀ ਸੀ। ਉਹ ਨੇ ਸ਼ਾਇਦ ਓਸੇ ਬੱਸ

ਵਿੱਚ ਅੱਗੇ ਜਾਦਾ ਸੀ। ਸ਼ਾਇਦ ਉਹ ਸਮਝਦੀ ਹੋਵੇਗੀ ਕਿ ਮੈਂ ਵੀ ਅੱਗੇ ਜਾਣਾ ਹੈ। ਜੇ ਮੈਂ ਅੱਗੇ ਜਾਣਾ ਸੀ ਤਾਂ ਉਹ ਸ਼ਾਇਦ ਸਮਝਦੀ ਹੋਵੇਗੀ ਕਿ ਚੱਲੋ ਉਹ ਅੱਗੇ ਜਾ ਕੇ ਮੈਨੂੰ ਮੇਰਾ ਰਸਾਲਾ ਮੋੜ ਦੇਵੇਗੀ। ਜਿਹੜੀ ਬੱਸ ਮੈਂ ਬਦਲ ਕੇ ਫੜਨੀ ਸੀ, ਉਹ ਤਿਆਰ ਹੀ ਖੜ੍ਹੀ ਸੀ। ਉਡਦੀ ਉਡਦੀ ਨਿਗਾਹ ਮਾਰ ਕੇ ਮੈਂ ਦੇਖਿਆ ਕਿਤੇ ਉਹ ਔਰਤ ਆ ਕੇ ਮੇਰਾ ਰਸਾਲਾ ਮੋੜ ਦੇਵੇ, ਪਰ ਉਹ ਨਾ ਆਈ। ਮੈਨੂੰ ਵੀ ਪਤਾ ਨਹੀਂ ਕਾਹਦੀ ਜੱਕ ਜਿਹੀ ਪੈ ਗਈ ਸੀ ਕਿ ਮੈਂ ਹੋਟਲ ਵਿੱਚ ਜਾ ਕੇ ਉਸ ਤੋਂ ਰਸਾਲਾ ਮੰਗਣ ਨਾ ਗਿਆ। ਮੇਰੇ ਕੋਲ ਬੈਠਾ ਖੁੱਲ੍ਹੇ ਦਾੜ੍ਹੇ ਵਾਲਾ ਬੰਦਾ ਵੀ 'ਨਵਾਂ ਜ਼ਮਾਨਾ' ਲੈ ਕੇ ਪਤਾ ਨਹੀਂ ਕਿੱਧਰ ਨੂੰ ਖਿਸਕ ਗਿਆ ਸੀ। ਟ੍ਰਿਬਿਊਨ' ਦੇ ਪਹਿਲੇ ਸਫ਼ੇ ਵਾਲੇ ਵਰਕੇ ਤਾਂ ਉਹ ਇੱਕ ਬੰਦਾ ਮੋੜ ਗਿਆ ਸੀ। ਪਰ ਉਸ ਖੁੱਲ੍ਹੇ ਦਾੜ੍ਹੇ ਵਾਲੇ ਬੰਦੇ ਦੀ ਕੀਮਤ ਮੇਰੇ ਮਨ ਵਿੱਚ ਮੂੰਗਫ਼ਲੀ ਦੇ ਇੱਕ ਫੋਲਕ ਜਿੰਨੀ ਵੀ ਨਾ ਰਹੀ। ਉਹ ਔਰਤ ਜਿਹੜੀ ਮੇਰਾ ਰਸਾਲਾ ਲੈ ਗਈ ਸੀ, ਉਸ ਬਾਰੇ ਮੈਂ ਮਨ ਹੀ ਮਨ ਵਿੱਚ ਬਹੁਤ ਕਲਪ ਰਿਹਾ ਸੀ। ਨਹਿਰ ਦੇ ਪੁਲ ਵਾਲੇ ਅੱਡੇ 'ਤੇ 'ਟ੍ਰਿਬਿਊਨ' ਦੇ ਵਿਚਲੇ ਵਰਕੇ ਜਿਹੜਾ ਬੰਦਾ ਲੈ ਗਿਆ ਸੀ, ਉਸ ਦਾ ਧਿਆਨ ਮੈਨੂੰ ਹੁਣ ਨਹੀਂ ਸੀ ਰਿਹਾ। ਮੈਂ ਖੁਸਿਆ ਜਿਹਾ ਮੂੰਹ ਲੈ ਕੇ ਦੂਜੀ ਬੱਸ ਵਿੱਚ ਜਾ ਬੈਠਾ ਤੇ ਬੱਸ ਤੁਰ ਪਈ। ♦

# ਮੇਰੀ ਭਤੀਜੀ ਅਲਕਾ

ਛੱਬੀ ਜਨਵਰੀ ਨੇੜੇ ਆ ਰਹੀ ਹੈ। ਮੈਰੀ ਭਤੀਜੀ ਅਲਕਾ ਮੈਨੂੰ ਉਡੀਕ ਰਹੀ ਹੋਵੇਗੀ ਪਰਸੋਂ ਨੂੰ ਮੈਂ ਬਰਨਾਲੇ ਜਾਣਾ ਹੈ। ਬਰਨਾਲੇ ਗਿਆ ਤਾਂ ਵੱਡੇ ਭਾਈ ਦੇ ਘਰ ਵੀ ਜ਼ਰੂਰ ਜਾਵਾਂਗਾ। ਅਲਕਾ ਮਿਲੇਗੀ ਤਾਂ ਜ਼ਰੂਰ ਮੇਰੇ ਹੱਥਾਂ ਨੂੰ ਫੜਕੇ ਪੁੱਛੇਗੀ–'ਅੰਕਲ ਜੀ, ਕਵਿਤਾ?'

ਅਲਕਾ ਸੱਤਵੀਂ ਜਮਾਤ ਵਿੱਚ ਪੜ੍ਹਦੀ ਹੈ। ਉਸ ਨੂੰ ਸਟੇਜ 'ਤੇ ਕਵਿਤਾ ਪੜ੍ਹਨ ਦਾ ਸ਼ੌਕ ਹੈ। ਕਵਿਤਾ ਕਹਿੰਦੀ ਵੀ ਬਹੁਤ ਵਧੀਆ ਅੰਦਾਜ਼ ਵਿੱਚ ਹੈ। ਕਵਿਤਾ ਕਹਿੰਦੀ ਹੈ ਤਾਂ ਨਾਲੋਂ ਨਾਲ ਹੱਥਾਂ ਦੇ ਇਸ਼ਾਰੇ ਕਰਦੀ ਹੈ। ਸਿਰ ਨੂੰ ਏਧਰ ਓਧਰ ਘੁਮਾਉਂਦੀ ਹੈ। ਉੱਪਰ ਥੱਲੇ ਝਾਕਦੀ ਹੈ, ਅੱਖਾਂ ਦੀਆਂ ਸੇਹਲੀਆਂ ਨੂੰ ਹਰਕਤ ਦਿੰਦੀ ਹੈ। ਜੋ ਕੁਝ ਮੂੰਹੋਂ ਬੋਲਦੀ ਹੈ, ਉਹੀ ਕੁਝ ਆਪਣੇ ਸਰੀਰ ਦੇ ਅੰਗਾਂ ਦੁਆਰਾ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ।

ਦੋ ਸਾਲ ਹੋਏ ਮੈਂ ਉਸ ਨੂੰ ਇੱਕ ਕਵਿਤਾ ਦੇ ਆਇਆ ਸਾਂ। ਉਹ ਕਵਿਤਾ ਉਸ ਨੇ ਆਪਣੇ ਸਕੂਲ ਵਿੱਚ ਚੌਦਾਂ ਨਵੰਬਰ 'ਤੇ ਸੁਣਾਈ ਸੀ ਤਾਂ ਪਹਿਲੇ ਦਰਜੇ ਦਾ ਇਨਾਮ ਪ੍ਰਾਪਤ ਕੀਤਾ ਸੀ।

ਉਸ ਤੋਂ ਪਿੱਛੋਂ ਉਹ ਕਵਿਤਾ ਉਸ ਨੇ ਦੋ ਵਾਰੀ ਹੋਰ ਵੀ ਕਿਤੇ ਸੁਣਾਈ ਸੀ। ਫਿਰ ਉਹ ਕਹਿੰਦੀ ਸੀ ਕਿ ਉਹ ਕਵਿਤਾ ਤਾਂ ਪੁਰਾਣੀ ਹੋ ਗਈ ਹੈ ਤੇ ਮੈਂ ਉਸ ਨੂੰ ਹੋਰ ਕੋਈ ਵਧੀਆ ਜਿਹੀ ਕਵਿਤਾ ਲਿਖ ਕੇ ਦੇਵਾਂ।

ਉਹ ਕਵਿਤਾ ਜਿਹੀ ਮੈਂ ਦੋ ਸਾਲ ਹੋਏ, ਉਸ ਨੂੰ ਦਿੱਤੀ ਸੀ, ਉਸ ਵਿੱਚ ਭਾਵੁਕਤਾ ਦੀ ਸਿਖ਼ਰ 'ਤੇ ਪਹੁੰਚ ਕੇ ਮੇਰੀਆਂ ਤੁਕਾਂ ਜੋੜੀਆਂ ਹੋਈਆਂ ਸਨ।

'ਸਾਡੇ ਦੇਸ਼ ਵਿੱਚ ਅਜ਼ਾਦੀ ਆ ਗਈ ਹੈ। ਅੰਨ ਨਾਲ ਬੁਖਾਰੀਆਂ ਭਰ ਗਈਆਂ ਹਨ। ਨੰਗ ਭੁੱਖ ਨੂੰ ਅਸੀਂ ਦੇਸ਼ ਨਿਕਾਲਾ ਦੇ ਦਿੱਤਾ ਹੈ। ਅਸੀਂ ਹੁਣ ਦੂਜੇ ਦੇਸ਼ਾਂ ਦੇ ਹੱਥਾਂ ਵੱਲ ਨਹੀਂ ਝਾਕਾਂਗੇ। ਰਿਸ਼ਵਤ ਖੋਰੀ ਤੇ ਕੁਨਵਾ ਪਰਵਰੀ ਵਰਗੇ ਸ਼ਬਦਾਂ ਨੂੰ ਅਸੀਂ ਹੁਣ ਡਿਕਸ਼ਨਰੀ ਵਿੱਚੋਂ ਕੱਢ ਦੇਣਾ ਹੈ। ਭਾਰਤ ਮੁੜਕੇ ਸੋਨੇ ਦੀ ਚਿੜੀ ਬਣ ਗਿਆ ਹੈ। ਇਹ ਬੁੱਧ ਤੇ ਗਾਂਧੀ ਦਾ ਦੇਸ਼ ਹੈ। ਇਸ ਦੇਸ਼ ਵੱਲ ਜਿਹੜਾ ਬੁਰੀ ਨਜ਼ਰ ਕਰੇਗਾ, ਅਸੀਂ ਉਹ ਦੀਆਂ ਅੱਖਾਂ ਕੱਢ ਦਿਆਂਗੇ।'

ਤੇ ਅਲਕਾ ਕਹਿੰਦੀ ਹੁੰਦੀ ਸੀ ਕਿ ਮੈਂ ਉਸ ਨੂੰ ਪਹਿਲਾਂ ਵਰਗੀ ਹੀ ਦੇਸ਼ ਉਸਾਰੀ ਦੀ ਕਵਿਤਾ ਲਿਖ ਕੇ ਦੇਵਾਂ, ਕਿਉਂਕਿ ਇਨਾਮ ਮਿਲਦਾ ਹੈ ਤਾਂ ਦੇਸ਼ ਉਸਾਰੀ ਦੀ

ਕਵਿਤਾ ਨੂੰ ਹੀ ਮਿਲਦਾ ਹੈ। ਕਦੇ-ਕਦੇ ਹਾਸੇ ਮਖੌਲ ਵਾਲੀਆਂ ਕਵਿਤਾਵਾਂ ਨੂੰ ਵੀ ਇਨਾਮ ਮਿਲ ਜਾਂਦਾ ਹੈ। ਸਦਾਚਾਰਕ ਕਵਿਤਾਵਾਂ ਜਾਂ ਨੰਗੇ ਭੁੱਖੇ ਦੱਸਦੀਆਂ ਕਵਿਤਾਵਾਂ ਨੂੰ ਕੋਈ ਇਨਾਮ ਨਹੀਂ ਮਿਲਦਾ।

'ਚੌਦਾਂ ਨਵੰਬਰ' ਤੋਂ ਬਾਅਦ 'ਛੱਬੀ ਜਨਵਰੀ' ਆਉਣੀ ਸੀ। ਉਨ੍ਹਾਂ ਦੇ ਸਕੂਲ ਵਿੱਚ ਬਹੁਤ ਵੱਡਾ ਇਕੱਠ ਹੋਣਾ ਸੀ। ਜਦੋਂ ਕਦੇ ਵੀ ਮੈਂ ਉਨ੍ਹਾਂ ਦੇ ਘਰ ਜਾਂਦਾ ਤਾਂ ਉਹ ਮੈਨੂੰ ਚਿੰਬੜ ਜਾਂਦੀ ਸੀ ਤੇ ਰਿਹਾੜ ਕਰਦੀ ਸੀ ਕਿ ਕਵਿਤਾ ਦਿਓ। ਲਾਰਿਆਂ ਵਿੱਚ ਹੀ ਮੈਂ ਉਸ ਦੀ 'ਛੱਬੀ ਜਨਵਰੀ' ਲੰਘਾ ਦਿੱਤੀ। ਹੋਰ ਲਾਰਾ ਲਾਇਆ 'ਛੱਬੀ ਜਨਵਰੀ' ਲੰਘਾ ਦਿੱਤੀ। ਹੋਰ ਲਾਰਾ ਲਾਇਆ 'ਪੰਦਰਾਂ ਅਗਸਤ' ਵਾਸਤੇ ਕਵਿਤਾ ਜ਼ਰੂਰ ਦੇਵਾਂਗਾ। 'ਪੰਦਰਾਂ ਅਗਸਤ' ਵੀ ਲੰਘ ਗਿਆ ਤੇ ਅਲਕਾ ਕਹਿੰਦੀ ਸੀ-ਅੰਕਲ ਜੀ, ਤੁਸੀਂ ਕਵਿਤਾ ਨਹੀਂ ਮੈਨੂੰ ਦਿੱਤੀ ਤੇ ਮੇਰਾ ਇਨਾਮ ਮਾਰਿਆ ਗਿਐ।' ਮੈਂ ਉਸ ਨੂੰ ਪੱਕਾ ਯਕੀਨ ਦਿਵਾਇਆ ਕਿ ਹੁਣ 'ਚੌਦਾਂ ਨਵੰਬਰ' ਵਾਸਤੇ ਜ਼ਰੂਰ ਕੋਈ ਕਵਿਤਾ ਦੇ ਕੇ ਜਾਵਾਂਗਾ। 'ਚੌਦਾਂ ਨਵੰਬਰ' ਤੋਂ ਦਸ ਦਿਨ ਪਹਿਲਾਂ ਮੈਂ ਉਸ ਨੂੰ ਇੱਕ ਕਵਿਤਾ ਲਿਖ ਕੇ ਦੇ ਆਇਆ ਸਾਂ। ਉਸ ਕਵਿਤਾ ਵਿੱਚ ਮੈਂ ਇੱਕ ਮੁੰਡੇ ਦਾ ਰੋਣਾ ਧੋਣਾ ਦੱਸਿਆ ਹੋਇਆ ਸੀ। ਉਹ ਤੀਜੀ ਜਮਾਤ ਵਿੱਚ ਪੜ੍ਹਦਾ ਸੀ। ਉਸ ਦਾ ਪਿਤਾ ਦੋ ਸਾਲ ਤੋਂ ਮੰਜੇ ਵਿੱਚ ਪਿਆ ਹੋਇਆ ਸੀ। ਮਾਂ ਉਸ ਦੀ ਲੋਕਾਂ ਦਾ ਕੱਤ ਕੇ ਤੇ ਹੋਰ ਵੀਹ ਪਾਪੜ ਵੇਲ ਕੇ ਟੱਬਰ ਦਾ ਢਿੱਡ ਭਰਦੀ ਸੀ। ਉਸ ਮੁੰਡੇ ਕੋਲ ਕਿਤਾਬਾਂ ਵੀ ਪੂਰੀਆਂ ਨਹੀਂ ਸਨ। ਹਿਸਾਬ ਦੇ ਸਵਾਲ ਕੱਢਣ ਲਈ ਉਸ ਕੋਲ ਕਾਪੀ ਨਹੀਂ ਸੀ, ਇਸ ਕਰਕੇ ਉਸ ਦੀ 'ਭੈਣ ਜੀ' (ਅਧਿਆਪਕਾ) ਨਿੱਤ ਪੁੱਠੇ ਕੰਨ ਫੜਵਾ ਦਿੰਦੀ ਸੀ।' ਉਸ ਕਵਿਤਾ ਵਿੱਚ ਮੁੰਡੇ ਦੇ ਮੂੰਹੋਂ ਹੀ ਇਹ ਸਭ ਕੁਝ ਦੱਸਿਆ ਗਿਆ ਸੀ ਤੇ ਅੰਤ ਵਿੱਚ ਆਖਿਆ ਸੀ ਕਿ 'ਏ ਰੱਬਾ, ਮੈਨੂੰ ਅੱਜ ਰੋਜ ਖਾਣ ਨੂੰ ਭਾਵੇਂ ਨਾ ਦੇਹ ਪਰ ਅਸਮਾਨ ਉੱਤੋਂ ਸਾਡੇ ਵਿਹੜੇ ਵਿੱਚ ਕਾਪੀਆਂ ਦਾ ਇੱਕ ਥੱਬਾ ਜ਼ਰੂਰ ਸੁੱਟ ਦੇ, ਤਾਂ ਕਿ 'ਭੈਣ ਜੀ' ਦੀ ਨਿੱਤ ਦੀ ਕੁੱਟ ਤੋਂ ਮੇਰੇ ਹੱਡ ਬਚ ਜਾਣ।'

ਉਹ ਕਵਿਤਾ ਜਦ ਅਲਕਾ ਨੇ ਆਪਣੀ 'ਭੈਣ ਜੀ' ਨੂੰ ਜਾ ਦਿਖਾਈ ਤਾਂ ਉਹ ਨਾ ਮਨਜ਼ੂਰ ਹੋ ਗਈ ਸੀ, ਕਿਉਂਕਿ ਉਹ ਕਵਿਤਾ ਇਨਾਮ ਪ੍ਰਾਪਤ ਕਰਨ ਵਾਲੀ ਬਿਲਕੁੱਲ ਹੀ ਨਹੀਂ ਸੀ।

ਹੁਣ 'ਛੱਬੀ ਜਨਵਰੀ' ਨੇੜੇ ਆ ਰਹੀ ਹੈ। ਮੇਰੀ ਭਤੀਜੀ ਅਲਕਾ ਮੈਨੂੰ ਉਡੀਕ ਰਹੀ ਹੋਵੇਗੀ। ਪਰਸੋਂ ਨੂੰ ਮੈਂ ਬਰਨਾਲੇ ਜਾਣਾ ਹੈ। ਬਰਨਾਲੇ ਗਿਆ ਤਾਂ ਵੱਡੇ ਭਾਈ ਦੇ ਘਰ ਵੀ ਜ਼ਰੂਰ ਜਾਵਾਂਗਾ। ਅਲਕਾ ਮਿਲੀ ਤਾਂ ਮੇਰੇ ਹੱਥਾਂ ਨੂੰ ਫੜ ਕੇ ਪੁੱਛੇਗੀ-ਅੰਕਲ ਜੀ, ਕਵਿਤਾ?'

ਕਦੇ ਜ਼ਾਮਨਾ ਸੀ, ਜਦੋਂ ਮੈਂ 'ਦੇਸ਼ ਉਸਾਰੀ' ਦੀਆਂ ਕਵਿਤਾਵਾਂ ਲਿਖਦਾ ਹੁੰਦਾ ਸਾਂ। ਰੇਡੀਓ ਵਾਲੇ ਮੈਨੂੰ ਸੱਦ ਲੈਂਦੇ ਸਨ। ਦਿਹਾਤੀ ਪ੍ਰੋਗਰਾਮ ਵਿੱਚ ਕਵਿਤਾ ਪੜ੍ਹਵਾ ਕੇ ਮੈਨੂੰ ਚੰਗਾ ਗੱਫ਼ਾ ਦੇ ਦਿੰਦੇ ਸਨ ਤੇ ਮੈਂ ਪੁੱਠੀਆਂ ਛਾਲਾਂ ਮਾਰਦਾ ਜਲੰਧਰੋਂ ਜਦੋਂ ਪਿੰਡ ਆਉਂਦਾ ਤਾਂ ਮੈਨੂੰ ਮਹਿਸੂਸ ਹੁੰਦਾ, ਜਿਵੇਂ ਮੈਂ ਆਪਣੇ ਇਲਾਕੇ ਦੇ ਸਾਰੇ ਕਵੀਆਂ ਵਿੱਚੋਂ ਉੱਚਾ ਕਵੀ ਹਾਂ, ਕਿਉਂਕਿ ਮੈਂ ਰੇਡੀਓ 'ਤੇ ਬੋਲਣ ਵਾਲਾ ਕਵੀ ਸਾਂ ਤੇ ਦੂਜੇ ਕਵੀ ਤਖ਼ਤਪੋਸ਼ ਦੀ ਸਟੇਜ 'ਤੇ ਬੋਲਣ ਵਾਲੇ ਘਟੀਆ ਕਵੀ ਹੀ ਮੈਨੂੰ ਦਿੱਸਦੇ ਸਨ। ਰੇਡੀਓ

’ਤੇ ਓਦੋਂ ਮੈਂ ਦੇਸ਼ ਉਸਾਰੀ ਦੀਆਂ ਕਵਿਤਾਵਾਂ ਪੜ੍ਹਦਾ ਹੁੰਦਾ ਤਾਂ ਮੈਨੂੰ ਪਤਾ ਵੀ ਨਹੀਂ ਸੀ ਕਿ ਦੇਸ਼ ਵਿੱਚ ਉਸਾਰੀ ਕਿਤੇ ਹੋ ਵੀ ਰਹੀ ਹੈ ਜਾਂ ਨਹੀਂ, ਬੱਸ ਮੈਨੂੰ ਤਾਂ ਇਹੀ ਹੈਂਕੜ ਸੀ ਕਿ ਮੈਂ ਰੇਡੀਓ ਕਵੀ ਹਾਂ ਤੇ ਰੇਡੀਓ ਵਾਲੇ ਮੈਨੂੰ ਮਾਇਆ ਦੇ ਚੰਗੇ ਛਾਂਦੇ ਦਿੰਦੇ ਹਨ। ਫਿਰ ਇੱਕ ਐਸਾ ਸਮਾਂ ਆਇਆ, ਜਦੋਂ ਸਰਕਾਰ ਥਾਂ-ਥਾਂ ਕਵੀ ਦਰਬਾਰ ਕਰਵਾਉਂਦੀ ਹੁੰਦੀ। ਮੈਂ ਉਨ੍ਹਾਂ ਕਵੀ ਦਰਬਾਰਾਂ ਵਿੱਚ ਵੀ ਅੱਡੀਆਂ ਚੁੱਕ ਚੁੱਕ ਬੋਲਦਾ ਰਿਹਾ। ਇੱਕ ਕਵਿਤਾ ਬੋਲਣ ਦੇ ਤੀਹ ਰੁਪਈਏ ਮਿਲ ਜਾਂਦੇ ਸਨ। ਏਦੂੰ ਚੰਗਾ ਹੋਰ ਵਪਾਰ ਮੇਰੇ ਲਈ ਕਿਹੜਾ ਸੀ।

ਉਦੋਂ ਤਾਂ ਸਰਕਾਰੀ ਰਸਾਲਿਆਂ ਵਿੱਚ ਵੀ ਮੇਰੀਆਂ ਕਵਿਤਾਵਾਂ ਛਪਦੀਆਂ ਹੁੰਦੀਆਂ ਸਨ। ਦੂਜੇ ਤੀਜੇ ਮਹੀਨੇ ਮੈਨੂੰ ਮਨੀਆਰਡਰ ਆਇਆ ਹੀ ਰਹਿੰਦਾ। ਫੇਰ ਜਦ ਚੀਨ ਨੇ ਭਾਰਤ ’ਤੇ ਹਮਲਾ ਕਰ ਦਿੱਤਾ ਤੇ ਉਸ ਤੋਂ ਪਿੱਛੋਂ ਪਾਕਿਸਤਾਨ ਨੇ ਸਾਡੇ ਨਾਲ ਜੰਗ ਛੇੜ ਲਈ, ਓਦੋਂ ਵੀ ਮੈਂ ਆਪਣੀਆਂ ਕਵਿਤਾਵਾਂ ਵਿੱਚ-ਟੈਂਕਾਂ ਦੇ ਚੰਗੇ ਪੀਪੇ ਬਣਾਏ। ਉਹ ਦੋ ਜੰਗਾਂ ਕਾਹਦੀਆਂ ਛਿੜੀਆਂ, ਦੋ ਤਿੰਨ ਸਾਲ ਕਵੀ ਦਰਬਾਰਾਂ ਦੀ ਮੈਨੂੰ ਵਧੀਆ ਆਮਦਨ ਹੁੰਦੀ ਰਹੀ।

ਪਰ ਦੇਸ਼ ਵਿੱਚ ਉਸਾਰੀ ਘੱਟ ਹੋ ਰਹੀ ਸੀ ਤੇ ਉਸਾਰੀ ਦੀ ਡੱਫ਼ ਬਹੁਤੀ ਵੱਜ ਰਹੀ ਸੀ। ਪੈਸੇ ਤਾਂ ਕੰਜਰ ਵੀ ਬਥੇਰੇ ਕਮਾ ਲੈਂਦੇ ਹਨ। ਕਲਾ ਕਦੇ ਕੰਜਰੀ ਨਹੀਂ ਬਣਦੀ ਹੁੰਦੀ। ਤੇ ਮੈਂ ਫਿਰ ਸਮਝਣ ਲੱਗ ਪਿਆ ਸਾਂ ਕਿ ਮੇਰੀ ਕਵਿਤਾ ਕੰਜਰੀ ਬਣ ਕੇ ਚਕਲੇ ਬੈਠ ਗਏ ਈ।

ਅਜਿਹੀ ਕਵਿਤਾ ਲਈ ਮੇਰੀ ਆਤਮਾ ਵਿੱਚ ਨਫ਼ਰਤ ਜਾਗ ਉੱਠੀ।

ਹੁਣ ਮੈਂ ਅਜਿਹੀ ਕਵਿਤਾ ਬਿਲਕੁੱਲ ਨਹੀਂ ਲਿਖ ਸਕਦਾ। ਮੇਰੀ ਭਤੀਜੀ ਅਲਕਾ ਅਜੇ ਵੀ ਚਾਹੁੰਦੀ ਹੈ ਕਿ ਮੈਂ ਉਸ ਨੂੰ ਓਹੋ ਜਿਹੀ ਕਵਿਤਾ ਲਿਖ ਕੇ ਦੇਵਾਂ, ਜਿਹੋ ਜਿਹੀ ਓਦੋਂ ਮੈਂ ਉਸ ਨੂੰ ਲਿਖ ਕੇ ਦਿੱਤੀ ਸੀ ਤੇ ਉਸ ਨੂੰ ਇਨਾਮ ਮਿਲਿਆ ਸੀ। ਦੇਸ਼ ਉਸਾਰੀ ਦੀ ਕਵਿਤਾ, ਜਿਸ ਨੂੰ ਇਨਾਮ ਮਿਲ ਹੀ ਜਾਂਦਾ ਹੈ। ਅਲਕਾ ਨੂੰ ਮੈਂ ਕਿਵੇਂ ਸਮਝਾਵਾਂ ਕਿ ਹੁਣ ਮੈਂ ਅਜਿਹੀ ਕਵਿਤਾ ਨਹੀਂ ਲਿਖ ਸਕਦਾ।

ਹੁਣੇ ਜਦੋਂ ਕਿ ਮੈਂ ਇਹ ਕਹਾਣੀ ਲਿਖ ਰਿਹਾ ਹਾਂ, ਮੇਰਾ ਬੁੱਢਾ ਪਿਓ-ਦਮੇ ਨਾਲ ਦੂਹਰਾ ਹੋ ਹੋ ਜਾਂਦਾ-ਮੇਰੇ ਸਰ੍ਹਾਣਿਓਂ ਉੱਠ ਕੇ ਗਿਆ ਹੈ। ਉਹ ਮੈਥੋਂ ਪੰਜ ਰੁਪਈਏ ਮੰਗ ਰਿਹਾ ਸੀ, ਜਿਹੜੇ ਕਿ ਉਸ ਨੇ ਪਟਵਾਰੀ ਨੂੰ ਰਿਸ਼ਵਤ ਦੇਣੇ ਹਨ। ਉੱਨੀ ਸੌ ਪਚਵੰਜਾ ਵਿੱਚ ਜਦੋਂ ਬਹੁਤੇ ਮੀਂਹ ਪਏ ਸਨ ਤੇ ਹੜ੍ਹ ਆ ਗਏ ਸਨ, ਓਦੋਂ ਸਰਕਾਰ ਨੇ ਲੋਕਾਂ ਨੂੰ ਢਹੇ ਘਰ ਮੁਰੰਮਤ ਕਰਨ ਲਈ ਤੇ ਖੇਤਾਂ ਵਿੱਚ ਬੀਅ ਪਾਉਣ ਲਈ ਰੁਪਈਏ ਦਿੱਤੇ ਸਨ। ਬਾਪੂ ਵੀ ਓਦੋਂ ਸੱਤਰ ਰੁਪਈਏ ਲੈ ਆਇਆ ਸੀ। ਫਿਰ ਅੱਠ ਨੌਂ ਸਾਲਾਂ ਬਾਅਦ ਸਰਕਾਰ ਨੇ ਉਹ ਰੁਪਈਏ ਉਗਰਾਹੁਣੇ ਸ਼ੁਰੂ ਕਰ ਦਿੱਤੇ। ਹਰ ਸਾਲ ਬਾਪੂ ਦੇ ਪੁੜਿਆਂ ’ਤੇ ਪਟਵਾਰੀ ਅੱਗ ਮਚਾ ਦਿੰਦਾ ਤੇ ਹਰ ਸਾਲ ਹੀ ਬਾਪੂ ਪੰਜ ਰੁਪਈਏ ਦੇ ਕੇ ਪਟਵਾਰੀ ਨੂੰ ਚੁੱਪ ਕਰਾ ਦਿੰਦਾ ਹੈ। ਪੰਜ ਸਾਲ ਹੋ ਗਏ ਬਾਪੂ ਨੂੰ ਪੰਜ-ਪੰਜ ਰੁਪਈਏ ਦਿੰਦੇ ਨੂੰ, ਪਰ ਸੱਤਰ ਰੁਪਈਏ ਉਹ ਨਹੀਂ ਮੋੜਦਾ। ਪਟਵਾਰੀ ਅੰਦਰਲੇ ਮਨੋਂ ਕਹਿੰਦਾ ਹੈ ਕਿ ਸੱਤਰ ਰੁਪਈਏ ਉਹ ਮੋੜ ਦੇਵੇ।

ਅੱਜ ਠੰਡ ਬੜੀ ਹੈ। ਮੈਂ ਰਜ਼ਾਈ ਵਿੱਚ ਬੈਠਾ ਲਿਖ ਰਿਹਾ ਹਾਂ। ਮੇਰੇ ਕੋਲ ਮੇਰਾ ਵੱਡਾ ਮੁੰਡਾ ਸੁੱਤਾ ਪਿਆ ਹੈ। ਮੇਰੀ ਘਰ ਵਾਲੀ ਹੁਣੇ ਮੇਰੇ ਪੈਂਦੀ ਬੈਠੀ ਸੀ ਤੇ ਮੇਰੇ ਨਾਲ ਝਗੜ ਕੇ ਰਸੋਈ ਵਿੱਚ ਚਲੀ ਗਈ ਹੈ ਤੇ ਭਾਂਡੇ ਮਾਂਜਣ ਲੱਗ ਪਈ ਹੈ। ਮੇਰੇ ਨਾਲ ਉਹ ਝਗੜ ਕੇ ਗਈ ਹੈ ਕਿ ਮੈਂ ਦੋ ਮਹੀਨੇ ਹੋ ਗਏ, ਚੌਵੀ ਰੁਪਈਏ ਉਸ ਨੂੰ ਕਿਉਂ ਨਹੀਂ ਦਿੰਦਾ, ਜਿਹੜੇ ਉਸ ਨੇ ਹੇਠਲੇ ਉਤਲੇ ਸਾਰੇ ਦੰਦ ਨਿਕਲਿਆਂ ਵਾਲੀ ਕੁੱਜੇ ਮੂੰਹੀਂ ਇੱਕ ਰੰਡੀ ਤੀਵੀਂ ਦੇ ਦੇਣੇ ਹਨ। ਦੋ ਰੁਪਏ ਮਹੀਨਾ ਸੈਂਕੜਾ ਦੇ ਹਿਸਾਬ ਉਸ ਨੇ ਇੱਕ ਸੌ ਰੁਪਈਆ ਉਸ ਰੰਡੀ ਤੀਵੀਂ ਕੋਲੋਂ ਸਾਲ ਭਰ ਹੋ ਗਿਆ, ਮੈਨੂੰ ਲਿਆ ਕੇ ਦਿੱਤਾ ਸੀ ਤੇ ਜਿਸ ਨਾਲ ਮੈਂ ਆਪਣੇ ਜੀਵਨ ਬੀਮੇ ਦੀ ਛਮਾਹੀ ਕਿਸ਼ਤ ਭਰੀ ਸੀ। ਮੇਰੀ ਘਰਵਾਲੀ ਮੇਰੇ ਨਾਲ ਦੂਰੋਂ ਦੂਰੀ ਹੋ ਕੇ ਉੱਠੀ ਹੈ-ਸੌ ਰੁਪਈਆ ਜੇ ਨਹੀਂ ਮੁੜਦਾ ਤਾਂ ਚੌਵੀ ਰੁਪਈਏ ਵਿਆਜ ਦੇ ਤਾਂ ਗਾਲਦੇ, ਫੂਕਦੇ, ਮੋੜਦੇ। ਤੇਰੀ ਤਿੰਨ ਸੌ ਰੁਪਈਆ ਤਨਖ਼ਾਹ ਪਤਾ ਨਹੀ ਕਿਹੜੇ ਖ਼ੂਹ ਖਾਤੇ ਜਾਂਦੀ ਐ। ਬਾਹਰੇ ਬਾਹਰ ਪਤਾ ਨੀ ਕਿਹੜੀ ਸੌਂਕਣ ਨੂੰ ਦੇ ਔਨੈਂ।

ਜਦ ਕਿ ਮੈਂ ਇਹ ਸਭ ਕੁਝ ਲਿਖ ਰਿਹਾ ਹਾਂ ਤਾਂ ਮੇਰੇ ਕੋਲ ਪਿਆ ਮੇਰਾ ਵੱਡਾ ਮੁੰਡਾ, ਜੋ ਦੂਜੀ ਜਮਾਤ ਪੜ੍ਹਦਾ ਹੈ, ਇਕਦਮ ਸੁੱਤਾ ਪਿਆ ਡਰ ਕੇ ਚਾਂਗਾਂ ਮਾਰਦਾ ਉੱਠ ਖੜ੍ਹਾ ਹੈ। ਉਸ ਦੇ ਹੱਥ ਵਿੱਚ ਉਸ ਦਾ ਖੱਬਾ ਹੱਥ ਘੁੱਟ ਕੇ ਫੜਿਆ ਹੋਇਆ ਹੈ। ਮੈਂ ਵੀ ਡਰ ਜਾਂਦਾ ਹਾਂ ਤੇ ਉਸ ਦੀ ਮਾਂ ਨੂੰ ਹਾਕ ਮਾਰਦਾਂ ਹਾਂ– 'ਆਈਂ ਨੀ ਭੱਜ ਕੇ, ਕੀ ਹੋ ਗਿਆ ਇਹਨੂੰ? ਆਈਂ ਦੇਖੀਂ ਆ ਕੇ।' ਉਹ ਭਾਂਡੇ ਮਾਂਜਦੀ ਸੁਆਹ ਨਾਲ ਲਿੱਬੜੀ ਹੱਥੀਂ ਆ ਕੇ ਗੋਦੀ ਵਿੱਚ ਮੁੰਡੇ ਨੂੰ ਘੁੱਟ ਲੈਂਦੀ ਹੈ। ਉਸ ਦੇ ਖੱਬੇ ਹੱਥ ਨੂੰ ਸੱਜੇ ਹੱਥ ਵਿੱਚ ਫੜੇ ਹੋਏ ਨੂੰ ਦੇਖ ਕੇ ਉਹ ਮੈਨੂੰ ਦੱਸਦੀ ਹੈ– 'ਪਰਸੋਂ ਚੌਥੇ ਇਹ ਦੇ ਮਾਸਟਰ ਨੇ ਇਹ ਦੀਆਂ ਉਂਗਲਾਂ ਵਿੱਚ ਪੈਨਸਲ ਪਾ ਕੇ ਇਹਦਾ ਖੱਬਾ ਹੱਥ ਦੱਬ ਕੇ ਘੁੱਟ ਦਿੱਤਾ ਤੇ ਇਹ ਚੰਦਰਾ ਓਦਣ ਦਾ ਸੁਪਨੇ 'ਚ ਵੀ ਡਡਿਆ ਕੇ ਉੱਠ ਖੜ੍ਹਦੈ।'

'ਉਂਗਲਾਂ ਇਉਂ ਕਿਉਂ ਘੁੱਟ 'ਤੀਆਂ ਸਾਲੇ ਕਸਾਈ ਨੇ?' ਮੈਂ ਉਸ ਤੋਂ ਪੁੱਛਦਾ ਹਾਂ। ਉਹ ਦੱਸਦੀ ਹੈ– 'ਏਸਦੇ ਪਾਂਜੇ ਦਾ ਪਹਾੜਾ ਯਾਦ ਨੀ ਸੀ।'

ਅਸੀਂ ਮੁੰਡੇ ਨੂੰ ਸੁਰਤ ਵਿੱਚ ਲਿਆਉਂਦੇ ਹਾਂ ਤਾਂ ਛੋਟੀ ਗੁੱਡੀ ਬਰੜਾਉਂਦੀ ਸੁਣਦੀ ਹੈ– 'ਪੱਲੀਆਂ,ਪੱਲੀਆਂ', ਮੈਂ ਹੱਸ ਪੈਂਦਾ ਹਾਂ। ਮੇਰੀ ਘਰਵਾਲੀ ਦੱਸਦੀ ਹੈ– 'ਚੱਪਲੀਆਂ ਨੂੰ,'ਪੱਲੀਆਂ' ਕਹਿੰਦੀ ਐ ਮਰ ਜਾਣੀ' ਤੇ ਫਿਰ ਉਹ ਮੈਨੂੰ ਵਾਸਤਾ ਪਾਉਂਦੀ ਹੈ– 'ਐਤਕੀਂ ਦੀ ਤਨਖ਼ਾਹ ਮਿਲੀ ਤੋਂ ਚੱਪਲੀਆਂ ਇਹ ਨੂੰ, ਵਿਚਾਰੀ ਨੂੰ ਜ਼ਰੂਰ ਲਿਆ ਦੀਂ।'

ਛੱਬੀ ਜਨਵਰੀ ਨੇੜੇ ਆ ਰਹੀ ਹੈ। ਅਲਕਾ ਮੈਨੂੰ ਉਡੀਕ ਰਹੀ ਹੋਵੇਗੀ। ਬਰਨਾਲੇ ਗਿਆ ਤਾਂ ਉਹ ਮੈਥੋਂ ਕਵਿਤਾ ਜ਼ਰੂਰ ਮੰਗੇਗੀ। ਅਜਿਹੀ ਹਾਲਤ ਵਿੱਚ ਮੈਂ ਕਿਵੇਂ ਕਿਹੜੇ ਹੱਥਾਂ ਨਾਲ ਦੇਸ਼ ਦੀ ਉਸਾਰੀ ਦਾ ਝੂਠ ਬੋਲ ਕੇ ਅਲਕਾ ਨੂੰ ਕਵਿਤਾ ਲਿਖ ਕੇ ਦੇ ਦਿਆਂ?

ਪਰਸੋਂ ਨੂੰ ਜਦ ਮੈਂ ਬਰਨਾਲੇ ਗਿਆ ਤਾਂ ਅਲਕਾ ਦਾ ਕੰਨ ਮਰੋੜ ਕੇ ਕਹਾਂਗਾ– 'ਬੱਚੂ, ਜਿਵੇਂ ਤੇਰਾ ਚਾਚਾ ਕਵਿਤਾ ਲਿਖਣੋਂ ਹਟ ਗਿਆ ਹੈ, ਓਵੇਂ ਜਿਵੇਂ ਤੂੰ ਵੀ ਅਜਿਹੀਆਂ ਝੂਠੀਆਂ ਕਵਿਤਾਵਾਂ ਸਟੇਜ 'ਤੇ ਬੋਲਣੋਂ ਹਟ ਜਾ।' ♦

# ਤੀਜਾ ਪੁੱਤ

'ਹੁਣ ਚਾਹ ਬਣਾ ਦੇ, ਮਾਸੀ, ਅੱਡੀ ਚੱਕ!' ਕਰਮੇ ਨੇ ਆਥਣ ਦੀ ਰੋਟੀ ਖਾ ਕੇ ਹੱਥ ਧੋਂਦਿਆਂ ਆਖਿਆ।

'ਭੂਆ ਦੇ ਫੇਰੇ ਦੇਣਿਆ, ਅੱਗੇ ਵੀ ਤਾਂ ਫ਼ੀਮ ਅਰਗੀ ਪੀਨੈਂ। ਆਪੇ ਈ ਬਣਾ, ਜਹੀ ਜੀ ਡੱਫਣੀ ਐ।' ਮਾਸੀ ਇਹ ਕਹਿ ਕੇ ਕਾੜ੍ਹਨੀ 'ਚੋਂ ਦੁੱਧ ਵਧਾਉਣ ਲੱਗ ਪਈ।

ਕਰਮੇ ਨੇ ਪਤੀਲੇ ਵਿੱਚ ਪਾਣੀ ਪਾ ਕੇ ਚੁੱਲ੍ਹੇ 'ਤੇ ਰੱਖ ਦਿੱਤਾ। ਚੁੱਲ੍ਹੇ ਵਿੱਚ ਛਟੀਆਂ ਦੀ ਅੱਗ ਮਚਾ ਕੇ ਆਪ ਉਹ ਦਰਵਾਜ਼ੇ ਵਿੱਚ ਬੈਠੇ ਸੀਰੀ ਕੋਲ ਆ ਖੜ੍ਹਾ।

'ਕਰਮਿਆ, ਚੌਥਾ ਕੁ ਹਿੱਸਾ ਰਹਿਗੀ ਰੂੜੀ ਹੁਣ ਤਾਂ। ਤੜਕੇ ਨੂੰ ਟੋਆ ਖਾਲ਼ੀ ਹੋ ਜੂ?' ਕਰਮੇ ਦੇ ਮਾਸੜ ਨੇ ਬਾਹਰਲੇ ਘਰੋਂ ਮਹਿੰ ਦੀ ਧਾਰ ਕੱਢ ਕੇ ਲਿਆਂਦੀ ਦੁੱਧ ਦੀ ਬਾਲਟੀ ਚੌਂਤਰੇ 'ਤੇ ਰੱਖਦਿਆਂ ਪੁੱਛਿਆ।

'ਤੜ੍ਹਕਾ ਕੀਹਨੂੰ ਆਇਆ ਮਾਸੜਾ, ਅੱਧੀ ਰਾਤ ਤਾਈਂ ਜੇ ਚੰਦ ਨਾ ਛਿਪਿਆ ਤਾਂ ਇੱਕ ਦੋ ਗੱਡੇ ਈ ਰਿਹੁ ਬਚੂ।' ਕਰਮੇ ਨੇ ਪੂਰੀ ਦਿਲੇਰੀ ਦਿਖਾਈ।

'ਕੋਈ ਜੱਟ ਅੜ੍ਹਕਦੈ ਕਿ ਨਹੀਂ? ਕਰਮਾ ਤਾਂ ਹੁਣ ਕੰਮ 'ਚ ਪੂਰੀ ਜਾਨ ਹੂਲਦੈ, ਚਾਚਾ।' ਸੀਰੀ ਨੇ ਕਰਮੇ ਨੂੰ ਮਿੱਠੀ ਚਹੇਡ ਕੀਤੀ ਤੇ ਵਜਾ ਨਾਲ ਕਰਮੇ ਦੀ ਗੱਲ ਵੀ ਤੋਰ ਦਿੱਤੀ।

'ਸੁੱਖ ਰਹੀ ਤਾਂ ਪਰਸੋਂ ਨੂੰ ਕੱਟਾ ਕੱਟੀ ਹੋਜੂ।' ਕਰਮੇ ਦੇ ਮਾਸੜ ਨੇ ਪੂਰੀ ਦਿਲਜਮੀ ਨਾਲ ਆਖ ਦਿੱਤਾ। ਖ਼ੁਸ਼ੀ ਨਾਲ ਕਰਮੇ ਦੀਆਂ ਮੁੱਛਾਂ ਫ਼ਰਕ ਪਈਆਂ ਤੇ ਫੇਰ ਕਰਮਾ ਤੇ ਸੀਰੀ ਕੁਝ ਘੁਸਰ ਮੁਸਰ ਕਰਦੇ ਰਹੇ, ਜਿਸ ਵਿੱਚੋਂ ਕਦੇ ਕਦੇ ਛਣਕਦੀ ਚੀਕਦੀ ਹਾਸੀ ਵੀ ਕਰਮੇ ਦੇ ਮੂੰਹੋਂ ਸੁਣਾਈ ਦਿੰਦੀ ਸੀ।

ਚਾਹ ਪੀ ਕੇ ਉਹ ਉੱਠ ਖੜ੍ਹੇ।

'ਦੁੱਧ ਰੱਖ ਦੀਂ ਮਾਸੀ, ਇੱਕ ਵਾਰੀ ਫੇਰ ਕਰਾਂਗੇ ਚਾਹ।' ਕਰਮੇ ਨੇ ਜਾਂਦੇ ਹੋਏ ਨੇ ਆਖਿਆ।

***

ਕਰਮਾ ਚਾਰ ਸਾਲ ਤੋਂ ਮਾਸੀ ਦੇ ਘਰ ਰਹਿੰਦਾ ਸੀ। ਆਪਣੇ ਪਿੰਡ ਉਹ ਸਾਲ ਛੀ ਮਹੀਨਿਆਂ ਪਿੱਛੋਂ ਹੀ ਗੇੜਾ ਮਾਰਦਾ। ਉਸ ਦਾ ਪਿਓ ਤਾਂ ਘਰ ਨੂੰ ਸਿਉਂਕ ਲੱਗੀ ਹੋਈ ਸੀ। ਮਾੜੀ ਮੋਟੀ ਜਿਹੜੀ ਜ਼ਮੀਨ ਸੀ, ਉਹ ਉਸ ਨੇ ਫ਼ੀਮ, ਸ਼ਰਾਬ ਤੇ ਚਿਲਮ ਮੂੰਹੋਂ ਫੂਕ ਦਿੱਤੀ ਸੀ। ਕਰਮੇ ਹੋਰੀਂ ਤਿੰਨ ਭਰਾ ਸਨ। ਪਿਓ ਦੇ ਲੱਛਣ ਦੇਖ ਕੇ ਵੱਡਾ ਗੁਰਦੁਆਰੇ

ਦਾ ਪਾਠੀ ਜਾ ਬਣਿਆ ਸੀ। ਉਸ ਤੋਂ ਛੋਟਾ ਪੁਲਿਸ ਵਿੱਚ ਭਰਤੀ ਹੋ ਗਿਆ। ਸਭ ਤੋਂ ਛੋਟਾ ਕਰਮਾ ਸੀ। ਵਿਆਹਿਆ ਉਨ੍ਹਾਂ ਤਿੰਨਾਂ ਵਿੱਚੋਂ ਕੋਈ ਵੀ ਨਹੀਂ ਸੀ। ਮਾਂ ਉਨ੍ਹਾਂ ਦੀ ਲੋਕਾਂ ਦਾ ਗੋਲਾ ਧੰਦਾ ਕਰਕੇ ਟੱਬਰ ਦਾ ਮਸ੍ਹਾਂ ਪਲ ਪੂਰਾ ਕਰਦੀ। ਪਾਠੀ ਤੇ ਪੁਲਿਸੀਆ ਕਦੇ ਵੀ ਘਰ ਨਹੀਂ ਸਨ ਵੜਦੇ।

ਉਨ੍ਹਾਂ ਦੀ ਮਾਸੀ ਇੱਕ ਵਾਰੀ ਉਨ੍ਹਾਂ ਦੇ ਪਿੰਡ ਗਈ ਤੇ ਘਰ ਦਾ ਇਹ ਹਾਲ ਦੇਖ ਕੇ ਕਰਮੇ ਨੂੰ ਆਪਣੇ ਨਾਲ ਲੈ ਆਈ।

'ਕਰਮੇ ਨੂੰ ਭੈਣੇ ਤੂੰ ਹੀ ਨਾਲ ਲੈ ਜਾ। ਰੱਜ ਕੇ ਟੁੱਕ ਤਾਂ ਖਾਊ। ਨਾਲੇ ਥੋੜੇ ਆਸਰੇ ਨਾਲ ਕੀਹਐ ਕੋਈ ਜੱਟ ਅੜ੍ਹਕ ਜੇ।' ਉਸ ਦੀ ਮਾਂ ਨੇ ਆਪ ਹੀ ਆਖ ਦਿੱਤਾ ਸੀ।

ਉਸ ਦੀ ਮਾਸੀ ਦੇ ਤਿੰਨ ਧੀਆਂ ਸਨ। ਦੋ ਮੁੰਡੇ ਜਿਹੜੇ ਹੋਏ, ਦੋਵੇਂ ਰੱਬ ਘਰ ਛੋਟੇ ਹੁੰਦੇ ਹੀ ਚਲੇ ਗਏ। ਹੁਣ ਧੀਆਂ ਤਿੰਨੇ ਆਪੋ-ਆਪਣੀ ਘਰੀਂ ਜਾ ਚੁੱਕੀਆਂ ਸਨ।

ਉਸ ਦੇ ਮਾਸੜ ਕੋਲ ਜ਼ਮੀਨ ਚੰਗੀ ਸੀ। ਪਹਿਲਾਂ ਤਾਂ ਉਹ ਇੱਕ ਸੀਰੀ ਨਾਲ ਰਲਾ ਕੇ ਪੂਰੇ ਜ਼ੋਰ ਸ਼ੋਰ ਨਾਲ ਕੰਮ ਕਰਦਾ ਰਿਹਾ। ਇਕੱਲਾ ਹੋਣ ਕਰਕੇ ਔਖਾ ਵੀ ਖਾਸਾ ਹੁੰਦਾ ਸੀ, ਪਰ ਜਦੋਂ ਦਾ ਕਰਮਾ ਆ ਗਿਆ ਸੀ, ਉਸ ਨੂੰ ਪੂਰਾ ਸਹਾਰਾ ਮਿਲ ਗਿਆ ਸੀ।

ਕਰਮੇ ਦੀ ਉਮਰ ਛੱਬੀ ਸਤਾਈ ਸਾਲ ਦੀ ਹੋ ਚੁੱਕੀ ਸੀ।

ਉਸ ਦਾ ਮਾਸੜ ਕਈ ਥਾਵਾਂ ਤੋਂ ਘੇਰ-ਘੇਰ ਕੇ ਸਾਕ ਲਿਆਉਂਦਾ, ਪਰ ਗੱਲ ਸਿਰੇ ਨਾ ਚੜ੍ਹਦੀ।

'ਤੇਰਾ ਆਪਣਾ ਮੁੰਡਾ ਹੁੰਦਾ ਤਾਂ...' ਕੋਈ ਕਹਿ ਕੇ ਮੁੜ ਜਾਂਦਾ।

'ਜ਼ਮੀਨ ਦਾ ਤਾਂ ਇੱਕ ਖੁੱਡ ਵੀ ਨਹੀ ਇਹ ਦੇ ਪਿਓ ਕੋਲ।' ਬਹੁਤਿਆਂ ਦਾ ਜਵਾਬ ਹੁੰਦਾ।

'ਆਪ ਤਾਂ ਤੇਰੇ ਟੁੱਕ ਖਾਂਦੈ, ਬਿਗਾਨੀ ਧੀ ਨੂੰ ਕੀ ਖਵਾ ਦੂ?' ਸਭ ਇਹ ਕਹਿੰਦੇ।

ਉਸ ਦਾ ਮਾਸੜ ਪੂਰੀ ਵਾਹ ਲਾ ਰਿਹਾ ਸੀ। ਉਸ ਨੇ ਏਥੋਂ ਤੀਕ ਵੀ ਕਹਿ ਦਿੱਤਾ- 'ਏਸ ਦਾ ਵਿਆਹ ਮੈਂ ਆਪ ਕਰੂੰ। ਜ਼ਮੀਨ ਵੀ ਥੋੜ੍ਹੀ ਘਣੀ ਏਸ ਦੇ ਨਾਉਂ ਲਵਾ ਦਿੰਨਾਂ। ਵਿਆਹ ਕਰਾ ਕੇ ਵੀ ਇਹ ਮੇਰੇ ਕੋਲ ਈ ਰਹੂ।'

'ਪੁੱਤ ਬਿਗਾਨਾ ਈ ਐ ਨਾ!' ਕੋਈ ਵੀ ਗੱਲ ਨਾ ਬਣੀ।

ਜਦੋਂ ਕੋਈ ਵੀ ਆਸ ਹੁੰਦੀ, ਕਰਮਾ ਜਾਨ ਤੋੜ-ਤੋੜ ਕੰਮ ਕਰਦਾ ਤੇ ਜਦੋਂ ਕੋਈ ਸਾਕ ਕਰਨ ਆਇਆ ਜੱਟ ਤਿਲ੍ਹਕ ਜਾਂਦਾ ਤਾਂ ਉਸ ਦਾ ਜੀਅ ਕਰਦਾ ਕਿ ਕੁਝ ਖਾ ਕੇ ਮਰ ਜਾਵੇ ਤੇ ਜਾਂ ਆਪਣੇ ਪਿਓ ਕੰਜਰ ਨੂੰ ਮਿੱਟੀ ਦਾ ਤੇਲ ਪਾ ਕੇ ਫੂਕ ਆਵੇ, ਪਰ ਉਸ ਦਾ ਮਾਸੜ ਉਸ ਦੀ ਆਸ ਬੰਨ੍ਹਾਈ ਰੱਖਦਾ ਸੀ।

'ਪੰਜ ਸੱਤ ਸੌ ਝੋਕ ਦਿਆਂਗੇ। ਆਪੇ ਸਾਲਾ ਕੋਈ ਭੁੱਖਾ ਮਰਦਾ ਜੱਟ ਮੰਨ ਜੂ।' ਉਸ ਦੇ ਮਾਸੜ ਦੀ ਪੂਰੀ ਦਲੀਲ ਹੁੰਦੀ।

***

ਇੱਕ ਦਿਨ ਉਹ ਖੇਤ ਵਿੱਚ ਕਪਾਹ ਗੁੱਡਣ ਗਏ। ਦੋ ਤਿੰਨ ਦਿਹਾੜੀਏ ਤੇ ਚਾਰ ਪੰਜ ਉਨ੍ਹਾਂ ਨਾਲ ਬਿੜ੍ਹੀ ਵਾਲੇ ਸਨ। ਸਾਵਣ ਭਾਦੋਂ ਦੀ ਕੜਕਦੀ ਧੁੱਪ ਵਿੱਚ ਉਹ ਸਾਰਾ

ਦਿਨ ਕਪਾਹ ਗੁਡਦੇ ਰਹੇ। ਦੂਜੇ ਦਿਨ ਕਰਮੇ ਤੇ ਸੀਰੀ ਨੇ ਮੰਡੀ ’ਤੇ ਮਹਿੰ ਵੇਚਣ ਜਾਣਾ ਸੀ। ਸਾਰਾ ਦਿਨ ਹੀ ਦੂਜੇ ਗੁਡਾਵੇ ਉਸ ਨੂੰ ਮਸ਼ਕਰੀਆਂ ਕਰਦੇ ਰਹੇ।

‘ਕਰਮਿਆ ਸਾਲਿਆ ਐਵੇਂ ਈ ਧੁੱਪ ’ਚ ਪਿੰਡਾ ਫੂਕਦੈਂ, ਤੀਵੀਂ ਤਾਂ ਹਾਲ ਤਾਈਂ ਜੁੜੀ ਨੀ?’

‘ਓਏ ਕੋਈ ਅੱਖੋਂ ਲਾਮੀ ਨੀ ਥਿਉਂਦੀ?’

‘ਮਾਸੜ ਤੈਨੂੰ ਕਿੱਥੋਂ ਡੋਲਾ ਲਿਆ ਦੂ, ਜਿੰਨਾ ਚਿਰ ਹੱਡ ਪੀਹਣੇ ਨੇ, ਪੀਹੀਂ ਜਾਹ।’

‘ਮਾਸੜ ਤਾਂ ਤੈਥੋਂ ਲਾਹਾ ਲੈਂਦੈ, ਨਹੀਂ ਮਾਰੇ ਕਿਸੇ ਜੱਟ ਦੇ ਦੋ ਹਜ਼ਾਰ ਮੱਥੇ?’

ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਪਹਿਲਾਂ ਤਾਂ ਕਰਮਾ ਆਪ ਵੀ ਹੱਸਦਾ ਰਿਹਾ, ਪਰ ਫੇਰ ਉਹ ਪਲ-ਪਲ ਗੰਭੀਰ ਹੁੰਦਾ ਗਿਆ।

‘ਇਹ ਨ੍ਹੇਰਾ ਕੀਹਦੇ ਖ਼ਾਤਰ ਢੋਨੇ ਆ? ਜਿਹੜਾ ਕੰਮ ਸੀ ਉਹ ਤਾਂ ਹਾਲ ਤਾਈਂ ਬਣਿਆ ਨੀਂ। ਕਰਮੇ ਨੂੰ ਮਹਿਸੂਸ ਹੋਇਆ, ਜਿਵੇਂ ਉਹ ਦਾ ਮਾਸੜ ਲਾਲਚ ਦੇ ਕੇ ਉਹ ਨੂੰ ਬੰਨ੍ਹੀ ਬੈਠਾ ਹੈ। ਕਪਾਹ ਗੁਡਦਾ ਵਿੱਚ ਉਹ ਕੋਈ ਬੂਟਾ ਵੀ ਵੱਢ ਜਾਂਦਾ। ‘ਕਿਹੜੀ ਹੂਰਾਂ ਪਰੀ ਦਾ ਸੁਪਨਾ ਆ ਗਿਆ?’ ਉਸ ਦੇ ਸਾਥੀ ਹਾਸੜ ਚੁੱਕ ਲੈਂਦੇ।

***

ਮਹਿੰ ਲੈ ਕੇ ਦੂਜੇ ਦਿਨ ਕਰਮਾ ਤੇ ਸੀਰੀ ਮੰਡੀ ’ਤੇ ਚਲੇ ਗਏ।

ਵਿਕਦੀ ਨਾ ਦੇਖ ਕੇ ਸੀਰੀ ਮਹਿੰ ਲੈ ਕੇ ਆਥਣ ਨੂੰ ਪਿੰਡ ਆ ਵੜਿਆ। ਕਰਮਾਉਸ ਦੇ ਨਾਲ ਨਹੀਂ ਸੀ।

‘ਵੇ ਕਰਮਾ ਕਿੱਥੇ ਰਹਿ ਗਿਆ?’ ਉਸ ਦੀ ਮਾਸੀ ਨੇ ਸੀਰੀ ਤੋਂ ਪੁੱਛਿਆ।

‘ਉਹ ਤਾਂ ਚਾਚੀ ਫ਼ੌਜ ’ਚ ਹੋ ਗਿਆ। ਮੰਡੀ ’ਤੇ ਭਰਤੀ ਆਲੇ ਆਏ ਸੀ।’ ਸੀਰੀ ਨੇ ਬੇਝਿਜਕ ਜਿਹਾ ਕਹਿ ਦਿੱਤਾ। ♦

# ਇੱਕ ਤਰੀਕ

ਜਦੋਂ ਕਦੇ ਮੈਂ ਬਰਨਾਲੇ ਜਾਂਦਾ ਹਾਂ ਤੇ ਜਦੋਂ ਕਦੇ ਪਰਕਾਸ਼ ਮੈਨੂੰ ਮਿਲਦਾ ਹੈ ਤਾਂ ਅਸੀਂ ਰਾਮਪੁਰੇ ਵਾਲਿਆਂ ਦੀ ਦੁਕਾਨ ’ਤੇ ਚਾਹ ਇਕੱਠੇ ਜ਼ਰੂਰ ਪੀਂਦੇ ਹਾਂ। ਕਦੇ ਪੈਸੇ ਉਹ ਦਿੰਦਾ ਹੈ ਤੇ ਕਦੇ ਮੈਂ ਦੇ ਦਿੰਦਾ ਹਾਂ।

ਤਿੰਨ ਮਹੀਨੇ ਹੋ ਗਏ, ਹੁਣ ਉਹ ਕਦੇ ਨਹੀਂ ਮਿਲਿਆ। ਫੇਰ ਇੱਕ ਦਿਨ ਉਹ ਅਨਾਜ ਮੰਡੀ ਵਿੱਚ ਛੋਲਿਆਂ ਦੀ ਮੁੱਠੀ ਨੂੰ ਜੇਬ੍ਹ ਵਿੱਚ ਪਾਈਂ ਆਉਂਦਾ ਮੈਨੂੰ ਟੱਕਰ ਪੈਂਦਾ ਹੈ। ਜੇਬ੍ਹ ਵਿਚੋਂ ਛੋਲਿਆਂ ਦੇ ਦਾਣੇ ਕੱਢ ਕੇ ਦਿਖਾ ਕੇ ਮੈਨੂੰ ਕਹਿੰਦਾ ਹੈ– ‘ਕਣਕ ਅੱਗੇ ਕਹਿੰਦੇ ਰਾਜੇ ਮਹਾਰਾਜੇ ਖਾਂਦੇ ਸੀ ਤੇ ਹੋਰ ਲੋਕ ਮੱਕੀ, ਬਾਜਰਾ, ਜੌਂ ਤੇ ਛੋਲੇ। ਹੁਣ ਕਣਕ ਦੀ ਗੱਲ ਤਾਂ ਛੱਡੋਂ, ਛੋਲੇ ਈ ਸਾਲੇ–ਖੱਚਰਾਂ ਦਾ ਖਈਆ–ਕਣਕ ਦੇ ਪਤੰਦਰ ਬਣੇ ਫਿਰਦੇ ਐ।’ ਤੇ ਫਿਰ ਉਹ ਦੱਸਦਾ ਹੈ– ‘ਯਾਰ ਕਵੀ ਲੋਕ ਐਵੇਂ ਤਾਂ ਨੀ ਕਣਕ ਨੂੰ ਮੋਤੀਆਂ ਨਾਲ ਉਪਮਾ ਦਿੰਦੇ। ਹੁਣ ਤਾਂ ਇਹ ਮੋਤੀਆਂ ਨਾਲੋਂ ਵੀ ਵੱਧ ਐ।’

‘ਤੇ ਹੁਣ ਫੇਰ ਕਣਕ ਨੂੰ ਹੋਰ ਕੌਣ ਖਾਂਦੈ?’ ਰਾਜੇ ਮਹਾਰਾਜਿਆਂ ਦੀ ਗੱਲ ਵਾਲੇ ਫ਼ਿਕਰੇ ਨੂੰ ਧਿਆਨ ਵਿੱਚ ਲਿਆ ਕੇ ਮੈਂ ਉਸ ਨੂੰ ਪੁੱਛਦਾ ਹਾਂ।

ਹੁਣ ਤਾਂ ਪਤ੍ਰਿਉਰਾ ਮੇਰਾ, ਰੱਬ ਈ ਖਾਂਦਾ ਹੋਊ ‘ਕੱਲਾ।’ ਉਹ ਇਹ ਗੱਲ ਕਹਿ ਕੇ ਬੁੜ੍ਹਕ ਬੁੜ੍ਹਕ ਕੇ ਹੱਸ ਪੈਂਦਾ ਹੈ।

‘ਤਨਖ਼ਾਹ ਥੋੜ੍ਹੀ ਐ ਭਰਾਵਾ। ਜਵਾਕ ਚਾਰ ਨੇ। ਬੁੜ੍ਹਾ ਤੇ ਬੁੜ੍ਹੀ। ਇੱਕ ਤੇਰੀ ਭਰਜਾਈ। ਅੱਠਾਂ ਜੀਆਂ ਵਾਸਤੇ ਦੋ ਸੌ ਰੁਪਿਆ ਮੇਰੀ ਤਨਖ਼ਾਹ ਸਾਲੀ ਕਾਤਰੀਆਂ ਵਾਗੂੰ ਚੱਲ ਜਾਂਦੀ ਐ।’ ਉਹ ਘਰ ਦੀ ਸਾਰੀ ਹਾਲਤ ਦੱਸਣ ਲੱਗਦਾ ਹੈ ਤੇ ਅੱਗੇ ਬੋਲਦਾ ਹੈ– ‘ਤਨਖ਼ਾਹ ਥੋੜ੍ਹੀ ਦੀ ਗੱਲ ਛੱਡ ਤੇ ਮਹਿੰਗੇ ਭਾਅ ਦੀ ਵੀ ਛੱਡ। ਮੇਰੇ ਇੱਕ ਗੱਲ ਯਾਦ ਆ ’ਗੀ। ਉਹ ਘਰ ਦੀ ਹਾਲਤ ਦੱਸਦਾ ਦੱਸਦਾ ਸ਼ਾਇਦ ਹੋਰ ਕੋਈ ਗੱਲ ਛੇੜਦਾ। ਉਹ ਜਚ ਕੇ ਮੇਰੇ ਸਾਹਮਣੇ ਖੜ੍ਹ ਜਾਂਦਾ ਹੈ ਤੇ ਹੱਥ ਵਿਚਲੇ ਛੋਲਿਆਂ ਦੇ ਦਾਣੇ ਆਪਣੀ ਜੇਬ੍ਹ ਵਿੱਚ ਪਾ ਲੈਂਦਾ ਹੈ। ਬਣਾ ਸੰਵਾਰ ਕੇ ਗੱਲ ਮੈਨੂੰ ਦੱਸਣ ਲੱਗਦਾ ਹੈ– ‘ਚੰਨਾ ਤੇ ‘ਬੰਨਾ’ ਕਹਿੰਦੇ ਦੋ ਭਰਾ ਸੀ। ‘ਚੰਨੇ’ ਦੀ ਔਲਾਦ ਤਾਂ ਹੋਈ ਚਮਿਆਰ ਤੇ ‘ਬੰਨੇ’ ਦੀ ਇਹ ਬਾਣੀਏ।’ ਮੈਂ ਉਸ ਦੀ ਇਹ ਗੱਲ ਸੁਣ ਕੇ ਮੁਸਕਰਾ ਪੈਂਦਾ ਹਾਂ ਤੇ ਉਹ ਮੇਰਾ ਮੋਢਾ ਝੰਜੋੜ ਕੇ ਕਹਿੰਦਾ ਹੈ– ‘ਹੋਰ ਅੱਗੇ ਸੁਣ।’ ਤੇ ਕਹਿੰਦਾ ਹੈ– ‘ਕੰਮ ਅਜੇ ਵੀ ਦੋਵਾਂ ਦਾ ਇੱਕੋ ਈ ਐ।‘ਚੰਨੇ’ ਕੇ ਮਰੇ ਹੋਏ ਪਸ਼ੂਆਂ ਦੀ ਖੱਲ ਲਾਹੁੰਦੇ ਐ ਤੇ ‘ਬੰਨੇ’ ਕੇ ਜੀਉਂਦੇ ਮਨੁੱਖਾਂ ਦੀ ਖੱਲ਼ ਲਾਹੁੰਦੇ ਐ।’ ਮੈਂ ਉਸ ਦੀ ਇਹ ਗੱਲ ਸੁਣ ਕੇ ਵੱਖੀਆਂ ਨੂੰ ਹੱਥ

ਪਾ ਲੈਂਦਾ ਹਾਂ। ਐਨਾ ਹਾਸਾ ਆਉਂਦਾ ਹੈ ਕਿ ਮੈਥੋਂ ਰੋਕਿਆ ਨਹੀਂ ਜਾਂਦਾ। ਉਹ ਫੇਰ ਕਹਿੰਦਾ ਹੈ– 'ਤੇਰੀ ਭਰਜਾਈ ਵਾਸਤੇ ਉਹ ਸਾਲੀ ਕੀ ਚੱਲੀ ਐ ਡੈਕਾਰੀਨ ਪਤਾ ਨੀ ਫੈਕਾਰੀਨ, ਚੌਥੇ ਸੂਟ ਲਿਆਂਦਾ ਸੀ ਬਣਵਾ ਕੇ। ਅੱਜ ਉਹ ਨੇ ਧੋਤਾ ਤਾਂ ਛਣਕੇ ਵਾਲੀਵਾਲ ਦਾ ਨੈੱਟ ਬਣ ਗਿਆ। ਦੋ ਰੁਪਈਏ ਮੀਟਰ ਦਾ ਖਾਬੜਾ ਕੱਪੜਾ, ਮੀਟਰ ਦੇ ਪੰਦਰਾਂ ਰੁਪਈਏ ਲਾਏ। ਤੇ ਹੋਰ ਸੁਣ....।' ਮੈਂ ਉਸ ਦੀ ਬਹੁਤੀ ਗੱਲ ਨਹੀਂ ਸੁਣਦਾ ਤੇ ਉਸ ਨੂੰ ਪੁੱਛਦਾ ਹਾਂ– 'ਤੂੰ ਹੁਣ ਮਿਲਦਾ ਕਿਉਂ ਨੀ? ਕਿੱਥੇ ਰਹਿਨੈਂ?'

'ਰਹਿਨਾਂ ਕੀ ਮੈਂ ਵਲੈਤ 'ਚ ਆ। ਐਥੇ ਈ ਰਹਿਨਾਂ।' ਤੇ ਫੇਰ ਉਹ ਸਾਊ ਜਿਹਾ ਜਵਾਬ ਦਿੰਦਾ ਤੇ ਕਹਿੰਦਾ ਹੈ–'ਦੇਖ ਯਾਰ, ਬਰਨਾਲੇ ਦੇ ਤਿੰਨ ਬਜ਼ਾਰ ਐ। ਫਰਵਾਹੀ ਬਜ਼ਾਰ, ਸਦਰ ਬਜ਼ਾਰ ਤੇ ਹੰਢਿਆਇਆ ਬਜ਼ਾਰ। ਤਿੰਨਾਂ 'ਚੋਂ ਦੋ ਬੰਦ ਰਹਿੰਦੇ ਐ। ਇੱਕ ਖੁੱਲ੍ਹਦੈ ਤਾਂ ਪਹਿਲਾਂ ਖੁੱਲ੍ਹਿਆ ਬੰਦ ਹੋ ਜਾਂਦੈ। ਬੱਸ ਦੋ ਤਾਂ ਸਮਝ ਲੈ ਬੰਦ ਈ ਰਹਿੰਦੇ ਐ। ਇੱਕੋ ਈ ਮਸ੍ਹਾਂ ਖੁੱਲ੍ਹਦੈ।' ਉਸ ਦੀ ਫ਼ਿਲਾਸਫ਼ੀ ਮੇਰੀ ਸਮਝ ਨਹੀਂ ਆਉਂਦੀ। ਉਹ ਮੈਨੂੰ ਮੋਢਿਓਂ ਫੜ ਕੇ ਕਹਿੰਦਾ – 'ਓ ਝੁੱਡੂਆ, ਇੱਕ ਮਹੀਨੇ ਜੇ ਫਰਵਾਹੀ ਬਜ਼ਾਰ ਦੀਆਂ ਦੁਕਾਨਾਂ ਦਾ ਉਧਾਰ ਨਹੀਂ ਮੋੜੀਂਦਾ ਤਾਂ ਬੱਸ ਓਸ ਬਜ਼ਾਰ ਵਿੱਚ ਦੀ ਲੰਘੀਦਾ ਈ ਨੀ ਤੇ ਬਜ਼ਾਰ ਬੱਸ ਆਪੇ ਬੰਦ ਸਮਝ ਲੈ। ਬਾਣੀਆ ਸਾਲ਼ਾ ਘਰੇ ਤਾਂ ਨੀ ਪੈਸੇ ਲੈਣ ਆਜੂ। ਬੱਸ ਏਵੇਂ ਜਿਵੇਂ ਫੇਰ ਸਦਰ ਬਜ਼ਾਰ ਬੰਦ ਕਰ ਦੇਈਦੈ ਤੇ ਫਰਵਾਹੀ ਖੁੱਲ੍ਹ ਜਾਂਦੈ। ਇਉਂ ਈ ਕਦੇ ਹੰਢਿਆਇਆ ਖੋਲ੍ਹ ਲਈਦੈ। ਬਾਣੀਆ ਜਦੋਂ 'ਮਹਾਰਾਜ' ਬੁਲਾ ਦਿੰਦੈ, ਓਦੋਂ ਤਾਂ ਯਾਰ ਮਰਨ ਹੋ ਜਾਂਦੈ।'

'ਤੂੰ ਯਾਰ, ਬਾਣੀਆਂ ਦੇ ਐਨਾ ਉਲਟ ਕਿਉਂ ਐਂ? ਮੈਂ ਉਸ ਨੂੰ ਪੁੱਛਦਾ ਹਾਂ।

'ਨਹੀਂ, ਨਹੀਂ, ਬਾਣੀਆਂ ਦੀ ਜਾਤ ਦੇ ਉਲਟ ਮੈਂ ਬਿਲਕੁੱਲ ਨਹੀਂ।' ਉਹ ਕਹਿਣਾ ਸ਼ੁਰੂ ਕਰਦਾ ਹੈ। 'ਇੱਕ ਜੱਟ ਜਿਹੜਾ ਸੌ ਰੁਪਈਆ ਕਿਸੇ ਨੂੰ ਵਿਆਜ 'ਤੇ ਦਿੰਦੈ ਤੇ ਦਸ ਰੁਪਈਆ ਦਾ ਵਧਾਰਾ ਲਾ ਕੇ ਇੱਕ ਸੌ ਦਸ 'ਤੇ ਗੂਠਾ ਲਵਾਉਂਦੇ, ਉਹ ਬਾਣੀਆ। ਇੱਕ ਬਾਹਮਣ ਜਿਹੜਾ ਚੌਥੇ ਹਿੱਸੇ ਦਾ ਪਾਣੀ ਪਾ ਕੇ ਦੁੱਧ ਵੇਚਦੈ, ਉਹ ਵੀ ਬਾਣੀਆ। ਕੋਈ ਖੱਤਰੀਆਂ ਦੀ ਬੁੜ੍ਹੀ ਕਿਸੇ ਗਵਾਂਢਣ ਹੱਥ ਤੰਗ ਬੁੜ੍ਹੀ ਨੂੰ ਪੰਜ ਰੁਪਈਏ ਦੇ ਦਿੰਦੀ ਐ ਤੇ ਮਹੀਨੇ ਪਿੱਛੋਂ ਸਵਾ ਪੰਜ ਲੈ ਲੈਂਦੀ ਐ, ਉਹ ਖ਼ਤਰਾਣੀ ਬਿਲਕੁੱਲ ਨਹੀਂ–ਸੌ ਫ਼ੀਸਦੀ ਕਰਿਆੜੀ ਹੁੰਦੀ ਹੈ।'

ਪਰਕਾਸ਼ ਨੇ ਬਰਨਾਲੇ ਤੋਂ ਹੀ ਮੇਰੇ ਨਾਲ ਦਸਵੀਂ ਪਾਸ ਕੀਤੀ ਸੀ ਤੇ ਉਹ ਦੋ ਤਿੰਨ ਸਾਲਾਂ ਬਾਅਦ ਮਰ ਪੈ ਕੇ ਬਰਨਾਲੇ ਕਚਹਿਰੀਆਂ ਵਿੱਚ ਕਲਰਕ ਲੱਗ ਗਿਆ ਸੀ। ਫੇਰ ਵਿਆਹ ਵੀ ਹੋ ਗਿਆ ਸੀ। ਉਸ ਦੇ ਮਾਂ ਬਾਪ ਉਸ ਦੇ ਨਾਲ ਹਨ ਤੇ ਦੋ ਵੱਡੇ ਭਰਾ ਆਪੋ ਆਪਣੇ ਥਾਈਂ ਬਾਹਰ ਕਿਤੇ ਨੌਕਰੀ ਕਰਦੇ ਹਨ। ਬਰਨਾਲੇ ਵਿੱਚ ਪਰਕਾਸ਼ ਦੇ ਮਾਪਿਆਂ ਦੀ ਹੋਰ ਕੋਈ ਜਾਇਦਾਦ ਨਹੀਂ। ਬੱਸ ਇੱਕ ਛੋਟਾ ਜਿਹਾ ਮਕਾਨ ਹੈ–ਖੁੱਡੀ ਦਰਵਾਜ਼ੇ ਕਿਲ੍ਹੇ ਵਾਲੇ ਮਕਾਨਾਂ ਦੇ ਨਾਲ। ਮਾਂ ਬਾਪ ਬਜ਼ੁਰਗ ਹਨ ਤੇ ਪਰਕਾਸ਼ ਦੇ ਆਸਰੇ ਹੀ ਦਿਨ ਕੱਟਦੇ ਹਨ।

ਪਰਕਾਸ਼ ਦੀ ਜ਼ਿੰਦਗੀ ਬੜੀ ਤਰਸ ਵਾਲੀ ਜ਼ਿੰਦਗੀ ਹੈ। ਉਹ ਇੱਕ ਕਲਰਕ ਹੈ। ਉਸ ਦੀ ਜ਼ਿੰਦਗੀ ਸਾਰੇ ਕਲਰਕਾਂ ਦੀ ਜ਼ਿੰਦਗੀ ਹੈ। ਉਸ ਦੀ ਜ਼ਿੰਦਗੀ ਸਾਰੇ ਸਰਕਾਰੀ

ਮੁਲਾਜ਼ਮਾਂ ਦੀ ਜ਼ਿੰਦਗੀ ਹੈ, ਪਰ ਉਹ ਖ਼ੁਸ਼ ਨਾ ਹੋਵੇ ਤਾਂ ਦਿਨ ਕਿਵੇਂ ਨਿਕਲਣ। ਉਹ ਜਦ ਕਦੇ ਮਿਲਦਾ ਹੈ ਤਾਂ ਹਾਸੀ ਮਖੌਲ ਵਿੱਚ ਹੀ ਆਪਣੇ ਸਭ ਰੋਣੇ ਰੋ ਜਾਂਦਾ ਹੈ।

ਮੈਂ ਉਸ ਦੇ ਸਦਾ ਹੀ ਚਿੱਟੇ ਲੱਠੇ ਦਾ ਪਜਾਮਾ ਤੇ ਚਿੱਟੀ ਜਾਂ ਕੋਈ ਹੋਰ ਰੰਗ ਦੀ ਪਾਪਲਿਨ ਦਾ ਕਮੀਜ਼ ਦੇਖਿਆ ਹੈ। ਜ਼ਮਾਨੇ ਦਾ ਫ਼ੈਸ਼ਨ ਜਿਵੇਂ ਉਸ ਦੇ ਕੋਲ ਦੀ ਕਦੇ ਵੀ ਨਹੀਂ ਲੰਘਿਆ। ਪੈਰਾਂ ਵਿੱਚ ਉਸ ਦੇ ਸਦਾ ਹੀ ਮੈਂ ਚੰਮ ਦੀ ਘੋਨੀ ਜੁੱਤੀ ਦੇਖੀ ਹੈ। ਸਿਆਲਾਂ ਵਿੱਚ ਉਹ ਇੱਕ ਕੋਟ ਪਾਉਂਦਾ ਹੈ, ਜਿਹੜਾ ਸ਼ਾਇਦ ਛੀ ਸਾਲ ਤੋਂ ਉਸ ਕੋਲ ਹੈ। ਕਿਸੇ ਫ਼ੌਜੀ ਦੋਸਤ ਤੋਂ ਲਈ ਪੁਰਾਣੀ ਬਰਾਂਡੀ ਕਟਵਾ ਕੇ ਉਸ ਨੇ ਇਹ ਕੋਟ ਬਣਵਾਇਆ ਸੀ। ਅਨਾਜ ਮੰਡੀ ਵਿਚੋਂ ਹਿੱਲ ਕੇ ਗੱਲਾਂ ਕਰਦੇ ਕਰਦੇ ਅਸੀਂ ਡਾਕਖ਼ਾਨੇ ਕੋਲ ਦੀ ਸਦਰ ਬਾਜ਼ਾਰ ਵਿੱਚ ਰਾਮਪੁਰੇ ਵਾਲਿਆਂ ਦੀ ਦੁਕਾਨ ਕੋਲ ਆ ਕੇ ਆਪਣੇ ਆਪ ਹੀ ਰੁਕ ਜਾਂਦੇ ਹਾਂ। ਚਾਹ ਦਾ ਆਰਡਰ ਦੇ ਕੇ ਪਰਕਾਸ਼ ਗੱਲ ਤੋਰਦਾ ਹੈ– 'ਜੇ ਕਿਸੇ ਮੁਲਾਜ਼ਮ ਨੂੰ ਬੁਰੀ ਤੋਂ ਬੁਰੀ ਗਾਲ੍ਹ ਕੱਢਣੀ ਹੋਵੇ, ਪਤੈ ਕੀ ਕੱਢੇ?' ਉਹ ਮੈਥੋਂ ਪੁੱਛਦਾ ਹੈ। ਮੈਂ ਸਿਰਫ਼ ਮੁਸਕਰਾ ਦਿੰਦਾ ਹਾਂ, ਕਹਿੰਦਾ ਕੁਝ ਨਹੀਂ। ਉਹ ਫਿਰ ਆਪਣੇ ਆਪ ਹੀ ਜਵਾਬ ਦਿੰਦਾ ਹੈ। ਕਹਿੰਦਾ ਹੈ– 'ਬੁਰੀ ਤੋਂ ਬੁਰੀ ਗਾਲ੍ਹ ਕਿਸੇ ਮੁਲਾਜ਼ਮ ਵਾਸਤੇ ਐ– 'ਮੂੰਹ ਕੀਤੈ ਛੱਬੀ ਤਰੀਕ ਵਰਗਾ। 'ਤੇ ਉਹ ਇਹ ਕਹਿ ਕੇ ਉੱਚੀ ਉੱਚੀ ਹੱਸ ਪੈਂਦਾ ਹੈ। ਦੁਕਾਨ ਵਿੱਚ ਬੈਠੇ ਆਲੇ-ਦੁਆਲੇ ਦੇ ਹੋਰ ਗਾਹਕ ਉਸ ਵੱਲ ਗਹੁ ਨਾਲ ਦੇਖਣ ਲੱਗਦੇ ਹਨ। 'ਛੱਬੀ ਤਰੀਕ ਤਾਈਂ ਮੁਲਾਜ਼ਮ ਦੀ ਤਨਖ਼ਾਹ ਕੌਡੀ ਕੌਡੀ ਮੁੱਕ ਜਾਂਦੀ ਐ ਅਤੇ ਛੱਬੀ ਤਰੀਕ ਵਾਲਾ ਮੂੰਹ ਮੁਲਾਜ਼ਮ ਦਾ ਸਭ ਤੋਂ ਭੈੜਾ ਮੂੰਹ ਹੁੰਦੈ।' ਪਰਕਾਸ਼ ਗੰਭੀਰ ਹੋ ਜਾਂਦਾ ਹੈ। ਚਾਹ ਦੀਆਂ ਪਿਆਲੀਆਂ ਆ ਜਾਂਦੀਆਂ ਹਨ। ਅਸੀਂ ਹੌਲੀ ਹੌਲੀ ਚੁਸਕੀਆਂ ਭਰਦੇ ਹਾਂ। ਪਰਕਾਸ਼ ਆਪਣੀਆਂ ਗੱਲਾਂ ਜਾਰੀ ਰੱਖਦਾ ਹੈ।

'ਮੁਲਾਜ਼ਮਾਂ ਦੀ ਜ਼ਿੰਦਗੀ 'ਚ 'ਇੱਕ ਤਰੀਕ' ਬਹੁਤ ਵੱਡੀ ਤਿਹਾਰ ਐ। ਸਾਡੀ ਛੋਟੀ ਗੁੱਡੀ ਕਹਿੰਦੀ– 'ਪਾਪਾ ਜੀ ਲਾਲ ਰਿਬਨ?' ਮੈਂ ਕਹਿ ਦਿੰਨਾਂ– 'ਇੱਕ ਤਰੀਕ' ਨੂੰ।

'ਅੱਠਵੀਂ' ਜਮਾਤ 'ਚ ਪੜ੍ਹਦਾ ਰਾਜੂ ਬੂਟਾਂ ਦੀ ਗੱਲ ਤੋਰਦੈ। ਗਰਮੀ ਦੀ ਰੁੱਤ ਐ ਤੇ ਮੈਨੂੰ ਪਤੈ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਉਸ ਦੇ ਜੋੜੇ ਟੁੱਟੇ ਨੇ ਤੇ ਅਗਲੇ ਦੋ ਮਹੀਨੇ ਹੋਰ ਵੀ ਉਸ ਨੂੰ ਜੋੜੇ ਨਹੀਂ ਜੁੜਨੇ ਤੇ ਮੈਂ ਫੇਰ ਵੀ ਉਸ ਨੂੰ ਕਹਿ ਦਿੰਨਾਂ– 'ਇੱਕ ਤਰੀਕ' ਬੱਸ ਅਗਲੇ ਮਹੀਨੇ ਦੀ।'

'ਤੇਰੀ ਭਰਜਾਈ ਨੂੰ ਪੈੜੇ ਦੀ ਬਿਮਾਰੀ ਐ। ਉਹ ਦਿਨੋਂ ਦਿਨ ਘਟਦੀ ਜਾਂਦੀ ਐ। ਮੈਂ ਚਾਰ ਮਹੀਨਿਆਂ ਤੋਂ ਓਸ ਨੂੰ 'ਇੱਕ ਤਰੀਕ ' ਦੀਆਂ ਪੁੜੀਆਂ ਦੇ ਰਿਹਾ। ਉਹ ਹੋਰ ਘਟਦੀ ਜਾ ਰਹੀ ਐ।'

ਅਸੀਂ ਚਾਹ ਪੀ ਲੈਂਦੇ ਹਾਂ। ਉਹ ਵੀ ਜੇਬ੍ਹ ਨੂੰ ਹੱਥ ਮਾਰਦਾ ਹੈ, ਮੈਂ ਵੀ ਜੇਬ੍ਹ ਨੂੰ ਹੱਥ ਮਾਰਦਾ ਹਾਂ। ਪੈਸੇ ਉਹ ਦੇਣ ਲੱਗਦਾ ਹੈ, ਪਰ ਮੈਂ ਹੀ ਪਹਿਲਾਂ ਦੇ ਦਿੰਦਾ ਹਾਂ ਤੇ ਉਹ ਆਪਣੇ ਪੈਸੇ ਮੋੜ ਕੇ ਜੇਬ੍ਹ ਵਿੱਚ ਪਾ ਲੈਂਦਾ ਹੈ ਤੇ ਚੁੱਪ ਕਰ ਜਾਂਦਾ ਹੈ। ਦੁਕਾਨ ਉੱਤੋਂ ਅਸੀਂ ਦੋਵੇਂ ਉੱਠਦੇ ਹਾਂ। ਉੱਠਦਾ ਉੱਠਦਾ ਉਹ ਕਹਿ ਰਿਹਾ ਹੁੰਦਾ ਹੈ– 'ਵੱਡੀ ਕੁੜੀ ਦੇ ਕੰਨਾਂ 'ਚ ਨੁਕਸ ਐ। ਸੋਚਦਾ ਉਸ ਨੂੰ 'ਇੱਕ ਤਰੀਕ' ਨੂੰ ਜ਼ਰੂਰ ਡਾਕਟਰ ਨੂੰ ਦਿਖੌਣੈਂ। 'ਇੱਕ ਤਰੀਕ' ਹਰ ਵਾਰੀ ਲੰਘ ਜਾਂਦੀ ਐ ਤੇ ਕੁੜੀ ਇੱਕ ਤਰੀਕ ਪਿੱਛੋਂ ਇੱਕ ਮਹੀਨਾ

ਹੋਰ ਵੱਡੀ ਹੋ ਜਾਂਦੀ ਐ। ਇੱਕ ਤਰੀਕ ਸਾਲੀ ਐਸੀ ਕਦੇ ਆਊ ਜਦੋਂ ਕੁੜੀ ਵਿਆਹੁਣ ਵਾਲੀ ਹੋ 'ਗੀ ਤੇ ਕਿਸੇ ਵੀ ਖੱਤਰੀ ਦੇ ਪੁੱਤ ਨੇ ਉਹ ਦਾ ਸਾਕ ਨਾ ਲਿਆ।' ਮੈਂ ਉਸ ਦਾ ਹੁੰਗਾਰਾ ਭਰਦਾ ਰਹਿੰਦਾ ਹਾਂ ਤੇ ਅਸੀਂ ਛੱਤੇ ਖੂਹ ਵੱਲ ਨੂੰ ਤੁਰ ਪੈਂਦੇ ਹਾਂ। ਉਹ ਬੋਲਦਾ ਰਹਿੰਦਾ ਹੈ– 'ਇੱਕ ਤਰੀਕ ਨੂੰ ਤਨਖ਼ਾਹ ਮਿਲਦੀ ਐ ਤੇ ਇੱਕ ਤਰੀਕ ਨੂੰ ਈ ਖ਼ਰਚੀ ਜਾਂਦੀ ਐ। ਕਈ ਵਾਰੀ ਤਾਂ ਇਉਂ ਹੁੰਦੈ ਕਿ ਕਿਸੇ ਮਹੀਨੇ ਦੀ ਇੱਕ ਤਰੀਕ ਨੂੰ ਹੀ ਸ਼ਾਮ ਨੂੰ ਦੁਕਾਨ 'ਤੇ ਸੌਦਾ ਲੈਣ ਜਾਈਦੈ ਤੇ ਦੁਕਾਨਦਾਰ ਨੂੰ ਕਹਿ ਦਈਦੈ ਕਿ ਪੈਸੇ ਇੱਕ ਤਰੀਕ ਨੂੰ ਮਿਲਣਗੇ ਭਾਈ।'

ਗੱਲ ਕਰਦਾ ਕਰਦਾ ਉਹ ਰਾਹ ਵਿੱਚ ਹੀ ਖੜ੍ਹ ਜਾਂਦਾ ਹੈ। ਕਹਿੰਦਾ ਹੈ– 'ਛੱਤੇ ਖੂਹ ਕੋਲ ਇੱਕ ਦੁਕਾਨ ਦੇ ਮੈਂ ਕੱਚ ਦੇ ਗਲਾਸਾਂ ਦੇ ਪੈਸੇ ਦੇਣੇ ਐਂ। ਆਪਾਂ ਏਧਰ ਦੀ ਨੀ ਜਾਂਦੇ।' ਤੇ ਅਸੀਂ ਇੱਕ ਗਲੀ ਵਿੱਚ ਦੀ ਫਰਵਾਹੀ ਬਜ਼ਾਰ ਵਿੱਚ ਚਲੇ ਜਾਂਦੇ ਹਾਂ। ਪਰਕਾਸ਼ ਕਹਿੰਦਾ ਹੈ– 'ਹੁਣ ਭਰਾਵਾ ਮੌਤ ਵੀ ਜੇ ਕਦੇ ਆਈ ਤਾਂ ਉਸ ਨੂੰ ਵੀ ਕਹਿ ਦਿਆਂਗੇ– 'ਇੱਕ ਤਰੀਕ' ਤੋਂ ਬਾਅਦ ਆਈਂ ਭਲੀਏਂ ਮਾਣਸੇ, ਹਾਲੇ ਤਾਂ ਬਰਨਾਲੇ ਦੀਆਂ ਵੀਹ ਦੁਕਾਨਾਂ ਨਬੇੜਨੀਆਂ ਰਹਿੰਦੀਆਂ ਨੇ।' ♦

# ਨਮੋਸ਼ੀ

ਸਾਰੇ ਪਿੰਡ ਵਿੱਚ ਹੀ ਨੱਥਾ ਸਿੰਘ ਦੀ ਪੂਰੀ ਇੱਜ਼ਤ ਸੀ। ਚੰਗੇ ਤਕੜੇ ਟੱਬਰ ਵਾਲਾ ਉਹ ਇੱਕ ਨਰੋਆ ਜ਼ਿੰਮੀਦਾਰ ਸੀ। ਬਹੁਤ ਅਣਖ ਵਾਲਾ, ਬਹੁਤ ਭਲਾਮਾਣਸ। ਆਪਣੀ ਸਾਰੀ ਉਮਰ ਉਸ ਨੇ ਕਦੇ ਕੋਈ ਖਰਾਬੀ ਨਹੀਂ ਸੀ ਕੀਤੀ। ਕਦੇ ਕਿਸੇ ਨੇ ਉਹ ਦੇ ਵੱਲ ਸ਼ੱਕ ਦੀ ਉਂਗਲ ਨਹੀਂ ਕੀਤੀ ਸੀ। ਪੁੱਤ, ਨੂੰਹ, ਪੋਤੇ ਤੇ ਪੋਤੀਆਂ ਦੇ ਪਰਿਵਾਰ ਵਿੱਚ ਉਸ ਦੀ ਇੱਕ ਵਿਸ਼ੇਸ਼ ਥਾਂ ਸੀ। ਲੰਮਾ ਚੌੜਾ ਪੱਕੀਆ ਇੱਟਾਂ ਦਾ, ਮਹਿਲ ਵਰਗਾ ਉਹ ਦਾ ਘਰ, ਬਾਹਰਲਾ ਘਰ ਵੀਵਧੀਆ, ਡੰਗਰ ਪਸ਼ੂ ਚੜ੍ਹਦੇ ਤੋਂ ਚੜ੍ਹਦੇ ਤੇ ਜ਼ਮੀਨ ਵੀ ਉਸ ਕੋਲ ਖੁੱਲ੍ਹੀ ਸੀ।

ਪਿੰਡ ਵਿੱਚ ਕੋਈ ਰੌਲਾ ਹੋ ਜਾਂਦਾ ਤਾਂ ਨੱਥਾ ਸਿੰਘ ਨੂੰ ਬੁਲਾਇਆ ਜਾਂਦਾ। ਆਪਣੇ ਠੁਲੇ ਵਿਚੋਂ ਉਹ ਹਰ ਵਾਰੀ ਹੀ ਪੰਚ ਚੁਣਿਆ ਜਾਂਦਾ।

ਸੱਥ ਵਿੱਚ ਬੈਠੇ ਚੋਬਰ ਜੋ ਕਦੇ ਉੱਚੀ ਉੱਚੀ ਬੋਲ ਕੇ ਨਾ ਸੁਣਨ ਵਾਲੀਆਂ ਗੱਲਾਂ ਕਰਦੇ ਹੁੰਦੇ ਤੇ ਉਧਰੋਂ ਨੱਥਾਂ ਸਿੰਘ ਆ ਜਾਂਦਾ ਤਾਂ ਉਹ ਇਕਦਮ ਚੁੱਪ ਕਰ ਜਾਂਦੇ। ਕਈ ਉੱਠਦੇ ਮੁੰਡਿਆਂ ਨੂੰ ਉਹ ਲਾਡ ਨਾਲ ਮਾਵਾਂ ਦੀਆਂ ਗਾਲ੍ਹਾਂ ਕੱਢ ਦਿੰਦਾ ਤਾਂ ਉਹ ਹੱਸ ਛੱਡਦੇ। ਮੁੰਡਿਆਂ ਨੂੰ ਮਸਾਲਾ ਲਾ ਲਾ, ਮਾਵਾਂ ਦੀਆਂ ਗਾਲ੍ਹਾਂ ਕੱਢਣ ਦੀ ਆਦਤ ਉਸ ਨੂੰ ਬਹੁਤ ਸੀ। ਜਿਵੇਂ ਇਸ ਤਰ੍ਹਾਂ ਕਰਨ ਨਾਲ ਉਸ ਦੇ ਦਿਲ ਅੰਦਰ ਮੁੰਡਿਆਂ ਲਈ ਕੋਈ ਮੋਹ ਜਾਗ ਪੈਂਦਾ ਹੋਵੇ।

ਵੀਹੀ ਗਲੀ ਜੇ ਉਹ ਲੰਘਿਆ ਜਾਂਦਾ ਹੁੰਦਾ ਤਾਂ ਰਾਹ ਵਿੱਚ ਕੋਈ ਬਹੂ ਘੁੰਡ ਕੱਢੀ ਆਉਂਦੀ ਟੱਕਰ ਜਾਂਦੀ, ਉਹ ਕੰਧ ਨਾਲ ਲੱਗ ਕੇ ਖੜ੍ਹ ਜਾਂਦੀ। ਪਿੰਡ ਦੀ ਕੋਈ ਮੁਟਿਆਰ ਕੁੜੀ ਨੱਥਾ ਸਿੰਘ ਵੱਲ ਪਲਕ ਚੁੱਕ ਕੇ ਵੀ ਨਹੀਂ ਸੀ ਦੇਖਦੀ।

ਪਿੰਡ ਵਿੱਚ ਜੇ ਕੋਈ ਅਫ਼ਸਰ ਆਇਆ ਹੁੰਦਾ, ਹੋਰ ਕਿਤੋਂ ਜੇ ਰੋਟੀ ਦਾ ਪ੍ਰਬੰਧ ਨਾ ਹੁੰਦਾ ਤਾਂ ਬਿਨਾਂ ਪੁੱਛੇ ਰੋਟੀ ਉਹ ਨੱਥਾ ਸਿੰਘ ਦੇ ਘਰ ਖਾਂਦਾ। ਪਟਵਾਰੀ, ਗ੍ਰਾਮ ਸੇਵਕ, ਮਾਸਟਰ, ਬਿਜਲੀ ਕਰਮਚਾਰੀ ਤੇ ਪੰਚਾਇਤ ਸੈਕਟਰੀ ਤਾਂ ਜਿਵੇਂ ਉਹ ਦੇ ਨਿੱਤ ਦੇ ਮਹਿਮਾਨ ਸਨ, ਉਹ ਦਾ ਰਾਜਿਆ ਵਰਗਾ ਘਰ ਸੀ। ਕੋਈ ਬੰਦਾ ਉਹ ਦੇ ਘਰੋਂ ਕਦੇ ਨਿਰਾਸ਼ ਨਹੀਂ ਸੀ ਮੁੜਿਆ। ਪਿੰਡ ਦੇ ਗ਼ਰੀਬ ਗੁਰਬੇ ਤੇ ਕਮੀਂ ਉਹ ਦਾ ਸਤਿਕਾਰ ਕਰਦੇ ਸਨ।

'ਨੱਥਾ ਸੂੰ ਜੀ ਘਰੇਓਂ?' ਇੱਕ ਦਿਨ ਚੌਕੀਦਾਰ ਨੇ ਉਹ ਦੇ ਘਰ ਮੂਹਰੇ ਆ ਕੇ ਹਾਕ ਮਾਰੀ। ਅੰਦਰੋਂ ਕੋਈ ਨਾ ਬੋਲਿਆ। ਚੌਕੀਦਾਰ ਨੇ ਇੱਕ ਹਾਕ ਹੋਰ ਮਾਰੀ। ਬਾਰਾਂ ਤੇਰਾਂ ਸਾਲ ਦੇ ਇੱਕ ਮੁੰਡੇ ਨੇ ਬਾਰ ਵਿੱਚ ਆ ਕੇ ਪੁੱਛਿਆ– 'ਕੀਹ ਐ ਚੌਕੀਦਾਰਾਂ?' ਉਹ

ਕਹਿੰਦਾ– 'ਤੇਰਾ ਬਾਬਾ ਕਿੱਥੇ ਐ?' ਮੁੰਡੇ ਨੇ ਦੱਸਿਆ ਕਿ ਉਹ ਤਾਂ ਅੰਦਰਲੀ ਬੈਠਕ ਵਿੱਚ ਖੇਸ ਲਈ ਸੁੱਤਾ ਪਿਆ ਹੈ।

ਚੌਕੀਦਾਰ ਨੇ ਸੋਟੀ ਦੇ ਹੁੱਜ ਨਾਲ ਕੰਧ ਠੋਹਕਰੀ ਤੇ ਮੁੰਡੇ ਨੂੰ ਕਿਹਾ ਕਿ ਉਹ ਆਪਣੇ ਬਾਬੇ ਨੂੰ ਜਗਾ ਕੇ ਕਹੇ ਕਿ ਹਥਾਈ ਵਿੱਚ ਆਇਆ ਬੈਠਾ ਥਾਣੇਦਾਰ ਉਸ ਨੂੰ ਸੱਦਦਾ ਹੈ। ਮੁੰਡੇ ਨੂੰ ਹੀ ਐਨੀ ਗੱਲ ਕਹਿ ਕੇ ਮੋਟੇ ਗੋਡੇ ਤੇ ਵਾਂਡੀਆਂ ਲੱਤਾਂ ਵਾਲਾ ਚੌਕੀਦਾਰ ਚੱਲਦਾ ਹੋਇਆ।

ਪੋਤੇ ਦੇ ਮੂੰਹ ਦੀ ਗੱਲ 'ਤੇ ਨੱਥਾ ਸਿੰਘ ਨੂੰ ਭਰੋਸਾ ਨਹੀਂ ਸੀ ਆ ਰਿਹਾ। ਉਹ ਸੋਚੀਂ ਪੈ ਗਿਆ। ਉਸ ਨੂੰ ਲੱਗਿਆ, ਜਿਵੇਂ ਉਹ ਦਾ ਪੋਤਾ ਮਸ਼ਕਰੀਆਂ ਕਰਦਾ ਹੋਵੇ। ਉਸ ਨੇ ਦੁਬਾਰਾ ਉਸ ਤੋਂ ਪੁੱਛਿਆ। ਮੁੰਡੇ ਨੇ ਉਹੀ ਗੱਲ ਓਵੇਂ ਜਿਵੇਂ ਕਹਿ ਦਿੱਤੀ, ਜਿਵੇਂ ਚੌਕੀਦਾਰ ਉਸ ਨੂੰ ਆਖ ਕੇ ਗਿਆ ਸੀ।

ਨੱਥਾ ਸਿੰਘ ਦਾ ਛੋਟਾ ਭਰਾ ਬੱਗੂ ਸਿੰਘ ਪੰਦਰਾਂ ਵੀਹ ਸਾਲ ਹੋਏ, ਉਸ ਨਾਲੋਂ ਅੱਡ ਹੋ ਗਿਆ ਸੀ। ਬੱਗੂ ਦਾ ਕੰਮ ਵੀ ਨੱਥਾ ਸਿੰਘ ਵਾਂਗ ਵਧੀਆ ਤੁਰ ਪਿਆ ਸੀ, ਪਰ ਐਨੀ ਚੜ੍ਹਤ ਉਸ ਦੀ ਨਹੀਂ ਸੀ, ਜਿੰਨੀ ਨੱਥਾ ਸਿੰਘ ਦੀ ਸੀ। ਬੱਗੂ ਊਂ ਵੀ ਕਈ ਗੱਲਾਂ ਵਿੱਚ ਨੱਥਾ ਸਿੰਘ ਤੋਂ ਝਿਪਦਾ ਰਹਿੰਦਾ। ਵੱਡੇ ਭਾਈ ਦੇ ਹੁੰਦਿਆਂ ਲੋਕਾਂ ਵਿੱਚ ਖੜ੍ਹ ਕੇ ਉਹ ਨਿਸ਼ੰਗ ਗੱਲ ਨਹੀਂ ਸੀ ਕਰਦਾ। ਜਿੱਥੇ ਕਿਤੇ ਨੱਥਾ ਸਿੰਘ ਖੜ੍ਹਾ ਹੁੰਦਾ, ਬੱਗੂ ਉੱਥੇ ਟਲ ਜਾਂਦਾ। ਉਹ ਦੇ ਸਾਹਮਣੇ ਉਹ ਤੋਂ ਹਿੱਕ ਕੱਢ ਕੇ ਕੋਈ ਗੱਲ ਨਹੀਂ ਸੀ ਕੀਤੀ ਜਾਂਦੀ। ਨੱਥਾ ਸਿੰਘ ਨੂੰ ਇਸ ਗੱਲ ਦਾ ਬਹੁਤ ਹੰਕਾਰ ਸੀ ਤੇ ਮਾਣ ਵੀ ਕਿ ਉਸ ਦਾ ਛੋਟਾ ਭਰਾ ਉਸ ਦਾ ਕਿੰਨਾ ਅਦਬ ਕਰਦਾ ਹੈ। ਉੱਤੋਂ ਉੱਤੋਂ ਭਾਵੇਂ ਬੱਗੂ ਅੱਖ ਨੀਵੀਂ ਰੱਖਦਾ ਸੀ, ਪਰ ਉਸ ਦੇ ਧੁਰ ਅੰਦਰ ਇੱਕ ਜਲਣ ਜਿਹੀ ਰਹਿੰਦੀ ਕਿ ਉਹ ਕਿਹੜੀ ਗੱਲੋਂ ਕਿਸੇ ਨਾਲੋਂ ਘੱਟ ਹੈ? ਉਹ ਕਿਹੜੀ ਗੱਲ ਤੋਂ ਨੀਵਾਂ ਬਣ ਕੇ ਰਹਿੰਦਾ ਹੈ?

ਜਦ ਉਹ ਅੱਡ ਹੋਏ ਸਨ, ਉਦੋਂ ਜੋ ਕੁਝ ਨੱਥਾ ਸਿੰਘ ਨੇ ਵੰਡ ਕੇ ਉਸ ਨੂੰ ਦੇ ਦਿੱਤਾ ਸੀ, ਓਹੀ ਉਸ ਨੇ ਚੁੱਪ ਕਰਕੇ ਲੈ ਲਿਆ ਸੀ।

ਅੱਡ ਹੋਣ ਤੋਂ ਇੱਕ ਸਾਲ ਪਹਿਲਾਂ ਉਨ੍ਹਾਂ ਦਾ ਪਿਓ ਗੁਜ਼ਰ ਗਿਆ ਸੀ ਤੇ ਫਿਰ ਤੀਵੀਆਂ ਦੀ ਨਿੱਤ ਦੀ ਟੋਕ ਟਕਾਈ ਤੋਂ ਤੰਗ ਆ ਕੇ ਉਨ੍ਹਾਂ ਨੇ ਵੰਡਾਰਾ ਕਰ ਲਿਆ ਸੀ। ਜ਼ਮੀਨ, ਘਰ ਬਾਰ, ਡੰਗਰ ਪਸ਼ੂ, ਲੱਕੜ ਤਿੰਬੜ ਤੇ ਕੱਪੜੇ ਲੀੜੇ ਤੋਂ ਲਾ ਭਾਂਡੇ ਟੀਂਡੇ ਤੇ ਮੰਜੇ ਬਿਸਤਰੇ ਸਭ ਕੁਝ ਵੰਡ ਲਿਆ ਸੀ।

ਉਨ੍ਹਾਂ ਦਾ ਇੱਕ ਤਾਇਆ ਸੀ, ਜਿਹੜਾ ਔਤ ਹੀ ਮਰ ਗਿਆ ਸੀ। ਜ਼ਮੀਨ ਤਾਂ ਉਹ ਦੀ ਉਨ੍ਹਾਂ ਦੋਵੇਂ ਭਰਾਵਾਂ ਦੇ ਨਾਉਂ ਚੜ੍ਹ ਗਈ ਸੀ, ਪਰ ਉਸ ਦੇ ਹਿੱਸੇ ਦੀਆਂ ਦੋ ਸਬ੍ਹਾਤਾਂ ਅਜੇ ਰਹਿੰਦੀਆਂ ਸਨ, ਜਿਹੜੀਆਂ ਅਜੇ ਉਨ੍ਹਾਂ ਨੇ ਨਹੀਂ ਸਨ ਵੰਡੀਆਂ। ਉਹ ਨੱਥਾ ਸਿੰਘ ਦੇ ਚੁੱਲ੍ਹੇ 'ਤੇ ਹੀ ਰੋਟੀ ਖਾਂਦਾ ਹੁੰਦਾ ਸੀ। ਉਨ੍ਹਾਂ ਦਾ ਪਿਓ ਗੁਜ਼ਰਨ ਤੋਂ ਚਾਰ ਪੰਜ ਸਾਲ ਬਾਅਦ ਜਾ ਕੇ ਉਹ ਗੁਜ਼ਰਿਆ ਸੀ। ਮਰਦਾ ਮਰਦਾ ਉਹ ਆਪਣੀਆਂ ਦੋਵੇਂ ਸਬ੍ਹਾਤਾਂ ਨੱਥਾ ਸਿੰਘ ਦੇ ਵੱਡੇ ਮੁੰਡੇ ਦੇ ਨਾਉਂ ਕਰਵਾ ਗਿਆ ਸੀ।

ਬੱਗੂ ਨੇ ਪੰਚਾਇਤ ਵਿੱਚ ਮੁਕੱਦਮਾ ਕੀਤਾ ਸੀ ਕਿ ਇੱਕ ਸਬ੍ਹਾਤ ਉਸ ਨੂੰ ਦਿੱਤੀ ਜਾਵੇ। ਨੱਥਾ ਸਿੰਘ ਕੁਝ ਨਹੀਂ ਸੀ ਬੋਲਦਾ। ਉਹ ਦਾ ਵੱਡਾ ਮੁੰਡਾ ਜ਼ਿੱਦ ਪੁਗਾ ਰਿਹਾ ਸੀ

ਕਿ ਜਦੋਂ ਬੁੜ੍ਹੇ ਨੇ ਸਾਰੀ ਉਮਰ ਸਾਡੇ ਚੁੱਲ੍ਹੇ 'ਤੇ ਰੋਟੀ ਖਾਧੀ ਹੈ ਤੇ ਮਰਨ ਵੇਲੇ ਉਸ ਦੀ ਬਹੂ ਨੇ ਉਸ ਦਾ ਗ਼ੰਦ ਸਾਂਭਿਆ ਹੈ ਅਤੇ ਜਦੋਂ ਉਹ ਆਪਣੇ ਹੱਥੀਂ ਦੋਵੇਂ ਸਬ੍ਹਾਤਾਂ ਮੇਰੇ ਨਾਉਂ ਲਿਖਵਾ ਗਿਆ ਹੈ ਤਾਂ ਇਸ ਵਿੱਚ ਚਾਚੇ ਬੱਗੂ ਦੀ ਕੀ ਫਾਲ ਪੁੱਗਦੀ ਹੈ?

ਪੰਚਾਇਤ ਨੇ ਕੋਈ ਫ਼ੈਸਲਾ ਨਾ ਕੀਤਾ।

ਬੱਗੂ ਨੇ ਇੱਕ ਵਾਰੀ ਅਗਵਾੜ ਦਾ ਇਕੱਠਾ ਵੀ ਕੀਤਾ, ਪਰ ਉੱਥੇ ਵੀ ਕੋਈ ਗੱਲ ਨਾ ਬਣੀ। ਤਾਏ ਵਾਲੀ ਇੱਕ ਸਬ੍ਹਾਤ ਵਿੱਚ ਨੱਥਾ ਸਿੰਘ ਦੀ ਘੋੜੀ ਬੰਨ੍ਹੀ ਹੁੰਦੀ। ਬੱਗੂ ਨੇ ਇੱਕ ਦਿਨ ਘੋੜੀ ਓਥੋਂ ਖੋਲ੍ਹ ਦਿੱਤੀ ਤੇ ਓਸੇ ਕਿੱਲੇ 'ਤੇ ਆਪਣੀ ਗਾਂ ਬੰਨ੍ਹ ਦਿੱਤੀ। ਖੁੱਲ੍ਹੀ ਫਿਰਦੀ ਤੇ ਅਗਵਾੜ ਵਿੱਚ ਖਰੂਦ ਪਾਉਂਦੀ ਘੋੜੀ ਜਦ ਨੱਥਾ ਸਿੰਘ ਦੇ ਵੱਡੇ ਮੁੰਡੇ ਨੇ ਦੇਖੀਂ ਤਾਂ ਉਸ ਨੂੰ ਪੁਚਕਾਰ ਕੇ ਫੜ ਲਿਆਇਆ। ਸਬ੍ਹਾਤ ਵਿੱਚ ਆਇਆ ਤਾਂ ਦੇਖਿਆ ਕਿ ਓਥੇ ਬੱਗੂ ਦੀ ਗਾਂ ਬੰਨ੍ਹੀ ਖੜ੍ਹੀ ਹੈ। ਉਸ ਨੇ ਗਾਂ ਦਾ ਰੱਸਾ ਖੋਲ੍ਹ ਦਿੱਤਾ ਤੇ ਘੋੜੀ ਬੰਨ੍ਹ ਦਿੱਤੀ। ਖੁੱਲ੍ਹੀ ਗਾਂ ਜਦ ਬੱਗੂ ਨੇ ਆਪਣੇ ਘਰ ਵੜਦੀ ਦੇਖੀ ਤਾਂ ਉਹ ਦੇ ਵਿੱਚ ਫੱਕਾ ਨਾ ਰਿਹਾ। ਉਹ ਭੱਜਿਆ ਭੱਜਿਆ ਤਾਏ ਦੀ ਸਬ੍ਹਾਤ ਵੱਲ ਆਇਆ ਤੇ ਭਤੀਜੇ ਨੂੰ ਅੱਖਾਂ ਦਿਖਾਉਣ ਲੱਗਿਆ। ਭਤੀਜਾ ਕਿਹੜਾ ਭਲਾਮਾਣਸ ਸੀ। ਉਸ ਨੇ ਫਹੁੜਾ ਚੱਕ ਕੇ ਪੈਰਾਂ 'ਤੇ ਠੋਕਿਆ ਉਹ ਥਾਂ ਦੀ ਥਾਂ ਫੁੜਕ ਗਿਆ। ਫਹੁੜਾ ਮਾਰਨ ਸਾਰ ਉਹ ਪਤਾ ਨਹੀਂ ਕਿੱਧਰ ਰੋਹੀਆਂ ਨੂੰ ਜਾ ਚੜ੍ਹਿਆ। ਉਸੇ ਦਿਨ ਬੱਗੂ ਜਦ ਕੁਝ ਤੁਰਨ ਫਿਰਨ ਜੋਗਾ ਹੋਇਆ ਤਾਂ ਥਾਣੇ ਵਿੱਚ ਜਾ ਕੇ ਅਰਜ਼ੀ ਦੇ ਆਇਆ।

ਪਿੰਡ ਵਿੱਚ ਹੋਰ ਝਗੜੇ ਵੀ ਸਨ ਤੇ ਇੱਕ ਇਹ ਝਗੜਾ ਲੈ ਕੇ ਥਾਣੇਦਾਰ ਉਸ ਦਿਨ ਪਿੰਡ ਦੀ ਹਥਾਈ ਵਿੱਚ ਉਤਰਿਆ ਹੋਇਆ ਸੀ। ਚੌਕੀਦਾਰ ਦੇ ਹੱਥ ਉਸ ਨੇ ਨੱਥਾ ਸਿੰਘ ਨੂੰ ਘਰੋਂ ਬੁਲਵਾਇਆ ਸੀ।

ਨੱਥਾ ਸਿੰਘ ਮੁੰਡੇ ਦੇ ਮੂੰਹੋਂ ਚੌਕੀਦਾਰ ਦੀ ਗੱਲ ਸੁਣ ਕੇ ਡੂੰਘੀਆਂ ਸੋਚਾਂ ਵਿੱਚ ਪੈ ਗਿਆ ਸੀ। ਥਾਣੇਦਾਰ ਤਾਂ ਕੀ ਸੀ ਕਿਸੇ ਡੀ. ਸੀ. ਨੇ ਅੱਜ ਤਾਈਂ ਉਸ ਨੂੰ ਇਉਂ ਸੱਥ ਵਿੱਚ ਨਹੀਂ ਸੀ ਸੱਦਿਆ। ਖੇਸ ਦੀ ਬੁੱਕਲ ਮਾਰੀਂ, ਉਹ ਖਾਸਾ ਚਿਰ ਅੰਦਰੇ ਬੈਠਕ ਵਿੱਚ ਮੰਜੀ ਦੀ ਬਾਹੀ ਫੜ ਕੇ ਬੈਠਾ ਰਿਹਾ ਤੇ ਆਪਣੇ ਦਿਮਾਗ਼ ਵਿੱਚ ਖਿਆਲਾਂ ਦੇ ਘੋੜੇ ਭਜਾਉਂਦਾ ਰਿਹਾ। ਪਿਛਲੇ ਪਹਿਰ ਦੀ ਚਾਹ ਦਾ ਵੇਲਾ ਸੀ। ਉਸ ਦੀ ਛੋਟੀ ਨੂੰਹ ਚਾਹ ਦੀ ਗੜਵੀ ਤੇ ਗਲਾਸ ਉਸ ਦੇ ਸਰ੍ਹਾਣੇ ਰੱਖ ਗਈ। ਉਸ ਨੇ ਗਲਾਸ ਵਿੱਚ ਚਾਹ ਪਾ ਕੇ ਘੁੱਟ ਭਰੀ। ਚਾਹ ਉਸ ਨੂੰ ਸੁਆਦ ਨਾ ਲੱਗੀ। ਬਕਬਕੀ ਚਾਹ, ਜਿਵੇਂ ਬੱਬੋ ਦਾ ਪਾਣੀ ਉਬਾਲਿਆ ਹੋਇਆ ਹੋਵੇ। ਦੋ ਘੁੱਟਾਂ ਭਰ ਕੇ ਉਸ ਨੇ ਗਲਾਸ ਥਾਂ ਦੀ ਥਾਂ ਧਰ ਦਿੱਤਾ ਤੇ ਓਵੇਂ ਜਿਵੇਂ ਖੇਸ ਦੀ ਬੁੱਕਲ ਮਾਰੀਂ, ਪੈਰੀਂ ਜੋੜੇ ਪਾ ਕੇ ਹਥਾਈ ਵੱਲ ਨੂੰ ਚੱਲ ਪਿਆ।

ਰਾਹ ਵਿੱਚ ਉਸ ਨੂੰ ਲੱਗਿਆ, ਜਿਵੇਂ ਉਸ ਦਾ ਮੱਥਾ ਪਾਟ ਪਾਟ ਜਾਂਦਾ ਹੋਵੇ। ਜਿਵੇਂ ਉਸ ਦੇ ਪੈਰਾਂ ਥੱਲਿਓਂ ਧਰਤੀ ਤਿਲ੍ਹਕ ਰਹੀ ਹੋਵੇ। ਜਿਵੇਂ ਉਸ ਦੇ ਪਿੰਡੇ ਵਿਚੋਂ ਸੇਕ ਜਿਹਾ ਆਉਣ ਲੱਗ ਪਿਆ ਹੋਵੇ।

ਉਸ ਦੇ ਮਨ ਵਿੱਚ ਇੱਕ ਲਹਿਰ ਚੜ੍ਹਦੀ ਸੀ, ਇੱਕ ਉਤਰਦੀ ਸੀ। ਉਸ ਦੀ ਸੱਠ ਸਾਲ ਦੀ ਉਮਰ ਹੋ ਗਈ, ਇਸ ਤਰ੍ਹਾਂ ਚੌਕੀਦਾਰ ਦੇ ਹੱਥ ਪੁਲਿਸ ਵਾਲਿਆਂ ਨੇ ਉਸ ਨੂੰ ਕਦੇ ਨਹੀਂ ਸੀ ਬੁਲਾਇਆ। ਜੁੱਸੇ ਦਾ ਸਾਰਾ ਜ਼ੋਰ ਇਕੱਠਾ ਜਿਹਾ ਕਰਕੇ ਉਹ ਹਥਾਈ ਵਿੱਚ ਪਹੁੰਚਿਆ ਤਾਂ ਬੱਗੂ ਥਾਣੇਦਾਰ ਦੇ ਪੈਰਾਂ ਵਿੱਚ ਬੈਠਾ ਡੱਕੇ ਨਾਲ ਧਰਤੀ ਖੁਰਚ ਰਿਹਾ ਸੀ। ਨੱਥਾ ਸਿੰਘ ਨੇ ਥਾਣੇਦਾਰ ਨੂੰ

ਫ਼ਤਿਹ ਬੁਲਾਈ ਤੇ ਗਲ ਵਿੱਚ ਖੱਦਰ ਦਾ ਸਮੋਸਾ ਪਾ ਕੇ ਦੋਵੇਂ ਹੱਥ ਜੋੜ ਕੇ ਪੁੱਛਿਆ– 'ਕੀ ਹੁਕਮ ਐ ਸਰਦਾਰ ਸਾਹਿਬ?' ਥਾਣੇਦਾਰ ਸੂਈ ਕੁੱਤੀ ਵਾਂਗ ਉਸ ਨੂੰ ਝਈ ਲੈ ਕੇ ਪਿਆ ਤੇ ਕੜਕਿਆ– 'ਤੂੰ ਭਲੀਪਤ ਨਾਲ ਮੁੰਡੇ ਨੂੰ ਪੇਸ਼ ਕਰਦੇ, ਨਹੀਂ ਤਾਂ ਬੁੜ੍ਹਿਆ ਦਾੜ੍ਹੀ ਦਾ ਵਾਲ ਵਾਲ ਕਰ ਦਿਆਂਗੇ। ਸੁਣਿਆ?' ਥਾਣੇਦਾਰ ਦੀ ਏਸ ਝਿੜਕ ਨੇ ਨੱਥਾ ਸਿੰਘ ਨੂੰ ਮਿੱਟੀ ਬਣਾ ਦਿੱਤਾ, ਉਸ ਦੇ ਮੂੰਹੋਂ ਸਿਰਫ਼ ਐਨੀ ਅਵਾਜ਼ ਹੀ ਨਿਕਲੀ– 'ਚੰਗਾ ਹਜ਼ੂਰ।'

ਹਥਾਈ ਵਿੱਚ ਉਨ੍ਹਾਂ ਦੇ ਅਗਵਾੜ ਦੇ ਹੋਰ ਆਦਮੀ ਵੀ ਆਏ ਬੈਠੇ ਸਨ। ਲੋਕਾਂ ਵਿੱਚ ਨੱਥਾ ਸਿੰਘ ਨੂੰ ਬਹੁਤ ਨਮੋਸ਼ੀ ਆਈ। ਉਸ ਨੂੰ ਧਰਤੀ ਬਿਆੜ ਨਹੀਂ ਸੀ ਦੇ ਰਹੀ, ਨਹੀਂ ਤਾਂ ਉਹ ਥਾਂ ਦੀ ਥਾਂ ਗਰਕ ਹੋ ਜਾਂਦਾ। ਸਾਰੀ ਉਮਰ ਦੀ ਰੱਖੀ ਉਸ ਦੀ ਪਤ ਮਿੱਟੀ ਵਿੱਚ ਮਿਲ ਗਈ ਸੀ, ਮਿਲ ਕਾਹਨੂੰ ਰੁਲ ਗਈ ਸੀ। ਗੂੰਗਾ ਜਿਹਾ ਬਣਿਆ ਉਹ ਆਪਣੇ ਘਰ ਆ ਗਿਆ।

ਬਿੰਦ ਝੱਟ ਘਰ ਦਮ ਲੈ ਕੇ ਉਹ ਆਪਣੇ ਬਾਹਰਲੇ ਘਰ ਚਲਿਆ ਗਿਆ। ਓਥੇ ਜਾ ਕੇ ਨਿੰਮ੍ਹ ਦੀ ਥਾਂ ਥੱਲੇ ਉਹ ਮੁਟਕੜੀ ਮਾਰੀ ਬੈਠਾ ਰਿਹਾ, ਉਸ ਨੂੰ ਕੋਈ ਵੀ ਗੱਲ ਨਹੀਂ ਸੀ ਸੁੱਝ ਰਹੀ। ਉਸ ਦੇ ਵੱਡੇ ਮੁੰਡੇ ਦੀ ਇਹ ਹਿੰਡ ਹੀ ਸੀ, ਜਿਹੜਾ ਉਹ ਤਾਏ ਵਾਲਾ ਥਾਂ ਵੰਡ ਕੇ ਬੱਗੂ ਨੂੰ ਨਹੀਂ ਦਿੰਦਾ। ਜਦ ਕਦੇ ਤਾਏ ਵਾਲਾ ਥਾਂ ਵੰਡ ਦੇਣ ਲਈ ਉਸ ਨੇ ਘਰ ਗੱਲ ਤੋਰੀ ਸੀ ਤਾਂ ਵੱਡਾ ਮੁੰਡਾ ਉਸ ਨੂੰ ਆਕੜ ਆਕੜ ਪਿਆ ਸੀ। ਬਰਾਬਰ ਦਾ ਪੁੱਤ ਸਮਝ ਕੇ ਉਸ ਨੇ ਕਦੇ ਉਸ ਦਾ ਮੂੰਹ ਨਹੀਂ ਸੀ ਫਿਟਕਾਰਿਆ, ਪਰ ਅੱਜ ਥਾਣੇਦਾਰ ਦੇ ਮੂੰਹੋਂ ਫਿਟਕਾਰ ਸੁਣ ਕੇ ਉਸ ਨੂੰ ਜਿਹੜੀ ਨਮੋਸ਼ੀ ਚਿੰਬੜ ਗਈ ਸੀ। ਉਸ ਨੇ ਤਾਂ ਉਸ ਦੀ ਬਿਲਕੁਲ ਹੀ ਜਾਨ ਹੀ ਜਾਨ ਕੱਢ ਲਈ ਸੀ। ਸਾਰੀ ਉਮਰ ਉਸ ਨੇ ਕਦੇ ਕਿਸੇ ਤੋਂ ਅਜਿਹਾ ਬੋਲ ਨਹੀਂ ਸੀ ਅਖਵਾਇਆ, ਜਿਹੜਾ ਬੋਲ ਉਸ ਘੋਦੀ ਦਾੜ੍ਹੀ ਵਾਲੇ ਥਾਣੇਦਾਰ ਨੇ ਉਸ ਨੂੰ ਕਹਿ ਦਿੱਤਾ ਸੀ– 'ਨਹੀਂ ਤਾਂ ਬੁੜ੍ਹਿਆ ਦਾੜ੍ਹੀ ਦਾ ਵਾਲ ਵਾਲ ਕਰ ਦਿਆਂਗੇ।'

ਬੈਠੇ ਬੈਠੇ ਉਸ ਦੇ ਜੀਅ ਵਿੱਚ ਆਈ ਕਿ ਚੱਲੋ ਜੋ ਹੋ ਗਈ ਹੈ, ਉਹ ਤਾਂ ਹੁਣ ਹੱਥ ਨਹੀਂ ਆ ਸਕਦੀ। ਮਰਿਆ ਤਾਂ ਜਾਂਦਾ ਨਹੀਂ। ਪਰ ਉਸ ਦਾ ਮਨ ਕਹਿੰਦਾ ਸੀ ਕਿ ਉਹ ਆਪਣੇ ਮੂੰਹ ਨੂੰ ਕਿਸੇ ਅਜਿਹੀ ਥਾਂ ਲੁਕੋ ਲਵੇ, ਜਿੱਥੇ ਉਸ ਨੂੰ ਕੋਈ ਨਾ ਦੇਖੇ, ਕੋਈ ਉਸ ਨਾਲ ਗੱਲ ਨਾ ਕਰੇ। ਛੋਟੇ ਭਰਾ ਨੇ ਐਨੇ ਲੋਕਾਂ ਵਿੱਚ ਪੁੱਜ ਕੇ ਉਸ ਦੀ ਪੱਟੀ ਮੇਸ ਕਰ ਦਿੱਤੀ ਸੀ। ਉਹ ਹੁਣ ਸੱਥ ਵਿੱਚ ਖੜ੍ਹ ਕੇ ਬੋਲਣ ਜੋਗਾ ਨਹੀਂ ਸੀ ਰਿਹਾ।

ਉਸ ਨੇ ਦੇਖਿਆ, ਖੁਰਲੀ 'ਤੇ ਖੜ੍ਹੀ ਕੱਟੀ ਰੱਸਾ ਤੁੜਾ ਰਹੀ ਹੈ। ਸ਼ਾਇਦ ਖੁਰਲੀ ਵਿੱਚ ਕੱਖ ਨਹੀਂ ਸਨ। ਉਸ ਨੇ ਇੱਕ ਟੋਕਰਾ ਚੁੱਕਿਆ ਤੇ ਕੁਤਰੇ ਵਾਲੀ ਮਸ਼ੀਨ ਮੂਹਰੇ ਜਾ ਬੈਠਾ। ਕੁਤਰੇ ਹੋਏ ਚਾਰੇ ਦਾ ਟੋਕਰਾ ਉਸ ਨੇ ਮੂੰਹ ਤਾਈਂ ਥਾਪੜ ਕੇ ਭਰ ਲਿਆ। ਦੋਵੇਂ ਹੱਥ ਪਾ ਕੇ ਉਹ ਟੋਕਰਾ ਚੁੱਕਣ ਲੱਗਿਆ, ਪਰ ਟੋਕਰਾ ਉਸ ਤੋਂ ਚੁੱਕਿਆ ਨਾ ਗਿਆ।

ਵੱਡੀ ਬਹੂ ਬਾਹਰਲੇ ਘਰ ਪਾਥੀਆਂ ਦਾ ਟੋਕਰਾ ਲੈਣ ਆਈ। ਉਸ ਨੇ ਦੇਖਿਆ, ਉਹ ਦਾ ਸਹੁਰਾ ਕੁਤਰੇ ਵਾਲੀ ਮਸ਼ੀਨ ਮੂਹਰੇ ਚਾਰੇ ਦੇ ਭਰੇ ਟੋਕਰੇ 'ਤੇ ਹਿੱਕ ਪਰਨੇ ਡਿੱਗਿਆ ਪਿਆ ਹੈ। ਉਸ ਨੇ ਬਾਹੋਂ ਫੜ ਕੇ ਬੁੜ੍ਹੇ ਨੂੰ ਹਲਾਇਆ, ਪਰ ਉਹ ਹਿੱਲਿਆ ਨਾ। ਉਸ ਦੀ ਦਾੜ੍ਹੀ ਵਿੱਚ ਚਾਰੇ ਦੇ ਡੱਕੇ ਫਸੇ ਪਏ ਸਨ। ਅੱਖਾਂ ਬੰਦ ਤੇ ਦੰਦ ਬੀੜ ਜੁੜੀ ਹੋਈ ਸੀ। ਉਸ ਨੇ ਪੂਰੀ ਤਸੱਲੀ ਕੀਤੀ–ਬੁੜ੍ਹੇ ਵਿਚੋਂ ਸਾਹ ਸਾਰੇ ਦੇ ਸਾਰੇ ਉਡ ਚੁੱਕੇ ਸਨ।♦

# ਡਰਿਆ ਹੋਇਆ ਆਦਮੀ

ਕਈ ਹਫ਼ਤੇ ਲੰਘ ਚੁੱਕੇ ਸਨ, ਉਸ ਨੇ ਕੋਈ ਫ਼ਿਲਮ ਨਹੀਂ ਸੀ ਦੇਖੀ। ਘਰ ਦੇ ਦੁੱਖਾਂ ਕਲੇਸ਼ਾਂ ਵਿੱਚ ਜਾਂ ਦਫ਼ਤਰ ਦੇ ਥਕਾਊ ਕੰਮ ਤੋਂ ਜਦ ਉਹ ਅੱਕ ਜਾਂਦਾ ਹੈ ਤਾਂ ਉਸ ਦਿਨ ਉਹ ਸਿਨੇਮੇ ਜਾਂਦਾ ਹੈ। ਤਿੰਨ ਘੰਟੇ ਤਾਂ ਚੰਗੇ ਲੰਘਦੇ ਹਨ। ਇਸ ਸਮੇਂ ਉਹ ਆਪਣੀ ਅੰਦਰਲੀ ਦੁਨੀਆਂ ਵੀ ਭੁੱਲ ਜਾਂਦਾ ਹੈ।

ਇਕੱਲਾ ਹੀ ਸਿਨੇਮੇ ਦੇਖਣ ਦੀ ਆਦਤ ਨਹੀਂ। ਜੇ ਕਦੇ ਉਹ ਇਕੱਲਾ ਚਲਿਆ ਵੀ ਜਾਵੇ ਤਾਂ ਆਪਣੇ ਆਪ ਨੂੰ ਗੁਆਚਿਆ ਗੁਆਚਿਆ ਮਹਿਸੂਸ ਕਰਦਾ ਹੈ। ਫ਼ਿਲਮ ਦੇਖਣ ਦਾ ਲੁਤਫ਼ ਜ਼ਰਾ ਵੀ ਨਹੀਂ ਆਉਂਦਾ। ਕੋਈ ਨਾਲ ਹੋਵੇ ਤਾਂ ਦੁੱਗਣਾ ਸੁਆਦ ਆਉਂਦਾ ਹੈ। ਉਸ ਦੀ ਬੀਵੀ ਸਿਨੇਮੇ ਦੇਖਣ ਦੀ ਸ਼ੌਕੀਨ ਨਹੀਂ। ਭੁੱਲੀ ਚੁੱਕੀ ਜੇ ਕਦੇ ਆ ਵੀ ਜਾਵੇ ਤਾਂ ਘਰ ਆ ਕੇ ਹੀਰੋਇਨ ਨੂੰ ਗਾਲਾਂ ਕੱਢਣੋਂ ਨਹੀਂ ਹਟਦੀ। ਦਫ਼ਤਰ ਦੇ ਕਿਸੇ ਬੰਦੇ ਨੂੰ ਜੇ ਉਹ ਫ਼ਿਲਮ ਦੇਖਣ ਲਈ ਕਹਿੰਦਾ ਹੈ ਤਾਂ ਉਹ ਬੰਦਾ ਸਮਝਣ ਲੱਗ ਪੈਂਦਾ ਹੈ ਕਿ ਰਮੇਸ਼ ਅੱਜ ਆਪ ਹੀ ਪੈਸੇ ਖ਼ਰਚ ਕਰੇਗਾ। ਹੁੰਦਾ ਵੀ ਇਉਂ ਹੀ ਹੈ। ਜਿਸ ਬੰਦੇ ਨੂੰ ਉਹ ਨਾਲ ਲੈ ਕੇ ਜਾਵੇ, ਉਸ ਦਾ ਟਿਕਟ ਉਹ ਆਪ ਹੀ ਖਰੀਦ ਲੈਂਦਾ ਹੈ। ਕਈ ਬੰਦੇ ਤਾਂ 'ਗਿਵ ਐਂਡ ਟੇਕ' ਵਿੱਚ ਵਿਸ਼ਵਾਸ ਰੱਖਦੇ ਹਨ। ਇੱਕ ਦਿਨ ਟਿਕਟ ਮੈਂ ਲੈ ਗਿਆ, ਦੂਜੇ ਦਿਨ ਤੁਸੀਂ ਲੈ ਲਓ ਜਾਂ ਟਿਕਟ ਮੈਂ ਲਿਆ ਹੈ ਤਾਂ ਇੰਟਰਵਲ ਵਿੱਚ ਚਾਹ ਤੁਸੀਂ ਪਿਆ ਦਿੱਤੀ। ਫੋਕੀ ਨਾਲੋਂ ਕੁਝ ਖਵਾ ਦਿੱਤਾ। ਟਿਕਟ ਦਾ ਭਾਂਗਾ ਪੂਰਾ ਹੋ ਗਿਆ। ਪਰ ਕਈ ਕਮਬਖ਼ਤ ਤਾਂ ਐਸੇ ਟੱਕਰਦੇ ਹਨ ਕਿ ਉਨ੍ਹਾਂ ਦਾ ਟਿਕਟ ਵੀ ਆਪ ਲਓ ਤੇ ਇੰਟਰਵਲ ਵਿੱਚ ਉਨ੍ਹਾਂ ਹਰਾਮਖ਼ੋਰਾਂ ਨੂੰ ਚਾਹ ਵੀ ਆਪਣੀ ਜੇਬ੍ਹ ਵਿੱਚੋਂ ਹੀ ਪਿਆਉ। ਸੋ, ਕਦੇ ਕਦੇ ਤਾਂ ਰਮੇਸ਼ ਨੂੰ ਇਕੱਲਾ ਹੀ ਜਾਣਾ ਪੈਂਦਾ ਹੈ, ਪਰ ਉਸ ਨੂੰ ਇਕੱਲੇ ਜਾਣਾ ਫਿਰ ਵੀ ਓਪਰਾ ਓਪਰਾ ਲੱਗਦਾ ਹੈ। ਕਈ ਬੰਦੇ ਹਨ, ਜੋ ਇਕੱਲੇ ਹੀ ਫ਼ਿਲਮ ਦੇਖ ਲੈਂਦੇ ਹਨ। ਅਜਿਹੇ ਬੰਦਿਆਂ ਨਾਲ ਰਮੇਸ਼ ਨੂੰ ਚਿੜ੍ਹ ਹੈ।

ਅੱਜ ਉਸ ਨੇ ਆਪਣੇ ਦਫ਼ਤਰ ਦੇ ਬਾਬੂ ਹੁਕਮ ਚੰਦ ਨੂੰ ਮਨਾ ਲਿਆ ਸੀ। ਹੁਕਮ ਚੰਦ ਕਦੇ ਕਦੇ ਹੀ ਫ਼ਿਲਮ ਦੇਖਦਾ ਹੈ। ਦੇਣਾ ਇੱਕ ਨਾ ਲੈਂਣੇ ਦੇ। ਆਪਣੇ ਪੈਸਿਆਂ ਦੇ ਟਿਕਟ ਖਰੀਦੇਗਾ ਤੇ ਆਪਣੇ ਪੈਸਿਆਂ ਦੀ ਹੀ ਚਾਹ ਪੀਏਗਾ। ਇਸ ਤਰ੍ਹਾਂ ਦੀ ਗੱਲ ਵੀ ਰਮੇਸ਼ ਨੂੰ ਚੰਗੀ ਨਹੀਂ ਲੱਗਦੀ। ਇਹ ਕਾਹਦੀ ਅਪਣਤ ਹੈ ਕਿ ਫ਼ਿਲਮ ਰਲ ਕੇ ਦੇਖੇ ਤੇ ਪੈਸੇ ਆਪੋ ਆਪਣੇ ਖ਼ਰਚੇ। ਖ਼ੈਰ, ਹੁਕਮ ਚੰਦ ਉਸ ਦੇ ਨਾਲ ਆ ਗਿਆ ਸੀ। ਐਨਾ ਹੀ ਕਾਫ਼ੀ ਸੀ, ਕੋਲ ਤਾਂ ਬੈਠੇਗਾ, ਗੱਲ ਤਾਂ ਕੋਈ ਕਰੇਗਾ।

ਰੋਮਾਂਸ ਚੱਲ ਰਿਹਾ ਹੈ। ਰਮੇਸ਼ ਬਾਹਰਲੀ ਤੇ ਅੰਦਰਲੀ ਸਾਰੀ ਦੁਨੀਆਂ ਭੁੱਲ ਗਿਆ ਹੈ। ਹੁਕਮ ਚੰਦ ਵੀ ਖ਼ੁਸ਼ ਹੈ। ਵਿੱਚ ਦੀ ਕੋਈ ਕੋਈ ਗੱਲ ਉਹ ਕਰਦੇ ਹਨ। ਖ਼ੁਸ਼ ਹੁੰਦੇ ਹਨ, ਹੱਸਦੇ ਹਨ, ਕਦੇ ਕਦੇ ਕੋਈ ਹਾਉਂਕਾ ਵੀ।

ਇੰਟਰਵਲ ਹੋਇਆ ਤਾਂ ਉਹ ਖੜ੍ਹੇ ਹੋ ਗਏ। ਸਾਰੇ ਲੋਕ ਕਰੀਬ ਕਰੀਬ ਖੜ੍ਹੇ ਹੋ ਚੁੱਕੇ ਹਨ। ਕੋਈ ਕੋਈ ਬੈਠਾ ਹੈ। ਬਾਹਰ ਨਿਕਲਣ ਲਈ ਦਰਵਾਜ਼ਿਆਂ ਵੱਲ ਨੂੰ ਲੋਕ ਵਧ ਰਹੇ ਹਨ। ਲੰਬੀਆਂ ਲੰਬੀਆਂ ਕਤਾਰਾਂ। ਹੁਕਮ ਚੰਦ ਅੱਗੇ ਹੈ ਤੇ ਰਮੇਸ਼ ਉਸ ਦੇ ਪਿੱਛੇ। ਇੱਕ ਸੀਟ ਦੇ ਕੋਲ, ਸੀਟ ਦੀ ਛਾਂ ਵਿੱਚ ਇੱਕ ਕਾਲਾ ਬਟੂਆ ਪਿਆ ਹੈ। ਰਮੇਸ਼ ਨੇ ਪੂਰਾ ਧਿਆਨ ਦੇ ਕੇ ਦੇਖਿਆ, ਸੱਚੀ ਹੀ ਬਟੂਆ ਹੈ। ਉਸ ਨੇ ਫੁਰਤੀ ਨਾਲ ਬਟੂਏ ਦੇ ਉੱਪਰ ਪੈਰ ਧਰ ਲਿਆ ਹੈ। ਹੁਕਮ ਚੰਦ ਅੱਗੇ ਲੰਘ ਗਿਆ ਹੈ, ਪਰ ਰਮੇਸ਼ ਉੱਥੇ ਹੀ ਖੜ੍ਹਾ ਹੈ। ਬਟੂਏ ਨੂੰ ਚੁੱਕੇ ਤਾਂ ਕਿਵੇਂ ਚੁੱਕੇ? ਚਾਰ ਚੁਫ਼ੇਰੇ ਲੋਕ ਹਨ। ਕਿਸੇ ਨੇ ਦੇਖ ਲਿਆ ਤਾਂ?

ਰਮੇਸ਼ ਨੇ ਚਾਰ ਚੁਫ਼ੇਰਾ ਦੇਖ ਕੇ ਆਪਣੇ ਗੋਡੇ ਨੂੰ ਹੱਥ ਲਾਇਆ ਤੇ ਫਿਰ ਝੁਕਿਆ ਝੁਕਿਆ ਹੀ ਉਹ ਆਪਣੇ ਗਿੱਟੇ ਤੋਂ ਪੈਂਟ ਉਤਾਂਹ ਚੁੱਕ ਕੇ ਖੁਰਕ ਕਰਨ ਲੱਗਿਆ। ਅੱਖ ਦੇ ਫੇਰ ਵਿੱਚ ਹੀ ਉਸ ਨੇ ਆਪਣੇ ਪੈਰ ਥੱਲਿਓਂ ਬਟੂਆ ਕੱਢਿਆ ਤੇ ਫੁਰਤੀ ਨਾਲ ਆਪਣੇ ਸਵੈਟਰ ਦੇ ਥੱਲੇ ਉਸ ਨੂੰ ਲੁਕਾ ਲਿਆ। ਉਸ ਨੂੰ ਯਕੀਨ ਸੀ ਕਿ ਕਿਸੇ ਨੂੰ ਵੀ ਪਤਾ ਨਹੀਂ ਲੱਗਿਆ। ਗੇਟ ਕੀਪਰ ਤੋਂ ਪਾਸ ਲਏ ਬਗੈਰ ਹੀ ਉਹ ਦਰਵਾਜ਼ਾ ਲੰਘ ਗਿਆ। ਗੇਟ ਕੀਪਰ ਨੇ ਹਾਕ ਮਾਰ ਕੇ ਉਸ ਨੂੰ ਪਾਸ ਦਿੱਤਾ। ਬਾਹਰ ਖੜ੍ਹਾ ਹੁਕਮ ਚੰਦ ਉਸ ਦੇ ਮੂੰਹ ਵੱਲ ਝਾਕਿਆ। ਰਮੇਸ਼ ਨੂੰ ਲੱਗਿਆ, ਜਿਵੇਂ ਉਹ ਉਸ ਬਾਰੇ ਕੋਈ ਗੱਲ ਤਾੜ ਗਿਆ ਹੈ। ਇੱਕ ਦੋ ਹੋਰ ਹੀ ਸਧਾਰਨ ਜਿਹੀਆਂ ਗੱਲਾਂ ਪੁੱਛਣ 'ਤੇ ਰਮੇਸ਼ ਨੂੰ ਪੂਰਾ ਯਕੀਨ ਹੋ ਗਿਆ ਕਿ ਹੁਕਮ ਚੰਦ ਨੂੰ ਬਟੂਏ ਦਾ ਕੋਈ ਪਤਾ ਨਹੀਂ। ਹੁਣ ਉਹ ਚਾਹੁੰਦਾ ਸੀ ਕਿ ਉਹ ਅਜਿਹੀ ਥਾਂ ਪਿਸ਼ਾਬ ਕਰਕੇ ਆਵੇ, ਜਿੱਥੇ ਉਸ ਨੂੰ ਕੋਈ ਨਾ ਦੇਖੇ ਤਾਂ ਕਿ ਉਹ ਬਟੂਏ ਨੂੰ ਖੋਲ੍ਹ ਕੇ ਦੇਖ ਲਵੇ ਕਿ ਉਸ ਵਿੱਚ ਕਿੰਨੇ ਕੁ ਰੁਪਏ ਹਨ।

ਕਿੰਨੇ ਹੀ ਲੋਕ ਯੂਰੀਨਲਜ਼ ਵਿੱਚ ਚਲੇ ਗਏ ਸਨ। ਉਨ੍ਹਾਂ ਤੋਂ ਦੁੱਗਣੇ ਹੋਰ ਆਦਮੀ ਯੂਰੀਨਲਜ਼ ਦੇ ਸੱਜੇ ਪਾਸੇ ਹੋ ਗਏ ਸਨ। ਬਹੁਤ ਸਾਰੇ ਲੋਕ ਯੂਰੀਨਲਜ਼ ਦੇ ਖੱਬੇ ਪਾਸੇ ਕੰਧ ਵੱਲ ਮੂੰਹ ਕਰੀ ਖਲੋਤੇ ਸਨ। ਕੋਈ ਕਿਸੇ ਵੱਲ ਨਹੀਂ ਸੀ ਦੇਖ ਰਿਹਾ। ਸਭ ਕਾਹਲੇ ਸਨ। ਸ਼ਰਮ ਨਾਂ ਦੀ ਚੀਜ਼ ਜਿਵੇਂ ਕੋਈ ਹੁੰਦੀ ਹੀ ਨਾ ਹੋਵੇ। ਰਮੇਸ਼ ਨੂੰ ਕੋਈ ਵੀ ਮਹਿਫ਼ੂਜ਼ ਥਾਂ ਨਾ ਮਿਲੀ, ਜਿੱਥੇ ਖੜ੍ਹ ਕੇ ਉਹ ਬਟੂਏ ਨੂੰ ਫਰੋਲ ਸਕਦਾ। ਖਬਰੈ ਉਸ ਵਿੱਚ ਕੀ ਸੀ? ਕਿੰਨੇ ਕੁ ਰੁਪਏ ਸਨ? ਸ਼ਾਇਦ ਹਜ਼ਾਰਾਂ ਹੀ ਹੋਣ ਜਾਂ ਚਾਲ੍ਹੀ ਪੰਜਾਹ। ਉਸ ਦੇ ਮਨ ਨੂੰ ਕਾਹਲ ਲੱਗੀ ਹੋਈ ਸੀ ਕਿ ਉਹ ਬਟੂਏ ਨੂੰ ਛੇਤੀ ਦੇਖੇ। ਹੁਕਮ ਚੰਦ ਉਸ ਦੇ ਕੋਲ ਆ ਖੜੋਤਾ। ਹੁਣ ਹੁਕਮ ਚੰਦ ਨੇ ਕਿੱਧਰ ਜਾਣਾ ਸੀ। ਉਹ ਤਾਂ ਕਹਿ ਰਿਹਾ ਸੀ ਕਿ ਉਹ ਅੰਦਰ ਚਲੇ ਜਾਣ। ਘੰਟੀ ਵੱਜ ਗਈ ਤਾਂ ਸਿਨੇਮਾ ਦੇ ਅੰਦਰਲੀਆਂ ਲਾਈਟਾਂ ਆਫ਼ ਹੋ ਜਾਣਗੀਆਂ। ਹਨੇਰੇ ਵਿੱਚ ਸੀਟਾਂ ਦਾ ਪਤਾ ਨਹੀਂ ਲੱਗਣਾ। ਐਵੇ ਲੋਕਾਂ ਦੇ ਉੱਤੇ ਡਿੱਗਦੇ ਫਿਰਾਂਗੇ। ਰਮੇਸ਼ ਚਾਹੁੰਦਾ ਸੀ ਕਿ ਚਾਹ ਦਾ ਇੱਕ ਇੱਕ ਕੱਪ ਉਹ ਪੀ ਲੈਣ, ਪਰ ਉਸ ਨੇ ਸਿਨੇਮੇ ਦੇ ਅੰਦਰ ਜਾ ਕੇ ਬੈਠਣਾ ਹੀ ਠੀਕ ਸਮਝਿਆ। ਉਸ ਦੇ ਸਵੈਟਰ ਥੱਲੇ ਦਿੱਤਾ ਬਟੂਆ ਥੱਲੇ ਨੂੰ ਖਿਸਕ ਰਿਹਾ ਸੀ। ਉਸ ਦਾ ਸਵੈਟਰ ਵੀ ਬਟੂਏ ਵਾਲੀ ਥਾਂ ਤੋਂ

ਕੁਝ ਉੱਚਾ ਉੱਚਾ ਦਿਸ ਰਿਹਾ ਸੀ। ਸੋ, ਉਹ ਚਾਹੁੰਦਾ ਸੀ ਕਿ ਅੰਦਰ ਜਾ ਕੇ ਸੀਟ ’ਤੇ ਬੈਠ ਕੇ ਉਹ ਸਵੈਟਰ ਥੱਲਿਓਂ ਬਟੂਆ ਕੱਢੇ ਤੇ ਕੋਟ ਦੀ ਜੇਬ੍ਹ ਵਿੱਚ ਪਾ ਲਵੇ।

ਆਪਣੀਆਂ ਸੀਟਾਂ ’ਤੇ ਉਹ ਬੈਠੇ ਸਨ। ‘ਚਾਹ ਪੀਣੀਐ, ਰਮੇਸ਼?’ ਹੁਕਮ ਚੰਦ ਹੌਲੀ ਹੌਲੀ ਪੁੱਛ ਰਿਹਾ ਸੀ। ਰਮੇਸ਼ ਕਹਿ ਰਿਹਾ ਸੀ– ‘ਚੱਲ ਛੱਡ ਯਾਰ ਚਾਹ ਇਹ ਚੰਗੀ ਜਿਹੀ ਨਹੀਂ ਹੁੰਦੀ। ‘ਐਂਡ’ ਤੋਂ ਬਾਅਦ ਬਾਹਰ ਜਾ ਕੇ ਹੀ ਪੀਵਾਂਗੇ।

ਚਾਹ ਵੇਚਣ ਵਾਲੇ, ਮੂੰਗਫ਼ਲੀ ਵਾਲੇ ਤੇ ਦਾਲ ਭੁਜੀਆ ਦਾ ਹੋਕਾ ਦੇਣ ਵਾਲਿਆਂ ਨੇ ਕਾਵਾਂ ਰੌਲੀ ਪਾਈ ਹੋਈ ਸੀ। ਵੱਖ-ਵੱਖ ਕਿਸਮ ਦੀਆਂ ਆਵਾਜ਼ਾਂ ਉੱਚੀਆਂ ਤੇ ਨੀਵੀਂਆਂ, ਕੰਨ ਪਾੜਵੀਆਂ ਤੇ ਭੱਦੀਆਂ ਸੁਸਤ ਧੁਨੀਆਂ। ਬੱਤੀਆਂ ਬੁਝ ਗਈਆਂ ਸਨ। ਦਰਵਾਜ਼ੇ ਬੰਦ ਹੋ ਗਏ ਸਨ। ਸਕਰੀਨ ’ਤੇ ਸਿਲਾਈਡਾਂ ਚੱਲ ਰਹੀਆਂ ਸਨ। ਚਾਹ, ਮੂੰਗਫ਼ਲੀ ਤੇ ਦਾਲ ਭੁਜੀਆ ਦੇ ਹੋਕਰੇ ਹੋਰ ਤੇਜ਼ ਹੋਰ ਉੱਚੇ ਹੋ ਗਏ ਸਨ। ਰਮੇਸ਼ ਨੇ ਸਵੈਟਰ ਥੱਲਿਓਂ ਬਟੂਆ ਕੱਢ ਕੇ ਕੋਟ ਦੀ ਅੰਦਰਲੀ ਜੇਬ੍ਹ ਵਿੱਚ ਪਾ ਲਿਆ ਸੀ ਤੇ ਆਰਾਮ ਦਾ ਸਾਹ ਲਿਆ ਸੀ।

ਫ਼ਿਲਮ ਸ਼ੁਰੂ ਹੋਈ ਤਾਂ ਹਾਲ ਵਿੱਚ ਖ਼ਾਮੋਸ਼ੀ ਵੀ ਸ਼ੁਰੂ ਹੋ ਗਈ। ਦੋ ਮਿੰਟਾਂ ਵਿੱਚ ਹੀ ਬਿਲਕੁੱਲ ਚੁੱਪ ਚਾਪ। ਕੋਈ ਵੀ ਨਹੀਂ ਸੀ ਬੋਲ ਰਿਹਾ। ਫ਼ਿਲਮ ਚੱਲ ਰਹੀ ਸੀ। ਰਮੇਸ਼ ਦਾ ਧਿਆਨ ਫ਼ਿਲਮ ਵਿੱਚ ਨਹੀਂ ਸੀ। ਉਸ ਦੀ ਨਿਗਾਹ ਅੱਗੇ ਪਿੱਛੇ ਤੇ ਸੱਜੇ ਖੱਬੇ ਬੈਠੇ ਹੋਏ ਲੋਕਾਂ ਵੱਲ ਦੌੜ ਰਹੀ ਸੀ। ਮੂੰਗਫ਼ਲੀਆਂ ਭੰਨ੍ਹੀਆਂ ਜਾ ਰਹੀਆਂ ਸਨ, ਕਿਰੜ ਕਿਰੜ... ਕਿੜ ਕਿ ...। ਰਮੇਸ਼ ਦੇ ਦਿਮਾਗ਼ ਵਿੱਚ ਇੱਕੋ ਖ਼ਿਆਲ ਘੁੰਮ ਰਿਹਾ ਸੀ। ਬਟੂਏ ਵਿੱਚ ਹੈ ਕੀ?

ਕੋਲ ਬੈਠੇ ਹੁਕਮ ਚੰਦ ਤੇ ਹੋਰ ਬੰਦਿਆਂ ਤੋਂ ਲਕੋਅ ਕੇ ਉਸ ਨੇ ਕੋਟ ਦੀ ਜੇਬ੍ਹ ਵਿਚੋਂ ਬਟੂਆ ਕੱਢਿਆ ਤੇ ਆਪਣੀ ਬੁੱਕਲ ਵਿੱਚ ਹੀ ਉਸ ਦੇ ਅੰਦਰਲੇ ਦੋਵੇਂ ਖਾਨੇ ਫਰੋਲੇ। ਕੁਝ ਮੋਟੇ-ਮੋਟੇ ਕਾਗਜ਼ ਰੜਕੇ। ਉਸ ਨੇ ਅੰਦਾਜ਼ਾਂ ਲਾਇਆ ਜਿਵੇਂ ਕਾਫ਼ੀ ਸਾਰੇ ਨੋਟ ਹੋਣ।

ਹੁਣ ਉਸ ਨੂੰ ਡਰ ਸੀ ਕਿ ਇਹ ਬਟੂਆ ਕਿਤੇ ਉਸ ਦੇ ਪਿੱਛੇ ਬੈਠੇ ਬੰਦੇ ਦਾ ਨਾ ਹੋਵੇ। ਪਿੱਛੋਂ ਤਿੰਨ ਚਾਰ ਬੰਦਿਆਂ ਵਿਚੋਂ ਕਿਸੇ ਦਾ ਵੀ ਹੋ ਸਕਦਾ ਹੈ। ਅਚਾਨਕ ਕਿਸੇ ਨੇ ਜੇਬ੍ਹ ਟੋਹੀ ਤਾਂ ਬੁੜ੍ਹਕ ਉੱਠੇਗਾ। ਹੋ ਸਕਦਾ ਹੈ, ਅੱਗੇ ਬੈਠੇ ਬੰਦਿਆਂ ’ਚੋਂ ਹੀ ਕਿਸੇ ਦਾ ਹੋਵੇ। ਸ਼ਾਇਦ ਹੁਕਮ ਚੰਦ ਦਾ ਹੀ ਹੋਵੇ। ਹੁਕਮ ਚੰਦ ਦਾ ਹੋਵੇਗਾ। ਰਮੇਸ਼ ਦਾ ਧਿਆਨ ਫ਼ਿਲਮ ਵਿੱਚ ਬਿਲਕੁੱਲ ਨਹੀਂ, ਉਹ ਸੋਚ ਰਿਹਾ ਸੀ ਕਿ ਹੁਕਮ ਚੰਦ ਨੂੰ ਹੌਲੀ ਜਿਹੀ ਪੁੱਛ ਲਵੇ-ਤੇਰਾ ਬਟੂਆ ਹੁਕਮ ਚੰਦ ਦੀ ਜੇਬ੍ਹ ’ਚ ਹੈਗਾ? ਪਰ ਉਸ ਨੇ ਨਾਲ ਦੀ ਨਾਲ ਸੋਚਿਆ ਕਿ ਜੇ ਹੁਕਮ ਚੰਦ ਦਾ ਬਟੂਆ ਹੁਕਮ ਚੰਦ ਦੀ ਜੇਬ੍ਹ ਵਿੱਚ ਹੋਇਆ ਤਾਂ ਇਸ ਬਟੂਏ ਦਾ ਭੇਤ ਖੁੱਲ੍ਹ ਜਾਵੇਗਾ। ਹੁਕਮ ਚੰਦ ਨਾਲ ਕੋਈ ਬਹਾਨਾ ਲਾ ਕੇ ਬਾਹਰ ਚਲਿਆ ਜਾਵੇ। ਪਰ ਜਦ ਬਟੂਏ ਦੇ ਮਾਲਕ ਨੂੰ ਹੋਸ਼ ਆਈ ਤਾਂ ਉਹ ਸ਼ੋਰ ਮਚਾਏਗਾ ਤੇ ਨੇੜੇ ਤੇੜੇ ਬੈਠੇ ਲੋਕਾਂ ਨੂੰ ਸ਼ੱਕ ਹੋ ਜਾਵੇਗਾ ਕਿ ਜੋ ਬੰਦਾ ਉੱਠ ਕੇ ਬਾਹਰ ਗਿਆ ਹੈ, ਉਹੀ ਬਟੂਆ ਲੈ ਗਿਆ ਹੈ। ਉਹ ਥਾਏਂ ਬੈਠਾ ਰਿਹਾ। ਸਕਰੀਨ ’ਤੇ ਪਤਾ ਨਹੀਂ ਕੀ ਹੋ ਰਿਹਾ ਸੀ।

ਫ਼ਿਲਮ ਸਮਾਪਤ ਹੋਈ। ਸਾਰੇ ਲੋਕ ਜਨ ਗਣ ਮਨ ਲਈ ਖੜ੍ਹੇ ਹੋ ਗਏ। ਰਮੇਸ਼ ਨੂੰ ਮਹਿਸੂਸ ਹੋਇਆ ਕਿ ਹੁਣ ਉਸ ਦੇ ਪਿੱਛੇ ਖੜ੍ਹਾਂ ਬੰਦਾ ਆਪਣੀ ਜੇਬ੍ਹ ਟੋਹੇਗਾ ਤੇ ਉਸ

ਵਿੱਚ ਆਪਣਾ ਬਟੂਆ ਨਾ ਦੇਖ ਕੇ ਘਬਰਾ ਜਾਵੇਗਾ ਤੇ ਫਿਰ ਪਤਾ ਹੈ, ਉਹ ਕੀ ਕਰੇਗਾ? ਉਹ ਉਸ ਦੀ ਗਿੱਚੀ ਫੜ ਲਵੇਗਾ ਤੇ ਦੋ ਘਸੁੰਨ ਮਾਰ ਕੇ ਕਹੇਗਾ- 'ਹਰਮਾਜ਼ਾਦੇ, ਕੱਢ ਬਟੂਆ ਕਿੱਥੇ ਐ?'

ਉਸ ਨੇ ਹੁਕਮ ਚੰਦ ਦੇ ਕੂਹਣੀ ਮਾਰੀ- 'ਚੱਲ ਨਿਕਲ ਚੱਲ।'

'ਚੱਲ ਕੇ ਕੀ ਕਰੇਂਗਾ? ਦਰਵਾਜ਼ੇ ਤਾਂ ਖੁੱਲ੍ਹੇ ਨਹੀਂ, ਖੜ੍ਹਾ ਰਹਿ ਗੀਤ ਪੂਰਾ ਹੋ ਲੈਣ ਦੇ।' ਹੁਕਮ ਚੰਦ ਨੇ ਉਸ ਨੂੰ ਸਮਝਾਇਆ।

'ਜਯ ਹੇ ਜਯ ਹੇ' ਦੇ ਨਾਲ ਹੀ ਦਰਵਾਜ਼ੇ ਖੁੱਲ੍ਹੇ, ਲੋਕ ਦਰਵਾਜ਼ਿਆਂ ਵੱਲ ਵਧੇ। ਰਮੇਸ਼ ਹੁਕਮ ਚੰਦ ਨੂੰ ਛੱਡ ਕੇ ਭੀੜ ਵਿੱਚ ਖੋ ਗਿਆ। ਉਹ ਚਾਹੁੰਦਾ ਸੀ ਕਿ ਉਸ ਦੇ ਅੱਗੇ ਤੇ ਪਿੱਛੇ ਤੇ ਸੱਜੇ ਤੇ ਖੱਬੇ ਬੈਠੇ ਬੰਦਿਆਂ ਦੀਆਂ ਅੱਖਾਂ ਤੋਂ ਪਰ੍ਹੇ ਹੋ ਜਾਵੇ। ਉਨ੍ਹਾਂ ਵਿਚੋਂ ਹੀ ਜੇ ਕਿਸੇ ਦਾ ਬਟੂਆ ਹੋਇਆ ਤਾਂ ਉਹ ਆਦਮੀ ਪਹਿਚਾਣ ਨਹੀਂ ਸਕੇਗਾ। ਇੱਕ ਵਾਰੀ ਭੀੜ ਵਿੱਚ ਖੋਇਆ ਬੰਦਾ ਮੁੜ ਕੇ ਕਦ ਲੱਭਦਾ ਹੈ? ਹੁਕਮ ਚੰਦ ਛਾਂ ਵਾਂਗ ਉਸ ਦੇ ਮਗਰ ਹੀ ਰਿਹਾ ਤੇ ਉਹ ਫੁਰਤੀ ਨਾਲ ਸਿਨੇਮੇ 'ਚੋਂ ਨਿਕਲ ਕੇ ਗੇਟ ਪਾਰ ਕਰ ਗਏ। ਤੁਰਿਆ ਜਾਂਦਾ ਵੀ ਉਹ ਇੱਧਰ-ਉੱਧਰ ਦੇਖ ਰਿਹਾ ਸੀ-ਪਿੱਛੇ ਮੁੜ ਕੇ ਵੀ-ਕਿਤੇ ਕੋਈ ਉਸ ਨੂੰ ਗਹੁ ਨਾਲ ਤਾਂ ਨਹੀਂ ਦੇਖ ਰਿਹਾ? ਹੁਕਮ ਚੰਦ ਆਪਣੇ ਘਰ ਨੂੰ ਚਲਿਆ ਗਿਆ। ਰਮੇਸ਼ ਆਪਣੇ ਘਰ ਨੂੰ।

ਰਾਹ ਵਿੱਚ ਰਮੇਸ਼ ਸੋਚ ਰਿਹਾ ਸੀ ਕਿ ਉਸ ਨੇ ਹੁਕਮ ਚੰਦ ਨੂੰ ਕਿਉਂ ਨਾ ਪੁੱਛ ਲਿਆ? ਕਿਤੇ ਹੁਕਮ ਚੰਦ ਦਾ ਹੀ ਨਾ ਹੋਵੇ ਬਟੂਆ? ਜੇ ਹੁਕਮ ਚੰਦ ਦਾ ਹੀ ਹੋਇਆ, ਫਿਰ ਉਸ ਨੂੰ ਮੋੜ ਦੇਣਾ ਹੀ ਠੀਕ ਹੈ। ਹੁਕਮ ਚੰਦ ਭਾਵੇਂ ਕਿੰਨਾ ਕੰਜੂਸ ਹੈ, ਪਰ ਹੈ ਤਾਂ ਦੋਸਤ। ਦੋਸਤ ਦੀ ਚੀਜ਼ ਰੱਖਣਾ ਤਾਂ ਧਰਮ ਨਹੀਂ। ਉਸ ਨੇ ਸੋਚਿਆ, ਭਾਵੇਂ ਬਟੂਏ ਵਿੱਚ ਕਿੰਨੇ ਹੀ ਬਹੁਤੇ ਰੁਪਏ ਹੋਣ , ਜੇ ਬਟੂਆ ਹੁਕਮ ਚੰਦ ਦਾ ਹੋਇਆ ਤਾਂ ਉਸ ਨੂੰ ਵਾਪਸ ਕਰ ਦੇਵੇਗਾ। ਪਰ ਇਹ ਕਿੱਦਾਂ ਪਤਾ ਲੱਗੇਗਾ ਕਿ ਬਟੂਆ ਹੁਕਮ ਚੰਦ ਦਾ ਹੀ ਹੈ। ਇਹ ਤਾਂ ਪਤਾ ਲੱਗ ਜਾਏਗਾ-ਲੈਂਪ ਬਾਲ ਕੇ ਅੰਦਾਜ਼ਾ ਲਾਇਆ। ਹੁਕਮ ਚੰਦ ਆਪਣੇ ਬਟੂਏਂ ਵਿੱਚ ਪੈਸਾ ਭਾਵੇਂ ਕੋਈ ਰੱਖੇ ਜਾਂ ਨਾ ਰੱਖੇ, ਉਹ ਕੰਮ ਦੇ ਕਾਗਜ਼ ਜ਼ਰੂਰ ਬਟੂਏ ਵਿੱਚ ਹੀ ਸੰਭਾਲ ਕੇ ਰੱਖਦਾ ਹੈ। ਬਿਜਲੀ ਦਾ ਬਿੱਲ, ਬੱਸ ਦੇ ਟਿਕਟ, ਬਾਜ਼ਾਰ ਵਿਚੋਂ ਖਰੀਦਣ ਵਾਲੀਆਂ ਚੀਜ਼ਾਂ, ਪ੍ਰੀਮੀਅਮ ਨੋਟਿਸ ਤੇ ਕੋਈ ਖ਼ਤ। ਰਮੇਸ਼ ਨੇ ਸੋਚਿਆ ਕਿ ਜੇ ਉਸ ਦਾ ਬਟੂਆ ਹੋਇਆ ਤਾਂ ਉਸ ਵਿਚਲੇ ਕਿਸੇ ਨਾ ਕਿਸੇ ਕਾਗਜ਼ ਤੋਂ ਜ਼ਰੂਰ ਪਤਾ ਲੱਗ ਜਾਵੇਗਾ ਕਿ ਇਹ ਉਸ ਦਾ ਹੀ ਬਟੂਆ ਹੈ। ਜੇ ਉਸ ਦਾ ਹੀ ਹੋਇਆ ਤਾਂ ਉਹ ਉਸ ਦੇ ਘਰ ਜਾ ਕੇ ਉਸ ਨੂੰ ਮੋੜ ਆਵੇਗਾ। ਹੱਸ ਕੇ ਮੋੜ ਦੇਵੇਗਾ ਤੇ ਕਹੇਗਾ, 'ਝੁੱਡੂਆ, ਆਪ ਦੀ ਜੇਬ੍ਹ ਦਾ ਖ਼ਿਆਲ ਨੀ ਰਹਿੰਦਾ ਤੈਨੂੰ?'

ਘਰ ਜਾ ਕੇ ਉਸ ਨੇ ਆਪਣੀ ਬੀਵੀ ਨੂੰ ਕਿਹਾ ਕਿ ਉਹ ਚਾਹ ਬਣਾਵੇ। ਆਪ ਉਹ ਕੋਠੇ 'ਤੇ ਚੜ੍ਹ ਗਿਆ। ਕੋਠੇ 'ਤੇ ਜੰਗਲੇ ਦੀ ਓਟ ਵਿੱਚ ਖੜ੍ਹ ਕੇ ਜੇਬ੍ਹ ਵਿਚੋਂ ਬਟੂਆ ਕੱਢਿਆ। ਉੱਚੀ-ਉੱਚੀ ਹੱਸਿਆ। ਬਟੂਏ ਵਿੱਚ ਕਿਸੇ ਔਰਤ ਦੀ ਫ਼ੋਟੋ ਸੀ ਤੇ ਇੱਕ ਸੀ ਖ਼ਤ-ਹਿੰਦੀ ਵਿੱਚ ਲਿਖਿਆ ਹੋਇਆ। ਖ਼ਤ ਵਾਲੇ ਕਾਗਜ਼ ਵਿਚੋਂ ਸੈਂਟ ਦੀ ਮਿੰਨ੍ਹੀ ਮਿੰਨ੍ਹੀ ਖ਼ੁਸ਼ਬੋਅ ਆ ਰਹੀ ਸੀ। ਔਰਤ ਦੀਆਂ ਅੱਖਾਂ 'ਤੇ ਗਾਗ਼ਲਜ਼ ਲੱਗੇ ਹੋਏ ਸਨ। ਹੁਣ

ਉਸ ਨੂੰ ਫਿਕਰ ਸੀ ਕਿ ਉਹ ਇਸ ਬਟੂਏ ਨੂੰ ਕਿੱਥੇ ਸੁੱਟੇ, ਪਰ ਉਹ ਕੁਝ ਵੀ ਨਾ ਕਰ ਸਕਿਆ। ਖ਼ਤ ਨੂੰ ਉਸ ਨੇ ਪੜ੍ਹਨ ਦੀ ਕੋਸ਼ਿਸ਼ ਕੀਤੀ। ਇੱਕ ਦੋ ਇਸ਼ਕੀਆਂ ਫਿਕਰੇ ਪੜ੍ਹ ਕੇ ਉਸ ਨੇ ਖ਼ਤ ਬਟੂਏ ਵਿੱਚ ਹੀ ਪਾ ਦਿੱਤਾ ਤੇ ਫੋਟੋ ਵੀ। ਉਹ ਕੋਠੇ ਤੋਂ ਥੱਲੇ ਉਤਰਿਆ। 'ਤੂੰ ਚਾਹ ਪਾ ਗਲਾਸ 'ਚ ਮੈਂ ਹੁਣੇ ਔਨਾ', ਕਹਿ ਕੇ ਉਹ ਘਰੋਂ ਬਾਹਰ ਹੋਇਆ ਕੇ ਮਿਉਂਸਪੈਲਟੀ ਦੇ ਕੂੜਾ ਕਰਕਟ ਵਾਲੇ ਢੋਲ ਵਿੱਚ ਬਟੂਏ ਨੂੰ ਮੱਲ੍ਹਕ ਦੇ ਕੇ ਸੁੱਟ ਆਇਆ।♦

# ਫਰੇਮ

ਜਗਦੇਵ ਦਫ਼ਤਰੋਂ ਅਜੇ ਨਹੀਂ ਆਇਆ। ਵੀਹ ਮਿੰਟ ਤੋਂ ਉਸ ਦੇ ਕਮਰੇ ਵਿੱਚ ਬੈਠਾ ਬਹੁਤ ਬੇਸਬਰੀ ਨਾਲ ਮੈਂ ਉਸ ਦੀ ਉਡੀਕ ਕਰ ਰਿਹਾ ਹਾਂ। ਅੱਜ ਸਵੇਰੇ ਜਦ ਮੈਂ ਆਪਣੇ ਸਕੂਲ ਨੂੰ ਜਾ ਰਿਹਾ ਸੀ ਤੇ ਉਹ ਆਪਣੇ ਦਫ਼ਤਰ ਨੂੰ, ਤਾਂ ਉਸ ਨੇ ਆਪ ਹੀ ਸਾਢੇ ਪੰਜ ਵਜੇ ਦਾ ਵਕਤ ਦਿੱਤਾ ਸੀ। 'ਸਾਢੇ ਪੰਜ ਵਜੇ ਐਗਜ਼ੈਕਟ' ਉਸ ਨੇ ਤਾੜ ਕੇ ਆਖਿਆ ਸੀ। ਅਜੀਬ ਆਦਮੀ ਹੈ। ਛੇ ਵੱਜਣ ਵਾਲੇ ਹਨ। ਉਸ ਦੀ ਬੀਵੀ, ਜੋ ਮੇਰੀ ਕੁਲੀਗ ਹੈ, ਦੋ ਵਾਰ ਕਹਿ ਚੁੱਕੀ ਹੈ–'ਉਹ ਨਹੀਂ ਆਏ ਤਾਂ...ਮੈਂ ਚਾਹ ਬਣਾ ਦਿੰਨੀ ਆਂ....।'

'ਨਹੀਂ ਨਹੀਂ, ਬੱਸ ਹੁਣ ਤਾਂ ਔਂਦੇ ਈ ਹੋਣਗੇ ਕਿਤੇ।' ਮੈਂ ਕਹਿੰਦਾ ਹਾਂ ਤੇ ਇੱਕ ਲੰਬੀ ਉਬਾਸੀ ਲੈ ਕੇ ਪਲੰਘ 'ਤੇ ਪਏ ਸਿਰ੍ਹਾਣੇ ਨੂੰ ਆਪਣੀ ਬੁੱਕਲ ਵਿੱਚ ਘੁੱਟ ਲੈਂਦਾ ਹਾਂ।

ਉਹ ਤਾਂ ਭਰਾ ਜੀ ਬੱਸ...। ਅਖੇ ਜੀਹਨੇ ਲਾਈ ਗੱਲੀਂ....। ਰਸਤੇ 'ਚ ਟੱਕਰ ਪਿਆ ਹੋਣੈ, ਬਿਮਲ ਗਰਗ ਵਰਗਾ ਕੋਈ। ਉਹ ਕਮਰੇ ਦੀ ਦਹਿਲੀਜ਼ 'ਤੇ ਖੜ੍ਹੀ ਹੈ ਤੇ ਕਹਿ ਰਹੀ ਹੈ..... 'ਬਿਮਲ ਗਰਗ ਵੀ ਅਜੀਬ ਬੰਦੇ। ਇਨ੍ਹਾਂ ਦਾ ਕੁਲੀਗ ਐ। ਛੁੱਟੀ ਹੁੰਦੀ ਐ। ਪਾਰਕ 'ਚ ਜਾ ਬੈਠਦੇ। ਕਹਾਣੀ ਲਿਖਣ ਜਾਂ ਲਿਖੀ ਹੋਈ ਕਿਸੇ ਨੂੰ ਸਣੌਣ। ਇਹ ਉਸ ਦੇ ਵਧੀਆ ਲਿਸਨਰ ਨੇ। ਦੱਸਦੇ ਹੁੰਦੇ ਨੇ ਫਾਈਲ ਪਰ੍ਹਾਂ ਰੱਖ ਕੇ ਦਫ਼ਤਰ 'ਚ ਈ ਕਹਾਣੀ ਸਣੌਣ ਬਹਿ ਜਾਂਦੈ। ਮੈਂ ਤਾਂ ਡਰਦੀਆਂ ਆਂ, ਘਰ ਈ ਨਾ ਕਿਤੇ ਇਨ੍ਹਾਂ ਨਾਲ ਔਣ ਲੱਗ ਪਏ।'

'ਚੰਗਾ ਜੀ, ਤੁਸੀਂ ਚਾਹ ਧਰ ਈ ਲਓ: ਕਦੇ ਤਾਂ ਔਣਗੇ ਈ। ਚਾਹ ਬਣਦੀ ਕਰਦੀ 'ਤੇ ਆ ਈ ਜਾਣਗੇ।' ਮੈਂ ਕਹਿੰਦਾ ਹਾਂ। ਉਹ ਰਸੋਈ ਵਿੱਚ ਚਲੀ ਗਈ ਹੈ। ਸਟੋਵ ਵਿੱਚ ਹਵਾ ਭਰਨੀ ਸ਼ੁਰੂ ਕਰ ਦਿੱਤੀ ਹੈ। ਮੈਂ ਟੇਬਲ ਲੈਂਪ ਬਾਲ ਲਿਆ ਹੈ। ਮੇਜ਼ 'ਤੇ ਪਏ ਪਿਕਚਰ ਫਰੇਮ ਨੂੰ ਚੁੱਕਿਆ ਹੈ। ਫਰੇਮ ਵਿਚਲੀ ਤਸਵੀਰ ਕਿਸੇ ਰਸਾਲੇ ਵਿਚੋਂ ਕੱਟੀ ਹੋਈ ਲੱਗਦੀ ਹੈ। ਬਹੁਤ ਸੋਹਣੀ ਔਰਤ ਹੈ। ਟੇਬਲ ਲੈਂਪ ਦੇ ਬਿਲਕੁੱਲ ਸਾਹਮਣੇ ਕਰਕੇ ਮੈਂ ਤਸਵੀਰ ਨੂੰ ਦੇਖਦਾ ਹਾਂ। ਉਹ ਹੋਰ ਵੀ ਸੋਹਣੀ ਲੱਗਦੀ ਹੈ, ਬਹੁਤ ਸੋਹਣੀ, ਅੱਖਾਂ, ਨੱਕ, ਬੁੱਲ੍ਹ, ਠੋਡੀ, ਗਰਦਨ, ਮੱਥਾ, ਸਿਰ ਦੇ ਵਾਲ–ਸਭ ਕੁਝ ਹੀ ਬੇਮਿਸਾਲ।

ਕੇਤਲੀ ਵਿੱਚ ਚਾਹ ਪੈਣ ਤੋਂ ਪਹਿਲਾਂ ਜਗਦੇਵ ਆ ਗਿਆ ਹੈ, ਉਸ ਦੀ ਬੀਵੀ ਨੇ ਮੱਥੇ 'ਤੇ ਹਲਕੀ ਜਿਹੀ ਤਿਊੜੀ ਲਿਆਂਦੀ ਹੈ। ਕਿਹਾ ਹੈ– 'ਮਹਿਮਾਨ ਘਰੇ, ਮੇਜ਼ਬਾਨ ਘਰੋਂ ਬਾਹਰ।

'ਬਈ, ਦਮੋਦਰ, ਐਕਸਕਿਊਜ਼....।' ਮੇਰੇ ਮੋਢੇ 'ਤੇ ਹੱਥ ਮਾਰ ਕੇ ਉਹ ਮੇਰੇ ਕੋਲ ਹੀ ਪਲੰਘ 'ਤੇ ਬੈਠ ਗਿਆ ਹੈ। ਉਸ ਦੀ ਬੀਵੀ ਰਸੋਈ ਵਿੱਚ ਹੈ। ਉਸ ਨੇ ਹੌਲੀ ਦੇ ਕੇ ਮੈਨੂੰ ਦੱਸਿਆ ਹੈ ਕਿ ਉਨ੍ਹਾਂ ਦੇ ਦਫ਼ਤਰ ਦੀ ਇੱਕ ਟਾਈਪਿਸਟ ਕੁੜੀ ਅੱਜ ਹੀ ਵਿਆਹ ਕਰਵਾ ਕੇ ਵਾਪਸ ਆਈ ਹੈ। ਉਸ ਦੀ ਚਾਹ 'ਤੇ ਬੈਠੇ ਰਹੇ। ਦਫ਼ਤਰ ਵਿੱਚ ਹੀ...। ਕੰਟੀਨ ਦੀ ਚਾਹ ਅਤੇ ਹੋਰ ਨਿੱਕ ਸੁੱਕ, ਬੱਸ, ਚਾਰ ਪੰਜ ਬੰਦੇ ਸਾਂ। ਪੰਦਰਾਂ ਵੀਹ ਮਿੰਟ ਦਾ ਹੀ ਪ੍ਰੋਗਰਾਮ ਸੀ, ਪਰ ਰਾਕੇਸ਼ ਬੜਾ ਹਜ਼ਰਤ ਹੈ। ਕੁੜੀ ਤੋਂ ਉਸ ਦੇ ਹਸਬੈਂਡ ਦੀ ਵਾਕਫ਼ੀਅਤ ਲੈਣ ਲੱਗ ਪਿਆ। ਕੁੜੀ ਕਿਹੜਾ ਘੱਟ ਸੀ। ਸਾਡੀ ਦਿਲਚਸਪੀ ਵੀ ਬਣ ਗਈ। ਬੱਸ, ਦੇਖ ਲਓ ਇਹ ਟਾਈਮ ਹੋ ਗਿਆ। ਤੂੰ ਤਾਂ ਯਾਰ, ਮੈਨੂੰ ਯਾਦ ਨਹੀਂ ਸੀ ਰਿਹਾ।

ਜਗਦੇਵ ਮੇਰਾ ਜਮਾਤੀ ਹੈ। ਐੱਫ. ਏ. ਕਰਕੇ ਉਹ ਕਲਰਕ ਬਣ ਗਿਆ ਸੀ। ਮੈਂ ਬੀ. ਏ. ਕਰ ਲਈ ਸੀ ਤੇ ਫਿਰ ਬੀ. ਐੱਡ. ਕਰਕੇ ਮਾਸਟਰ ਲੱਗ ਪਿਆ ਸਾਂ। ਉਸ ਦੀ ਬੀਵੀ ਜੇ. ਬੀ. ਟੀ. ਹੈ। ਹੈ ਤਾਂ ਸਾਡੇ ਸਕੂਲ ਵਿੱਚ ਹੀ , ਪਰ ਸਾਡੇ ਸਕੂਲ ਦੀ ਪ੍ਰਾਇਮਰੀ ਬ੍ਰਾਂਚ ਵਿੱਚ ਪੜ੍ਹਾਉਂਦੀ ਹੈ। ਪ੍ਰਾਇਮਰੀ ਬ੍ਰਾਂਚ ਭਾਵੇਂ ਸਾਡੇ ਸਕੂਲ ਦੇ ਨੇੜੇ ਹੀ ਹੈ, ਪਰ ਉਨ੍ਹਾਂ ਦੇ ਅਧਿਆਪਕ ਅਧਿਆਪਕਾਵਾਂ ਨਾਲ ਸਾਡੀ ਮੁਲਾਕਾਤ ਘੱਟ ਹੀ ਹੁੰਦੀ ਹੈ। ਕਦੇ ਕਦੇ ਕੋਈ ਮਿਲਦਾ ਹੈ।

ਜਗਦੇਵ ਪਲੰਘ ਤੋਂ ਉੱਠ ਕੇ ਕੁਰਸੀ 'ਤੇ ਬੈਠ ਗਿਆ ਹੈ। ਸਾਹਮਣੇ ਮੇਜ਼ 'ਤੇ ਉਸ ਨੇ ਇੱਕ ਲੱਤ ਰੱਖ ਲਈ ਹੈ। ਮੇਜ਼ ਪੋਸ਼ ਸ਼ਾਇਦ ਕੁਝ ਕੁਝ ਸਿਲਕੀ ਹੈ, ਇਸੇ ਕਰਕੇ ਮੇਜ਼ ਤੋਂ ਥੋੜ੍ਹਾ ਥੋੜ੍ਹਾ ਰਿਸਕ ਰਿਹਾ ਹੈ। ਮੈਂ ਗਹੁ ਨਾਲ ਕਮਰੇ ਦੀਆਂ ਦੀਵਾਰਾਂ ਵੱਲ ਦੇਖ ਰਿਹਾ ਹਾਂ। ਇਕਦਮ ਮੇਰਾ ਧਿਆਨ ਜਗਦੇਵ ਵੱਲ ਹੋਇਆ ਹੈ। ਉਹ ਮੇਰੇ ਵੱਲ ਇੱਕ ਟੱਕ ਦੇਖ ਰਿਹਾ ਹੈ। ਉਸ ਦੇ ਬੁੱਲ੍ਹ ਫਰਕੇ ਹਨ। ਸ਼ਾਇਦ ਕੁਝ ਕਹਿਣਾ ਚਾਹੁੰਦਾ ਹੈ। ਉਸ ਦੀ ਬੀਵੀ ਚਾਹ ਦੀ ਕੇਤਲੀ ਲੈ ਕੇ ਮੇਜ਼ ਕੋਲ ਆ ਖੜ੍ਹੀ ਹੈ। ਉਹ ਇੱਕ ਲੱਖਤ ਆਪਣੀ ਲੱਤ ਮੇਜ਼ ਤੋਂ ਥੱਲੇ ਕਰਦਾ ਹੈ। ਮੇਜ਼ ਪੋਸ਼ ਤਿਲ੍ਹਕ ਕੇ ਫ਼ਰਸ਼ 'ਤੇ ਡਿੱਗ ਪਿਆ ਹੈ। ਜਗਦੇਵ ਨੇ ਉਸ ਨੂੰ ਫ਼ਰਸ਼ ਤੋਂ ਚੁੱਕ ਕੇ ਝਾੜਿਆ ਹੈ 'ਤੇ ਮੇਜ਼ 'ਤੇ ਸੰਵਾਰ ਕੇ ਵਿਛਾ ਦਿੱਤਾ ਹੈ। ਬੀਵੀ ਨੇ ਕੇਤਲੀ ਮੇਜ਼ 'ਤੇ ਰੱਖ ਦਿੱਤੀ ਹੈ। ਦੋ ਪਲੇਟਾਂ ਤੇ ਦੋ ਪਿਆਲੇ ਵੀ ਲਿਆ ਦਿੱਤੇ ਹਨ। ਇੱਕ ਹੋਰ ਪਲੇਟ ਵਿੱਚ ਬਿਸਕੁਟ ਰੱਖ ਦਿੱਤੇ ਹਨ। ਕੱਚ ਦੇ ਗਲਾਸ ਵਿੱਚ ਚਾਹ ਪਾ ਕੇ ਉਹ ਸਾਡੇ ਕੋਲ ਹੀ ਅਰਾਮ ਕੁਰਸੀ 'ਤੇ ਬੈਠ ਗਈ ਹੈ। ਮੈਂ ਇੱਕ ਘੁੱਟ ਭਰੀ ਹੈ। ਬਿਸਕੁੱਟ ਚੁੱਕਿਆ ਹੈ। ਮੇਰੀ ਨਿਗਾਹ ਟੇਬਲ ਲੈਂਪ ਕੋਲ ਪਏ ਫਰੇਮ 'ਤੇ ਜਾ ਪਹੁੰਚੀ ਹੈ।

'ਇਹ ਕਿਸ ਦੀ ਤਸਵੀਰ ਐ, ਜਗਦੇਵ?

'ਪਹਿਚਾਣ ਤਾਂ ਭਲਾ, ਕਿਸ ਦੀ ਐ?

ਪਿਆਲਾ ਮੇਜ਼ 'ਤੇ ਰੱਖ ਕੇ ਮੈਂ ਫਰੇਮ ਨੂੰ ਚੁੱਕਿਆ ਹੈ ਤੇ ਤਸਵੀਰ ਨੂੰ ਬਹੁਤ ਧਿਆਨ ਨਾਲ ਦੇਖਿਆ ਹੈ। ਬਹੁਤ ਸੋਹਣੀ ਔਰਤ ਹੈ, ਪਰ ਮੈਨੂੰ ਕੋਈ ਪਤਾ ਨਹੀਂ ਕਿ ਇਹ ਔਰਤ ਹੈ ਕੌਣ। ਕੋਈ ਐਕਟ੍ਰੈੱਸ? ਆਰਟਿਸਟ? ਕੋਈ ਪੋਲੀਟੀਕਲ ਲੀਡਰ? ਜਾਂ ਕੋਈ ਸਮਗਲਰ? ਸ਼ਾਇਦ ਕੋਈ ਐਥਲੀਟ? ਮੈਨੂੰ ਕੋਈ ਪਤਾ ਨਹੀਂ, ਪਰ ਹੈ ਅਖ਼ਬਾਰ ਦੀ ਕਟਿੰਗ। ਜੇ ਇਹ ਉਰਿਜਨਲ ਫ਼ੋਟੋ ਹੁੰਦੀ ਤਾਂ ਸ਼ਾਇਦ ਨਾਲ ਜਗਦੇਵ ਦਾ ਕੋਈ ਨਿੱਜੀ ਸਬੰਧ ਹੁੰਦਾ।

'ਬਈ ਮੈਨੂੰ ਤਾਂ ਕੋਈ ਪਤਾ ਨੀ ਲੱਗਦਾ। ਤੂੰ ਹੀ ਦੱਸ।'

"ਇਹ ਨੰਦਿਤਾ ਠਾਕੁਰ ਐ। 'ਬਦਨਾਮ ਬਸਤੀ' ਦੀ ਹੀਰੋਇਨ।"

'ਅੱਛਾ, ਐਕਸਟ੍ਰੈੱਸ ਐ, ਯਾਰ ਹੈ ਬੜੀ ਬਿਊਟੀਫੁਲ।"

"ਏਸੇ ਕਰਕੇ ਤਾਂ ਫਰੇਮ ਕੀਤੀ ਐ।"

'ਰਾਧਾ ਨੂੰ ਵੀ ਕੀਤੈ ਕਦੇ ਫਰੇਮ?' ਮੈਂ ਉਸ ਦੀ ਬੀਵੀ ਵੱਲ ਮੁਸਕਰਾਉਂਦੀਆਂ ਅੱਖਾਂ ਨਾਲ ਝਾਕਿਆ ਹਾਂ। ਰਾਧਾ ਸ਼ਰਮਾਂ ਗਈ ਹੈ। ਉਸ ਦੀਆਂ ਅੱਖਾਂ ਵਿੱਚ ਸ਼ਿਕਵਾ ਹੈ। ਜਗਦੇਵ ਚਾਹ ਦੀ ਘੁੱਟ ਭਰ ਕੇ ਬੋਲਿਆ ਹੈ– 'ਇਹ ਦੀ ਤਸਵੀਰ ਵੀ ਹੁੰਦੀ ਸੀ, ਕਦੀ ਇਸ ਫਰੇਮ 'ਚ।'

'ਤਾਂ ਫੇਰ ਹੁਣ ਕਿਉਂ ਨੀ? ਮੈਂ ਅਗਾਂਹ ਗੱਲ ਤੋਰੀ ਹੈ।

'ਹੁਣ ਕੀਹ ਐ, ਇਹ ਦੇ 'ਚ? ਕਹਿ ਕੇ ਜਗਦੇਵ ਰਾਧਾ ਵੱਲ ਝਾਕਿਆ ਹੈ ਤੇ ਮੁਸਕਰਾਇਆ ਹੈ।

'ਤੁਸੀਂ ਕਿਰਧਲੇ ਸੱਤਵਰਸੇ ਆ 'ਗੇ?' ਰਾਧਾ ਨੇ ਨੱਕ ਚੜ੍ਹਾਇਆ ਹੈ।

ਅਸੀਂ ਦੋਵੇਂ ਹੱਸ ਪਏ ਹਾਂ।

ਛੇਤੀ ਛੇਤੀ ਗਲਾਸ ਖ਼ਾਲੀ ਕਰਕੇ ਰਾਧਾ ਵਿਹੜੇ ਵਿੱਚ ਚਲੀ ਗਈ ਹੈ ਤੇ ਕਿਸੇ ਕੰਮ ਵਿੱਚ ਰੁੱਝ ਗਈ ਹੈ। ਹੁਣ ਫਰੇਮ ਜਗਦੇਵ ਦੇ ਹੱਥ ਵਿੱਚ ਹੈ। ਉਹ ਦੱਸਦਾ ਹੈ ਕਿ 'ਇਹ ਫਰੇਮ ਰਾਧਾ ਆਪਣੇ ਪੇਕਿਆ ਤੋਂ ਲਿਆਈ ਸੀ। ਇਸ ਵਿੱਚ ਰਾਧਾ ਦੀ ਆਪਣੀ ਫੋਟੋ ਸੀ। ਉਹ ਫ਼ੋਟੋ ਦੋ ਸਾਲ ਇਸ ਵਿੱਚ ਰਹੀ। ਇੱਕ ਦਿਨ ਇਸ ਦੀ ਫੋਟੋ ਮੈਂ ਕੱਢ ਦਿੱਤੀ ਤੇ ਆਪਣੀ ਲਾ ਦਿੱਤੀ। ਮੇਰੀ ਫ਼ੋਟੋ–ਗਾਊਨ ਵਾਲੀ, ਹੱਥ ਵਿੱਚ ਬੀ. ਏ. ਦੀ ਜਾਅਲੀ ਡਿਗਰੀ ਹੈ। ਸਾਲ, ਡੇਢ ਸਾਲ ਉਹ ਵੀ ਰਹੀ ਹੈ।'

ਮੈਂ ਹੁੰਗਾਰਾ ਭਰ ਰਿਹਾ ਹਾਂ। ਚਾਹ ਕਦੋਂ ਦੀ ਮੁੱਕ ਚੁੱਕੀ ਹੈ। ਉਹ ਬੋਲੀ ਜਾ ਰਿਹਾ ਹੈ।

'ਇੱਕ ਦਿਨ ਬੜਾ ਕਲੇਸ਼ ਹੋਇਆ।'

'ਕਿਉਂ?'

'ਆਪਣੀ ਫ਼ੋਟੋ ਕੱਢ ਕੇ ਇੱਕ ਨੌਜਵਾਨ ਕਹਾਣੀ ਲੇਖਿਕਾ ਦੀ ਫ਼ੋਟੋ ਮੈਂ ਇਸ ਵਿੱਚ ਲਾ 'ਤੀ। ਇੱਕ ਰਸਾਲੇ 'ਚੋਂ ਕੱਟ ਕੇ। ਬੱਸ ਤੂਫ਼ਾਨ ਖੜ੍ਹਾਂ ਕਰ ਤਾਂ ਰਾਧਾ ਨੇ ਤਾਂ। ਕਹੇ– ਦੱਸ ਕੌਣ ਐ ਇਹ, ਹਰਾਮਜ਼ਾਦੀ? ਕਿਉਂ ਲਾਈ ਐ? ਮੈਂ ਬਥੇਰਾ ਆਖਾਂ–ਇਹ ਤਾਂ ਪੰਜਾਬੀ ਦੀ ਕਹਾਣੀਕਾਰ ਐ। ਇੰਦਰਾ ਗਾਂਧੀ ਦੀ ਤਸਵੀਰ ਵੀ ਤਾਂ ਲੋਕ ਘਰਾਂ 'ਚ ਲਾ ਈ ਲੈਂਦੇ ਨੇ। ਮੈਂ ਇਹ ਲਾ 'ਲੀ ਤਾਂ ਕੀ ਹੋ ਗਿਆ? ਦੱਸ ਇਹ ਦੇ ਨਾਲ?'

'ਔਰਤ ਨੂੰ ਔਰਤ ਨਾਲ ਚਿੜ ਹੁੰਦੀ ਐ।' ਮੈਂ ਕਿਹਾ ਹੈ, ਉਹ ਥੋੜ੍ਹਾ ਜਿਹਾ ਗੰਭੀਰ ਹੋ ਚੁੱਕਿਆ ਹੈ। ਚੁੱਪ ਬੈਠਾ ਹੈ। 'ਕਹਾਣੀ ਲੇਖਿਕਾ ਦੀ ਤਸਵੀਰ ਕਿੰਨੇ ਦਿਨ ਰਹੀ? ਮੈਂ ਗੱਲ ਨੂੰ ਅੱਗੇ ਲਿਜਾਣਾ ਚਾਹਿਆ ਹੈ।'

'ਇੱਕ ਦਿਨ ਸਿਰਫ਼।'

'ਇੱਕ ਦਿਨ ਈ?'

'ਹਾਂ, ਫੇਰ ਇਸ ਫਰੇਮ 'ਚ ਗੁਰੂ ਨਾਨਕ ਦੀ ਤਸਵੀਰ ਆ ਗਈ, ਸੋਭਾ ਸਿੰਘ ਵਾਲੀ, ਫੇਰ ਲੈਨਿਨ ਦੀ ਤੇ ਫੇਰ ਭਗਤ ਸਿੰਘ ਦੀ। ਇੰਦਰਾਂ ਗਾਂਧੀ, ਹੇਮਾ ਮਾਲਿਨੀ......।'

'ਗੱਲ ਸੁਣ ਯਾਰ, ਤੇਰੀਆਂ ਤਸਵੀਰਾਂ ਤੋਂ ਤੇਰੇ ਟੇਸਟ ਦਾ ਕੋਈ ਪਤਾ ਨ੍ਹੀ ਲੱਗਦਾ। ਲੈਨਿਨ, ਇੰਦਰਾ ਗਾਂਧੀ ਤੇ ਹੇਮਾ ਮਾਲਿਨੀ ਦਾ ਕੀ ਮੇਲ ਐ।'

'ਹਾਂ, ਠੀਕ ਐ। ਕੋਈ ਮੇਲ ਨੀ। ਰਾਧਾ ਦਾ ਤੇ ਮੇਰਾ, ਦੱਸ ਕੋਈ ਮੇਲ ਹੈ? ਸਕੂਲੋਂ ਆ ਕੇ ਇਹ ਬਾਹਰ ਨ੍ਹੀ ਨਿਕਲਦੀ, ਮੈਨੂੰ ਘਰੋਂ ਬਾਹਰ ਜਾ ਕੇ ਵਾਪਸ ਮੁੜਨਾ ਪਸੰਦ ਨਹੀਂ। ਮੈਂ ਕਿਤਾਬਾਂ ਪੜ੍ਹਦਾ, ਇਹ ਮੇਰੀਆਂ ਪੜ੍ਹੀਆਂ ਹੋਈਆਂ ਕਿਤਾਬਾਂ ਨੂੰ ਰੱਦੀ 'ਚ ਵੇਚ ਦਿੰਦੀ ਐ– ਕਦੇ ਕਦੇ ਤਾਂ ਅਣਪੜ੍ਹੀ ਕਿਤਾਬ ਵੀ। ਨਾ ਸਿਨਮਾ ਜਾਵੇ, ਨਾ ਸੈਰ ਨੂੰ।'

'ਚੰਗਾ, ਮਹਾਰਾਜ, ਬੱਸ ਕਰੋ ਹੁਣ। ਹੇਮਾ ਮਾਲਿਨੀ ਖ਼ਰੀਦ ਲਿਆਓ ਕਿਤੋ।' ਰਾਧਾ ਰਸੋਈ ਵਿਚੋਂ ਹੀ ਉੱਚੀ ਬੋਲੀ ਹੈ।

'ਰਾਧਾ ਜੀ, ਬਿਗੜ ਚੱਲਿਆ, ਜਗਦੇਵ ਤਾਂ। ਸੰਭਾਲ ਲੋ। ਮੈਂ ਵੀ ਉੱਚੀ ਦੇ ਕੇ ਕਿਹਾ ਹੈ।

ਉਹ ਅੰਦਰ ਆ ਗਈ ਹੈ।

'ਆਦਮੀ ਦੀ ਜ਼ਿੰਦਗੀ ਵੀ ਇੱਕ ਫਰੇਮ ਹੈ, ਤੇ ਔਰਤ ਇੱਕ ਤਸਵੀਰ। ਕਿਸੇ ਦੇ ਫਰੇਮ 'ਚ ਚੰਗੀ ਤਸਵੀਰ ਐ, ਕਿਸੇ ਦੇ 'ਚ ਮਾੜੇ। ਹੌਸਲੇ ਵਾਲਾ ਆਦਮੀ ਮਾੜੀ ਤਸਵੀਰ ਕੱਢ ਕੇ ਔਹ ਮਾਰਦੈ ਤੇ ਨਵੀਂ ਨਕੋਰ ਟਹਿ ਟਹਿ ਕਰਦੀ ਤਸਵੀਰ ਜੜ ਲੈਂਦੈ। ਜਗਦੇਵ ਨੇ ਗੰਭੀਰ ਹੋ ਕੇ ਆਖਿਆ ਹੈ।

'ਥੋਨੂੰ ਕਿਸ ਨੇ ਰੋਕਿਐ?' ਰਾਧਾ ਨੇ ਮੁਸਕਰਾ ਕੇ ਕਿਹਾ। ਅੰਦਰੋਂ ਤਾਂ ਭਾਵੇਂ ਉਹ ਗੁੱਸੇ ਹੀ ਹੋਵੇ, ਪਰ ਉਸ ਨੇ ਸ਼ਾਇਦ ਮੇਰੇ ਬੈਠਿਆਂ ਹੋਣ ਕਰਕੇ ਚਿਹਰੇ 'ਤੇ ਬਨਾਵਟੀ ਮੁਸਕਰਾਹਟ ਲਿਆਂਦੀ ਹੈ। ਜਗਦੇਵ ਵੱਲ ਦੇਖ ਕੇ ਮੈਂ ਹੱਸਿਆ ਹਾਂ। ਮੈਨੂੰ ਪਤਾ ਹੈ ਕਿ ਨਾ ਤਾਂ ਜਗਦੇਵ ਰਾਧਾ ਨੂੰ ਛਡ ਸਕਦਾ ਹੈ ਤੇ ਨਾ ਹੀ ਰਾਧਾ ਜਗਦੇਵ ਨੂੰ , ਇਹ ਅਹਿਸਾਸ ਹੋ ਸਕਦਾ ਹੈ ਕਿ ਉਹ ਉਸ ਨੂੰ ਛਡ ਦੇਵੇਗਾ। ਕਦੇ ਵੀ ਨਹੀਂ। ਜਗਦੇਵ ਵਿੱਚ ਐਨੀ ਹਿੰਮਤ ਹੈ ਹੀ ਕਿੱਥੇ। ਛੱਡਣ ਛਡਾਉਣ ਵਾਲੀ ਗੱਲ ਵੀ ਕੋਈ ਖ਼ਾਸ ਨਹੀਂ। ਸਭ ਜਗਦੇਵ ਦੀਆਂ ਸ਼ਾਇਰਾਨਾ ਗੱਲਾਂ ਹਨ।

'ਚੱਲੋ ਕੋਰਟ 'ਚ ਕੱਲ੍ਹ ਨੂੰ। ਤੁਹਾਡੇ ਤਲਾਕ ਦਿਵਾਵਾਂ। ਮੈਨੂੰ ਗਵਾਹ ਬਣਾਓ।' ਮੈਂ ਦੋਵਾਂ ਵੱਲ ਇੱਕੋ ਜਿਹਾ ਧਿਆਨ ਦੇ ਕੇ ਕਹਿ ਦਿੱਤਾ ਹੈ।

'ਲਓ, ਲਵਾਓ ਮੇਰਾ ਗੂਠਾ ਤਾਂ।' ਰਾਧਾ ਲਾਚੜ ਗਈ ਹੈ। ਜਗਦੇਵ ਸਿਰ ਸੁੱਟੀ ਬੈਠਾ ਹੈ। ਰਾਧਾ ਨੇ ਉਸ ਦਾ ਹੱਥ ਝੰਜੋੜਿਆ ਹੈ। ਬੋਲਦੇ ਨ੍ਹੀ?' ਉਹ ਪਲਕਾਂ ਉਠਾ ਕੇ ਮੇਰੇ ਵੱਲ ਝਾਕਿਆ ਹੈ ਤੇ ਮਾਮੂਲੀ ਜਿਹੀ ਮੁਸਕਰਾਇਆ ਹੈ।

'ਹਿੰਮਤ ਵੀ ਹੋਵੇ,' ਕਹਿ ਕੇ ਰਾਧਾ ਫਿਰ ਰਸੋਈ ਵਿੱਚ ਚਲੀ ਗਈ ਹੈ।

ਮੇਰੇ ਬੈਠੇ ਬੈਠੇ ਉਹ ਦੋ ਸਿਗਰਟਾਂ ਪੀ ਚੁੱਕਿਆ ਹੈ। ਤੀਜੀ ਸਿਗਰਟ ਦਾ ਪਹਿਲਾ ਕਸ਼ ਲੈ ਕੇ ਉਸ ਨੇ ਆਖਿਆ ਹੈ– 'ਪਰ.... ਰਾਧਾ ਮੈਨੂੰ ਪਿਆਰ ਬਹੁਤ ਕਰਦੀ ਐ।'

'ਤੇ ਤੂੰ?' ਨਾਲ ਦੀ ਨਾਲ ਮੈਂ ਪੁੱਛ ਲਿਆ ਹੈ।

'ਮੈਂ ਵੀ.... ਬਹੁਤ ਕਰਦਾਂ। ਰਾਧਾ ਨੂੰ ਮੈਂ ਛੱਡ ਨੀ ਸਕਦਾ। ਜ਼ਿੰਦਗੀ ਦੇ ਫਰੇਮ 'ਚ ਇਹ ਤਸਵੀਰ ਤਾਂ ਪਰਮਾਨੈਂਟ ਐ। ਉਹ ਇੱਕ ਲੰਬਾ ਕਸ਼ ਲੈ ਕੇ ਧੂੰਆਂ ਧਰਤੀ ਵੱਲ ਛੱਡਦਾ ਹੈ।

ਹਨੇਰਾ ਕਾਫ਼ੀ ਹੋ ਚੁੱਕਿਆ ਹੈ। ਰਸੋਈ ਵਿਚੋਂ ਆ ਰਹੀ ਤੜਕੇ ਦੀ ਸਲੂਣੀ ਸੁਗੰਧ ਨੱਕ ਵਿੱਚ ਮਿੱਠੀ ਮਿੱਠੀ ਜਲੂਣ ਛੇੜ ਰਹੀ ਹੈ। ਮੈਂ ਪਲੰਘ ਤੋਂ ਉੱਠ ਖੜੋਤਾ ਹਾਂ। 'ਰੋਟੀ ਖਾ ਜਾਈਂ ਹੁਣ।' ਜਗਦੇਵ ਨੇ ਮੇਰਾ ਹੱਥ ਫੜਿਆ ਹੈ। 'ਨਹੀਂ ਯਾਰ, ਮੇਰੀ ਤਸਵੀਰ ਵੀ ਉਡੀਕਦੀ ਹੋਊਗੀ।' ਕਹਿ ਕੇ ਕਮਰੇ ਤੋਂ ਬਾਹਰ ਆ ਗਿਆ ਹਾਂ। ਅਸਮਾਨ ਵਿੱਚ ਤਾਰੇ ਖਿੱਲਾਂ ਵਾਂਗ ਖਿੜੇ ਹੋਏ ਹਨ। ਰਾਧਾ ਨੂੰ ਮੈਂ ਨਮਸਤੇ ਕਹੀ ਹੈ। ਸਟੋਵ ਦੇ ਖੜਕੇ ਵਿੱਚ ਸ਼ਾਇਦ ਉਸ ਨੂੰ ਚੰਗੀ ਤਰ੍ਹਾਂ ਸੁਣਿਆ ਨਹੀਂ। ਪਰ ਰਸੋਈ ਤੋਂ ਬਾਹਰ ਆ ਕੇ ਉਸ ਨੇ ਮੇਰੇ ਵੱਲ ਹੱਥ ਜੋੜੇ ਹਨ। 'ਸੰਭਾਲ ਕੇ ਰੱਖਿਆ ਕਰੋਂ ਇਨ੍ਹਾਂ ਨੂੰ।' ਮੈਂ ਕਿਹਾ ਹੈ। ਉਹ ਸਿਰਫ਼ ਮੁਸਕਰਾਈ ਹੈ। ਜੁੜੇ ਹੋਏ ਹੱਥਾਂ ਦੀ ਕੰਘੀ ਬਣਾ ਲਈ ਹੈ। ਜਗਦੇਵ ਮੈਨੂੰ ਦਰਵਾਜ਼ੇ ਤੱਕ ਛੱਡਣ ਆਇਆ ਹੈ। ♦

# ਕਮਾਈ

ਪੀਤੇ ਨੂੰ ਨਾਲ ਲੈ ਕੇ ਜਬਰਾ ਘਰੋਂ ਤੁਰ ਪਿਆ ਸੀ, ਪਰ ਉਸ ਦੀ ਠੁਸ ਠੁਸ ਨੂੰ ਦੇਖ ਕੇ ਉਹ ਦਾ ਆਪਣਾ ਦਿਲ ਵੀ ਡਿੱਗੂੰ ਡਿੱਗੂ ਕਰ ਰਿਹਾ ਸੀ। ਪੀਤੇ ਦਾ ਚਿਹਰਾ ਲਮਕਿਆ ਹੋਇਆ ਸੀ। ਉਸ ਦੀਆਂ ਅੱਖਾਂ ਡੁੱਬੀਆਂ ਹੋਈਆਂ ਦਿੱਸਦੀਆਂ ਸਨ। ਉਹ ਹੌਲੀ ਹੌਲੀ ਤੁਰ ਰਿਹਾ ਸੀ। ਪੰਜ ਸੱਤ ਕਰਮਾਂ ਤੁਰਨ ਬਾਅਦ ਹੀ ਜਬਰਾ ਉਸ ਨੂੰ ਨਾਲ ਰਲਾਉਂਦਾ, ਪਰ ਉਹ ਫਿਰ ਪਿੱਛੇ ਰਹਿ ਜਾਂਦਾ ਸੀ। ਆਪਣੇ ਨਾਲ ਰਲਾਉਣ ਲਈ ਕਦੇ ਉਹ ਉਸ ਨੂੰ ਗਾਲ੍ਹ ਕੱਢਦਾ ਤੇ ਕਦੇ ਪੁਚਕਾਰਦਾ, ਪੁੱਤ ਪੁੱਤ ਕਰਦਾ।

ਜਬਰੇ ਨੂੰ ਲੱਗਦਾ, ਅਜੇ ਇਸ ਦੀ ਉਮਰ ਹੀ ਕੀ ਹੈ। ਮੈਂਸ੍ਹਾਂ ਚਾਰਨ ਜੋਗਾ ਤਾਂ ਅਜੇ ਇਹ ਹੋਇਆ ਨਹੀਂ। ਬਹੁਤ ਨਿਆਣਾ ਹੈ, ਅਜੇ ਤਾਂ ਇਹ, ਮਸ੍ਹਾਂ ਸੱਤ ਅੱਠ ਸਾਲ ਦਾ ਹੋਇਆ ਹੈ। ਕਿੰਨਾ ਮਾਸੂਮ ਚਿਹਰਾ ਹੈ। ਨਿੱਕੇ-ਨਿੱਕੇ ਹੱਥ ਪੈਰ। ਡੱਕਿਆ ਵਰਗੀਆਂ ਲੱਤਾਂ ਬਾਹਾਂ। ਮਲੂਕ ਜਿਹੀ ਜਿੰਦੜੀ, ਕਿਵੇਂ ਸਹਾਰੇਗਾ ਇਹ ਜੇਠ ਹਾੜ੍ਹ ਦੀ ਧੁੱਪ? ਉਸ ਦੇ ਤੇੜ ਪਾਈ ਨੀਲੀ ਨਿੱਕਰ ਬਹੁਤ ਸੁਹਣੀ ਲੱਗ ਰਹੀ ਸੀ। ਘਰ ਦੀ ਖੱਡੀ 'ਤੇ ਬੁਣੇ ਮੋਟੇ ਖੱਦਰ ਦਾ ਦੂਜੀ ਧੋਅ ਪਾਇਆ ਕੁੜਤਾ ਖਾਸਾ ਚਿੱਟਾ ਦਿੱਸਦਾ ਸੀ। ਮੁੰਨੇ ਸਿਰ ਦੇ ਉਂਗਲ ਉਂਗਲ ਕਰਚਿਆਂ ਉੱਤੇ ਉਹ ਆਪਣੀ ਮਾਂ ਦਾ ਨਵਾਂ ਨਕੋਰ ਜਾਲਖੀ ਮਲਮਲ ਦਾ ਪਿਆਜ਼ੀ ਦੁਪੱਟਾ ਬੰਨ੍ਹ ਲਿਆਇਆ ਸੀ। ਅੱਡੀਆਂ ਤੇ ਕੋਰਾਂ ਤੋਂ ਗੰਢੀ ਹੋਈ ਸਰ੍ਹੋਂ ਦੇ ਤੇਲ ਨਾਲ ਚੋਪੜੀ ਪੁਰਾਣੀ ਜੁੱਤੀ ਉਸ ਦੇ ਪੈਰਾਂ ਵਿੱਚ ਬੇਮਲੂਮਾ ਜਿਹਾ ਚੀਕ ਰਹੀ ਸੀ। ਗੁੜ ਦੀਆਂ ਰੋੜੀਆਂ ਵਿੱਚ ਬਿਨਾਂ ਘਿਓ ਤੋਂ ਕੁੱਟੀ ਤਿੰਨ ਰੋਟੀਆਂ ਦੀ ਚੂਰੀ ਸਮੋਸੇ ਦੇ ਲੜ ਬੰਨ੍ਹ ਕੇ ਉਸ ਨੇ ਮੋਢੇ ਲਮਕਾਈ ਹੋਈ ਸੀ। ਠੁਮਕ ਠੁਮਕ ਤੁਰਦਾ ਉਹ ਜਬਰੇ ਨੂੰ ਬਹੁਤ ਸੋਹਣਾ ਲੱਗ ਰਿਹਾ ਸੀ। ਪਰ ਜਦ ਉਸ ਨੂੰ ਉਸ ਦੇ ਪਿੱਛੇ ਰਹਿ ਜਾਣ ਦਾ ਅਹਿਸਾਸ ਹੁੰਦਾ ਤੇ ਉਹ ਉਸ ਦੇ ਉਤਰੇ ਹੋਏ ਚਿਹਰੇ ਵੱਲ ਦੇਖਦਾ ਤਾਂ ਉਸ ਦਾ ਆਪਣਾ ਚਿਹਰਾ ਵੀ ਉਤਰ ਜਾਂਦਾ। ਉਹ ਕਾਹਲ ਨਾਲ ਤੁਰਦਾ ਤੇ ਪੀਤਾ ਹੋਰ ਪਿੱਛੇ ਰਹਿ ਜਾਂਦਾ। ਇਸ ਸਮੇਂ ਉਸ ਨੂੰ ਪੀਤੇ 'ਤੇ ਗੁੱਸਾ ਆਉਂਦਾ, ਪਰ ਕਦੇ ਕਦੇ ਤਰਸ ਵੀ।

ਫੱਗਣ-ਚੇਤ ਦੀ ਰੁੱਤ ਸੀ, ਸਵੇਰ ਦਾ ਵੇਲਾ। ਉਹ ਪੀਤੇ ਨੂੰ ਕਰਮ ਸਿੰਘ ਦੇ ਕੋਠੀਂ ਛੱਡਣ ਜਾ ਰਿਹਾ ਸੀ। ਪੰਦਰਾਂ ਦਿਨ ਹੋਏ ਉਸ ਨੇ ਕਰਮ ਸਿੰਘ ਤੋਂ ਦੋ ਕੁਇੰਟਲ ਕਣਕ ਤੇ ਇੱਕ ਸੌ ਰੁਪਿਆ ਨਕਦ ਲਿਆ ਸੀ। ਕਣਕ ਦੇ ਪੈਸੇ ਤੇ ਸੌ ਰੁਪਿਆ ਛੇ ਮਹੀਨਿਆਂ ਬਾਅਦ ਮੋੜਨੇ ਕੀਤੇ ਸਨ। ਇਸ ਸਾਰੀ ਰਕਮ ਦੇ ਵਿਆਜ ਵਿੱਚ ਛੇ ਮਹੀਨੇ ਪੀਤੇ ਨੇ ਕਰਮ ਸਿੰਘ ਦੀਆਂ ਮੱਝਾਂ ਚਾਰਨੀਆਂ ਸਨ। ਸਵੇਰ ਤੋਂ ਸ਼ਾਮ ਤੱਕ ਕਰਮ ਸਿੰਘ ਦੇ ਖੇਤ

ਵਿੱਚ ਹੀ ਤੇ ਫਿਰ ਆਥਣ ਉਗਣ ਹੋਰ ਨਿੱਕੇ ਮੋਟੇ ਕੰਮ ਵੀ ਕਰਨੇ ਸਨ। ਰਾਤ ਨੂੰ ਵੀ ਓਥੇ ਹੀ ਰਹਿਣਾ ਸੀ। ਰੋਟੀ ਟੁੱਕ ਵੀ ਓਥੇ ਹੀ। ਅੱਠੀਂ ਦਸੀਂ ਦਿਨੀਂ ਬੇਸ਼ੱਕ ਘਰ ਗੇੜਾ ਮਾਰ ਆਵੇ-ਬਿੰਦ ਦੀ ਬਿੰਦ।

ਕਰਮ ਸਿੰਘ ਦੇ ਕੋਠੇ ਪਿੰਡ ਤੋਂ ਦੋ ਮੀਲ ਦੂਰ ਸਨ। ਮਾਲ ਪਸ਼ੂ ਤੇ ਉਸ ਦਾ ਸਾਰਾ ਟੱਬਰ ਕੋਠੀਂ ਹੀ ਰਹਿੰਦਾ ਸੀ। ਜਿਨ੍ਹਾਂ ਦੇ ਨਾਲ ਹੀ ਖੇਤ ਸਨ, ਦੋ ਘਰ ਹੋਰ ਵੀ ਰਹਿੰਦੇ ਸਨ।

ਜਬਰਾ ਜਵਾਨੀ ਦੀ ਉਮਰ ਵਿੱਚ ਸੀਰੀ ਰਿਹਾ ਸੀ। ਰਾਤ ਨੂੰ ਰੂੜੀ ਦਾ ਰੇਹ ਪਾਉਂਦਿਆਂ ਇੱਕ ਵਾਰ ਗੱਡੇ ਦੇ ਪੱਟ ਤੋਂ ਡਿੱਗ ਕੇ ਉਸ ਦਾ ਗਿੱਟਾ ਟੁੱਟ ਗਿਆ ਸੀ। ਥਹਿ ਸਿਰ ਆਇਆ ਹੀ ਨਹੀਂ ਸੀ। ਤੁਰਨ ਜੋਗਾ ਉਹ ਹੋ ਗਿਆ ਸੀ, ਪਰ ਪੂਰਾ ਬੋਝ ਲੱਤ ’ਤੇ ਦਿੱਤਾ ਨਹੀਂ ਸੀ ਜਾ ਸਕਦਾ। ਸੀਰੀ ਨੂੰ ਤਾਂ ਹਰ ਵੇਲੇ ਦਾ ਕੰਮ ਹੁੰਦਾ ਹੈ। ਇਹ ਕੰਮ ਕਰਨ ਤੋਂ ਉਹ ਨਾਕਾਰਾ ਹੋ ਚੁੱਕਿਆ ਸੀ। ਜੱਟ ਤਾਂ ਸੀਰੀ ਦੀ ਖੱਲ ਉਧੇੜਨ ਤੱਕ ਜਾਂਦੇ ਹਨ, ਪਰ ਰੋਟੀ ਵੀ ਤਾਂ ਕਿਤੋਂ ਖਾਣੀ ਸੀ। ਸੋ, ਉਹ ਸੜਕ ’ਤੇ ਜਾ ਲੱਗਿਆ ਸੀ। ਖਤਾਨਾ ਵਿਚੋਂ ਮਿੱਟੀ ਪੁੱਟ ਕੇ ਸੜਕ ਦੇ ਦੁਪਾਸੀਂ ਖੁਰੇ ਥਾਵਾਂ ਨੂੰ ਭਰਨ ਤੇ ਜਾਂ ਕਦੇ ਕਦੇ ਟੁੱਟ ਰਹੀ ਸੜਕ ਦੇ ਟੋਇਆ ਵਿੱਚ ਬਜਰੀ ਤੇ ਲੁੱਕ ਦੀਆਂ ਟਾਕੀਆਂ ਲਾਉਣੀਆਂ।

ਉਹ ਤਾਂ ਤਿੰਨ ਕੁੜੀਆਂ ਦੇ ਵਿਆਹਾਂ ਨੇ ਹੀ ਥੋਥਾ ਕਰ ਦਿੱਤਾ ਸੀ। ਇੱਕ ਮੁੰਡਾ ਇਹੀ ਪੀਤਾ, ਉਸੇ ਨੂੰ ਹੀ ਉਹ ਪਰਾਏ ਵੱਸ ਪਾਉਣ ਜਾ ਰਿਹਾ ਸੀ। ਇਹ ਵੀ ਪਤਾ ਸੀ, ਪਤਾ ਨਹੀਂ ਕਿੰਨੇ ਕੁ ਛੇ ਮਹੀਨੇ ਲੰਘ ਜਾਣ। ਢਾਈ ਤਿੰਨ ਸੌ ਰੁਪਿਆ ਮੁਸ਼ਕਲ ਨਾਲ ਹੀ ਇਕੱਠਾ ਹੋਵੇਗਾ।

ਉਹ ਸੂਏ ਦੇ ਪੁਲ ’ਤੇ ਆ ਗਿਆ ਸੀ। ਮਗਰ ਆ ਰਹੇ ਪੀਤੇ ਨੂੰ ਹਾਕ ਮਾਰ ਕੇ ਉਹ ਪੁਲ ਦੇ ਇੱਕ ਪਾਸੇ ਬੈਠ ਗਿਆ। ਫਿਰ ਪੁਲ ’ਤੇ ਆ ਕੇ ਖੜ੍ਹੇ ਪੀਤੇ ਨੂੰ ਉਸ ਨੇ ਕੋਲ ਬਿਠਾ ਲਿਆ। ‘ਲਾਇਆ ਕਰੇਂਗਾ ਮਹੀਆਂ ਦੇ ਮੋੜੇ?”

ਹਾਂ ਵਿੱਚ ਪੀਤੇ ਨੇ ਸਿਰ ਹਿਲਾਇਆ। ਮੂੰਹ ਵਿੱਚ ਤਾਂ ਉਸ ਦੇ ਜਿਵੇਂ ਬੋਲ ਹੀ ਨਹੀਂ ਸੀ।

‘ਮਾਂ ਨੂੰ ਵੀ ਯਾਦ ਕਰੇਂਗਾ?

ਨਾਲ ਦੀ ਨਾਲ ਜਬਰੇ ਨੇ ਸੋਚਿਆ, ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ। ਪੀਤਾ ਵੀ ਬਹੁਤ ਹਲਕਾ ਜਿਹਾ ਜਬਰੇ ਦੀਆਂ ਅੱਖਾਂ ਵੱਲ ਝਾਕਣ ਲੱਗਿਆ। ਜਿਵੇਂ ਕਹਿ ਰਿਹਾ ਹੋਵੇ, ਇਹ ਕਿਸ ਤਰ੍ਹਾਂ ਦਾ ਸਵਾਲ ਹੈ, ਬਾਪੂ?

ਸੂਏ ਦੇ ਦੋਵੇਂ ਪਾਸੀਂ ਖੜ੍ਹੀਆਂ ਉੱਚੀਆਂ ਉੱਚੀਆਂ ਟਾਹਲੀਆਂ ਦੇ ਪੱਤੇ ਹਰੇ ਕਚੂਰ ਸਨ। ਠੰਡੀ ਠੰਡੀ ਹਵਾ ਧੀਮੀ ਧੀਮੀ ਚੱਲ ਰਹੀ ਸੀ। ਟਾਹਲੀਆਂ ਦੇ ਪੱਤੇ ਬਹੁਤ ਥੋੜ੍ਹਾ ਹਿੱਲ ਰਹੇ ਸਨ। ਦੂਰ ਤੱਕ ਕਣਕਾਂ ਦੇ ਖੇਤ ਵਿਛੇ ਹੋਏ ਸਨ। ਕੁਦਰਤ ਦੀ ਹਰੀ ਵਿਸ਼ਾਲ ਚਾਦਰ ਅੱਖਾਂ ਨੂੰ ਸੁਖਾਵੀਂ ਸੁਖਾਵੀਂ ਲੱਗ ਰਹੀ ਸੀ। ਸੂਏ ਦਾ ਪਾਣੀ ਲਗਾਤਾਰ ਵਹਿੰਦਾ ਜਾ ਰਿਹਾ ਸੀ। ਟਾਹਲੀਆਂ ਦੇ ਸੁੱਕੇ ਪੱਤੇ, ਕਿੱਕਰ ਦੀ ਕੋਈ ਟਹਿਣੀ, ਘਾਹ ਦੀ ਕੋਈ ਤਿੜ੍ਹ ਪਾਣੀ ਦਾ ਹੀ ਹਿੱਸਾ ਬਣੇ ਜਾ ਰਹੇ ਸਨ। ਇੱਕ ਥਾਂ ਨਿਗਾਹ ਟਿਕਾਓ, ਦੂਰ ਤੱਕ ਜਾ ਕੇ ਫਿਰ ਉੱਥੇ ਹੀ ਪਰਤ ਆਉਂਦੀ ਸੀ। ਸੁਹਣੇ ਮੌਸਮ ਵਿੱਚ ਕਿੰਨੀ ਸੋਹਣੀ ਥਾਂ, ਪਰ ਜਬਰੇ ਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ।

ਚਮਿਆਰਾਂ–ਵਿਹੜੇ ਦੇ ਨਾਲ ਲੱਗਦੇ ਦੋਵੇਂ ਤਿੰਨੇ ਅਗਵਾੜਾਂ ਦੇ ਬਹੁਤ ਸਾਰੇ ਜਵਾਕ ਸਕੂਲ ਪੜ੍ਹਨ ਜਾਂਦੇ ਸਨ। ਦੇਖਦਿਆਂ ਦੇਖਦਿਆਂ ਕਿੰਨੇ ਹੀ ਮੁੰਡੇ ਦਸਵੀਂ ਜਮਾਤ ਪਾਸ ਕਰ ਗਏ ਸਨ। ਕਈ ਤਾਂ ਨੇੜੇ ਦੇ ਸ਼ਹਿਰ ਕਾਲਜ ਪੜ੍ਹਨ ਜਾਂਦੇ ਸਨ। ਚਮਿਆਰਾਂ–ਵਿਹੜੇ ਦੇ ਵੀ ਕੁਝ ਮੁੰਡੇ ਸਕੂਲ ਜਾਂਦੇ ਸਨ ਤੇ ਦੋ ਤਿੰਨ ਮੁੰਡੇ ਕਾਲਜ ਵੀ। ਘੋਤੂ ਦਾ ਮੁੰਡਾ ਮਾਸਟਰ ਲੱਗਿਆ ਹੋਇਆ ਸੀ। ਧੱਲੇ ਦਾ ਮੁੰਡਾ ਪਟਵਾਰੀ। ਘੀਚਰ ਦੇ ਦੋਵੇਂ ਮੁੰਡੇ ਬਿਜਲੀ ਦ ਮਹਿਕਮੇ ਵਿੱਚ ਸਨ ਸੁਹਣੀ ਰੋਟੀ ਖਾਂਦੇ ਸਨ। ਚੰਗੇ ਕੱਪੜੇ ਪਾਉਂਦੇ ਸਨ।

ਮਾਸਟਰ ਕਿੰਨੀ ਵਾਰ ਆਇਆ ਹੈ। ਕਹਿੰਦਾ ਹੈ–ਪ੍ਰੀਤਮ ਸਿੰਘ ਨੂੰ ਭੇਜੋ ਸਕੂਲ। ਦਾਖ਼ਲ ਕਰਵਾਓ ਇਹ ਦਾ ਨਾਉਂ। ਪਰ ਕੀ ਪਤਾ ਮਾਸਟਰ ਵਿਚਾਰੇ ਨੂੰ ਰੋਟੀ ਮਸ੍ਹਾਂ ਪੱਕਦੀ ਹੈ। ਪੜ੍ਹਾਈਆਂ ਕਿੱਥੇ? ਮੁਸ਼ਕਲ ਨਾਲ ਮੁੰਡਾ ਉਡਾਰ ਹੋਇਆ ਹੈ। ਕੰਮ ਵਿੱਚ ਨਹੀਂ ਪਾਵਾਂਗੇ ਤਾਂ ਖਾਵਾਂਗੇ ਕਿੱਥੋਂ? ਕਦੋਂ ਮੁੰਡੇ ਦੀ ਦਸਵੀਂ ਪਾਸ ਹੋਈ, ਕਦੋਂ ਕੋਈ ਸਿਖਲਾਈ ਕੀਤੀ ਤੇ ਕਦੋ ਫਿਰ ਨੌਕਰੀ ਮਿਲੀ। ਉਦੋਂ ਨੂੰ ਤਾਂ ਬੀਤ ਜਾਵਾਂਗੇ ਭਾਈ।

"ਓਏ ਤੂੰ ਸਕੂਲ 'ਚ ਪੜ੍ਹਨ ਲੱਗਣੈ?" ਜਬਰਾ ਉੱਭੜਵਾਹਾ ਬੋਲਿਆ।

ਮੁੰਡੇ ਦੀਆਂ ਅੱਖਾਂ ਜਿਵੇਂ ਜਾਗ ਪਈਆਂ ਹੋਣ। ਚਿਹਰਾ ਜਿਵੇਂ ਮੀਂਹ ਧੋਤੇ ਫੁੱਲ ਵਾਂਗ ਨਿੱਖਰ ਗਿਆ ਹੋਵੇ, ਟਹਿਕ ਪਿਆ ਹੋਵੇ। ਉਸ ਦੇ ਹਾਣੀ ਮੁੰਡੇ ਗਿੰਦਰੀ, ਢੂੰਡਾ ਤੇ ਪਾਖਰ ਸਾਲ ਭਰ ਤੋਂ ਸਕੂਲ ਲੱਗੇ ਹੋਏ ਸਨ। ਉਨ੍ਹਾਂ ਕੋਲ ਲੱਕੜ ਦੀਆਂ ਕੂਲੀਆਂ ਕੂਲੀਆਂ, ਚਿੱਟੀ ਗਾਜਣੀ ਨਾਲ ਪੋਚੀਆਂ, ਲੰਮੇ ਲੰਮੇ ਡੂਡਣਿਆਂ ਵਾਲੀਆਂ ਫੱਟੀਆਂ ਸਨ। ਘਰ ਦੇ ਬੁਣੇ ਹੋਏ ਮੋਰਨੀਆਂ ਵਾਲੇ ਝੋਲੇ ਸਨ। ਝੋਲਿਆਂ ਵਿੱਚ ਕਿਤਾਬਾਂ ਤੋਂ ਬਿਨ੍ਹਾਂ ਕਿੰਨਾ ਕੁਝ ਹੋਰ ਉਹ ਪਾ ਕੇ ਰੱਖਦੇ ਹਨ। ਸਕੂਲ ਜਾ ਕੇ ਅੱਧੀ ਛੁੱਟੀ ਵੇਲੇ ਖਾਣ ਲਈ ਲੀਰ ਵਿੱਚ ਰੋਟੀ ਬੰਨ੍ਹ ਕੇ ਵੀ ਉਹ ਝੋਲਿਆਂ ਵਿੱਚ ਪਾ ਕੇ ਲਿਜਾਂਦੇ ਸਨ।

ਪਰ ਉਸੇ ਬਿੰਦ ਜਬਰੇ ਨੂੰ ਮਹਿਸੂਸ ਹੋਇਆ, ਢਾਈ ਤਿੰਨ ਸੌ ਹੀ ਪਤਾ ਨਹੀਂ ਕਦੋਂ ਮੁੜੇ, ਵਿਆਜ ਦਾ ਬੰਦੋਬਸਤ? ਉਸ ਨੇ ਸਿਰ ਨੂੰ ਚੱਕਰ ਜਿਹਾ ਆਇਆ। ਕਰਮ ਸਿੰਘ ਦੇ ਕੋਠੇ ਸਾਹਮਣੇ ਹੀ ਦਿਸ ਰਹੇ ਸਨ।

"ਆਪਾਂ ਨੂੰ ਕਿੱਥੇ ਵਿੱਦਿਆ, ਭਾਈ ਮੁੰਡਿਆ। ਚੱਲ ਉੱਠ। ਜਬਰੇ ਨੇ ਹਉਕਾ ਲਿਆ।"

"ਕਿਉਂ ਬਾਪੂ? ਲਾ ਦੇ ਮੈਨੂੰ ਵੀ ਪੜ੍ਹਨ।"

ਜਬਰੇ ਦੇ ਮੂੰਹੋਂ ਕੋਈ ਬੋਲ ਨਹੀਂ ਨਿਕਲਿਆ। ਫੇਰ ਕੁਝ ਪਲ ਰੁਕ ਕੇ ਉਹ ਬੋਲਿਆ, "ਚੱਲ ਤੁਰ। ਮੈਂ ਤਾਂ ਸੜਕ 'ਤੇ ਜਾਣੇ ਅਜੇ। ਮੇਟ ਦਾ ਸੁਭਾਅ ਵੀ ਮਾੜਾ ਈ ਐ।"

ਪੀਤੇ ਦੀਆਂ ਅੱਖਾਂ ਫਿਰ ਡੁੱਬ ਗਈਆਂ। ਚਿਹਰਾ ਫਿਰ ਲਮਕ ਗਿਆ। ਕਰਮ ਸਿੰਘ ਦੇ ਕੋਠਿਆਂ ਵੱਲ ਉਹ ਸਿਰ ਸੁੱਟੀ ਜਾ ਰਹੇ ਸਨ। ♦

# ਅਜ਼ਾਦ ਹਵਾ

ਕੱਚੀਆਂ ਕੈਲਾਂ ਨੂੰ ਚਿੱਤ ਸਭਨਾਂ ਦਾ ਕਰਦਾ।

ਉਹ ਦਾ ਨਾਉਂ ਕੈਲੋ ਸੀ-ਕਰਨੈਲ ਕੌਰ ਤੇ ਸੀ ਵੀ ਕੈਲ ਜਿਹੀ ਉੱਚੀ ਲੰਮੀ, ਅਕਹਿਰੇ ਬਦਨ ਦੀ ਤੇ ਸੁਹਣੀ। ਗੋਰਾ ਬਦਾਮੀ ਰੰਗ। ਕਾਲੀ ਸਲਵਾਰ ਪਾ ਕੇ ਰੱਖਦੀ ਜਾਂ ਸਿਰ 'ਤੇ ਕਾਲਾ ਦੁਪੱਟਾ। ਗਲ ਕਾਲੇ ਧਾਗੇ ਵਿੱਚ ਪਰੋਈ ਸੋਨੇ ਦੀ ਤਵੀਤੀ, ਗਰਦਨ ਦੁਆਲੇ ਕੱਸ ਕੇ ਬੰਨ੍ਹੀ ਹੋਈ। ਅਗਵਾੜ ਵਿੱਚ ਦੀ ਲੰਘਦੀ ਤਾਂ ਹਾਏ ਲੋਹੜਾ ਕਰਦੀ ਤੁਰੀ ਜਾਂਦੀ।

ਕੈਲੋ ਦੇ ਘਰ ਵਾਲਾ ਹੌਲਦਾਰ ਅਖਵਾਉਂਦਾ ਸੀ, ਇਸੇ ਕਰਕੇ ਕੈਲੋ ਨੂੰ ਹੌਲਦਾਰਨੀ ਆਖਦੇ। ਪਾਖਰ ਆਪ ਵੀ ਹੌਲਦਾਰ ਕਦੋਂ ਸੀ, ਬੱਸ ਐਵੇਂ ਹੀ ਕਦੇ ਉਹ ਦਾ ਨਾਉਂ ਹੌਲਦਾਰ ਪੱਕ ਗਿਆ ਤੇ ਉਹ ਹੌਲਦਾਰ ਹੋ ਗਿਆ।

ਉਹ ਦੋ ਭਰਾ ਸਨ। ਵੱਡਾ ਕਾਟੂ ਉਹ ਦੇ ਨਾਲੋਂ ਦਸ ਬਾਰ੍ਹਾਂ ਵਰ੍ਹੇ ਵੱਡਾ ਸੀ। ਨਿਰਾ ਘੋਗੀ ਉਨ੍ਹਾਂ ਕੋਲ ਜ਼ਮੀਨ ਚੰਗੀ ਸੀ। ਪਰ ਪਤਾ ਨਹੀਂ ਕਿਉਂ, ਦੋਵਾਂ ਨੂੰ ਸਾਕ ਨਹੀਂ ਹੋਇਆ ਸੀ।

ਪਿੰਡ ਵਿੱਚ ਉਨ੍ਹਾਂ ਦੀ ਇਹ ਗੱਲ ਮਸ਼ਹੂਰ ਸੀ-ਹਾੜ੍ਹੀ ਦੇ ਦਿਨਾਂ ਵਿੱਚ ਪਾਖਰ ਨੇ ਕਿਹਾ- 'ਓਏ ਕਾਟੂ, ਨ੍ਹਾ ਲੈ। ਪਾਣੀ ਤੱਤਾ ਕੀਤਾ ਪਿਆ।'

ਕਾਟੂ ਨੇ ਜਵਾਬ ਦਿੱਤਾ- 'ਨ੍ਹਾ ਕੇ ਕੀ ਲੈਣੇ, ਕੱਲ੍ਹ ਨੂੰ ਤਾਂ ਫੇਰ ਹਾੜ੍ਹੀ ਵੱਢਣ ਜਾਣੈ।'

ਸੰਤਾਲੀ ਦੇ ਫ਼ਸਾਦਾਂ ਵੇਲੇ ਪਾਖਰ ਹੌਲਦਾਰ ਦੀ ਉਮਰ ਚਾਲ੍ਹੀ ਬਿਆਲੀ ਸਾਲ ਦੀ ਹੋਵੇਗੀ। ਛੇ ਛੱਤ ਸਾਲਾਂ ਬਾਅਦ ਕਾਟੂ ਨਾਲ ਸਲਾਹ ਮਸ਼ਵਰਾ ਕਰਕੇ ਉਹ ਇਸ ਕੈਲੋ ਨੂੰ ਘਰ ਲੈ ਆਇਆ ਸੀ। ਕੈਲੋ ਉਸ ਸਮੇਂ ਮਸ੍ਹਾਂ ਪੰਜ ਕੁ ਵਰ੍ਹਿਆਂ ਦੀ ਸੀ।

ਕੈਲੋ ਦੀ ਮਾਂ ਮੁਸਲਮਾਨ ਸੀ ਤੇ ਬਾਪ ਜੱਟ। ਉਹ ਵੀ ਓਦੋਂ ਉਤਾਰ ਉਮਰ ਸਨ। ਕੈਲੋ ਜਦੋਂ ਜੰਮੀ, ਉਹ ਦਾ ਪਿਓ ਪੰਜਾਹ ਵਰ੍ਹਿਆ ਦਾ ਸੀ, ਮਾਂ ਚਾਲ੍ਹੀਆਂ ਦੀ। ਫ਼ਸਾਦਾਂ ਵੇਲੇ ਕੈਲੋ ਦੀ ਮਾਂ ਦਾ ਪਹਿਲਾ ਪਤੀ ਤੇ ਜਵਾਕ ਜੱਲਾ ਸਭ ਮਾਰ ਦਿੱਤੇ ਗਏ ਸਨ। ਉਹ ਪਤਾ ਨਹੀਂ ਕਿਸੇ ਦੇ ਘਰ ਜਾ ਲੁਕੀ ਸੀ ਤੇ ਫੇਰ ਬਚ ਗਈ। ਤੇ ਫੇਰ ਉਸ ਪਿੰਡ ਦੇ ਹੀ ਘੁੱਦੇ ਜੱਟ ਨੇ ਉਹ ਨੂੰ ਆਪਣੇ ਘਰ ਰੱਖ ਲਿਆ ਸੀ। ਮਿਲਟਰੀ ਨੂੰ ਪਤਾ ਨਹੀਂ ਲੱਗਣ ਦਿੱਤਾ ਸੀ। ਪੁਲਿਸ ਵਾਲੇ ਤਾਂ ਆਪਣੇ ਬੰਦੇ ਸਨ। ਨੰਬਰਦਾਰ ਦਾ ਤਰਕ ਸੀ- 'ਇਹ ਵਿਚਾਰੀ ਓਧਰ ਪਾਕਿਸਤਾਨ ਜਾ ਕੇ ਕੀ ਕਰੂਗੀ? ਓਧਰ ਕੌਣ ਐ ਇਹਦਾ? ਜੀਅ-ਜੰਤ ਤਾਂ ਸਭ ਏਧਰ ਈ ਖ਼ਤਮ ਹੋ ਗਿਆ। ਘੁੱਦਾ ਮਾੜਾ ਬੰਦਾ ਨ੍ਹੀ। ਸਰਦਾਰ ਜੀ, ਤੀਮੀਂ ਨੂੰ ਫੁੱਲਾਂ ਪਾਨਾਂ ਵਾਗੂੰ ਰੱਖੂ।'

ਘੁੱਦਾ ਕਬੀਲਦਾਰੀ ਵਿੱਚ ਟੁੱਟਿਆ ਹੋਇਆ ਬੰਦਾ ਸੀ। ਇਕੱਲਾ ਹੀ ਰਹਿ ਗਿਆ। ਨਾ ਕੋਈ ਭੈਣ-ਭਾਈ ਤੇ ਨਾ ਮਾਂ-ਬਾਪ। ਇਕੱਲੇ ਦੀ ਕਾਹਦੀ ਖੇਤੀ। ਜ਼ਮੀਨ ਬਹੁਤ ਥੋੜ੍ਹੀ ਸੀ। ਫੇਰ ਉਹ ਜ਼ਮੀਨ ਨੂੰ ਹੀ ਖਾਣ ਲੱਗ ਪਿਆ।ਪਹਿਲਾਂ ਗਹਿਣੇ, ਫੇਰ ਬੈਅ। ਨੰਬਰਦਾਰ ਨੇ ਤਾਂ ਪਿੰਡ ਦਾ ਬੰਦਾ ਹੋਣ ਕਰਕੇ ਉਹ ਦਾ ਪੱਖ ਕੀਤਾ, ਨਹੀਂ ਤਾਂ ਕੀ ਸੀ ਉਹ ਦੇ ਹੱਥ ਪੱਲੇ। ਨੰਬਰਦਾਰ ਹੱਸਦਾ– 'ਓਏ ਚੱਲ ਵਿਚਾਰਾ ਰੋਟੀ ਤਾਂ ਖਾਊ ਤਵੇ ਤੋਂ ਲਹਿੰਦੀ ਲਹਿੰਦੀ। ਨਾਲੇ ਤੀਮੀ ਨਾਲ ਜੀਅ ਲੱਗਿਆ ਰਹੂ ਇਹਦਾ। ਕੀਹ ਹੋਇਆ, ਮੁਸਲੀ ਐ, ਜੱਟ ਦੇ ਘਰ ਆ 'ਗੀ, ਆਪੇ ਜੱਟੀ ਹੋ 'ਗੀ। ਅਖੇ-ਚੂਹੜੀ ਛੱਡ ਕੇ ਬਾਮ੍ਹਣੀ ਕੀਤੀ, ਜੱਟ ਦਾ ਜੱਟ ਰਹਿ ਗਿਆ।'

ਪਿੰਡ ਵਿੱਚ ਘੁੱਦੇ ਨੂੰ ਜਦੋਂ ਖਾਣ ਪੀਣ ਨੂੰ ਕੁਝ ਵੀ ਨਾ ਰਹਿ ਗਿਆ ਤਾਂ ਉਹ ਭੁੱਖਾ ਮਰਦਾ ਮੰਡੀ ਜਾ ਵੜਿਆ। ਹੱਡਾ ਪੈਰਾਂ ਵਿੱਚ ਅਜੇ ਜਾਨ ਹੈਗੀ ਸੀ। ਮੰਡੀ ਦੇ ਆੜ੍ਹਤੀਏ ਉਹ ਨੂੰ ਜਾਣਦੇ ਸਨ।ਉਹ ਪੱਲੇਦਾਰੀ ਕਰਨ ਲੱਗ ਪਿਆ। ਓਥੇ ਹੀ ਇਹ ਕੈਲੋ ਜੰਮੀ।

ਪਾਖਰ ਮੰਡੀ ਆਉਂਦਾ ਜਾਂਦਾ ਹੁੰਦਾ। ਕਿਤੇ ਘੁੱਦਾ ਨਾਲ ਉਹ ਦਾ ਸੰਪਰਕ ਹੋ ਗਿਆ। ਘੁੱਦੇ ਤੋਂ ਹੁਣ ਕੰਮ ਨਹੀਂ ਹੁੰਦਾ ਸੀ। ਉਹ ਨੇ ਪਾਖਰ ਦੀ ਗੱਲ ਮੰਨੀ ਤੇ ਮਾਂ-ਧੀ ਨੂੰ ਲੈ ਕੇ ਪਾਖਰ ਦੇ ਪਿੰਡ ਆ ਟਿਕਿਆ। ਬੁੜ੍ਹੇ ਬੁੜ੍ਹੀ ਨੂੰ ਉਹ ਰੋਟੀ ਟੁੱਕ ਦੇਈ ਜਾਂਦਾ। ਉਹ ਖੁਸ਼ ਸਨ-ਚਲੋ, ਆਖਰੀ ਪਹਿਰੇ ਰੋਟੀ ਤਾਂ ਸੁੱਖ ਦੀ ਮਿਲਣ ਲੱਗੀ। ਕੈਲੋ ਗਲੀਆਂ ਵਿੱਚ ਖੇਡਦੀ ਫਿਰਦੀ ਰਹਿੰਦੀ। ਪਰ...

ਕਮਸਿਨੀ ਖੇਲ ਰਹੀ ਹੈ
ਅਭੀ ਕਯਾ ਰਖਾ ਹੈ।
ਆਸਰਾ ਆਸਰੇ ਵਾਲੋਂ ਨੇ,
ਲਗਾ ਰਖਾ ਹੈ।

ਕੈਲੋ ਬਾਰ੍ਹਾਂ ਤੇਰਾਂ ਵਰ੍ਹਿਆਂ ਦੀ ਸੀ, ਜਦੋਂ ਘੁੱਦਾ ਮਰ ਗਿਆ। ਕੈਲੋ ਦੀ ਮਾਂ ਪਹਿਲਾਂ ਵੀ ਪਾਖਰ ਦੇ ਘਰ ਦੀਆਂ ਰੋਟੀਆਂ ਪਕਾਉਂਦੀ ਸੀ, ਹੁਣ ਉਹ ਉਨ੍ਹਾਂ ਦੇ ਘਰ ਦੀ ਪੱਕੀ ਲੋੜ ਬਣ ਬੈਠੀ ਸੀ। ਪਾਖਰ ਫੱਕਰ ਬੰਦਾ ਸੀ। ਗੱਲਾਂ ਵਿੱਚ ਫਾਕੇ ਵੱਢ। ਉਹ ਨੂੰ ਕੋਈ ਚੜ੍ਹੀ ਲੱਥੀ ਦੀ ਪਛਾਣ ਵੀ ਨਹੀਂ ਸੀ। ਉਲਟਾ ਸੁਲਟਾ ਬੋਲ ਕੇ ਇੱਕ ਤਰ੍ਹਾਂ ਨਾਲ ਉਹ ਆਪਣੀ ਬੇਤਰਤੀਬੀ ਜ਼ਿੰਦਗੀ ਦਾ ਤਣਾਅ ਵੀ ਦੂਰ ਕਰ ਲੈਂਦਾ।

ਅਗਵਾੜ ਦੇ ਬੰਦੇ ਉਹ ਨੂੰ ਛੇੜਦੇ– 'ਹੌਲਦਾਰਾ, ਸਾਨੂੰ ਐਂ ਤਾਂ ਦੱਸ ਦੇ, ਜੈਨਾਂ 'ਤੇ ਈ ਮੁੱਕੀ ਸਮਝੀਏ ਜਾਂ ਕੈਲੋ 'ਤੇ ਵੀ ਪਾਏਂਗਾ ਕਾਠੀ?'

ਉਹ ਤਾੜੀ ਮਾਰ ਕੇ ਪਹਿਲਾਂ ਤਾਂ ਹੱਸਦਾ, ਫੇਰ ਜਵਾਬ ਦਿੰਦਾ– 'ਜੈਨਾਂ ਕਾਟੂ ਦੀ ਵੰਡ 'ਚ ਕੈਲੋ ਹੌਲਦਾਰਨੀ।'

'ਜਿੰਨਾ ਚਿਰ ਕੈਲੋ ਨਿਆਣੀ ਐ.... ਉਹ ਉਹਨੂੰ ਹੋਰ ਫਰੋਲਣ ਬੈਠ ਜਾਂਦੇ।

ਓਏ ਮੰਨ 'ਲੀ। ਟੁੱਕ ਦੀ ਬੁਰਕੀ ਖਾਣੀ ਐ, ਭਰਾਵੋ। ਹੁਣ ਜੈਨਾਂ ਤੋਂ ਖਾਈਂ ਜਾਨੇ ਆਂ। ਫੇਰ ਕੈਲੋ ਹੌਲਦਾਰਨੀ।' ਉਹ ਦੱਬਵੀਂ ਹਾਸੀ ਹੱਸਦਾ। ਹਾਸੀ ਉਹ ਦੀ ਹਿੱਕ ਵਿਚੋਂ ਨਹੀਂ ਨਿਕਲਦੀ ਸੀ, ਸੰਘ ਤੋਂ ਉਰੇ ਉਰੇ ਹੀ ਕਿਧਰੇ ਹਾ-ਹਾ, ਹੂ-ਹੂ ਹੁੰਦੀ।

ਸਮਾਂ ਪਾ ਕੇ ਫੇਰ ਕਾਟੂ ਵੀ ਮਰ ਗਿਆ। ਜੈਨਾਂ ਉਹ ਤੋਂ ਦੋ ਤਿੰਨ ਸਾਲ ਬਾਅਦ ਵਿੱਚ ਮਰੀ। ਘਰ ਵਿੱਚ ਹੁਣ ਪਾਖਰ ਸੀ ਤੇ ਉਹ ਦੀ ਹੌਲਦਾਰਨੀ ਕੈਲੋ। ਉਹ ਪਹਿਲੇ ਦਿਨੋ ਰੋਟੀ ਟੁੱਕ ਦਾ ਕੰਮ ਨਹੀਂ ਜਾਣਦੀ ਸੀ। ਪਾਖਰ ਉਹ ਨੂੰ ਕਿਸੇ ਗੱਲ ਤੋਂ ਵਰਜਦਾ ਟੋਕਦਾ ਵੀ ਨਾ! ਚੁੱਲ੍ਹੇ ਦਾ ਕੰਮ ਆਪ ਕਰਦਾ। ਉਹ ਦਿਨ ਚੜ੍ਹੇ ਤੱਕ ਮੰਜੇ ’ਤੇ ਪਈ ਰਹਿੰਦੀ। ਉਹ ਉਹ ਨੂੰ ਸੁੱਤੀ ਪਈ ਨੂੰ ਉਠਾ ਕੇ ਚਾਹ ਪਿਆਉਂਦਾ। ਫੇਰ ਉਹ ਬਾਹਰ ਅੰਦਰ ਜਾ ਕੇ ਨ੍ਹਾਉਂਦੀ ।ਕੱਪੜਾ ਲੀੜਾ ਧੋ ਲੈਂਦੀ। ਪਹਿਨ ਪੱਚਰ ਕੇ ਬੈਠ ਜਾਂਦੀ। ਅੱਖਾਂ ਵਿੱਚ ਸੁਰਮਾ ਪਾ ਕੇ ਰੱਖਦੀ। ਪਾਖਰ ਜਦੋਂ ਏਧਰ ਓਧਰ ਹੋ ਜਾਂਦਾ ਤਾਂ ਉਹ ਘਰ ਨੂੰ ਜਿੰਦਾ ਲਾਉਂਦੀ ਤੇ ਜਿੱਧਰ ਜੀ ਕਰਦਾ ਉੱਠ ਤੁਰਦੀ।

ਪਾਖਰ ਜ਼ਮੀਨ ਨੂੰ ਹਿੱਸੇ ’ਤੇ ਦੇ ਕੇ ਰੱਖਦਾ। ਦਾਣੇ ਬਹੁਤ ਆ ਜਾਂਦੇ। ਉਹ ਗ਼ਰੀਬ ਗੁਰਬਿਆਂ ਨੂੰ ਵਿਆਜੂ ਰੁਪਈਆਂ ਵੀ ਦਿੰਦਾ। ਡੂਢੀਆਂ ਸਵਾਈਆਂ ’ਤੇ ਦਾਣੇ ਵੀ। ਕੈਲੋ ਜੋ ਮੰਗਦੀ, ਦਿੰਦਾ ਰਹਿੰਦਾ। ਉਹ ਦੂਜੇ ਤੀਜੇ ਮਹੀਨੇ ਨਵਾਂ ਸੂਟ ਲੈਂਦੀ। ਪੈਰਾਂ ਵਿੱਚ ਨਵੀਂ ਕੱਢਵੀਂ ਜੁੱਤੀ ਪਾਉਂਦੀ। ਦੋਵੇਂ ਬਾਹਾਂ ਚੂੜੀਆਂ ਨਾਲ ਭਰੀਂ ਰੱਖਦੀ। ਕੰਨਾਂ ਵਿੱਚ ਸੋਨੇ ਦੇ ਕਾਂਟੇ, ਕਦੇ ਬਾਲੀਆਂ ਤੇ ਨੱਕ ਵਿੱਚ ਸੋਨੇ ਦਾ ਵੱਡਾ ਕੋਕਾ, ਗਲ ਵਿੱਚ ਸਦਾ ਵਾਂਗ ਸੋਨੇ ਦੀ ਤਵੀਤੀ, ਕਾਲੇ ਧਾਗੇ ਵਿੱਚ ਪਰੋਈ ਹੋਈ।

ਛੋਟੀ ਹੁੰਦੀ ਇੱਕ ਵਾਰ ਉਹ ਰਿਹਾੜ ਪੈ ਗਈ– ‘ਪਾਖਰਾ, ਮੈਂ ਤਾਂ ਕਬੂਤਰ ਲੈਣੇ ਨੇ।’

ਉਹ ਨੇ ਕਿਧਰੋਂ ਇੱਕ ਕਬੂਤਰ ਤੇ ਇੱਕ ਕਬੂਤਰੀ ਲਿਆ ਦਿੱਤੀ। ਤਖਾਣਾਂ ਦੇ ਜਾ ਕੇ ਕਬੂਤਰਾਂ ਦੀ ਛਤਰੀ ਬਣਵਾਈ। ਘਰ ਦੇ ਇੱਕ ਖੂੰਜੇ ਕਬੂਤਰਾਂ ਦਾ ਖੁੱਡਾ ਵੀ। ਕੈਲੋ ਕਬੂਤਰ ਉਡਾਉਂਦੀ ਤੇ ਸਾਰਾ ਸਾਰਾ ਦਿਨ ਉਨ੍ਹਾਂ ਵਿੱਚ ਹੀ ਪਰਚੀ ਰਹਿੰਦੀ। ਪਿੰਡ ਦੇ ਕਬੂਤਰਬਾਜ਼ਾਂ ਕੋਲ ਜਾਂਦੀ। ਉਹ ਵੀ ਉਨ੍ਹਾਂ ਦੇ ਘਰ ਆਉਣ ਲੱਗੇ। ਕੈਲੋ ਆਪ ਵੀ ਤਾਂ ਕਬੂਤਰੀ ਵਰਗੀ ਸੀ। ਖੰਭਾਂ ਨੂੰ ਫੜਫੜਾਉਂਦੀ ਤੇ ਗੁਟਕਦੀ।

ਕਬੂਤਰ ਛੱਡੇ ਤਾਂ ਬੱਕਰੀ ਲੈ ਲਈ। ਫੇਰ ਕਹਿੰਦੀ– ਮੈਂ ਤਾਂ ਆਪ ਜਾਇਆ ਕਰੂੰ ਖੇਤਾਂ ’ਚ ਬੱਕਰੀ ਚਾਰਨ।’

ਹਰਸਾ ਸਿੰਘ ਬਜ਼ੁਰਗ ਬੰਦਾ ਸੀ। ਟੰਗਾ ਲੰਮੀਆਂ, ਤਿੱਗ ਛੋਟਾ। ਉਹ ਦੀਆਂ ਪਿੰਜਣੀਆਂ ’ਤੇ ਮੋਟੀਆਂ ਮੋਟੀਆਂ ਨਾੜਾ ਰੱਸੀਆਂ ਵਰਗੀਆਂ ਉੱਭਰ ਆਈਆਂ ਸਨ। ਉਹ ਕੁੜਤੇ ਥੱਲੇ ਜਾਂਘੀਆਂ ਪਾ ਕੇ ਰੱਖਦਾ। ਚਾਦਰਾ ਕਦੇ ਨਹੀਂ ਬੰਨ੍ਹਿਆਂ ਸੀ। ਸਿਰ ’ਤੇ ਸਮੋਸਾ ਬੰਨ੍ਹਦਾ। ਉਹ ਦੀਆਂ ਅੱਖਾਂ ਹਮੇਸ਼ਾ ਲਾਲ ਰਹਿੰਦੀਆਂ। ਮੁੱਛਾਂ ਨਹੀਂ ਸਨ, ਦਾੜ੍ਹੀ ਖੋਦੀ ਸੀ। ਦੇਖਣ ਵਿੱਚ ਉਹ ਆਦਮੀ ਦਾ ਵਿਗੜਿਆ ਰੂਪ ਸੀ। ਉਹ ਨੇ ਜੁਆਨੀ ਪਹਿਰੇ ਵੀ ਬੱਕਰੀਆਂ ਚਾਰੀਆਂ ਸਨ। ਫੇਰ ਚੱਕੀ ਫਿੱਟਰ ਬਣ ਗਿਆ। ਕਿੰਨੇ ਹੀ ਵਰ੍ਹੇ ਆਟਾ ਪੀਹਣ ਦੀ ਮਸ਼ੀਨ ’ਤੇ ਨੌਕਰੀ ਕੀਤੀ। ਉਹ ਦੀ ਮਾਂ ਅਜੇ ਜਿਉਂਦੀ ਸੀ ਉਹ ਤੋਂ ਵੀਹ ਵਰ੍ਹੇ ਵੱਡੀ। ਕਾਠੀ ਚੀੜ੍ਹੀ ਸੀ ਬੁੜ੍ਹੀ ਦੀ। ਰੋਟੀ ਟੁੱਕ ਦਾ ਸਭ ਕਰ ਲੈਂਦੀ। ਹਰਸੇ ਕੋਲ ਸੱਤ ਅੱਠ ਬੱਕਰੀਆਂ ਸਨ। ਵਧ ਘਟ ਵੀ ਜਾਂਦੀਆਂ। ਇੱਕ ਬੋਕ। ਸੱਚ ਜਾਣੋ ਤਾਂ ਹਰਸਾ ਸਿਉਂ ਤੇ ਬੋਕ ਵਿੱਚ ਕੋਈ ਫ਼ਰਕ ਨਹੀਂ ਸੀ। ਬੋਕ ਵਿਚੋਂ ਮੁਸ਼ਕ ਮਾਰਦਾ ਸੀ ਤਾਂ ਹਰਸੇ ਵਿਚੋਂ ਵੀ ।ਉਹ ਵਰ੍ਹੇ ਛਮਾਹੀ ਹੀ ਕਦੇ ਨ੍ਹਾਉਂਦਾ ਸੀ।

ਪਾਖਰ ਨੇ ਹਰਸੇ ਦੀਆਂ ਬੱਕਰੀਆਂ ਵਿੱਚ ਬੱਕਰੀ ਰਲਾ ਦਿੱਤੀ। ਨਾਲ ਹੀ ਤੋਰ ਦਿੱਤਾ ਕੈਲੋ ਨੂੰ। ਬੱਕਰੀ ਸੂਈ ਹੋਈ ਸੀ। ਪਾਖਰ ਬੱਕਰੀ ਦੇ ਥਣਾਂ ਨੂੰ ਜੁੱਟੀਆਂ ਲਾ ਕੇ ਭੇਜਦਾ। ਹੱਸਦਾ-ਹੱਸਦਾ ਤਾੜ ਵੀ ਦਿੰਦਾ- 'ਹਰਸਿਆ, ਜੁੱਟੀਆਂ ਦੀ ਬਿੜਕ ਰੱਖੀਂ। ਲਹਿ ਨਾ ਜਾਣ ਤੇ ਕੈਲੋ ਦੀ ਵੀ, ਇਹ ਦੀਆਂ ਜੁੱਤੀਆਂ ਵੀ ਨਾ ਲਾਹ 'ਲੇ ਕੋਈ।

ਹਰਸਾ ਚੁੱਪ ਚੁਪੀਤਾ ਹੀ ਉਹ ਦੀ ਗੱਲ ਸੁਣਦਾ। ਹਾਸਾ ਉਹ ਨੂੰ ਕਿੱਥੇ ਆਉਂਦਾ ਸੀ।

ਕੈਲੋ ਬੱਕਰੀਆਂ ਵਿੱਚ ਬੱਸ ਜਿਵੇਂ ਬੱਕਰੀ ਹੋਵੇ ਇੱਕ। ਹਰਸੇ ਦੇ ਮਗਰ ਮੈਂ ਮੈਂ ਕਰਦੀ। ਖੇਤਾਂ ਵਿੱਚ ਅਵਾਰਾ ਪਸ਼ੂ ਵਾਂਗ ਰਹਿਣਾ ਉਹ ਨੂੰ ਚੰਗਾ ਲੱਗਦਾ। ਬੋਕ ਤੋਂ ਉਹ ਡਰਦੀ ਨਹੀਂ ਸੀ, ਸਗੋ ਬੋਕ ਨੂੰ ਆਪਣੀਆਂ ਹਥੇਲੀਆਂ ਚਟਾਉਂਦੀ।

ਹਰਸਾ ਸਿੰਘ ਨ੍ਹਾਉਣ ਲੱਗ ਪਿਆ। ਕੁੜਤੇ ਥੱਲੇ ਦੀ ਚਾਦਰਾ ਬੰਨ੍ਹਦਾ। ਸਿਰ 'ਤੇ ਸਮੋਸੇ ਦੀ ਥਾਂ ਟਸਰੀ ਬੰਨ੍ਹਣ ਲੱਗਿਆ। ਕੈਲੋ ਖ਼ਾਤਰ ਉਹ ਚੂਰੀ ਕੁੱਟ ਕੇ ਖੇਤ ਨੂੰ ਲਿਜਾਂਦਾ, ਵਿੱਚ ਨੁੱਚੜਵਾਂ ਘਿਓ ਪਾ ਕੇ।

ਪਾਲੀ ਮੁੰਡੇ ਹਰਸੇ ਨੂੰ ਸੁਣਾ ਸੁਣਾ ਆਖਦੇ- 'ਪੱਠ 'ਤੇ ਹੱਕ ਸਾਡਾ ਐ ਓਏ, ਬੋਕਾ।'

ਅਗਵਾੜ ਦੇ ਬੰਦੇ ਪਾਖਰ ਨੂੰ ਸਮਝੌਤੀਆਂ ਦਿੰਦੇ- 'ਹੌਲਦਾਰਾ, ਕੈਲੋ ਹੁਣ ਉਡਾਰ ਹੋ 'ਗੀ। ਉਹ ਨੂੰ ਖੇਤ ਨਾ ਭੇਜਿਆ ਕਰ।'

ਉਹ ਤਾੜੀ ਮਾਰ ਕੇ ਹੱਸਦਾ- 'ਓਏ ਚੱਲ, ਤੁਰ ਫਿਰ ਆਉਂਦੀ ਐ। ਘਰੇ ਕਿਹੜਾ ਉਹ ਨੇ ਛੋਪ ਕੱਤਣੈ।'

'ਓਏ ਖੇਤੋਂ ਉਹ ਨੂੰ ਲੈ ਜੂ ਕੋਈ ਕਿਧਰੇ। ਆਵਦੇ ਦਰਵਾਜ਼ਿਓਂ ਅੰਦਰ ਰੱਖ, ਮੂਰਖਾ।'

'ਹਰਾ ਕਿੰਨਾ ਵੀ ਚਰਦੀ ਫਿਰੇ। ਜਾਂਦੀ ਨ੍ਹੀ ਉਹ।' ਗੱਲ ਆਖ ਕੇ ਪਾਖਰ ਮੂੰਹ ਮੀਚ ਲੈਂਦਾ।

ਖੇਤਾਂ ਵਿੱਚ ਪਾਲੀ ਮੁੰਡਿਆਂ ਨੇ ਉਹ ਦਾ ਜਿਉਣਾ ਦੁੱਭਰ ਕਰ ਦਿੱਤਾ। ਹਰਸਾ ਸਿਉਂ ਨੂੰ ਕੋਈ ਕੀ ਸਮਝਦਾ ਸੀ। ਕੈਲੋ ਨੂੰ ਬਾਹੋਂ ਫੜ ਕੇ ਕੋਈ ਕਿਧਰੇ ਵੀ ਲੈ ਤੁਰਦਾ।

ਬੱਕਰੀ ਪਿੱਛੋਂ ਫੇਰ ਉਹ ਨੇ ਮੁਰਗੀਆਂ ਰੱਖੀਆਂ। ਕਬੂਤਰਾਂ ਵਾਲਾ ਖੁੱਡਾ ਓਵੇਂ ਦੀ ਓਵੇਂ ਪਿਆ ਸੀ। ਦੋ ਮੁਰਗੀਆਂ ਦੇ ਇੱਕ ਮੁਰਗਾ। ਰੂੜ੍ਹੀਆਂ 'ਤੇ ਤੁਰਦੇ ਫਿਰਦੇ ਤੇ ਠੁੱਗਾਂ ਮਾਰਦੇ ਜਾਨਵਰ ਕੈਲੋ ਨੂੰ ਚੰਗੇ ਲੱਗਦੇ। ਆਥਣ ਵੇਲੇ ਉਹ ਉਨ੍ਹਾਂ ਨੂੰ ਸਿਸ਼ਕੇਰ ਲਿਆਉਂਦੀ ਤੇ ਖੁੱਡੇ ਵਿੱਚ ਬੰਦ ਕਰ ਦਿੰਦੀ।

ਉਹ ਚੌਵੀ ਪੱਚੀ ਸਾਲ ਦੀ ਹੋਵੇਗੀ, ਜਦੋਂ ਪਿੰਡ ਵਿੱਚ 'ਪੁੱਛਿਆ' ਦੇਣ ਵਾਲੇ 'ਚੇਲੇ' ਆਏ। ਪਿੰਡ ਤੋਂ ਬਾਹਰ ਇੱਕ ਉਜੜੇ ਹੋਏ ਡੇਰੇ ਵਿੱਚ ਉਹ ਆਪਣਾ 'ਦੀਵਾਨ' ਲਾਉਂਦੇ। 'ਦੀਵਾਨ' ਰਾਤ ਨੂੰ ਖਾਓ ਪੀਓ ਵੇਲੇ ਤੋਂ ਪਿੱਛੋਂ ਸ਼ੁਰੂ ਹੁੰਦਾ ਤੇ ਤੜਕੇ ਤੱਕ ਚੱਲਦਾ ਰਹਿੰਦਾ। 'ਚੇਲੇ' ਦਿਨ ਵੇਲੇ ਵੀ ਓਥੇ ਹੀ ਰਹਿੰਦੇ। ਦੂਰ ਦੂਰ ਦੇ ਪਿੰਡਾਂ ਤੋਂ ਲੋਕ ਆਉਂਦੇ ਸਨ। 'ਕਣ' ਪਾਏ ਜਾਂਦੇ। ਚੇਲੇ ਜੀਹਦੀ ਰੇਖ ਵਿੱਚ ਮੇਖ ਮਾਰਦੇ, ਉਹ ਉਨ੍ਹਾਂ ਦਾ ਪ੍ਰਚਾਰ ਕਰਦਾ ਫਿਰਦਾ। ਭੰਬਲਭੂਸੇ ਪਿਆ ਬੰਦਾ ਚੁੱਪ ਹੋ ਜਾਂਦਾ ਤੇ ਆਪਣੀ ਕਿਸਮਤ ਨੂੰ ਝੂਰਦਾ।

ਅਜੇ ਤੱਕ ਕੈਲੋ ਦੇ ਕੋਈ ਨਿਆਣਾ ਨਿੱਕਾ ਨਹੀਂ ਹੋਇਆ ਸੀ। ਪਾਖਰ ਉਹ ਨੂੰ ਚੇਲਿਆਂ ਕੋਲ ਲੈ ਗਿਆ। ਉਹ ਅਜਿਹਾ ਚੇਲਿਆਂ ਦੇ ਹੱਥ ਚੜ੍ਹੀ ਕਿ ਬੱਸ ਚੇਲਿਆਂ ਦੀ ਹੋ ਕੇ ਹੀ ਰਹਿ ਗਈ। ਇੱਕ ਸਵੇਰ ਓਦੋਂ ਹੀ ਪਤਾ ਲੱਗਿਆ, ਜਦੋਂ ਡੇਰੇ ਵਿੱਚ ਕੋਈ ਨਹੀਂ ਸੀ। ਚੇਲੇ ਪਤਾ ਨਹੀਂ ਕਿੱਧਰ ਉਡਾਰੀ ਮਾਰ ਗਏ ਸਨ। ਕੈਲੋ ਵੀ ਪਿੰਡ ਵਿੱਚ ਕਿਧਰੇ ਨਹੀਂ ਸੀ।

ਚੇਲਿਆ ਨੇ ਕਦੇ ਕਿਸੇ ਨੂੰ ਆਪਣਾ ਅਸਲੀ ਪਿੰਡ ਨਹੀਂ ਦੱਸਿਆ ਸੀ। ਉਹ ਦੋ ਸਨ। ਇਹ ਵੀ ਨਹੀਂ ਦੱਸਿਆ ਸੀ ਕਿ ਉਹ ਸਕੇ ਭਰਾ ਹਨ। ਕਹਿੰਦੇ ਸਨ– 'ਅਸੀਂ ਗੁਰ ਭਾਈ ਆਂ।'

ਤੇ ਫਿਰ ਕੋਈ ਪੰਜ ਵਰ੍ਹਿਆਂ ਪਿੱਛੋਂ ਏਸੇ ਪਿੰਡ ਦੇ ਇੱਕ ਬੰਦੇ ਨੇ ਆ ਕੇ ਖ਼ਬਰ ਦਿੱਤੀ। ਲੋਕਾਂ ਦੇ ਮੂੰਹ ਟੱਡੇ ਰਹਿ ਗਏ।

'ਮੈਂ ਦੇਖਿਆ, ਕੈਲੋ ਚਰਖਾਂ ਕੱਤੀ ਜਾਵੇ। ਦਰਵਾਜ਼ੇ ਵਿੱਚ ਬੈਠੀ। ਮੈਨੂੰ ਵੀ ਉਹ ਨੇ ਪਛਾਣ ਲਿਆ ਭਾਈ।ਮੈਂ ਬਥੇਰਾ ਕਹੀਆਂ ਗੱਲਾਂ ਉਹ ਨੂੰ। ਪੁੱਛਿਆ– ਦੱਸ ਹੁਣ, ਤੇਰਾ ਕਿਵੇਂ ਚਿੱਤ ਐ? ਇੱਕ ਵੀ ਲਫ਼ਜ਼ ਨ੍ਹੀ ਬੋਲੀ ਭਾਈ ਉਹ ਤਾਂ। ਪਰਲ ਪਰਲ ਅੱਖਾਂ 'ਚੋਂ ਪਾਣੀ ਸਿੱਟੀ ਜਾਵੇ। ਦੇਖ ਲੈ, ਐਨੀ ਡਰਾ ਧਮਕਾ ਕੇ ਰੱਖੀ ਵਈ ਐ। ਹੁਣ ਤਾਂ ਗੋਦੀ ਮੁੰਡਾ ਵੀ ਐ ਇੱਕ।' ਤੇ ਫੇਰ ਦੱਸਣ ਵਾਲੇ ਨੇ ਦੱਸਿਆ– 'ਚੇਲੇ ਕਿਹੜੇ, ਉਹ ਤਾਂ ਖੇਤੀ ਦਾ ਕੰਮ ਕਰਦੇ ਐ। ਮਾਰ ਫੜ ਕੇ ਵਧੀਆ ਕੰਮ ਉਹਨਾਂ ਦਾ । ਸਾਲਿਆਂ ਨੇ ਤੀਮੀਂ ਪੱਟ ਕੇ ਲਿਜਾਣੀ ਸੀ ਬੱਸ, ਲੈ 'ਗੇ ਉਹ ਤਾਂ ਘਰ ਵਸਾਈ ਬੈਠੇ ਨੇ।'

ਇੱਕ ਦਿਨ ਲੋਕਾਂ ਦੇ ਮੂੰਹ ਫੇਰ ਟੱਡੇ ਰਹਿ ਗਏ, ਜਦੋਂ ਸਭ ਕੁਝ ਛੱਡ ਛੁਡਾ ਕੇ ਕੈਲੋ ਪਾਖਰ ਦੇ ਘਰ ਫੇਰ ਆ ਬੈਠੀ। ਕਹਿੰਦੀ– 'ਮੁੰਡਾ ਕਿਸੇ ਦਾ ਕੀ ਫੂਕਣਾ ਸੀ ਮੈਂ। ਉਨ੍ਹਾਂ ਨੇ ਤਾਂ ਮੈਨੂੰ ਕੈਦ ਕਰਕੇ ਰੱਖਿਆ ਸੀ ,ਕਸਾਈਆਂ ਨੇ। ਮੈਨੂੰ ਤਾਂ ਓਥੇ ਅੱਧਾਂ ਸਾਹ ਆਉਂਦਾ ਸੀ।'

ਪਾਖਰ ਹੱਸੀਂ ਜਾਵੇ ਤੇ ਤਾੜੀਆਂ ਮਾਰੇ– 'ਆਖਿਆ ਨ੍ਹੀ ਸੀ ਕਬੂਤਰ ਇੱਕ ਦਿਨ ਛਤਰੀ 'ਤੇ ਆ ਕੇ ਬੈਠੂ। ਇਹ ਖੁੱਲ੍ਹ ਖੇਡ ਹੋਰ ਕਿਧਰੇ ਨੀ ਓਏ, ਜਹਾਨਾ।' ♦

# ਤਿੰਨ ਜਾਨਵਰ

ਮੁੰਡਿਆਂ ਕੁੜੀਆਂ ਲਈ ਇਹ ਸਾਂਝਾ ਸਕੂਲ ਹੈ।

ਸਿਆਲ ਦੀ ਰੁੱਤ ਹੈ। ਅੱਧੀ ਛੁੱਟੀ ਦੀ ਘੰਟੀ ਵੱਜ ਚੁੱਕੀ ਹੈ। ਚਾਰ ਅਧਿਆਪਕਾਵਾਂ ਇੱਕ ਕੰਧ ਦੀ ਓਟ ਵਿੱਚ ਧੁੱਪੇ ਆ ਖੜ੍ਹੀਆਂ ਹਨ। ਭੈਂਗੇ ਚਪੜਾਸੀ ਤੋਂ ਇੱਕ-ਇੱਕ ਕਰਕੇ ਉਨ੍ਹਾਂ ਨੇ ਚਾਰ ਕੁਰਸੀਆਂ ਮੰਗਵਾਈਆਂ ਹਨ। ਨੇੜੇ ਦੇ ਕਮਰੇ ਵਿੱਚ ਆਪ ਹੀ ਇੱਕ ਮੇਜ਼ ਚੁੱਕ ਲਿਆਂਦਾ ਹੈ ਤੇ ਕੁਰਸੀਆਂ ਦੇ ਵਿਚਾਲੇ ਧਰ ਲਿਆ ਹੈ।

"ਕੜਬ ਦਾ ਟਾਂਡਾ" ਮੂੰਹ ਲਮਕਾਈ ਬੈਠੀ ਹੈ। ਉਸ ਦੀ ਪੁੜਪੜੀ ਦੁਖ ਰਹੀ ਹੈ। 'ਕਾਲਾ ਗੁਲਾਬ' ਖੁੱਲ੍ਹ ਖੁੱਲ੍ਹ ਬੋਲਦੀ ਹੈ ਤੇ ਆਪਣੇ ਦੰਦਾਂ ਵਿਚੋਂ ਦੁੱਧ ਚਿੱਟਾ ਹਾਸਾ ਛਣਕਾਉਂਦੀ ਹੈ। "ਗੰਨੇ ਦੇ ਛਿਲਕ" ਦੀ ਇੱਕ ਟੰਗ ਮੇਜ਼ 'ਤੇ ਹੈ ਤੇ ਇੱਕ ਟੰਗ ਮੇਜ਼ ਦੀਆਂ ਦੋ ਲੱਤਾਂ ਵਿਚਕਾਰਲੀ ਫੱਟੀ 'ਤੇ। "ਮਰੂਆ" ਨੇ ਚਿੱਟੇ ਸਿਰ ਵਾਲੀ ਚਪੜਾਸਣ ਨੂੰ ਬੁਲਾਇਆ ਹੈ। ਕੰਟੀਨ ਤੋਂ ਇੱਕ ਸੈੱਟ ਚਾਹ ਲਿਆਉਣ ਲਈ ਕਹਿ ਦਿੱਤਾ ਹੈ।

"ਹਰ ਸਾਲ ਕੋਈ ਨਾ ਕੋਈ ਮਾਸਟਰ ਬਦਲ ਜਾਂਦੈ, ਆ 'ਭੰਡੂ' ਦਾ ਜੂੜ ਪਤਾ ਨਹੀਂ ਕਦੋਂ ਵੱਢਿਆ ਜਾਊ? ਆਂਡੇ ਤਾਂ ਦੇਖ ਟੁੱਟ ਜਾਣੇ ਦੇ ਜੀਅ ਕਰਦੈ, ਤੋੜ ਦਿਆਂ। ਐਵੇਂ ਈ ਝਾਕੀ ਜਾਊ, ਅੱਖਾਂ ਪਾੜ ਪਾੜ। ਸਟਾਫ਼ ਰੂਮ ' ਬਹਿ ਕੇ ਚੁਗ਼ਲੀਆਂ ਕਰਨ ਤੋਂ ਬਿਨ੍ਹਾਂ ਏਸ ਨੂੰ ਕੋਈ ਕੰਮ ਈ ਨਹੀਂ, ਲਹਿ ਜਾਣੇ ਨੂੰ। ਕੋਈ ਸਹਿਸਣ ਨ੍ਹੀਂ ਛੱਡੀ, ਕੋਈ ਚੂਹੜੀ ਨ੍ਹੀਂ ਛੱਡੀ, ਹੁਣ ਗੋਡੇ ਖੜ੍ਹਗੇ ਤਾਂ ਲੋਕਾਂ ਦੀਆਂ ਗੱਲਾਂ ਬਣੌਂਦੇ। ਤੇਰਾਂ ਸਾਲ ਹੋ ਗਏ, ਇਹਦੀ ਕੰਜਰ ਕੋਈ ਬਦਲੀ ਨਹੀਂ ਕਰਦਾ। ਸਾਰਾ ਦਿਨ ਮੁੱਛਾਂ ਮਰੋੜਦਾ ਰਹੂ। ਮੱਥੇ ਦੇ ਵੱਟ ਤਾਂ ਦੇਖੋ, ਠੇਠਰ!" "ਗੰਨੇ ਦਾ ਛਿਲਕ" ਕਹਿੰਦੀ ਹੈ।

ਲੰਮਾ ਕੱਦ। ਪਤਲਾ ਸਰੀਰ। ਤਿੱਖਾ ਨੱਕ। ਨਰਮ ਨਰਮ ਹੱਥ ਪੈਰ। ਨਿੱਕੀਆਂ ਨਿੱਕੀਆਂ ਛਾਤੀਆਂ। ਟਪੂੰ ਟਪੂੰ ਕਰਦੀਆਂ ਅੱਖਾਂ। ਕਾਹਲਾ ਬੋਲ। ਬਿੰਦੇ ਬਿੰਦੇ ਹਾਸੀ। ਇਹ "ਗੰਨੇ ਦਾ ਛਿਲਕ" ਹੈ।

"ਇੱਕ ਖ਼ਸਮ ਤਾਂ ਘਰ ਹੁੰਦਾ ਈ ਐ, ਪਰ ਸਕੂਲ ਵਿੱਚ ਕਈ ਮਾਸਟਰ ਖ਼ਸਮਾਂ ਦੇ ਵੀ ਖ਼ਸਮ ਨੇ।" "ਕੜਬ ਦਾ ਟਾਂਡਾ" ਸਿਰ ਉਤਾਂਹ ਚੁੱਕਦੀ ਹੈ।

"ਬਾਂਦਰ" ਕਲਰਕ ਦੇ ਕਮਰੇ 'ਚ ਬੈਠਾ ਸਾਰਾ ਦਿਨ ਮੱਖੀਆਂ ਮਾਰਦਾ ਰਹਿੰਦੈ। ਕਿਸੇ ਜਮਾਤ 'ਚ ਬੈਠਾ ਹੋਵੇ ਤਾਂ ਕੀ ਇਹ ਪੜ੍ਹਾਉਂਦੈ? ਉੱਥੇ ਬੈਠਾ ਵੀ ਕਾਗਜ਼ਾ 'ਤੇ ਲਕੀਰਾਂ ਜੀਆਂ ਕੱਢਦਾ ਰਹਿੰਦੈ। ਇਹ ਨੂੰ ਇਹ ਵੀ ਪਤਾ ਨਹੀਂ ਬਈ ਇਹ ਦੇ ਕੋਲ ਕਿਹੜੀ ਜਮਾਤ ਦਾ ਕਿਹੜਾ 'ਸਬਜੈਕਟ" ਐ। ਹੈੱਡ ਮਾਸਟਰ ਨੇ ਸਿਰ ਚੜ੍ਹਾ ਰੱਖਿਐ,

ਨਲੀ ਚੋਚ। ਆਪ ਸੱਤ ਜਵਾਕ ਜੰਮ ਕੇ, ਅੱਖਾਂ ਅੱਖਾਂ 'ਚ ਈ ਮੇਰੇ ਢਿੱਡ ਦੇ ਮਹੀਨੇ ਗਿਣਦੈ, ਲਾਲ ਮੂੰਹਾਂ। ਹੈੱਡਮਾਸਟਰ ਦੇ ਕਮਰੇ 'ਚ ਕੋਈ ਲੇਡੀ ਟੀਚਰ ਜਾਵੇ ਤਾਂ ਬਿੜਕਾਂ ਲੈਂਦਾ ਫਿਰੂ। ਕੋਈ ਮਾਸਟਰ ਕਿਸੇ ਮਾਸਟਰਨੀ ਨਾਲ ਕਦੇ ਗੱਲ ਕਰਦਾ ਹੋਵੇ, ਉੱਚੀ ਉੱਚੀ ਬੋਲੂ। ਰੱਬ ਇਹ ਨੂੰ ਤੀਵੀਂ ਦੀਂ ਜੂਨ ਪਾ ਦਿੰਦਾ, ਫੇਰ ਪਤਾ ਲੱਗਦਾ, ਢਹਿ ਜਾਣੇ ਨੂੰ, ਬਈ ਆਦਮੀਆਂ ਨਾਲ ਬੋਲੇ ਬਿਨ੍ਹਾਂ ਸਰਦਾ ਨ੍ਹੀਂ।" "ਕੜਬ ਦਾ ਟਾਂਡਾ" ਕਹਿੰਦੀ ਹੈ।

"ਬੋਲ, ਪਾਟੇ ਬਾਂਸ ਵਾਂਗ ਖੜਕਦਾ। ਸਿਰ ਵਿੱਚ ਕੋਈ ਕੋਈ ਚਿੱਟਾ ਵਾਲ। ਗੱਲ੍ਹਾਂ 'ਤੇ ਸ਼ਾਹੀਆਂ।ਅੱਖਾਂ ਵਿੱਚ ਲੱਪ ਲੱਪ ਸੁਰਮਾ। ਝੁਰੜੀਆਂ ਭਰੇ ਹੱਥ। ਪੀਲੇ ਦੰਦ। ਇਹ 'ਕੜਬ ਦਾ ਟਾਂਡਾ' ਹੈ।

ਚਾਹ ਆ ਗਈ ਹੈ। "ਕਾਲਾ ਗੁਲਾਬ" ਕੁਰਸੀ ਵਿਚੋਂ ਬੁੜ੍ਹਕਦੀ ਹੈ। ਦੋਵੇਂ ਹੱਥਾਂ ਨਾਲ ਬੋਚ ਕੇ ਕੇਤਲੀ ਫੜਦੀ ਹੈ। ਇੱਕ ਇੱਕ ਕਰਕੇ ਚਾਹ ਪਿਆਲੀਆਂ ਭਰ ਦਿੰਦੀ ਹੈ। 'ਪਹਿਲੀ ਪਿਆਲੀ "ਕੜਬ ਦੇ ਟਾਂਡੇ" ਨੂੰ ਦਿੰਦੀ ਹੈ ਤੇ ਕਹਿੰਦੀ ਹੈ– "ਗੁੱਸੇ 'ਚ ਨਾ ਆਇਆ ਕਰ, ਜਵਾਕ ਦਾ ਨੱਕ ਮੂੰਹ ਵਿੰਗਾ ਹੋਜੂ।"

ਚਹੁੰਆਂ ਦੇ ਹੱਥਾਂ ਵਿੱਚ ਪਿਆਲੀਆਂ ਹਨ। ਕੋਈ ਕੋਈ ਘੁੱਟ ਉਹ ਭਰਦੀਆਂ ਹਨ। ਕੋਈ ਕੋਈ ਗੱਲ ਉਹ ਕਰਦੀਆਂ ਹਨ। ਨਿੱਕੀਆਂ ਨਿੱਕੀਆਂ ਘੁੱਟਾਂ। ਨਿੱਕੀਆਂ ਨਿੱਕੀਆਂ ਗੱਲਾਂ। ਧੁੱਪ ਵਿੱਚ ਕੋਈ ਸੁਆਦ ਘੁਲ ਗਿਆ ਹੈ।

"ਸੰਜਮ ਵੀਰ ਜੀ, ਅੱਜ ਦੇਖੇ ਨਹੀਂ। ਛੁੱਟੀ ਤੇ ਨੇ?" "ਕਾਲਾ ਗੁਲਾਬ" "ਮਰੂਆ" ਤੋਂ ਪੁੱਛਦੀ ਹੈ।

"ਅਧਿਆਪਕਾਂ ਦੀ ਕਿਤੇ ਕੋਈ ਮੀਟਿੰਗ ਹੋਵੇ, ਪੈਰ ਜੁੱਤੀ ਨਹੀਂ ਪਾਉਂਦੇ ਤੇਰੇ ਸੰਜਮ ਜੀ। ਸੁਣਿਐ ਚੰਡੀਗੜ੍ਹ ਗਏ ਨੇ ਡੈਪੂਟੇਸ਼ਨ ਲੈ ਕੇ, ਵਿੱਦਿਆ ਮੰਤਰੀ ਨੂੰ ਮਿਲਣ।" "ਮਰੂਆ" ਅੱਖਾਂ ਵਿੱਚ ਚਾਨਣ ਭਰ ਲੈਂਦੀ ਹੈ ਤੇ "ਕਾਲਾ ਗੁਲਾਬ" ਵੱਲ ਦੇਖ ਕੇ ਦੰਦਾਂ ਵਿੱਚ ਹੇਠਲਾ ਬੁੱਲ੍ਹ ਟੁੱਕਦੀ ਹੈ।

"ਸੰਜਮ ਜੀ ਦਾ ਸੁਭਾਅ ਦੇਖ, ਕਿੰਨਾ ਚੰਗੈ। ਗੱਲ ਕਰਨਗੇ, ਬੋਚ ਬੋਚ। ਇੱਕ ਲਫ਼ਜ਼ ਵੀ ਜਿਵੇਂ ਵਾਧੂ ਨਹੀਂ ਹੁੰਦਾ।" "ਕਾਲਾ ਗੁਲਾਬ" ਕਹਿੰਦੀ ਹੈ। ਤੇ ਫਿਰ ਕਾਹਲੀ ਨਾਲ ਚਾਹ ਦੀ ਘੁੱਟ ਅੰਦਰ ਲੰਘਾ ਕੇ ਸਾਰੀਆਂ ਦਾ ਧਿਆਨ ਆਪਣੇ ਵੱਲ ਖਿਚਦੀ ਹੈ:

" .... 'ਕਿਰਲਾ' ਗੱਲ ਕਰਦਾ ਦੇਖਿਐ? ਕਿਵੇਂ ਚਾਂਭਲ ਚਾਂਭਲ ਬੋਲਦਾ ਹੁੰਦੈ। ਚਿੱਤੜ ਕਿਤੇ ਹੈਗੇ ਐ ਉਹ ਦੇ? ਸੁੱਕੇ ਡੌਲੇ। ਬੁਸ਼ਰਟ ਦੀਆਂ ਬਾਹਾਂ 'ਤਾਹਾਂ ਈ' ਤਾਹਾਂ ਚਾੜ੍ਹੀ ਜਾਊ। ਪੁੱਛਣ ਵਾਲਾ ਹੋਵੇ, ਮੋਢਿਆ ਤੋਂ ਉੱਤੇ ਕਿੱਥੇ ਲੈ ਕੇ ਜਾਏਂਗਾ ਮਾਵਾਂ ਨੂੰ? ਸਾਬਤੀਆਂ ਬਾਹਾਂ ਵਾਲਾ ਕਮੀਜ਼ ਕਦੇ ਦੇਖਿਐ ਪਹਿਲਵਾਨ ਦੇ? ਲੋਕ ਕੋਟ ਵੀ ਪਾਉਣ ਲੱਗ ਪਏ।ਇਹ ਨੇ ਸੁਆਟਰ ਵੀ ਸ਼ੁਰੂ ਨ੍ਹੀ ਕੀਤਾ ਅਜੇ। ਸਿਰ ਦੇ ਵਾਲ ਦੇਖੇ ਨੇ? ਸਿਹ ਦੇ ਤੱਕਲੇ। ਦਾੜ੍ਹੀ? ਕਦੇ ਡਰੈਵਰ ਕੱਟ, ਕਦੇ ਮੌਲਵੀ ਕੱਟ ਤੇ ਕਦੇ ਸਫ਼ਾ ਚੱਟ।"

"ਸਕੂਲ ਵਿੱਚ ਤਾਂ ਕਾਂਬਾ ਜਾ ਚੜ੍ਹਿਆ ਰਹਿੰਦੈ। ਕਿਸੇ ਮਾਸਟਰ ਨਾਲ ਗੱਲ ਕਰੀਂਦੀ ਐਤਾਂ ਅੱਗਾ ਪਿੱਛੇ ਦੇਖ ਕੇ। "ਕਿਰਨਾ" "ਕਿਰਲਾ" "ਭੂੰਡ" ਤੇ "ਬਾਦਰ" ਪਤਾ ਨਹੀਂ ਕਦੋਂ ਕਿਸੇ ਦੀ ਕੀ ਗੱਲ ਬਣਾ ਦੇਣ। "ਸੰਜਮ" ਜੀ ਜਦੋਂ ਕਦੇ ਵੱਡੇ ਭਰਾ

ਕੋਲ ਘਰ ਔਂਦੇ ਐ ਤਾਂ ਉਨ੍ਹਾਂ ਨਾਲ ਗੱਲਾਂ ਕਰ ਕੇ ਜਾਣੀਂਦੀ ਮਨ ਹੌਲਾ ਹੋ ਜਾਂਦੇ। ਸਕੂਲ ਵਿੱਚ ਵੀ ਤਾਂ ਉਹੀਂ "ਸੰਜਮ" ਜੀ ਹੁੰਦੈ ਐ, ਪਰ ਗੱਲ ਕਰਨ ਤੋਂ ਡਰ ਲੱਗਦੇ– ਬਾਈ ਗਾਡ।"

ਮਧਰਾ ਕੱਦ। ਰੰਗ ਮੁਸ਼ਕੀ। ਅੱਖਾਂ ਗੋਲ। ਗੱਲ ਕਰਦੀ ਅੱਖਾਂ ਝਮਕਦੀ ਹੈ ਤਾਂ ਜਿਵੇਂ ਲੋਗੜੀ ਦੇ ਫੁੱਲਾਂ ਦੀ ਬਾਰਸ਼ ਹੁੰਦੀ ਹੋਵੇ। ਜ਼ਬਾਨ ਵਿੱਚ ਮਿਸਰੀ ਘੁਲੀ ਹੋਈ। ਸਿਰ ਦੇ ਵਾਲ ਬਹੁਤ ਲੰਮੇ। ਛਾਤੀ ਭਰਵੀ। ਇਹ "ਕਾਲਾ ਗੁਲਾਬ" ਹੈ।

ਕੇਤਲੀ ਖ਼ਾਲੀ ਹੋ ਗਈ ਹੈ। ਪਿਆਲੀਆਂ ਮੇਜ਼ 'ਤੇ ਪਈਆਂ ਹਨ। 'ਮਰੂਆ" ਚਿੱਟੇ ਸਿਰ ਵਾਲੀ ਚਪੜਾਸਣ ਨੂੰ ਹਾਕ ਮਾਰਦੀ ਹੈ। ਚਪੜਾਸਣ ਕੇਤਲੀ ਤੇ ਪਿਆਲੀਆਂ ਚੁੱਕ ਕੇ ਲੈ ਜਾਂਦੀ ਹੈ। 'ਗੰਨੇ ਦੇ ਛਿਲਕ" ਦੀਆਂ ਦੋਵੇਂ ਟੰਗਾਂ ਮੇਜ਼ ਦੇ ਉੱਤੇ ਆ ਟਿਕਦੀਆਂ ਹਨ।

"ਬੈਠਣ ਦਾ ਤਰੀਕਾ ਦੇਖ ਲੈ 'ਛਮਕੋ' ਦਾ।" "ਮਰੂਆ" ਬੁੱਲ੍ਹਾਂ 'ਤੇ ਜੀਭ ਫੇਰ ਕੇ ਕਹਿੰਦੀ ਹੈ।

ਕੱਦ ਸੂਤ ਸਿਰ। ਗੱਦਰ ਸਰੀਰ। ਰੰਗ ਬਦਾਮੀ। ਚਿਹਰਾ ਗੋਲ। ਅੱਖਾਂ ਮੋਟੀਆਂ ਮੋਟੀਆਂ ਤੇ ਸਾਊ। ਸਬਰ ਭਰੀ ਗੱਲਬਾਤ। ਸੁਭਾਅ ਵਿੱਚ ਕੋਈ ਮੜਕ ਨਹੀਂ। ਇਹ 'ਮਰੂਆ' ਹੈ।

"ਨੀ 'ਭੂੰਡ' ਅੱਜ ਤਾਂ ਬੜੀ ਛੇਤੀ ਮੁੜ ਆਇਆ ਘਰੋ।" "ਕੜਬ ਦਾ ਟਾਂਡਾ" ਕਹਿੰਦੀ ਹੈ। "ਨੀ ਦੇਖ ਕਿਵੇਂ ਝਾਕਦੈ ਏਧਰ, ਆਪਣੇ ਕੰਨੀ।"

"ਔਧਰ 'ਕਿਰਲੇ' ਨੂੰ ਦੇਖ ਲੈ। ਬੁਸ਼ਰਟ ਦੀਆਂ ਬਾਹਾਂ ਪਾੜ ਕੇ ਛੱਡੂ ਜਾਨੀ ਵਾਕਰ।" "ਗੰਨੇ ਦਾ ਛਿਲਕ" ਤਾੜੀ ਮਾਰਦੀ ਹੈ। ਦੂਜੀਆਂ ਉੱਚੀ ਉੱਚੀ ਹੱਸਦੀਆਂ ਹਨ।

ਅੱਧੀ ਛੁੱਟੀ ਬੰਦ ਹੋਣ ਦੀ ਘੰਟੀ ਖੜਕ ਗਈ ਹੈ। ਮੁੰਡੇ ਕੁੜੀਆਂ ਦਾ ਚੀਂਘ ਚੰਘਿਆੜਾ ਮੱਧਮ ਪੈ ਗਿਆ ਹੈ। ਚਾਰੇ ਅਧਿਆਪਕਾਂ ਕੁਰਸੀਆਂ ਉੱਤੋਂ ਉੱਠਦੀਆਂ ਹਨ। ਉਬਾਸੀਆਂ ਲੈਂਦੀਆਂ ਹਨ ਤੇ ਅੰਗੜਾਈਆਂ ਭੰਨ੍ਹਦੀਆਂ ਹਨ। ਆਪਣੀਆਂ ਜਮਾਤਾਂ ਵੱਲ ਉਨ੍ਹਾਂ ਦੇ ਕਦਮ ਉੱਠਦੇ ਹਨ। ♦

# ਮਿੱਠੀ ਮਿੱਠੀ ਪਹਿਚਾਣ

ਇਸ ਪਿੰਡ ਦੇ ਸਕੂਲ ਵਿੱਚ ਮੈਂ ਛੀ ਮਹੀਨਿਆਂ ਦੇ ਆਧਾਰ 'ਤੇ ਅਧਿਆਪਕ ਲੱਗੀ ਹੋਈ ਹਾਂ। ਇੱਥੇ ਮੇਰੀ ਰਿਹਾਇਸ਼ ਦਾ ਵੀ ਕੋਈ ਪ੍ਰਬੰਧ ਨਹੀਂ ਬਣ ਸਕਿਆ। ਕੁੱਤੀ ਦੇ ਪਾਂਚੇ ਜਿੰਨਾ ਤਾਂ ਪਿੰਡ ਹੈ, ਇਹ। ਪਿੰਡ ਦੇ ਸਾਰੇ ਲੋਕਾਂ ਕੋਲ ਇੱਕ ਇੱਕ ਮਕਾਨ ਹੈ। ਚੁਬਾਰਾ ਕਿਸੇ ਮਕਾਨ 'ਤੇ ਨਹੀਂ। ਬੈਠਕ ਵੀ ਨਹੀਂ ਦਿੱਤੀ ਕਿਸੇ ਨੇ। ਹਾਰ ਕੇ ਪੰਜ ਮੀਲ ਦੂਰ ਆਪਣੀ ਮਾਸੀ ਦੇ ਪਿੰਡ ਰਹਿਣ ਲੱਗ ਪਈ ਹਾਂ।

ਮਾਸੀ ਦਾ ਪਿੰਡ ਵੀ ਇਸੇ ਸੜਕ 'ਤੇ ਹੈ। ਮੈਂ ਨਿੱਤ ਬੱਸ ਚੜ੍ਹਦੀ ਹਾਂ ਤੇ ਸਕੂਲ ਪਹੁੰਚ ਜਾਂਦੀ ਹਾਂ। ਸਕੂਲ ਵੀ ਤਾਂ ਸੜਕ ਦੇ ਨੇੜੇ ਹੀ ਹੈ। ਛੁੱਟੀ ਹੁੰਦੀ ਹੈ। ਤਿੰਨ ਮਿੰਟਾਂ ਵਿੱਚ ਮੈਂ ਬੱਸ ਅੱਡੇ 'ਤੇ ਪਹੁੰਚ ਜਾਂਦੀ ਹਾਂ।

ਇਸ ਸੜਕ 'ਤੇ ਬੱਸ ਸਰਵਿਸ ਤਾਂ ਆਮ ਹੈ। ਅੱਡੇ 'ਤੇ ਆ ਕੇ ਜੁੱਤੀ ਝਾੜੋਂ, ਪੰਪ ਤੋਂ ਪਾਣੀ ਪੀਓ ਤੇ ਇੱਧਰ ਉਧਰ ਬੈਠੀਆਂ ਜਾਂ ਖੜ੍ਹੀਆਂ ਸਵਾਰੀਆਂ ਵੱਲ ਜ਼ਰਾ ਗਹੁ ਨਾਲ ਵੇਖਣ ਲੱਗ ਪਓ, ਇੰਨੇ ਨੂੰ ਬੱਸ ਆ ਜਾਂਦੀ ਹੈ।

ਮਾਸੀ ਦੇ ਪਿੰਡ ਤੋਂ ਜਸਵੰਤ ਵੀ ਮੇਰੇ ਵਾਲੇ ਸਕੂਲ ਵਿੱਚ ਅਧਿਆਪਕ ਹੈ। ਉਹ ਪੱਕਾ ਅਧਿਆਪਕ ਹੈ। ਦੋ ਤਿੰਨ ਸਾਲ ਤੋਂ ਏਸੇ ਸਕੂਲ ਵਿੱਚ ਪੜ੍ਹਾਉਂਦਾ ਹੈ। ਬੱਸ 'ਤੇ ਤਾਂ ਉਹ ਕਦੇ-ਕਦੇ ਹੀ ਆਉਂਦਾ ਹੈ। ਹਫ਼ਤੇ ਵਿੱਚ ਇੱਕ ਦੋ ਵਾਰੀ। ਆਮ ਕਰਕੇ ਉਹ ਸਾਈਕਲ 'ਤੇ ਹੀ ਆਉਂਦਾ ਹੈ। ਸਾਈਕਲ 'ਤੇ ਸ਼ਾਇਦ ਅਰਾਮ ਮਹਿਸੂਸ ਕਰਦਾ ਹੋਵੇ। ਸਾਈਕਲ ਤਾਂ ਆਪਣੀ ਸਵਾਰੀ ਗੱਡੀ ਹੈ। ਜਦੋਂ ਮਰਜ਼ੀ ਤੋਰ ਲਓ, ਜਿੱਥੇ ਮਰਜ਼ੀ ਖੜ੍ਹਾ ਕਰ ਲਓ ਤੇ ਜਿੱਥੇ ਤੀਕ ਜਾਣਾ ਹੋਵੇ, ਚਲੇ ਜਾਓ। ਸਕੂਲ ਦੇ ਗੇਟ ਤੋਂ ਸਾਈਕਲ ਉੱਤੇ ਚੜ੍ਹ ਕੇ ਜਸਵੰਤ ਸ਼ਾਇਦ ਆਪਣੇ ਘਰ ਦੇ ਬਾਰ ਮੂਹਰੇ ਜਾ ਕੇ ਹੀ ਉਤਰਦਾ ਹੈ। ਪਰ ਸਾਈਕਲ ਜਦ ਕਦੇ ਪੰਕਚਰ ਹੋ ਜਾਂਦਾ ਹੋਵੇ, ਉਦੋਂ ਬੱਸ ਦੀ ਯਾਦ ਆਉਂਦੀ ਹੋਵੇਗੀ। ਰਾਹ ਵਿੱਚ ਪਰ ਇੱਕ ਅੱਡਾ ਹੋਰ ਵੀ ਤਾਂ ਹੈ। ਇੱਕ ਅੱਧਾ ਮੀਲ ਪੈਰੀਂ ਤੁਰ ਕੇ ਉਹ ਪੰਕਚਰ ਲਵਾ ਲੈਂਦਾ ਹੋਵੇਗਾ। ਸਾਈਕਲ ਦਾ ਤਾਂ ਐਵੇਂ ਜੱਭ ਹੈ। ਜਸਵੰਤ ਨੂੰ ਬੱਸ 'ਤੇ ਹੀ ਆਉਣਾ ਜਾਣਾ ਚਾਹੀਦਾ ਹੈ।

ਮੈ ਜਸਵੰਤ ਦੇ ਸਾਈਕਲ 'ਤੇ ਆਉਣ ਜਾਣ ਨੂੰ ਜੱਭ ਕਹਿੰਦੀ ਹਾਂ ਅਤੇ ਆਪਣੇ ਅੰਦਰ ਹੀ ਅੰਦਰ ਉਸ ਨੂੰ ਸਲਾਹ ਦਿੰਦੀ ਹਾਂ ਕਿ ਉਹ ਬੱਸ 'ਤੇ ਆਇਆ ਜਾਇਆ ਕਰੇ। ਅਸਲ ਵਿੱਚ ਇਹ ਗੱਲ ਨਹੀਂ। ਮੈਂ ਚਾਹੁੰਦੀ ਹਾਂ ਕਿ ਉਹ ਮੇਰੇ ਨਾਲ ਆਇਆ ਕਰੇ, ਮੇਰੇ ਨਾਲ ਜਾਇਆ ਕਰੇ।

ਪਰ, ਹਾਏ ਨੀ! ਜੇ ਕੋਈ ਮੇਰੇ ਇਸ 'ਚਾਹੁਣ' ਨੂੰ ਸੁਣ ਲਵੇ? ਕੀ ਆਖੇ? ਕਈ ਵਾਰ ਤਾਂ ਮੈਂ ਐਵੇਂ ਫ਼ਜ਼ੂਲ ਸੋਚਣ ਲੱਗ ਪੈਂਦੀ ਹਾਂ। ਕੀ ਲੱਗਦਾ ਹੈ ਜਸਵੰਤ ਮੇਰਾ?

ਉਹ ਮਾਸੀ ਦੇ ਪਿੰਡ ਦਾ ਹੈ, ਉਸੇ ਅਗਵਾੜੋਂ। ਬੱਸ ਐਨੀ ਕੁ ਸਾਂਝ ਹੈ। ਮਾਸੀ ਨੂੰ ਤਾਈ ਕਹਿੰਦਾ ਹੈ। ਅਗਵਾੜ ਵਿੱਚ ਲੰਘਦੀ ਤੁਰਦੀ ਤਾਈ ਨੂੰ ਉਹ ਬੁਲਾ ਲੈਂਦਾ ਹੈ। ਇੱਕ ਦਿਨ ਤਾਂ ਉਸ ਨੇ ਗੱਲਾਂ-ਗੱਲਾਂ ਵਿੱਚ ਤਾਈ ਨੂੰ ਪੁੱਛਿਆ ਹੈ-'ਤਾਈ ਥੋਡੇ ਬੀਬੀ ਜਿਹੜੀ ਰਹਿੰਦੀ ਹੈ, ਕਿਹੜੇ ਪਿੰਡੋਂ ਐ?' ਤੇ ਇਹ ਵੀ ਕਿਹਾ ਹੈ-'ਬੀਬੀ ਸਾਊ ਬੜੀ ਐ। ਨਾ ਕਿਸੇ ਦੀ ਮੰਦੀ, ਨਾ ਚੰਗੀ।' ਇਹ ਵੀ ਆਖਿਆ-'ਮੈਂ ਤਾਂ ਸਕੂਲ 'ਚ ਕਦੇ ਬੋਲਦੀ ਈ ਨੀ ਸੁਣੀ ਵਚਾਰੀ।'

ਜਿਸ ਦਿਨ ਮਾਸੀ ਨੇ ਮੈਨੂੰ ਇਹ ਗੱਲਾਂ ਦੱਸੀਆਂ ਸਨ, ਉਸੇ ਦਿਨ ਤੋਂ ਮੇਰੇ ਅੰਦਰ ਜਸਵੰਤ ਬਾਰੇ ਇੱਕ ਅਪਣਤ ਜਿਹੀ ਜਾਗੀ ਹੋਈ ਹੈ, ਪਰ ਇਹ ਅਪਣਤ ਕਿਸ ਕਿਸਮ ਦੀ ਹੈ?

ਬੱਸ ਅੱਡੇ 'ਤੇ ਮੈਂ ਬੱਸ ਵਿੱਚੋਂ ਉਤਰਦੀ ਹਾਂ ਤੇ ਲਿੰਕ ਰੋਡ 'ਤੇ ਸਕੂਲ ਪਹੁੰਚ ਜਾਂਦੀ ਹਾਂ। ਰਾਹ ਵਿੱਚ ਮੈਨੂੰ ਹਮੇਸ਼ਾ ਹੀ ਇੱਕ ਦੋ ਸਾਈਕਲ ਆਉਂਦੇ ਟੱਕਰਦੇ ਹਨ ਤੇ ਇੱਕ ਦੋ ਕੋਲ ਦੀ ਲੰਘ ਜਾਂਦੇ ਵੀ। ਕਦੇ-ਕਦੇ ਜਸਵੰਤ ਵੀ ਕੋਲ ਦੀ ਲੰਘ ਜਾਂਦਾ ਹੈ। ਚੁੱਪ ਕੀਤਾ ਹੀ ਲੰਘ ਜਾਂਦਾ ਹੈ। ਨਾ ਟੱਲੀ ਵਜਾਉਂਦਾ ਹੈ, ਨਾ ਪੈਡਲਾਂ ਨੂੰ ਥਮਦਾ ਹੈ। ਪੈਡਲਾਂ ਨੂੰ ਥੰਮਿਆ ਜਾਵੇ ਤਾਂ ਫਰਾਈ ਵੀਲ੍ਹ ਖੜਕਦਾ ਵੀ ਕਈ ਵਾਰੀ ਟੱਲੀ ਦਾ ਕੰਮ ਦੇ ਜਾਂਦਾ ਹੈ। ਪਰ ਨਾ। ਉਹ ਤਾਂ ਇਉਂ ਕੋਲ ਦੀ ਲੰਘ ਜਾਂਦਾ ਹੈ, ਜਿਵੇਂ ਕੋਈ ਲੰਘਿਆ ਹੀ ਨਾ ਹੋਵੇ। ਮੈਂ ਉਸ ਦੀ ਪਿੱਠ ਵੱਲ ਦੇਖਦੀ ਹੀ ਰਹਿ ਜਾਂਦੀ ਹਾਂ।

ਮੈਂ ਚਾਹੁੰਦੀ ਹਾਂ ਕਿ ਜੇ ਉਹ ਟੱਲੀ ਮਾਰ ਦੇਵੇ, ਪੈਡਲ ਥੰਮ ਲਵੇ ਜਾਂ ਖੰਘ ਹੀ ਜਾਵੇ ਤਾਂ ਮੈਂ ਉਸ ਵੱਲ ਝਾਕ ਪਵਾਂ ਤੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਦਿਆਂ, ਪਰ ਨਹੀਂ ਉਹ ਤਾਂ ਬਿਲਕੁੱਲ ਗਿਆ ਗੁਜਰਿਆ ਹੈ। ਮੇਰੇ ਵਿੱਚ ਵੀ ਕਿੰਨਾ ਕੁ ਸਾਹਸ ਹੈ? ਜਦ ਉਹ ਕੋਲ ਦੀ ਲੰਘ ਜਾਂਦਾ ਹੈ, ਪਿੱਠ ਪਿੱਛੇ ਵੀ ਤਾਂ ਮੈਂ ਸਤਿ ਸ੍ਰੀ ਅਕਾਲ ਕਹਿ ਸਕਦੀ ਹਾਂ। ਉਹ ਕੋਈ ਬੋਲ਼ਾ ਤਾਂ ਨਹੀਂ ਕਿ ਅੱਠ ਦਸ ਗਜ਼ ਪਿੱਛੋਂ ਦੀ ਆਵਾਜ਼ ਨੂੰ ਨਾ ਸੁਣ ਸਕੇ। ਜਦ ਉਹ ਕੋਲ ਦੀ ਲੰਘਦਾ ਹੈ, ਮੈਂ ਸਗੋਂ ਸੁੰਗੜ ਜਿਹੀ ਜਾਂਦੀ ਹਾਂ। ਨੀਵੀਂ ਪਾ ਕੇ ਠੋਡੀ ਨੂੰ ਹਿੱਕ ਨਾਲ ਘੁੱਟ ਲੈਂਦੀ ਹਾਂ। ਪਰ ਜਦ ਉਹ ਦੂਰ ਨਿੱਕਲ ਜਾਂਦਾ ਤਾਂ ਉਸ ਦੀ ਨੁਹਾਰ ਨੂੰ ਤੱਕਦੀ ਰਹਿੰਦੀ ਹਾਂ।

ਸਕੂਲ ਵਿੱਚ ਉਸ ਨਾਲ ਬੋਲਣ ਦਾ ਮੌਕਾ ਤਾਂ ਬਿਲਕੁੱਲ ਹੀ ਨਹੀਂ ਮਿਲਦਾ। ਇੱਕ ਪਕਰੋਟ ਜਿਹੀ ਮਾਸਟਰਨੀ ਤਾਂ ਮੇਰੇ ਵੱਲ ਹੀ ਨਿਗਾਹ ਰੱਖਦੀ ਹੈ। ਮੈਨੂੰ ਮਹਿਸੂਸ ਹੁੰਦਾ ਰਹਿੰਦਾ ਹੈ, ਜਿਵੇਂ ਉਹ ਤਾੜਦੀ ਰਹਿੰਦੀ ਹੋਵੇ ਕਿ ਦੇਖਾਂ ਭਲਾਂ ਮੈਂ ਕਿਸੇ ਮਾਸਟਰ ਨਾਲ ਗੱਲ ਕਰਦੀ ਹਾਂ ਜਾਂ ਨਹੀਂ? ਮੈਨੂੰ ਇਸ ਵੱਡੀ ਅੰਮਾ 'ਤੇ ਬਹੁਤ ਗੁੱਸਾ ਚੜ੍ਹਦਾ ਹੈ। ਆਪ ਤਾਂ ਹਰ ਇੱਕ ਨੂੰ ਬੁਲਾ ਲੈਂਦੀ ਹੈ। ਨਵੇਂ ਲੱਗੇ ਜੇ.ਬੀ.ਟੀ. ਟੀਚਰਾਂ ਨਾਲ ਠਰਕ ਝਾੜਦੀ ਰਹਿੰਦੀ ਹੈ। ਮੇਰੇ ਵੱਲ ਐਨੀ ਨਿਗਾਹ ਕਿਉਂ ਰੱਖਦੀ ਹੈ, ਛੁੱਟੜ?

ਮੈਂ ਤਾਂ ਬੱਸ ਸਕੂਲ ਆਉਂਦੀ ਹਾਂ। ਹਾਜ਼ਰੀ ਲਾਉਂਦੀ ਹਾਂ ਤੇ ਕੌਮੀ ਗੀਤ ਤੋਂ ਬਾਅਦ ਆਪਣੀ ਜਮਾਤ ਵਿੱਚ ਚਲੀ ਜਾਂਦੀ ਹਾਂ। ਸਾਰਾ ਦਿਨ ਜਮਾਤ ਵਿੱਚ ਹੀ ਬੈਠੀ

ਰਹਿੰਦੀ ਹਾਂ। ਪ੍ਰਾਇਮਰੀ ਜਮਾਤ ਜੁ ਹੋਈ। ਕਦੇ-ਕਦੇ ਹੈੱਡਮਾਸਟਰ ਸਾਹਿਬ ਕਿਸੇ ਕੰਮ ਆਪਣੇ ਦਫ਼ਤਰ ਵਿੱਚ ਬੁਲਾਉਂਦੇ ਹਨ। ਹੈੱਡਮਾਸਟਰ ਸਾਹਿਬ ਦੇ ਦਫ਼ਤਰ ਵਿੱਚ ਹੋ ਕੇ ਆਉਂਦੀ ਹਾਂ ਤਾਂ ਉਹ 'ਵੱਡੀ ਅੰਮਾ' ਆਪਣੀ ਜਮਾਤ ਦੇ ਕਮਰੇ ਵਿਚੋਂ ਬਾਹਰ ਮੂੰਹ ਕਰਕੇ ਮੇਰੇ ਚਿਹਰੇ ਨੂੰ ਪੜ੍ਹਨਾ ਚਾਹੁੰਦੀ ਹੈ। ਨੱਕ ਚੜ੍ਹਾ ਕੇ ਜਾਂ ਬੁੱਲ੍ਹ ਕੱਢ ਕੇ ਮੈਂ ਉਸ 'ਤੇ ਹਜ਼ਾਰ ਲਾਹਣਤ ਪਾਉਣ ਦੀ ਕੋਸ਼ਿਸ਼ ਕਰਦੀ ਹਾਂ।

ਅੱਧੀ ਛੁੱਟੀ ਵੇਲੇ ਵੀ ਮੈਂ ਆਪਣੀ ਜਮਾਤ ਵਿੱਚ ਬੈਠੀ ਰਹਿੰਦੀ ਹਾਂ। ਘਰੋਂ ਲਿਆਂਦੀ ਰੋਟੀ ਵਾਲਾ ਡੱਬਾ ਖੋਲ੍ਹਦੀ ਹਾਂ ਤੇ ਕਿਸੇ ਕੁੜੀ ਤੋਂ ਪਾਣੀ ਦਾ ਗਲਾਸ ਮੰਗਵਾ ਕੇ ਰੋਟੀ ਖਾ ਲੈਂਦੀ ਹਾਂ। ਪਾਣੀ ਵਾਲਾ ਪੰਪ ਮੇਰੇ ਕਮਰੇ ਦੇ ਨਾਲ ਹੀ ਹੈ। ਅੱਧੀ ਛੁੱਟੀ ਵੇਲੇ ਕੋਈ ਅਧਿਆਪਕ ਪੰਪ 'ਤੇ ਹੱਥ ਧੋਣ ਦੇ ਬਹਾਨੇ ਆਉਂਦਾ ਹੈ ਤੇ ਮੇਰੇ ਵੱਲ ਕਣੱਖਾ ਜਿਹਾ ਝਾਕਦਾ ਤੁਰ ਜਾਂਦਾ ਹੈ। ਜਸਵੰਤ ਇਸ ਤਰ੍ਹਾਂ ਕਦੇ ਨਹੀਂ ਆਉਂਦਾ। ਸਕੂਲ ਦੇ ਗਰਾਊਂਡ ਵਿੱਚ ਖੜ੍ਹ ਕੇ ਕਦੇ ਕਦੇ ਕੁਝ ਅਧਿਆਪਕ ਉੱਚੀ ਉੱਚੀ ਬੋਲਦੇ ਹਨ, ਹੱਸਦੇ ਹਨ ਤੇ ਤਾੜੀਆਂ ਪਾਉਂਦੇ ਹਨ। ਜਿਹੜਾ ਕੋਈ ਤਾੜੀ ਪਾ ਕੇ ਆਪੇ ਤੋਂ ਬਾਹਰ ਹੋ ਜਾਂਦਾ ਹੈ ਤਾਂ ਉਹ ਚੋਰ ਅੱਖ ਨਾਲ ਮੇਰੇ ਵੱਲ ਨਜ਼ਰ ਘੁੰਮਾ ਜਾਂਦਾ ਹੈ। ਮੈਂ ਕੋਈ ਗੱਲ ਨਹੀਂ ਗੌਲਦੀ। ਜਸਵੰਤ ਉਨ੍ਹਾਂ ਵਿੱਚ ਕਦੇ ਨਹੀਂ ਦੇਖਿਆ। ਉਹ ਤਾਂ ਜਿਵੇਂ ਸਕੂਲ ਵਿੱਚ ਹੁੰਦਾ ਹੀ ਨਾ ਹੋਵੇ। ਜਮਾਤ ਵਿਚੋਂ ਹੀ ਨਹੀਂ ਨਿਕਲਦਾ। ਅੱਧੀ ਛੁੱਟੀ ਵੇਲੇ ਵੀ ਪਤਾ ਨਹੀਂ ਕਿੱਥੇ ਹੁੰਦਾ ਹੈ? ਮੈਂ ਤਾਂ ਉਸ ਨੂੰ ਦੇਖਣ ਨੂੰ ਤਰਸਦੀ ਰਹਿੰਦੀ ਹਾਂ, ਪਰ ਕੀ ਕਰਨਾ ਹੈ ਉਸ ਨੂੰ ਦੇਖ ਕੇ?

ਮੇਰੇ ਮਨ ਵਿੱਚ ਛਿਲਤਾਂ ਜਿਹੀਆਂ ਕੀ ਰੜਕਦੀਆਂ ਰਹਿੰਦੀਆਂ ਹਨ? ਮੈਨੂੰ ਕੋਈ ਪਤਾ ਨਹੀਂ ਲੱਗਦਾ। ਮਿੱਠੀਆਂ ਮਿੱਠੀਆਂ ਜਲੂਣਾਂ ਜਿਹੀਆਂ? ਆਪਣੀ ਜਮਾਤ ਦੀ ਇੱਕ ਕੁੜੀ ਨੂੰ ਮੈਂ ਜਸਵੰਤ ਕੋਲ ਭੇਜਦੀ ਹਾਂ ਤੇ ਪੁੱਛਦੀ ਹਾਂ-ਤੁਹਾਡੇ ਕੋਲ ਕੋਈ ਚੰਗਾ ਜਿਹਾ ਟ੍ਰਾਂਸਲੇਸ਼ਨ ਹੋਵੇ? ਹੈ ਤਾਂ ਕੱਲ੍ਹ ਨੂੰ ਲਿਆ ਦਿਓ।'

ਕੁੜੀ ਆ ਕੇ ਕਹਿੰਦੀ ਹੈ- 'ਮਾਸਟਰ ਜੀ ਨੇ ਪੁੱਛਿਐ, ਕੀ ਕਰਨੈ ਤੁਸੀਂ ਟ੍ਰਾਂਸਲੇਸ਼ਨ?'

ਕੁੜੀ ਨੂੰ ਦੁਬਾਰਾ ਭੇਜਦੀ ਹਾਂ- 'ਮੈਂ ਪਰੈਂਪ ਦਾ ਇਮਤਿਹਾਨ ਦੇਣੈ।'

ਤੇ ਦੂਜੇ ਦਿਨ ਉਹ ਇੱਕ ਟ੍ਰਾਂਸਲੇਸ਼ਨ ਲੈ ਆਉਂਦਾ ਹੈ ਤੇ ਇੱਕ ਮੁੰਡੇ ਦੇ ਹੱਥ ਮੇਰੇ ਕੋਲ ਭੇਜ ਦਿੰਦਾ ਹੈ। ਟ੍ਰਾਂਲੇਸਨ ਫਰੋਲ ਕੇ ਮੈਂ ਦੇਖਦੀ ਹਾਂ- 'ਪਰੈਂਪ ਕੀ ਇਹ ਤਾਂ ਟੀ. ਡੀ. ਸੀ. ਦੇ ਫਾਈਨਲ ਤੀਕ ਕੰਮ ਦੇ ਸਕੇਗਾ।'

ਤੇ ਫੇਰ ਕਈ ਦਿਨਾਂ ਬਾਅਦ ਮੈਂ ਇੱਕ ਕੁੜੀ ਭੇਜਦੀ ਹਾਂ। ਪੁੱਛਦੀ ਹਾਂ- 'ਦੁਸਹਿਰੇ ਦੀ ਇੱਕ ਛੁੱਟੀ ਐ ਜਾਂ ਦੋ?'

ਜਵਾਬ ਆਉਂਦਾ ਹੈ- 'ਲਿਸਟ 'ਚ ਤਾਂ ਇੱਕ ਸੀ, ਪਰ ਹੁਣ ਇੱਕ ਛੁੱਟੀ ਹੋਰ ਦਾ ਆਰਡਰ ਆ ਗਿਐ-ਦੁਸਹਿਰੇ ਤੋਂ ਅਗਲੇ ਦਿਨ ਦੀ ਦਾ।' ਮੈਨੂੰ ਖ਼ੁਸ਼ੀ ਦਾ ਭਰਪੂਰ ਜਿਹਾ ਸਾਹ ਆਉਂਦਾ ਹੈ, ਪਤਾ ਨਹੀਂ ਇੱਕ ਛੁੱਟੀ ਹੋਰ ਹੋਣ ਦਾ ਤੇ ਜਾਂ ਪਤਾ ਨਹੀਂ ਕਾਹਦਾ।

ਇੱਕ ਦਿਨ ਇੱਕ ਮੁੰਡਾ ਆ ਕੇ ਪੁੱਛਦਾ ਹੈ-'ਭੈਣ ਜੀ, ਜਸਵੰਤ ਸਿੰਘ ਮਾਸਟਰ ਜੀ ਨੇ ਆਖਿਐ, ਤੁਸੀਂ ਅੱਜ ਕੋਈ ਸਬਜ਼ੀ ਲਿਆਂਦੀ ਐ ਤਾਂ ਥੋੜ੍ਹੀ ਜਿਹੀ ਐਸ ਪਿਆਲੀ 'ਚ ਪਾ ਦਿਓ। ਅੱਜ ਉਹ ਰੋਟੀ ਨਾਲ ਨੂੰ ਕੁਸ ਲੈ ਕੇ ਨੀ ਆਏ।'

ਮੈਂ ਆਪਣਾ ਰੋਟੀ ਵਾਲਾ ਡੱਬਾ ਖੋਲ੍ਹਦੀ ਹਾਂ। ਆਲੂ ਦੀ ਇੱਕ ਫਾੜੀ ਆਪਣੇ ਵਾਸਤੇ ਰੱਖ ਕੇ ਬਾਕੀ ਆਲੂ ਗੋਭੀ ਦੀ ਸਬਜ਼ੀ ਨਾਲ ਭਰੀ ਪੱਥਰ ਦੀ ਸਾਰੀ ਕੌਲੀ ਮੁੰਡੇ ਨੂੰ ਫੜਾ ਦਿੰਦੀ ਹਾਂ।

ਅੱਧੀ ਛੁੱਟੀ ਤੋਂ ਬਾਅਦ ਪੱਥਰ ਦੀ ਕੌਲੀ ਧੋਤੀ ਸੰਵਾਰੀ, ਓਹੀ ਮੁੰਡਾ ਮੈਨੂੰ ਫੜਾ ਜਾਂਦਾ ਹੈ। ਮੈਨੂੰ ਤਸਕੀਨ ਜਿਹੀ ਮਿਲਦੀ ਹੈ।

ਇਸ ਤਰ੍ਹਾਂ ਆਦਾਨ ਪ੍ਰਦਾਨ ਚੱਲਦਾ ਹੀ ਰਹਿੰਦਾ ਹੈ। ਕੁੜੀਆਂ ਮੁੰਡਿਆਂ ਦੇ ਹੱਥ। ਜਸਵੰਤ ਨੇ ਕਦੇ ਵੀ ਮੇਰੇ ਨਾਲ ਜ਼ਬਾਨ ਸਾਂਝੀ ਨਹੀਂ ਕੀਤੀ। ਮੈਂ ਵੀ ਕਦੇ ਉਸ ਨੂੰ ਨਹੀਂ ਬੁਲਾਇਆ। ਡਰਦੀ ਹਾਂ–ਕਿਤੇ ਕੋਈ ਐਵੇਂ ਹੀ ਸ਼ੱਕ ਨਾ ਕਰ ਲਵੇਂ। 'ਵੱਡੀ ਅੰਮਾ' ਨੇ ਦੇਖ ਲਿਆ ਤਾਂ ਤੂਫਾਨ ਖੜ੍ਹਾ ਕਰ ਦੇਵੀਗੀ।

ਗੱਲਾਂ ਗੱਲਾਂ ਵਿੱਚ ਹੀ ਮਾਸੀ ਤੋਂ ਪਤਾ ਲੱਗਿਆ ਕਿ ਜਸਵੰਤ ਨੇ ਅਜੇ ਵਿਆਹ ਨਹੀਂ ਕਰਵਾਇਆ। ਇਹ ਵੀ ਪਤਾ ਲੱਗਦਾ ਹੈ ਕਿ ਉਹ ਮੰਗਿਆ ਹੋਇਆ ਹੈ। ਪਰ ਜਿਸ ਕੁੜੀ ਨਾਲ ਮੰਗਿਆ ਹੈ, ਉਹ ਅਨਪੜ੍ਹ ਹੈ। ਜਸਵੰਤ ਅਨਪੜ੍ਹ ਕੁੜੀ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦਾ। ਮੈਂ ਸੋਚਦੀ ਰਹਿੰਦੀ ਹਾਂ ਕਿ....।

ਮੇਰੇ ਛੇ ਮਹੀਨੇ ਪੂਰੇ ਵੀ ਨਹੀਂ ਲੱਗੇ ਹੁੰਦੇ ਕਿ ਲੰਮੀ ਛੁੱਟੀ 'ਤੇ ਗਿਆ ਹੋਇਆ ਮਾਸਟਰ ਚਾਣਚੱਕ ਹੀ ਹਾਜ਼ਰ ਹੋ ਜਾਂਦਾ ਹੈ।

ਤਨਖ਼ਾਹ ਲੈਣ ਮੈਂ ਸਕੂਲ ਵਿੱਚ ਆਉਂਦੀ ਹਾਂ, ਜਸਵੰਤ ਮਿਲਦਾ ਹੈ। ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਉਹ ਪਹਿਲਾਂ ਹੀ ਕਹਿ ਦਿੰਦਾ ਹੈ, ਨੀਵੀਂ ਪਾ ਕੇ ਮੈਂ ਸਤਿ ਸ੍ਰੀ ਅਕਾਲ ਮੰਨ ਲੈਂਦੀ ਹਾਂ, ਬੋਲਿਆ ਕੁਝ ਨਹੀਂ ਗਿਆ। ਸਾਡੇ ਦੋਵਾਂ ਵਿਚਕਾਰ ਚੁੱਪ ਦੀ ਖਲੀਜ ਉੱਗ ਪੈਂਦੀ ਹੈ ਤੇ ਫਿਰ ਜਸਵੰਤ ਹੀ ਬੋਲਦਾ ਹੈ– 'ਹੁਣ ਬੀਬੀ ਫਿਰ?'

'ਜਿੰਨਾ ਚਿਰ ਹੋਰ ਕਿਤੇ ਕਾਰਡ ਨੀ ਨਿਕਲਦਾ, ਉਨ੍ਹਾਂ ਚਿਰ ਤਾਂ ਵੀਰ ਜੀ, ਪਿੰਡ ਈ ਆਂ।''

ਗੱਲ ਅਜੇ ਸ਼ੁਰੂ ਵੀ ਨਹੀਂ ਹੋਈ ਹੁੰਦੀ ਕਿ ਦੋ ਮਾਸਟਰ ਹੋਰ ਮੇਰੇ ਉਦਾਲੇ ਆ ਖੜ੍ਹੇ ਹੁੰਦੇ ਹਨ। ਇੱਕ ਮਾਸਟਰ ਨੇ ਸਵਾਲ ਕੀਤਾ– 'ਭੈਣ ਜੀ? ਜੁੱਤੀ ਦੀ ਟੋਅ ਨਾਲ ਧਰਤੀ 'ਤੇ ਨਿੱਜੀ ਲਕੀਰ ਖਿੱਚ ਕੇ ਮੈਂ ਬੋਲਣਾ ਚਾਹੁੰਦੀ ਹਾਂ ਕਿ 'ਵੱਡੀ ਅੰਮਾ' ਆ ਕੇ ਬਾਂਹ ਫੜਦੀ ਹੈ ਤੇ ਕਹਿੰਦੀ ਏ–'ਆ ਕੁੜੀਏ ਚਾਹ ਪਿਲਾਵਾਂ ਤੈਨੂੰ।'

ਜਸਵੰਤ ਪਤਾ ਨਹੀਂ ਕਿੱਧਰ ਤੁਰ ਜਾਂਦਾ ਹੈ। ਤਨਖ਼ਾਹ ਲੈਂਦੀ ਹਾਂ ਤੇ ਪਿੰਡ ਨੂੰ ਆ ਜਾਂਦੀ ਹਾਂ।

ਸੋਚਦੀ ਹਾਂ, 'ਜਸਵੰਤ ਨਾਲ ਮਿੱਠੀ ਮਿੱਠੀ ਪਹਿਚਾਣ ਜੋ ਬਣੀ ਸੀ, ਉਹ ਅੱਗੇ ਕਿਉਂ ਨਾ ਤੁਰ ਸਕੀ? ਪਹਿਚਾਣ ਜੇ ਗੂੜ੍ਹੀ ਹੋ ਜਾਂਦੀ ਤਾਂ ਸ਼ਾਇਦ.....?'

ਕੌਣ ਕਹੇ ਜਸਵੰਤ ਨੂੰ ਜਾ ਕੇ ਕਿ....। ♦

# ਬੀਤੇ ਸਮੇਂ ਦੇ ਲੋਕ

'ਬਹੂ ਦੀ ਦੱਸ ਗੱਲ, ਰਾਮ ਐ ਹੁਣ ਕੁਸ ਲੱਤ ਨੂੰ?' ਸੰਤੋਂ ਬੁੜ੍ਹੀ ਆਪਣੀ ਸੋਟੀ 'ਤੇ ਦੋਵੇਂ ਹੱਥਾਂ ਦਾ ਭਾਰ ਦੇ ਕੇ ਝੁਕੀ ਤੇ ਗਹੁ ਨਾਲ ਈਸਰੀ ਤੋਂ ਪੁੱਛਿਆ।

ਈਸਰੀ ਬੁੜ੍ਹੀ ਆਪਣੇ ਦਰਵਾਜ਼ੇ ਅੱਗੇ ਪੱਕੀ ਚੌਕੜੀ 'ਤੇ ਪੀਹੜੀ 'ਤੇ ਬੈਠੀ ਗਲੋਟੇ ਅਟੇਰ ਰਹੀ ਸੀ। ਸਾਲ ਸਵਾ ਸਾਲ ਦੀ ਉਸ ਦੀ ਪੋਤੀ ਉਸ ਦੇ ਕੋਲ ਹੀ ਗਿਲਟ ਦਾ ਛੁਣਛੁਣਾ ਵਜਾ ਵਜਾ ਖੇਡ ਰਹੀ ਸੀ ਤੇ ਪਤਲੀ ਮਲਮਲ ਦੇ ਝੱਗੇ 'ਤੇ ਮੂੰਹ ਦੀਆਂ ਲਾਰਾਂ ਵਗਾ ਰਹੀ ਸੀ।

ਤੇ ਫਿਰ ਸੰਤੋ ਆਪਣੀਆਂ ਐਨਕਾਂ ਠੀਕ ਕਰਨ ਲੱਗੀ। ਈਸਰੀ ਨੇ ਅਟੇਰਨ ਖੜ੍ਹਾ ਕੇ ਖੰਘੂਰ ਮਾਰੀ ਤੇ ਕਹਿਣ ਲੱਗੀ– 'ਡਾਕਟਰ ਨੇ ਗੋਲੀਆਂ ਦਿੱਤੀਆਂ ਸੀ, ਖਾਈ ਜਾਂਦੀ ਐ, ਪੰਜ ਦਿਨ ਹੋਗੇ। ਸੂਆ ਵੀ ਨਿੱਤ ਲੱਗਦੈ ਇੱਕ। ਪੀਣ ਨੂੰ ਦਿੱਤੀ ਐ ਦਵਾਈ। ਪਰ ਰਾਮ ਤਾਂ, ਸੰਤ ਕੁਰੇ ਆਇਆ ਕੁਸ ਦੀਂਹਦਾ ਨੀ। ਮੰਜੇ ਤੋਂ ਥੱਲੇ ਤਾਂ ਪੈਰ ਨਹੀ ਲੌਂਦੀ। ਕੀ ਰਾਮ ਸਮਝੀਏ ਭਲਾ?'

'ਕੋਈ ਪੁੱਛਿਆ ਕਢਾ ਕੇ ਈ ਦੇਖ ਲੈਂਦੇ।' ਸੰਤੋ ਸੋਟੀ ਨੂੰ ਪਰ੍ਹਾਂ ਰੱਖ ਕੇ ਚੌਕੜੀ 'ਤੇ ਬੈਠ ਗਈ। ਇੱਕ ਪੈਰ ਉੱਤੇ ਅਤੇ ਇੱਕ ਥੱਲੇ ਲਮਕਾ ਲਿਆ। ਗੱਲ ਤਾਂ ਉਹ ਈਸਰੀ ਨਾਲ ਕਰਦੀ ਸੀ, ਪਰ ਨਿਗਾਹ ਉਸ ਦੀ ਗਲੀ ਵੱਲ ਸੀ। ਇੱਕੜ ਦੁੱਕੜ ਆਉਂਦੇ ਜਾਂਦੇ ਲੋਕਾਂ ਨੂੰ ਮੈਂ ਧਿਆਨ ਨਾਲ ਦੇਖ ਲੈਂਦੀ।

'ਪੁੱਛ ਵੀ ਕਢਾਈ ਸੀ, ਮੈਂ ਤਾਂ ਮੁੰਡੇ ਤੋਂ ਚੋਰੀਓ। ਲਾਲਾਂ ' ਆਲੇ ਦੀ ਨਿਕਲੀ। ਮੱਥਾ ਟੇਕਣ ਲੱਗੀ ਬਹੂ ਤਾਂ ਮੁੰਡੇ ਨੇ ਕਲੇਸ਼ ਪਾ ਲਿਆ। ਤੈਨੂੰ ਪਤਾ ਈ ਐ ਕਾਸੇ ਨੂੰ ਨਹੀਂ ਮੰਨਦਾ। ਪਤਾ ਨਹੀਂ ਕੀਹਨੇ ਦੇ ਦਿੱਤੀ ਮੱਤ ਚੰਦਰੇ ਨੂੰ। ਕਹਿੰਦਾ, ਦੇਵੀ ਦੇਵਤਾ ਕੋਈ ਚੀਜ਼ ਈ ਨਹੀਂ। ਟੂਣੇ ਟਾਮਣ ਸਭ ਪਖੰਡ ਐ। ਲੁੱਟਣ ਖਾਣ ਦੇ ਢਕਵੰਜ ਖੜ੍ਹੇ ਕੀਤੇ ਨੇ ਵਿਹਲੇ ਲੋਕਾਂ ਦੇ ।' ਈਸਰੀ ਦਾ ਅਟੇਰਨ ਬਹੁਤ ਹੌਲੀ ਚੱਲ ਰਿਹਾ ਸੀ।

'ਅੱਛਿਆ, ਐਂ ਬੋਲਦੈ?'

'ਹੋਰ ਤਾਂ ਹੀ ਤਾਂ ਮੁਸੀਬਤ ਨੂੰ ਫੜਿਆ ਬੈਠੇ। ਜੇਹੇ ਜਾ ਕਰੀਂ ਜਾਂਦੈ, ਉਹੋ ਜਾਂ ਭਰੀ ਜਾਂਦੈ। ਪੁੱਤ ਤਾਂ ਆਬਦੈ ਫੇਰ ਵੀ, ਨੂੰਹ ਘਰ ਦੀ ਨਿਉਂ ਜੜ੍ਹ ਹੈ। ਝੱਲਿਆ ਨੀ ਜਾਂਦਾ ਦੁੱਖ। ਮੈਂ ਤਾਂ ਫੇਰ ਵੀ ਓਹੜ ਪੋਹੜ ਕਰੀਂ ਜਾਨੀ ਆਂ।'

'ਮੁੰਡਾ ਨਾ ਮੰਨੇ , ਬਹੂ ਨੂੰ ਕਹਿ, ਮੰਨੇ ਸਿੱਧੀ ਹੋ ਕੇ ਵਚਾਰੇ ਸਤਿਆਮਾਨ ਲਾਲਾਂ 'ਆਲੇ ਨੂੰ। ਗਹਿਣਾ ਚੱਕ ਕੇ ਰੱਖ ਦਿਓ। ਭੈਰੋਂ (ਕਾਲੇ ਕੁੱਤੇ) ਨੂੰ ਰੋਟੀ ਪਾਓ, ਸੱਤ ਡੰਗ–ਦੱਸਿਆ ਜਿਵੇਂ ਭਲਾਂ 'ਸਿਆਣੇ' ਨੇ। ਰਾਮ ਕਿਵੇਂ ਨਹੀਂ ਆਊ, ਆਪੇ ਆਊ। ਡਾਕਧਾਰਾਂ ਕੋਲ ਕੁਸ ਨ੍ਹੀ ਈਸਰੀ।'

ਗਲੀ ਵਿੱਚ ਦੀ ਲੰਘੀ ਜਾਂਦੀ ਇੱਕ ਔਰਤ ਉਨ੍ਹਾਂ ਨੂੰ ਦਿੱਸੀ। ਉਹ ਬੋਲੀ ਨਹੀਂ ਸੀ , ਉਨ੍ਹਾਂ ਨਾਲ। ਆਪਣੇ ਮਤੇ ਵਿੱਚ ਹੀ ਨੀਵੀਂ ਪਾ ਕੇ ਲੰਘ ਗਈ। ਜੁੱਤੀ , ਸਲਵਾਰ, ਕਮੀਜ਼ ਤੇ ਚੁੰਨੀ ਸਧਾਰਨ ਵਾਂਗ ਹੀ ਉਸ ਨੇ ਪਹਿਨੀ ਹੋਈ ਸੀ।

'ਕੁੜੇ, ਕੌਣ ਹੋਈ ਇਹ?' ਸੰਤੋ ਨੇ ਈਸਰੀ ਦੀ ਨੂੰਹ ਦੀ ਗੱਲ ਵਿਚੇ ਛੱਡ ਕੇ ਪੁੱਛਿਆ।

'ਤੈਂ ਨ੍ਹੀਂ ਪਛਾਣੀ? ਬਿੱਕਰ ਦੀ ਬਹੂ ਐ।' ਈਸਰੀ ਨੇ ਅਟੇਰਨ ਘੁੰਮਾ ਕੇ ਜਵਾਬ ਦਿੱਤਾ।

'ਬਿੱਕਰ, ਦੇਖ ਲੈਂ ਨੌਂ ਨਮੂਦ ਨਹੀਂ ਵਚਾਰੇ ਦਾ ਕਿਤੇ।' ਹਉਕਾ ਲੈ ਕੇ ਸੰਤੋ ਨੇ ਕਿਹਾ।

'ਇਹ ਦੇ ਤਾਂ ਜੁੱਤੀ ਦੇ ਜਾਦ ਨ੍ਹੀ। ਰੰਡੀਆਂ ਤੀਵੀਆਂ ਇਹ ਦੇ ਵਾਂਗੂੰ ਰਹਿੰਦੀਆਂ ਹੁੰਦੀਆਂ ਨੇ? ਰੰਡੀਆਂ ਤਾਂ ਜੁੱਤੀ ਨ੍ਹੀਂ ਪੌਂਦੀਆਂ, ਸਿਰ ਨੀ ਵਾਹੁੰਦੀਆਂ, ਦਾਤਣ ਨ੍ਹੀ ਕਰਦੀਆਂ ਹੁੰਦੀਆਂ। ਇਹ ਤਾਂ ਸਾਬਣ ਲਾ ਲਾ ਨ੍ਹੌਂਦੀ ਐ। ਸੁਣਿਐ। ਕੁੜਤੀ ਸਲਵਾਰ ਦੇਖੀ ਸੀ ਕਿਵੇ ਧੋ ਸੰਵਾਰ ਕੇ ਵੱਟ ਕੱਢ ਕੇ ਪਾਈ ਹੋਈ ਐ, ਵਹਿਚਰ ਦੇ?' ਈਸਰੀ ਦਾ ਅਟੇਰਨ ਫਿਰ ਹੌਲੀ ਹੌਲੀ ਚੱਲਣ ਲੱਗਿਆ।

'ਕਲਯੁਗ ਹੋਰ ਕੀਹਨੂੰ ਕਹਿੰਦੇ ਨੇ, ਭਾਈ। ਆਦਮੀ ਮਰੇ ਦੀ ਸ਼ਰਮ ਨ੍ਹੀ , ਤਾਂ ਧੀਆਂ ਤਿੰਨਾਂ ਦੀ ਤਾਂ ਸ਼ਰਮ ਕਰੇ। ਕੀ ਸੁਝਦੈ ਇਹ ਨੂੰ ਖਾਣ ਪਹਿਨਣ?'

'ਗੌਰੀ ਦੇ ਨੰਦ ਰਾਮ ਦੀ ਗੱਲ ਸੁਣੀ ਐ ਤੈਂ?' ਈਸਰੀ ਨੇ ਅਟੇਰਨ ਖੜ੍ਹਾ ਕੇ ਨਵੀਂ ਗੱਲ ਤੋਰ ਦਿੱਤੀ।

'ਕੀ ਕੁੜੇ? ਮੈਂ ਤਾਂ ਸੁਣੀ ਨ੍ਹੀ। ਸੰਤੋ ਨੇ ਆਪਣੀ ਐਨਕ ਫਿਰ ਠੀਕ ਕੀਤੀ ਤੇ ਦੂਜੀ ਲੱਤ ਵੀ ਚੌਂਕੜੀ 'ਤੇ ਧਰ ਲਈ।

'ਕੁੜੀ, ਦੇਹ ਗਾਂ, ਰੰਡੀ ਹੋਗੀ ਸੀ। ਪਿਛਲੇ ਸਾਲ ਨੰਦ ਰਾਮ ਦੀ। ਜਿਹੜੀ ਮਾਸਟਰ ਲੱਗੀ ਹੋਈ ਹੈ।

'ਆ੍ਹ ਹੋ...' ਸੰਤੋ ਨੇ ਓਲੀ ਕੌਡੀ ਵਰਗਾ ਮੂੰਹ ਬਣਾ ਕੇ ਹੁੰਗਾਰਾ ਭਰਿਆ।

'ਬਾਹਮਣਾਂ ਦੇ ਘਰ ਸੁਣੀ ਸੀ ਕਦੇ ਇਹ ਗੱਲ?'

'ਤੂੰ ਗੱਲ ਵੀ ਕਰ।

'ਕੁੜੀ ਨੂੰ ਹੋਰ ਥਾਂ ਬੈਠਾ ਰਹੇ ਨੇ।'

'ਲੈ ਸੁਣ ਲੈ....।'

'ਸੱਚੀ ਗੱਲ ਐ, ਬਾਹਮਣਾਂ ਦੀ ਕੁੜੀ ਵਾਸਤੇ ਤਾਂ ਪਾਪ ਐ। ਭੂਆ ਨੀ ਨ੍ਹੀ ਸੀ ਕੱਟਿਆ ਰੰਡੇਪਾ ਸਾਰੀ ਉਮਰ? ਨਾਲੇ ਉਹ ਤਾਂ ਸੀ ਵੀ ਵਿਚਾਰੀ ਬਾਲ ਰੰਡ।'

'ਕੁਝ ਨਾ ਪੁੱਛ ਭੈਣੇ। ਪੜ੍ਹਾਈਆਂ ਨੇ ਅੱਗ ਲਾ ਛੱਡੀ ਸਾਰੇ। ਪਿਛਲੀਆਂ ਗੱਲਾਂ ਤਾਂ ਰਹੀਆਂ ਈ ਨ੍ਹੀ। ਮੁੱਕਣ 'ਤੇ ਆ ਗਈ ਦੁਨੀਆ। ਚੰਗਾ ਮਾਲਕਾ......'ਸੰਤੋ ਨੇ ਫਿਰ ਹਉਕਾ ਭਰਿਆ ਤੇ ਨੱਕ ਦਾ ਸੜ੍ਹਾਕਾ ਮਾਰ ਕੇ ਐਨਕ ਠੀਕ ਕੀਤੀ।

ਈਸਰੀ ਦੀ ਪੋਤੀ ਠੁੱਸ ਠੁੱਸ ਕਰਨ ਲੱਗੀ। ਉਸ ਨੇ ਉਸ ਦਾ ਨੱਕ ਪੂੰਝਿਆ ।ਉਸ ਦੇ ਹੱਥੋਂ ਦੂਰ ਜਾ ਕੇ ਡਿੱਗਿਆ ਛੁਣਛੁਣਾ ਚੁੱਕ ਕੇ ਉਸ ਨੂੰ ਫੜਾਇਆ। ਪਰ ਉਹ ਤਾਂ ਉੱਚੀ ਰੋਣ ਲੱਗ ਪਈ ਸੀ। ਫਿਰ ਉਸ ਨੇ ਵੱਡੀ ਕੁੜੀ ਨੂੰ ਹਾਕ ਮਾਰੀ ਤੇ ਕਿਹਾ– 'ਲੈ ਜਾ ਭਾਈ, ਹੁਣ ਏਸ ਨੂੰ। ਬਥੇਰਾ ਖੇਡ ਲੀ। ਹੁਣ ਨਹੀਂ ਰਹਿੰਦੀ ਇਹ ਮੇਰੇ ਕੋਲ ਐਥੇ। ਮਾਂ ਨੂੰ ਕਹਿ ਦੁੱਧ ਚੁੰਘਾ ਦੂਗੀ।'

ਕੁੜੀ, ਕੁੜੀ ਨੂੰ ਚੁੱਕ ਕੇ ਲੈ ਗਈ ਤਾਂ ਉਹ ਨੇ ਹੌਲੀ ਹੌਲੀ ਚੰਦਾ ਸਿੰਘ ਦੀ ਕਾਲਜ ਪੜ੍ਹਦੀ ਕੁੜੀ ਦੀ ਗੱਲ ਤੋਰ ਲਈ।

'ਲੈ, ਮੁੰਡਾ ਤਾਂ ਉਹ ਘਰ ਵੀ ਆ ਜਾਂਦੈ ਹੁਣ ਤਾਂ, ਨਾਲ ਈ ਛਿੰਦੋ ਦੇ।'

'ਕਿਹੜਾ ਪਿੰਡੋਂ ਐਂ ਅੜੀਏ?'

'ਖ਼ਬਰੈ, ਕਿਥੋਂ ਐ, ਜਾਤ ਕੁਜਾਤ ਈ ਨਾ ਹੋਵੇ? ਕੀ ਪਤੈ ਭਾਈ।'

'ਦੇਖਣ ਨੂੰ ਤਾਂ, ਭਾਈ , ਸੋਹਣਾ ਸੁਨੱਖਾ ਲਗਦੈ।'

'ਅੱਕ ਕੱਲ੍ਹ ਤਾਂ ਫੈਂਸਲ (ਫ਼ੈਸ਼ਨ) ਨੇ ਪੱਟ 'ਤੀ ਦੁਨੀਆ। ਚੂਹੜੇ ਚਮਿਆਰਾਂ ਦੇ ਮੁੰਡੇ ਵੀ ਸਰਦਾਰਾਂ ਦੇ ਕਾਕੇ ਲੱਗਦੇ ਨੇ। ਹੁਣ ਤਾਂ ਕੋਈ ਵੀ ਧਰਮ ਨ੍ਹੀ ਰਿਹਾ। ਸਭ ਇੱਕੋ ਹੀ ਹੋਈ ਪਈ ਐ।'

'ਲੈ ਹੋਰ..... ਤਾਂ ਹੀ ਤਾਂ ਲੈ ਹੋਣੈ ਸੰਸਾਰ ਨੇ।'

'ਅਕੇ, ਵਿਆਹ ਕਰਾਊਂਗੀ ਇਹ ਦੇ ਨਾਲ...?

ਸੰਤੋ ਨੇ ਫਿਰ ਓਲੀ ਵਰਗਾ ਮੂੰਹ ਬਣਾਇਆ।

'ਕਰਾਊਂਗੀ ਨਾ, ਜਿਹੜੀ ਨਾਲ ਤੁਰੀ ਫਿਰਦੀ ਐ।'

'ਨ੍ਹੀ ਪਿਓ ਕੰਜਰ ਨੂੰ ਸ਼ਰਮ ਨ੍ਹੀ ਔਂਦੀ?'

'ਪਿਓ ਨੂੰ ਸ਼ਰਮ ਕਾਹਦੀ ਐ। ਅਕੇ ਜੀਹਨੇ ਲਾਹ 'ਤੀ ਲੋਈ , ਕੀ ਕਰੂਗਾ ਕੋਈ। ਸ਼ਰਮ ਹੁੰਦੀ ਤਾਂ ਕੁੜੀ ਦਾ ਪੈਰ ਕਾਹਨੂੰ ਪਵੌਂਦਾ ਘਰੋਂ ਬਾਹਰ। ਪਿੰਡ 'ਚ ਦਸ ਜਮਾਤਾਂ ਕਰਗੀ, ਕੀ ਲੈਣਾ ਸੀ ਬੀਆ-ਐਮਾਂ ਕਰਾ ਕੇ?'

'ਨ੍ਹੀ ਸੰਤੋ!'

'ਹਾਂ!'

'ਊਂ ਤਾਂ......' ਈਸਰੀ ਦਾ ਅਟੇਰਨ ਖੜ੍ਹ ਗਿਆ।

'ਕੀ?'

'ਆਪਾਂ ਤਾਂ ਕੁੜੇ ਨ੍ਹੇਰਾ ਈ ਢੋਇਆ, ਸਾਰੀ ਉਮਰ। ਚੱਜ ਦੇ ਬੰਦੇ ਵੀ ਨਾ ਮਿਲੇ।'

'ਲੈ ਭਾਈ, ਜਿੱਥੇ ਸਾਈਂ ਰੱਖੇ, ਉੱਥੇ ਈ ਰਹਿਣਾ ਚਾਹੀਦੈ। ਭਲੇ ਘਰਾਂ ਦੀਆਂ ਧੀਆਂ ਤਾਂ ਰੱਬ 'ਤੇ ਸਾਕਰ ਰਹਿੰਦੀਆਂ ਨੇ। ਇਹੋ ਜੀਆਂ ਕੰਜਰੀਆਂ ਦਾ ਕੀਹ ਐ। ਸੰਤੋ ਕੁੜ੍ਹ ਕੁੜ੍ਹ ਕੇ ਚੰਦਾ ਸਿੰਘ ਦੀ ਲੜਕੀ ਸੁਰਿੰਦਰ ਨੂੰ ਗਾਲ੍ਹਾ ਕੱਢਣ ਲੱਗੀ।

ਈਸਰੀ ਦਾ ਅਟੇਰਨ ਛੇਤੀ ਛੇਤੀ ਚੱਲਣ ਲੱਗਿਆ। ਉਹ ਚੁੱਪ ਹੋ ਗਈ ਸੀ। ਸੰਤੋ ਹੀ ਬੋਲੀ ਜਾ ਰਹੀ ਸੀ। ਚੌਂਕੜੀ 'ਤੇ ਧੁੱਪ ਆ ਗਈ ਸੀ। ਗੱਲਾਂ ਦੇ ਚਸਕੇ ਵਿੱਚ ਸੰਤੋਂ ਦੀ ਪਿੱਠ 'ਤੇ ਪੈ ਰਹੀ ਬੁੱਕ ਸਾਰੀ ਧੁੱਪ ਨੂੰ ਮਹਿਸੂਸ ਨਹੀਂ ਹੋਈ ਸੀ।

ਤੇ ਫਿਰ ਬੋਹਟੀ ਵਿੱਚ ਬਚਦੇ ਦੇ ਗਲੋਟੇ ਪਹਿਲਾਂ ਤਾਂ ਈਸਰੀ ਨੇ ਚੁੱਕ ਲਏ, ਪਰ ਫਿਰ ਪਤਾ ਨਹੀਂ ਕੀ ਸੋਚ ਕੇ ਬੋਹਟੀ ਵਿੱਚ ਹੀ ਰੱਖ ਦਿੱਤੇ। ਅਟੇਰਨ ਉੱਤੋਂ ਅੱਟੀ ਲਾਹ ਕੇ ਬੋਹਟੀ ਵਿੱਚ ਰੱਖੀ ਤੇ ਖੜ੍ਹੀ ਹੋ ਕੇ ਪੀਹੜੀ ਚੁੱਕਣ ਲੱਗੀ ਕਹਿਣ ਲੱਗੀ= 'ਚੰਗਾ ਭੈਣੇ...।'

'ਚੰਗਾ ਕੁੜੇ, ਮੈਂ ਵੀ ਚੱਲਾਂ...ਰੋਟੀ ਪਕਾ ਲੀ ਹੋਣੀ ਐ, ਬਹੂ ਨੇ। ਦੋ ਬੁਰਕੀਆਂ ਖਾਵਾਂ ਜਾ ਕੇ।' ਹੌਲੀ ਹੌਲੀ ਸੋਟੀ ਖੜਕਾਉਂਦੀ ਸੰਤੋ ਘਰ ਨੂੰ ਜਾਣ ਲੱਗੀ।

✪✪✪